PUNJAB VIDHAN SABHA
DEBATES

23rd February, 1968

Vol. I—No. 1

OFFICIAL REPORT

CONTENTS

Friday, the 23rd February, 1968

	PAGE
Question Hour-Dispensed with ..	(1) 1
Obituary References to the deaths of— ..	(1) 1
1. Hafiz Mohammed Ibrahim, Ex-Governor, Punjab...	
2. Shri Deendayal Upadhayaya, President, Bhartiya Jan Sangh.	
3. Dr. Bal Krishen, Ex-M.L.A. ..	
4. Dr. Kailash Nath Katju. ..	
5. Dr. M.S. Aney.	
Announcements by the Speaker re— ..	
1. Panel of Chairmen ..	(1) 12
2. Governor's Address. ..	(1) 12
3. Leave of Absence ..	(1) 20
Adjournment of the House. ..	(1) 21

Punjab Vidhan Sabha Secretariat, Chandigarh.

Price Rs : 2.65

ERRATA

to

Punjab Vidhan Sabha Debates

Vol. I—No. 1 dated 23rd Feb., 1968.

Read	*For*	*Page*	*Line*
ਰੋਸ਼ਨ	ਰਸ਼ਨ	(1)1	19
ज़िम्मेदार	ज़िम्मदार	(1)7	13
में	म	(1)7	19
ਪੰਜਾਬ	ਪਜਾਬ	(1)13	6
in	i	(1)15	9th from below
stated	tated	(1)20	6

———

PUNJAB VIDHAN SABHA

Friday, the 23rd February, 1968.

The Vidhan Sabha met in the Hall of the Punjab Vidhan Bhavan, Sector 1, Chandigarh at 12-00 Noon.

Mr. Speaker (Lt. Col. Joginder Singh Mann) in the Chair.

QUESTION HOUR—DISPENSED WITH

Shri Prabodh Chandra : Sir, I would request that Question Hour be dispensed with today.

Mr. Speaker : Is it the pleasure of the House that the Question Hour be dispensed with ?

Voices : Yes.

Mr. Speaker : The Question Hour is dispensed with.

OBITUARY REFERENCES

Mr. Speaker : Now I would like the Leader of the House to make the obituary references.

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿੱਲ) : ਸਪੀਕਰ ਸਾਹਿਬ, ਸਾਰੇ ਹਿੰਦੁਸਤਾਨ ਵਿੱਚ ਆਮ ਕਰਕੇ ਅਤੇ ਪੰਜਾਬ ਵਿਚ ਖਾਸ ਕਰਕੇ ਇਸ ਗੱਲ ਦਾ ਅਫ਼ਸੋਸ ਹੈ ਕਿ ਇਸ ਸੂਬੇ ਦੇ ਪਿਛਲੇ ਗਵਰਨਰ ਸ੍ਰੀ ਹਾਫਿਜ਼ ਮੁਹੰਮਦ ਇਬਰਾਹੀਮ ਅਕਾਲ ਚਲਾਣਾ ਕਰ ਗਏ ਹਨ । ਉਹ ਬੜੇ ਵੱਡੇ ਦੇਸ਼ ਭਗਤ ਸਨ । ਉਨ੍ਹਾਂ ਨੇ ਯੂ. ਪੀ. ਵਿੱਚ ਜਨਮ ਲੈ ਕੇ ਸਾਰੇ ਦੇਸ਼ ਵਿੱਚ ਆਪਣਾ ਨਾਮ ਰਸ਼ਨ ਕੀਤਾ । ਆਪ ਨੇ 28–29 ਸਾਲ ਬੜੀ ਅੱਛੀ ਤਰ੍ਹਾਂ ਵਕਾਲਤ ਕੀਤੀ ਅਤੇ ਉਸ ਵੇਲੇ ਵੀ ਆਪ ਹਿੰਦੁਸਤਾਨ ਦੀ ਆਜ਼ਾਦੀ ਵਿੱਚ ਗਹਿਰੀ ਦਿਲਚਸਪੀ ਲੈਂਦੇ ਰਹੇ । ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਕਾਫ਼ੀ ਹਿੱਸਾ ਜੇਲ੍ਹਾਂ ਵਿੱਚ ਕੱਟਿਆ । ਕਾਫੀ ਸਮਾਂ ਉਹ ਯੂ. ਪੀ. ਦੀ ਵਜ਼ਾਰਤ ਵਿੱਚ ਵਜ਼ੀਰ ਰਹੇ ਅਤੇ ਫਿਰ ਸੈਂਟਰਲ ਗੌਰਮਿੰਟ ਵਿਚ ਵੀ ਉਹ ਵਜ਼ੀਰ ਰਹੇ । ਦੇਸ਼ ਦੀ ਤਕਸੀਮ ਵੇਲੇ ਦੇਸ਼ ਵਿੱਚ ਫ਼ਿਰਕਾਪ੍ਰਸਤੀ ਦਾ ਬੜਾ ਜ਼ੋਰ ਸੀ । ਉਸ ਵੇਲੇ ਉਨ੍ਹਾਂ ਨੇ ਹਿੰਦੂ ਮੁਸਲਮਾਨ ਯੂਨਿਟੀ ਵਾਸਤੇ ਬੜਾ ਕੰਮ ਕੀਤਾ । ਉਨ੍ਹਾਂ ਨੇ ਜਿਹੜੇ ਨੇਕ ਕਦਮ ਚੁੱਕੇ ਸਨ ਉਹ ਹਿੰਦੁਸਤਾਨ ਦੇ ਲੋਕਾਂ ਲਈ ਹਮੇਸ਼ਾਂ ਲਈ ਚਾਨਣ ਮੁਨਾਰੇ ਦਾ ਕੰਮ ਦੇਂਦੇ ਰਹਿਣਗੇ। ਇਸ ਤਰ੍ਹਾਂ ਸਾਰੇ ਦੇਸ਼ ਦੀ ਸੇਵਾ ਕਰਨ ਤੋਂ ਬਾਅਦ ਆਪ ਪੰਜਾਬ ਵਿੱਚ ਗਵਰਨਰ ਬਣ ਕੇ ਆਏ । ਭਾਵੇਂ ਜ਼ਿੰਦਗੀ ਦੇ ਆਖਰੀ ਬਰਸਾਂ ਵਿੱਚ ਉਨ੍ਹਾਂ ਦੀ ਸਿਹਤ ਖ਼ਰਾਬ ਰਹਿੰਦੀ ਸੀ ਪਰ ਫਿਰ ਵੀ ਉਨ੍ਹਾਂ ਵਿੱਚ ਦੇਸ਼ ਨੂੰ ਅੱਗੇ ਲੈ ਜਾਣ ਦੀ ਬੜੀ ਲਗਨ ਸੀ, ਬੜਾ ਉਤਸ਼ਾਹ ਸੀ । ਅੱਜ ਇਸ ਹਾਊਸ ਨੂੰ ਅਤੇ ਸਾਰੇ ਦੇਸ਼ ਨੂੰ ਉਨ੍ਹਾਂ ਦੇ ਅਕਾਲ ਚਲਾਣੇ ਦਾ ਬੜਾ ਭਾਰੀ ਅਫ਼ਸੋਸ ਹੈ । ਅਸੀਂ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਬਾਕੀ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ।

[ਮੁੱਖ ਮੰਤਰੀ]

ਇਸ ਦੇ ਨਾਲ ਹੀ ਨਾਲ, ਸਪੀਕਰ ਸਾਹਿਬ, ਇਕ ਦੁਰਘਟਨਾ ਹੁਣੇ ਜਿਹੇ ਹੀ ਹੋਈ ਸੀ। ਮੇਰਾ ਭਾਵ ਸ੍ਰੀ ਦੀਨ ਦਿਆਲ ਜੀ ਉਪਾਧਿਆਏ ਤੋਂ ਸੀ। ਆਪ ਨੇ ਦੇਸ਼ ਅਤੇ ਪ੍ਰਦੇਸ਼ਾਂ ਵਿਚ ਤਾਲੀਮ ਹਾਸਲ ਕਰਕੇ ਬੜੀਆਂ ਚੰਗੀਆਂ ਚੰਗੀਆਂ ਕਿਤਾਬਾਂ ਲਿਖੀਆਂ। ਭਾਵੇਂ ਜਿਸ ਦਰਦਨਾਕ ਅਤੇ ਘਿਰਣਾਯੋਗ ਤਰੀਕੇ ਨਾਲ ਉਨ੍ਹਾਂ ਨੂੰ ਕਤਲ ਕੀਤਾ ਗਿਆ ਉਹ ਸਾਰੇ ਫੈਕਟ ਅਜੇ ਪਬਲਿਕ ਦੇ ਸਾਹਮਣੇ ਨਹੀਂ ਆਏ, ਪਰ ਫਿਰ ਵੀ ਉਨ੍ਹਾਂ ਨੂੰ ਜਿਸ ਤਰੀਕੇ ਨਾਲ ਕਤਲ ਕੀਤਾ ਗਿਆ ਹੈ ਉਹ ਬੜਾ ਦਰਦਨਾਕ ਹੈ। 51 ਸਾਲ ਦੀ ਉਮਰ ਵਿੱਚ ਹੀ ਉਨ੍ਹਾਂ ਦੇਸ਼ ਦੀ ਇਕ ਬਹੁਤ ਵਡੀ ਸੰਸਥਾ ਦੇ ਪ੍ਰਧਾਨ ਦੀ ਸ਼ਕਲ ਵਿੱਚ ਅਤੇ ਵਰਕਰ ਦੀ ਸ਼ਕਲ ਵਿੱਚ ਬਹੁਤ ਕੰਮ ਕੀਤਾ। ਉਹ ਇਨਸਾਨੀ ਹਮਦਰਦੀ ਦੇ ਰਸਤੇ ਤੇ ਗਾਮਜ਼ਨ ਰਹੇ। ਜਿਹੜਾ ਮੋੜ ਉਨ੍ਹਾਂ ਨੇ ਜਨਸੰਘ ਨੂੰ ਕਾਲੀਕਟ ਵਿੱਚ ਦਿੱਤਾ ਅਗਰ ਉਹ ਜਮਾਤ ਉਸ ਮੋੜ ਤੇ ਚਲੇ ਤਾਂ ਮੈਂ ਸਮਝਦਾ ਹਾਂ ਕਿ ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਉਹ ਜਮਾਤ ਦੇਸ਼ ਦੀ ਸਭ ਤੋਂ ਵੱਡੀ ਜਮਾਤ ਬਣ ਸਕਦੀ ਹੈ। ਸਾਰੇ ਦੇਸ਼ ਨੂੰ ਉਨ੍ਹਾਂ ਦੇ ਅਕਾਲ ਚਲਾਣੇ ਤੇ ਅਫ਼ਸੋਸ ਹੈ।

ਇਸੇ ਤਰ੍ਹਾਂ ਹਾਊਸ ਦੇ ਉਠ ਜਾਣ ਅਤੇ ਦੋਬਾਰਾ ਲਗਣ ਦੇ ਦਰਮਿਆਨ ਡਾਕਟਰ ਕੈਲਾਸ਼ ਨਾਥ ਕਾਟਜੂ ਅਕਾਲ ਚਲਾਣਾ ਕਰ ਗਏ। ਡਾਕਟਰ ਕਾਟਜੂ ਬੜੇ ਵੱਡੇ ਵਕੀਲ ਸਨ। ਨਿਹਾਇਤ ਕਾਬਲ ਵਕੀਲ ਸਨ। ਅਤੇ ਉਸ ਵੇਲੇ ਦੇਸ਼ ਭਗਤਾਂ ਦੇ ਸਾਹਮਣੇ ਜੋ ਮੁਸ਼ਕਲਾਂ ਆਉਂਦੀਆਂ ਸਨ, ਉਨ੍ਹਾਂ ਦੇ ਜੋ ਮੁਕਦਮੇ ਹੁੰਦੇ ਸਨ, ਡਾਕਟਰ ਕਾਟਜੂ ਉਹ ਮੁਫ਼ਤ ਲੜਦੇ ਰਹੇ। ਉਹ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਵੀ ਰਹੇ ਅਤੇ ਕੇਂਦਰੀ ਮੰਤਰੀ ਮੰਡਲ ਵਿੱਚ ਹੋਮ ਮਨਿਸਟਰ ਵੀ ਰਹੇ। ਜਦ ਉਹ ਹੋਮ ਮਨਿਸਟਰ ਸਨ ਤਾਂ ਮੈਨੂੰ ਵੀ ਉਨ੍ਹਾਂ ਨਾਲ 2—3 ਸਾਲ ਕੰਮ ਕਰਨ ਦਾ ਇਤਫਾਕ ਹੋਇਆ। ਕਈ ਨਾਰੀ ਸੰਸਥਾਵਾਂ ਅਤੇ ਹੋਰ ਆਸ਼ਰਮ ਜੋ ਖੋਲੇ ਗਏ ਸਨ ਉਹ ਉਨ੍ਹਾਂ ਦੀ ਹੀ ਬਦੌਲਤ ਸਨ। ਪਾਰਟੀਸ਼ਨ ਦੇ ਵੇਲੇ ਜੋ ਤਕਲੀਫ਼ਾਂ ਸਾਡੀਆਂ ਭੈਣਾਂ ਨੂੰ ਆਪਣੇ ਪਰਵਾਰ ਤੋਂ ਵਿਛੜ ਕੇ ਪੇਸ਼ ਆਈਆਂ ਅਤੇ ਸੋਸਾਇਟੀ ਦੇ ਜ਼ੁਲਮਾਂ ਕਰਕੇ ਜੋ ਨੀਚ ਕਰਮ ਉਹ ਕਰਨ ਲੱਗ ਪਈਆਂ, ਉਨ੍ਹਾਂ ਵਾਸਤੇ ਇਸ ਉਚੇ ਅਹੁਦੇ ਤੇ ਹੁੰਦੇ ਹੋਏ ਉਨ੍ਹਾਂ ਨੇ ਜੋ ਕਾਨੂੰਨ ਬਣਾਏ ਸਨ ਸਾਰਾ ਦੇਸ਼ ਅਤੇ ਸਾਡੀਆਂ ਭੈਣਾਂ ਉਨ੍ਹਾਂ ਵਾਸਤੇ ਸਦਾ ਅਹਿਸਾਨਮੰਦ ਰਹਿਣਗੀਆਂ। ਅਫ਼ਸੋਸ ਹੈ ਕਿ ਅੱਜ ਉਹ ਵੀ ਸਾਡੇ ਤੋਂ ਵਿਛੜ ਗਏ ਹਨ।

ਫਿਰ ਇਸੀ ਹਾਊਸ ਦੇ ਇਕ ਪੁਰਾਣੇ ਮੈਂਬਰ ਡਾਕਟਰ ਬਾਲ ਕ੍ਰਿਸ਼ਨ ਜੀ ਅਕਾਲ ਚਲਾਣਾ ਕਰ ਗਏ ਹਨ। ਉਹ 1962 ਵਿੱਚ ਇਸ ਹਾਊਸ ਦੇ ਮੈਂਬਰ ਚੁਣੇ ਗਏ ਸਨ। ਉਹ ਬੜੇ ਹੀ ਮਿਲਣਸਾਰ ਅਤੇ ਹਸਮੁਖ ਸਨ। ਉਹ ਡੀ.ਏ.ਵੀ. ਸੰਸਥਾ ਦੇ ਉਘੇ ਕਾਰਕੁਨ ਸਨ. ਅਤੇ ਉਨ੍ਹਾਂ ਨੇ ਉਥੇ ਭਾਰੀ ਸੇਵਾ ਕੀਤੀ। ਬਲਾਕ ਸਮਿਤੀਆਂ ਵਿੱਚ ਵੀ ਉਨ੍ਹਾਂ ਦਾ ਕੰਮ ਸਦਾ ਯਾਦ ਰਖਿਆ ਜਾਵੇਗਾ। ਉਨ੍ਹਾਂ ਦੀ ਮੌਤ ਅਚਾਨਕ ਹੋਈ ਹੈ। ਉਸ ਵੇਲੇ ਉਨ੍ਹਾਂ ਦੇ ਘਰ ਸ੍ਰੀ ਅਖੰਡ ਪਾਠ ਦਾ ਭੋਗ ਸੀ ਅਤੇ ਦੋ ਵਜ਼ੀਰ ਵੀ ਉਥੇ ਹਾਜ਼ਰ ਸਨ। ਭੋਗ ਤੋਂ ਬਾਅਦ ਜਦ ਉਹ ਉਨ੍ਹਾਂ ਨੂੰ ਵਿਦਾ ਕਰਕੇ ਵਾਪਸ ਆਏ ਤਾਂ ਉਨ੍ਹਾਂ ਦਾ ਦਿਲ ਫੇਲ੍ਹ ਹੋ ਗਿਆ। ਉਹ ਮਜ਼ਹਬੋ-ਮਿਲਤ ਤੋਂ ਬਹੁਤ ਉੱਚੇ ਸਨ। ਹਰ ਇਕ ਮਜ਼ਹਬ ਦੀ ਇੱਜ਼ਤ ਕਰਨੀ ਉਨ੍ਹਾਂ ਤੋਂ ਸਿੱਖੀ ਜਾ ਸਕਦੀ ਹੈ।

ਇਸ ਤਰ੍ਹਾਂ ਸਪੀਕਰ ਸਾਹਿਬ, ਇਹ ਚਾਰ ਮਹਾਨ ਪਰਸਨੈਲਿਟੀਜ਼ ਸਾਡੇ ਤੋਂ ਵਿਛੜ ਗਈਆਂ ਹਨ। ਸਾਨੂੰ ਉਨ੍ਹਾਂ ਦੇ ਚਲੇ ਜਾਣ ਨਾਲ ਗਹਿਰਾ ਧੱਕਾ ਲਗਾ ਹੈ। ਸਾਡੀ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਭਾਣਾ ਮੰਨਣ ਦੀ ਸ਼ਕਤੀ ਬਖਸ਼ੇ। ਮੈਂ ਪੰਜਾਬ ਦੇ ਲੋਕਾਂ ਤੋਂ ਆਸ ਕਰਦਾ ਹਾਂ ਕਿ ਇਹ ਜੋ ਜਗ੍ਹਾ ਖਾਲੀ ਹੋਈਆਂ ਹਨ ਉਨ੍ਹਾਂ ਨੂੰ ਪੂਰਾ ਕਰਨ ਲਈ ਕੁਝ ਨੌਜਵਾਨ ਅੱਗੇ ਆਉਣਗੇ।

ਸਰਦਾਰ ਗੁਰਨਾਮ ਸਿੰਘ (ਰਾਏਕੋਟ) : ਸਪੀਕਰ ਸਾਹਿਬ, ਅੱਜ ਅਸੀਂ ਜਿਨ੍ਹਾਂ ਵਿਅਕਤੀਆਂ ਨੂੰ ਸ਼ਰਧਾਂਜਲੀਆਂ ਦੇਣ ਆਏ ਹਾਂ ਉਨ੍ਹਾਂ ਵਿੱਚੋਂ ਸਭ ਤੋਂ ਪਹਿਲਾਂ ਮੈਂ ਇਸ ਹਾਊਸ ਦੇ ਰਹਿ ਚੁਕੇ ਮੈਂਬਰ ਡਾਕਟਰ ਬਾਲ ਕ੍ਰਿਸ਼ਨ ਦਾ ਜ਼ਿਕਰ ਕਰਾਂਗਾ । ਉਹ ਇਸ ਹਾਊਸ ਦੇ ਇਕ ਮਹਾਨ ਮੈਂਬਰ ਸਨ । ਉਨ੍ਹਾਂ ਦੀ ਮੌਤ ਦਾ ਮੈਨੂੰ ਬਹੁਤ ਅਫਸੋਸ ਹੋਇਆ ਹੈ । ਉਹ ਇਸ ਹਾਊਸ ਦੀ ਪਬਲਿਕ ਅਕਾਊਂਟ ਕਮੇਟੀ ਦੇ ਚੇਅਰਮੈਨ ਵੀ ਰਹੇ । ਬਤੌਰ ਚੇਅਰਮੈਨ ਉਨ੍ਹਾਂ ਨੇ ਬਹੁਤ ਅੱਛਾ ਕੰਮ ਕੀਤਾ। ਹਾਊਸ ਵਿੱਚ, ਅਸੈਂਬਲੀ ਵਿੱਚ ਜਦ ਵੀ ਉਨ੍ਹਾਂ ਨੂੰ ਮੌਕਾ ਮਿਲਿਆ ਉਨ੍ਹਾਂ ਨੇ ਆਪਣਾ ਫਰਜ਼ ਚੰਗੀ ਤਰ੍ਹਾਂ ਪੂਰਾ ਕੀਤਾ। ਮੈਂ ਸਮਝਦਾ ਹਾਂ ਕਿ ਪੰਜਾਬ ਵਿੱਚ ਉਨ੍ਹਾਂ ਦੀ ਮੌਤ ਨਾਲ ਇਕ ਬਹੁਤ ਵੱਡਾ ਘਾਟਾ ਪਿਆ ਹੈ।

ਫਿਰ ਸ੍ਰੀ ਦੀਨ ਦਿਆਲ ਜੀ ਉਪਾਧਿਆਏ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ। ਉਹ ਬਹੁਤ ਮੁੱਦਤ ਤਕ ਜਨਸੰਘ ਦੇ ਜਨਰਲ ਸੈਕਟਰੀ ਰਹੇ । 50–51 ਸਾਲ ਦੀ ਉਮਰ ਵਿੱਚ ਹੀ ਉਨ੍ਹਾਂ ਨੂੰ ਕਿਸੇ ਬੁਜ਼ਦਿਲ ਨੇ ਕਤਲ ਕਰ ਦਿੱਤਾ । ਹੁਣ ਇਸ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਕਿ ਉਨ੍ਹਾਂ ਨੂੰ ਕਤਲ ਕੀਤਾ ਗਿਆ ਹੈ । ਮੈਂ ਸਮਝਦਾ ਹਾਂ ਕਿ ਜੇਕਰ ਇਸ ਤਰ੍ਹਾਂ ਸਿਆਸੀ ਲੀਡਰਾਂ ਦੇ ਕਤਲ ਜਾਰੀ ਰਹੇ ਤਾਂ ਇਸ ਦੇ ਨਤੀਜੇ ਗੰਭੀਰ ਨਿਕਲ ਸਕਦੇ ਹਨ । ਉਹ ਇਕ ਨੈਸ਼ਨਲ ਪੱਧਰ ਦੇ ਲੀਡਰ ਸਨ ਔਰ ਉਨ੍ਹਾਂ ਨੇ ਮੁਲਕ ਦੀ ਬੜੀ ਸੇਵਾ ਕੀਤੀ। ਇਹ ਕਾਫੀ ਚਿਰ ਜਨਸੰਘ ਦੇ ਜਨਰਲ ਸੈਕਟਰੀ ਰਹੇ ਅਤੇ 1967 ਵਿੱਚ ਉਸ ਪਾਰਟੀ ਦੇ ਪਰਧਾਨ ਬਣੇ । ਬਤੌਰ ਪਰਧਾਨ ਦੇ ਜੋ ਨੀਤੀ ਉਨ੍ਹਾਂ ਨੇ ਦਿਤੀ, ਉਥੇ ਸੈਸ਼ਨ ਵਿੱਚ, ਇਕ ਨਿਹਾਇਤ ਅੱਛੀ ਔਰ ਮੌਜ਼ੂੰ ਨੀਤੀ ਸੀ ਜਿਹੜੀ ਬਿਲਕੁਲ ਮੌਕੇ ਦੇ ਮੁਤਾਬਕ ਸੀ ਅਤੇ ਜੋ ਬਾਅਦ ਵਿੱਚ ਪਾਰਟੀ ਦੇ ਹਿਤ ਵਿੱਚ ਹੋ ਸਕਦੀ ਹੈ । ਡਾਕਟਰ ਸ਼ਾਮਾ ਪਰਸ਼ਾਦ ਮੁਕਰਜੀ ਨੇ ਇਕ ਦਫ਼ਾ ਇਹ ਗੱਲ ਕਹੀ ਸੀ ਕਿ ਜੇ ਮੇਰੇ ਕੋਲ ਇਕ ਦੋ ਆਦਮੀ ਉਪਾਧਿਆਏ ਜੈਸੇ ਹੋਣ ਤਾਂ ਮੈਂ ਮੁਲਕ ਦਾ ਨਕਸ਼ਾ ਬਦਲ ਦਿਆਂ । ਇਨ੍ਹਾਂ ਦੀ ਮੌਤ ਦੇ ਨਾਲ, ਮੈਂ ਸਮਝਦਾ ਹਾਂ ਕਿ ਜਨਸੰਘ ਪਾਰਟੀ ਨੂੰ ਹੀ ਨਹੀਂ ਨੁਕਸਾਨ ਹੋਇਆ ਸਗੋਂ ਇਹ ਸਾਰੇ ਹਿੰਦੁਸਤਾਨ ਨੂੰ, ਹਿੰਦੁਸਤਾਨ ਦੀ ਜਨਤਾ ਨੂੰ, ਹਿੰਦੁਸਤਾਨ ਦੀ ਸਿਆਸਤ ਨੂੰ ਅਤੇ ਸਾਰੀ ਨੇਸ਼ਨ ਨੂੰ ਬੜਾ ਘਾਟਾ ਪਿਆ ਹੈ। ਉਪਾਧਿਆਏ ਜੀ ਦੀ ਮੌਤ ਦੇ ਨਾਲ ਪਿਆ ਇਹ ਘਾਟਾ ਪੂਰਾ ਕਰਨਾ ਬਹੁਤ ਮੁਸ਼ਕਲ ਹੈ । ਲੀਡਰ ਆਉਂਦੇ ਰਹਿੰਦੇ ਹਨ, ਜਾਂਦੇ ਰਹਿੰਦੇ ਹਨ ਮਗਰ ਉਪਾਧਿਆਏ ਜੀ ਇਕ ਬੇਲਾਗ ਲੀਡਰ ਸਨ । ਉਨ੍ਹਾਂ ਨੇ ਆਪਣੇ ਲਈ ਕੋਈ ਕੰਮ ਨਹੀਂ ਕੀਤਾ । ਉਹਨਾਂ ਨੇ ਬੇਹਦ ਕੁਰਬਾਨੀਆਂ ਕੀਤੀਆਂ । ਇਨ੍ਹਾਂ ਦੀ ਯਾਦ ਇਸ ਮੁਲਕ ਲਈ ਹਮੇਸ਼ਾਂ ਤਾਜ਼ਾ ਰਹੇਗੀ । ਇਹ ਘਾਟਾ ਤਦੇ ਹੀ ਪੂਰਾ ਹੋ ਸਕੇਗਾ ਅਗਰ ਦੂਸਰੇ ਲੀਡਰ ਇਨ੍ਹਾਂ ਦੀ ਨੀਤੀਆਂ ਤੇ ਚਲਨ। ਫੇਰ ਹੀ ਅਸੀਂ ਉਨ੍ਹਾਂ ਨੂੰ ਮੁਕੰਮਲ ਸ਼ਰਧਾਂਜਲੀ ਦਿੱਤੀ ਗਈ ਸਮਝਾਂਗੇ ।

ਹਾਫ਼ਜ਼ ਮੁਹੰਮਦ ਇਬਰਾਹੀਮ ਸਾਹਿਬ ਸਾਡੇ ਗਵਰਨਰ ਰਹੇ । ਇਥੇ ਗਵਰਨਰ ਬਣਨ ਸਮੇਂ ਉਨ੍ਹਾਂ ਦੀ ਸਿਹਤ ਅੱਛੀ ਨਹੀਂ ਸੀ ਜੋ ਉਹ ਉਸ ਤਰ੍ਹਾਂ ਦੇ ਵਧੀਆ ਕੰਮ ਕਰ ਸਕਦੇ ਜਿਸ ਤਰ੍ਹਾਂ ਕਿ ਉਹ ਪਹਿਲਾਂ ਮੁਲਕ ਦੇ ਵਿੱਚ ਕਰਦੇ ਰਹਿੰਦੇ ਸਨ । ਪਰ ਫੇਰ ਵੀ ਉਨ੍ਹਾਂ ਦੀ ਮਿਰਤੂ ਨਾਲ ਮੁਲਕ ਨੂੰ ਘਾਟਾ ਹੋਇਆ ਹੈ ।

ਡਾਕਟਰ ਕੈਲਾਸ਼ ਨਾਥ ਕਾਟਜੂ ਬੜੇ ਅਵਲ ਦਰਜੇ ਦੇ ਵਕੀਲ ਰਹੇ । ਇਸ ਤੋਂ ਬਾਅਦ ਗੌਰਮੈਂਟ ਆਫ ਇੰਡੀਆਂ ਦੇ ਹੋਮ ਮਨਿਸਟਰ ਵੀ ਰਹੇ । ਮੈਨੂੰ ਉਨ੍ਹਾਂ ਨੂੰ ਉਦੋਂ ਮਿਲਨ ਦਾ ਇਤਫ਼ਾਕ ਹੋਇਆ ਜਦੋਂ ਕਿ ਮੈਂ ਹਾਈ ਕੋਰਟ ਦਾ ਜੱਜ ਸੀ ਅਤੇ ਉਹ ਹੋਮ ਮਨਿਸਟਰ ਸਨ । ਉਹ ਨਿਹਾਇਤ ਅੱਛੇ, ਕ਼ਾਬਲ ਤੇ ਸਮਝਦਾਰ ਵਿਅਕਤੀ ਸਨ ।

[ਸਰਦਾਰ ਗੁਰਨਾਮ ਸਿੰਘ]

ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਨ੍ਹਾਂ ਸਾਰਿਆਂ ਦੇ ਪਰੀਵਾਰਾਂ ਨੂੰ ਸ਼ੋਕ ਦਾ ਮਤਾ ਭੇਜਣਾ ਚਾਹੀਦਾ ਹੈ ਔਰ ਅਸੀਂ ਅੱਜ ਅਰਦਾਸ ਕਰੀਏ ਕਿ ਪਰਮਾਤਮਾ ਇਨ੍ਹਾਂ ਦੀ ਰੂਹ ਨੂੰ ਸ਼ਾਂਤੀ ਬਖਸ਼ੇ ਅਤੇ ਇਨ੍ਹਾਂ ਦੇ ਪਰੀਵਾਰਾਂ ਨੂੰ ਇਹ ਭਾਣਾ ਮੰਨਣ ਦੀ ਸ਼ਕਤੀ ਬਖਸ਼ੇ । ਸਪੀਕਰ ਸਾਹਿਬ, ਇਸ ਤੋਂ ਬਾਅਦ ਸਾਨੂੰ ਅੱਜ ਦੇ ਹਾਊਸ ਨੂੰ ਐਡਜਰਨ ਕਰ ਦੇਣਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਉਨ੍ਹਾਂ ਸਾਰਿਆਂ ਸਜਨਾਂ ਨੂੰ ਜਿਹੜੇ ਸਾਡੇ ਕੋਲੋਂ ਵਿਛੜ ਗਏ ਹਨ ਸ਼ਰਧਾਂਜਲੀ ਪੇਸ਼ ਕਰਦਾ ਹਾਂ ।

ਸਰਦਾਰ ਗਿਆਨ ਸਿੰਘ ਰਾੜੇਵਾਲਾ (ਪਾਇਲ) : ਸਪੀਕਰ ਸਾਹਿਬ, ਲੀਡਰ ਆਫ਼ ਦੀ ਹਾਊਸ ਨੇ ਜੋ ਸ਼ੋਕ ਦੇ ਪਰਸਤਾਵ ਸਾਡੇ ਸਾਹਮਣੇ ਪੇਸ਼ ਕੀਤੇ ਹਨ ਮੈਂ ਵੀ ਇਨ੍ਹਾਂ ਬਾਰੇ ਅਰਜ਼ ਕਰਦਾ ਹਾਂ ਕਿ ਜਿਨ੍ਹਾਂ ਵਿਅਕਤੀਆਂ ਦੇ ਸੁਰਗਵਾਸ ਹੋਣ ਤੇ ਸਾਨੂੰ ਅੱਜ ਇਥੇ ਇਹ ਮਤਾ ਪੇਸ਼ ਕਰਨਾ ਪਿਆ ਹੈ, ਉਹ ਨਿਹਾਇਤ ਬਜ਼ੁਰਗ ਹਸਤੀਆਂ ਸਨ, ਨਿਹਾਇਤ ਕਾਬਲ ਹਸਤੀਆਂ ਸਨ ਅਤੇ ਉਨ੍ਹਾਂ ਨੇ ਦੇਸ਼ ਦੀ ਸੇਵਾ ਲਈ ਬਹੁਤ ਕੁਝ ਕੀਤਾ ।

ਮੈਂ ਹਾਫ਼ਿਜ਼ ਮੁਹੰਮਦ ਇਬਰਾਹੀਮ ਸਾਹਿਬ ਨੂੰ ਜ਼ਾਤੀ ਤੌਰ ਤੇ ਬਹੁਤ ਅੱਛੀ ਤਰ੍ਹਾਂ ਨਾਲ ਨੇੜੇ ਤੋਂ ਜਾਣਦਾ ਸਾਂ । ਉਨ੍ਹਾਂ ਨਾਲ ਕੰਮ ਵੀ ਕੀਤਾ ਜਦੋਂ ਉਹ ਸੈਂਟਰ ਵਿੱਚ ਇਰੀਗੇਸ਼ਨ ਮਨਿਸਟਰ ਸਨ । ਮੇਰਾ ਉਨ੍ਹਾਂ ਦੇ ਨਾਲ ਬੜਾ ਤਾਲੁਕ ਰਿਹਾ । ਉਹ ਇਕ ਨਿਹਾਇਤ ਹੀ ਖੁਸ਼-ਖੁਲਕ ਔਰ ਨਿਹਾਇਤ ਦੂਰਬੀਨ ਵਿਅਕਤੀ ਅਤੇ ਹਮਦਰਦ ਸਿਆਸਤਦਾਨ ਸਨ । ਉਨ੍ਹਾਂ ਨੇ ਆਪਣੇ ਸੂਬੇ ਦੀ ਸੇਵਾ ਤੋਂ ਬਾਅਦ ਹਿੰਦੁਸਤਾਨ ਭਰ ਦੀ ਸੇਵਾ ਕੀਤੀ । ਉਨ੍ਹਾਂ ਨੇ ਬਹੁਤ ਬੜੀ ਕੰਟਰੀਬਿਊਸ਼ਨ ਐਡ-ਮਨਿਸਟਰੇਸ਼ਨ ਅੰਦਰ ਕੀਤੀ । ਇਥੇ ਵੀ ਸਾਡਾ ਤਾਲੁਕ ਉਨ੍ਹਾਂ ਨਾਲ ਬਤੌਰ ਗਵਰਨਰ ਰਿਹਾ । ਇਹ ਠੀਕ ਗੱਲ ਹੈ ਕਿ ਇਨ੍ਹਾਂ ਦੀ ਜ਼ਿਆਦਾ ਉਮਰ ਹੋਣ ਕਰਕੇ ਉਹ ਉਸ ਵਕਤ ਉਨਾਂ ਕੰਮ ਨਾ ਕਰ ਸਕੇ ਜਿੰਨਾ ਕਿ ਉਹ ਕਰਨਾ ਚਾਹੁੰਦੇ ਸਨ ਅਤੇ ਜਿੰਨੀ ਕਿ ਉਨ੍ਹਾਂ ਨੂੰ ਪੰਜਾਬ ਦੇ ਨਾਲ ਹਮਦਰਦੀ ਸੀ ਲੇਕਿਨ ਫੇਰ ਵੀ ਉਨ੍ਹਾਂ ਨੇ ਪੰਜਾਬ ਦੀ ਜਿਹੜੀ ਸੇਵਾ ਕੀਤੀ ਬਤੌਰ ਗਵਰਨਰ ਦੇ, ਉਸ ਦਾ ਅੱਜ ਤਕ ਸਾਡੇ ਦਿਲ ਉਤੇ ਨਕਸ਼ ਬਾਕੀ ਹੈ ।

ਉਸ ਤੋਂ ਬਾਅਦ ਮੈਂ ਡਾਕਟਰ ਕਾਟਜੂ ਸਾਹਿਬ ਦਾ ਜ਼ਿਕਰ ਕਰਾਂਗਾ ਜਿਨ੍ਹਾਂ ਦੇ ਨਾਲ ਵੀ ਮੇਰਾ ਜ਼ਾਤੀ ਤਾਲੁਕ ਬਹੁਤ ਰਿਹਾ, 1952 ਤੋਂ ਲੈ ਕੇ 1955 ਤਕ । ਜਦੋਂ ਉਹ ਹਿੰਦੁਸਤਾਨ ਦੇ ਹੋਮ ਮਨਿਸਟਰ ਰਹੇ, ਉਨ੍ਹਾਂ ਦੇ ਨਾਲ ਵੀ ਮੇਰਾ ਗਹਿਰਾ ਤਾਲੁਕ ਰਿਹਾ । ਡਾਕਟਰ ਸਾਹਿਬ ਨਾ ਸਿਰਫ ਹਿੰਦੁਸਤਾਨ ਦੇ ਇਕ ਐਮੀਨੈਂਟ ਤੇ ਮਸ਼ਹੂਰ ਜਿਊਰਿਸਟ ਹੀ ਸਨ ਬਲਕਿ ਉਹ ਇਕ ਨਿਹਾਇਤ ਅੱਛੇ ਬੰਦੇ ਸਨ ਅਤੇ ਉਨ੍ਹਾਂ ਨੇ ਇਸ ਦੇਸ਼ ਦੀ ਸੇਵਾ ਕੀਤੀ । ਡਾਕਟਰ ਕਾਟਜੂ ਸਾਹਿਬ ਇਕ ਨਿਹਾਇਤ ਕਾਮਯਾਬ ਹੋਮ ਮਨਿਸਟਰ ਰਹੇ, ਇਕ ਨਿਹਾਇਤ ਕਾਮਯਾਬ ਗਵਰਨਰ ਰਹੇ, ਔਰ ਕਾਬਲ ਤਾਰੀਨ ਕਾਨੂੰਨਦਾਨ ਸਨ । ਸਾਰੀ ਜ਼ਿੰਦਗੀ ਉਨ੍ਹਾਂ ਦੀ ਇਸ ਦੇਸ਼ ਦੀ ਸੇਵਾ ਵਿੱਚ ਲਗੀ । ਉਨ੍ਹਾਂ ਨੇ ਉਸ ਵਕਤ ਵੀ, ਜਦੋਂ ਕਿ ਆਜ਼ਾਦੀ ਦੀ ਜੰਗ ਜਾਰੀ ਸੀ, ਉਹਦੇ ਵਿੱਚ ਭਰਪੂਰ ਹਿੱਸਾ ਪਾਇਆ, ਜੇਲ੍ਹਾਂ ਕਟੀਆਂ ਔਰ ਉਸ ਤੋਂ ਬਾਅਦ ਜਦੋਂ ਹਕੂਮਤ ਸੰਭਾਲਣ ਦਾ ਸਮਾਂ ਆਇਆ ਤਾਂ ਉਸ ਵਿੱਚ ਵੀ ਉਨ੍ਹਾਂ ਨੇ ਬਹੁਤ ਬੜਾ ਹਿੱਸਾ ਪਾਇਆ । ਮੈਨੂੰ ਯਾਦ ਆਉਂਦਾ ਹੈ ਕਿ ਪੈਪਸੂ ਇਕ "ਬੀ" ਕਲਾਸ ਸਟੇਟ ਹੋਣ ਕਰਕੇ ਮੇਰੇ ਉਨ੍ਹਾਂ ਨਾਲ ਬਹੁਤ ਗਹਿਰੇ ਤਾਲੁਕ ਸਨ । ਮੈਂ ਉਨ੍ਹਾਂ ਤੋਂ ਪੁਛ ਗਿਛ ਕਰਕੇ ਹੀ ਕੋਈ ਕਦਮ ਉਠਾਇਆ ਕਰਦਾ ਸੀ । ਮੈਨੂੰ ਪਤਾ ਹੈ ਕਿ ਜਦੋਂ ਉਥੇ ਕੈਬਨਿਟ ਬਣਾਉਣ ਦਾ ਸਵਾਲ ਆਇਆ ਸੀ ਤਾਂ ਮੈਂ ਉਦੋਂ ਹਰੀਜਨ ਮੈਂਬਰ ਨੂੰ ਬਤੌਰ ਫੂਲ ਫਲੈਜਡ ਮਨਿਸਟਰ ਦੇ ਲੈਣਾ ਚਾਹੁੰਦਾ ਸੀ । ਉਸ ਵਕਤ [illegible]

ਨਹੀਂ ਸੀ ਕਰਨਾ ਚਾਹੁੰਦਾ । ਔਰ ਹਰੀਜਨ ਭਰਾ ਨੂੰ ਫੁਲ ਫਲੈਜਡ ਮਨਿਸਟਰ ਲੈਣਾ ਚਾਹੁੰਦਾ ਸੀ । ਮੈਂ ਉਨ੍ਹਾਂ ਨੂੰ ਕਿਹਾ । ਪਹਿਲਾਂ ਤਾਂ ਉਹ ਹੈਸੀਟੇਟ ਕਰਦੇ ਰਹੇ ਕਿਉਂਕਿ ਦੂਸਰਿਆਂ ਸੂਬਿਆਂ ਵਿਚ ਵੀ ਬਰਾਹੇ ਰਾਸਤ ਇਹ ਕੈਬਨਿਟ ਮਨਿਸਟਰ ਨਹੀਂ ਸੀ ਬਣਾਏ ਗਏ । ਖੈਰ, ਉਨ੍ਹਾਂ ਨੇ ਮੈਨੂੰ ਕਿਹਾ ਕਿ "ਜੇ ਤੂੰ ਬਜ਼ਿਦ ਹੈਂ ਤਾਂ ਮੈਨੂੰ ਮਿਲਾ ਜਿਸਨੂੰ ਬਣਾਣਾ ਹੈ।" ਮੈਂ ਉਸ ਸੱਜਨ ਨੂੰ ਉਨ੍ਹਾਂ ਨਾਲ ਮਿਲਾਇਆ ਮੈਨੂੰ ਉਹ ਲਫ਼ਜ਼ ਯਾਦ ਆਉਂਦੇ ਹਨ । ਉਹ ਕਹਿਣ ਲੱਗੇ ਕਿ "ਮੇਰੇ ਦਿਮਾਗ ਵਿੱਚ ਨਕਸ਼ਾ ਕੁਝ ਹੋਰ ਹੀ ਸੀ। ਇਹ ਤਾਂ ਮੈਨੂੰ ਬੜਾ ਚੰਗਾ ਭਲਾ ਸਰਦਾਰ ਨਜ਼ਰ ਆਉਂਦਾ ਹੈ। ਇਸ ਨੂੰ ਫੁਲ ਫਲੈਜਡ ਮਨਿਸਟਰ ਬਣਾ ਲਉ" "ਬੀ" ਕਲਾਸ ਸਟੇਟ ਹੋਣ ਕਰਕੇ ਸਾਨੂੰ ਹਰ ਮਾਮਲੇ ਵਿੱਚ ਸੈਂਟਰ ਨਾਲ ਗਲ ਬਾਤ ਕਰਨੀ ਪੈਂਦੀ ਸੀ ।

ਉਹ ਨਾ ਸਿਰਫ ਇਕ ਬਹੁਤ ਵੱਡੇ ਦੇਸ਼ ਭਗਤ ਸਨ ਸਗੋਂ ਇਕ ਬੜੇ ਮਾਹਰ ਕਾਨੂੰਨਦਾਨ ਵੀ ਸਨ। ਉਨ੍ਹਾਂ ਦੀ ਮੌਤ ਦੇ ਨਾਲ ਹਿੰਦੁਸਤਾਨ ਨੂੰ ਬੜਾ ਘਾਟਾ ਪਿਆ ਹੈ। ਇਸ ਤੋਂ ਇਲਾਵਾ ਮੈਂ ਉਨ੍ਹਾਂ ਨੂੰ ਮੱਧ ਪ੍ਰਦੇਸ਼ ਦੇ ਚੀਫ਼ ਮਨਿਸਟਰ ਦੇ ਤੌਰ ਤੇ ਵੀ ਵੇਖਿਆ ਹੈ ਔਰ ਮੈਨੂੰ ਉਨ੍ਹਾਂ ਨੂੰ ਬੜੇ ਨਜ਼ਦੀਕ ਹੋ ਕੇ ਵੇਖਣ ਦੇ ਮੌਕੇ ਮਿਲੇ ਹਨ। ਮੈਂ ਉਨ੍ਹਾਂ ਦੀ ਮੌਤ ਤੋਂ ਬਾਅਦ ਇਸ ਤਰ੍ਹਾਂ ਮਹਿਸੂਸ ਕਰਦਾ ਹਾਂ ਕਿ ਜਿਸ ਤਰ੍ਹਾਂ ਕਿਸੇ ਦੇ ਪਰੀਵਾਰ ਵਿੱਚੋਂ ਇਕ ਬਜ਼ੁਰਗ ਉਠ ਗਿਆ ਹੁੰਦਾ ਹੈ ।

ਇਸ ਤੋਂ ਬਾਅਦ ਮੈਂ ਸ਼੍ਰੀ ਦੀਨ ਦਿਆਲ ਉਪਾਧਿਆਏ ਜੀ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ, ਜੋ ਕਿ ਇਕ ਮਹਾਨ ਹਸਤੀ ਸਨ । ਉਨ੍ਹਾਂ ਦੀ ਜ਼ਿੰਦਗੀ ਤੋਂ ਸਾਨੂੰ ਸਾਰਿਆਂ ਨੂੰ ਬਹੁਤ ਬੜੇ ਸਬਕ ਮਿਲਦੇ ਹਨ । ਇਕ ਐਸੇ ਗ਼ਰੀਬ ਘਰ ਵਿੱਚੋਂ ਉਨ੍ਹਾਂ ਨੇ ਆਪਣਾ ਕੰਮ ਸ਼ੁਰੂ ਕੀਤਾ ਔਰ ਬਿਲਕੁਲ ਆਪਣੀ ਮਿਹਨਤ, ਆਪਣੀ ਕਾਬਲੀਅਤ ਅਤੇ ਯੋਗਤਾ ਦੇ ਨਾਲ ਉਨ੍ਹਾਂ ਨੇ ਇਸ ਦੇਸ਼ ਵਿੱਚ ਬਹੁਤ ਬੜੀ ਜਗ੍ਹਾ ਹਾਸਲ ਕੀਤੀ । ਇਹ ਠੀਕ ਹੈ ਕਿ ਜਦੋਂ ਉਨ੍ਹਾਂ ਦਾ ਦਿਹਾਂਤ ਹੋਇਆ ਉਹ ਜਨਸੰਘ ਦੇ ਪ੍ਰੈਜ਼ੀਡੈਂਟ ਸਨ ਲੇਕਿਨ ਮੈਂ ਇਹ ਸਮਝਦਾ ਹਾਂ ਕਿ ਉਹ ਸਿਰਫ ਜਨਸੰਘ ਦੇ ਹੀ ਪ੍ਰੈਜ਼ੀਡੈਂਟ ਨਹੀਂ ਸਨ ਬਲਕਿ ਮੈਂ ਤਾਂ ਬਿਲਾ ਖ਼ੌਫੇ ਤਰਦੀਦ ਇਹ ਆਖ ਸਕਦਾ ਹਾਂ ਕਿ ਜਨਸੰਘ ਨੂੰ ਇਕ ਅਜ਼ੀਮ ਸੰਸਥਾ ਬਣਾਉਣ ਦੇ ਵਿੱਚ ਸਭ ਤੋਂ ਵੱਡਾ ਹਿੱਸਾ ਉਨ੍ਹਾਂ ਦਾ ਸੀ। ਜਿਨ੍ਹਾਂ ਦਰਦਨਾਕ ਹਾਲਾਤ ਦੇ ਅੰਦਰ ਉਨ੍ਹਾਂ ਦੀ ਮ੍ਰਿਤੂ ਹੋਈ ਹੈ ਉਸ ਦਾ ਬੜਾ ਗਹਿਰਾ ਅਸਰ ਸਾਡੇ ਮਨਾਂ ਤੇ ਪਿਆ ਹੈ । ਜਿਸ ਤਰ੍ਹਾਂ ਕਿ ਲੀਡਰ ਆਫ਼ ਦੀ ਆਪੋਜ਼ੀਸ਼ਨ ਨੇ ਫਰਮਾਇਆ ਹੈ ਕਿ ਉਨ੍ਹਾਂ ਨੂੰ ਕਤਲ ਕੀਤਾ ਗਿਆ ਹੈ, ਹੋ ਸਕਦਾ ਹੈ ਕਿ ਉਨ੍ਹਾਂ ਦੀ ਇਨਫਰਮੇਸ਼ਨ ਦਰੁਸਤ ਹੋਵੇ ਕਿ ਕਤਲ ਕੀਤਾ ਗਿਆ ਹੈ। ਅਗਰ ਤਫਤੀਸ਼ ਤੋਂ ਬਾਅਦ ਵਾਕਈ ਇਹ ਗੱਲ ਸਾਬਤ ਹੋ ਜਾਂਦੀ ਹੈ ਤਾਂ ਨਿਹਾਇਤ ਅਫਸੋਸਨਾਕ ਗਲ ਹੈ । ਮੈਨੂੰ ਯਾਦ ਹੈ ਕਿ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਕਤਲ ਵਕਤ ਮੈਂ ਕਿਹਾ ਸੀ ਕਿ ਅਗਰ ਪਾਲਿਟਿਕਸ ਦੇ ਅੰਦਰ ਇਸ ਤਰ੍ਹਾਂ ਦੀ ਵਾਇਲੈਂਸ ਆ ਗਈ ਤਾਂ ਪਤਾ ਨਹੀਂ ਇਸ ਮੁਲਕ ਦਾ ਹਸ਼ਰ ਕੀ ਹੋਵੇਗਾ । ਕਹਿ ਨਹੀਂ ਸਕਦੇ ਕਿ ਅਸਲੀਅਤ ਕੀ ਹੈ । ਤਫਤੀਸ਼ ਦੀ ਰਿਪੋਰਟ ਬਾਰੇ ਬੜੀ ਬੇਤਾਬੀ ਨਾਲ ਇੰਤਜ਼ਾਰ ਕੀਤੀ ਜਾ ਰਹੀ ਹੈ, ਪਤਾ ਨਹੀਂ ਹਾਲਾਤ ਕੀ ਮਾਲੂਮ ਹੁੰਦੇ ਹਨ । ਲੇਕਿਨ ਯਕੀਨਨ ਉਨ੍ਹਾਂ ਦੀ ਮ੍ਰਿਤੂ ਦੇ ਨਾਲ ਨਾ ਸਿਰਫ ਜਨਸੰਘ ਇਕ ਨਿਹਾਇਤ ਕਾਬਲ ਤਰੀਨ ਪ੍ਰੈਜ਼ੀਡੈਂਟ ਤੋਂ ਮਹਿਰੂਮ ਹੋ ਗਈ ਹੈ ਬਲਕਿ ਮੈਂ ਤਾਂ ਸਮਝਦਾ ਹਾਂ ਕਿ ਮੁਲਕ ਦੀ ਪੁਲੀਟੀਕਲ ਜ਼ਿੰਦਗੀ ਦੇ ਅੰਦਰ ਵੀ ਬੜਾ ਭਾਰੀ ਘਾਟਾ ਪਿਆ ਹੈ ।

ਇਸ ਤੋਂ ਬਾਅਦ ਮੈਂ ਡਾਕਟਰ ਬਾਲ ਕ੍ਰਿਸ਼ਨ ਜੀ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ । ਡਾਕਟਰ ਬਾਲ ਕ੍ਰਿਸ਼ਨ ਸਾਹਿਬ ਸਾਡੇ ਇਸ ਹਾਊਸ ਦੇ ਮੁਅਜ਼ਿਜ਼ ਮੈਂਬਰ ਰਹੇ ਹਨ। ਇਸ ਹਾਊਸ ਦੇ ਅੰਦਰ ਵੀ ਉਨ੍ਹਾਂ ਦੀ ਕੰਟਰੀਬਿਊਸ਼ਨ ਕਾਫ਼ੀ ਹੋਇਆ ਕਰਦੀ ਸੀ । ਜਿਹੜੀਆਂ ਇਸ ਹਾਊਸ ਦੀਆਂ ਕਮੇਟੀਆਂ ਹਨ ਮੈਂ ਵੀ ਉਨ੍ਹਾਂ ਦੇ ਅੰਦਰ ਕੰਮ ਕੀਤਾ ਹੈ, ਮਗਰ ਮੈਂ ਦੇਖਿਆ ਹੈ ਕਿ ਐਸਟੀਮੇਟਸ ਅਤੇ ਦੂਜੀਆਂ ਕਮੇਟੀਜ਼ ਦੇ ਅਦਰ

[ਸਰਦਾਰ ਗਿਆਨ ਸਿੰਘ ਰਾੜੇਵਾਲਾ]

ਉਹ ਬੜੀ ਬਰੀਕਬੀਨੀ ਔਰ ਤਨਦੇਹੀ ਦੇ ਨਾਲ ਕੰਮ ਕਰਿਆ ਕਰਦੇ ਸਨ। ਉਨ੍ਹਾਂ ਦੀ ਮੌਤ ਅਚਾਨਕ ਬੜੇ ਦਰਦਨਾਕ ਹਾਲਾਤ ਵਿੱਚ ਹੋਈ ਹੈ। ਮੈਂ ਕੁਝ ਅਖਬਾਰਾਂ ਵਿੱਚ ਪੜ੍ਹਿਆ ਹੈ ਕਿ ਉਨ੍ਹਾਂ ਦੇ ਘਰ ਅਖੰਡ ਪਾਠ ਦਾ ਭੋਗ ਪੈ ਰਿਹਾ ਸੀ। ਉਹ ਬਾਹਿਰ ਕਿਸੇ ਨੂੰ ਸੀ ਆਫ਼ ਕਰਨ ਲਈ ਗਏ ਔਰ ਜਦੋਂ ਮੁੜ ਕੇ ਵਾਪਿਸ ਆਏ, ਕੜਾਹ ਪ੍ਰਸ਼ਾਦ ਵੀ ਤਕਸੀਮ ਨਹੀਂ ਹੋਇਆ ਸੀ ਕਿ ਅਚਾਨਕ ਉਨ੍ਹਾਂ ਦੀ ਮ੍ਰਿਤੂ ਹੋ ਗਈ। ਐਸੀ ਮ੍ਰਿਤੂ ਤੇ ਬਹੁਤ ਹੀ ਜ਼ਿਆਦਾ ਅਫ਼ਸੋਸ ਹੁੰਦਾ ਹੈ।

ਸਪੀਕਰ ਸਾਹਿਬ, ਤੁਹਾਡੀ ਇਜਾਜ਼ਤ ਦੇ ਨਾਲ ਮੈਂ ਇਕ ਐਸੀ ਬਜ਼ੁਰਗ ਹਸਤੀ ਦਾ ਨਾਂ ਵੀ ਲੈਣਾ ਚਾਹੁੰਦਾ ਹਾਂ ਜਿਨ੍ਹਾਂ ਦੇ ਨਾਂ ਦਾ ਨਾ ਤਾਂ ਲੀਡਰ ਆਫ਼ ਦੀ ਹਾਊਸ ਨੇ ਔਰ ਨਾ ਹੀ ਲੀਡਰ ਆਫ਼ ਦੀ ਆਪੋਜੀਸ਼ਨ ਨੇ ਜ਼ਿਕਰ ਕੀਤਾ ਹੈ। ਉਨ੍ਹਾਂ ਦਾ ਨਾਂ ਡਾਕਟਰ ਐਮ.ਐਸ. ਐਨੇ ਹੈ।

ਸਰਦਾਰ ਗੁਰਨਾਮ ਸਿੰਘ : ਕੁਆਈਟ ਰਾਈਟ। ਠੀਕ ਹੈ। ਉਨ੍ਹਾਂ ਦਾ ਨਾਂ ਵੀ ਆਉਣਾ ਚਾਹੀਦਾ ਸੀ।

ਸਰਦਾਰ ਗਿਆਨ ਸਿੰਘ ਰਾੜੇਵਾਲਾ : ਇਹ ਵੀ ਇਕ ਬੜੀ ਵੱਡੀ ਹਸਤੀ ਸਾਡੇ ਵਿੱਚੋਂ ਚਲੀ ਗਈ ਹੈ। ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਦੇਸ਼ ਦੀ ਸੇਵਾ ਵਾਸਤੇ ਲਾ ਦਿੱਤੀ। ਉਨ੍ਹਾਂ ਨੇ ਵਾਇਸਰਾਏ ਦੀ ਐਗਜ਼ੈਕਟਿਵ ਕੌਂਸਲ ਤੋਂ ਅਸਤੀਫਾ ਦਿੱਤਾ ਸੀ ਔਰ ਉਸ ਤੋਂ ਬਾਅਦ ਮਹਾਤਮਾ ਗਾਂਧੀ ਜੀ ਦੇ ਨਾਲ ਮੁਲਕ ਦੀ ਆਜ਼ਾਦੀ ਦੀ ਤਹਿਰੀਕ ਵਿੱਚ ਕੰਮ ਕਰਨਾ ਸ਼ੁਰੂ ਕੀਤਾ ਸੀ। ਉਹ ਮਸਲਸਲ ਤੌਰ ਤੇ ਸਾਰੀ ਜ਼ਿੰਦਗੀ ਤਾ ਦਮ ਮਰਗ ਮੁਲਕ ਦੀ ਸੇਵਾ ਵਿੱਚ ਲਗੇ ਰਹੇ। ਉਨ੍ਹਾਂ ਨੇ ਬੜੀ ਨਿੱਘੀ ਤੇ ਬੜੀ ਸੁੱਚੀ ਇਸ ਦੇਸ਼ ਦੀ ਸੇਵਾ ਕੀਤੀ ਹੈ। ਬੜਾ ਅਫਸੋਸ ਹੈ ਕਿ ਇਸ ਕਿਸਮ ਦੇ ਬਜ਼ੁਰਗ ਯਕੇ ਬਾਦ ਦੀਗਰੇ ਇਸ ਦੇਸ਼ ਵਿੱਚੋਂ ਉਠਦੇ ਜਾ ਰਹੇ ਹਨ। ਉਨ੍ਹਾਂ ਦੀਆਂ ਜਗ੍ਹਾਂ ਪੂਰ ਨਹੀਂ ਹੋ ਰਹੀਆਂ। ਉਨ੍ਹਾਂ ਦੀਆਂ ਜਗ੍ਹਾਂ ਲੈਣ ਵਾਲੇ ਅੱਗੇ ਨਹੀਂ ਆ ਰਹੇ। ਇਸ ਨਾਲ ਸਾਡੇ ਮੁਲਕ ਨੂੰ ਬੜਾ ਘਾਟਾ ਪੈ ਰਿਹਾ ਹੈ।

ਇਨ੍ਹਾਂ ਸ਼ਬਦਾਂ ਨਾਲ ਮੈਂ ਉਨ੍ਹਾਂ ਦੇ ਪਰੀਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਾ ਹਾਂ ਅਤੇ ਜਿਹੜਾ ਮਤਾ ਲੀਡਰ ਆਫ਼ ਦੀ ਹਾਊਸ ਨੇ ਪੇਸ਼ ਕੀਤਾ ਹੈ ਮੈਂ ਉਸ ਦੇ ਨਾਲ ਸਹਿਮਤੀ ਪ੍ਰਗਟ ਕਰਦਾ ਹੋਇਆ ਬੇਨਤੀ ਕਰਦਾ ਹਾਂ ਕਿ ਹਾਊਸ ਦੀ ਹਮਦਰਦੀ ਦਾ ਉਨ੍ਹਾਂ ਦੇ ਪਰੀਵਾਰਾਂ ਤਾਈਂ ਇਜ਼ਹਾਰ ਕੀਤਾ ਜਾਏ।

चौधरी बलबीर सिंह (होशियारपुर) : अध्यक्ष महोदय, पिछला इजलास खत्म होने के बाद आज तक 5–6 मशहूर हस्तियां जिनका भारत की सियासत के साथ गहरा सम्बन्ध रहा है, हम में से उठ गई हैं। उन की मृत्यु हो गई है। भारत की जंगे आज़ादी के मशहूर जरनैल हाफ़िज मुहम्मद इबराहीम, डाक्टर कैलाश नाथ काटजू और डाक्टर एम. एस. ऐने. ने हिन्दुस्तान की जंगे आज़ादी की तहरीक में बढ़ चढ़ कर भाग लिया। काटजू जी का बचपन होशियारपुर में अपने नाना जी के पास गुज़रा। उनकी दुकान नौहरियां के दुकान के नाम से आज भी मौजूद है। वहां ही उन्होंने प्राइमरी तक तालीम हासिल की। जब कभी भी काटजू जी होशियारपुर आये, तो जिस जगह पर वह खेला करते थे वह उस जगह पर सब से पहले ज़रूर जाते। वह सैन्टरल गवर्नमेंट में मिनिस्टर आफ़ स्टेटस भी रहे हैं। जब कभी भी आप होशियारपुर जाते तो जिन लोगों के साथ वह बचपन में खेला करते थे, पहले उनको मिलते। आप बड़े कानून-दान थे। उनकी मृत्यु के बाद देश को जो घाटा पड़ा है वह पूरा नहीं हो सकता।

हाफिज़ मुहम्मद इब्राहीम हमारे इस प्रदेश के गवर्नर रहे हैं । वह होशियारपुर में एक मोशायरे में शामिल हुए और वहां पर खुद अपना क्लाम भी पेश किया । यही नहीं कि शायरी उनको पसन्द थी बल्कि खुद भी शेअर कहा करते थे । वह बहुत अच्छे सुखन गो थे । उनकी मौत से भी हिन्दुस्तान को बहुत भारी घाटा पड़ा है । जिस ज़माने में मुस्लिम लीग का परचम बहुत ज़ोरो से हिन्दुस्तान में लहराता था उस ज़माने में उन्होंने हिन्दुस्तान के मुसलमानों की तरफ से कौमी एकता का झंडा कौमी मुवमेंट के दौरान आगे बढ़ कर लहराया। वह उस ज़माने में कौमी लहर में आगे बढ़े और मुसलिम लीग की रजअतपसन्दाना पालिसी के खिलाफ़ प्रोटैस्ट किया ।

इसी प्रकार से डाक्टर ऐम. ऐस. ऐने भी एक बड़े बेख़ौफ लीडर थे । यहां तक कि जब कभी उनका महात्मा गांधी जी के साथ भी इख्तलाफ़ हुआ तो उसे उन्होंने खुले तौर पर जाहिर किया । उन्होंने उस वक्त सारे हिन्दुस्तान के अन्दर एक मूवमैंट चलाई और कहा कि कांग्रेस महात्मा गांधी जी की रहनुमाई में मुसलिम लीग को खुश करने के लिये कुछ एक ऐसी बात कर रही है जो कि मुल्क के बटबारे के लिये ज़िम्मदार हो सकती है । उनकी बात सही साबत हुई । सचमुच ऐसी पालिसी से मुल्क का बटवारा हुआ लेकिन डाक्टर ऐने ने उस वक्त ही कांग्रेस से बग़ावत कर दी थी।उन्होंने हिन्दु नैशनलिस्ट पार्टी के नाम से एक पार्टी बनाई। गो उस वक्त कांग्रेस की कौमी तहरीक इतने ज़ोरों पर थी कि डाक्टर ऐने की पार्टी उसके आगे ठहर न सकी लेकिन इस बात से इन्कार नहीं किया जा सकता कि उन्होंने उस नाजुक वक्त में अपनी ज़ोरदार आवाज़ को बुलन्द किया और कांग्रेस की उस पालिसी की सिर तोड़ मुखालफ़त की । आखिरी वक्त तक वह हिन्दुस्तान की सियासत म हिस्सा लेते रहे । वह गवर्नर भी रहे, अपने सूबे में ऐम. ऐल. ए. भी रहे और लोक सभा के मैम्बर भी रहे । उनकी मृत्यु से हमारे बीच में से एक महान शखसीयत उठ गई है और यह खला पूरा नहीं किया जा सकता ।

इसके अलावा भी श्री दीन दयाल जी उपाध्याय का कत्ल भी हिन्दुस्तान के सियासी कत्लों में शामिल हो गया है । जनसंघ का जो तंग दिलाना नज़रिया है उसमें अगर कोई तरक्की पसन्द विचार रखने वाला नेता था तो भी वह उपाध्याय जी ही थे । वह चाहते थे कि जनसंघ तंग नज़रिये को छोड़ कर मुल्क के अन्दर जो कौमी ख़ला पैदा हुआ है उसे पूरा कर पाए ताकि उनकी पार्टी मुल्क की सियासत में रचनात्मक तौर पर हिस्सा ले सके । वह तरक्की पसन्द नज़रिया रखने वाले थे और अगर वह कुछ देर और जिन्दा रह जाते तो यकीनन जनसंघ पार्टी को कुछ और आगे ले जा सकते, उनका नज़रिया इस पार्टी को फायदा पहंचाने वाला बनता और वह मुल्क की सियासत के अन्दर एक बहुत अच्छा पार्ट अदा करते ।

डाक्टर बालकृष्ण जी इसी हाउस के मैम्बर रहे हैं । मेरे साथ तो बचपन से ही उनके ताल्लुकात रहे हैं । रिश्तेदारी के तौर पर भी मेरे उनके साथ सम्बन्ध थे । बतौर एक डाक्टर के वह निहायत कामयाब डाक्टर थे । वह सन् 1962 की इलैक्शन में मेरे खिलाफ़, मेरा मुकाबला करके कामयाब हुए। उन की मृत्यु अचानक उस वक्त हुई जब कि उनके घर में अखंड पाठ का भोग हो रहा था । वह महंत राम प्रकाश दास और श्री मक्कड़ को बाहर गेट पर छोड़ने के लिये गए और वापस आते ही उनका स्वर्गवास हो गया । उनकी मौत पर भी बहुत अफ़सोस हुआ है ।

[चौधरी बलबीर सिंह]

इसके अलावा एक और छोटा सा नाम है श्री सोम प्रकाश शैदा का। उसका इस हाउस में ज़िक्र नहीं किया गया। वह पंजाब की प्रजा सोशलिस्ट पार्टी के जनरल सैक्रेटरी रहे हैं। जब से उन्होंने होश सम्भाली तभी से आज़ादी की लहर में हिस्सा लिया। सन् 1947 से पहले आज़ादी की जितनी लड़ाइयां लड़ी गईं उन सब में उन्होंने नुमायां हिस्सा लिया। वह सन 1940 के सत्याग्रह में भी शामिल हुए। 1942 में भी उनको नज़रबन्द किया गया। पाकिस्तान बनने के बाद जब वह रावलपिंडी से पंजाब में आए तो उन्होंने ही पंजाब में प्रजा सोशलिस्ट पार्टी की बागडोर सम्भाली। उन की सेहत खराब हो गई। दिल के दौरे की बजह से सेहत खराब हो गई। पंजाब को छोड़ कर वे देहली चले गए और वहां भी दिल के दौरे से ही उनकी मृत्यु हुई। वह एक नौजवान लीडर थे और अगर मैं गलत नहीं कहता तो पंजाब में जितने अच्छे अच्छे बोलने वाले हैं, औरेटर हैं उनमें वह सब से पहले नम्बर पर थे। उन जैसा औरेटर शायद ही अब पंजाब में मिल सके। उनसे पहले मुनशी अहमद दीन और श्री अता उल्लाह शाह ही ऐसे व्यक्ति थे जोकि उर्दू में बड़ी वजाहत के साथ लैक्चर दे सकते थे और श्री सोम प्रकाश शैदा भी उन्हीं में से एक थे। इसलिये मैं लीडर आफ़ दी हाउस से कहूँगा कि उनका नाम भी इस लिस्ट में दर्ज कर दिया जाए जिनकी मौत पर इस हाउस की तरफ से हमदर्दी का इज़हार किया जा रहा है और उनके घर वालों को भी इस हाउस की तरफ से हमदर्दी का पैग़ाम भेजा जाए।

इन शब्दों के साथ मैं हाउस के साथ इस बात में शामिल हूँ कि इन व्यक्तियों की मृत्यु से हमारे मुल्क के अन्दर जो ख़ला पैदा हो गया वह पूरा होना मुश्किल है।

ਸਰਦਾਰ ਹਰਚਰਨ ਸਿੰਘ ਹੁਡਿਆਰਾ (ਜ਼ੀਰਾ) : ਸਤਿਕਾਰ ਯੋਗ ਸਪੀਕਰ ਸਾਹਿਬ, ਅੱਜ ਇਸ ਹਾਊਸ ਵਿੱਚ ਜੋ ਹਿਰਦੇ ਵੇਧਕ ਮਤਾ ਪੇਸ਼ ਹੈ ਮੈਂ ਉਸ ਦੇ ਨਾਲ ਸ਼੍ਰੋਮਣੀ ਅਕਾਲੀ ਦਲ ਵਲੋਂ ਸਹਿਮਤੀ ਪਰਗਟ ਕਰਦਾ ਹੋਇਆ ਉਨ੍ਹਾਂ ਸਜਨਾਂ ਦੇ ਪਰਵਾਹਾਂ ਨੂੰ, ਜਿਹੜੇ ਸਾਡੇ ਤੋਂ ਵਿਛੋੜਾ ਪਾ ਗਏ ਹਨ, ਅਫ਼ਸੋਸ ਦਾ ਇਜ਼ਹਾਰ ਕਰਦਾ ਹਾਂ ਅਤੇ ਉਨ੍ਹਾਂ ਦੇ ਨਾਲ ਹਮਦਰਦੀ ਜ਼ਾਹਿਰ ਕਰਦਾ ਹਾਂ।

ਜਿਹੜਾ ਕਾਂਗਰਸ ਦਾ ਇੰਦੌਰ ਸੈਸ਼ਨ ਹੋਇਆ ਸੀ, ਮੈਂ ਉਸ ਵੇਲੇ ਹਾਫਿਜ਼ ਮੁਹੰਮਦ ਇਬਰਾਹੀਮ ਜੀ ਦੇ ਨਾਲ ਗੱਡੀ ਵਿੱਚ ਸਫ਼ਰ ਕੀਤਾ ਸੀ। ਉਹ ਇਤਨੇ ਵੱਡੇ ਆਦਮੀ ਹੁੰਦੇ ਹੋਏ ਵੀ ਇਤਨੇ ਸਾਦਾ ਸਨ ਕਿ ਉਨ੍ਹਾਂ ਨੇ ਸਾਡੇ ਨਾਲ ਥਰਡ ਕਲਾਸ ਵਿੱਚ ਹੀ ਸਫਰ ਕੀਤਾ।

ਡਾਕਟਰ ਕਾਟਜੂ ਸਾਹਿਬ ਦੇ ਨਾਲ ਵੀ ਮੈਨੂੰ ਮਿਲਣ ਦਾ ਮੌਕਾ ਮਿਲਿਆ। ਉਨ੍ਹਾਂ ਦਾ ਸੁਭਾ ਬਹੁਤ ਨੇਕ ਸੀ ਅਤੇ ਉਹ ਆਪਣੇ ਦੇਸ਼ ਦੇ ਇਕ ਹੀਰੋ ਸੀ। ਆਜ਼ਾਦੀ ਦੀ ਜੰਗ ਵਿੱਚ ਉਨ੍ਹਾਂ ਨੇ ਵਧ ਚੜ੍ਹ ਕੇ ਹਿੱਸਾ ਪਾਇਆ। ਇਸੇ ਤਰ੍ਹਾਂ ਐਨੇ ਸਾਹਿਬ ਸਨ।

ਸਭ ਤੋਂ ਜ਼ਿਆਦਾ ਹਿਰਦੇ ਵੇਧਕ ਅਤੇ ਦੁਖਦਾਈ ਜਿਹੜੀ ਮੌਤ ਹੋਈ ਹੈ, ਜਿਸ ਨੇ ਹਿੰਦੁਸਤਾਨ ਦੇ ਮੱਥੇ ਉੱਤੇ ਕਲੰਕ ਦਾ ਟਿੱਕਾ ਲਗਾ ਦਿੱਤਾ ਹੈ, ਉਹ ਇਕ ਸਿਆਸੀ ਕਤਲ ਹੈ ਜਿਹੜਾ ਸ੍ਰੀ ਦੀਨ ਦਿਆਲ ਜੀ ਉਪਾਧਿਆਏ ਦਾ ਹੋਇਆ। ਭਾਵੇਂ ਉਨ੍ਹਾਂ ਦੀ ਪਾਰਟੀ ਦੇ ਨਾਲ ਅਸੀਂ ਇਖ਼ਤਲਾਫ਼ਾਤ ਰਖਦੇ ਹਾਂ ਲੇਕਿਨ ਜਿਨ੍ਹਾਂ ਨੇ ਇਹ ਕਾਰਵਾਈ ਕੀਤੀ ਹੈ ਔਰ ਅਗਰ ਵਾਕਈ ਇਹ ਸਿਆਸੀ ਕਤਲ ਹੈ ਤਾਂ ਸਰਕਾਰ ਹਿੰਦ ਨੂੰ ਇਸ ਦੀ ਪੂਰੀ ਪੜਤਾਲ ਕਰਨੀ ਚਾਹੀਦੀ ਹੈ ਔਰ ਮੁਜਰਮਾਂ ਨੂੰ ਸਖਤ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ ਔਰ ਇਸ ਤਰ੍ਹਾਂ ਕਰਕੇ ਹਿੰਦੁਸਤਾਨ ਵਿੱਚੋਂ ਇਸ ਤਰ੍ਹਾਂ ਦੇ ਕਾਰਨਾਮਿਆਂ ਨੂੰ ਬੰਦ ਕਰਵਾਣਾ ਚਾਹੀਦਾ ਹੈ।

ਬਾਕੀ ਦੇ ਵੀ ਜਿਨ੍ਹਾਂ ਸਾਰਿਆਂ ਸਜਨਾਂ ਦੇ ਨਾਂ ਇਥੇ ਲਏ ਗਏ ਹਨ, ਉਨ੍ਹਾਂ ਦੇ ਪਰਵਾਰਾਂ ਦੇ ਨਾਲ ਵੀ ਮੈਂ ਆਪਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਵਲੋਂ ਹਮਦਰਦੀ ਦਾ ਇਜ਼ਹਾਰ ਕਰਦਾ ਹਾਂ। ਇਨ੍ਹਾਂ ਅਖਰਾਂ ਨਾਲ, ਹਾਊਸ ਨੇ ਜਿਹੜਾ ਉਨ੍ਹਾਂ ਦੇ ਪਰਵਾਰਾਂ ਪ੍ਰਤੀ ਹਮਦਰਦੀ ਦਾ ਇਜ਼ਹਾਰ ਕੀਤਾ ਹੈ, ਉਸ ਵਿੱਚ ਹਿੱਸਾ ਪਾਂਦਾ ਹਾਂ।

ਸ੍ਰੀ ਸਪੀਕਰ : ਅੱਜ ਜਿਹੜੀਆਂ ਪੰਜ ਛੇ ਵਿਅਕਤੀਆਂ ਸਾਡੇ ਤੋਂ ਜੁਦਾ ਹੋ ਗਈਆਂ ਹਨ ਜਿਨ੍ਹਾਂ ਬਾਰੇ ਲੀਡਰ ਆਫ਼ ਦੀ ਹਾਊਸ ਨੇ ਇਥੇ ਮਤਾ ਪੇਸ਼ ਕੀਤਾ ਹੈ ਜਿਸ ਉੱਤੇ ਸਾਰੀਆਂ ਪਾਰਟੀਆਂ ਦੇ ਲੀਡਰ ਸਾਹਿਬਾਨ ਨੇ ਬੋਲਦਿਆਂ ਹੋਇਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਹਨ ਮੈਂ ਵੀ ਆਪਣੇ ਆਪ ਨੂੰ ਉਨ੍ਹਾਂ ਨਾਲ ਸ਼ਾਮਲ ਕਰਦਾ ਹੋਇਆ ਕੁਛ ਲਫ਼ਜ਼ ਕਹਿਣਾ ਚਾਹੁੰਦਾ ਹਾਂ।

ਹਾਫ਼ਿਜ਼ ਮੁਹੰਮਦ ਇਬਰਾਹੀਮ ਸਾਹਿਬ ਨੂੰ ਮੈਂ ਖ਼ਾਸੇ ਅਰਸੇ ਤੋਂ ਚੰਗੀ ਤਰ੍ਹਾਂ ਨਾਲ, ਜਦ ਕਿ ਉਹ ਭਾਰਤ ਦੇ ਇਰੀਗੇਸ਼ਨ ਮਨਿਸਟਰ ਸਨ, ਜਾਣਦਾ ਹਾਂ। ਉਹ ਬੜੇ ਸ਼ਰੀਫ਼, ਬੜੇ ਖ਼ਾਨਦਾਨੀ ਵਿਅਕਤੀ ਸਨ। ਫਿਰ ਸਾਡੇ ਪੰਜਾਬ ਦੇ ਗਵਰਨਰ ਭੀ ਰਹੇ । ਇਥੇ ਆਕੇ ਵੀ ਉਨ੍ਹਾਂ ਨੇ ਹਰ ਤਰ੍ਹਾਂ ਨਾਲ ਆਪਣੀ ਸ਼ਰਾਫ਼ਤ ਦਾ ਇਜ਼ਹਾਰ ਕੀਤਾ । ਹਿੰਦੁਸਤਾਨ ਦੀ ਆਜ਼ਾਦੀ ਵਾਸਤੇ ਉਨ੍ਹਾਂ ਨੇ ਬਹੁਤ ਕੁਝ ਕੀਤਾ । ਮੈਂ ਉਨ੍ਹਾਂ ਦੇ ਬਹੁਤ ਸਾਰੇ ਗੁਣਾਂ ਨੂੰ ਜਾਣਦਾ ਹਾਂ। ਉਹ ਹਮੇਸ਼ਾਂ ਇਸ ਮਤ ਦੇ ਰਹੇ ਸਨ ਕਿ ਹਿਦੂ, ਮੁਸਲਿਮ, ਸਿੱਖ, ਈਸਾਈ ਜਿਹੜੇ ਵੀ ਹਿੰਦੁਸਤਾਨ ਵਿੱਚ ਵਸਦੇ ਹਨ, ਉਨ੍ਹਾਂ ਵਿਚ ਏਕਤਾ ਹੋਵੇ ਔਰ ਉਨ੍ਹਾਂ ਸਾਰਿਆਂ ਦੀ ਸਮੁਚੀ ਭਲਾਈ ਲਈ ਹੀ ਸੋਚਿਆ ਜਾਵੇ। ਔਰ ਕੰਮ ਕੀਤਾ ਜਾਵੇ। ਇਨ੍ਹਾਂ ਵਿਚਾਰਾਂ ਨੂੰ ਹੀ ਅੱਗੇ ਲੈ ਜਾਣ ਲਈ ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਬਸਰ ਕੀਤੀ। ਉਨ੍ਹਾਂ ਦੇ ਦਿਲ ਵਿੱਚ ਕੋਈ ਵੀ ਮਜ਼ਹਬੀ ਵਿਤਕਰੇ ਦਾ ਖ਼ਿਆਲ ਨਹੀਂ ਸੀ । ਉਹ ਹਮੇਸ਼ਾਂ ਥੱਲੇ ਰਹੇ ਹੋਏ—ਗਰੀਬ ਲੋਕਾਂ ਦੀ ਇਮਦਾਦ ਵਾਸਤੇ ਹਰ ਵਕਤ ਹਰ ਤਰ੍ਹਾਂ ਨਾਲ ਤਿਆਰ ਰਹਿੰਦੇ ਸਨ । ਯੂ. ਪੀ. ਵਿੱਚ ਉਨ੍ਹਾਂ ਨੇ ਬੜੇ ਅਰਸੇ ਤਕ ਮਨਿਸਟਰੀ ਕੀਤੀ ਮਗਰ ਮੈਨੂੰ ਪਤਾ ਹੈ ਕਿ ਜਦ ਉਹ ਰੀਟਾਇਰ ਹੋਏ ਤਾਂ ਅਖਬਾਰਾਂ ਵਿੱਚ ਵੀ ਇਹ ਖ਼ਬਰ ਨਿਕਲੀ ਸੀ ਕਿ ਉਨ੍ਹਾਂ ਦੇ ਘਰ ਵਿੱਚ ਇਤਨੀ ਮਾਇਆ ਨਹੀਂ ਸੀ ਕਿ ਜਿਸ ਦੇ ਨਾਲ ਉਹ ਆਪਣੇ ਖ਼ਾਨਦਾਨ ਨੂੰ ਜਾਂ ਆਪਣੀ ਰੋਟੀ ਨੂੰ ਚੰਗੀ ਤਰ੍ਹਾਂ ਨਾਲ ਚਲਾ ਸਕਣ। ਸਾਰੀ ਉਮਰ ਬੜੀ ਈਮਾਨਦਾਰੀ ਦੇ ਨਾਲ ਉਨ੍ਹਾਂ ਨੇ ਮੁਲਕ ਦੀ ਸੇਵਾ ਕੀਤੀ। ਉਨ੍ਹਾਂ ਨੇ ਸਾਰੇ ਮੁਲਕ ਦੇ ਲੋਕਾਂ ਨੂੰ ਇਕੋ ਜਿਹਾ ਸਮਝਿਆ।

ਫਿਰ ਸ਼੍ਰੀ ਦੀਨ ਦਿਆਲ ਉਪਾਧਿਆਏ ਜੀ ਹਨ। ਉਨ੍ਹਾਂ ਨਾਲ ਭਾਵੇਂ ਮੈਂ ਵਾਕਫ਼ੀਅਤ ਹਾਸਲ ਨਹੀਂ ਕਰ ਸਕਿਆ। ਮਗਰ ਉਨ੍ਹਾਂ ਦੇ ਜਿਹੜੇ ਖ਼ਿਆਲਾਤ ਸਨ ਉਨ੍ਹਾਂ ਤੋਂ ਮੈਂ ਅਖਬਾਰਾਂ ਰਾਹੀਂ ਜਾਂ ਹੋਰ ਤਰ੍ਹਾਂ ਜਾਣੂ ਹੋ ਗਿਆ ਸਾਂ। ਉਹ ਇਕ ਬੜੇ ਉਚ ਹਸਤੀ ਅਤੇ ਜਨਸੰਘ ਵਿੱਚ ਬਹੁਤ ਸਾਰੀ ਤਬਦੀਲੀ ਲਿਆਉਣ ਵਾਲੇ ਭੱਦਰਪੁਰਸ਼ ਸਨ। ਉਨ੍ਹਾਂ ਨੇ ਸਾਡੇ ਸੂਬਿਆਂ ਵਿੱਚ ਜੋ ਹਿੰਦੀ, ਪੰਜਾਬੀ, ਮਰਾਠੀ ਆਦਿ ਦੀ ਜੋ ਬਹੁਤ ਸਾਰੀ ਕਨਟਰੋਵਰਸੀ ਚਲਦੀ ਸੀ ਉਸ ਨੂੰ ਹਲ ਕਰਨ ਦੀ ਕੋਸ਼ਿਸ਼ ਕੀਤੀ ਅਤੇ ਆਪਣਾ ਨੁਕਤਾਨਿਗਾਹ ਥੋੜਾ ਜਿਹਾ ਐਡਜਸਟ ਕੀਤਾ। ਅਸੀਂ ਉਨ੍ਹਾਂ ਦੇ ਬਹੁਤ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਬਹੁਤ ਸਾਰੀਆਂ ਮੁਸ਼ਕਲਾਤ ਨੂੰ ਹਲ ਕੀਤਾ। ਉਨ੍ਹਾਂ ਦੀ ਮੌਤ ਜਿਸ ਤਰ੍ਹਾਂ ਕਿ ਕਿਹਾ ਜਾਂਦਾ ਹੈ ਅਤੇ ਹੈ ਵੀ ਕਿ ਉਨ੍ਹਾਂ ਦਾ ਕਤਲ ਬੜੇ ਕਿਸੇ ਢੰਗ ਅਤੇ ਕਿਸੇ ਸਾਜਿਸ਼ ਨਾਲ ਹੋਇਆ ਹੈ। ਸਾਨੂੰ ਬੜਾ ਅਫ਼ਸੋਸ ਹੈ ਅਤੇ ਅਸੀਂ ਉਮੀਦ ਕਰਦੇ ਹਾਂ ਕਿ ਸਾਡੀ ਸਰਕਾਰ ਜੋ ਇਸ ਦੀ ਖੋਜ ਦੇ ਕੰਮ ਤੇ ਲਗੀ ਹੋਈ ਹੈ ਉਹ ਇਸ ਕਤਲ ਦਾ ਸੁਰਾਗ ਲਗਾ ਕੇ ਸਾਨੂੰ ਦੱਸੇਗੀ ਕਿ ਉਨ੍ਹਾਂ ਦੀ ਮੌਤ ਕਿਸ ਤਰ੍ਹਾਂ ਹੋਈ।

ਤੀਸਰੇ ਵਿਛੜਨ ਵਾਲੇ ਸੱਜਨ ਡਾਕਟਰ ਕਾਟਜੂ ਸਨ, ਜੋ ਕਿ ਸਾਡੇ ਹਿੰਦੁਸਤਾਨ ਦੀ ਇਕ ਬੜੀ ਭਾਰੀ ਹਸਤੀ ਸਨ । ਬੜੇ ਲਾਇਕ ਸਨ ਅਤੇ ਜਿਨ੍ਹਾਂ ਨਾਲ ਪੰਜਾਬ ਦਾ ਖਾਸ

[ਸ੍ਰੀ ਸਪੀਕਰ]

ਤੌਰ ਤੇ ਭਾਰੀ ਤਾਲੁਕ ਸੀ। ਜਦੋਂ ਮੈਂ ਪਾਰਲੀਮੈਂਟ ਦਾ ਮੈਂਬਰ ਸਾਂ ਤਾਂ ਉਨ੍ਹਾਂ ਨੂੰ ਮਿਲਿਆ ਕਰਦਾ ਸਾਂ। ਉਹ ਹਰ ਵੇਲੇ ਪੰਜਾਬ ਦੀ ਤਰੱਕੀ ਲਈ ਕੋਸ਼ਾਂ ਰਹਿੰਦੇ ਸਨ। ਉਹ ਕਿਹਾ ਕਰਦੇ ਸਨ ਕਿ ਮੈਂ ਤਾਂ ਪੰਜਾਬੀ ਹਾਂ ਅਤੇ ਪੰਜਾਬ ਦਾ ਬਾਸ਼ਿੰਦਾ ਹਾਂ, ਮੈਨੂੰ ਪੰਜਾਬੀ ਗਿਣਿਆ ਕਰੋ ਅਤੇ ਕਸ਼ਮੀਰ ਜਾਂ ਹੋਰ ਕਿਸੇ ਇਲਾਕੇ ਦਾ ਨਾ ਗਿਣਿਆ ਕਰੋ। ਉਨ੍ਹਾਂ ਨੂੰ ਪੰਜਾਬ ਨਾਲ ਬਹੁਤ ਮੁਹੱਬਤ ਸੀ ਜਿਸ ਤਰ੍ਹਾਂ ਸਰਦਾਰ ਗਿਆਨ ਸਿੰਘ ਹੋਰਾਂ ਨੇ ਕਿਹਾ ਹੈ ਉਹ ਇਕ ਬੜੇ ਆਲਮ ਸ਼ਖ਼ਸ ਸਨ ਅਤੇ ਹਰ ਆਦਮੀ ਨਾਲ ਪਿਆਰ ਕਰਦੇ ਸਨ। ਉਨ੍ਹਾਂ ਦੀ ਮੌਤ ਦਾ ਸਾਨੂੰ ਬੜਾ ਭਾਰੀ ਅਫ਼ਸੋਸ ਹੈ।

ਫਿਰ ਡਾਕਟਰ ਬਾਲ ਕ੍ਰਿਸ਼ਨ ਜੀ ਤਾਂ ਸਾਡੇ ਹਾਊਸ ਦੇ ਮੈਂਬਰ ਸਨ ਅਤੇ ਆਪਣੇ ਕਾਰਨਾਮੇ ਇਥੇ ਆ ਕੇ ਉਨ੍ਹਾਂ ਨੇ ਕੀਤੇ। ਉਨ੍ਹਾਂ ਨੇ ਜਿਸ ਤਰ੍ਹਾਂ ਆਪਣੇ ਜ਼ਿਲ੍ਹੇ ਦੀ ਸੇਵਾ ਕੀਤੀ ਅਤੇ ਜਿਸ ਤਰ੍ਹਾਂ ਦਾ ਵਿਚਾਰ ਉਨ੍ਹਾਂ ਨੇ ਛਡਿਆ ਹੈ, ਉਸ ਬਾਰੇ ਮੈਂ ਹਾਊਸ ਦੇ ਸਾਰੇ ਮੈਂਬਰਾਂ ਨੂੰ ਕਹਾਂਗਾ ਕਿ ਅਸੀਂ ਸਾਰੇ ਉਨ੍ਹਾਂ ਦੇ ਨਕਸ਼ੇ ਕਦਮ ਤੇ ਚਲਕੇ ਆਪਣੇ ਹਲਕਿਆਂ ਦੀ ਸੇਵਾ ਕਰੀਏ। ਅਗਰ ਅਸੀਂ ਸਾਰੇ ਡਾਕਟਰ ਬਾਲ ਕ੍ਰਿਸ਼ਨ ਵਾਂਗ ਨੇਕ ਨੀਅਤੀ ਨਾਲ ਕੰਮ ਕਰੀਏ ਤਾਂ ਸਾਡਾ ਪੰਜਾਬ ਇੰਨੀ ਤਰਕੀ ਕਰ ਸਕਦਾ ਹੈ ਜਿਸ ਦਾ ਕੋਈ ਅੰਦਾਜ਼ਾ ਨਹੀਂ।

ਫਿਰ ਡਾਕਟਰ ਐਨੇ ਹਨ ਜਿਨ੍ਹਾਂ ਦਾ ਨਾਮ ਸਾਥੋਂ ਰਹਿ ਗਿਆ ਸੀ ਅਤੇ ਜਿਨ੍ਹਾਂ ਦਾ ਜ਼ਿਕਰ ਸਰਦਾਰ ਗਿਆਨ ਸਿੰਘ ਹੋਰਾਂ ਨੇ ਕੀਤਾ, ਮੈਂ ਉਨ੍ਹਾਂ ਬਾਰੇ ਵੀ ਅਫ਼ਸੋਸ ਵਿਚ ਸ਼ਾਮਿਲ ਹੁੰਦਾ ਹਾਂ ਅਤੇ ਆਪ ਦੀ ਅਰਦਾਸ ਵਿੱਚ ਸ਼ਾਮਿਲ ਹੁੰਦਾ ਹਾਂ। ਅਸੀਂ ਅਰਦਾਸ ਕਰਦੇ ਹਾਂ ਕਿ ਮਹਾਰਾਜ ਇਨ੍ਹਾਂ ਹਸਤੀਆਂ ਦੀਆਂ ਰੂਹਾਂ ਨੂੰ ਆਪ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਅਤੇ ਪਸਮਾਂਦਗਾਨ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਹੁਣ ਮੈਂ ਸਾਰੇ ਹਾਊਸ ਅੱਗੇ ਬੇਨਤੀ ਕਰਾਂਗਾ ਕਿ ਅਸੀਂ ਸਾਰੇ ਦੋ ਮਿੰਟ ਲਈ ਖੜੇ ਹੋ ਕੇ ਇਨ੍ਹਾਂ ਸਾਰੀਆਂ ਹਸਤੀਆਂ ਲਈ ਅਰਦਾਸ ਕਰੀਏ।

(ਇਸ ਸਮੇਂ ਸਾਰੇ ਮੈਂਬਰ ਦੋ ਮਿੰਟ ਲਈ ਉਠ ਕੇ ਮੌਨ ਖੜੇ ਹੋ ਗਏ)

ਸ੍ਰੀ ਸਪੀਕਰ : ਹੁਣ ਇਹ ਜੋ ਸ਼ੋਕ ਮਤਾ ਹੈ ਅਗਰ ਹਾਊਸ ਦੀ ਇਜਾਜ਼ਤ ਹੋਵੇ ਤਾਂ ਇਸ ਦੀ ਇਕ ਨਕਲ ਇਨ੍ਹਾਂ ਸਭ ਦੇ ਵਾਰਸਾਂ ਨੂੰ ਭੇਜ ਦਿੱਤੀ ਜਾਵੇ।

(ਆਵਾਜ਼ਾਂ : ਹਾਂ ਜੀ)

(While associating myself with the condolence motion moved here by the Leader of the House about the five, six departed leaders, to whom leaders of all the parties in the House have paid their tributes, I, too, would like to say a few words.

I came to know Hafiz Mohammad Ibrahim quite well when he was the Irrigation Minister at the Centre. He was a thorough gentleman belonging to a highly connected family. Later he became the Governor of the Punjab. Here, too, he was greatly respected for being a thorough gentleman. He did a lot for the achievement of India's independence. I know he possessed many qualities of head and heart. He was a staunch supporter of the unity of the residents of India Hindus, Sikhs, Muslims and Christians and wanted that schemes should be formulated for their welfare and every endeavour should be made to improve their lot. Throughout his life he worked for the attainment of these ideals. He did not

discriminate on religious grounds. He was always ready to lend a helping hand to the down-trodden and the poor. He remained a Minister in U.P. over a long period; but I know, and it was in Papers also, that at the time of his retirement he did not have enough money. He honestly served his country throughout his life. All the countrymen were equal in his eyes.

Then, there is Shri Deen Dayal Upadhayaya. Although I was not acquainted with him personally, yet I came to know of his ideas through the Press and other sources. He was a great personality who was responsible for bringing about a great change in the Jan Sangh. He tried to find a solution to the language problem confronting the various States and the controversy with regard to languages like Hindi, Punjabi, Marathi etc. and adjusted his point of view to some extent. We are grateful to him for removing a lot of difficulties. His murder, as is alleged, and is also a fact, is the outcome of a conspiracy and appears to be preplanned. We are greatly shocked and hope that our Government, which is making an enquiry, will let us know the exact circumstances in which the murder took place, after unearthing the mystery surrounding it.

The third gentleman to depart from us was Dr. Katju who was a very able and great personality in India. He was intimately connected with Punjab. I used to come into contact with him when I was an M.P. He was always interested in the welfare of Punjab. He used to say that he was a Punjabi and a resident of Punjab and should not be taken to belong to any other State like Kashmir etc. He had great love for Punjab. As stated by Sardar Gian Singh, he was a great scholar who loved humanity. We are greatly shocked by this death.

Then there is Dr. Bal Krishen who was a Member of this House, and this House was his field of activity. The way he served his District and the example set by him is such that I will exhort the Members that we should all serve our constituencies by following in his foot-steps. If we all work with the devotion of Dr. Bal Krishen then our Punjab can touch undreamt of heights in progress.

The name of Dr. Aney was inadvertantly missed by us; he was referred to by Sardar Gian Singh. I join the House in expressing grief on his death also. I join you in praying for the peace to the departed souls and to grant the bereaved families fortitude to bear the loss and bow before the will of God. Now I will request the Members to stand up in silence for two minutes and pray in the memory of those departed from us.

(At this time the whole House stood in silence for two minutes)

Mr. Speaker : If the House agrees a copy of this condolence motion may be sent to the families of all the persons who are no more with us.

(VOICES: Yes, please.)

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਇਸ ਦੇ ਮਗਰੋਂ ਹਾਊਸ ਐਡਜਰਨ ਕਰ ਦਿਤਾ ਜਾਵੇ, ਪਾਰਲੀਮੈਂਟ ਵੀ ਐਡਜਰਨ ਹੋ ਗਈ ਸੀ।

ਸ੍ਰੀ ਸਪੀਕਰ : ਹਾਂ ਜੀ, ਮੈਂ ਕਰਦਾ ਹਾਂ । ਮੈਂ ਇਕ ਅਧ ਐਨਾਊਸਮੈਂਟ ਕਰਕੇ ਹਾਊਸ ਐਡਜਰਨ ਕਰਦਾ ਹਾਂ । (Yes, I will adjourn the House after making an announcement or two.)

ANNOUNCEMENTS BY THE SPEAKER

1. REGARDING PANEL OF CHAIRMEN.

ਸ੍ਰੀ ਸਪੀਕਰ : ਇਕ ਐਨਾਉਂਸਮੈਂਟ ਮੈਂ ਪੈਨਲ ਆਫ ਚੇਅਰਮੈਨ ਬਾਰੇ ਕਰਨੀ ਹੈ, ਜੋ ਇਸ ਤਰ੍ਹਾਂ ਹੋਵਗਾ :

(1) ਸ੍ਰੀ ਲਾਲ ਚੰਦ ਸੱਬਰਵਾਲ
(2) ਸਰਦਾਰ ਸੁਰਜੀਤ ਸਿੰਘ ਬਰਨਾਲਾ
(3) ਪੰਡਿਤ ਮੋਹਨ ਲਾਲ ਅਤੇ
(4) ਡਾਕਟਰ ਭਗਤ ਸਿੰਘ

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਹੋਰਾਂ ਦੇ ਬਾਹਰ ਜਾਣ ਕਰਕੇ ਇਹ ਤਬਦੀਲੀ ਕਰਨੀ ਪਈ ।

(I have to make an announcement about the Panel of Chairmen, which is as follows;—

(1) Shri Lal Chand Suberwal,

(2) Sardar Surjeet Singh Barnala,

(3) Pandit Mohan Lal, and

(4) Dr. Bhagat Singh.

(The change had to be effected because Comrade Harkishan Singh Surjit has proceeded abroad).

2. REGARDING GOVERNOR'S ADDRESS

Mr. Speaker : In pursuance of Rule 18 of the Rules of Procedure and Conduct of Business in the Punjab Legislative Assembly, I have to report that the Governor was pleased to address both the Houses of the State Legislature assembled together on the 22nd February, 1968, under Article 176 (1) of the Constitution.

A copy of the Address is laid on the Table of the House.

ADDRESS DELIVERED BY DR. DADA SAHEB CHINTAMANI PAVATE, GOVERNOR OF PUNJAB, ON THURSDAY, THE 22ND FEBRUARY, 1968 TO THE JOINT SESSION OF BOTH THE HOUSES OF THE PUNJAB STATE LEGISLATURE

ਦੋਸਤੋ,

ਪੰਜਾਬ ਵਿਧਾਨ-ਮੰਡਲ ਦੇ ਇਸ ਸਾਲ ਦੇ ਪਹਿਲੇ ਸਮਾਗਮ ਵਿੱਚ ਆਪ ਜੀ ਨੂੰ ਜੀ ਆਇਆਂ ਕਹਿੰਦਿਆਂ ਮੈਂ ਅਤਿਅੰਤ ਪ੍ਰਸੰਨਤਾ ਅਨੁਭਵ ਕਰ ਰਿਹਾ ਹਾਂ । ਆਪ ਦੇ ਸਾਹਮਣੇ ਭਾਸ਼ਣ ਦੇਣ ਦਾ ਮੇਰਾ ਇਹ ਪਹਿਲਾ ਅਵਸਰ ਹੈ, ਇਸ ਲਈ ਮੈਂ ਇਹ ਕਹਿਣ ਦੀ ਖੁਸ਼ੀ ਚਾਹੁੰਦਾ ਹਾਂ ਕਿ ਇਸ ਰਾਜ

ਦੀ ਸੇਵਾ ਦਾ ਮੌਕਾ ਮਿਲਣਾ ਮੇਰੇ ਲਈ ਬੜੀ ਖੁਸ਼ਨਸੀਬੀ ਦੀ ਗੱਲ ਹੈ । ਪੰਜਾਬੀ ਸਦਾ ਹੀ ਆਪਣੀ ਬਹਾਦਰੀ, ਮਿਹਨਤ ਅਤੇ ਆਪਣੇ ਅਗਾਂਹ–ਵਧੂ ਨਜ਼ਰੀਏ ਕਾਰਣ ਜਾਣੇ ਜਾਂਦੇ ਰਹੇ ਹਨ । ਇਸ ਲਈ, ਇਸ ਮਹਾਨ ਧਰਤੀ ਦੀ ਸ਼ਾਨ ਅਤੇ ਇਸ ਦੀਆਂ ਸਰਗਰਮੀਆਂ ਨਾਲ ਸਾਂਝ ਪਾਉਣੀ ਮੇਰੇ ਲਈ ਬੜੇ ਮਾਣ ਦੀ ਗੱਲ ਹੈ । ਮੈਂ ਤੁਹਾਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਪੰਜਾਬ ਦੇ ਲੋਕਾਂ ਦੀ ਭਲਾਈ ਅਤੇ ਖੁਸ਼ਹਾਲੀ ਲਈ ਮੈਂ ਸਦਾ ਤਤਪਰ ਰਹਾਂਗਾ ।

2. ਹੋਰ ਕੁਝ ਕਹਿਣ ਤੋਂ ਪਹਿਲਾਂ ਮੈਂ ਆਪਣੇ ਵਲੋਂ ਅਤੇ ਆਪਣੀ ਸਰਕਾਰ ਵਲੋਂ ਪਜਾਬ ਵਿਧਾਨ ਸਭਾ ਦੇ ਮੈਂਬਰ ਸਰਦਾਰ ਹਰਜਿੰਦਰ ਸਿੰਘ ਬਹਿਲਾ ਦੇ ਦੁਖ ਭਰੇ ਅਕਾਲ ਚਲਾਣੇ ਤੇ ਅਤਿਅੰਤ ਸ਼ੋਕ ਪਰਗਟ ਕਰਦਾ ਹਾਂ । ਉਨ੍ਹਾਂ ਦੀ ਮਿਰਤੂ ਨਾਲ ਅਸੀਂ ਇਕ ਨੌਜਵਾਨ ਵਿਧਾਨਕਾਰ ਅਤੇ ਇਕ ਉਠ ਰਿਹਾ ਲੀਡਰ ਖੋ ਬੈਠੇ ਹਾਂ ।

3. ਇਕ ਅਹਿਮ ਘਟਨਾ ਜਿਹੜੀ ਪਿਛੇ ਜਿਹੇ ਵਾਪਰੀ ਉਹ ਯੂਨਾਈਟਿਡ ਫਰੰਟ ਮੰਤਰੀ ਮੰਡਲ ਦਾ ਅਸਤੀਫਾ ਦੇਣਾ ਅਤੇ ਉਸ ਦੀ ਥਾਂ ਸਰਦਾਰ ਲਛਮਣ ਸਿੰਘ ਗਿੱਲ ਦੀ ਛਤਰ–ਛਾਇਆ ਹੇਠ ਨਵੇਂ ਮੰਤਰੀ ਮੰਡਲ ਦਾ ਬਣਨਾ ਹੈ । ਇਥੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ, ਇਹੋ ਜਿਹੀਆਂ ਸਿਆਸੀ ਤਬਦੀਲੀਆਂ ਦੇ ਬਾਵਜੂਦ, ਸਾਰੀਆਂ ਸਰਕਾਰੀ ਸਰਗਰਮੀਆਂ ਲੋਕਾਂ ਦੀ ਭਲਾਈ ਲਈ ਰਾਜ ਦੇ ਸਮੁੱਚੇ ਸਾਧਨਾਂ ਨੂੰ ਵਰਤਣ ਲਈ ਕੀਤੇ ਜਾਂਦੇ ਲਗਾਤਾਰ ਮਹਾਨ ਪ੍ਰਯਤਨ ਦਾ ਹੀ ਇਕ ਹਿੱਸਾ ਹੁੰਦੀਆਂ ਹਨ । ਇਹ ਹੀ ਲੋਕ ਰਾਜ ਦਾ ਬੁਨਿਆਦੀ ਉਦੇਸ਼ ਹੁੰਦਾ ਹੈ ਅਤੇ ਕਿਸੇ ਸਰਕਾਰ ਦੀ ਸਫ਼ਲਤਾ ਦੀ ਵਡੀ ਨਿਸ਼ਾਨੀ ਹੁੰਦੀ ਹੈ । ਇਸ ਮੋਟੇ ਨਿਸ਼ਾਨੇ ਨੂੰ ਸਾਹਮਣੇ ਰਖ ਕੇ, ਹੁਣ ਮੈਂ ਸਰਕਾਰ ਦੀਆਂ ਪਿਛਲੇ ਸਾਲ ਦੀਆਂ ਕੁਝ ਕੁ ਮੁੱਖ ਸਰਗਰਮੀਆਂ ਦਾ ਜ਼ਿਕਰ ਕਰਾਂਗਾ ਅਤੇ ਕੁਝ ਕੁ ਅਜਿਹੇ ਕਾਰਜਾਂ ਵਲ ਸੰਕੇਤ ਕਰਾਂਗਾ ਜਿਨ੍ਹਾਂ ਤੋਂ ਸਾਡੇ ਸਾਲ–ਬ–ਸਾਲ ਕੀਤੇ ਜਾ ਰਹੇ ਯਤਨਾਂ ਦੀ ਨਿਰੰਤਰਤਾ ਪਰਗਟ ਹੁੰਦੀ ਹੈ ।

4. To start with I will mention to you one of the most significant achievements of my Government. As you all know, the Official Language Act, 1967, was passed recently which declares Punjabi as the official language for the State of Punjab. Through a notification issued under this Act, Punjabi has been declared as the language for official use at the district level and below with effect from the 1st January, 1968. Another notification has been issued to effect the switch over to Punjabi at the State level by the 13th April, 1968. I call this a significant achievemet because after the reorganisation of the State on linguistic basis, the mother tongue of the majority of our people has naturally to be the medium of official business. (Thumping)

5. Our most important task, at present, is to add to the existing resources of our nation by boosting up agricultural and industrial production. It gives me great pleasure to say that a major break-through has been achieved in so far as agricultural production is concerned by the successful implementation of an ambitious programme of introduction of High-Yielding Varieties. Under the High-Yielding Varieties Programme, we planned to cover 17.5 lakh acres both during kharif and rabi seasons. This target is likely to be exceeded. Special efforts were made to procure and distribute large quantities of fertilizers during the year. The total consumption of fertilizers is estimated at 5.5 lakh tonnes, which is about 150 per cent above the consumption for the preceding year 1966-67. (Thumping). Sufficient co-operative credit was provided to the cultivators for the purchase of fertilizers. Minor irrigation schemes also received the highest priority. It is expected that by the end of the current financial year a sum of Rs. 3.85 crores would be spent on such schemes. It is estimated that 49.2 lakh tonnes of different foodgrains will be produced during the year 1967-68 as against 41.08 during the preceding year. During the year 1968-69, it is planned to increase food production by another 5½ lakh tonnes.

The production of hybrid bajra seed was taken up in the State for the first time. The State is now self-sufficient in so far as the requirements of hybrid bajra and hybrid maize seeds are concerned.

6. The Forests Department continues to be actively engaged in the maintenance and development of forests for the requirement of agriculture and industry as well as for protection against soil erosion. The Forest area in the re-organised Punjab is rather low and works out only 3.7 per cent against 20 per cent aimed at in the National Forest Policy of India. Steps have been taken to divert more area to forestry by utilising available area along the river banks.

7. Government are devoting considerable attention to improve the cattle wealth of the State. A Buffalo Breeding Farm is being set up at Bir Dosanjan in Patiala District. This as well as the existing farms at Nabha and Patiala are being reorganised on proper lines in order to ensure maximum availability of improved varieties of bulls and buffalo heifers. It is proposed to set up 50 Breeding Centres in the interior where facilities for artificial insemination do not exist.

To provide marketing facilities to the pig breeders, a Pork Processing Plant is being established at Kharar where pork products would be manufactured.

With a view to providing an organised agency for the scientific grading and marketing of wool, it is proposed to set up Wool Grading-cum-Marketing Centres in the Ludhiana District. Moreover, to meet the shortage of breeding rams, a Sheep Breeding Farm is being established at Mattewara (Ludhiana District) where exotic and indigenous sheep will be raised and cross-breeding experiments conducted.

8. The Community Development Organisation continued to play its usual role. Emphasis is being laid to construct inter-village link roads. Construction of drains and paving of village-streets was completed on a fairly large scale.

9. During the past year the food situation in the State remained quite easy and prices were stable. The State Government had committed itself to the procurement of 6 lakh tonnes of foodgrains during the current year for the Central Pool and planned to purchase 2.75 lakh tonnes of wheat for the State Reserve. These targets have been almost achieved. The policy to procure foodgrains will be continued. Additional storage accommodation is also proposed to be constructed.

10. For stimulating industrial development we have decided to make larger provision in the Fourth Plan than the All-India average for the States. Tentatively, the provision for industry in Punjab will be about 6.5 per cent of the State Plan compared to the All-India average of about 5 per cent.

Special attention will be paid to the development of large and medium scale industries in pursuance of our objective to create a strong base for ancillary small-scale industries. During 1968-69, an amount of Rs 1.90 crores will be spent on Industrial development out of which Rs. 60·00 lakhs will be utilized for the promotion of large-scale industries.

My Government anticipate substantial growth of industries at three focal growth points which have been located at Dhandari near Ludhiana, Rajpura and Mohali near Chandigarh. We have also declared Amritsar, Batala and Ferozepur as border focal points of industrial growth in the interest of industrial stability in these areas. Special concessions and facilities will be made available for attracting industries to these places.

The State Industrial Development Corporation is now expected to play a significant role in the industrialisation of the State. The immediate programme being studied covers major industrial projects, such as, Naptha based fertilizer, tractors, Steel Forgings, Alloy Steel, Machine Tools and Precision Measuring Instruments and Grey Iron Foundry, involving a total capital investment of Rs 51 crores.

The scope and activities of the Punjab Financial Corporation have been widened to include underwriting for new industrial ventures.

Unfortunately, the Punjab State has not received its due share in the allocation of Centrally-Sponsored Projects. My Government proposed to press for the strong claim of the State for allocation of Centrally Sponsored Industrial Projects with the Government of India. We have already moved the Government of India for setting up a Naptha based Fertilizer Project, an Atomic Power Plant, an Electronics factory and the next Unit of Telephone Industry in the State.

My Government are fully seized of the difficulties and problems confronting the small-scale industries, particularly machine tools and engineering industry, on account of the recent recession. The State Government are taking every possible step to enable industry to face the situation.

In the 28 Industrial Training Institutes which fell to the share of re-organised Punjab, we have added 2,426 seats during the last year and a half, and have introduced propular trades like Motor Mechanic, Diesel Mechanic, Radio Mechanic, etc. Special classes for training of stenography in Punjabi and Hindi have also been introduced in a number of Industrial Training Institutes.

11. Industrial Relations in the State during the year 1967 remained partially disturbed due to various agitations/demonstrations of the working class for enhancement of wages to meet the steep rise in prices. In order to meet the situation the State Government are contemplating urgent measures, through introduction of suitable legislation, if necessary, for effecting neutralization of the eroded value of minimum wages fixed since 1965 and to effect linkage of minimum wages with consumer price index. The State Government have, in fact, already fixed minimum rates of wages for different categories of workers in as many as 22 employments.

12. The development of agriculture and industry is largely dependent on the exploitation of irrigation and power resources. In order to provide more irrigation facilities, following non-perennial distributaries of the Sirhind Canal System have been made perennial:—

(i) Pakhowal Distributary;

(ii) Jassowal Distributary ;

(iii) Akalgarh Distributary ;

(iv) Dholan Distributary.

The prospects of bringing more area under irrigation are getting limited because of the non-availability of additional river surplies. Therefore, in order to augment canal supply, it has been decided to exploit sub-soil water resources by boring deep tube-wells at suitable places both for augmenting supplies in canal and for providing direct irrigation.

The fourth Unit of the Right Bank Power House at Bhakra was commissioned during the current year. The fifth Unit is also likely to be commissioned very shortly. This will improve the power-supply position to a considerable extent. The transmission system is also being augmented to make available extra power.

13. To meet the long outstanding demand for easier means of communication, the State Government have launched a special scheme for construction of roads. This scheme is being implemented on top priority basis. Under this scheme the villagers are required to contribute 1/4th of the cost of construction in the shape of cash, land or earthwork. Besides the normal allocation of funds, special funds to the tune of Rs. 3 crores on the non-plan side are being provided for these works during the year 1968-69. This programme has received a great response from the rural areas.

14. The Plan expenditure in 1966-67 in the reorganised State of Punjab was about Rs 30.1 crores. The outlay for 1967-68, which had not been finally settled by the time the House was addressed last year, was ultimately budgeted at Rs. 44 crores. For sustained economic growth and planned development, there should have been a step up in the Annual Plan 1968-69. Sectoral proposals aggregating to Rs 53 crores were, therefore, presented to the Planning Commission. Unfortunately, the State Government did not get its adequate share of the Central assistance and the matter is being pursued with the Planning Commission. It has thus been decided to adopt a Plan of Rs. 37 crores.

In the meeting of the National Development Council held in December, 1967, it has been decided that the Fourth Five-Year Plan will cover the period of 1st April, 1969, to the 31st March, 1974. The three years 1966-67, 1967-68 and 1968-69 will be treated as Annual Plan years. The work with regard to the formulation of the State Fourth Five-Year Plan has been started in right earnest so that it can be completed in time for the draft Fourth Five-Year Plan being placed before the National Development Council by September, 1968. Apart from a Steering Committee for laying down the Sectoral priorities for the formulation of a co-ordinated and balanced Plan for the development of the State economy, a high level Working Group on Plan Resources has been constituted to make an assessment of the funds that the State can provide for the Fourth Five-Year Plan, keeping in view the per capita income in the State and the capacity of the people of different income-groups and sectors for further investment. Besides the association of eminent economists and experts in various fields with the deliberations in this regard, suggestions have been invited from the public generally with regard to economy in expenditure and mobilisation of the resources for plan.

15. For proper and speedy implementation of the development programmes of a State, revenues are the basic requirement. The chief revenue earning organization in Punjab is the Excise and Taxation Department. Besides the Central Sales Tax Act, it administers all the provincial taxation and excise measures. Total collections made by this department from 1st April, 1967 to 31st December, 1967, come to Rs. 28.18 crores. This figure indicates an encouraging increase of Rs. 6.71 crores over the receipts for the corresponding period of the previous year. Better collections have been ensured through stricter enforcement of the various taxation measures. Side by side, care has been taken to see that the tax-payer is treated with courtesy and due regard.

The view-points of the tax-payer and the consumer receive due attention both at the time of framing laws and at the time of their implementation. Practical steps are continuously being taken by the Government to improve efficiency, reduce chances of corruption and increase revenue collections. Under the Sales Tax Laws, an independent Tribunal has started functioning to hear appeals against orders passed by the departmental authorities. This has met a long standing demand of the trading community.

16. An important step in our Land Reforms Programme is the declaration of 'surplus area' under the Punjab Security of Land Tenures Act, and the Pepsu Tenancy and Agricultural Lands Act. So far, 1,79,057 standard acres have been declared as 'surplus area' in the districts constituting the reorganized Punjab. 27,031 tenants have so far been settled on 63,047 standard acres only. 16,105 standard acres of 'surplus area' have so far been allotted to 5,988 Harijans. (Thumping). Proprietary rights in 30,002 standard acres have so far been purchased by tenants. Progress on this important front cannot be considered satisfactory.

Under the East Punjab Utilization of Waste Lands Act, 1949, up to the end of November, 1967, 19,173 acres of land had been taken over by Collectors and out of this area, 18,169 acres had been leased out to 2,000 Harijans and four Harijan Co-operative Societies and 666 acres to 124 others.

Upto the end of November, 1967, 17,846 acres of Nazul land, out of a total of 23,313 acres, had been allotted to Harijans (*Thumping*). Similarly, 17,298 acres of inferior evacuee land, out of a total of 59,038 acres, has been allotted to Harijans.

The Consolidation of Holdings work continued to make satisfactory progress. It is expected that the entire work will be completed by the 31st March, 1969.

To provide relief to small landowners, it was decided to exempt from land revenue, along with the surcharge thereon, holdings not exceeding five standard acres in area. The necessary legislation has since been made.

Through an amendment of the East Punjab War Awards (Amendment) Act, 1967 a person, whose only child was serving or had served or whose only two children were serving or had served in the Armed Forces during the Emergency declared in 1962, was made eligible for the award of Jagir of Rs. 100. The amount of Jagir, admissible to a person whose three or more children were serving or had served in the Armed Forces during the Emergency, was also raised. The payment of such Jagir was made independent of the availability of land revenue of the estate to which it was assigned.

17. Within the resources available, my Government have made maximum efforts to improve the qualitative and quantitative aspects of the educational development. We have taken momentous decision to revise the pay-scales of teachers both in the Government and privately-managed institutions in accordance with the Kothari Commission's Report. (*Thumping*). Since education programmes must strive to raise the socio-ethical standards expected in a democratic way of life, the disparities between the pay-scales of different categories of teachers were evidently inconsistent with the requirements of this objective. For that reason emphasis has been laid by my Government on the improvement of the status of teachers, and diversification of courses at the school and college levels. Schemes like improvement of Science teaching in Primary and Secondary Schools have been implemented to a considerable extent. The expansion programme included the upgrading of a number of schools and also the opening of new Primary Schools in the rural areas, with the result that at present we have in the State a school for every two villages on an average.

Punjab is, perhaps, the first State in India to have accepted so substantially the recommendations of the Kothari Commission (Thumping) as to include in it the revision of pay-scales as already mentioned and the liberalisation of grant-in-aid to Private Schools on the Delhi pattern (*Thumping*). The disparity in the pay-scales of teachers in Government and Private Schools has also been removed. Government are also considering actively the enactment of the necessary legislation for improving the service conditions of teachers and the administration of privately-managed school. My Government are also planning to improve the school campus facilities, libraries and laboratories as also to revise the syllabi and courses of study and the text books.

18. The Health Department continued to provide medical and health facilities in accordance with the modern concept of positive health to the people of the State, both in the urban and rural areas, through the agencies of 496 medical and health institutions of various categories like Hospitals, Primay Health Centres and Dispensaries. In addition, 181 Ayurveidic and Unani institutions are serving the people mostly in the rural areas. We have, to day, reached a state of development where there is one medical practitioner for every 2,758 persons, one medical institution within a radius of 5.6 miles and one hospital bed for every 1,393 persons. The per capita expenditure on health has risen to about Rs 5 per year. The over-all improvement in the health services available in the State is reflected in the higher life expectancy at birth. According to the 1961-Census, the life expectancy in India as a whole was 42 years against 47 years for Punjab. To-day the average life expectancy for this State has risen to 52 years—the highest in the country. (*Thumping*)

The constant improvement in environmental sanitation and control of epidemic and communicable diseases have played a significant role in achieving higher standard of health for the people of the State and this is illustrated by the fact that no case of plague has been reported in the State in the past seventeen years. Similarly, there are only isolated cases of cholera, Gastro-entritis. No death of cholera has so far been reported in the State during the year under review. During the third quarter of the year under review, there was a recrudescence of small-pox and malaria in some pockets of the State against which effective measures have been instituted. Steps for revaccination of the entire population as well as focal sprays of the affected pockets for the eradication of malaria are in progress. Vigorous campaigns will be launched throughout the State to eradicate flies and rabid dogs during the year 1968-69. These preventive measures will help in reducing the incidence of disease still further.

19. Family Planning is one of the foremost National Programmes in our country. It has made distinctive headway in this State. Punjab has received the award for overall best performance in the country for the years 1965-66 and 1966-67. (*Thumping*) Similarly, the State also bagged the best performance awards for loop insertions for these two years in the inter-State reckoning. (*Thumping*)

			9.	Shri Chandan Singh	1967
			10.	Shri Kehar Chand	1967

(b) None of the officials posted at Amritsar was transferred to Patiala after the Reorganisation of the State and as such the question of cancellation of his transfer could not have arisen.

10.00 a. m.

Mr. Speaker : Question Hour is over now.

QUESTION OF PRIVILEGE

ਸ੍ਰੀ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਇਕ ਸੈਂਸਰ ਮੋਸ਼ਨ ਦਾ ਨੋਟਿਸ ਦਿਤਾ ਸੀ। ਰੂਲਜ਼ ਦੇ ਮੁਤਾਬਿਕ ਉਸ ਨੂੰ ਸਭ ਤੋਂ ਪਹਿਲਾਂ ਟੇਕ ਅਪ ਕੀਤਾ ਜਾਣਾ ਚਾਹੀਦਾ ਹੈ। ਉਹ ਸੈਂਸਰ ਮੋਸ਼ਨ ਡਿਪਟੀ ਮਨਿਸਟਰ ਸਰਦਾਰ ਸਰਦਾਰ ਸਿੰਘ ਕੋਹਲੀ ਦੇ ਖ਼ਿਲਾਫ ਹੈ। ਇਸ ਨੂੰ ਸਾਰਿਆਂ ਤੋਂ ਪਹਿਲਾਂ ਟੇਕ ਅਪ ਕੀਤਾ ਜਾਵੇ।

ਸ੍ਰੀ ਸਪੀਕਰ : ਆਰਡਰ ਪਲੀਜ਼, ਪਹਿਲਾਂ ਇਹ ਇਕ ਪ੍ਰਿਵਿਲੇਜ ਮੋਸ਼ਨ ਹੈ ਸਰਦਾਰ ਮਹਿੰਦਰ ਸਿੰਘ ਗਿੱਲ ਵਲੋਂ, ਇਸ ਨੂੰ ਟੇਕ ਅਪ ਕਰਨਾ ਹੈ। (Order please, there is one Privilege Motion by Sardar Mohinder Singh Gill which has to be taken up first.)

ਸਰਦਾਰ ਮਹਿੰਦਰ ਸਿੰਘ ਗਿਲ : ਮੈਂ ਸਦਨ ਦਾ ਧਿਆਨ *ਅਜ ਦੇ (23-2-68) ਅਖਬਾਰ ਰੋਜ਼ਾਨਾ 'ਸਟੇਟਸਮੈਨ', ਨਵੀਂ ਦਿੱਲੀ ਵਿਚ ਛੱਪੀ ਖਬਰ ਵੱਲ ਦਿਵਾਉਣਾ ਚਾਹੁੰਦਾ ਹਾਂ, ਜਿਸ ਵਿਚ ਕਿਹਾ ਗਿਆ ਹੈ ਕਿ ਗਵਰਨਰ ਦੇ ਐਡਰੈਸ ਸਮੇਂ ਯੂਨਾਈਟਿਡ ਫਰੰਟ ਆਪੋਜ਼ੀਸ਼ਨ ਦੇ ਮੈਂਬਰਾਂ ਨੇ ਵਾਕ ਆਊਟ ਕੀਤਾ। ਇਸ ਗੰਭੀਰ ਗ਼ਲਤ ਬਿਆਨੀ ਨਾਲ ਇਸ ਹਾਊਸ ਦੀ ਮਾਨ ਮਰਯਾਦਾ ਨੂੰ ਸੱਟ ਵੱਜਦੀ ਹੈ, ਕਿਉਂਕਿ ਯੂਨਾਈਟਿਡ ਫ਼ਰੰਟ ਦੇ ਮੈਂਬਰਾਂ ਨੇ ਤਾਂ ਹਾਊਸ ਵਿਚ ਪ੍ਰਵੇਸ਼ ਹੀ ਨਹੀਂ ਕੀਤਾ ਇਸ ਲਈ ਵਾਕ ਆਊਟ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਮੈਂ ਪ੍ਰਸਤਾਵ ਪੇਸ਼ ਕਰਦਾ ਹਾਂ ਕਿ ਇਸ ਮਾਮਲੇ ਨੂੰ ਮਰਯਾਦਾ ਕਮੇਟੀ ਦੇ ਸਪੁਰਦ ਕੀਤਾ ਜਾਏ, ਅਤੇ ਉਪਰੋਕਤ ਅਖਬਾਰ ਵਿਰੁਧ ਯੋਗ ਕਾਰਵਾਈ ਕੀਤੀ ਜਾਏ।

ਸ੍ਰੀ ਸਪੀਕਰ : ਮੈਂ ਇਸ ਪ੍ਰਿਵਿਲੇਜ ਮੋਸ਼ਨ ਨੂੰ ਪ੍ਰੈਸ ਗੈਲਰੀ ਕਮੇਟੀ ਪਾਸ ਭੇਜਦਾ ਹਾਂ ਕਿ ਉਹ ਇਸ ਤੇ ਰਿਪੋਟ ਕਰਨ। ਹੁਣ ਕਾਲ-ਅਟੈਨਸ਼ਨ ਮੋਸ਼ਨਾਂ ਨੂੰ ਟੇਕ ਅਪ ਕਰਦਾ ਹਾਂ। (ਵਿਘਨ) (I am forwarding this Privilege Motion to the Press Gallery Committee for report. Now I will take up Call-Attention Motions.)

CENSURE MOTION

ਸ੍ਰੀ ਬਲਰਾਮਜੀ ਦਾਸ ਟੰਡਨ : ਸਪੀਕਰ ਸਾਹਿਬ, ਪਹਿਲਾਂ ਸੈਂਸਰ ਮੋਸ਼ਨ ਆਉਣੀ ਚਾਹੀਦੀ ਹੈ। ਇਸ ਨੂੰ ਲਿਆ ਜਾਵੇ। (ਵਿਘਨ)

ਸ੍ਰੀ ਸਪੀਕਰ : ਮੈਂ ਇਸ ਸੈਂਸ਼ਰ ਮੋਸ਼ਨ ਨੂੰ ਐਗਜ਼ਾਮਿਨ ਕਰ ਰਿਹਾ ਹਾਂ। ਵਿਚ ਕੁਝ ਛੁੱਟੀਆਂ ਆ ਗਈਆਂ ਸਨ। ਇਸ ਨੂੰ ਮੈਂ ਪਹਿਲਾਂ ਵੇਖ ਲਵਾਂ ਕਿ ਆਇਆ ਇਹ ਇਨ ਆਰਡਰ ਵੀ ਹੈ। ਇਸ ਨੂੰ ਕਲ ਟੇਕ ਅਪ ਕਰਾਂਗਾ। (ਵਿਘਨ) (I am examining this Censure Motion. There were some intervening holidays. Let me first see if it is in order. I shall take it up tomorrow.)

(*Interruptions*)

*The notice of this motion was given by the hon. Member on the 23rd February, 1968.

ਸ੍ਰੀ ਲਾਲ ਚੰਦ ਸੱਬਰਵਾਲ : ਸਪੀਕਰ ਸਾਹਿਬ, ਇਹ ਮੋਸ਼ਨ ਹੁਣ ਹਾਊਸ ਦੀ ਹੋ ਗਈ ਹੈ। ਸਾਨੂੰ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਹੈ ਕਿ ਸਾਡਾ ਰਾਈਟ ਕਿਸੇ ਕਾਰਣ ਦਬਿਆ ਹੋਇਆ ਸੀ ਜਿਹੜਾ ਪਿਛਲੇ ਸੱਤ ਦਿਨ ਤੋਂ ਕਲੀਅਰ ਨਹੀਂ ਹੋ ਸਕਿਆ। ਤੁਸੀਂ ਅਜੇ ਵੀ ਉਸ ਨੂੰ ਵਿਚਾਰ ਕਰਨ ਲਈ ਵਕਤ ਚਾਹੁੰਦੇ ਹੋ।

ਸ੍ਰੀ ਸਪੀਕਰ : ਸੱਬਰਵਾਲ ਜੀ, ਮੈਨੂੰ ਤੁਹਾਡੀ ਬੜੀ ਇੱਜ਼ਤ ਹੈ, ਤੁਸੀਂ ਇਸ ਤਰ੍ਹਾਂ ਦੀ ਕੋਈ ਗੱਲ ਨਾ ਕਰੋ, ਮੇਰੇ ਮਨ ਤੇ ਕੋਈ ਐਸਾ ਵੈਸਾ ਅਸਰ ਨਹੀਂ ਹੈ। ਮੈਂ ਤੁਹਾਨੂੰ ਦੱਸ ਦਿਆਂ ਕਿ ਮੈਨੂੰ ਅਜੇ ਇਸ ਨੂੰ ਐਗਜ਼ਾਮਿਨ ਕਰਨ ਲਈ ਵਕਤ ਚਾਹੀਦਾ ਹੈ। ਇਹ ਇਕ ਸਾਫ ਗੱਲ ਹੈ ਹੋਰ ਕੋਈ ਵੀ ਲਫਜ਼ੀ ਹੇਰ ਫੇਰ ਨਹੀਂ ਹੈ। (I have great regard for the hon. Member, Shri Lal Chand Suberwal. He should not say such things as my mind is absolutely free from any influence. I want to say that I require time to examine it. It is quite clear and there is no ambiguity about it.)

ਸ੍ਰੀ ਲਾਲ ਚੰਦ ਸੱਬਰਵਾਲ : ਸਪੀਕਰ ਸਾਹਿਬ, ਇਹ ਸਾਰੇ ਹਾਊਸ ਦਾ ਮਨ ਹੈ ਕਿ ਤੁਸੀਂ ਹੁਣੇ ਹੀ ਇਸ ਨੂੰ ਪੁਟ ਕਰ ਦਿਉ, ਜੇਕਰ ਤੁਸੀਂ ਇਸ ਤਰ੍ਹਾਂ ਨਹੀਂ ਕਰਦੇ ਤਾਂ ਇਹ ਇਕ ਅੱਛਾ ਪ੍ਰੈਸੀਡੈਂਟ ਸੈਟ ਨਹੀਂ ਹੋਵੇਗਾ ...... :

ਸ੍ਰੀ ਸਪੀਕਰ : ਇਹ ਕਿਸੇ ਪ੍ਰੈਸੀਡੈਂਟ ਦਾ ਸਵਾਲ ਨਹੀਂ ਹੈ। (It is no question of any precedent.)

ਸ੍ਰੀ ਅ. ਵਿਸ਼ਵਨਾਥਨ : ਤੁਸੀਂ ਇਹ ਵੇਖਣਾ ਹੈ ਕਿ ਇਹ ਇਨ ਆਰਡਰ ਹੈ ਕਿ ਨਹੀਂ। ਇਨ ਆਰਡਰ ਦਾ ਇਹ ਮਤਲਬ ਹੈ ਕਿ whether it has been submitted in time according to rules and whether the wording is proper and in accordance with the rules.

Mr. Speaker : Mr. Vishwanathan, you read it first and then speak.

Shri A. Vishwanathan : I have read it. I had read it before coming to the House. You have read it just now. If the motion gets stuck, then either the lubricant is required or the corrosive opposition is required. (*Noise*)

ਸ੍ਰੀ ਮਨਮੋਹਨ ਕਾਲੀਆ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਇਹ ਇਕ ਬਿਲਕੁਲ ਸਾਫ ਗੱਲ ਹੈ। ਗਿਆਨੀ ਬਖਤਾਵਰ ਸਿੰਘ ਵੇਲੇ ਤਾਂ ਜਨਾਬ ਨੇ ਇਹ ਨਹੀਂ ਪੁਛਿਆ ਸੀ ਕਿ ਉਥੇ ਕੋਈ ਐਮ. ਐਲ. ਏ. ਮੌਜੂਦ ਵੀ ਸੀ ਕਿ ਨਹੀਂ। ਉਥੇ ਤਾਂ ਗਿਆਨੀ ਬਖਤਾਵਰ ਸਿੰਘ ਨੇ ਆਰਡਰ ਵੀ ਕੀਤਾ ਲਾਠੀ ਚਾਰਜ ਕਰਨ ਲਈ ਪਰ ਪੁਲਿਸ ਐਕਸ਼ਨ ਵਿਚ ਨਹੀਂ ਆਈ ਪਰ ਇਸ ਕੇਸ ਵਿਚ ਤਾਂ ਕੋਹਲੀ ਸਾਹਿਬ ਨੇ ਪੁਲਿਸ ਨੂੰ ਲਾਠੀ ਚਾਰਜ ਕਰਨ ਲਈ ਆਰਡਰ ਵੀ ਦਿੱਤਾ ਅਤੇ ਪੁਲਿਸ ਐਕਸ਼ਨ ਦੇ ਵਿਚ ਆਈ, ਉਨ੍ਹਾਂ ਨੇ ਇਸ ਆਰਡਰ ਨੂੰ ਐਕਸਪੀਡਾਈਟ ਕੀਤਾ ਹੈ। ਇਹ ਮੁਆਮਲਾ ਪਹਿਲੇ ਨਾਲੋਂ ਕਿਤੇ ਜ਼ਿਆਦਾ ਗੰਭੀਰ ਹੈ। ਇਨ ਆਰਡਰ ਵੇਖਣ ਵਾਲੀ ਗੱਲ ਤਾਂ ਇਕ ਪ੍ਰੋਸੀਜਰਲ ਮੈਟਰ ਹੁੰਦਾ ਹੈ, ਵਧ ਤੋਂ ਵਧ ਤੁਸੀਂ ਇਹ ਹਾਊਸ ਐਡਜਰਨ ਕਰਕੇ 15 ਮਿਨਟ ਦੇ ਵਿਚ ਵੇਖ ਸਕਦੇ ਹੋ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਹਾਊਸ ਨੂੰ ਤੁਹਾਡੇ ਤੇ ਪੂਰਾ ਕਾਨਫੀਡੈਂਸ ਹੈ, ਮੈਂ ਬੇਨਤੀ ਕਰਾਂਗਾ ਕਿ ਜਿਹੜਾ ਵੀ ਤੁਸੀਂ ਫ਼ੈਸਲਾ ਦਿਉਗੇ ਉਹ ਸਾਨੂੰ ਸਾਰਿਆਂ ਨੂੰ ਮੰਨ ਲੈਣਾ ਚਾਹੀਦਾ ਹੈ । ਇਹ ਤੁਹਾਡੀ ਆਪਣੀ ਮਰਜ਼ੀ ਹੈ ਕਿ ਇਹ ਫ਼ੈਸਲਾ ਤੁਸੀਂ ਅੱਜ ਐਗਜ਼ਾਮਿਨ ਕਰਕੇ ਦੇਉ ਜਾਂ ਕਲ੍ਹ ਐਗਜ਼ਾਮਿਨ ਕਰਕੇ ਦਿਉ ।

श्री अ० विश्वनाथन : कानून और रूल्ज़ के मुताबिक आपको अब तक पूरा पता लगा लेना चाहिये था ———

ਸ਼੍ਰੀ ਸਪੀਕਰ : ਇਹ ਮੇਰਾ ਫਰਜ਼ ਹੈ ਕਿ ਹਰ ਮੁਆਮਲੇ ਨੂੰ ਮੈਂ ਬਾਕਾਇਦਾ ਵਿਚਾਰ ਕਰਕੇ ਫੇਰ ਹਾਊਸ ਵਿਚ ਪੁਟ ਕਰਾਂ । ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਭਾਵੇਂ 15 ਮਿੰਟ ਹੁਣ ਐਡਜਰਨ ਕਰਕੇ ਮੈਂ ਜਵਾਬ ਦੇਵਾਂ ਭਾਵੇਂ ਕੱਲ੍ਹ ਵਿਚਾਰ ਕਰਕੇ ਜਵਾਬ ਦੇਵਾਂ, ਇਹ ਤਾਂ ਇਕੋ ਹੀ ਗੱਲ ਹੈ । ਤੁਹਾਡਾ ਰਾਈਟ ਕਿਸੇ ਸੂਰਤ ਵਿਚ ਮੱਲਿਆ ਨਹੀਂ ਜਾਣਾ ਅਤੇ ਨਾ ਹੀ ਕੋਈ ਮੱਲਣ ਨੂੰ ਤਿਆਰ ਹੈ । ਤੁਸੀਂ ਅਜੇ ਅਗਲੀ ਕਾਰਵਾਈ ਕਰਨੀ ਮੰਨ ਲਉ, ਇਸ ਨੂੰ ਵਿਚਾਰਨ ਦਾ ਅਜੇ ਮੌਕਾ ਦਿਉ । (It is my duty to put every matter to the House after giving due consideration. It makes no difference whether I adjourn the House for 15 minutes now and then give my ruling or I do so tomorrow. It is one and the same thing. Nobody is going to encroach upon the right of the hon. Members in any circumstances. The hon. Members should, for the time being, agree to take up the next item on the agenda and give me time to consider this matter.)

ਸ਼੍ਰੀ ਸੱਤਪਾਲ ਡਾਂਗ ; ਸਪੀਕਰ ਸਾਹਿਬ, ਮੈਂ ਆਪਣੀ ਰਿਕੁਐਸਟ ਦੁਹਰਾਉਣੀ ਚਾਹੁੰਦਾ ਹਾਂ ਕਿ ਤੁਸੀਂ ਹਾਊਸ ਨੂੰ 15 ਮਿੰਟਾਂ ਵਾਸਤੇ ਐਡਜਰਨ ਕਰ ਦਿਉ ।

(ਵਿਘਨ)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਸੈਂਸਰ ਮੋਸ਼ਨ ਨੋ-ਕਾਂਨਫੀਡੈਂਸ ਮੋਸ਼ਨ ਜਿਤਨਾਂ ਹੀ ਵੱਡਾ ਹੁੰਦਾ ਹੈ । ਇਸ ਕਰਕੇ ਰੂਲਜ ਐਂਡ ਪ੍ਰੋਸੀਜਰ ਵਿਚ ਲਿਖਿਆ ਹੈ ਕਿ ਇਹ ਫਸਟ ਇੰਸਟਾਨਸ ਤੇ ਹਾਊਸ ਵਿਚ ਪੇਸ਼ ਹੋਵੇਗਾ । ਜੇ ਰੂਲਜ਼ ਦੀ ਇਸ ਤਰ੍ਹਾਂ ਇੰਟਰਪ੍ਰੇਟੇਸ਼ਨ ਕੀਤੀ ਗਈ ਤਾਂ ਇਸ ਉਤੇ ਇਕ ਹਫਤਾ ਵੀ ਲਗ ਸਕਦਾ ਹੈ (ਵਿਘਨ) (ਸ਼ੋਰ) ਇਸ ਦਾ ਮਤਲਬ ਇਹ ਹੈ ਕਿ ਅਸੀਂ ਇਕ ਅਜਿਹੀ ਕੰਨਵੈਨਸ਼ਨ ਸੈਟਅਪ ਕਰਾਂਗੇ ਜਿਹੜੀ ਕਿ ਡੈਮੋਕਰੇਟਿਕ ਸੈਟ-ਅਪ ਦੀਆਂ ਰੂਟਸ ਕਟ ਕਰੇਗੀ । ਅਸੀਂ ਇਹ ਕੰਨਵੈਨਸ਼ਨ ਇਸ ਹਾਊਸ ਵਿਚ ਲਾਗੂ ਕਰਨ ਲਈ ਤਿਆਰ ਨਹੀਂ । ਇਸ ਲਈ ਮੇਰੀ ਅਪੀਲ ਹੈ ਕਿ ਤੁਸੀਂ ਹਾਊਸ ਨੂੰ 15 ਮਿੰਟਾਂ ਵਾਸਤੇ ਐਡਜਰਨ ਕਰ ਦਿਉ । 15 ਮਿੰਟ ਕੋਈ ਵੱਡੀ ਚੀਜ਼ ਨਹੀਂ । ਕੋਈ ਗਲਤ ਕੰਨਵੈਨਸ਼ਨ ਨਹੀਂ ਸੈਟਅਪ ਹੋਣੀ ਚਾਹੀਦੀ ।

ਮੁੱਖ ਮੰਤਰੀ : ਸਪੀਕਰ ਸਾਹਿਬ ਦਾ ਹੀ ਡਿਸੀਜ਼ਨ ਮੰਨ ਲਉ ।

ਡਾਕਟਰ ਬਲਦੇਵ ਪ੍ਰਕਾਸ਼ : ਕਾਨੂੰਨ ਦੇ ਮੁਤਾਬਕ ਹੋਵੇਗਾ ਤਾਂ ਮੰਨਾਗੇ ।

चौधरी बलबीर सिंह : स्पीकर साहिब, आप के दफतर को पहले से पता होना चाहिए । अगर कोई गलती हो तो उसे उसी वक्त वापस कर देना चाहिए था। अब कार्यवाई को ठीक ढंग से चलाना चाहिए । सैंशर मौशन पर स्पीकर को कोई अधिकार नहीं । वह उसे नहीं रोक सकता । बस इतना ही अर्ज़ करना चाहता था ।

ਸ੍ਰੀ ਸਪੀਕਰ : ਮੈਂ ਇਹ ਪੁਆਇੰਟ ਸਾਫ਼ ਕਰ ਦਿਆਂ ਕਿ ਇਸ ਪੁਆਇੰਟ ਤੇ ਜ਼ਿਆਦਾ ਬਹਿਸ ਦੀ ਲੋੜ ਨਹੀਂ ਹੈ । ਮੈਂ ਸ਼੍ਰੀ ਵਿਸ਼ਵਨਾਥਨ ਦੀ ਇੰਤਜ਼ਾਰ ਕਰਦਾ ਰਿਹਾ ਹਾਂ ਕਿ ਉਹ ਮੇਰੇ ਕੋਲ ਆਉਣ ਤਾਂ ਮੈਂ ਉਨ੍ਹਾਂ ਨਾਲ ਡਿਸਕਸ ਕਰ ਲਵਾਂ । ਜੇ ਉਹ ਟਾਈਮ ਸਿਰ ਆ ਜਾਂਦੇ ਤਾਂ ਮੈਂ ਟਾਈਮ ਸਿਰ ਇਹ ਕਰ ਦਿੰਦਾ (I would like to make it clear that no more discussion is necessary on this point. I have been waiting for Shri Vishwanathan so that if he comes to me I would discuss it with him. Had he come in time, I would have done it in time.)

ਸ੍ਰੀ ਸਤ ਪਾਲ ਡਾਂਗ : ਸਪੀਕਰ ਸਾਹਿਬ, ਉਸ ਸੈਂਸ਼ਰ ਮੋਸ਼ਨ ਉਤੇ ਤਾਂ ਸ੍ਰੀ ਵਿਸ਼ਵਨਾਥਨ ਜੀ ਦੇ ਦਸਖਤ ਹੀ ਨਹੀਂ ਹਨ। ਦਸਖਤ ਮੇਰੇ, ਡਾਕਟਰ ਬਲਦੇਵ ਪ੍ਰਕਾਸ਼, ਕਾਮਰੇਡ ਦਲੀਪ ਸਿੰਘ ਟਪਿਆਲਾ, ਜਨਰਲ ਰਾਜਿੰਦਰ ਸਿੰਘ ਸਪੈਰੋ ਅਤੇ ਸਰਦਾਰ ਗੁਰਨਾਮ ਸਿੰਘ ਆਦਿ ਦੇ ਹਨ ।

ਚੌਧਰੀ ਬਲਬੀਰ ਸਿੰਘ : ਸਪੀਕਰ ਸਾਹਿਬ , ਤੁਸੀਂ ਇਹ ਕਹਿ ਦਿਉ ਕਿ ਇਹ ਇਤਨੇ ਦਿਨ ਦੇ ਬਾਅਦ ਆਏਗੀ ਪਰ ਤੁਸੀਂ ਇਸ ਨੂੰ ਰੋਕ ਨਹੀਂ ਸਕਦੇ ।

ਸ੍ਰੀ ਸਪੀਕਰ : ਇਹ ਗੱਲ ਸਾਰੇ ਮੈਂਬਰਾਂ ਦੀ ਸਲਾਹ ਨਾਲ ਹੋਵੇਗੀ । (This will be done after taking the sense of the House.)

ਅਵਾਜ਼ਾਂ : ਸਪੀਕਰ ਸਾਹਿਬ, ਇਸ ਵਿਚ ਸਲਾਹ ਕਿਸ ਚੀਜ਼ ਦੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਸਾਡਾ ਫ਼ਰਜ਼ ਹੈ ਕਿ ਅਸੀਂ ਤੁਹਾਡੀ ਰੂਲਿੰਗ ਤੇ ਅਮਲ ਕਰੀਏ। ਪਰ ਜੇ ਤੁਸੀਂ ਆਪਣੇ ਰੂਲਿੰਗ ਨੂੰ ਰੀਕਨਸਿਡਰ ਕਰਨਾ ਹੈ ਤਾਂ ਹੁਣੇ ਕਰ ਲਉ ਤਾ ਕਿ ਫਿਰ ਹਾਊਸ ਠੀਕ ਤਰ੍ਹਾਂ ਚਲ ਸਕੇ ।

ਸ੍ਰੀ ਲਾਲ ਚੰਦ ਸੱਬਰਵਾਲ : ਸਪੀਕਰ ਸਾਹਿਬ, ਇਹ ਸਾਡਾ ਰਾਈਟ ਹੈ ਸੁਜੈਸਟ ਕਰਨ ਦਾ । ਗਿਲ ਸਾਹਿਬ ਤਾਂ ਕਹਿੰਦੇ ਹਨ ਕਿ ਜੇ ਸਪੀਕਰ ਸਾਹਿਬ ਰੂਲਿੰਗ ਦੇ ਦੇਣ ਤਾਂ ਤੁਸੀਂ ਮੂੰਹ ਬੰਦ ਕਰਕੇ ਬੈਠੇ ਰਹੋ । ਅਸੀਂ ਤੁਹਾਨੂੰ ਸੁਜੈਸਟ ਕਰ ਸਕਦੇ ਹਾਂ ਕਿ ਕਾਨੂੰਨ ਕੀ ਕਹਿੰਦਾ ਹੈ ।

ਸ੍ਰੀ ਸਪੀਕਰ : ਲਾਲ ਚੰਦ ਜੀ, ਚੀਫ ਮਨਿਸਟਰ ਦਾ ਕੋਈ ਅਜਿਹਾ ਮਤਲਬ ਨਹੀਂ ਸੀ ਕਿ ਤੁਸੀਂ ————(ਵਿਘਨ) (I would like to tell the hon. Member, Shri Lal Chand Suberwal that the Chief Minister did not mean any such thing that they. . *Interruptions*

ਡਾਕਟਰ ਬਲਦੇਵ ਪ੍ਰਕਾਸ਼ : ਜਨਾਬ, ਅੰਦਰੂਨੀ ਗੱਲਾਂ ਦਾ ਤਾਂ ਜਾਂ ਤੁਹਾਨੂੰ ਪਤਾ ਹੋਵੇਗਾ ਜਾਂ ਉਨ੍ਹਾਂ ਨੂੰ । ਸਾਨੂੰ ਕੀ ਪਤਾ ?

ਸ੍ਰੀ ਸਪੀਕਰ : ਡਾਕਟਰ ਸਾਹਿਬ, ਤੁਹਾਨੂੰ ਇਹ ਨਹੀਂ ਸੀ ਕਹਿਣਾ ਚਾਹੀਦਾ । ਤੁਹਾਡੇ ਨਾਲ ਵੀ ਅੰਦਰੂਨੀ ਗੱਲਾਂ ਹੁੰਦੀਆਂ ਰਹੀਆਂ ਸਨ । (The hon. Member Dr. Baldev Prakash should not have said this thing. He was also taken into confidence.)

ਸ੍ਰੀ ਸਤ ਪਾਲ ਡਾਂਗ : ਮੈਂ ਰਿਕੁਐਸਟ ਕਰਦਾ ਹਾਂ ਕਿ 15 ਮਿੰਟਾਂ ਵਾਸਤੇ ਹਾਊਸ ਨੂੰ ਐਡਜਰਨ ਕਰ ਦਿਉ।

ਮੁੱਖ ਮੰਤਰੀ : ਤੁਸੀਂ ਹੀ ਫੈਸਲਾ ਮੰਨ ਲਉ ।

ਡਾਕਟਰ ਬਲਦੇਵ ਪ੍ਰਕਾਸ਼ : ਕਾਨੂੰਨ ਦੇ ਮੁਤਾਬਕ ਹੋਵੇ ਜ਼ਰੂਰ ਮੰਨਾਗੇ।

ਸਰਦਾਰ ਸਤਨਾਮ ਸਿੰਘ ਬਾਜਵਾ : ਸਪੀਕਰ ਸਾਹਿਬ, ਜਦ ਕੋਈ ਕਾਨੂੰਨੀ ਪੁਆਇੰਟ ਉਲਝ ਜਾਵੇ ਤਾਂ ਮਰੜ੍ਹੀ ਸਾਹਿਬ ਰਾਏ ਦਿੰਦੇ ਹਨ । ਤੁਸੀਂ ਉਨ੍ਹਾਂ ਤੋਂ ਪੁਛ ਲਉ । (ਹਾਸਾ)

ਅਵਾਜ਼ਾਂ : ਉਹ ਕੇਸ ਸਟਡੀ ਕਰ ਰਹੇ ਹਨ । (ਹਾਸਾ)

ਸ੍ਰੀ ਸਪੀਕਰ : ਮਰੜ੍ਹੀ ਸਾਹਿਬ ਤਿਆਰ ਨਹੀਂ ਹਨ । ਤੁਸੀਂ ਹੀ ਆਪਣੀ ਰਾਏ ਦੇ ਦਿਉ (ਹਾਸਾ) (Marhari Sahib is not prepared. The hon. Member may give his opinion.)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਹੁਣ ਤਕ 15 ਮਿੰਟ ਖਤਮ ਹੋ ਜਾਣੇ ਸਨ। ਵੈਸੇ ਤੁਸੀਂ ਦੇਖ ਲਉ ਕੋਈ ਲਫਜ਼ੀ ਗਲਤੀ ਵੀ ਨਹੀਂ ਹੈ । ਇਸ ਤਰ੍ਹਾਂ ਦੋਨੋਂ ਗੱਲਾਂ ਰਹਿ ਜਾਣਗੀਆਂ ਤੁਸੀਂ 15 ਮਿੰਟਾਂ ਵਾਸਤੇ ਪੋਸਟਪੋਨ ਕਰ ਦਿਉ ।

ਅਵਾਜ਼ਾਂ : ਠੀਕ ਹੈ, ਠੀਕ ਹੈ ।

ਮੁੱਖ ਮੰਤਰੀ : ਸਪੀਕਰ ਸਾਹਿਬ, ਹਾਊਸ ਦੀ ਸੈਂਸ ਸਮਝਦੇ ਹੋਏ ਮੈਂ ਵੀ ਅਰਜ਼ ਕਰਦਾ ਹਾਂ ਕਿ ਹਾਊਸ ਨੂੰ 15 ਮਿੰਟਾਂ ਵਾਸਤੇ ਐਡਜਰਨ ਕਰ ਦਿਉ ।

ਸ੍ਰੀ ਸਪੀਕਰ : ਜੇ ਸਾਰੇ ਹਾਊਸ ਦੀ ਇਹੋ ਹੀ ਸੈਂਸ ਹੈ ਤਾਂ ਹਾਊਸ 15 ਮਿੰਟਾਂ ਵਾਸਤੇ ਐਡਜਰਨ ਕੀਤਾ ਜਾਂਦਾ ਹੈ । ਵਿਸ਼ਵਨਾਥਨ ਜੀ ਤੁਸੀਂ ਮੇਰੇ ਚੈਂਬਰ ਵਿਚ ਆ ਜਾਉ । (If it is the sense of the whole House, then the House is adjourned for 15 minutes. The hon. Member Shri Vishwanathan should come to my Chamber.)

10.30 A.M.

——

(ਇਸ ਵੇਲੇ ਹਾਊਸ 15 ਮਿੰਟਾਂ ਵਾਸਤੇ ਐਡਜਰਨ ਹੋ ਗਿਆ ਅਤੇ 10-45 ਤੇ ਮੁੜ ਇਕੱਤਰ ਹੋਇਆ)

ਸ੍ਰੀ ਸਪੀਕਰ : ਇਹਦੇ ਵਿਚ ਇਨ੍ਹਾਂ ਚੀਜ਼ਾਂ ਲਾ ਦਿੱਤੀਆਂ ਮਿਸ-ਕਨਡਕਟ ਤੇ ਮਿਸ-ਬੀਹੇਵੀਅਰ । ਇਹ ਸਾਰਾ ਕੁਝ ਵਕੀਲ ਕਰ ਦਿੰਦੇ ਹਨ । ਇਕ ਚੀਜ਼ ਕਰੋ "ਮਿਸ-ਕੰਡਕਟ" ਜਾਂ "ਮਿਸ-ਬੀਹੇਵੀਅਰ, (The hon. Member has imported all words like misconduct, misbehaviour etc. Lawyers generally do like that. He may please retain either "misconduct" or misbehaviour.)

ਸ੍ਰੀ ਸੱਤ ਪਾਲ ਡਾਂਗ : ਮਿਸ-ਕੰਡਕਟ ਰਹਿਣ ਦਿਉ ।

Mr. Speaker : There is a Censure Motion signed by—

1. Sardar Gurnam Singh, M.L.A.
2. Comrade Satya Pal Dang, M.L.A.
3. Major General Rajinder Singh Sparrow, M.L.A.
4. Dr. Baldev Parkash, M.L.A.
5. Comrade Dalip Singh Tapiala, M.L.A.

against the Deputy Minister, Sardar Sardara Singh Kohli.

The wording is modified as under:—

"That this House expresses its want of confidence in the Deputy Minister Sardar Sardara Singh Kohli for his misconduct towards the public at Khanna on the 26th January, 1968 resulting in brutal lathi-charge on the people by the Police."

(*Interruptions and Noises in the House*)

Shri Prabodh Chandra : Sir, I would like to submit that there are certain cases arising out of the *lathi*-charge at Khanna.

ਜਨਾਬ, ਮੇਰੀ ਅਰਜ਼ ਇਹ ਹੈ ਕਿ ਇਸ ਲਾਠੀ-ਚਾਰਜ਼ ਦੇ ਕਈ ਕੇਸਿਜ਼ ਐਸ. ਡੀ. ਐਮ. ੀ ਅਦਾਲਤ ਵਿਚ ਚਲ ਰਹੇ ਹਨ । ਜਦ ਤਕ ਕੇਸਿਜ਼ ਕੋਰਟ ਵਿਚ ਹੋਣ ਸਾਨੂੰ ਐਥੇ ਡਿਸਕਸ਼ਨ ਨਹੀਂ ਕਰਨੀ ਚਾਹੀਦੀ ।

ਸ੍ਰੀ ਸੱਤ ਪਾਲ ਡਾਂਗ : ਸ੍ਰੀ ਪ੍ਰਬੋਧ ਜੀ ਦਾ ਮਤਲਬ ਹੈ ਕਿ ਸੈਂਸ਼ਰ ਮੋਸ਼ਨ ਤੇ ਤਕਰੀਰਾਂ ਹੋਣਗੀਆਂ । ਇਸ ਦੀ ਐਡਮਿਸ਼ਨ ਨਾਲ ਉਨ੍ਹਾਂ ਦਾ ਕੋਈ ਤਅੱਲਕ ਨਹੀਂ ।

ਸ੍ਰੀ ਪ੍ਰਬੋਧ ਚੰਦਰ : ਅਗਰ ਇਜਾਜ਼ਤ ਦੇ ਦਿਉਗੇ ਤਾਂ ਕਿਸੇ ਦੀ ਜ਼ਬਾਨ ਬੰਦ ਕਰਨੀ ਮੁਸ਼ਕਲ ਹੋ ਜਾਏਗੀ । ਬਹਿਸ ਉਸ ਵਕਤ ਤਕ ਨਹੀਂ ਹੋਣੀ ਚਾਹੀਦੀ ਜਦ ਤਕ ਕੋਰਟ ਤੋਂ ਕੇਸਿਜ਼ ਦਾ ਫ਼ੈਸਲਾ ਨਾ ਹੋ ਜਾਵੇ ।

ਡਾਕਟਰ ਬਲਦੇਵ ਪ੍ਰਕਾਸ਼ : ਸੈਂਸ਼ਰ ਮੋਸ਼ਨ ਐਥੇ ਆਉਣੋਂ ਰੁਕ ਨਹੀਂ ਸਕਦੀ । (ਸ਼ੋਰ)

ਮੁੱਖ ਮੰਤਰੀ : ਮੈਂ ਸਪੀਕਰ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਸਬੰਧੀ ਸਪੀਕਰ ਸਾਹਿਬ ਮਨਜ਼ੂਰੀ ਦੇਣ ਜਾਂ ਨਾ ਦੇਣ ਪਰ ਇਸ ਦਾ ਅਸਰ ਮੁਕਦਮੇ ਤੇ ਪੈਣਾ ਲਾਜ਼ਮੀ ਹੈ । ਇਸ ਲਈ ਉਹ ਗੌਰ ਕਰਕੇ ਹੁਕਮ ਦੇਣ ਦੀ ਕ੍ਰਿਪਾ ਕਰਨ ।

श्री अ. विश्वनाथन : सैंशर मोशन डिप्टी मिनिस्टर साहिब के खिलाफ है जब कि इनके खिलाफ कोई मुकद्दमा बनाया नहीं । अगर हम सैंशर करते हैं तो इन पर कोई असर नहीं पड़ता । तो जनाब इस लिए यह जो प्वायंट आफ़ आर्डर श्री प्रबोध जी ने पेश किया है इसका इस सैंशर मोशन पर कोई असर नहीं पड़ता ।

ਸ੍ਰੀ ਲਾਲ ਚੰਦ ਸਬੱਰਵਾਲ : ਚੀਫ਼ ਮਨਿਸਟਰ ਸਾਹਿਬ ਤੇ ਟਰੈਜ਼ਰੀ ਬੈਂਚਿਜ਼ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਿਹੜੇ ਕੇਸਿਜ਼ ਸਬ-ਜੂਡਿਸ ਹਨ ।..(ਸ਼ੋਰ)

[ਸ਼੍ਰੀ ਲਾਲ ਚੰਦ ਸਬੱਰਵਾਲ]

ਸਪੀਕਰ ਸਾਹਿਬ, ਸ਼੍ਰੀ ਸੱਤ ਪਾਲ ਕਪੂਰ ਨੂੰ ਵੀ ਸ਼੍ਰੀ ਸਾਧੂ ਰਾਮ ਕੋਲ ਬੈਠ ਕੇ ਇਹ ਆਦਤ ਪੈ ਗਈ । (ਸ਼ੋਰ)

ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਸ ਸੈਂਸ਼ਰ ਮੋਸ਼ਨ ਦੇ ਨਾਲ, ਡਿਪਟੀ ਮਨਿਸਟਰ ਸਾਹਿਬ ਨੇ ਅਗਰ ਕੋਈ ਅਜਿਹੀਆਂ ਗੱਲਾਂ ਕੀਤੀਆਂ ਜਿਹੜੀਆਂ ਇਨ੍ਹਾਂ ਨੂੰ ਲਾ ਪਰਮਿਟ ਨਹੀਂ ਕਰਦਾ ਜਿਹੜਾ ਕਿ ਇਨ੍ਹਾਂ ਦੇ ਅਧਿਕਾਰਾਂ ਤੋਂ ਬਾਹਰ ਹੈ ਅਤੇ ਇਕ ਡਿਪਟੀ ਮਨਿਸਟਰ ਦੀਆਂ ਪਾਵਰਜ਼ ਨੂੰ ਸਾਮ੍ਹਣੇ ਰਖਦੇ ਹੋਏ ਸਾਨੂੰ ਇਨ੍ਹਾਂ ਤੇ ਡਿਸਕਸ਼ਨ ਕਰਨੀ ਚਾਹੀਦੀ ਹੈ ।

ਸ਼੍ਰੀ ਪ੍ਰਬੋਧ ਚੰਦਰ : ਸਪੀਕਰ ਸਾਹਿਬ, ਕਿਸੇ ਮਨਿਸਟਰ ਤੇ ਅਗਰ ਕੋਈ ਕੇਸਿਜ਼ ਬਣੇ ਹਨ ਜਦ ਤਕ ਇਨ੍ਹਾਂ ਕੇਸਿਜ਼ ਦੀ ਡਿਸਪੋਜ਼ਲ ਨਾ ਹੋ ਜਾਏ ਉਦੋਂ ਤਕ ਸੈਂਸ਼ਰ ਮੋਸ਼ਨ ਪੇਸ਼ ਨਹੀਂ ਹੋ ਸਕਦੀ । ਜਦ ਤਕ ਮੁਕੱਦਮੇ ਦਾ ਫ਼ੈਸਲਾ ਨਹੀਂ ਹੁੰਦਾ ਉਸ ਵਕਤ ਤਕ ਮੋਸ਼ਨ ਤੇ ਬਹਿਸ ਨਹੀਂ ਹੁੰਦੀ ।

ਅਗਰ ਇਨ੍ਹਾਂ ਨੇ ਨੋ-ਕਾਨਫੀਡੈਂਸ ਮੋਸ਼ਨ ਉਤੇ ਬਹਿਸ ਹੀ ਕਰਨੀ ਹੈ ਤਾਂ ਮੈਨੂੰ ਕੋਈ ਇਤਰਾਜ਼ ਨਹੀਂ । ਮੈਂ ਖੁਦ ਕਿਹਾ ਸੀ ਕਿ ਬਹਿਸ ਭਾਵੇਂ ਕਿਸੇ ਵਜ਼ੀਰ ਜਾਂ ਵਜ਼ਾਰਤ ਦੇ ਖਿਲਾਫ ਹੋਵੇ ਤਾਂ ਫੌਰਨ ਹੋਣੀ ਚਾਹੀਦੀ ਸੀ । ਪਰ ਇਸ ਕੇਸ ਵਿਚ ਮੈਂ ਆਪ ਨੂੰ ਇਹੋ ਬੇਨਤੀ ਕਰਾਂਗਾ ਕਿ ਜਦੋਂ ਤਕ ਮੁਕਦਮਿਆਂ ਦਾ ਫੈਸਲਾ ਨਹੀਂ ਹੋ ਜਾਂਦਾ, ਉਦੋਂ ਤਕ ਕਨਵੈਨਸ਼ਨ ਦੇ ਲਿਹਾਜ਼ ਨਾਲ, ਰੂਲ ਦੇ ਲਿਹਾਜ਼ ਨਾਲ ਇਸ ਨੋ-ਕਾਨਫੀਡੈਂਸ਼ ਮੋਸ਼ਨ ਉਤੇ ਬਹਿਸ ਨਹੀਂ ਕੀਤੀ ਜਾ ਸਕਦੀ ।

ਸ਼੍ਰੀ ਲਾਲ ਚੰਦ ਸਭੱਰਵਾਲ : ਸਪੀਕਰ ਸਾਹਿਬ, ਪ੍ਰਬੋਧ ਸਾਹਿਬ ਨੂੰ ਤਕਲੀਫ ਇਹ ਹੈ ਕਿ ਤੁਸੀਂ ਸ਼ਾਇਦ ਕੰਟ੍ਰੋਲ ਨਹੀਂ ਕਰ ਸਕੋਗੇ ਕਿ ਕੀ ਚੀਜ਼ ਰੋਕਣੀ ਹੈ, ਕਿਹੜਾ ਮੁਕਦਮਾ ਆਇਆ ਔਰ ਕਿਹੜਾ ਨਹੀਂ ਆਇਆ । ਮੈਂ ਪ੍ਰਬੋਧ ਜੀ ਨੂੰ ਤੁਹਾਡੀ ਵਲੋਂ ਗਰੰਟੀ ਲੈ ਕੇ ਦਿਵਾਉਣਾ ਚਾਹੁੰਦਾ ਹਾਂ ਕਿ ਤੁਸੀਂ ਬੜੇ ਕਾਬਲ ਹੋ, ਲਾਇਕ ਹੋ ਔਰ ਤੁਸੀਂ ਆਪਣੀ ਡਿਊਟੀ ਨੂੰ ਸਮਝਦੇ ਹੋ । ਇਨ੍ਹਾਂ ਨੂੰ ਅਜਿਹੀਆਂ ਗੱਲਾਂ ਕਹਿਣ ਦੀ ਲੋੜ ਨਹੀਂ । ਪ੍ਰਬੋਧ ਜੀ ਨੇ ਕਿਹਾ ਸੀ ਕਿ ਹਿਸਟਰੀ ਵਿਚ ਇਸ ਦੀ ਕੋਈ ਮਿਸਾਲ ਨਹੀਂ । ਮੈਂ ਕਹਿੰਦਾ ਹਾਂ ਕਿ ਤੁਸੀਂ ਸਾਰੀਆਂ ਹਿਸਟਰੀਆਂ ਛੱਡ ਦਿਉ । ਮੈਂ ਤਾਂ ਸਾਹਮਣੇ ਬੈਠੇ ਸਰਦਾਰ ਬਖਤਾਵਰ ਸਿੰਘ ਦੀ ਮਿਸਾਲ ਦੇ ਸਕਦਾ ਹਾਂ । ਉਹ ਸੈਂਸ਼ਰ ਮੋਸ਼ਨ ਇਸੇ ਹਾਊਸ ਨੇ ਮਨਜ਼ੂਰ ਕੀਤਾ । ਉਸ ਦੇ ਉਤੇ ਵੀ ਮੁਕਦਮੇਂ ਬਣੇ ਹੋਏ ਸਨ । ਇਸ ਦੇ ਨਾਲੋਂ ਹੋਰ ਕੋਈ ਵਡੀ ਮਿਸਾਲ ਕੀ ਹੋ ਸਕਦੀ ਹੈ ?

(ਸ਼ੋਰ) (ਵਿਘਨ)

ਸ਼੍ਰੀ ਸੱਤਪਾਲ ਡਾਂਗ : ਸਪੀਕਰ ਸਾਹਿਬ. ਮੈਂ ਅਰਜ਼ ਕਰਨੀ ਚਾਹੁੰਦਾਂ ਹਾਂ ਕਿ ਇਸ ਵਿਚ ਰੂਲਜ਼ ਦਾ ਸਵਾਲ ਹੈ, ਪਰੋਪਰਾਇਟੀ ਜਾਂ ਕੰਪਰੋਮਾਈਜ਼ ਦਾ ਸਵਾਲ ਨਹੀਂ । ਖੰਨੇ ਵਿਚ ਜਿਹੜੇ ਕੇਸ ਬਣੇ ਹਨ ਉਹ ਦੋ ਸੈਟਸ ਆਫ਼ ਕੇਸਿਜ਼ ਹਨ । ਉਨ੍ਹਾਂ ਦੋਨਾਂ ਵਿਚੋਂ ਇਕ ਸੈਟ ਦਾ ਵੀ ਲਾਠੀ-ਚਾਰਜ ਨਾਲ ਜਾਂ ਜਿਹੜਾ ਅਸੀਂ ਡਿਪਟੀ ਮਨਿਸਟਰ ਸਾਹਿਬ ਦੇ ਮਿਸ-ਕੰਡਕਟ ਦਾ ਜ਼ਿਕਰ ਕੀਤਾ ਹੈ, ਉਸਦੇ ਨਾਲ ਸਬੰਧ ਨਹੀਂ ਹੈ । ਸਵਾਲ ਬੜਾ ਬੁਨਿਆਦੀ ਹੈ । ਇਨ੍ਹਾਂ ਨੇ ਕਿਹਾ ਹੈ ਕਿ ਮਿਸਾਲਾਂ ਦਿਉ । ਮਿਸਾਲ ਵਜੋਂ ਸਮਝ ਲਉ ਕਿ ਕਿਤੇ ਫ਼ਾਇਰਿੰਗ ਹੁੰਦੀ ਹੈ ।

ਫਾਇਰਿੰਗ ਨਾਲ ਪੁਲਿਸ ਕਈ ਮੁਕਦਮੇਂ ਬਣਾਉਂਦੀ ਹੈ । ਅਸੈਂਬਲੀਆਂ ਵਿਚ ਉਨ੍ਹਾਂ ਤੇ ਡਿਸਕਸ਼ਨ ਹੁੰਦੀ ਹੈ । ਉਸਦੇ ਉਤੇ ਕਮਿਸ਼ਨ ਵੀ ਬੈਠਦੇ ਹਨ। ਇਸ ਦਾ ਜਿਹੜਾ ਪਰਟੀਕੁਲਰ ਕੇਸ ਹੈ ਉਸ ਦੇ ਉਤੇ ਕਿਸੇ ਨੂੰ ਕੇਵਲ ਉਹੀ ਗੱਲ ਨਹੀਂ ਕਹਿਣ ਦਿਤੀ ਜਾਂਦੀ ਜੋ ਉਸ ਮੁਕਦਮੇ ਉਤੇ ਅਸਰ ਅੰਦਾਜ਼ ਹੋਵੇ । ਇਸ ਕਰਕੇ ਜੇ ਪ੍ਰਬੋਧ ਸਾਹਿਬ ਦੀ ਦਲੀਲ ਮੰਨੀ ਜਾਵੇ, ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਹੈ ਕਿ ਮਨ ਦੇ ਵਿਚ ਚੇਨ ਰੀਐਕਸ਼ਨ ਹੋ ਜਾਂਦਾ ਹੈ, ਜੇ ਅਸੀਂ ਇਹੋ ਕਹੀਏ ਕਿ ਖੰਨੇ ਵਿਚ ਇਸ ਡਿਪਟੀ ਮਨਿਸਟਰ ਨੇ ਕੋਈ ਮਿਸਕੰਡਕਟ ਕੀਤਾ ਤਾਂ ਚੇਨ ਰੀਐਕਸ਼ਨ ਤਾਂ ਫੇਰ ਵੀ ਹੋ ਸਕਦਾ ਹੈ। ਲੇਕਿਨ ਇਹ ਕਹਿੰਦੇ ਹਨ ਉਨ੍ਹਾਂ ਚਿਰ ਇਸ ਉਤੇ ਬਹਿਸ ਨਾ ਹੋਵੇ ਜਿੰਨਾ ਚਿਰ ਉਹ ਮੁਕੱਦਮੇ ਚਲ ਰਹੇ ਹਨ । ਮੈਂ ਬਤੌਰ ਕੰਮਪਰੋਮਾਈਜ਼ ਇਹ ਮੰਨਣ ਨੂੰ ਤਿਆਰ ਹਾਂ ਕਿ ਉਨਾਂ ਚਿਰ ਇਹ ਵਜ਼ੀਰੀ ਤੋਂ ਹਟਾ ਦਿਤੇ ਜਾਣ (ਸ਼ੋਰ)। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਰੂਲਜ਼ ਬੜੇ ਕਲੀਅਰ ਹਨ । ਤੁਸੀਂ ਅੱਗੇ ਵੀ ਪੜ੍ਹਿਆ ਹੈ, ਤੁਸੀਂ ਇਹ ਦੇਖ ਲਿਆ ਹੈ ਕਿ ਇਹ ਇਨ ਆਰਡਰ ਹੈ ਜਾਂ ਨਹੀਂ । ਜਿਸ ਹਦ ਤੀਕਰ ਤੁਸੀਂ ਇਹ ਦੇਖਿਆ ਇਸ ਦੇ ਵਿਚ ਦੋ ਰੀਜ਼ਨਜ਼ ਦਿਤੇ ਹੋਏ ਹਨ । ਇਹ ਇਨ ਆਰਡਰ ਨਹੀਂ । ਅਸੀਂ ਤੁਹਾਡਾ ਹੁਕਮ ਮੰਨ ਕੇ ਲਫਜ਼ ਕੱਢ ਦਿਤਾ ਤੇ ਇਕੋ ਰਹਿਣ ਦਿਤਾ। ਉਸ ਦੇ ਬਾਅਦ ਤੁਸੀਂ ਇਹ ਕਹਿ ਦਿਤਾ ਕਿ ਇਹ ਇਨ ਆਰਡਰ ਹੈ। ਬਾਈ ਇੰਪਲੀਕੇਸ਼ਨ ਇਸ ਤੋਂ ਬਾਅਦ ਅਜਿਹਾ ਕੋਈ ਕੁਐਸਚਨ ਪੈਦਾ ਨਹੀਂ ਹੁੰਦਾ । ਹਾਊਸ ਦੇ ਕਿੰਨੇ ਮੈਂਬਰ ਇਸ ਦੇ ਹਕ ਵਿਚ ਹਨ ਤੁਸੀਂ ਉਨ੍ਹਾਂ ਨੂੰ ਖੜੇ ਕਰਾਕੇ ਦੇਖ ਲਵੋ ਅਗਰ ਇਹ ਐਡਮਿਟ ਹੋ ਜਾਵੇ ਤਾਂ ਜਦੋਂ ਤਕਰੀਰਾਂ ਹੋਣਗੀਆਂ ਉਸ ਵੇਲੇ ਤੁਸੀਂ ਦੇਖ ਲੈਣਾ ।

ਕਾਮਰੇਡ ਭਾਨ ਸਿੰਘ ਭੌਰਾ : ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸ਼੍ਰੀ ਪ੍ਰਬੋਧ ਜੀ ਨੇ ਕਿਹਾ ਹੈ ਕਿ ਦੁਨੀਆਂ ਵਿਚ ਇਹੋ ਜਿਹੀ ਮਿਸਾਲ ਨਹੀਂ ਮਿਲਦੀ । ਮੈਂ ਤੁਹਾਡੇ ਰਾਹੀਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹੋ ਜਿਹੀ ਮਨਿਸਟਰੀ ਦੀ ਮਿਸਾਲ ਵੀ ਕਿਤੇ ਨਹੀਂ ਮਿਲਦੀ ਜੋ 'ਖਿਚੜੀ' ਬਣੀ ਹੋਵੇ (ਸ਼ੋਰ) ।

11.00 a. m.

Mr. Speaker : No, no. It is not relevant.

ਵਿੱਤ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਇਹ ਲਫਜ਼ ਵਾਪਸ ਲੈਣ (ਸ਼ੋਰ) । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਕੋਲ ਆਪਣੇ ਪਾਰਟੀ ਪੇਪਰ ਹਨ । ਇਨ੍ਹਾਂ ਦੇ ਵਿਚੋਂ ਕੋਈ ਆਨਰੇਬਲ ਮੈਂਬਰ ਮੌਕੇ ਤੇ ਮੌਜੂਦ ਨਹੀਂ ਸੀ ਤੇ ਨਾਂ ਹੀ ਕੋਈ ਗੱਲ ਹੈ । ਇਨ੍ਹਾਂ ਦੀਆਂ ਅਖਬਾਰਾਂ (* * *) ਗੱਲਾਂ ਬਣਾਂ ਕੇ ਐਵੇਂ ਖਾਹ ਮਖਾਹ.... (ਸ਼ੋਰ)

ਸ਼੍ਰੀ ਲਾਲ ਚੰਦ ਸੱਬਰਵਾਲ : ਸਪੀਕਰ ਸਾਹਿਬ, ਇਹ ਐਵੇਂ ਕਹਿੰਦੇ ਹਨ ।

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਹੁਣ ਵੀ ਕਹਿੰਦਾ ਹਾਂ ਕਿ ਇਹ ਗੱਲ ਫੈਕਟ ਹੈ । ਇਹ (* * *) ਗੱਲਾਂ....(ਸ਼ੋਰ) (ਵਿਘਨ) ।

ਸ਼੍ਰੀ ਸਪੀਕਰ : ਡਾਕਟਰ ਸਾਹਿਬ ਐਸੀਆਂ ਗੱਲਾਂ ਨਾ ਕਰੋ । (The hon. Minister for Finance should not say such things.)

*Expunged as ordered by the Chair.

ਵਿੱਤ ਮੰਤਰੀ : ਸਪੀਕਰ ਸਾਹਿਬ, ਇਹ ਐਵੇਂ ਗੱਲਤ ਗੱਲਾਂ ਕਰਦੇ ਹਨ। ਇਹ ਆਪੋ ਵਿਚ ਰਲ ਕੇ ਕਿਸੇ ਵੀ ਮਨਿਸਟਰ ਦੇ ਖਿਲਾਫ ਸਾਜ਼ਿਸ਼ ਬਣਾ ਕੇ ਜਿਸ ਵੇਲੇ ਜੀ ਕਰਦਾ ਹੈ ਐਵੇਂ ਇਹੋ ਜਿਹੀਆਂ***ਗੱਲਾਂ ਫੈਲਾ ਦਿੰਦੇ ਹਨ (ਸ਼ੋਰ)। ਨਾਲ ਹੀ ਐਫ ਆਈ. ਆਰ. ਇਸ ਦੇ ਦਰਜ ਹੋਏ ਹਨ। ਮੈਂ ਗੁਜ਼ਾਰਸ਼ ਕਰਾਂਗਾ ਕਿ ਐਫ. ਆਈ. ਆਰ. ਮੰਗਵਾ ਲਏ ਜਾਣ। ਫਿਰ ਹੀ ਤੁਹਾਨੂੰ ਪਤਾ ਲਗ ਸਕੇਗਾ ਕਿ ਕਿਹੜੀ ਕਿਹੜੀ ਗੱਲ ਡਿਸਕਸ ਕਰਨੀ ਹੈ ਔਰ ਕਿਹੜੀ ਨਹੀਂ। ਇਸ ਲਈ ਉਨਾਂ ਚਿਰ ਇਹ ਕੇਸ ਡਿਸਕਸ ਨਹੀਂ ਹੋਣਾ ਚਾਹੀਦਾ ਜਿਨਾਂ ਚਿਰ ਕੇਸ ਕੋਰਟ ਪਾਸ ਹੈ। ਨਹੀਂ ਤਾਂ ਕੋਰਟ ਦਾ ਵਿਉ ਪ੍ਰੈਜੂਡਿਸ ਹੋਵੇਗਾ। ਇਹ ਸਬਜੂਡਿਸ ਕੇਸ ਹੈ। ਇਸ ਲਈ ਡਿਸਕਸ਼ਨ ਬਿਲਕੁਲ ਨਹੀਂ ਹੋਣੀ ਚਾਹੀਦੀ। (ਸ਼ੋਰ)

ਸ਼੍ਰੀ ਸਪੀਕਰ : ਜਿਹੜੇ ਵੀ ਮੈਂਬਰ ਸਾਹਿਬਾਨ ਇਸ ਮੋਸ਼ਨ ਦੇ ਹੱਕ ਵਿੱਚ ਹਨ ਉਹ ਮੇਹਰ-ਬਾਨੀ ਕਰਕੇ ਖੜੇ ਹੋ ਜਾਣ ਤਾਂ ਕਿ ਪਤਾ ਲੱਗ ਜਾਵੇ। (Those hon. Members who are in favour of leave being granted may please rise in their places so that their wishes may be ascertained.)

(ਇਸ ਵੇਲੇ ਅਪੋਜ਼ੀਸ਼ਨ ਦੇ ਸਾਰੇ ਮੈਂਬਰ ਖੜੇ ਹੋਏ)

(Thirty one Members rose in favour of leave being granted)

The leave was granted.

Mr. Speaker : About the date of discussion I will let you know later.

ADJOURNMENT MOTION

ਕਾਮਰੇਡ ਭਾਨ ਸਿੰਘ ਭੌਰਾ : ਸਪੀਕਰ ਸਾਹਿਬ, ਮੇਰੀ ਇਕ ਐਡਜਰਨਮੈਂਟ ਮੋਸ਼ਨ ਹੈ ਜੀ ਤੁਹਾਨੂੰ ਪਤਾ ਹੈ ਕਿ ਸਾਰੀ ਟ੍ਰਾਂਸਪੋਰਟ ਕੱਲ ਦੀ ਜਾਮ ਹੈ। ਸਰਕਾਰ ਉਨ੍ਹਾਂ ਨਾਲ ਵਾਅਦਾ ਕਰਕੇ ਮੁੱਕਰ ਗਈ ਹੈ। ਜਿਹੜੀ ਸਟਰਾਈਕ ਕੀਤੀ ਗਈ ਬੜੀ ਜ਼ਰੂਰੀ ਹੈ। (ਸ਼ੋਰ)

ਵਿੱਤ ਮੰਤਰੀ : ਸਪੀਕਰ ਸਾਹਿਬ, ਜਦੋਂ ਬੱਜਟ ਸੈਸ਼ਨ ਹੋਵੇ ਤਾਂ ਕੋਈ ਐਡਜਰਨਮੈਂਟ ਮੋਸ਼ਨ ਨਹੀਂ ਆ ਸਕਦੀ (ਸ਼ੋਰ)। (ਆਪੋਜ਼ੀਸ਼ਨ ਵਲੋਂ ਸ਼ੋਰ)।

ਸ਼੍ਰੀ ਸਪੀਕਰ : ਮੈਂ ਤੁਹਾਨੂੰ ਦਸਦਾ ਹਾਂ ਕਿ ਗਵਰਨਰ ਦਾ ਐਡਰੈਸ ਵੀ ਹੈ ਅਤੇ ਬਜਟ ਡਿਸਕਸ਼ਨ ਵੀ। ਉਸ ਦੇ ਉਤੇ ਤੁਸੀਂ ਬੜੀ ਖੁਸ਼ੀ ਨਾਲ ਬਹਿਸ ਕਰ ਸਕਦੇ ਹੋ। ਇਸ ਲਈ ਮੈਂ ਅਜਿਹੀ ਐਡਜ਼ਰਨਮੈਂਟ ਮੋਸ਼ਨ ਐਲਾਉ ਨਹੀਂ ਕਰਾਂਗਾ। (I would say that the hon. Members can raise this matter during the discussion on the Governor's Address and general discussion of the Budget. Therefore, I would not allow such an adjournment Motion.) (Noise from the Opposition.)

WALK-OUT

ਸ੍ਰੀ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਗੌਰਮੈਂਟ ਰੀਪ੍ਰੈਸ਼ਨ ਕਰ ਰਹੀ ਹੈ। ਹੜਤਾਲ ਹੋਈ ਹੋਈ ਹੈ। ਪਬਲਿਕ ਨੂੰ ਬੜੀ ਇਨਕਨਵੀਨੀਐਂਸ ਹੈ। 122 ਬੰਦੇ ਫੜੇ ਗਏ ਹਨ। ਉਨ੍ਹਾਂ ਨੂੰ ਫੜਕੇ ਕੁਟਦੇ ਪਏ ਹਨ। ਇਸ ਲਈ ਸਪੀਕਰ ਸਾਹਿਬ, ਇਸ ਗੈਰ ਕਾਨੂੰਨੀ ਗੌਰਮਿੰਟ ਦੇ ਰੀਪ੍ਰੈਸ਼ਨ ਦੇ ਖਿਲਾਫ ਪਰੋਟੈਸਟ ਕਰਨ ਦੇ ਵਾਸਤੇ ਵੀ we are walking out of the House. (ਸ਼ੋਰ) (ਵਿਘਨ)

(ਇਸ ਵੇਲੇ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਉਠ ਕੇ ਬਾਹਰ ਚਲੇ ਗਏ ਅਤੇ ਜੱਥੇਦਾਰ ਦਸੌਂਧਾ ਸਿੰਘ ਖੜੇ ਰਹੇ।)

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਆਨ ਏ ਪੁਆਇੰਟ ਆਫ ਆਰਡਰ, ਸਰ.. (ਸ਼ੋਰ)

ਜੱਥੇਦਾਰ ਦਸੌਂਧਾ ਸਿੰਘ : ਇਹ ਸਾਰੇ ਪੰਜਾਬ ਵਿੱਚ ਲਾਠੀ ਚਾਰਜ ਕਰ ਰਹੇ ਹਨ। ਇਹ ਮੈਂ, ਇਹੋ ਜਿਹੀ ਵਜ਼ਾਰਤ ਨੂੰ ਸੌ ਜੁੱਤੀ ਮਾਰਦਾ ਹਾਂ (ਸ਼ੋਰ)।

(ਇਸ ਵੇਲੇ ਜੱਥੇਦਾਰ ਦਸੌਂਧਾ ਸਿੰਘ ਵੀ ਵਾਕ ਆਊਟ ਕਰ ਗਏ)।

SUSPENSION OF A MEMBER

ਮੁੱਖ ਮੰਤਰੀ : ਇਨ੍ਹਾਂ ਨੂੰ ਬਾਹਰ ਕਢੋ ਜੀ ਹਫਤੇ ਲਈ।

ਸ੍ਰੀ ਸਪੀਕਰ : ਮੈਂ ਆਰਡਰ ਕਰਦਾ ਹਾਂ ਕਿ ਇਕ ਹਫਤੇ ਵਾਸਤੇ ਇਨ੍ਹਾਂ ਨੂੰ ਹਾਊਸ ਤੋਂ ਕੱਢ ਦਿੱਤਾ ਜਾਵੇ। (I order that the hon. Member Jathedar Dasondha Singh be expelled from the House for a week.)

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਮੇਰਾ ਪੁਆਇੰਟ ਆਫ ਆਰਡਰ ਹੈ ਜੀ......

ਸ੍ਰੀ ਸਪੀਕਰ : ਮੇਰਾ ਖਿਆਲ ਹੈ ਕਿ ਸਾਰੇ ਮੈਂਬਰ ਇਸ ਤਜਵੀਜ਼ ਦੇ ਹੱਕ ਵਿੱਚ ਹਨ। (I think all the hon. Members are in favour of this proposal.) Is it the pleasure of the House that Jathedar Dasondha Singh be expelled from the House for one week ?

Voices : Yes.

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਆਨ ਏ ਪੁਆਇੰਟ ਆਫ ਆਰਡਰ, ਸਰ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜੋ ਪੰਜਾਬ ਵਿੱਚ ਰੋਡਵੇਜ਼ ਦੀ ਹੜਤਾਲ ਹੋਈ ਹੈ ਉਸ ਦੇ ਨਾਲ ਜਨਤਾ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਉਸ ਹੜਤਾਲ ਨੂੰ ਕਰਵਾਉਣ ਵਾਲੀ ਪੰਜਾਬ ਦੀ ਕਮਿਊਨਿਸਟ ਪਾਰਟੀ ਹੈ। ਬਸਾਂ ਫੂਕੀਆਂ ਜਾ ਰਹੀਆਂ ਹਨ, ਜਨਤਾਂ ਨੂੰ ਤੰਗ ਕੀਤਾ ਜਾ ਰਿਹਾ ਹੈ। ਮੈਂ ਆਪ ਦੀ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਦਰਖਾਸਤ ਕਰਾਂਗਾ ਕਿ ਉਹ ਇਸ ਬਾਰੇ ਇਕ ਬਿਆਨ ਦੇਣ ਤਾਂਕਿ ਜਨਤਾ ਜਾਣ ਸਕੇ ਕਿ ਕਮਿਊਨਿਸਟ ਪਾਰਟੀ ਕਿਸ ਤਰ੍ਹਾਂ ਪੰਜਾਬ ਵਿਚ ਤਬਾਹਕਾਰੀ ਪੈਦਾ ਕਰ ਰਹੀ ਹੈ।

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿੱਲ) : ਸਪੀਕਰ ਸਾਹਿਬ, ਕੁਝ ਦਿਨ ਹੋਏ ਰੋਡਵੇਜ਼ ਦੇ ਮੁਲਾਜ਼ਮਾਂ ਨੇ ਦੋ ਦਿਨ ਦੀ ਹੜਤਾਲ ਕੀਤੀ, ਉਹ ਹੜਤਾਲ ਮੁਨਾਸਬ ਨਹੀਂ ਸੀ, ਗ਼ੈਰ-ਆਈਨੀ ਸੀ। ਇਸ ਕਰ ਕੇ ਕਿ ਉਨ੍ਹਾਂ ਵਿੱਚ ਕੋਈ ਅਹਿਸਾਸ ਪੈਦਾ ਨਾ ਹੋਵੇ, ਕਿਸੇ ਨੂੰ ਕਹਿਣ ਦਾ ਮੌਕਾ ਨਾ ਮਿਲੇ ਕਿ ਸਰਕਾਰ ਉਨ੍ਹਾਂ ਨਾਲ ਹਮਦਰਦੀ ਨਹੀਂ ਰਖਦੀ, ਬਾਵਜੂਦ ਇਸ ਗੱਲ ਦੇ ਕਿ ਉਹ ਹੜਤਾਲ ਗ਼ੈਰ-ਆਈਨੀ ਸੀ, ਬਾਵਜੂਦ ਇਸ ਗੱਲ ਦੇ ਕਿ ਉਹ ਹੜਤਾਲ ਨਾਵਾਜਬ ਸੀ ਔਰ ਬਾਵਜੂਦ ਇਸ ਦੇ ਕਿ ਉਨ੍ਹਾਂ ਨੇ ਕਈ ਜ਼ਿਆਦਤੀਆਂ ਕੀਤੀਆਂ, ਗੱਡੀਆਂ ਨੂੰ ਨੁਕਸਾਨ ਪਹੁੰਚਾਇਆ, ਟਾਇਰ ਫਾੜੇ ਗਏ ਔਰ ਇਸ ਦੇ ਨਾਲ ਪੰਜਾਬ ਦੀ ਜਨਤਾ ਨੂੰ ਮੁਸੀਬਤ ਸਹਿਣੀ ਪਈ, ਉਸ ਵਿੱਚ ਇਕ ਫੈਸਲਾ ਹੋਇਆ ਮਨਿਸਟਰ ਸਾਹਿਬ ਦੇ ਦਰਮਿਆਨ ਔਰ ਉਨ੍ਹਾਂ ਦੇ ਨੁਮਾਇੰਦਿਆਂ ਵਿਚਕਾਰ ਕਿ ਅਸੀਂ ਹੜਤਾਲ ਨੂੰ ਵਾਪਸ ਲੈਂਦੇ ਹਾਂ ਔਰ ਜਿਹੜਾ ਐਵਾਰਡ ਹਰਿਆਣੇ ਦਾ ਆਉਣ ਵਾਲਾ ਹੈ ਉਸ ਦੇ ਪ੍ਰਿੰਸੀਪਲ ਨੂੰ ਮੰਨ ਲਿਆ ਜਾਵੇ । ਭਾਵੇਂ ਅਸੀਂ ਸਖ਼ਤ ਐਕਸ਼ਨ ਲੈਣਾ ਸੀ ਪਰ ਇਹ ਸੋਚ ਕੇ ਕਿ ਅਗਰ ਆਪਸ ਵਿੱਚ ਫੈਸਲਾ ਹੋ ਜਾਵੇ ਤਾਂ ਚੰਗੀ ਗੱਲ ਹੈ, ਇਸ ਨੂੰ ਇਗਨੋਰ ਕਰ ਦਿੱਤਾ। ਮੈਂ ਮਨਿਸਟਰ ਸਾਹਿਬ ਨੂੰ ਉਨ੍ਹਾਂ ਦੇ ਨਾਲ ਡੀਪਾਰਟਮੈਂਟ ਦੇ ਅਫ਼ਸਰਾਂ ਨੂੰ ਔਰ ਦੂਸਰੇ ਪਾਸੇ ਵਰਕਰਾਂ ਦੇ ਨੁਮਾਇੰਦਿਆਂ ਨੂੰ ਬੁਲਾਇਆ । ਮੇਰੇ ਸਾਹਮਣੇ ਉਨ੍ਹਾਂ ਨੇ ਐਡਮਿਟ ਕੀਤਾ ਕਿ ਅਸੀਂ

(ਇਸ ਸਮੇਂ ਜੱਥੇਦਾਰ ਦਸੌਂਧਾ ਸਿੰਘ ਅਤੇ ਹੋਰ ਆਪੋਜ਼ੀਸ਼ਨ ਦੇ ਆਨਰੇਬਲ ਮੈਂਬਰ ਸਾਹਿਬਾਨ ਹਾਊਸ ਵਿੱਚ ਆਏ ।)

SUSPENSION OF A MEMBER (*Resumption of discussion.*)

ਮੁੱਖ ਮੰਤਰੀ ; ਸਪੀਕਰ ਸਾਹਿਬ, ਜਿਨ੍ਹਾਂ ਨੂੰ ਤੁਸੀਂ ਇਕ ਹਫ਼ਤੇ ਵਾਸਤੇ ਬਾਹਰ ਕਢਿਆ ਸੀ ਉਹ ਫਿਰ ਇਥੇ ਆ ਗਏ ਹਨ । (ਸ਼ੋਰ)

ਜੱਥੇਦਾਰ ਦਸੌਂਧਾ ਸਿੰਘ : ਗੱਲ ਇਹ ਹੈ ਕਿ ਉਧਰੋਂ ਉਸ ਨੇ ਮੈਨੂੰ ਇਹ ਕਿਹਾ ਕਿ ਇਧਰ ਆ ਜਾ ਔਰ ਮੈਂ ਕਿਹਾ ਕਿ ਅਜਿਹੀ ਮਨਿਸਟਰੀ ਨੂੰ ਮੈਂ ਸੌ ਜੁਤੀ ਮਾਰਦਾ ਹਾਂ । (ਸ਼ੋਰ)

ਡਾਕਟਰ ਬਲਦੇਵ ਪ੍ਰਕਾਸ਼ : ਉਧਰੋਂ ਕਿਉਂ ਕਿਹਾ ਗਿਆ ਕਿ ਇਧਰ ਆ ਜਾ ?

ਸ੍ਰੀ ਸਪੀਕਰ : ਕਿਸ ਨੇ ਕਿਹਾ ਸੀ । ਉਸ ਦਾ ਨਾਉਂ ਵੀ ਲੈ ਦਿਉ । (Who incited the hon. Member. His name should be mentioned.)

ਸ੍ਰੀ ਤ ਪਾਲ ਡਾਂਗ : ਤੁਸੀਂ ਪ੍ਰੋਸੀਡਿੰਗਜ਼ ਨੂੰ ਪੜ੍ਹਾ ਕੇ ਵੇਖ ਲਉ । (ਸ਼ੋਰ)

ਜੱਥੇਦਾਰ ਦਸੌਂਧਾ ਸਿੰਘ : ਇਹ ਗੱਲ ਗਲਤ ਹੈ ।

ਉਪ ਮੰਤਰੀ (ਸਰਦਾਰ ਸਰਦਾਰਾ ਸਿੰਘ ਕੋਹਲੀ) : ਤੂੰ ਤਾਂ ਬਾਹਰ ਜਾ । (ਸ਼ੋਰ)

ਸ੍ਰੀ ਅ. ਵਿਸ਼ਵਨਾਥਨ : ਜਦੋਂ ਤੁਹਾਡੀ ਗੱਲ ਸੀ ਉਸ ਵੇਲੇ ਤਾਂ ਤੁਸੀਂ ਚੁਪ ਗੁਪ ਬੈਠੇ ਰਹੇ ਸੀ ।

ਜੱਥੇਦਾਰ ਦਸੌਂਧਾ ਸਿੰਘ : ਸਪੀਕਰ ਸਾਹਿਬ, ਮੈਨੂੰ ਆਪਣੀ ਗੱਲ ਤਾਂ ਸਾਫ਼ ਕਰ ਲੈਣ ਦਿੱਤੀ ਜਾਵੇ ।

ਸ਼੍ਰੀ ਸਪੀਕਰ : ਜੱਥੇਦਾਰ ਸਾਹਿਬ, ਤੁਸੀਂ ਮੇਹਰਬਾਨੀ ਕਰਕੇ ਨਾ ਬੋਲੋ। (ਸ਼ੋਰ) (The hon. Member Jathedar Dasondha Singh should not speak.)

ਜੱਥੇਦਾਰ ਦਸੌਂਧਾ ਸਿੰਘ : ਇਹ ਮਨਿਸਟਰ ਹੋ ਕੇ ਨਹੀਂ ਹਟਦੇ ਤਾਂ ਸਾਨੂੰ ਕੀ ਕਹਿੰਦੇ ਹੋ ?

ਆਵਾਜ਼ਾਂ : ਰੀਕਾਰਡ ਵੇਖ ਲਉ।

(ਇਸ ਸਮੇਂ ਸ਼੍ਰੀ ਸਪੀਕਰ ਨੇ ਸਬੰਧਤ ਰਿਪੋਰਟਰ ਨੂੰ ਬੁਲਾ ਕੇ ਰੀਕਾਰਡ ਵੇਖਿਆ।)

ਸ਼੍ਰੀ ਸਪੀਕਰ : ਮੈਂ ਰੀਕਾਰਡ ਵੇਖਿਆ ਹੈ। ਇਸ ਵਿੱਚ ਜੱਥੇਦਾਰ ਦਸੌਂਧਾ ਸਿੰਘ ਨੇ ਇਹ ਕਿਹਾ ਹੈ "ਇਹ ਸਾਰੇ ਪੰਜਾਬ ਵਿੱਚ ਲਾਠੀ ਚਾਰਜ ਕਰ ਰਹੇ ਹਨ। ਇਹ ਮੈਂ, ਇਹੋ ਜਿਹੀ ਵਜ਼ਾਰਤ ਨੂੰ ਮੈਂ ਜੁੱਤੀ ਮਾਰਦਾ ਹਾਂ।" ਉਧਰੋਂ ਕਿਸੇ ਨੇ ਕੁਝ ਨਹੀਂ ਕਿਹਾ। (I have gone through the record. In it Jatheder Dasondha Singh has said, "the Government are resorting to lathi-charge throughout the State and I kick such ministership. From the other side no body has said anything.)

ਆਵਾਜ਼ਾਂ : ਜੱਥੇਦਾਰ ਸਾਹਿਬ ਨੂੰ ਫੇਰ ਪੁਛ ਲਉ।

ਸ਼੍ਰੀ ਸਪੀਕਰ : ਜੋ ਕੁਝ ਰੀਕਾਰਡ ਵਿੱਚ ਲਿਖਿਆ ਹੈ ਉਹ ਮੈਂ ਸੁਣਾ ਦਿੱਤਾ ਹੈ। ਇਸ ਵਿੱਚ ਮੈਂ ਕੋਈ ਲਫ਼ਜ਼ ਚੇਂਜ ਨਹੀਂ ਕੀਤਾ। (I have read out what has been noted in the record. I have not changed a word in it.)

ਜੱਥੇਦਾਰ ਦਸੌਂਧਾ ਸਿੰਘ : ਸਪੀਕਰ ਸਾਹਿਬ, ਮੇਰੇ ਨਾਲ ਬੇਇਨਸਾਫ਼ੀ ਕਿਉਂ ਹੋਵੇ ? ਮੇਰੀ ਸਾਰੀ ਗੱਲ ਸੁਣੀ ਜਾਵੇ।

ਸ਼੍ਰੀ ਲਾਲ ਚੰਦ ਸੱਬਰਵਾਲ : ਸਪੀਕਰ ਸਾਹਿਬ, ਜੋ ਕੁਝ ਤੁਸੀਂ ਦੱਸਿਆ ਹੈ ਇਹ ਜੇਕਰ ਆਪਨੇ ਆਪ ਵੀ ਸੁਣਿਆ ਹੈ ਤਾਂ ਠੀਕ ਹੈ ਔਰ ਅਗਰ ਨਹੀਂ ਸੁਣਿਆ ਤਾਂ ਜੋ ਕੁਝ ਮੈਂਬਰ ਸਾਹਿਬ ਕਹਿਣਾ ਚਾਹੁੰਦੇ ਹਨ ਉਹ ਸੁਣ ਲਉ ਕਿਉਂਕਿ ਮੈਂਬਰ ਨੂੰ ਕੁਰੈਕਟ ਕਰਨ ਦਾ ਹੱਕ ਹੈ। ਉਸ ਨੂੰ ਇਹ ਕਹਿਣ ਦਾ ਹੱਕ ਹੈ ਕਿ ਇਹ ਗੱਲ ਗ਼ਲਤ ਹੈ, ਇਹ ਗੱਲ ਨਹੀਂ ਹੋਈ। ਵੈਸੇ ਵੀ ਪ੍ਰੋਸੀਡਿੰਗਜ਼ ਮੈਂਬਰ ਸਾਹਿਬਾਨ ਦੇ ਕੋਲ ਕੁਰੈਕਸ਼ੰਨਜ਼ ਕਰਨ ਲਈ ਜਾਂਦੀਆਂ ਹਨ ਔਰ ਅਗਰ ਕੋਈ ਗੱਲ ਗਲਤ ਹੋਵੇ ਤਾਂ ਉਹ ਕੁਰੈਕਟ ਕਰ ਸਕਦੇ ਹਨ।

ਸ਼੍ਰੀ ਸਪੀਕਰ : ਸੱਬਰਵਾਲ ਸਾਹਿਬ, ਤੁਸੀਂ ਬੜੇ ਲਾਇਕ ਔਰ ਕਾਬਿਲ ਮੈਂਬਰ ਹੋ। ਕੀ ਅਜਿਹੇ ਲਫ਼ਜ਼ ਇਸਤੇਮਾਲ ਕਰਨਾ ਠੀਕ ਹੈ ? ਕੀ ਇਸ ਤਰ੍ਹਾਂ ਕਰਨ ਨਾਲ ਹਾਊਸ ਦੀ ਡਿਗਨਿਟੀ ਰਹਿ ਜਾਂਦੀ ਹੈ। ਔਰ ਫਿਰ ਉਸ ਗੱਲ ਨੂੰ ਡੀਫੈਂਡ ਕਰਨਾ ਇਸ ਨਾਲ ਤਾਂ ਮੈਨੂੰ ਹੋਰ ਵੀ ਅਫ਼ਸੋਸ ਹੁੰਦਾ ਹੈ। ਇਥੇ ਜਿਹੜੇ ਲਿਖਣ ਵਾਲੇ ਹਨ ਉਹ ਬਿਲਕੁਲ ਹਰਫ਼ ਬ ਹਰਫ਼ ਲਿਖਦੇ ਹਨ। ਇਥੇ ਰੀਕਾਰਡ ਵਿੱਚ ਲਿਖਿਆ ਹੈ ਕਿ ਜਦੋਂ ਤੁਸੀਂ ਬਾਹਰ ਜਾਣ ਦਾ ਵਾਕ-ਆਊਟ ਕਰਨ ਦਾ ਫ਼ੈਸਲਾ ਕੀਤਾ ਉਸ ਵਕਤ ਜੱਥੇਦਾਰ ਸਾਹਿਬ ਨੇ ਕਿਹਾ ਕਿ ਇਹ ਸਾਰੇ ਪੰਜਾਬ ਵਿੱਚ ਲਾਠੀ ਚਾਰਜ ਕਰ ਰਹੇ ਹਨ ਔਰ ਇਹ ਕਿਹਾ ਕਿ ਮੈਂ ਅਜਿਹੀ ਵਜ਼ਾਰਤ ਨੂੰ ਮੈਂ ਜੁੱਤੀ ਮਾਰਦਾ ਹਾਂ। (The hon. Member Shri Lal Chand Suberwal is an old parliamentarian. Is it

[ਸ੍ਰੀ ਸਪੀਕਰ]

proper to use such words and does it uphold the dignity of the House ? And then to defend that statement is all the more regretful. The reporters take down speeches verbatim. It is on record that when the hon. Members of the Opposition decided to stage a walk-out, Jathedar Dasondha Singh said that the Government are resorting to lathi-charge throughout the State and that he kicks such ministership.)

ਜੱਥੇਦਾਰ ਦਸੌਂਧਾ ਸਿੰਘ : ਇਹ ਬਿਲਕੁਲ ਗ਼ਲਤ ਹੈ । (ਸ਼ੋਰ)

(ਇਸ ਸਮੇਂ ਕਈ ਮੈਂਬਰ ਸਾਹਿਬਾਨ ਪੁਆਇੰਟ ਆਫ਼ ਆਰਡਰ ਤੇ ਖੜ੍ਹੇ ਹੋਏ ।)

ਮੁੱਖ ਮੰਤਰੀ : ਜੋ ਗੱਲ ਮਗਰੋਂ ਕਰਨੀ ਹੈ ਉਹ ਤੁਸੀਂ ਚੈਂਬਰ ਵਿਚ ਜਾ ਕੇ ਕਰ ਲਉ ।

ਜੱਥੇਦਾਰ ਦਸੌਂਧਾ ਸਿੰਘ : ਸਪੀਕਰ ਸਾਹਿਬ, ਮੈਨੂੰ ਗੱਲ ਸਾਫ਼ ਕਰਨ ਦਾ ਟਾਈਮ ਦਿੱਤਾ ਜਾਵੇ । ਮੈਂ ਆਪਣੀ ਗੱਲ ਦੱਸਣਾ ਚਾਹੁੰਦਾ ਹਾਂ । ਸਾਰੀ ਜਨਤਾ ਨੇ ਗੱਲ ਸੁਣੀ ਹੈ ।

ਸ੍ਰੀ ਸਪੀਕਰ : ਜੱਥੇਦਾਰ ਸਾਹਿਬ, ਤੁਸਾਂ ਜੋ ਵੀ ਗੱਲ ਕਰਨੀ ਹੈ ਉਹ ਮੇਰੇ ਨਾਲ ਹੁਣ ਮਰੇ ਚੈਂਬਰ ਵਿਚ ਕਰ ਲਉ। ਉਥੇ ਆ ਜਾਣਾ ਔਰ ਉਥੇ ਹੀ ਸੁਣਾ ਲੈਣਾ । ਇਥੇ ਇਕ ਫ਼ੈਸਲਾ ਕਰ ਦਿੱਤਾ ਗਿਆ ਹੈ । ਉਸ ਵੇਲੇ ਤਾਂ he went away, If he wanted to give any explanation, he should have stayed here. ਹੁਣ ਮੈਂ ਜਥੇਦਾਰ ਸਾਹਿਬ ਦੀ ਸੇਵਾ ਵਿਚ ਬੇਨਤੀ ਕਰਦਾ ਹਾਂ ਕਿ ਉਹ ਤਸ਼ਰੀਫ਼ ਲੈ ਜਾਣ । ਉਹ ਉਥੇ ਚੈਂਬਰ ਵਿਚ ਆ ਜਾਣ ਔਰ ਮੈਂ ਉਥੇ ਹੀ ਉਨ੍ਹਾਂ ਦੀ ਗੱਲ ਸੁਣ ਲਵਾਂਗਾ । (I would request the hon. Member, Jathedar Dasondha Singh to see me in my Chamber if he has to say anything. There, I shall listen to him. Here a decision has been taken. At that time he went away. If he wanted to give any explanation he should have stayed here. Now I would request Jathedar Sahib to leave the House. He should come to me in my Chamber, I shall listen to him there.)

ਸ੍ਰੀ ਮਨਮੋਹਨ ਕਾਲੀਆ : ਸਪੀਕਰ ਸਾਹਿਬ, ਸਵਾਲ ਇਹ ਹੈ ਕਿ ਕਿਸੇ ਨੇ ਉਧਰੋਂ ਉਨ੍ਹਾਂ ਦੀ ਜ਼ਮੀਰ ਨੂੰ ਚੈਲੇਂਜ ਕੀਤਾ—ਉਧਰੋਂ ਕਿਸੇ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਆਪਣੀ ਪਾਰਟੀ ਛਡ ਕੇ ਦੂਸਰੇ ਪਾਸੇ ਆ ਜਾਵੇ । (ਸ਼ੋਰ)

ਸ੍ਰੀ ਸਪੀਕਰ : ਆਰਡਰ, ਆਰਡਰ । ਦੇਖੋ ਜੀ, ਇਹ ਤਾਂ ਆਫਟਰ-ਥਾਟ ਹੈ । ਇਹ ਗਲ ਲਿਖਤ ਵਿੱਚ ਕੋਈ ਨਹੀਂ ਆਈ । ਜੇ ਕੋਈ ਗੱਲ ਆਈ ਹੁੰਦੀ ਤਾਂ ਮੈਂ ਦੱਸ ਦਿੰਦਾ । (ਸ਼ੋਰ) ਮੈਂ ਤੁਹਾਡੇ ਵਿਚੋਂ ਇਕ ਕਮੇਟੀ ਮੁਕੱਰਰ ਕਰ ਦਿੰਦਾ ਹਾਂ ਤੁਸੀਂ ਆਪ ਜਾ ਕੇ ਅਗਜ਼ਾਮਿਨ ਕਰ ਲਉ । ਮੈਂ ਦੋ ਆਦਮੀ ਮੁਕੱਰਰ ਕਰ ਦਿੰਦਾ ਹਾਂ । ਤੁਸੀਂ ਵੇਖ ਲਉ । ਅਗਰ ਇਹ ਚੀਜ਼ ਰੀਕਾਰਡ ਵਿਚ ਆਈ ਹੈ ਤਾਂ ਮੈਂ ਬੜੀ ਖ਼ੁਸ਼ੀ ਦੇ ਨਾਲ ਫੈਸਲਾ ਰਿਵਿਊ ਕਰਨ ਲਈ ਤਿਆਰ

ਹਾਂ ਔਰ ਅਗਰ ਨਹੀਂ ਆਈ ਤਾਂ ਰਿਵਿਊ ਕਰਨ ਲਈ ਤਿਆਰ ਨਹੀਂ । (Order please. It is an after-thought. This thing is not on record. Had there been anything I would have stated (*Noise*). I would appoint a Committee of the hon. Members and they can examine the record. I would nominate two hon. Members who can see to it. If this thing is on record I would be willing to review my decision and if it is not on record I am not prepared to review the decision).

ਸ਼੍ਰੀ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਸਾਡੇ ਪਾਸਿਉਂ ਕਦੇ ਵੀ ਕੋਈ ਗਲਤ ਗੱਲ ਨੂੰ ਡੀਫੈਂਡ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ ਤੇ ਨਾਂ ਹੀ ਅਗਾਂਹ ਨੂੰ ਕਰਾਂਗੇ । (ਵਿਘਨ)

ਮੁੱਖ ਮੰਤਰੀ : ਹੁਣ ਵੀ ਨਹੀਂ ਡੀਫੈਂਡ ਕਰ ਰਹੇ ? (ਵਿਘਨ)

ਸ਼੍ਰੀ ਸਪੀਕਰ : ਮੈਂ ਗੋਰਮੈਂਟ ਬੈਂਚਾਂ ਨੂੰ ਵੀ ਕਹਾਂਗਾ ਕਿ ਉਹ ਜੇਕਰ ਜ਼ਰਾ ਚੁਪ ਰਹਿਣ ਤਾਂ ਚੰਗਾ ਹੋਵੇਗਾ। (I would ask the Treasury Benches also that it would be better if they keep quiet.)

ਸ਼੍ਰੀ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਸ ਵਿਚ ਬੜਾ ਅਹਿਮ ਮਸਲਾ ਇਨਵਾਲਵਡ ਹੈ । ਪਹਿਲੀ ਗੱਲ ਤਾਂ ਇਹ ਹੈ ਕਿ ਜੋ ਕੁਝ ਵੀ ਮੈਂਬਰ ਸਾਹਿਬਾਨ ਇਥੇ ਕਹਿੰਦੇ ਹਨ ਉਹ ਸਬੰਧਤ ਮੈਂਬਰ ਪਾਸ ਜਾਂਦਾ ਹੈ ਤਾਂਕਿ ਜੇਕਰ ਕੋਈ ਵੀ ਕੁਰੈਕਸ਼ਨ ਕਰਨੀ ਹੋਵੇ ਤਾਂ ਕਰ ਸਕਦਾ ਹੈ । ਲਿਖਣ ਵਾਲੇ ਰੀਪੋਰਟਰ ਵੀ ਤਾਂ ਆਖਰ ਹਿਊਮਨਬੀਇੰਗਜ਼ ਹਨ ਅਤੇ ਚਵ੍ਹਾਂ ਪਾਸਿਆਂ ਤੋਂ ਜੇਕਰ ਰੌਲਾ ਪੈ ਰਿਹਾ ਹੋਵੇ ਤਾਂ ਕੋਈ ਵੱਡੀ ਗੱਲ ਨਹੀਂ ਕਿ ਇਨ੍ਹਾਂ ਨੇ ਕੋਈ ਲਫਜ਼ ਮਿਸ ਕੀਤੇ ਹੋਣ ਜਾਂ ਉਨ੍ਹਾਂ ਨੂੰ ਮਿਸ ਇੰਟਰਪਰੈਟ ਕੀਤਾ ਹੋਵੇ ; ਤੇ ਜੇਕਰ ਦਲੀਲ ਦੀ ਖਾਤਰ ਇਹ ਮੰਨ ਲਿਆ ਜਾਵੇ ਕਿ ਇਨ੍ਹਾਂ ਨੇ ਇਹ ਲਫਜ਼ ਲਿਖੇ ਨੇ ਜਿਹੜੇ ਜੱਥੇਦਾਰ ਦਸੌਂਧਾ ਸਿੰਘ ਨੇ ਕਹੇ ਹਨ ਤਾਂ ਇਹ ਗੱਲ ਉਨ੍ਹਾਂ ਨੇ ਰੀਟਾਰਟ ਤੇ ਤੌਰ ਤੇ ਕਹੀ ਹੋਣੀ ਹੈ । (ਵਿਘਨ) ਨਹੀਂ ਤਾਂ ਅਜਿਹਾ ਕੋਈ ਮੌਕਾ ਤਾਂ ਹੈ ਨਹੀਂ ਸੀ ਕਿ ਇਹ ਕਹਿ ਦੇਣ ਕਿ ਮੈਂ ਇਸ ਸਰਕਾਰ ਨੂੰ ਜੁੱਤੀ ਮਾਰਦਾ ਹਾਂ । ਇਨ੍ਹਾਂ ਨੂੰ ਜਦ ਪ੍ਰੋਵੋਕ ਕੀਤਾ ਗਿਆ ਤਾਂ ਇਨ੍ਹਾਂ ਨੇ ਇਹ ਗਲ ਆਖੀ ਹੋਣੀ ਹੈ । ਫਿਰ ਦੂਜੀ ਗੱਲ ਇਹ ਹੈ ਕਿ ਖ਼ੁਦ ਮੈਂਬਰ ਉਠ ਕੇ ਇਥੇ ਕਹਿੰਦਾ ਹੈ ਕਿ ਮੈਂ ਇਹ ਗਲ ਨਹੀਂ ਕਹੀ ਅਤੇ ਅਸਲ ਗੱਲ ਇਹ ਹੈ । ਇਸ ਲਈ ਉਨ੍ਹਾਂ ਦੀ ਇਸ ਗੱਲ ਨੂੰ ਰੀਕਨਸਿਡਰ ਕਰ ਲੈਣਾ ਚਾਹੀਦਾ ਹੈ । ਤੁਸੀਂ ਉਸ ਵੇਲੇ ਇਹ ਆਰਡਰ ਕਰ ਦਿਤਾ ਕਿ ਸੱਤ ਦਿਨਾਂ ਲਈ ਬਾਹਰ ਚਲੇ ਜਾਉ । ਇਸ ਦੇ ਬਾਰੇ ਵਿਚ ਮੈਂ ਪ੍ਰਾਰਥਨਾ ਕਰਦਾ ਹਾਂ ਕਿ ਰੂਲ ਦੇ ਮੁਤਾਬਿਕ ਤਾਂ ਇਹ ਚਾਹੀਦਾ ਹੈ ਕਿ ਸਭ ਤੋਂ ਪਹਿਲਾਂ ਕਿਸੇ ਮੈਂਬਰ ਨੂੰ ਤੁਸੀਂ ਨੇਮ ਕਰੋ । ਪਰ ਜਿਥੇ ਤਕ ਮੇਰਾ ਖਿਆਲ ਹੈ ਰੂਲਜ਼ ਅਨੁਸਾਰ ਤੁਹਾਨੂੰ ਇਹ ਇਖਤਿਆਰ ਨਹੀਂ ਕਿ ਤੁਸੀਂ ਆਪਣੇ ਆਪ ਸੱਤ ਦਿਨਾਂ ਵਾਸਤੇ ਕਿਸੇ ਮੈਂਬਰ ਨੂੰ ਬਾਹਰ ਚਲੇ ਜਾਣ ਦਾ ਹੁਕਮ ਦਿਉ ਜਦ ਤਕ ਕਿ ਉਸ ਦੇ ਮੁਤਾਲਿਕ ਬਾਕਾਇਦਾ ਮੋਸ਼ਨ ਹਾਊਸ ਵਿਚ ਨਾ ਆਵੇ ਅਤੇ ਉਹ ਕੈਰੀ ਨਾ ਹੋ ਜਾਵੇ । ਇਹ ਇਖਤਿਆਰ ਹਾਊਸ ਦਾ ਹੈ (ਵਿਘਨ)

ਕੁਝ ਮਾਨਯੋਗ ਮੈਂਬਰ : ਉਨ੍ਹਾਂ ਨੂੰ ਮੋਸ਼ਨ ਨਾਲ ਹੀ ਬਾਹਰ ਕਢੇ ਜਾਣ ਦਾ ਹੁਕਮ ਕੀਤਾ ਗਿਆ ਹੈ । ਇਹ ਹਾਊਸ ਨੇ ਹੀ ਕੀਤਾ ਹੈ । (ਵਿਘਨ)

ਸ੍ਰੀ ਸੱਤ ਪਾਲ ਡਾਂਗ : ਇਹ ਪਹਿਲਾਂ ਸਪੀਕਰ ਸਾਹਿਬ ਨੇ ਕੀਤਾ ਹੈ ਹਾਊਸ ਨੇ ਪਹਿਲਾਂ ਆਰਡਰ ਨਹੀਂ ਪਾਸ ਕੀਤਾ। (ਵਿਘਨ) ਸਪੀਕਰ ਸਾਹਿਬ ਨੂੰ ਇਖਤਿਆਰ ਨਹੀਂ ਇਸ ਤਰ੍ਹਾਂ ਦਾ ਆਰਡਰ ਪਾਸ ਕਰਨ ਦਾ। (ਵਿਘਨ)।

ਸ੍ਰੀ ਸਪੀਕਰ : ਇਹ ਤਾਂ ਲੀਡਰ ਆਫ ਦੀ ਹਾਊਸ ਨੇ ਪ੍ਰੋਪੋਜ਼ ਕੀਤਾ ਅਤੇ ਹਾਊਸ ਨੇ ਐਗਰੀ ਕੀਤਾ। (It was proposed by the Leader of the House and the House agreed to it.)

ਸ੍ਰੀ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰੀ ਅਰਜ਼ ਐਨੀ ਹੈ ਕਿ ਕਿਉਂਕਿ ਪਹਿਲਾਂ ਤੁਸੀਂ ਆਰਡਰ ਪਾਸ ਕਰ ਦਿਤਾ ਸੀ ਫਿਰ ਚੀਫ ਮਨਿਸਟਰ ਸਾਹਿਬ ਨੇ ਮੂਵ ਕੀਤਾ ਇਸ ਲਈ ਇਸ ਆਰਡਰ ਨੂੰ ਰੀਵਿਊ ਕਰ ਲਿਆ ਜਾਵੇ। (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਨਿਹਾਇਤ ਅਦਬ ਨਾਲ........(ਵਿਘਨ)

Shri Satya Pal Dang : Mr. Speaker, I was on my legs. I must have my say (*Interruptions*)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਨਿਹਾਇਤ ਅਦਬ ਨਾਲ ਇਹ ਬੇਨਤੀ ਕਰਦਾ ਹਾਂ ਅਤੇ ਦੋਹਾਂ ਪਾਸਿਆਂ ਦੇ ਮੈਂਬਰਾਂ ਪਾਸ ਅਪੀਲ ਕਰਦਾ ਹਾਂ ਕਿ ਹਾਊਸ ਦੀ ਕਾਰਵਾਈ ਨੂੰ ਚਲਾਣ ਦੇਣਾ ਚਾਹੀਦਾ ਹੈ। (ਵਿਘਨ)

ਇਕ ਮਾਨਯੋਗ ਮੈਂਬਰ : ਤੁਸੀਂ ਬੜਾ ਚਲਾਣ ਦੇ ਰਹੇ ਹੋ।

ਮੁੱਖ ਮੰਤਰੀ : ਮੈਂ, ਸਪੀਕਰ ਸਾਹਿਬ, ਅਰਜ਼ ਕਰਦਾ ਹਾਂ ਕਿ ਇਸ ਸਾਰੇ ਹਾਊਸ ਨੂੰ ਡਿਸਟਰਬ ਕਰਨ ਦਾ ਕਾਰਣ ਤਾਂ ਤੁਹਾਨੂੰ ਪਤਾ ਹੀ ਹੈ। ਜੋ ਫੈਸਲਾ ਜਨਾਬ ਨੇ ਦਿਤਾ ਹੈ, ਜਿੰਨੀ ਦੇਰ ਤਕ ਉਸ ਦੀ ਇੰਪਲੀਮੈਂਟੇਸ਼ਨ ਨਹੀਂ ਕੀਤੀ ਜਾਂਦੀ ਇਹ ਹਾਊਸ ਦੀ ਤੌਹੀਨ ਹੈ। ਹਾਊਸ ਦਾ ਫੈਸਲਾ ਹੈ ਇਸ ਲਈ ਉਸ ਫੈਸਲੇ ਨੂੰ ਮਨਵਾਇਆ ਜਾਵੇ। ਇਸ ਲਈ ਮੈਂ ਕਹਾਂਗਾ ਕਿ ਆਪਣਾ ਫੈਸਲਾ ਦੇਣ ਤੋਂ ਪਹਿਲਾਂ ਜਿੰਨਾ ਟਾਈਮ ਤੁਸੀਂ ਚਾਹੋ ਲੈ ਲਉ, ਵਕਤ ਲਗਾ ਦਿਉ, ਮੈਂਬਰਾਨ ਨੂੰ ਸੁਣ ਲਉ, ਪਰ ਫੈਸਲਾ ਦੇਣ ਤੋਂ ਬਾਦ ਇਹ ਤੁਹਾਡਾ ਫਰਜ਼ ਬਣ ਜਾਂਦਾ ਹੈ ਕਿ ਉਸ ਫੈਸਲੇ ਨੂੰ ਮਨਵਾਉ। ਉਸ ਫੈਸਲੇ ਤੇ ਪੂਰੀ ਤਰ੍ਹਾਂ ਨਾਲ ਅਮਲ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਤਾਂ ਨਥਿੰਗ ਵਿਲ ਕਮ ਆਊਟ। ਇਸ ਨੂੰ ਹੋਰ ਡੀਨੇਅ ਨਹੀਂ ਕੀਤਾ ਜਾ ਸਕਦਾ ਤਾਕਿ ਹਾਊਸ ਦੀ ਕਾਰਵਾਈ ਚਲੇ। ਮੈਂ ਜ਼ਾਤੀ ਤੌਰ ਤੇ ਇਹ ਨਹੀਂ ਚਾਹੁੰਦਾ ਕਿ ਕਿਸੇ ਮੈਂਬਰ ਨੂੰ ਸੱਤ ਦਿਨਾਂ ਲਈ ਸਭਾ ਦੀ ਕਾਰਵਾਈ ਵਿਚ ਹਿੱਸਾ ਲੈਣ ਤੋਂ ਮਹਿਰੂਮ ਕਰ ਦਿਤਾ ਜਾਵੇ। ਉਨ੍ਹਾਂ ਨੇ ਆਪਣੇ ਹਲਕੇ ਦੀਆਂ ਤਕਲੀਫਾਂ ਸਰਕਾਰ ਸਾਹਮਣੇ ਰਖਣੀਆਂ ਹਨ, ਉਨ੍ਹਾਂ ਦਾ ਰਾਈਟ ਹੈ ਅਤੇ ਉਨ੍ਹਾਂ ਨੇ ਆਪਣੀ ਪਾਰਟੀ ਦਾ ਵਿਊ ਦੇਣਾ ਹੁੰਦਾ ਹੈ ਪਰ ਕਿਉਂਕਿ ਹਾਊਸ ਨੇ ਐਗਰੀ ਕੀਤਾ ਹੈ ਇਸ ਲਈ ਇਸ ਫੈਸਲੇ ਨੂੰ ਅਮਲ ਵਿਚ ਲਿਆਣਾ ਚਾਹੀਦਾ ਹੈ। (ਵਿਘਨ)

ਸਰਦਾਰ ਗੁਰਚਰਨ ਸਿੰਘ : ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਜਥੇਦਾਰ ਦਸੌਂਧਾ ਸਿੰਘ ਨੇ ਅਜ ਤਕ ਕੋਈ ਅਜਿਹੀ ਗਲ ਨਹੀਂ ਕੀਤੀ ਜਿਸ ਨਾਲ ਕਿ ਹਾਊਸ ਦੇ ਵਕਾਰ ਨੂੰ ਧਕਾ ਲਗੇ। ਉਹ ਇਥੇ ਕੱਲੇ ਰਹਿ ਗਏ ਸੀ। ਇੱਥੇ ਤੁਸੀਂ ਵੇਖਿਆ ਹੈ ਕਿ ਬੈਠੇ ਬੈਠੇ ਆਪਸ ਵਿਚ ਮੈਂਬਰਾਂ ਦੇ ਗੱਲਾਂ ਕਰਨ ਦਾ ਰਿਵਾਜ ਜਿਹਾ ਪੈ ਗਿਆ ਹੈ। ਇਸ ਲਈ ਜਿੰਨਾਂ ਚਿਰ ਤਕ ਕੋਈ ਪ੍ਰੋਵੋਕੇਸ਼ਨ ਇਨ੍ਹਾਂ ਸਰਕਾਰੀ ਬੈਂਚਾਂ ਵਲੋਂ ਨਹੀਂ ਆਈ ਇਨ੍ਹਾਂ ਨੇ ਕੋਈ ਗੱਲ ਨਹੀਂ ਕਹੀ।

ਇਸ ਲਈ ਇਹ ਸਾਹਮਣੇ ਬੈਠੇ ਆਪ ਹੀ ਉਠ ਕੇ ਦਲੇਰੀ ਨਾਲ ਕਹਿਣ ਕਿ ਅਸਾਂ ਇਹ ਕਿਹਾ ਸੀ ਤਾਂ ਜਥੇਦਾਰ ਦਸੌਂਧਾ ਸਿੰਘ ਨੇ ਇਸ ਤਰ੍ਹਾਂ ਰੀਟਾਰਟ ਕੀਤਾ ਹੈ । ਇਥੇ ਸੀ. ਅਮ. ਸਾਹਿਬ ਅਤੇ ਦੂਜੇ ਮਨਿਸਟਰ ਮੌਜੂਦ ਸੀ । ਇਸ ਲਈ ਮੈਂ ਸਮਝਦਾ ਹਾਂ ਕਿ ਬਾਰ-ਬਾਰ ਇਨ੍ਹਾਂ ਵਲੋਂ ਪ੍ਰੋਵੋਕੇਸ਼ਨ ਦਿਲਾਣ ਤੇ ਮੈਂਬਰ ਨੇ ਕੁਝ ਕਿਹਾ ਹੈ ਅਤੇ ਮੈਂਬਰ ਦੀ ਸੱਤ ਦਿਨਾਂ ਲਈ ਵਿਦਡਰਾਲ ਦਾ ਹੁਕਮ ਜਾਰੀ ਕਰ ਦਿਤਾ ਗਿਆ ਹੈ । ਇਸ ਦਾ ਹਲ ਇਹ ਹੈ ਕਿ ਜਿਨ੍ਹਾਂ ਮੈਂਬਰ ਸਾਹਿਬਾਨ ਨੇ ਇਨ੍ਹਾਂ ਨੂੰ ਪ੍ਰੋਵੋਕ ਕੀਤਾ ਹੈ ਉਹ ਆਪਣੇ ਲਫਜ਼ ਵਿਦਡਰਾ ਕਰਨ ਅਤੇ ਫਿਰ ਮੈਂਬਰ ਨੂੰ ਆਪਣੇ ਲਫਜ਼ ਵਿਦਡਰਾ ਕਰਨ ਲਈ ਕਿਹਾ ਜਾਵੇ । (ਵਿਘਨ)

ਵਿੱਤ ਮੰਤਰੀ : ਪਹਿਲਾਂ ਮੈਂਬਰ ਨੂੰ ਹਾਊਸ ਤੋਂ ਵਿਦਡਰਾ ਕੀਤਾ ਜਾਵੇ । (ਵਿਘਨ)

ਸਰਦਾਰ ਗੁਰਚਰਨ ਸਿੰਘ : ਇਥੇ ਉਸ ਵਕਤ ਕਾਫੀ ਸ਼ੋਰ ਸੀ ਅਤੇ ਕਈ ਮੈਂਬਰ ਬੋਲ ਰਹੇ ਸੀ ਇਸ ਲਈ ਇਸ ਗੱਲ ਨੂੰ ਮੁਕਾਇਆ ਇਸ ਤਰ੍ਹਾਂ ਜਾ ਸਕਦਾ ਹੈ ਕਿ ਜਿਨ੍ਹਾਂ ਮੈਂਬਰਾਂ ਨੇ ਜਥੇਦਾਰ ਦਸੌਂਧਾ ਸਿੰਘ ਨੂੰ ਪ੍ਰੋਵੋਕ ਕੀਤਾ ਹੈ ਉਹ ਆਪਣੇ ਲਫਜ਼ ਵਿਦਡਰਾ ਕਰਨ ਤਾਂ ਜੋ ਜਥੇਦਾਰ ਸਾਹਿਬ ਵੀ ਆਪਣੇ ਕਹੇ ਲਫਜ਼ ਵਾਪਸ ਲੈਣ ।

ਸ੍ਰੀ ਸਪੀਕਰ : ਤੁਹਾਡੀ ਸਪੀਚ ਤਾਂ ਹੋ ਚੁਕੀ ਹੈ । ਇਸ ਗੱਲ ਨੂੰ ਖਤਮ ਕਰਨਾ ਚਾਹੀਦਾ ਹੈ ਨਹੀਂ ਤਾਂ ਗਵਰਨਰ ਸਾਹਿਬ ਦੇ ਐਡਰੈਸ ਤੇ ਅਸੀਂ ਡਿਸਕਸ਼ਨ ਨਹੀਂ ਕਰ ਸਕਾਂਗੇ। ਅਸੀਂ ਬਹੁਤ ਲਾਂਭੇ ਜਾ ਰਹੇ ਹਾਂ । ਇਸ ਵਿਚ ਪ੍ਰੋਵੋਕੇਸ਼ਨ ਦੀ ਕੋਈ ਗੱਲ ਨਹੀਂ ਉਨ੍ਹਾਂ ਦੇ ਕਹੇ ਲਫਜ਼ ਬਿਲਕੁਲ ਸਪਸ਼ਟ ਹਨ ਕਿ ਸਾਰੇ ਪੰਜਾਬ ਵਿਚ ਲਾਠੀ ਚਾਰਜ ਹੋ ਰਿਹਾ ਹੈ ਇਸ ਲਈ ਮੈਂ ਐਸੀ ਵਜ਼ਾਰਤ ਨੂੰ ਜੁੱਤੀ ਮਾਰਦਾ ਹਾਂ (ਵਿਘਨ) (The hon. Member has delivered his speech. Now this matter should be closed, otherwise we will not be able to come to the discussion on the Governor's Address. We are going wide of the mark. There is no question of any provocation. His remarks are quite clear that since lathi charge is being resorted to throughout the State therefore, he kicks such ministership.) (*Interruption*)

ਸਰਦਾਰ ਜੰਗੀਰ ਸਿੰਘ ਫਗੂਵਾਲੀਆ : ਸਪੀਕਰ ਸਾਹਿਬ, ਤੁਸੀਂ ਜਥੇਦਾਰ ਦਸੌਂਧਾ ਸਿੰਘ ਨੂੰ ਸੁਣ ਤਾਂ ਲਉ । ਉਨ੍ਹਾਂ ਨੇ ਇਹ ਕਿਹਾ ਵੀ ਹੈ ਕਿ ਨਹੀਂ (ਵਿਘਨ) ।

ਸ੍ਰੀ ਸਪੀਕਰ : ਜਥੇਦਾਰ ਸਾਹਿਬ, ਤੁਸੀਂ ਕਿਸੇ ਤੋਂ ਪੁਛਦੇ ਗਿਛਦੇ ਵੀ ਹੋ ਜਾਂ ਨਹੀਂ ਕਿ ਬਿਨਾਂ ਇਜਾਜ਼ਤ ਦੇ ਉਠ ਕੇ ਬੋਲਣ ਲਗ ਪੈਂਦੇ ਹੋ । (The hon. Member rises and starts speaking without asking for permission to speak.)

ਸਰਦਾਰ ਜੰਗੀਰ ਸਿੰਘ ਫਗੂਵਾਲੀਆਂ : ਮੈਂ ਤਾਂ ਤੁਹਾਡਾ ਹੁਕਮ ਮੰਨਣ ਨੂੰ ਹਰ ਵਕਤ ਤਿਆਰ ਹਾਂ ਪਰ ਤੁਸੀਂ ਸਰਦਾਰ ਦਸੌਂਧਾ ਸਿੰਘ ਨੂੰ ਸੁਣ ਤਾਂ ਲਉ ।

ਸ੍ਰੀ ਸਪੀਕਰ : ਮੈਂ ਤੁਹਾਡੀ ਬਹੁਤ ਇੱਜ਼ਤ ਕਰਦਾ ਹਾਂ ਤੁਹਾਡੀਆਂ ਕੁਰਬਾਨੀਆਂ ਦੀ ਵਜ੍ਹਾ ਕਰਕੇ । ਮੈਂ ਇਹ ਕਹਿੰਦਾ ਹਾਂ ਕਿ ਜੋ ਕੁਛ ਜੱਥੇਦਾਰ ਦਸੌਂਧਾ ਸਿੰਘ ਨੇ ਕਹਿਣਾ ਹੈ ਮੈਨੂੰ ਚੈਂਬਰ ਵਿਚ ਆ ਕੇ ਦਸ ਦੇਣ । ਆਪਣੀ ਪੋਜ਼ੀਸ਼ਨ ਐਕਸਪਲੇਨ ਕਰ ਦੇਣ ਪਰ ਹੁਣ ਇਸ ਹਾਊਸ ਦੇ ਹੁਕਮ ਦੀ ਪਾਲਨਾ ਕਰਨ ਅਤੇ ਬਾਹਰ ਚਲੇ ਜਾਣ । ਫਿਰ ਅਸੀਂ ਸਾਰੀਆਂ ਪੋਜ਼ੀਸ਼ਨ ਨੂੰ ਦੇਖ

[ਸ਼੍ਰੀ ਸਪੀਕਰ]

ਲਵਾਂਗੇ। (I have great regard for the hon. Member Jathedar Phaguwalia for his sacrifices. I am saying that whatever Jathedar Dasondha Singh has to say he should come to me in my Chamber and explain his position but now he should abide by the decision of the House and leave the Chamber. Then we shall study the whole position.)

ਸਰਦਾਰ ਜੰਗੀਰ ਸਿੰਘ ਫਗੂਵਾਲੀਆ : ਸਪੀਕਰ ਸਾਹਿਬ, ਤੁਸੀਂ ਉਸ ਨੂੰ ਤਾਂ ਪੁਛ ਲਉ ਕਿ ਐਸੀ ਕੋਈ ਗੱਲ ਕਹੀ ਵੀ ਹੈ ਜਾਂ ਨਹੀਂ।

ਸਰਦਾਰ ਗੁਰਚਰਨ ਸਿੰਘ : ਆਨ ਏ ਪੁਆਇੰਟ ਆਫ ਆਰਡਰ ਸਰ। ਮੈਂ ਬਹੁਤੀਆਂ ਗੱਲਾਂ ਵਿਚ ਨਹੀਂ ਜਾਂਦਾ। ਏਥੇ ਸਰਦਾਰ ਪ੍ਰਕਾਸ਼ ਸਿੰਘ ਅਤੇ ਸਰਦਾਰ ਹਰਭਜਨ ਸਿੰਘ ਦੋਵੇਂ ਸੀਨੀਅਰ ਮੈਂਬਰ ਆਫ਼ ਦੀ ਹਾਊਸ ਬੈਠੇ ਹਨ। ਉਹ ਮਨਿਸਟਰ ਹਨ। ਪੁੱਛੋ ਉਨ੍ਹਾਂ ਨੇ ਕੀ ਗੱਲ ਕਹੀ ਸੀ ....(ਵਿਘਨ)

ਟਰਾਂਸਪੋਰਟ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਮਜੀਠਾ) : ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਗ਼ਲਤ ਬਿਆਨੀ ਨਹੀਂ ਕਰਨੀ ਚਾਹੀਦੀ। ਮੈਂ ਐਸੀ ਗੱਲ ਬਿਲਕੁਲ ਨਹੀਂ ਕਹੀ। (ਸ਼ੋਰ)

ਆਬਕਾਰੀ ਅਤੇ ਕਰ ਮੰਤਰੀ (ਸਰਦਾਰ ਹਰਭਜਨ ਸਿੰਘ) : ਸਪੀਕਰ ਸਾਹਿਬ, ਮੈਂ ਕੋਈ ਐਸੀ ਗੱਲ ਨਹੀਂ ਕਹੀ, ਉਨ੍ਹਾਂ ਨੇ ਗ਼ਲਤ ਕਿਹਾ ਹੈ। (ਸ਼ੋਰ)

(ਇਸ ਸਮੇਂ ਸ਼੍ਰੀ ਬਲਰਾਮਜੀ ਦਾਸ ਟੰਡਨ ਨੇ ਚੀਫ਼ ਮਨਿਸਟਰ ਵਲੋਂ ਮੰਤਰੀ ਨੂੰ ਕੁਝ ਕਹਿੰਦੇ ਵੇਖਿਆ)

ਸ਼੍ਰੀ ਬਲਰਾਮਜੀ ਦਾਸ ਟੰਡਨ : ਸਪੀਕਰ ਸਾਹਿਬ, ਇਹ ਇਕ ਬੜੀ ਆਬਜੈਕਸ਼ਨੇਬਲ ਗੱਲ ਹੈ ਕਿ ਜਦੋਂ ਇਕ ਆਦਮੀ ਜਵਾਬ ਦੇਣ ਲਈ ਖੜ੍ਹਾ ਹੈ ਤਾਂ ਫੇਰ ਚੀਫ ਮਨਿਸਟਰ ਸਾਹਿਬ ਉਸ ਨੂੰ ਕੀ ਸਮਝਾ ਰਹੇ ਹਨ ? ਇਹ ਤਾਂ ਨਹੀਂ ਦੱਸ ਰਹੇ ਕਿ ਤੁਹਾਡਾ ਜਵਾਬ ਇਸ ਤਰੀਕੇ ਨਾਲ ਆਉਣਾ ਚਾਹੀਦਾ ਹੈ। (ਵਿਘਨ)

श्री अ० विश्वनाथन : आन ए प्वायंट आफ आर्डर, सर। स्पीकर साहिब, हो सकता है कि अगर उधर से प्रोवोकेशन हुई तो कोई इधर से भी हुई हो। लेकिन अगर अनपार्लियामैंट्री अलफाज़ बोलनें के लिये किसी को एक हफता के लिये बाहर निकाला जाये तो यह मुनासब नहीं होगा। अगर आप अनपार्लियामैंट्री अलफाज समझते हैं कि किसी ने बोले हैं तो आप उन्हें एकसपंज कर दें, इतनी सख्त सज़ा नहीं होनी चाहिये।

ਸਰਦਾਰ ਗੁਰਮੀਤ ਸਿੰਘ : ਮੈਂ, ਸਪੀਕਰ ਸਾਹਿਬ, ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਵੈਸੇ ਤਾਂ ਦਫਤਰ ਦੀ ਸਹੂਲੀਅਤ ਲਈ, ਤੁਹਾਡੀ ਸਹੂਲੀਅਤ ਲਈ ਸਾਰੀਆਂ ਸਪੀਚਾਂ ਟੇਪ ਰੀਕਾਰਡ ਹੁੰਦੀਆਂ ਹਨ। ਪਰ ਮੈਂ ਕਮ ਅਜ਼ ਕਮ ਆਪਣੀਆਂ ਸਪੀਚਾਂ ਤੋਂ ਇਹ ਵਿਚਾਰ ਰਖਦਾ ਹਾਂ ਕਿ ਮੇਰੀ ਸਾਰੀ ਦੀ ਸਾਰੀ ਸਪੀਚ ਰੀਕਾਰਡ ਨਹੀਂ ਹੁੰਦੀ। ਇਹ ਚੀਜ਼ ਮੈਂ ਪਿਛਲੇ 10-12 ਸਾਲ ਤੋਂ ਵੇਖਦਾ ਆ ਰਿਹਾ ਹਾਂ। ਇਹ ਠੀਕ ਹੈ ਕਿ ਇਹ ਸਾਡੇ ਬੰਦੇ ਜਿਹੜੇ ਨੋਟ ਕਰਦੇ ਹਨ ਮੋਸਟ ਐਫੀਸ਼ੈਂਟ ਬੰਦੇ ਰੱਖੇ ਹੋਏ ਹਨ ਪਰ ਜੋ ਮੈਂ ਬੋਲਦਾ ਹਾਂ ਉਸ ਦਾ 60% ਰੀਕਾਰਡ ਹੁੰਦਾ ਹੈ— — —

ਮੁਖ ਮੰਤਰੀ : ਇਕ ਪਾਸੇ ਮੋਸਟ ਐਫੀਸ਼ੈਂਟ ਅਤੇ ਫੇਰ ਇਹ ਕਹਿੰਦੇ ਹੋ, ਕੀ ਗੱਲ ਹੋਈ ?

ਸਰਦਾਰ ਗੁਰਮੀਤ ਸਿੰਘ : ਸਪੀਕਰ ਸਾਹਿਬ, ਹਰ ਸਮੇਂ ਦੇ ਹਾਲਾਤ ਵੱਖਰੇ ਹੁੰਦੇ ਹਨ, ਕਦੇ ਕਿਧਰੋਂ ਸ਼ੋਰ ਹੁੰਦਾ ਹੈ, ਦੋ ਮੈਂਬਰ ਇਕ ਦਮ ਬੋਲਦੇ ਹਨ । ਇਕ ਪਾਸੇ ਤੋਂ ਤੁਸੀਂ ਰੋਕਦੇ ਹੋ ਦੂਸਰਾ ਬੋਲਦਾ ਜਾਂਦਾ ਹੈ । ਹੋਰ ਕਈ ਤਰ੍ਹਾਂ ਦੀਆਂ ਗੱਲਾਂ ਹੁੰਦੀਆਂ ਹਨ । ਮੈਂ ਮੰਨਦਾ ਹਾਂ, ਸਪੀਕਰ ਸਾਹਿਬ, ਸਾਰੀ ਦੀ ਸਾਰੀ ਗੱਲ ਨੋਟ ਨਹੀਂ ਕੀਤੀ ਜਾ ਸਕਦੀ । ਜਦੋਂ ਸਾਡੀਆਂ ਸਪੀਚਿਜ਼ ਆਉਂਦੀਆਂ ਹਨ ਅਸੀਂ ਕੁਰੈਕਟ ਕਰਦੇ ਹਾਂ । ਕਈ ਦਫ਼ਾ ਆਪਸ ਵਿਚ ਹਾਟ ਵਰਡਜ਼ ਵੀ ਐਕਸਚੇਂਜ ਹੁੰਦੇ ਹਨ, ਸਾਰੀ ਵਰਡਿੰਗ ਨਹੀਂ ਵੀ ਆ ਸਕਦੀ । ਹੋ ਸਕਦਾ ਹੈ ਕਿ ਗ਼ਲਤ ਰਿਪੋਰਟਿੰਗ ਹੋਵੇ ਜੋ ਕਹੇ ਵੀ ਗਏ ਹਨ ਤਾਂ ਉਹ ਵਾਪਸ ਹੋ ਸਕਦੇ ਹਨ । ਇਨ ਆਰਡਰ ਨਹੀਂ ਜਾਂ ਅਨਪਾਰਲੀਮੈਂਟਰੀ ਲਫਜ਼ ਸਨ ਜਿਹੜੇ ਐਕਸਪੰਜ ਵੀ ਹੋ ਸਕਦੇ ਸਨ । ਐਸਾ ਸਲੂਕ ਮੈਂ, ਸਪੀਕਰ ਸਾਹਿਬ, ਰਿਕੁਐਸਟ ਕਰਾਂਗਾ ਕਿ ਕਿਸੇ ਮੈਂਬਰ ਨਾਲ ਨਹੀਂ ਹੋਣਾ ਚਾਹੀਦਾ । ਆਨਰੇਬਲ ਮੈਂਬਰ ਸਰਦਾਰ ਦਸੋਂਧਾ ਸਿੰਘ ਨੂੰ ਮੌਕਾ ਦਿੱਤਾ ਜਾਵੇ ਕਿ ਉਹ ਇਕ ਮਿੰਟ ਲਈ ਪਹਿਲਾਂ ਆਪਣੀ ਪੁਜ਼ੀਸ਼ਨ ਕਲੀਅਰ ਕਰ ਦੇਣ, ਉਨ੍ਹਾਂ ਦੇ ਐਕਸਪਲੇਨੇਸ਼ਨ ਤੋਂ ਬਾਅਦ ਤੁਸੀਂ ਬੇਸ਼ਕ ਜੋ ਆਰਡਰ ਚਾਹੋ ਦੇ ਦੇਣਾ, ਐਕਸਪੰਜ ਕਰਨ ਦੇ ਜਾਂ ਕੋਈ ਹੋਰ, ਪਹਿਲਾਂ ਉਸ ਮੈਂਬਰ ਨੂੰ ਇਕ ਮਿੰਟ ਲਈ ਸੁਣ ਲਿਆ ਜਾਵੇ ।

आचार्य पृथ्वी सिंह आज़ाद : On a Point of Order, Sir, मैं निहायत अदब से गुज़ारिश करूंगा कि एक तरफ जैसे आनरेबल मैंबर साहिब ने यह प्ली ली कि रिपोर्टर्ज़ की रिपोर्टिंग ठीक नहीं हो सकी होगी, मैं आपकी तवज्जो उस आवाज़ पर दिलाना चाहता हूं जिस पर कि आप ने जत्थेदार साहिब को वापिस बुलाया था । यह रिकार्डिंग की बात नहीं यह कानों की शुनीदन बात है । मैं समझता हूं कि जब एक बार उस को हाऊस से बाहर निकाला गया तो मैंबर को हाऊस में बैठने की कोई गुंजायश नहीं है जब तक कि वह हाऊस से बाहर निकल नहीं जाता । वह उस वक्त तक अंदर आ नहीं सकता जब तक कि हाऊस उस को अंदर आने की इजाज़त न दे । मैं कहूंगा कि आप अपने आर्डर के तहत पहले उसे बाहर निकालने का हुकम दें, नहीं तो मैं यह समझता हूं कि आप खुद उस मर्यादा को, जो इस हाऊस की है, खुद भंग करवा रहे हैं । (शोर)

ਡਾਕਟਰ ਬਲਦੇਵ ਪ੍ਰਕਾਸ਼ : ਆਨ ਏ ਪੁਆਇੰਟ ਆਫ਼ ਆਰਡਰ, ਸਰ, ਸਪੀਕਰ ਸਾਹਿਬ, ਮੈਂ— — — —

ਸ੍ਰੀ ਸਪੀਕਰ : ਤੁਸੀਂ ਆਪਣਾ ਵਿਊ ਇਕ ਦਫ਼ਾ ਦੇ ਚੁਕੇ ਹੋ । ਮੈਂ ਬਾਰ–ਬਾਰ ਇਕੋ ਚੀਜ਼ ਨੂੰ ਕਹਿਣ ਲਈ ਬੋਲਣ ਦੀ ਇਜਾਜ਼ਤ ਨਹੀਂ ਦੇ ਸਕਦਾ । ਤੁਸੀਂ ਖ਼ੁਦ ਵੇਖ ਲਵੋ ਕਿ ਅਸੀਂ ਹੁਣ ਤੱਕ ਏਜੰਡੇ ਦੇ ਮੁਤਾਬਿਕ ਕੀ ਕੀਤਾ ਹੈ । ਇਤਨਾ ਟਾਈਮ ਵੀ ਹੋ ਚੁਕਾ ਹੈ । ਇਸ ਗਵਰਨਰ ਦੇ ਐਡਰੈਸ ਤੇ ਬੋਲਣ ਲਈ ਤਿੰਨ ਦਿਨ ਫਿਕਸ ਕੀਤੇ ਸਨ ਪਰ ਅੱਜ ਦਾ ਦਿਨ ਖਾਹਮਖਾਹ ਬਹਿਸ ਦੇ ਵਿਚ ਜ਼ਾਇਆ ਕਰ ਦਿੱਤਾ ਹੈ । ਆਖਿਰ ਕਿਸੇ ਫੈਸਲੇ ਤੇ ਵੀ ਪਹੁੰਚਣਾ ਚਾਹੀਦਾ ਹੈ । (The hon. Member has already expressed his view-point. I cannot allow repetition of the same thing.

[ਸ਼੍ਰੀ ਸਪੀਕਰ]

The hon. Member can himself see how far we have proceeded with the business on the agenda. So much time has been spent. Three days were fixed for discussion on the Governor's Address but today the time has been wasted in unnecessary discussion. After all, we should arrive at some decision.)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਫੇਰ ਬਨਤੀ ਕਰਾਂਗਾ ਕਿ ਜ ਵੀ ਤੁਹਾਡਾ ਆਰਡਰ ਹੈ ਉਹ ਸਾਨੂੰ ਮਨਜ਼ੂਰ ਹੈ। ਅਸੀਂ ਚਾਹੁੰਦੇ ਹਾਂ ਕਿ ਬਹਿਸ ਦੇ ਵਿਚ ਵਕਤ ਜ਼ਾਇਆ ਨਹੀ ਹੋਣਾ ਚਾਹੀਦਾ, ਹਾਊਸ ਦੀ ਕਾਰਵਾਈ ਚਲਣੀ ਚਾਹੀਦੀ ਹੈ।

Mr. Speaker: A request can be made to him to move from the House.

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਇਸ ਹਾਊਸ ਦੇ ਵਿਚ ਮੇਰਾ ਇਹ ਪਹਿਲਾ ਮੌਕਾ ਹੈ ਇਹ ਵੇਖਣ ਦਾ ਕਿ ਕਿਸ ਤਰ੍ਹਾਂ ਦੀ ਟੈਨਸ਼ਨ ਕਰੀਏਟ ਹੋਈ ਹੈ। ਮੈਂ ਸਮਝਦਾ ਹਾਂ ਕਿ ਕਈ ਦਫਾ ਕੰਮ ਸਮੂਥਲੀ ਤਾਂ ਚਲਦਾ ਹੀ ਰਹਿੰਦਾ ਹੈ ਪਰ ਕਈ ਦਫਾ ਜਲਦ-ਬਾਜ਼ੀ ਦੇ ਵਿਚ ਟੈਨਸ਼ਨ ਕ੍ਰੀਏਟ ਹੋ ਜਾਂਦੀ ਹੈ। ਇਸ ਦਾ ਕਾਰਨ ਇਹ ਹੈ ਕਿ ਅੱਜ ਇਕ ਐਸਾ ਮੁਆਮਲਾ ਹੈ ਜਿਸ ਦੇ ਵਿਚ ਇਕ ਐਸਾ ਆਨਰੇਬਲ ਮੈਂਬਰ ਇਨਵਾਲਵਡ ਹੈ ਜਿਹੜਾ ਕਿ ਕਦੇ ਕਿਸੇ ਕੰਟਰੋਵਰਸੀ ਦੇ ਵਿਚ ਆਇਆ ਹੀ ਨਹੀਂ, ਉਹਦਾ ਨਾਂ ਕਿਸੇ ਮਿਸ-ਕੰਡਕਟ ਵਿਚ ਨਹੀਂ ਹੈ——

ਮੁੱਖ ਮੰਤਰੀ: ਉਹ ਬੋਲਿਆ ਕੀ ਹੈ, ਸੁਣਿਆ ਹੈ?

ਡਾਕਟਰ ਬਲਦੇਵ ਪ੍ਰਕਾਸ਼ : ਬੋਲਿਆ ਕੁਝ ਖਾਸ ਨਹੀਂ। ਮੈਂ ਅਰਜ਼ ਕਰ ਰਿਹਾ ਸੀ ਕਿ ਇਤਨਾ ਐਕਸਟ੍ਰੀਮ ਸਟੈਪ ਉਸ ਦੇ ਖਿਲਾਫ ਨਹੀਂ ਸੀ ਉਠਾਉਣਾ ਚਾਹੀਦਾ।

ਉਪ ਮੰਤਰੀ ਜੇਲ੍ਹ (ਸਰਦਾਰ ਕਰਨੈਲ ਸਿੰਘ ਮਰੜ੍ਹੀ) : ਹਾਂ ਜੀ, ਇਸ ਨੂੰ ਤਾਂ ਬੋਲਣਾ ਆਉਂਦਾ ਹੀ ਨਹੀਂ।

ਡਾਕਟਰ ਬਲਦੇਵ ਪ੍ਰਕਾਸ਼ : ਮੈਂ ਅਰਜ਼ ਕਰ ਰਿਹਾ ਸੀ ਕਿ ਐਸਾ ਐਕਸਟ੍ਰੀਮ ਸਟੈਪ ਤਾਂ ਉਦੋਂ ਉਠਾਇਆ ਜਾਂਦਾ ਹੈ ਜਦੋਂ ਕਿ ਕੋਈ ਮੈਂਬਰ ਰੀਪੀਟਿਡਲੀ ਵਾਰਨ ਕਰਨ ਤੋਂ ਬਾਅਦ ਵੀ ਬਾਜ਼ ਨਾ ਆਵੇ। ਇਕ ਪਾਸੇ ਮੈਂਬਰ ਦਾ ਇਹ ਕਹਿਣਾ ਹੈ ਕਿ ਮੈਨੂੰ ਉਧਰੋਂ ਰੀਟਾਰਟ ਕੀਤਾ ਗਿਆ ਤਦ ਉਸ ਨੂੰ ਇਹ ਕੁਝ ਕਹਿਣਾ ਪਿਆ। ਕਿਸੇ ਨੇ ਉਧਰੋਂ ਜਾਂ ਏਧਰੋਂ ਕੀ ਕਿਹਾ ਮੈਂ ਉਨ੍ਹਾਂ ਲਫਜ਼ਾਂ ਨੂੰ ਦੁਹਰਾਉਣਾ ਨਹੀਂ ਚਾਹੁੰਦਾ, ਕਿਤੇ ਐਵੇਂ ਗਲਤ ਫਹਿਮੀ ਕਰੀਏਟ ਨਾ ਹੋ ਜਾਵੇ। ਮੈਂ ਸਮਝਦਾ ਹਾਂ ਕਿ ਜੇ ਕੋਈ ਵੱਧ ਘਟ ਗੱਲ ਹੋਈ ਵੀ ਹੈ ਤਾਂ ਉਹ ਐਕਸਪੰਜ ਕਰਾਈ ਜਾ ਸਕਦੀ ਹੈ। ਨਹੀਂ ਤਾਂ ਸਰਦਾਰ ਲਛਮਣ ਸਿੰਘ ਗਿੱਲ, ਲੀਡਰ ਆਫ ਦੀ ਹਾਊਸ ਨੂੰ ਇਸ ਮੁਆਮਲੇ ਨੂੰ ਰੀਕਨਸਿਡਰ ਕਰਨ ਦੇ ਵਾਸਤੇ ਤੁਹਾਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ। ਮੈਂ ਹਾਊਸ ਦੀਆਂ ਪ੍ਰੋਸੀਡਿੰਗਜ਼ ਵਿਖਾ ਸਕਦਾ ਹਾਂ ਕਿ ਇਕ ਦਫਾ ਇਕ ਆਨਰੇਬਲ ਮੈਂਬਰ ਨੂੰ ਬਾਹਰ ਜਾਣ ਲਈ ਕਿਹਾ ਗਿਆ ਸੀ, ਉਸ ਨੂੰ ਬਾਹਰ ਕਢਣ ਵਾਸਤੇ ਮੂਵ ਕੀਤਾ ਗਿਆ ਪਰ ਉਹ ਅੰਦਰ ਹੀ ਰਿਹਾ,

ਬਾਹਰ ਨਹੀਂ ਗਆ। ਆਪ ਦੀ ਇਜਾਜ਼ਤ ਨਾਲ ਮੁਆਮਲਾ ਖਤਮ ਕੀਤਾ ਗਿਆ। ਮੈਂ ਕਹਾਂਗਾ ਕਿ ਬਾਹਰ ਕਢਣ ਦੇ ਨਾਲ ਇਹ ਮਸਲਾ ਹਲ ਨਹੀਂ ਹੋਣਾ। ਇਹ ਇਸ ਹਾਊਸ ਦੀ ਸ਼ਾਨ ਹੋਵੇਗੀ ਕਿ ਅਗਰ ਉਹ ਆਨਰੇਬਲ ਮੈਂਬਰ ਕਹਿੰਦਾ ਹੈ ਕਿ ਗਲਤ ਫ਼ਹਿਮੀ ਨਾਲ ਐਸੀ ਗੱਲ ਹੋਈ ਹੈ ਤਾਂ ਉਹ ਸ਼ਬਦ ਵਿਦਡਰਾ ਕਰਵਾਏ ਜਾ ਸਕਦੇ ਹਨ। ਇਸ ਨੂੰ ਇਸ ਤਰ੍ਹਾਂ ਨਹੀਂ ਲੈਣਾ ਚਾਹੀਦਾ।

ਸ੍ਰੀ ਸਪੀਕਰ : ਮੈਂ ਇਸ ਤੇ ਆਪਣੀ ਕੋਈ ਰਾਏ ਨਹੀਂ ਦੇਣਾ ਚਾਹੁੰਦਾ। ਮੇਹਰਬਾਨੀ ਕਰਕੇ ਕੋਈ ਮੈਂਬਰ ਇਸ ਤੇ ਹੋਰ ਕੋਈ ਗੱਲ ਕਰਨ ਦੀ ਤਕਲੀਫ ਨਾ ਕਰੇ। (I do not want to express my opinion on this point. No hon Member may please discuss this matter further.)

ਸਰਦਾਰ ਗੁਰਚਰਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਮੈਂ ਆਪ ਨੂੰ ਪਿਛਲੇ ਸੈਸ਼ਨ ਦੀ ਇਕ ਮੌਕੇ ਦੀ ਗਲ ਯਾਦ ਕਰਾਉਂਦਾ ਹਾਂ ਜਦੋਂ ਸਰਦਾਰ ਲਛਮਣ ਸਿੰਘ ਗਿੱਲ ਅਕਾਲੀ ਪਾਰਟੀ ਦੇ ਡਿਪਟੀ ਲੀਡਰ ਹੁੰਦੇ ਸਨ ਅਤੇ ਗਿਆਨੀ ਜ਼ੈਲ ਸਿੰਘ ਇਸ ਹਾਊਸ ਦੇ ਮੈਂਬਰ ਸਨ। ਉਸ ਵੇਲੇ, ਇਹ ਤਾਂ ਕੁਝ ਵੀ ਨਹੀਂ, ਇਨ੍ਹਾਂ ਨੂੰ ਪਤਾ ਹੈ ਕੀ ਗਿਆਨੀ ਜ਼ੈਲ ਸਿੰਘ ਨੂੰ ਕਿਹਾ ਸੀ ? ਇਹ ਹਾਊਸ ਦੇ ਰੀਕਾਰਡ ਵਿਚ ਮੌਜੂਦ ਹੈ, ਇਨ੍ਹਾਂ ਨੇ ਉਸ ਨੂੰ ਕਿੱਲੇ-ਘੜ ਕਿਹਾ ਸੀ ਜਿਹੜੇ ਕਿ ਇਨ੍ਹਾਂ ਤੋਂ ਵਿਦਡਰਾ ਕਰਾਏ ਸੀ। ਉਹ ਖ਼ੁਦ ਇਸ ਤਰ੍ਹਾਂ ਦੀਆਂ ਗੱਲਾਂ ਏਧਰ ਬੈਠੇ ਕਹਿੰਦੇ ਰਹੇ ਹਨ ਅਤੇ ਵਿਦਡਰਾ ਹੁੰਦੀਆਂ ਰਹੀਆਂ ਹਨ ......

Mr. Speaker: Please sit down. Sardar Gurcharan Singh either you sit down or I ask you to leave the House. This is not proper.

(*Thumping from the Treasury Benches.*)

ਸ੍ਰੀ ਸਪੀਕਰ : ਇਹ ਚੀਜ਼ ਠੀਕ ਨਹੀਂ। ਜੱਥੇਦਾਰ ਸਾਹਿਬ ਤਸ਼ਰੀਫ ਲੈ ਜਾਉ। ਇਹ ਚੀਜ਼ ਠੀਕ ਹੋਵੇਗੀ ਕਿ ਤੁਸੀਂ ਮੇਰੇ ਚੈਂਬਰ ਵਿਚ ਆਕੇ ਮੇਰੇ ਨਾਲ ਗੱਲ ਕਰੋ। ਅੱਜ ਤਾਂ ਮੈਂ ਤੁਹਾਨੂੰ ਬੈਠਣ ਦੀ ਆਗਿਆ ਨਹੀਂ ਦੇ ਸਕਦਾ। ਮੈਨੂੰ ਇਸ ਗੱਲ ਦੀ ਵੀ ਕੋਈ ਪ੍ਰਵਾਹ ਨਹੀਂ ਜੇ ਤੁਹਾਡੇ ਨਾਲ ਕੋਈ ਹੋਰ ਵੀ ਜਾਣਾ ਚਾਹੁੰਦਾ ਹੈ ਉਹ ਬੇਸ਼ਕ ਚਲਿਆ ਜਾਵੇ। (ਸ਼ੋਰ) (It is not proper. The hon. Member Jathedar Dasondha Singh should please withdraw from the House. It would be better if he discusses the matter in my Chamber. I cannot allow him to sit in the House today. I will not mind, if anybody else wants to accompany him he may also do so.)

ਜੱਥੇਦਾਰ ਦਸੌਂਧਾ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਅਗੇ ਦਰਖਾਸਤ ਕਰਾਂਗਾ ਕਿ ਤੁਸੀਂ ਮੇਰੀ ਜ਼ਰਾ ਗੱਲ ਸੁਣ ਲਉ ਕਿ ਮੈਂ ਕੀ ਕਿਹਾ।

ਸ੍ਰੀ ਸਪੀਕਰ : ਜੋ ਕੁਝ ਤੁਸੀਂ ਕਿਹਾ ਹੈ ਮੈਂ ਸੁਣਿਆ ਹੈ। (I have heard what the hon. Member said.)

ਜੱਥੇਦਾਰ ਦਸੌਂਧਾ ਸਿੰਘ : ਮੈਂ ਫੇਰ ਕਹਾਂਗਾ ਕਿ ਜੋ ਕੁਝ ਵੀ ਹੋਇਆ ਹੈ ਮੇਰੇ ਨਾਲ ਬੇਇਨਸਾਫ਼ੀ ਹੋਈ ਹੈ। ਜਿਸ ਵੇਲੇ ਮੈਨੂੰ ਇਹ ਗੱਲ ਕਹੀ ਗਈ ਕਿ ਤੂੰ ਏਧਰ ਆ ਜਾ, ਕਿਉਂ

[ਜੱਥੇਦਾਰ ਦਸੌਂਧਾ ਸਿੰਘ]

ਉਸ ਪਾਸੇ ਬੈਠਾ ਹੈਂ, ਤੈਨੂੰ ਮਨਿਸਟਰ ਬਣਾ ਦੇਈਏ, ਉਸ ਦੇ ਜਵਾਬ ਵਿਚ ਮੈਨੂੰ ਇਹੋ ਕਹਿਣਾ ਪਿਆ ਕਿ ਐਸੀ ਮਨਿਸਟਰੀ ਦੇ ਮੈਂ ਸੌ ਜੁਤੀ ਨਹੀਂ ਮਾਰਦਾ । ਮੈਂ ਇਹੋ ਗੱਲ ਕਹੀ ਸੀ ਹੋਰ ਮੈਂ ਕੋਈ ਵਧ ਘਟ ਲਫ਼ਜ਼ ਨਹੀਂ ਸਨ ਕਹੇ । ਜਦੋਂ ਵੀ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਸੀ ਮੈਂ ਤੁਹਾਡਾ ਧੰਨਵਾਦ ਕੀਤਾ । ਮੈਂ ਇਕ ਧਾਰਮਕ ਖਿਆਲਾਤ ਰੱਖਣ ਵਾਲਾ ਆਦਮੀ ਹਾਂ । ਮੈਂ ਏਦੂੰ ਵਧ ਘਟ ਲਫਜ਼ ਕੋਈ ਨਹੀਂ ਕਿਹਾ । ਮੈਂ ਕੋਈ ਗਲਤ ਨਹੀਂ ਬੋਲ ਰਿਹਾ । ਮੈਂ ਤੁਹਾਡੇ ਅੱਗੇ ਇਕ ਦਰਖ਼ਾਸਤ ਕਰਨੀ ਸੀ ਕਰ ਲਈ ਹੈ ਅੱਗੇ ਜੋ ਤੁਹਾਡੀ ਮਰਜ਼ੀ ਹੈ ਫ਼ੈਸਲਾ ਦੇਵੋ ।

ਸ਼੍ਰੀ ਸਪੀਕਰ : ਮੈਂ ਤੁਹਾਨੂੰ ਅਰਜ਼ ਕਰਦਾ ਹਾਂ ਕਿ ਤੁਸੀਂ ਮੇਰੇ ਚੈਂਬਰ ਵਿਚ ਆ ਜਾਉ ਅਤੇ ਜੋ ਕੁਝ ਕਹਿਣਾ ਹੈ ਉਥੇ ਕਹਿ ਲੈਣਾ । (I would request the hon. Member to see me in my Chamber and say whatever he likes to say.)

ਜੱਥੇਦਾਰ ਦਸੌਂਧਾ ਸਿੰਘ : ਸਪੀਕਰ ਸਾਹਿਬ, ਤੁਸੀਂ ਮੇਰੀ ਬੇਨਤੀ ਸੁਣ ਲਉ । ਇਨ੍ਹਾਂ ਨੇ ਮੈਨੂੰ ਕਿਹਾ ਕਿ ਇਧਰ ਆ ਜਾਉ, ਤੈਨੂੰ ਮਨਿਸਟਰ ਬਣਾ ਦਈਏ । ਮੈਂ ਜਵਾਬ ਦਿਤਾ ਕਿ ਮੈਂ ਐਸੀ ਮਨਿਸਟਰੀ ਤੇ ਸੌ ਜੁੱਤੀਆਂ ਮਾਰਦਾ ਹਾਂ (ਸ਼ੋਰ) (ਵਿਰੋਧੀ ਬੈਂਚਾਂ ਵਲੋਂ ਥੰਪਿੰਗ) ਸਪੀਕਰ ਸਾਹਿਬ, ਮੈਂ ਬਹੁਤ ਧਾਰਮਕ ਖਿਆਲਾਂ ਦਾ ਹਾਂ । ਅਗੇ ਇਕ ਵਾਰ ਧਾਰਮਕ ਵਿਸ਼ੇ ਤੇ ਬੋਲਿਆ ਸਾਂ । ਪਰ ਅਜ ਜਦੋਂ ਇਨ੍ਹਾਂ ਨੇ ਮੈਨੂੰ ਬੁਲਾਇਆ ਤਾਂ ਮੈਂ ਇਹ ਗੱਲ ਕਹੀ ।

ਅਵਾਜ਼ਾਂ : ਇਨ੍ਹਾਂ ਦੇ ਸ਼ਬਦ ਐਕਸਪੰਜ ਕਰ ਦਿਉ ।

(ਇਸ ਵੇਲੇ ਸ੍ਰੀ ਬਲਰਾਮਜੀ ਦਾਸ ਬੋਲਣ ਲਈ ਖੜ੍ਹੇ ਹੋਏ) ।

ਸ਼੍ਰੀ ਸਪੀਕਰ : ਟੰਡਨ ਸਾਹਿਬ, ਤੁਸੀਂ ਜ਼ਿਆਦਾ ਲਿਬਰਟੀ ਲੈ ਰਹੇ ਹੋ । (The hon. Member, Shri Balramji Dass Tandon is taking too much liberty.)

ਸ਼੍ਰੀ ਬਲਰਾਮਜੀ ਦਾਸ ਟੰਡਨ : ਸਪੀਕਰ ਸਾਹਿਬ, ਇਸ ਹਾਊਸ ਵਿਚ ਇਸ ਕਿਸਮ ਦੇ ਮੌਕੇ ਅਗੇ ਵੀ ਕਈ ਵਾਰੀ ਆਏ ਹਨ । ਆਪ ਦੇ ਸਾਹਮਣੇ ਵੀ ਆਏ ਹਨ । 10-12 ਸਾਲਾਂ ਤੋਂ ਅਸੀਂ ਵੀ ਵੇਖ ਰਹੇ ਹਾਂ । ਸਾਰਾ ਰੀਕਾਰਡ ਕਢ ਕੇ ਦੇਖ ਲਉ, ਕਈ ਵਾਰੀ ਕਈ ਮੈਂਬਰਾਂ ਨੇ ਅਨਪਾਰਲੀਮੈਂਟਰੀ ਸ਼ਬਦ ਵਰਤੇ ਹਨ ਤਾਂ ਸਪੀਕਰ ਸਾਹਿਬ ਨੇ ਉਹ ਕਾਰਵਾਈ ਵਿਚੋਂ ਕਢ ਦਿੱਤੇ ਹਨ । ਹਾਂ, ਜਦ ਕੋਈ ਮੈਂਬਰ ਮਿਸਬੀਹੇਵ ਕਰੇ ਤ ਤਾਂ ਸਪੀਕਰ **ਉਸ** ਨੂੰ ਨੇਮ ਕਰਦਾ ਹੈ ਅਤੇ ਮੈਂਬਰ ਨੂੰ ਕਹਿੰਦਾ ਹੈ ਕਿ ਮੈਂ ਤੈਨੂੰ ਨੇਮ ਕਰਦਾ ਹਾਂ । ਫਿਰ ਵੀ ਜੇ ਉਹ ਮੈਂਬਰ ਨਾ ਮੰਨੇ ਤਾਂ ਕੋਈ ਮਨਿਸਟਰ ਜਾਂ ਕੋਈ ਹੋਰ ਮੈਂਬਰ ਮੋਸ਼ਨ ਮੂਵ ਕਰਦਾ ਹੈ ਤਾਂ ਫਿਰ ਉਸ ਮੈਂਬਰ ਨੂੰ ਬਾਹਰ ਕਢਿਆ ਜਾਂਦਾ ਹੈ । ਅਜ ਤਕ ਦੇ ਰੀਕਾਰਡ ਵਿਚ, 10-12 ਸਾਲਾਂ ਦੀ ਹਿਸਟਰੀ ਵਿਚ, ਇਹ ਗੱਲ ਕਦੇ ਵੀ ਨਹੀਂ ਹੋਈ ਕਿ ਕਿਸੇ ਇਕ ਲਫਜ਼ ਤੇ ਕਿਸੇ ਮੈਂਬਰ ਨੂੰ ਬਾਹਰ ਕਢ ਦਿੱਤਾ ਜਾਵੇ । ਮੈਂ ਤੁਹਾਡੇ ਅਗੇ ਅਤੇ ਤੁਹਾਡੇ ਰਾਹੀਂ ਗਿੱਲ ਸਾਹਿਬ ਅਗੇ ਦਰਖਾਸਤ ਕਰਦਾ ਹਾਂ ਕਿ ਅਜਿਹੀ ਕੋਈ ਅਨਪ੍ਰੀਸੀਡੈਂਟਿਡ ਚੀਜ਼ ਨਾ ਕੀਤੀ ਜਾਵੇ । (ਸ਼ੋਰ)

ਮੇਜਰ ਜਨਰਲ ਰਾਜਿੰਦਰ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ ।

ਸ਼੍ਰੀ ਸਪੀਕਰ : ਸਪੈਰੋ ਸਾਹਿਬ, ਕਈ ਪੁਆਇੰਟ ਆਫ਼ ਆਰਡਰ ਸੁਣੇ ਜਾ ਚੁਕੇ ਹਨ । ਹੁਣ ਤੁਸੀਂ ਉਸ ਚੀਜ਼ ਦੀ ਰੈਪੀਟੀਸ਼ਨ ਨਾ ਕਰੋ । (I would like to point out

to the hon. Member that several points of order have been heard. He should not repeat the same thing please.)

ਮੇਜਰ ਜਨਰਲ ਰਾਜਿੰਦਰ ਸਿੰਘ : ਸਪੀਕਰ ਸਾਹਿਬ, ਰੈਪੀਟੀਸ਼ਨ ਬਿਲਕੁਲ ਨਹੀਂ ਹੋਵੇਗੀ। ਮੈਂ ਜੋ ਪੁਆਇੰਟ ਤੁਹਾਡੇ ਸਾਹਮਣੇ ਪੇਸ਼ ਕਰਨਾ ਚਾਹੁੰਦਾ ਹਾਂ ...... (ਸ਼ੋਰ) ਜਨਾਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਹਾਊਸ ਤੁਹਾਡੀ ਸਪੀਕਰਸ਼ਿਪ ਹੇਠਾਂ ਬੜੀ ਚੰਗੀ ਤਰ੍ਹਾਂ ਚਲਦਾ ਰਿਹਾ ਹੈ। ਹੁਣ ਮੈਂ ਜੋ ਮਿਸਾਲ ਤੁਹਾਨੂੰ ਦੇਣ ਲਗਾ ਹਾਂ ਉਸ ਦਾ ਇਸ ਮਾਮਲੇ ਦੀ ਭਾਵਨਾ ਨਾਲ ਬੜਾ ਸਬੰਧ ਹੈ। ਸਪੀਕਰ ਸਾਹਿਬ, ਪਿਛਲੀ ਵਾਰੀ ਤੁਹਾਡੀ ਸਪੀਕਰਸ਼ਿਪ ਵਿਚ ਤੁਸੀਂ ਹੀ ਵਿਸ਼ਵਨਾਥਨ ਜੀ ਅਤੇ ਇਕ ਹੋਰ ਮੈਂਬਰ ਨੂੰ ਡਿਸਆਰਡਰਲੀ ਕੰਡਕਟ ਕਰਨ ਕਰਕੇ ਹਾਊਸ ਵਿਚੋਂ ਬਾਹਰ ਜਾਣ ਦਾ ਹੁਕਮ ਦਿੱਤਾ ਸੀ।

Mr. Speaker : What is the Point of Order of the hon. Member ?

Major General Rajinder Singh : Sir, my point of Order is that there should be consistency in the application of rules. ਇਕ ਮਿੰਟ ਇਜਾਜ਼ਤ ਦੇ ਦਿਉ (ਵਿਘਨ) ਗਿੱਲ ਸਾਹਿਬ, ਤੁਹਾਡੇ ਵਿਚ ਚੀਫ਼ ਮਨਿਸਟਰ ਵਾਲਾ ਹੌਸਲਾ ਹੋਣਾ ਚਾਹੀਦਾ ਹੈ, ਕਿਸੇ ਦੀ ਗੱਲ ਸੁਣਨ ਦਾ। ਮੈਂ ਆਪ ਦੀ ਗੱਲ ਬੜੇ ਸ਼ੌਕ ਨਾਲ ਸੁਣਦਾ ਹਾਂ। ਤੇ, ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜੱਥੇਦਾਰ ਦਸੌਂਧਾ ਸਿੰਘ ਜੀ ਆਪਣਾ ਐਕਸਪਲੇਨੇਸ਼ਨ ਦੇਣ ਵਾਸਤੇ ਖੜ੍ਹੇ ਹੋਏ......

Mr. Speaker : The hon. Member should not please make a speech. He should please raise his Point of Order.

ਮੇਜਰ ਜਨਰਲ ਰਾਜਿੰਦਰ ਸਿੰਘ : ਸਪੀਕਰ ਸਾਹਿਬ, ਰੂਲਿੰਗ ਵਿਚ ਕੰਸਿਸਟੈਂਸੀ ਹੋਣੀ ਚਾਹੀਦੀ ਹੈ।

ਸ੍ਰੀ ਸਪੀਕਰ : ਇਸ ਵਿਚ ਕੰਸਿਸਟੈਂਸੀ ਹੈ। (There is consistency in it.)

ਮੇਜਰ ਜਨਰਲ ਰਾਜਿੰਦਰ ਸਿੰਘ : ਜਨਾਬ, ਪਿਛਲੀ ਵਾਰੀ ਆਪ ਨੇ ਮਿਹਰਬਾਨੀ ਕਰ ਕੇ ਵਿਸ਼ਵਨਾਥਨ ਜੀ ਨੂੰ ਹਾਊਸ ਵਿਚ ਬੈਠੇ ਰਹਿਣ ਦਿੱਤਾ ਸੀ। ਮੇਰੀ ਅਰਜ਼ ਇਹ ਹੈ ਕਿ ਹੁਣ ਵੀ ਆਪ ਆਪਣੇ ਫ਼ੈਸਲੇ ਨੂੰ ਮਿਹਰਬਾਨੀ ਕਰ ਕੇ ਰੀਵਾਈਜ਼ ਕਰ ਲਉ।

ਸ੍ਰੀ ਮਨਮੋਹਨ ਕਾਲੀਆ : ਸਪੀਕਰ ਸਾਹਿਬ, ਮੇਰਾ ਇਕ ਟੈਕਨੀਕਲ ਪੁਆਇੰਟ ਆਫ ਆਰਡਰ ਹੈ।

ਸ੍ਰੀ ਸਪੀਕਰ : ਤੁਸੀਂ ਬੈਠ ਜਾਉ। ਜਿਸ ਵੇਲੇ ਤੁਸੀਂ ਪੁਆਇੰਟ ਆਫ ਆਰਡਰ ਰੇਜ਼ ਕਰਦੇ ਹੋ ਤਾਂ ਸਪੀਚ ਨਾ ਕੀਤਾ ਕਰੋ। ਉਸ ਨੂੰ ਇਲੈਬੋਰੇਟ ਨਹੀਂ ਕੀਤਾ ਜਾ ਸਕਦਾ। (The hon. Member should please resume his seat. The hon. Members should not make speeches while rising on points of order. That cannot be elaborated).

[ਸ਼੍ਰੀ ਸਪੀਕਰ]

This was a request from the hon. Member Sardar Rajinder Singh and not a point of order. I do not want to have such things. The hon. Members are requested not to waste the time of the House like this. They are requested to speak to the point.

ਸ਼੍ਰੀ ਮਨਮੋਹਨ ਕਾਲੀਆ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜੇ ਉਹ ਸ਼ਬਦ ਐਕਸਪੰਜ ਕਰ ਦਿਤੇ ਹਨ, ਪ੍ਰੋਸੀਡਿੰਗਜ਼ ਵਿਚੋਂ ਕਢ ਦਿਤੇ ਹਨ ਤਾਂ ਜੱਥੇਦਾਰ ਜੀ ਨੂੰ ਬਾਹਰ ਕਿਉਂ ਕਢਿਆ ਜਾ ਰਿਹਾ ਹੈ ।

ਸ਼੍ਰੀ ਸਪੀਕਰ : ਤੁਸੀਂ ਬੈਠ ਜਾਓ ਮੈਂ ਤੁਹਾਡਾ ਪੁਆਇੰਟ ਆਫ ਆਰਡਰ ਸੁਣ ਲਿਆ ਹੈ । (The hon. Member should resume his seat. His point of order has been heard.)

ਸ਼੍ਰੀ ਮਨਮੋਹਨ ਕਾਲੀਆ : ਮੈਂ ਅਜੇ ਦੂਜਾ ਸੈਨਟੈਂਸ ਬੋਲਣਾ ਹੈ । ਜਿਹੜੇ ਸ਼ਬਦ ਐਕਸਪੰਜ ਕਰ ਦਿਤੇ ਗਏ ਹਨ ਉਹ ਨਾ ਪ੍ਰੋਸੀਡਿੰਗਜ਼ ਵਿਚ ਆਉਣੇ ਹਨ, ਨਾ ਪ੍ਰੈਸ ਵਿਚ ਅਤੇ ਨਾ ਹੀ ਪੇਪਰ ਵਿਚ ਆਉਣੇ ਹਨ । ਆਖਿਰ ਇਹ ਰੀਕਾਰਡ ਵਿਚੋਂ ਕਢੇ ਕਿਸ ਵਾਸਤੇ ਹਨ । ਐਕਸਪੰਜਡ ਸ਼ਬਦ ਤਾਂ ਇਸ ਤਰ੍ਹਾਂ ਸਮਝੇ ਜਾਂਦੇ ਹਨ ਜਿਵੇਂ ਉਹ ਬੋਲੇ ਹੀ ਨਹੀਂ ਗਏ ।

ਅਵਾਜ਼ਾਂ : ਵਾਹ । ਵਾਹ । ਇਹ ਹੈ ਲੀਗਲ ਪੁਆਇੰਟ ।

ਸ਼੍ਰੀ ਸਪੀਕਰ : ਤੁਹਾਡੀ ਬੜੀ ਮਿਹਰਬਾਨੀ । ਤੁਸੀਂ ਬੜੀ ਚੰਗੀ ਵਕਾਲਤ ਕਰ ਲਈ ਹੈ । ਪਰ ਤੁਹਾਨੂੰ ਕਿਸ ਨੇ ਆਖਿਆ ਹੈ ਕਿ ਇਹ ਸ਼ਬਦ ਐਕਸਪੰਜ ਕਰ ਦਿੱਤੇ ਹਨ ? ਇਹ ਐਕਸਪੰਜ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ । ਹਾਊਸ ਦੀ ਇਤਨੀ ਬੇਇਜ਼ਤੀ ਕੀਤੀ ਜਾਵੇ ਕਿ ਆਖਿਆ ਜਾਵੇ ਕਿ ਜੁਤੀ ਮਾਰਦਾ ਹਾਂ ਤਾਂ ਜੋ ਇਸ ਨੂੰ ਪਲੀਡ ਕਰਦਾ ਹੈ ਉਹ ਠੀਕ ਨਹੀਂ ਕਰਦਾ । (Thank you very much. What a pleading of the case ! May I know who says that these words have been expunged ? The question of expunging them does not arise. Such derogatory remarks have been passed in the House that he kicks the Ministership. The pleading of this case is not proper.)

Shri Manmohan Kalia : The hon. Member has made some remarks against me. Those unparliamentary words are to be expunged. ਜੇ ਐਕਸਪੰਜ ਨਹੀਂ ਕੀਤੇ ਤਾਂ ਇਸ ਦਾ ਮਤਲਬ ਇਹ ਹੈ ਕਿ ਅਨਪਾਰਲੀਮੈਂਟਰੀ ਨਹੀਂ ਹਨ । ਜੇ ਅਨਪਾਰਲੀਮੈਂਟਰੀ ਹਨ ਤਾਂ ਐਕਸਪੰਜ ਕਰ ਦਿਉ (ਸ਼ੋਰ)

(ਇਸ ਵੇਲੇ ਸ਼੍ਰੀ ਵਿਸ਼ਵਨਾਥਨ ਕੁਝ ਬੋਲੇ ਜੋ ਸੁਣਾਈ ਨਹੀਂ ਦਿਤਾ ।)

ਸ਼੍ਰੀ ਸਪੀਕਰ : ਦੋ ਆਨਰੇਬਲ ਮੈਂਬਰ ਜੋ ਰੂਲਜ਼ ਚੰਗੀ ਤਰ੍ਹਾਂ ਜਾਣਦੇ ਹਨ, ਇਕੱਠੇ ਬੋਲ ਰਹੇ ਹਨ । ਇਕੋ ਲਫ਼ਜ਼ ਕਹਿ ਰਹੇ ਹਨ...... (Two hon. Members who are conversant with the rules are speaking simultaneously. They are repeating the same thing.)

ਇਕ ਅਵਾਜ਼ : ਇਕੋ ਆਰਗੂਮੈਂਟ ਦੇ ਰਹੇ ਹਨ ।

ਸ਼੍ਰੀ ਸਪੀਕਰ : ਆਪਣੀ ਆਰਗੂਮੈਂਟਸ ਆਪਣੇ ਘਰ ਰਖੋ । (ਸ਼ੋਰ) (Keep your arguments to yourself.) (*Noise*)

ਸ਼੍ਰੀ ਪ੍ਰਬੋਧ ਚੰਦਰ : ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਰਦਾਰ ਦਸੌਂਧਾ ਸਿੰਘ ਜੀ ਬਾਰੇ ਬੜੀ ਦੇਰ ਤੋਂ ਸੁਣਦੇ ਆ ਰਹੇ ਹਾਂ (ਹਾਸਾ)। ਇਹ ਬੜੇ ਜੈਂਟਲ ਆਦਮੀ ਹਨ ਕੋਈ ਗ਼ਲਤ ਗੱਲ ਨਹੀਂ ਕਰ ਸਕਦੇ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਤੁਸੀਂ ਆਪਣਾ ਡਿਸੀਜ਼ਨ ਰਿਵਾਈਜ਼ ਕਰ ਦਿਉ ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਮਰੀ ਅਰਜ਼ ਇਹ ਹੈ ਕਿ ਵਿਦ ਡਿਊ ਰਿਸਪੈਕਟ ਟੂ ਦੀ ਚੇਅਰ ਮੈਂ ਇਹ ਗੱਲ ਤੁਹਾਡੇ ਨੋਟਿਸ ਵਿਚ ਲਿਆਉਣੀ ਚਾਹੁੰਦਾ ਹਾਂ ਕਿ ਰੂਲ ਨੰਬਰ 104(2) ਆਫ਼ ਦੀ ਰੂਲਜ਼ ਆਫ ਪ੍ਰੋਸੀਜਰ ਦੇ ਤਹਿਤ ਕਿਸੇ ਮੈਂਬਰ ਨੂੰ ਇਕ ਹਫਤੇ ਵਾਸਤੇ ਕਢਣ ਦਾ ਅਧਿਕਾਰ ਸਪੀਕਰ ਕੋਲ ਨਹੀਂ ਹੈ । ਜੇ ਉਹ ਡਿਸਆਰਡਰਲੀ ਬੀਹੇਵੀਅਰ ਕਰਨ ਕਰਕੇ ਕੱਢਣਾ ਚਾਹੁੰਦਾ ਹੈ ਤਾਂ ਰੀਮੇਨਿੰਗ ਪੀਰੀਅਡ ਵਾਸਤੇ ਹੈ ਇਕ ਹਫ਼ਤੇ ਵਾਸਤੇ ਉਸ ਨੂੰ ਨਹੀਂ ਕਢਿਆ ਜਾ ਸਕਦਾ । (ਸ਼ੋਰ)

ਜਿੰਨਾ ਚਿਰ ਤੁਸੀਂ ਰੂਲ ਨੰਬਰ 104(2) ਮੁਅਤਲ ਨਹੀਂ ਕਰਦੇ ਉਨਾਂ ਚਿਰ, ਸਪੀਕਰ ਸਾਹਿਬ, ਇਹ ਤੁਹਾਡੇ ਅਖਤਿਆਰ ਵਿਚ ਨਹੀਂ ਕਿ ਤੁਸੀਂ ਸਤ ਦਿਨ ਵਾਸਤੇ ਕਢ ਦਿਉ । ਤੁਹਾਡਾ ਫ਼ੈਸਲਾ ਵੀ ਗ਼ਲਤ ਹੈ । ਮੈਂਬਰ ਵੀ ਐਸਾ ਹੈ ਜਿਹੜਾ ਜੈਂਟਲ ਹੈ । ਇਸ ਲਈ ਮੈਂ ਅਰਜ਼ ਕਰਾਂਗਾ ਕਿ ਤਸੀਂ ਆਪਣੇ ਫ਼ੈਸਲੇ ਨੂੰ ਰੀਵੀਊ ਕਰੋ ।

ਸ਼੍ਰੀ ਸਪੀਕਰ : ਚੌਧਰੀ ਦਰਸ਼ਨ ਸਿੰਘ ਜੀ, ਸ਼ਾਇਦ ਤੁਹਾਨੂੰ ਪਤਾ ਨਹੀਂ, ਤੁਸੀਂ ਸ਼ਾਇਦ ਹਾਊਸ ਵਿਚ ਨਹੀਂ ਸੀ, ਇਹ ਲੀਡਰ ਆਫ ਦੀ ਹਾਊਸ ਨੇ ਹੀ ਮੂਵ ਕੀਤਾ ਸੀ । (Perhaps the hon. Member Chaudhri Darshan Singh does not know the fact of the matter, he was perhaps not present in the House at that time, this motion was moved by the Leader of the House.)

Chaudhri Darshan Singh : Let us refer to the record to verify whether Rule 104 of the Rules of Procedure and Conduct of Business in the Legislative Assembly has been suspended. Was it suspended ?

(*Noise*)

ਸ਼੍ਰੀ ਬਲਰਾਮਜੀ ਦਾਸ ਟੰਡਨ : ਸਾਰੀਆਂ ਪਰੋਸੀਡਿੰਗਜ਼ ਪੜ੍ਹ ਦਿਉ ।

ਕਾਮਰੇਡ ਸੱਤ ਪਾਲ ਡਾਂਗ : ਮੈਂ ਛੋਟੀ ਜਿਹੀ ਅਰਜ਼ ਕਰਨੀ ਚਾਹੁੰਦਾ ਹਾਂ । ਮੈਨੂੰ ਆਸ ਹੈ ਤੁਸੀਂ ਜ਼ਰੂਰ ਉਹਨੂੰ ਕੰਸਿਡਰ ਕਰੋਗੇ । ਤੁਸੀਂ ਜ਼ਰੂਰ ਉਨ੍ਹਾਂ ਨੂੰ ਕਿਹਾ ਜੇ ਐਕਸਪਲੇਨਸ਼ਨ ਦੇਣਾ ਹੈ ਤਾਂ ਐਥੇ ਆਕੇ ਦਿਉ । ਪਰ ਇਸ ਚੀਜ਼ ਨੂੰ ਹਾਊਸ ਜ਼ਰੂਰ ਕੰਸਿਡਰ ਕਰੇ ਕਿ ਉਨ੍ਹਾਂ ਨੂੰ ਐਕਸਪਲੇਨੇਸ਼ਨ ਦੇਣ ਦਾ ਮੌਕਾ ਹੀ ਨਹੀਂ ਦਿੱਤਾ ਗਿਆ । (ਸ਼ੋਰ)

ਮੁੱਖ ਮੰਤਰੀ : ਸਪੀਕਰ ਸਾਹਿਬ, ਸਵਾਲ ਇਹ ਹੈ ਕਿ ਉਨ੍ਹਾਂ ਨੇ ਕੁਝ ਲਫਜ਼ ਕਹੇ ਜਿਹੜੇ ਤੁਸੀਂ ਕਾਬਲ ਇਤਰਾਜ਼ ਸਮਝੇ । ਤੁਹਾਡੇ ਕਹਿਣ ਤੇ ਮੈਂ ਰੂਲ ਨੰ: 104(2) ਨੂੰ ਸਸਪੈਂਡ ਕਰਨ ਲਈ ਮੂਵ ਕੀਤਾ। ਇਹ ਸਾਡਾ ਕੋਈ ਮਨਸ਼ਾ ਨਹੀਂ ਕਿ ਮੈਜਾਰਿਟੀ ਨਾਲ ਕਿਸੇ ਮੈਂਬਰ ਨੂੰ ਕਢ ਦਿੱਤਾ ਜਾਏ ਜੋ ਕਿ ਆਪਣੇ ਖਿਆਲਾਤ ਵੀ ਐਕਸਪਰੈਸ ਨਾ ਕਰ ਸਕੇ । ਸਾਰੇ ਦੋਸਤ ਆਪਣੇ ਖਿਆਲਾਤ ਕਹਿਣ ਪਰ ਕਿਸੇ ਅਸੂਲ ਤੇ ਤਾਂ ਕਹਿਣ । ਜਿਥੋਂ ਤਕ ਤੁਹਾਡੇ ਰੂਲਿੰਗ ਦਾ ਤਾਲੁਕ ਹੈ ਇਨ੍ਹਾਂ ਦੀ ਗਲ ਮੰਨ ਲੈਣੀ ਚਾਹੀਦੀ ਹੈ । ਮੇਰੀ ਵਿਸ਼ ਇਹ ਹੈ ਕਿ ਜੋ ਤੁਸੀ ਫੈਸਲਾ ਦੇ ਦਿਉ ਉਹ ਜ਼ਰੂਰ ਮੰਨਿਆ ਜਾਏ ।

ਸਰਦਾਰ ਪ੍ਰੇਮ ਸਿੰਘ ਪ੍ਰੇਮ : ਤੁਹਾਡੇ ਹੁਕਮ ਦੀ ਪਾਲਨਾ ਕਰਦੇ ਹੋਏ ਉਹ ਮੈਂਬਰ ਇਕ ਵਾਰੀ ਬਾਹਰ ਜਾਣ ਤੇ ਫੇਰ ਅਸੀਂ ਤੁਹਾਨੂੰ ਰੀਕੁਐਸਟ ਕਰ ਲਈਏ ਕਿ ਉਹ ਵਾਪਸ ਆ ਜਾਣ । (ਸ਼ੋਰ)

ਸ੍ਰੀ ਸੱਤ ਪਾਲ ਡਾਂਗ : ਮੈਂ ਪ੍ਰਾਰਥਨਾ ਕਰਦਾ ਹਾਂ ਤੁਹਾਨੂੰ ਹੱਕ ਹੈ ਤੁਸੀਂ ਸਾਨੂੰ ਫ਼ੈਸਲਾ ਦਿਉ । ਸੱਤ ਦਿਨ ਵਾਸਤੇ ਬਾਹਰ ਕਢਣਾ ਕਿਥੋਂ ਤਕ ਠੀਕ ਹੈ ? ਸਪੀਕਰ ਸਾਹਿਬ, ਸਾਨੂੰ ਦਲੀਲ ਨਾਲ ਸਮਝਾਉ ਕਿ ਕਿਸ ਤਰ੍ਹਾਂ ਤੁਹਾਡੀ ਰੂਲਿੰਗ ਠੀਕ ਹੈ । (ਸ਼ੋਰ)

ਸਰਦਾਰ ਜਾਗੀਰ ਸਿੰਘ ਦਰਦ : ਸਰਦਾਰ ਦਸੌਂਧਾ ਸਿੰਘ ਹੋਰਾਂ ਨੇ ਇਹੋ ਜਿਹੇ ਲਫਜ਼ ਕਹੇ ਜਿਹੜੇ ਕਿ ਨਾਕਾਬਲ ਬਰਦਾਸ਼ਤ ਸੀ ।.....(ਸ਼ੋਰ) ਗੱਲ ਸਿਰਫ ਐਨੀ ਹੈ ਕਿ ਤੁਸੀਂ ਆਪਣੇ ਫ਼ੈਸਲੇ ਤੇ ਅਮਲ ਕਰਾਉ ।....(ਸ਼ੋਰ)

ਸ੍ਰੀ ਸਪੀਕਰ : ਜੱਥੇਦਾਰ ਸਾਹਿਬ, ਤੁਸੀਂ ਤਸ਼ਰੀਫ ਲੈ ਜਾਉ ਤਾਂ ਬੜੀ ਮਿਹਰਬਾਨੀ ਹੋਵੇਗੀ । (ਸ਼ੋਰ) (The hon. Member, Jathedar Dasondha Singh should please withdraw from the House.) (*Noise*)

ਜੱਥੇਦਾਰ ਦਸੌਂਧਾ ਸਿੰਘ : ਮੈਂ ਆਪਣੇ ਲਫਜ਼ ਵਾਪਸ ਲੈਂ ਲੈਂਦਾ ਹਾਂ ।

ਸ੍ਰੀ ਲਾਲ ਚੰਦ ਸੱਬਰਵਾਲ : ਇਹ ਜਿਹੜੀ ਟੈਂਡੈਂਸੀ ਹੈ ਕਿ ਸਪੀਕਰ ਸਾਹਿਬ ਰੂਲਿੰਗ ਤੇ ਅਮਲ ਕਰਾਉ ਇਹ ਮੈਂਬਰ ਨੂੰ ਹਿਉਮੀਲੀਏਟ ਕਰਾਣ ਵਾਲੀ ਗੱਲ ਹੈ, ਇਹ ਠੀਕ ਨਹੀਂ । ਇਸ ਸਬਧੀ, ਸਪੀਕਰ ਸਾਹਿਬ, ਦਲੇਰੀ ਨਾਲ ਮੂਵ ਕਰਨਾ ਚਾਹੀਦਾ ਹੈ । (ਸ਼ੋਰ)

ਸ੍ਰੀ ਸਪੀਕਰ : ਜੇ ਬੱਕਰਾ ਆਪ ਹੀ ਆ ਜਾਏ ਤਾਂ ਬੱਕਰਾ ਕੌਣ ਛੱਡਦਾ ਹੈ । ਇਸ ਵਿੱਚ ਕਿਸੇ ਦਾ ਕੀ ਕਸੂਰ ਹੈ ? (Who would spare the prey if it falls a victim itself ? Who is to blame for it ?)

ਸ੍ਰੀ ਪ੍ਰਬੋਧ ਚੰਦਰ : ਜੋ ਇਕ ਵਾਰੀ ਆਪ ਦਾ ਹੁਕਮ ਹੋ ਚੁੱਕਾ ਹੈ ਉਸ ਦੀ ਪਾਲਨਾ ਹੋਣੀ ਚਾਹੀਦੀ ਹੈ । ਇਸ ਵਾਰੀ ਉਹ ਮੈਂਬਰ ਬਾਹਰ ਚਲੇ ਜਾਣ, ਫਿਰ ਆ ਜਾਣ, ਭਾਵੇਂ ਮੁਆਫ਼ੀ ਮੰਗ ਲਣ (ਸ਼ੋਰ)......ਕਾਨੂੰਨ ਮੁਤਾਬਕ ਚਲੋ ।

ਸ੍ਰੀ ਲਾਲ ਚੰਦ ਸਬਰਵਾਲ : ਐਸੀ ਕੋਈ ਰੂਲਿਗ ਨਹੀਂ, ਦੱਸ ਦੇਣ । (ਸ਼ੋਰ)

ਕੈਪਟਨ ਰਤਨ ਸਿੰਘ : ਅਗਰ ਤੁਸੀਂ ਇਸ ਹਾਊਸ ਦੀ ਇੱਜ਼ਤ ਰਖਣੀ ਹੈ ਤਾਂ ਇਸ ਬਾਰੇ ਹੋਏ ਫ਼ਸਲ ਤੇ ਅਮਲ ਕਰਨਾ ਚਾਹੀਦਾ ਹੈ ।

ਜੱਥੇਦਾਰ ਦਸੌਂਧਾ ਸਿੰਘ : ਸਪੀਕਰ ਸਾਹਿਬ, ਮੈਂ ਤਾਂ ਕਿਹਾ ਸੀ ਕਿ ਜੇ ਮੈਂ ਥੋੜੇ ਬੰਨੇ ਆ ਕੇ ਮਨਿਸਟਰ ਬਣਾਂ ਤਾਂ ਮੈਂ ਇਕ ਸੌ ਜੁੱਤੀਆਂ ਖਾਣ ਦਾ ਹੱਕਦਾਰ ਹਾਂ। (ਸ਼ੋਰ, ਬਹੁਤ ਸ਼ੋਰ)

Chief Minister : He must go out of the House. (*Noise*)

ਸ੍ਰੀ ਲਾਲ ਚੰਦ ਸੱਬਰਵਾਲ : ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਗਿੱਲ ਸਾਹਿਬ ਸਾਡੇ ਸਾਰਿਆਂ ਲਈ ਸਭ ਤੋਂ ਵੱਡੇ ਜ਼ਿੰਮੇਵਾਰ ਹਨ। ਇਸ ਲਈ ਉਨ੍ਹਾਂ ਨੂੰ ਇਸ ਮੁਆਮਲੇ ਨੂੰ ਛੱਡ ਦੇਣਾ ਚਾਹੀਦਾ ਹੈ। When he has apologized, the matter should be dropped. (ਸ਼ੋਰ) (ਵਿਘਨ)

ਸ੍ਰੀ ਸਪੀਕਰ : ਜਿਹੜਾ ਤੁਸੀਂ ਕਹਿੰਦੇ ਹੋ ਕਿ ਇਕ ਇਕ ਕਰਕੇ ਬੱਕਰੇ ਖਾ ਜਾਣਗੇ... (ਸ਼ੋਰ) (The statement made by the hon. Member that they will devour the victims one by one......)(*Noise*)

ਸ੍ਰੀ ਲਾਲ ਚੰਦ ਸੱਬਰਵਾਲ : ਇਹ ਤਾਂ ਇਕ ਕਹਾਵਤ ਹੈ ਜੀ। (ਸ਼ੋਰ)।

ਸ੍ਰੀ ਸਪੀਕਰ : ਜੇ ਭਲਾ ਬੱਕਰਾ ਆਪਣੇ ਆਪ ਆਵੇ ਤਾਂ ਉਸ ਨੂੰ ਕੌਣ ਛੱਡਦਾ ਹੈ। (ਸ਼ੋਰ)। (If an innocent victim falls a prey by itself who would spare him.)

ਸ੍ਰੀ ਪ੍ਰਬੋਧ ਚੰਦਰ : ਜਨਾਬ ਸਪੀਕਰ ਸਾਹਿਬ, ਅਰਜ਼ ਇਹ ਹੈ ਕਿ ਜਨਾਬ ਨੇ ਆਨਰੇਬਲ ਮੈਂਬਰ ਨੂੰ ਇਕ ਹਫਤੇ ਵਾਸਤੇ ਬਾਹਰ ਕੱਢ ਦਿੱਤਾ ਹੈ ਪਰ ਉਹ ਇਸ ਨੂੰ ਮੰਨਣ ਲਈ ਤਿਆਰ ਨਹੀਂ। ਜਦ ਤਕ ਰੈਜ਼ੋਲਿਊਸ਼ਨ ਰੀਸਿੰਡ ਨਾ ਕਰੋ he cannot take part in the proceedings of the House, ਜੇ ਉਸ ਨੂੰ ਬਾਹਰ ਨਹੀਂ ਕੱਢੋਗੇ ਤਾਂ ਇਸ ਤਰ੍ਹਾਂ ਹਾਊਸ ਦਾ ਮਜ਼ਾਕ ਬਣ ਜਾਵੇਗਾ। For all constitutional purposes he is absent from the House. (ਸ਼ੋਰ) ਇਸ ਦੇ ਵਿਚ ਹੀ ਹਾਊਸ ਦੀ ਸ਼ਾਨ ਹੈ, ਇਸ ਦੇ ਵਿਚ ਹੀ ਉਨ੍ਹਾਂ ਦੀ ਸ਼ਾਨ ਹੈ। ਇਸ ਲਈ ਉਹ ਇਕ ਵਾਰੀ ਬਾਹਰ ਚਲੇ ਜਾਣ ਔਰ ਫਿ ਰ ਭਾਵੇਂ ਆ ਜਾਣ (ਸ਼ੋਰ)।

ਸ੍ਰੀ ਲਾਲ ਚੰਦ ਸੱਬਰਵਾਲ : ਕੋਈ ਐਸਾ ਰੂਲ ਹੈ ਜਿਸ ਦੇ ਤਹਿਤ ਤੁਸੀਂ ਉਸ ਨੂੰ ਇਕ ਹਫਤੇ ਵਾਸਤੇ ਬਾਹਰ ਕੱਢ ਦਿੱਤਾ ਹੈ ? (ਸ਼ੋਰ)

ਸ੍ਰੀ ਬਲਰਾਮਜੀ ਦਾਸ ਟੰਡਨ : ਸਪੀਕਰ ਸਾਹਿਬ, ਤੁਸੀਂ ਕੋਈ ਐਸੇ ਲਫਜ਼ ਦੱਸੋ ਜਿਸ ਤੇ ਇਸ ਤੋਂ ਪਹਿਲਾਂ ਕਿਸੇ ਮੈਂਬਰ ਨੂੰ ਬਾਹਰ ਕੱਢਿਆ ਗਿਆ ਹੋਵੇ ?

ਸ੍ਰੀ ਸਪੀਕਰ : ਸ੍ਰੀ ਸੱਬਰਵਾਲ ਜੀ ਤੇ ਸ੍ਰੀ ਟੰਡਨ ਜੀ ਬੈਠ ਜਾਉ। ਮੈਂ ਆਪਣਾ ਫੈਸਲਾ ਦੇ ਦਿੱਤਾ ਹੈ। (The hon. Members Sarvshri Lal Chand Suberwal and Balramji Dass Tandon should please resume their seats. I have already given my ruling.)

WALK-OUT

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਇਹ ਮੁਆਮਲਾ ਹਾਊਸ ਵਿਚ ਬੜਾ ਪੇਚੀਦਾ ਹੋ ਗਿਆ ਹੈ। ਹਾਊਸ ਵਿਚ ਜਿਹੜਾ ਫੈਸਲਾ ਹੋ ਜਾਵੇ ਉਸ ਨੂੰ ਜ਼ਰੂਰ ਮੰਨਣਾ ਚਾਹੀਦਾ ਹੈ। ਜੇ ਉਸ ਉਤੇ ਕੋਈ ਅਮਲ ਨਹੀਂ ਕਰਦਾ ਤਾਂ ਫਿਰ ਇਥੇ ਕੋਈ ਫੈਸਲਾ ਕਰਨ ਦੀ ਕੋਈ ਲੋੜ ਨਹੀਂ। ਜੇ ਤੁਸੀਂ ਇਸ ਤੇ ਕੋਈ ਅਮਲ ਨਹੀਂ ਕਰਨਾ ਤਾਂ ਮੈਂ ਵੀ ਹਾਊਸ ਦੀ ਪਰੋਸੀਡਿੰਗਜ਼ ਵਿਚ ਸ਼ਾਮਲ ਨਹੀਂ ਹੋਵਾਂਗਾ।

(ਇਸ ਵੇਲੇ ਕੈਪਟਨ ਰਤਨ ਸਿੰਘ ਹਾਊਸ ਵਿਚੋਂ ਉਠਕੇ ਬਾਹਰ ਚਲੇ ਗਏ)।

Shri A. Vishwanathan : This is intimidation, this is coercion and threat to the Chair.

SUSPENSION OF A MEMBER
(RESUMPTION OF DISCUSSION)

12-00. Noon

ਸ੍ਰੀ ਸਪੀਕਰ : ਜੱਥੇਦਾਰ ਜੀ, ਤੁਹਾਨੂੰ ਅਜਿਹੇ ਲਫ਼ਜ਼ ਹਾਊਸ ਵਿਚ ਨਹੀਂ ਕਹਿਣੇ ਚਾਹੀਦੇ ਸਨ। ਮੈਂ ਰੀਕੁਐਸਟ ਕਰ ਦਿਆਂ ਕਿ ਅੱਗੇ ਵਾਸਤੇ ਅਜਿਹਾ ਨਹੀਂ ਹੋਣਾ ਚਾਹੀਦਾ। ਹੁਣ ਤੁਸੀਂ ਹਾਊਸ ਦੀ ਕਾਰਵਾਈ ਚੱਲਣ ਦਿਉ। ਤੁਸੀਂ ਜੋ ਜੋ ਆਪਣੇ ਹਲਕੇ ਦੀਆਂ ਮੁਸ਼ਕਲਾਤ ਨੋਟ ਕਰਕੇ ਲਿਆਏ ਹੋ ਉਹ ਪੇਸ਼ ਕਰੋ ਅਤੇ ਹਾਊਸ ਦੀ ਕਾਰਵਾਈ ਚੱਲਣ ਦਿਉ। (The hon. Member, Jathedar Dasondha Singh should not have uttered such words in the House. I would request that this thing should not happen in future. Now, let the House proceed with its business. The hon. Members should explain the grievances of their constituencies and allow the House to conduct its business.)

ਅਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਸਪੀਕਰ ਸਾਹਿਬ, ਮੈਂ ਦਰਖਾਸਤ ਕਰੂੰਗਾ ਕਿ ਹਾਊਸ ਦੀ ਇੱਜ਼ਤ ਜੋ ਹੈ ਉਹ ਆਪ ਦੇ ਪਾਸ ਹੈ। ਇਸ ਲਈ ਜੱਥੇਦਾਰ ਦਸੌਂਧਾ ਸਿੰਘ ਨੂੰ ਕਿਹਾ ਜਾਵੇ ਕਿ ਉਹ ਮੁਆਫ਼ੀ ਮੰਗ ਲੈਣ। ਜੇ ਉਹ ਨਹੀਂ ਮੰਨਦੇ ਤਾਂ ਆਪ ਨੂੰ ਉਸ ਉਤੇ ਦੁਬਾਰਾ ਵਿਚਾਰ ਕਰਨੀ ਚਾਹੀਦੀ ਹੈ।

ਸ੍ਰੀ ਬਲਰਾਮਜੀ ਦਾਸ ਟੰਡਨ : ਸਪੀਕਰ ਸਾਹਿਬ, ਇਹ ਤਾਂ ਬਿਲਕੁਲ ਇਨਟਿਮੀਡੇਟ ਕਰਨਾ ਚਾਹੁੰਦੇ ਹਨ। (ਸ਼ੋਰ)

ਮੁੱਖ ਮੰਤਰੀ : ਉਹ ਕਿਸ ਤਰ੍ਹਾਂ ਕਰ ਸਕਦੇ ਹਨ ਜਦ ਤਕ ਮੈਂ ਮੂਵ ਨਹੀਂ ਕਰਦਾ? (ਸ਼ੋਰ)

ਸ੍ਰੀ ਸਪੀਕਰ : ਖੰਨਾ ਸਾਹਿਬ, ਇਸ ਗੱਲ ਨੂੰ ਨਾ ਚੁਕੋ। (The hon. Member Shri Khanna should not stretch this matter.)

ਸ੍ਰੀ ਅ. ਵਿਸ਼ਵਨਾਥਨ : ਅਸੀਂ ਤਾਂ ਬੈਠੇ ਹੋਏ ਹਾਂ, ਗੱਲ ਨੂੰ ਚੁਕ ਉਹ ਰਹੇ ਹਨ।

ਸ੍ਰੀ ਸਪੀਕਰ : ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਮਾਫ਼ੀ ਮੰਗੋ । (I asked him to apologize.)

ਸਰਦਾਰ ਗੁਰਚਰਨ ਸਿੰਘ (ਬਾਘਾਪੁਰਾਨਾ) : ਜੋ ਕੁਝ ਤੁਸੀਂ ਕਿਹਾ ਉਹ ਉਸ ਨੇ ਮੰਨ ਲਿਆ ।

ਸ੍ਰੀ ਸਪੀਕਰ : ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਤੁਸੀਂ ਮਾਫੀ ਮੰਗੋ ਕਿ ਆਇੰਦਾ ਐਸਾ ਨਹੀਂ ਕਰੋਗੇ । (I asked him to apologize that he would not say such words in future.)

ਸਰਦਾਰ ਗੁਰਮੀਤ ਸਿੰਘ ਮੀਤ : ਕੇਵਲ ਜੇ ਚੇਅਰ ਦੀ ਕੋਈ ਡਿਸਰਿਸਪੈਕਟ ਹੋਈ ਹੈ ਤਾਂ ਉਹ ਮਾਫ਼ੀ ਮੰਗਣ ਨੂੰ ਵੀ ਤਿਆਰ ਹਨ ।

Mr. Speaker : I do not agree.

ਸਰਦਾਰ ਗੁਰਮੀਤ ਸਿੰਘ ਮੀਤ : ਤੁਸੀਂ ਕਿਹਾ ਮਾਫੀ ਮੰਗੋ ਔਰ ਇਨ੍ਹਾਂ ਨੇ ਉਠ ਕੇ ਕਹਿ ਦਿਤਾ ਕਿ ਜੋ ਲਫਜ਼ ਕਹੇ ਹਨ ਉਹ ਵਾਪਸ ਲੈਂਦਾ ਹਾਂ ।

ਸ੍ਰੀ ਸਪੀਕਰ : ਮਾਫ਼ੀ ਮੰਗਣ ਦਾ ਮਤਲਬ ਲਫਜ਼ਾਂ ਨੂੰ ਵਾਪਸ ਲੈਣ ਦਾ ਨਹੀਂ ਹੈ । (Apologizing does not mean withdrawal of the words.)

ਸਰਦਾਰ ਗੁਰਚਰਨ ਸਿੰਘ (ਬਾਘਾਪੁਰਾਨਾ) : ਸਪੀਕਰ ਸਾਹਿਬ, ਆਪ ਆਪਣਾ ਫੈਸਲਾ...... (ਸ਼ੋਰ)

Mr. Speaker : I am not going to listen. (*Noise*)

ਸ੍ਰੀ ਸਪੀਕਰ : ਮੈਂ ਜੱਥੇਦਾਰ ਦਸੋਂਧਾ ਸਿੰਘ ਜੀ ਨੂੰ ਕਹਾਂਗਾ ਕਿ ਉਹ ਇਹ ਝਗੜੇ ਵਿਚ ਨਾ ਪੈਣ ਤਾਂ ਚੰਗੀ ਗੱਲ ਹੈ । ਜਿਸ ਤਰ੍ਹਾਂ ਰੈਜ਼ੋਲਿਊਸ਼ਨ ਪਾਸ ਹੋਇਆ ਹੈ, ਤੁਸੀਂ ਉਠ ਕੇ ਬਾਹਰ ਚਲੇ ਜਾਉ ਔਰ ਫੇਰ ਆ ਜਾਣਾ ਤਾਂ ਕਿ ਹਾਊਸ ਦੀ ਕਾਰਵਾਈ ਚਲੇ । (I would request the hon. Member Jathedar Dasondha Singh that it would be better if he does not stretch this issue. As the resolution has been passed, he should leave the chamber and then come back so that the business of the House may be conducted.)

ਸ੍ਰੀ ਅ. ਵਿਸ਼ਵਨਾਥਨ : ਉਹ ਬਾਹਰ ਜਾ ਕੇ ਹੀ ਵਾਪਸ ਆਏ ਹਨ ।

ਸ੍ਰੀ ਸਪੀਕਰ : ਅਗਰ ਇਹੀ ਆਪ ਦਾ ਵਤੀਰਾ ਹੈ ਤਾਂ ਮੈਨੂੰ ਮਜਬੂਰਨ ਆਪਣੇ ਮਾਰਸ਼ਲ ਨੂੰ ਕਹਿਣਾ ਪਵੇਗਾ ਕਿ ਉਹ ਜਾ ਕੇ ਉਨ੍ਹਾਂ ਨੂੰ ਬਾਹਰ ਕਢ ਆਵੇ । (ਸ਼ੋਰ) ਤੁਹਾਡਾ ਇਹ ਤਰੀਕਾ ਠੀਕ ਨਹੀਂ । (If you persist in this attitude I will be compelled to order the Marshal to remove the hon. Member from the House. (*Noise*) This attitude of the hon. Member is not proper.)

ਜੱਥੇਦਾਰ ਦਸੌਂਧਾ ਸਿੰਘ : ਸਪੀਕਰ ਸਾਹਿਬ, ਮੈਂ ਜੋ ਗੱਲ ਕਹਿਣਾ ਚਾਹੁੰਦਾ ਹਾਂ ਉਹ ਸੁਣ ਲਉ, ਇਹ ਮਾਫੀ ਮੰਗਣ ਤੋਂ ਘਟ ਨਹੀਂ । ਉਧਰੋਂ ਮੈਨੂੰ ਕਿਹਾ ਗਿਆ ਕਿ ਇਧਰ ਆ ਜਾ, ਮਨਿਸਟਰ ਬਣਾ ਦਿਆਂਗੇ । ਮੈਂ ਕਿਹਾ ਕਿ ਮੈਂ ਮਨਿਸਟਰੀ ਨੂੰ ਜੁੱਤੀ ਮਾਰਦਾ ਹਾਂ ਜੇ ਮੈਂ ਮਨਿਸਟਰ ਬਣਾ । ਅਗਰ ਇਸ ਤਰ੍ਹਾਂ ਕਹਿਣ ਵਿਚ ਮੇਰਾ ਕੋਈ ਦੋਸ਼ ਹੈ ਤਾਂ ਮੈਂ ਆਪਣੇ ਲਫਜ਼ ਵਾਪਸ ਲੈਂਦਾ ਹਾਂ (ਵਿਘਨ)

ਵਿੱਤ ਮੰਤਰੀ : ਸਪੀਕਰ ਸਾਹਿਬ, ਤੁਸੀਂ ਮਾਰਸ਼ਲ ਨੂੰ ਆਰਡਰ ਕਰੋ ਤਾਂ ਕਿ ਹਾਊਸ ਦੀ ਕਾਰਵਾਈ ਨੂੰ ਚਲਾਇਆ ਜਾਵੇ । (ਸ਼ੋਰ)

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਹਾਊਸ ਦੀ ਡਿਗਨਿਟੀ ਦਾ ਸਵਾਲ ਹੈ । ਜੋ ਫੈਸਲਾ ਜਨਾਬ ਨੇ ਲੈਣਾ ਹੋਵੇ ਉਸ ਵਿਚ ਜਿਤਨੀ ਮਰਜ਼ੀ ਦੇਰ ਲਗਾਉ, ਉਸ ਬਾਰੇ ਸੋਚ ਲਉ, ਬਿੰਦੇ ਬਿੰਦੇ ਆਰਡਰ ਕਰਨ ਦੇ ਨਾਲ ਵਾਕਈ ਹਾਊਸ ਦੀ ਬੇਇਜ਼ਤੀ ਹੁੰਦੀ ਹੈ । ਮੈਂ ਕਿਸੇ ਸੂਰਤ ਵਿਚ ਜੋ ਰੈਜ਼ੋਲਿਊਸ਼ਨ ਹਾਊਸ ਨੇ ਪਾਸ ਕੀਤਾ ਹੈ ਉਸ ਨੂੰ ਵਾਪਸ ਲੈਣ ਲਈ ਤਿਆਰ ਨਹੀਂ ਜਦ ਤਕ ਤੁਹਾਡਾ ਪਹਿਲਾ ਆਰਡਰ ਉਥੇ ਨਾ ਹੋਵੇ (ਸਰਕਾਰੀ ਬੈਂਚਾਂ ਵਲੋਂ ਥੰਪਿੰਗ)

ਸ਼੍ਰੀ ਬਲਰਾਮਜੀ ਦਾਸ ਟੰਡਨ : ਸਪੀਕਰ ਸਾਹਿਬ, ਅੱਜ ਹਾਊਸ ਦੀਆਂ ਜਿਹੜੀਆਂ ਸਾਰੀਆਂ ਪ੍ਰੋਸੀਡਿੰਗਜ਼ ਹੋਈਆਂ ਹਨ ਉਹ ਪੜ੍ਹਾ ਕੇ ਸੁਣਾ ਦਿਉ । ਉਸ ਤੋਂ ਪਤਾ ਲਗ ਜਾਵੇਗਾ ਕਿ ਕੀ ਹਇਆ ਹੈ ।

ਸ਼੍ਰੀ ਸਪੀਕਰ : ਮੈਂ ਰੀਪੋਰਟਰ ਨੂੰ ਬੁਲਾ ਕੇ, ਪੜ੍ਹਵਾ ਕੇ ਸੁਣਿਆ ਹੈ ਔਰ ਹਾਊਸ ਨੂੰ ਦੱਸ ਦਿੱਤਾ ਹੈ । ਅਗਰ ਤੁਸੀਂ ਨਹੀਂ ਮੰਨਦੇ ਤਾਂ ਇਸਦਾ ਕੋਈ ਫ਼ਾਇਦਾ ਨਹੀਂ । (I called the Reporter concerned and heard the proceedings from him and informed the House accordingly. If you do not agree then it will not serve any purpose.)

ਸ਼੍ਰੀ ਬਲਰਾਮਜੀ ਦਾਸ ਟੰਡਨ : ਮੈਂ ਤੁਹਾਡੇ ਕੋਲੋਂ ਜਾਣਨਾ ਚਾਹੰਦਾ ਹਾਂ ਕਿ ਤੁਸੀਂ ਉਸ ਆਨਰੇਬਲ ਮੈਂਬਰ ਨੂੰ ਨੇਮ ਕੀਤਾ ਸੀ ਜਾਂ ਆਰਡਰ ਕੀਤਾ ਸੀ ਕਿ ਸੱਤ ਦਿਨ ਵਾਸਤੇ ਬਾਹਰ ਨਿਕਲ ਜਾਵੇ ।

ਸ਼੍ਰੀ ਸਪੀਕਰ : ਮੈਂ ਕਿਹਾ ਕਿ ਸੱਤ ਦਿਨ ਵਾਸਤੇ ਬਾਹਰ ਕੱਢ ਦਿਉ । ਇਹ ਚੀਜ਼ ਚੀਫ ਮਨਿਸਟਰ ਨੇ ਮੂਵ ਕੀਤੀ ਸੀ ਔਰ ਹਾਊਸ ਨੇ ਪਾਸ ਕੀਤੀ ਸੀ । (I ordered that he should be expelled from the House for seven days. The motion to this effect was moved by the Chief Minister and was passed by the House.)

ਸ਼੍ਰੀ ਬਲਰਾਮਜੀ ਦਾਸ ਟੰਡਨ : ਸਪੀਕਰ ਸਾਹਿਬ, ਤੁਸੀਂ ਕਿਸੇ ਮੈਂਬਰ ਨੂੰ ਨੇਮ ਕਰ ਸਕਦੇ ਹੋ ਕਿ ਉਹ ਹਾਉਸ ਤੋਂ ਬਾਹਰ ਚਲਾ ਜਾਵੇ । ਇਸ ਕੇਸ ਵਿਚ ਪਹਿਲੇ ਤੁਸਾਂ ਡਾਇਰੈਕਟ ਆਰਡਰ ਕੀਤਾ ਉਸ ਮੈਂਬਰ ਨੂੰ । ਉਸ ਤੋਂ ਬਾਅਦ ਚੀਫ ਮਨਿਸਟਰ ਨੇ ਥਰੈਡ ਪਿਕ ਅਪ ਕਰ ਲਿਆ, ਤੁਹਾਡੇ ਤੋਂ ਪਹਿਲੇ ਉਸ ਨੇ ਮੂਵ ਨਹੀਂ ਕੀਤਾ । ਇਹ ਇਲਲੀਗਲ ਹੈ, ਮੈਂ ਜਾਂਦਿਆਂ ਪੁਆਇੰਟ ਆਉਟ ਵੀ ਕੀਤਾ ।

(ਇਸ ਸਮੇਂ ਸ਼੍ਰੀ ਸਪੀਕਰ ਨੇ ਰੀਪੋਰਟਰ ਨੂੰ ਬੁਲਾ ਕੇ ਕਾਪੀ ਤੋਂ ਪੜ੍ਹਾ ਕੇ ਸੁਣਿਆ ।)

ਸ਼੍ਰੀ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਨੂੰ ਰੀਕੁਐਸਟ ਕਰਾਂਗਾ ਕਿ ਤੁਸੀਂ ਸਾਰੀਆਂ ਪ੍ਰੋਸੀਡਿੰਗਜ਼ ਸੁਣਾ ਦਿਉ । ਇਸ ਦੇ ਨਾਲ ਸਾਰੇ ਫੈਕਟਸ ਸਾਹਮਣੇ ਆ ਜਾਣਗੇ ਕਿਉਂਕਿ ਆਰਡਰ ਤੁਸਾਂ ਪਹਿਲਾਂ ਕੀਤਾ ਸੀ ਔਰ ਚੀਫ ਮਨਿਸਟਰ ਵਲੋਂ ਮੋਸ਼ਨ ਬਾਅਦ ਵਿਚ ਆਈ ਸੀ । ਤੁਹਾਡਾ ਇਸ ਤਰ੍ਹਾਂ ਆਰਡਰ ਪਾਸ ਕਰਨਾ ਇਲਲੀਗਲ ਹੈ ਔਰ ਉਸ ਇਲਲੀਗਲ ਆਰਡਰ ਨੂੰ regularize ਕਰਨ ਵਾਸਤੇ ਮੋਸ਼ਨ ਚੀਫ ਮਨਿਸਟਰ ਵਲੋਂ ਆਈ । ਇਹ ਤਾਂ ਆਪਾਂ ਸਾਰਿਆਂ ਨੇ ਕੰਨੀ ਸੁਣਿਆ ਹੈ ।

ਸ਼੍ਰੀ ਸਪੀਕਰ : ਮੈਂ ਰੀਕਾਰਡ ਦੇਖਿਆ ਹੈ । ਪਹਿਲਾਂ ਚੀਫ ਮਨਿਸਟਰ ਵਲੋਂ ਮੋਸ਼ਨ ਆਈ ਔਰ ਉਨ੍ਹਾਂ ਦੇ ਕਹਿਣ ਉਤੇ ਮੈਂ ਹਾਊਸ ਵਿਚ ਪੁਟ ਕੀਤਾ ਔਰ ਹਾਊਸ ਨੇ ਐਗਰੀ ਕੀਤਾ । ਫੇਰ ਵੀ ਤੁਸੀਂ ਦੋ ਤਿੰਨ ਮੈਂਬਰਾਂ ਦੀ ਕਮੇਟੀ ਬਣਾ ਲਉ ਔਰ ਜੋ ਕੁਛ ਹੈ ਉਹ ਪੜ੍ਹ ਲਉ ਪੜ੍ਹਾ ਲਉ । (I have gone through the record. Firstly the motion was moved by the Chief Minister and on his request I put it to the House and was carried, However, a committee of two-three Members can be constituted which may go through the record.)

ਸ਼੍ਰੀ ਬਲਰਾਮਜੀ ਦਾਸ ਟੰਡਨ : ਅਸੀਂ ਇਹ ਗੱਲ ਮੰਨ ਲੈਂਦੇ ਹਾਂ । ਉਤਨੀ ਦੇਰ ਤਕ ਰੈਜ਼ੋਲਿਊਸ਼ਨ ਰਿਸਿੰਡ ਕਰਵਾ ਦਿਉ ਔਰ ਉਤਨੀ ਦੇਰ ਤਕ ਹਾਊਸ ਨੂੰ ਐਡਜਰਨ ਕਰ ਦਿਉ ।

ਸ਼੍ਰੀ ਸਪੀਕਰ : ਹਾਊਸ 15 ਮਿੰਟਾਂ ਵਾਸਤੇ ਐਡਜਰਨ ਕੀਤਾ ਜਾਂਦਾ ਹੈ । (The House is adjourned for 15 minutes.)

12.15 p.m.

(The House reassembled at 12-30 p. m.)

ਸ਼੍ਰੀ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜਿਹੜੇ ਦੋਸਤਾਂ ਨੇ ਸਰਕਾਰੀ ਰੀਕਾਰਡ ਪੜ੍ਹਵਾਇਆ ਹੈ, ਸਾਡੀ ਇਨਫਰਮੇਸ਼ਨ ਇਹ ਹੈ ਕਿ ਕੋਈ ਰੈਗੂਲਰ ਮੋਸ਼ਨ ਮੂਵ ਨਹੀਂ ਸੀ ਕੀਤੀ ਗਈ । ਸਪੀਕਰ ਸਾਹਿਬ ਵਲੋਂ ਹੀ ਹੁਕਮ ਦਿਤਾ ਗਿਆ ਤੇ ਫਿਰ ਚੀਫ ਮਨਿਸਟਰ ਨੇ ਮੂਵ ਕਰ ਦਿਤਾ । (ਵਿਘਨ)

ਸ਼੍ਰੀ ਸਪੀਕਰ : ਰੀਕਾਰਡ ਪੜ੍ਹਵਾ ਲਿਆ ਗਿਆ ਹੈ । ਚੀਫ ਮਨਿਸਟਰ ਸਾਹਿਬ ਵਲੋਂ ਮੋਸ਼ਨ ਮੂਵ ਕੀਤੀ ਗਈ ਤੇ ਫਿਰ ਹਾਊਸ ਨੇ ਐਗਰੀ ਕੀਤਾ । ਚੀਫ ਮਨਿਸਟਰ ਸਾਹਿਬ ਨੇ ਪਹਿਲਾਂ ਆਖਿਆ ਕਿ ਸੱਤ ਦਿਨਾਂ ਵਾਸਤੇ ਜੱਥੇਦਾਰ ਦਸੌਂਧਾ ਸਿੰਘ ਨੂੰ ਕੱਢ ਦਿਉ । (ਵਿਘਨ) (The record has been gone through. The motion was moved by the Chief Minister and the House agreed to it. First the Chief Minister suggested that the hon. Member Jathedar Dasondha Singh be expelled from the House for seven days.) (*Interruption*)

ਸ੍ਰੀ ਬਲਰਾਮਜੀ ਦਾਸ ਟੰਡਨ : ਸਪੀਕਰ ਸਾਹਿਬ, ਪਹਿਲਾਂ ਤੁਸਾਂ ਕਿਹਾ ਸੀ, ਬਾਅਦ ਵਿਚ ਸੀ. ਐਮ. ਵਲੋਂ ਮੂਵ ਕੀਤਾ ਗਿਆ । ਤੁਸੀਂ ਸਾਰਾ ਰੀਕਾਰਡ ਪੜ੍ਹਵਾ ਲਉ । (ਵਿਘਨ)

ਸ੍ਰੀ ਸਪੀਕਰ : ਰੀਕਾਰਡ ਤਾਂ ਪੜ੍ਹਵਾ ਲਿਆ ਹੈ । ਇਸ ਗੱਲ ਦਾ ਹੱਲ ਸਰਦਾਰ ਪਰੇਮ ਸਿੰਘ ਪਰੇਮ ਨੇ ਕੱਢਿਆ ਹੈ । ਜੇਕਰ ਤੁਸੀਂ ਸਾਰੇ ਉਸ ਨੂੰ ਕਨਸਿਡਰ ਕਰਨ ਲਈ ਤਿਆਰ ਹੋ ਤਾਂ ਠੀਕ ਹੈ । (The record has been gone through. Sardar Prem Singh Prem has suggested a way out. It would be better if all the hon. Members are prepared to consider it.)

ਸ੍ਰੀ ਸੱਤ ਪਾਲ ਡਾਂਗ : ਪਰ ਤੁਹਾਨੂੰ ਸਾਰਾ ਰੀਕਾਰਡ ਪੜ੍ਹਵਾਉਣ ਵਿਚ ਕੀ ਹਰਜ ਹੈ, ਕੀ ਇਤਰਾਜ਼ ਹੈ ? ਜੇਕਰ ਪੜ੍ਹ ਕੇ ਸੁਣਾ ਦਿਤਾ ਜਾਵੇ ਤਾਂ we may stand corrected

ਸ੍ਰੀ ਸਪੀਕਰ : ਇਥੇ ਤਾਂ ਪੜ੍ਹਵਾਇਆ ਨਹੀਂ ਜਾ ਸਕਦਾ। ਅਗੇ ਪੜ੍ਹ ਆਏ ਹਨ, ਮੇਰੇ ਚੈਂਬਰ ਵਿਚ ਆ ਕੇ ਤੁਸੀਂ ਵੇਖ ਸਕਦੇ ਹੋ। (ਵਿਘਨ) (It is not possible to read out the record here in the House. It has already been gone through. The hon. Member may see it in my chamber.) (*Interruption*)

ਇਕ ਮਾਨਯੋਗ ਮੈਂਬਰ : ਇਹ ਚੇਅਰ ਨੂੰ ਅਤੇ ਹਾਊਸ ਨੂੰ ਡਿਸਉਬੇ ਕਰ ਰਹੇ ਹਨ। (ਵਿਘਨ ਸ਼ੋਰ)

ਸ੍ਰੀ ਬਲਰਾਮਜੀ ਦਾਸ ਟੰਡਨ : ਸਪੀਕਰ ਸਾਹਿਬ, ਇਹ ਰੀਮਾਰਕਸ ਵਾਪਸ ਲਏ ਜਾਣੇ ਚਾਹੀਦੇ ਹਨ ਕਿ ਜਿਹੜਾ ਆਰਡਰ ਮੈਂਬਰ ਨੂੰ ਰਿਮੂਵ ਕਰਨ ਦਾ ਕੀਤਾ ਗਿਆ ਹੈ ਉਸ ਨੂੰ ਅਸੀਂ ਡਿਸਉਬੇ ਕਰ ਰਹੇ ਹਾਂ । (ਵਿਘਨ)

ਵਿੱਤ ਮੰਤਰੀ : ਸਪੀਕਰ ਸਾਹਿਬ, ਮਾਰਸ਼ਲ ਭੇਜ ਕੇ ਆਰਡਰ ਦੀ ਤਾਮੀਲ ਕਰਵਾ ਦਿਉ । (ਵਿਘਨ)

ਸ੍ਰੀ ਸਪੀਕਰ : ਇਹ ਆਰਡਰ ਸਪੀਕਰ ਦਾ ਨਹੀਂ ਹਾਊਸ ਦਾ ਹੈ । ਸਪੀਕਰ ਨੇ ਕੋਈ ਆਰਡਰ ਪਾਸ ਨਹੀਂ ਕੀਤਾ ਕਿ ਮੈਂਬਰ ਨੂੰ ਰੀਮੂਵ ਕਰ ਦਿਤਾ ਜਾਵੇ । ਇਹ ਤਾਂ ਹਾਊਸ ਵਿਚ ਚੀਫ ਮਨਿਸਟਰ ਵਲੋਂ ਮੂਵ ਕੀਤਾ ਗਿਆ ਅਤੇ ਹਾਊਸ ਨੇ ਐਗਰੀ ਕੀਤਾ । (ਵਿਘਨ) (This order is not of the Speaker, it is of the House. The Speaker did not pass any order that the hon. Member be removed. It was moved in the House by the Chief Minister and the House agreed to it.) (*Interruption*)

ਸ਼੍ਰੀ ਬਲਰਾਮਜੀ ਦਾਸ ਟੰਡਨ : ਸਪੀਕਰ ਸਾਹਿਬ, ਉਸ ਆਰਡਰ ਨੂੰ ਰਿਵਿਊ ਕਰ ਲਉ । (ਵਿਘਨ)

ਸ਼੍ਰੀ ਸਪੀਕਰ : ਇਹ ਤਾਂ ਹਾਊਸ ਦਾ ਆਰਡਰ ਹੈ, ਜੇਕਰ ਹਾਊਸ ਇਸ ਨੂੰ ਰਿਵਿਊ ਨਹੀਂ ਕਰਦਾ ਤਾਂ ਮੈਂ ਕੀ ਕਰ ਸਕਦਾ ਹਾਂ । (ਵਿਘਨ, ਸ਼ੋਰ) (This is the order of the House. If the House does not review it, what can I do ?) (*Interruption, Noise*)

ਉਪ ਮੰਤਰੀ (ਸਰਦਾਰ ਸਰਦਾਰਾ ਸਿੰਘ ਕੋਹਲੀ) : ਪਹਿਲਾਂ, ਸਪੀਕਰ ਸਾਹਿਬ, ਤੁਸੀਂ ਹਾਊਸ ਨੇ ਜੋ ਆਰਡਰ ਪਾਸ ਕੀਤਾ ਹੈ ਉਸ ਨੂੰ ਮੰਨਵਾਉ ਤੇ ਜੱਥੇਦਾਰ ਦਸੌਂਧਾ ਸਿੰਘ ਨੂੰ ਬਾਹਰ ਜਾਣ ਲਈ ਕਹੋ । ਫਿਰ ਅਸੀਂ ਇਨ੍ਹਾਂ ਦੀ ਕੋਈ ਗੱਲ ਮੰਨਾਂਗੇ । (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਬਜਾਏ ਇਸ ਗੱਲ ਦੇ ਕਿ ਆਪੋਜ਼ੀਸ਼ਨ ਨੂੰ ਚਾਹੀਦਾ ਹੈ ਕਿ ਹਾਊਸ ਦੇ ਹੁਕਮ ਨੂੰ ਮੰਨਣ ਇਹ ਹਾਊਸ ਦੇ ਫ਼ੈਸਲੇ ਤੋਂ ਇਨਕਾਰ ਕਰਦੇ ਹਨ । ਮੈਂ ਸਮਝਦਾ ਹਾਂ ਇਹ ਚੰਗੀ ਰਵਾਇਤ ਹੈ ਅਤੇ ਆਪੋਜੀਸ਼ਨ ਨੂੰ ਮੰਨ ਲੈਣਾ ਚਾਹੀਦਾ ਹੈ ਤਾਂ ਕਿ ਜਿਹੜਾ ਕੰਮ ਸਾਡੇ ਜ਼ਿੰਮੇ ਲਗਾ ਹੈ ਬਜਟ ਨੂੰ ਪਾਸ ਕਰਨ ਦਾ ਉਸ ਨੂੰ ਖੁਸ਼ ਅਸਲੂਬੀ ਨਾਲ ਪੂਰਾ ਕੀਤਾ ਜਾ ਸਕੇ । ਇਸ ਲਈ ਮੈਂ ਮੂਵ ਕਰਦਾ ਹਾਂ ਕਿ ਜੋ ਪਹਿਲਾ ਰੈਜ਼ੋਲਿਓਸ਼ਨ ਹੈ ਉਸ ਨੂੰ ਰੀਸਿੰਡ ਕਰ ਦਿੱਤਾ ਜਾਵੇ ।

ਸ਼੍ਰੀ ਪ੍ਰਬੋਧ ਚੰਦਰ : Sir I oppose it. ਜਦ ਤਕ ਜੱਥੇਦਾਰ ਸਾਹਿਬ ਹਾਊਸ ਦੇ ਹੁਕਮ ਨੂੰ ਮੰਨ ਕੇ ਬਾਹਰ ਨਹੀਂ ਚਲੇ ਜਾਂਦੇ ਇਹ ਰੈਜ਼ੋਲਿਉਸ਼ਨ ਨਹੀਂ ਮੂਵ ਕਰਨਾ ਚਾਹੀਦਾ (ਵਿਘਨ)

ਡਾਕਟਰ ਬਲਦੇਵ ਪਰਕਾਸ਼ : ਸਪੀਕਰ ਸਾਹਿਬ, ਤੁਸੀਂ ਚੀਫ਼ ਮਨਿਸਟਰ ਸਾਹਿਬ ਵਲੋਂ ਪੇਸ਼ ਕੀਤੇ ਰੈਜ਼ੋਲਿਉਸ਼ਨ ਤੇ ਵੋਟ ਲੈ ਲਉ । ਇਹ ਤੁਹਾਡਾ ਫਰਜ਼ ਬਣਦਾ ਹੈ ਕਿ ਜੋ ਚੀਜ਼ ਚੀਫ਼ ਮਨਿਸਟਰ ਵਲੋਂ ਆਈ ਹੈ ਉਹ ਹਾਊਸ ਦੇ ਸਾਹਮਣੇ ਪੁਟ ਕਰੋ । (ਵਿਘਨ)

ਸਰਦਾਰ ਗੁਰਚਰਨ ਸਿੰਘ : ਇਸ ਮੋਸ਼ਨ ਨੂੰ ਹਾਊਸ ਦੇ ਸਾਹਮਣੇ ਪੁਟ ਕਰਨਾ ਚਾਹੀਦਾ ਹੈ । ਹਾਊਸ ਸੀਜ਼ਡ ਹੈ ਕਿ ਕੀ ਮੋਸ਼ਨ ਚੀਫ਼ ਮਨਿਸਟਰ ਨੇ ਮੂਵ ਕੀਤੀ ਹੈ । (ਵਿਘਨ)

Shri A. Vishwanathan : The House, Sir, is seized of the motion and it should, therefore, be put to the House.

ਸ਼੍ਰੀ ਸਪੀਕਰ : ਮੋਸ਼ਨ ਗਿਲ ਸਾਹਿਬ ਵਲੋਂ ਆਈ ਹੈ ਤੇ ਮੇਰੇ ਵਾਸਤੇ ਤਾਂ ਇਹੀ ਬਣਦਾ ਹੈ ਕਿ ਇਸ ਨੂੰ ਹਾਊਸ ਦੇ ਸਾਮ੍ਹਣੇ ਪੁਟ ਕਰ ਦੇਵਾਂ ਅਤੇ ਹਾਊਸ ਨੇ ਹੀ ਇਸ ਨੂੰ ਐਕਸਪਟ ਕਰਨਾ ਹੈ । (ਵਿਘਨ) (The motion has been moved by the Chief Minister and I am bound to put it to the House and the House is to accept it.) (*Interruption*)

ਆਵਾਜ਼ਾਂ : ਮੋਸ਼ਨ ਹਾਉਸ ਦੇ ਪੁਟ ਕਰ ਦਿਤੀ ਜਾਵੇ । (ਵਿਘਨ)

ਮੁਖ ਮੰਤਰੀ : ਮੈਨੂੰ ਤਾਂ ਇਨ੍ਹਾਂ ਨੇ ਗਲ ਪੂਰੀ ਹੀ ਨਹੀਂ ਕਰਨ ਦਿਤੀ, ਐਵੇਂ ਜ਼ਿੱਦ ਕਰੀ ਜਾਂਦੇ ਹਨ ।

ਸ਼੍ਰੀ ਪ੍ਰਬੋਧ ਚੰਦਰ : ਮੈਂ ਮੋਸ਼ਨ ਆਫ਼ ਥੈਂਕਸ ਦਾ ਰੈਜ਼ੋਲਿਊਸ਼ਨ ਮੂਵ ਨਹੀਂ ਕਰਾਂਗਾ ਜਦ ਤਕ ਕਿ ਇਸ ਮੈਂਬਰ ਨੂੰ ਹਾਊਸ ਤੋਂ ਬਾਹਰ ਨਹੀਂ ਭੇਜਿਆ ਜਾਂਦਾ ।

ਸ਼੍ਰੀ ਬਲਰਾਮਜੀ ਦਾਸ ਟੰਡਨ : ਸਪੀਕਰ ਸਾਹਿਬ, ਅਸੀਂ ਚੀਫ਼ ਮਨਿਸਟਰ ਸਾਹਿਬ ਦਾ ਰੀਗਾਰਡ ਕਰਦੇ ਹਾਂ ਕਿ ਉਨ੍ਹਾਂ ਨੇ ਜਿਸ ਸਪਿਰਟ ਨਾਲ ਇਹ ਰੈਜ਼ੋਲਿਊਸ਼ਨ ਹਾਊਸ ਦੇ ਸਾਹਮਣੇ ਹੁਣ ਰਖਿਆ ਹੈ ਕਿ ਪਿਛਲੇ ਰੈਜ਼ੋਲਿਊਸ਼ਨ ਨੂੰ ਰੀਸਿੰਡ ਕਰ ਦਿਤਾ ਜਾਵੇ ਇਸ ਨੂੰ ਤੁਸੀਂ, ਸਪੀਕਰ ਸਾਹਿਬ, ਹਾਊਸ ਦੇ ਸਾਹਮਣੇ ਰਖ ਕੇ ਇਸ ਤੇ ਵੋਟ ਲੈ ਲਉ ।

ਸ਼੍ਰੀ ਸਪੀਕਰ : ਮੋਸ਼ਨ ਇਹ ਮੂਵ ਹੋਈ ਹੈ ਕਿ ਜੱਥੇਦਾਰ ਦਸੌਂਧਾ ਸਿੰਘ ਥੋੜ੍ਹ ਚਿਰ ਲਈ ਬਾਹਰ ਚਲੇ ਜਾਣ ਤੇ ਫਿਰ ਪਹਿਲਾ ਰੈਜ਼ੋਲਿਊਸ਼ਨ ਜੋ ਹਾਊਸ ਨੇ ਪਾਸ ਕੀਤਾ ਹੈ, ਵਾਪਸ ਲੈ ਲਿਆ ਜਾਵੇ। (ਵਿਘਨ, ਸ਼ੋਰ) (The motion moved is this that the hon. Member, Jathedar Dasondha Singh should withdraw from the House for a while and then the previous resolution passed by the House be rescinded.)

ਆਵਾਜ਼ਾਂ : ਨੋ, ਨੋ। ਇਹ ਬਿਲਕੁਲ ਨਾਵਾਜਬ ਹੈ ।

ਸ਼੍ਰੀ ਬਲਰਾਮਜੀ ਦਾਸ ਟੰਡਨ : ਮੋਸ਼ਨ ਇਹ ਮੂਵ ਕੀਤੀ ਗਈ ਹੈ ਕਿ ਪਹਿਲੇ ਰੈਜ਼ੋਲਿਊਸ਼ਨ ਨੂੰ ਰੀਸਿੰਡ ਕਰ ਦਿਤਾ ਜਾਵੇ । ਇਸ ਵਿਚ ਕਿਤੇ ਨਹੀਂ ਕਿਹਾ ਗਿਆ ਕਿ ਪਹਿਲਾਂ ਮੈਂਬਰ ਬਾਹਰ ਚਲਿਆ ਜਾਵੇ । (ਵਿਘਨ)

ਮੁੱਖ ਮੰਤਰੀ : ਮੈਂ ਤਾਂ ਸਿਰਫ ਸਲਾਹ ਦਿਤੀ ਹੈ ।

(ਵਿਘਨ, ਸ਼ੋਰ) (ਆਵਾਜ਼ਾਂ : ਨੋ, ਨੋ)

ਵਿੱਤ ਮੰਤਰੀ : ਸਪੀਕਰ ਸਾਹਿਬ, ਤੁਸੀਂ ਮਾਰਸ਼ਲ ਭੇਜ ਕੇ ਆਪਣੇ ਹੁਕਮ ਦੀ ਪਾਲਨਾ ਕਰਾਉ ਅਤੇ ਮੈਂਬਰ ਨੂੰ ਬਾਹਰ ਕਢ ਦਿੱਤਾ ਜਾਵੇ .... (ਵਿਘਨ)

Shri Satya Pal Dang : With due respect to the Chair and to the person of the Speaker, I would like to say that a motion was moved here and opposed by ....

Voices from the Treasury Benches : No, No.

Shri Satya Pal Dang : We would like to know from the hon. Member, Shri Prabodh Chandra, as to what that motion was.

ਜਿਹੜਾ ਮੋਸ਼ਨ ਸ਼੍ਰੀ ਪ੍ਰਬੋਧ ਚੰਦਰ ਨੇ ਅਪੋਜ਼ ਕੀਤਾ ਹੈ ਉਹ ਕੀ ਹੈ ? ਇਹ ਤਾਂ ਸਾਫ਼ ਮੋਸ਼ਨ ਸੀ ਕਿ ਹਾਊਸ ਆਪਣੇ ਪਹਿਲੇ ਪਾਸ ਕੀਤੇ ਰੈਜ਼ੋਲਿਊਸ਼ਨ ਨੂੰ ਰੀਸਿੰਡ ਕਰ ਦੇਵੇ। ਜਦੋਂ ਮਾਫ਼ ਹੀ ਕਰਨਾ ਹੈ ਤਾਂ ਫਿਰ ਇਸ ਮੋਸ਼ਨ ਨੂੰ ਪੁਟ ਕਰ ਦੇਣਾ ਚਾਹੀਦਾ ਸੀ । ਹੁਣ ਤੁਸੀਂ, ਸਪੀਕਰ ਸਾਹਿਬ, ਨਾਲ ਇਹ ਬਦਲ ਕੇ ਕਹਿ ਦਿਤਾ ਕਿ ਪਹਿਲਾਂ ਮੈਂਬਰ ਬਾਹਰ ਜਾਵੇ । (ਵਿਘਨ) ਰੀਕਾਰਡ ਤੁਸੀਂ ਪੜ੍ਹਵਾ ਲਉ ਕਿ ਮੋਸ਼ਨ ਕੀ ਹੈ ਜਿਹੜੀ ਚੀਫ਼ ਮਨਿਸਟਰ ਸਾਹਿਬ ਨੇ ਮੂਵ ਕੀਤੀ ਹੈ । (ਵਿਘਨ)

ਮੁੱਖ ਮੰਤਰੀ : ਮੈਂ ਤਾਂ ਗੱਲ ਅਜੇ ਖਤਮ ਹੀ ਨਹੀਂ ਸੀ ਕੀਤੀ ਕਿ ਸ੍ਰੀ ਪ੍ਰਬੋਧ ਚੰਦਰ ਹੋਰਾਂ ਅਪੋਜ਼ ਕਰ ਦਿਤਾ । ਮੈਂ ਤਾਂ ਕਿਹਾ ਸੀ ਕਿ ਪਹਿਲੇ ਰੈਜ਼ੋਲਿਊਸ਼ਨ ਨੂੰ ਰੀਸਿੰਡ ਕਰ ਦਿਤਾ ਜਾਵੇ ਪਰ ਹਾਊਸ ਦੇ ਹੁਕਮ ਨੂੰ ਮੰਨਵਾਣਾ ਚਾਹੀਦਾ ਹੈ । ਜੇਕਰ ਮੈਂਬਰ ਨਹੀਂ ਮੰਨਦਾ ਤਾਂ ਉਸ ਨੂੰ ਕੁਝ ਚਿਰ ਲਈ ਬਾਹਰ ਚਲੇ ਜਾਣਾ ਚਾਹੀਦਾ ਹੈ ।

(ਵਿਰੋਧੀ ਪੱਖ ਵਲੋਂ ਸ਼ੇਮ, ਸ਼ੇਮ)

ਆਵਾਜ਼ਾਂ : ਤੁਸੀਂ ਰਿਕਾਰਡ ਪੜ੍ਹਵਾ ਲਉ ਜੀ, ਇਨ੍ਹਾਂ ਨੇ ਪਹਿਲਾਂ ਇਹ ਨਹੀਂ ਸੀ ਕਿਹਾ । (ਵਿਘਨ)

ਮੁੱਖ ਮੰਤਰੀ : ਦੂਜਾ ਸੈਨਟੈਂਸ ਤਾਂ ਮੈਨੂੰ ਕਹਿਣ ਹੀ ਨਹੀਂ ਸੀ ਦਿਤਾ ਗਿਆ ।

ਸ੍ਰੀ ਬਲਰਾਮਜੀ ਦਾਸ ਟੰਡਨ : ਤੁਸੀਂ, ਸਪੀਕਰ ਸਾਹਿਬ, ਰੀਕਾਰਡ ਵੇਖ ਲਉ ਅਤੇ ਪੜ੍ਹਵਾ ਲਉ ਇਹ ਤਾਂ ਹੁਣ ਗੱਲ ਬਦਲ ਗਏ ਹਨ । ਰੀਕਾਰਡ ਸਾਡੇ ਸਾਹਮਣੇ ਹੈ ।

ਸ੍ਰੀ ਮਨਮੋਹਨ ਕਾਲੀਆ : ਸਪੀਕਰ ਸਾਹਿਬ, ਇਹ ਦੱਸ ਦਿਤਾ ਜਾਵੇ ਕਿ ਸ੍ਰੀ ਪ੍ਰਬੋਧ ਚੰਦਰ ਨੇ ਕੀ ਅਪੋਜ਼ ਕੀਤਾ ਸੀ । ਕਿਸ ਗੱਲ ਤੇ ਇਤਰਾਜ਼ ਕੀਤਾ ਸੀ । (ਵਿਘਨ)

ਸ੍ਰੀ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਰੀਕਾਰਡ ਮੌਜੂਦ ਹੈ । ਮੋਸ਼ਨ ਜੋ ਚੀਫ ਮਨਿਸਟਰ ਨੇ ਮੂਵ ਕੀਤਾ ਹੈ ਬਿਲਕੁਲ ਸਪਸ਼ਟ ਹੈ ਕਿ ਪਹਿਲਾਂ ਰੈਜ਼ੋਲਿਊਸ਼ਨ ਜਿਹੜਾ ਇਸ ਹਾਊਸ ਨੇ ਪਾਸ ਕੀਤਾ ਸੀ ਉਸ ਨੂੰ ਰੀਸਿੰਡ ਕਰ ਦਿਤਾ ਜਾਵੇ । ਹੁਣ ਤੁਸੀਂ ਆਪ ਹੀ ਦੇਖ ਲਉ ਕਿ ਹਾਊਸ ਦੀ ਡਿਗਨਿਟੀ ਨੂੰ ਕੌਣ ਲੋਅਰ ਕਰ ਰਿਹਾ ਹੈ । ਅਸੀਂ ਤਾਂ ਹਰ ਵਕਤ ਡਿਗਨਿਟੀ ਨੂੰ ਬਰਕਰਾਰ ਰਖਣ ਨੂੰ ਤਿਆਰ ਹਾਂ ।

ਸਰਦਾਰ ਗੁਰਚਰਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਅਰਜ਼ ਇਹ ਹੈ ਕਿ ਕੋਈ ਵੀ ਮੋਸ਼ਨ ਓਦੋਂ ਤੱਕ ਮੂਵਡ ਨਹੀਂ ਸਮਝੀ ਜਾਂਦੀ ਜਦੋਂ ਤੱਕ ਸਪੀਕਰ ਸਾਹਿਬ ਤੁਸੀਂ ਆਪ ਨਾ ਮੂਵ ਕਰੋ ਕਿ "ਮੋਸ਼ਨ ਮੂਵਡ, ਦਿਸ ਐਂਡ ਦਿਸ" ਨਾ ਕਹੋ । ਗੱਲਾਂ ਬੇਸ਼ਕ ਕਿਵੇਂ ਕਹੋ ਪਰ ਇਹ ਪਾਰਲੀਮੈਂਟਰੀ ਪ੍ਰੋਸੀਜਰ ਦਾ ਇਕ ਬੇਸਿਕ ਪ੍ਰਿੰਸੀਪਲ ਹੈ । ਇਸ ਤਰ੍ਹਾਂ ਜੇ ਕੋਈ ਗੱਲ ਮੂੰਹੋਂ ਨਿਕਲ ਜਾਵੇ ਤਾਂ ਉਸ ਨੂੰ ਚੈਲੇਂਜ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਕਿ ਸਪੈਸਿਫ਼ਿਕ ਮੋਸ਼ਨ ਨਾ ਆਈ ਹੋਵੇ ।

ਸ੍ਰੀ ਸਪੀਕਰ : ਸਰਦਾਰ ਗੁਰਚਰਨ ਸਿੰਘ ਜੀ, ਤੁਸੀਂ ਕਿਉਂ ਖਾਹਮਖਾਹ ਵਧਾਉਂਦੇ ਹੋ ਇਕ ਗੱਲ ਨੂੰ । ਮੈਂ ਇਕ ਹੰਬਲ ਤਰੀਕੇ ਨਾਲ ਕਿਹਾ ਹੈ ਕਿ ਉਹ ਦੋ ਮਿੰਟ ਦੇ ਵਾਸਤੇ ਬਾਹਰ ਨਿਕਲ ਜਾਣ ਤਾਂ ਜੋ ਇਕ ਚੰਗੇ ਤਰੀਕੇ ਨਾਲ ਇਹ ਗੱਲ ਨਿਪਟਾ ਦਿਤੀ ਜਾਵੇ । ਹੋਰ ਕੋਈ ਚਾਰਾ ਨਹੀਂ ਹੈ । (The hon. Member Sardar Gurcharan Singh should not prolong this matter unnecessarily. I have humbly requested the hon. Member Jathedar Dasondha Singh to withdraw from the House for a few minutes so that this matter may be settled amicably. There is no other alternative.)

ਸ਼੍ਰੀ ਲਾਲ ਚੰਦ ਸੱਬਰਵਾਲ : ਜੇ ਇਸ ਤਰ੍ਹਾਂ ਦੀਆਂ ਹੀ ਗੱਲਾਂ ਚਲਦੀਆਂ ਰਹੀਆਂ ਤਾਂ ਇਹ ਗੱਲ ਖਤਮ ਨਹੀਂ ਹੋਣੀ । ਜੇ ਕੋਈ ਗੱਲ ਸਰਦਾਰ ਲਛਮਣ ਸਿੰਘ ਗਿੱਲ ਨੇ ਮੂਵ ਕੀਤੀ ਹੈ, ਮੈਂ ਕਹਾਂਗਾ ਕਿ ਇਹ ਸਾਰੀ ਗੱਲ ਰੀਕਾਰਡ ਤੇ ਮੌਜੂਦ ਹੈ । ਜਿੱਥੋਂ ਤੱਕ ਮੈਂ ਸਮਝਦਾ ਹਾਂ ਇਹ ਮੂਵ ਨਹੀਂ ਹੋਈ, ਬਹਰਹਾਲ ਜੇ ਹੋਈ ਵੀ ਹੈ ਤਾਂ ਮੈਂ ਸਰਦਾਰ ਲਛਮਣ ਸਿੰਘ ਗਿੱਲ ਨੂੰ ਰੀਕਨਸਿਡਰ ਕਰਨ ਦੇ ਵਾਸਤੇ ਕਹਾਂਗਾਂ । ਸਪੀਕਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਹਾਊਸ ਵਿਚ ਕੋਈ ਅੱਛੀ ਰਵਾਇਤ ਕਾਇਮ ਕਰਨ । ਜੇਕਰ ਪੁਜ਼ੀਸ਼ਨ ਇਸੇ ਤਰ੍ਹਾਂ ਹੀ ਡੈਰੋਗੇਟਰੀ ਹੁੰਦੀ ਗਈ ਤਾਂ ਇਹ responsibility will be that of the Chair as well as the Leader of the House and not ours.

ਸ਼੍ਰੀ ਪ੍ਰਬੋਧ ਚੰਦਰ : ਮੈਂ ਕੋਈ ਕਿਸੇ ਤਰ੍ਹਾਂ ਦੀ ਮੁਖਾਲਫ਼ਤ ਲਈ ਗੱਲ ਨਹੀਂ ਕਹਿ ਰਿਹਾ । ਮੈਂ ਇਸ ਮੁਆਮਲੇ ਨੂੰ ਖਤਮ ਕਰਨ ਵਾਸਤੇ ਦੋ ਮਿੰਟ ਦੇ ਲਈ ਇਹ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਉਹ ਦੋ ਮਿੰਟ ਦੇ ਵਾਸਤੇ ਬਾਹਰ ਚਲੇ ਜਾਣ, ਇਤਨੇ ਨੂੰ ਅੰਦਰ ਬੁਲਾ ਲਿਆ ਜਾ ਸਕਦਾ ਹੈ । ਅਸੀਂ ਖ਼ੁਦ ਅਹਿਸਾਸ ਕਰਦੇ ਹਾਂ ।

(ਨੋ, ਨੋ ਦੀਆਂ ਆਵਾਜ਼ਾਂ)

ਮੁੱਖ ਮੰਤਰੀ : ਸਵਾਲ ਇਹ ਹੈ ਕਿ ਮੇਰੇ ਦੋਸਤ ਇਕ ਫੈਸਲਾ ਕਰਕੇ ਆਏ ਹਨ, (ਵਿਘਨ).. .. ਇਕ ਐਮੀਕੇਬਲੀ ਫੈਸਲਾ ਉਹ ਕਰਕੇ ਆਏ ਹਨ । ਜਦੋਂ ਵੀ ਕੋਈ ਗੱਲ ਬਣਦੀ ਨਜ਼ਰ ਆਉਂਦੀ ਹੈ ਉਹ ਬਣਨ ਨਹੀਂ ਦੇਂਦੇ, ਕੋਈ ਦੋਸਤ ਵਿਚੋਂ ਹੀ ਖੜ੍ਹਾ ਹੋ ਜਾਂਦਾ ਹੈ । ਇਸ ਤਰ੍ਹਾਂ ਕਿਵੇਂ ਕੋਈ ਫ਼ੈਸਲਾ ਹੋ ਸਕਦਾ ਹੈ ? ਆਖ਼ਰ ਕੋਈ ਵੀ ਗੱਲ ਤਾਂ ਮੰਨ ਲੈਣੀ ਚਾਹੀਦੀ ਹੈ । ਜਦੋਂ ਵੀ ਗੱਲ ਮੁਕਦੀ ਹੈ ਰੌਲਾ ਪੈਣਾ ਸ਼ੁਰੂ ਹੋ ਜਾਂਦਾ ਹੈ । (ਇਕ ਮਾਨਯੋਗ ਮੈਂਬਰ : ਤੁਸੀਂ ਪ੍ਰੋਸੀਡਿੰਗ ਪੜ੍ਹ ਲਉ ਕਿ ਕੀ ਲਿਖਿਆ ਹੈ ।) ਤੁਸੀਂ ਮੈਨੂੰ ਜ਼ਰਾ ਗੱਲ ਕਰ ਲੈਣ ਦਿਉ, ਪ੍ਰੋਸੀਡਿੰਗਜ਼ ਵੀ ਪੜ੍ਹ ਲਵਾਂਗੇ, ਤੁਸੀਂ ਮੇਰੀ ਗੱਲ ਜ਼ਰਾ ਸ਼ਾਂਤੀ ਨਾਲ ਸੁਣੋ । ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਜੋ ਵੀ ਤੁਹਾਡਾ ਫੈਸਲਾ ਹੋਇਆ ਹੈ ਸਾਨੂੰ ਉਸ ਨੂੰ ਆਨਰ ਕਰਨਾ ਚਾਹੀਦਾ ਹੈ । ਆਪਦੇ ਇਤਨਾ ਕਹਿਣ ਦੇ ਬਾਵਜੂਦ ਜੇ ਉਹ ਪਿਛਲੀਆਂ ਗੱਲਾਂ ਦੇ ਵਿਚ ਪੈਂਦੇ ਹਨ, ਜਿਨ੍ਹਾਂ ਵਿਚ ਕਿ ਉਨ੍ਹਾਂ ਨੂੰ ਹਰਗਿਜ਼ ਨਹੀਂ ਪੈਣਾ ਚਾਹੀਦਾ, ਮੈਂ ਭਾਵੇਂ ਮੋਸ਼ਨ ਮੂਵ ਕੀਤਾ ਸੀ ਪਰ ਮੈਂ ਹਰਗਿਜ਼ ਇਸ ਗੱਲ ਦਾ ਇਰਾਦਾ ਨਹੀਂ ਸੀ ਰਖਦਾ ਕਿ ਉਨ੍ਹਾਂ ਨੂੰ ਕੋਈ ਸਖਤ ਸਜ਼ਾ ਦਿੱਤੀ ਜਾਵੇ । ਇਹ ਇਕ ਇਸ ਹਾਊਸ ਦੇ ਡੈਕੋਰਮ ਦਾ ਸਵਾਲ ਸੀ, ਹਾਊਸ ਦੀ ਡਿਗਨਿਟੀ ਦਾ ਸਵਾਲ ਸੀ । ਉਨ੍ਹਾਂ ਨੂੰ ਸਪੀਕਰ ਸਾਹਿਬ ਦੇ ਹੁਕਮ ਨੂੰ ਮੰਨਣਾ ਚਾਹੀਦਾ ਸੀ । ਬਾਵਜੂਦ ਉਨ੍ਹਾਂ ਨੂੰ ਇਹ ਕਹਿਣ ਦੇ ਜੇ ਉਹ ਨਹੀਂ ਮੰਨਦੇ, ਮੈਂ ਕਹਾਂਗਾ ਜੋ ਮੈਂ ਰੈਜ਼ੋਲਿਊਸ਼ਨ ਮੂਵ ਕੀਤਾ ਸੀ ਉਹ ਕਰ ਦਿੱਤਾ ਜਾਵੇ । (ਵਿਘਨ)

ਸ਼੍ਰੀ ਸਪੀਕਰ : ਇਹ ਚੀਜ਼ ਇਸ ਤਰ੍ਹਾਂ ਪੁਟ ਨਹੀਂ ਹੋਣੀ, ਐਵੇਂ ਅਨਪਲੈਜ਼ੈਂਟਨੈਸ ਪੈਦਾ ਕਰਨ ਦਾ ਕੋਈ ਫਾਇਦਾ ਨਹੀਂ । ਇਹ ਕਿਸੇ ਇੰਡੀਵਿਜੂਅਲ ਦਾ ਕੋਈ ਮਤਲਬ ਨਹੀਂ, ਇਹ ਤਾਂ ਇਸ ਹਾਊਸ ਦੀ ਡਿਗਨਿਟੀ ਦਾ ਸਵਾਲ ਹੈ । ਇਸ ਦਾ ਮਤਲਬ ਇਹ ਹੈ ਕਿ ਜੋ ਵੀ ਕੋਈ ਖੱਪ ਪਾਏਗਾ ਉਸ ਨੂੰ ਬਾਹਰ ਨਿਕਲਣਾ ਪਏਗਾ । (ਇਕ ਮਾਨਯੋਗ ਮੈਂਬਰ--ਖੱਪ ਪਾਏਗਾ ।) ਮੇਰਾ ਮਤਲਬ ਹੈ ਕਿ ਜਿਹੜਾ ਵੀ ਮੈਂਬਰ ਇਸ ਤਰ੍ਹਾਂ ਦੇ ਲਫ਼ਜ਼ ਕਹੇਗਾ ਉਸ ਨੂੰ ਨਿਕਲਣਾ ਪਏਗਾ । (This thing cannot be put like this, there is no use of

creating unpleasantness. It is not a question of one individual. This is a question of dignity of the House. It means that whoever creates nuisance, he shall have to withdraw from the House. (An hon. Member Creates nuisance.) I mean to say that whoever uses such words shall have to leave the House.) (ਵਿਘਨ)

ਮੁੱਖ ਮੰਤਰੀ : ਚੇਅਰ ਨੂੰ ਗਾਲ੍ਹਾਂ ਕੱਢੀ ਜਾਵੇ, ਤਾਂ ਹਾਊਸ ਵਿਚੋਂ ਕੱਢਿਆ ਨਹੀਂ ਜਾਵੇਗਾ ਤਾਂ ਹੋਰ ਕੀ ਹੋਵੇਗਾ। ਸਪੀਕਰ ਸਾਹਿਬ, ਇਹ ਚੀਜ਼ ਠੀਕ ਨਹੀਂ, ਤੁਸੀਂ ਇਸ ਹਾਊਸ ਦੀ ਕਾਰਵਾਈ ਨੂੰ ਕੰਡਕਟ ਕਰਨਾ ਹੈ, ਤੁਸੀਂ ਲੀਡਰ ਹੋ। ਜਿਸ ਤਰ੍ਹਾਂ ਠੀਕ ਢੰਗ ਨਾਲ ਚਲਦੀ ਹੈ ਉਹ ਢੰਗ ਤੁਸੀਂ ਖੁਦ ਵੇਖਣਾ ਹੈ। ਮੇਰੇ ਇਤਨੇ ਕਹਿਣ ਦੇ ਬਾਵਜੂਦ ਜੇ ਉਹ ਮੰਨਣ ਵਾਸਤੇ ਤਿਆਰ ਹਨ ਤਾਂ ਠੀਕ ਹੈ, ਜੇਕਰ ਨਹੀਂ ਤਿਆਰ ਤਾਂ ਮੈਂ ਹਾਊਸ ਵਿਚ ਰੈਜ਼ੋਲਿਊਸ਼ਨ ਫੇਰ ਪੁਟ ਕਰਦਾ ਹਾਂ। ਜੇ ਕੋਈ ਹੋਰ ਜਵਾਬ ਲੀਡਰ ਆਫ ਦੀ ਆਪੋਜ਼ੀਸ਼ਨ ਦੇਣਾ ਚਾਹੁੰਦੇ ਹਨ ਉਹ ਦੇ ਦੇਣ।

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਜਿਥੋਂ ਤੱਕ ਹਾਊਸ ਦੀ ਡਿਗਨਿਟੀ ਅਤੇ ਡੈਕੋਰਮ ਦਾ ਸਵਾਲ ਹੈ, ਮੈਂ ਮੰਨਦਾ ਹਾਂ ਕਿ ਬਰਕਰਾਰ ਰੱਖਣੀ ਚਾਹੀਦੀ ਹੈ। ਪਰ ਜਦੋਂ ਅਸੀਂ 15 ਮਿੰਟ ਦੇ ਲਈ ਐਡਜਰਨ ਹੋਕੇ ਕਮਰੇ ਵਿਚ ਸਾਰੇ ਮੀਟ ਕੀਤੇ ਸੀ ਤਾਂ ਉਸ ਵੇਲੇ ਹਰ ਕਿਸੇ ਦਾ ਇਹੋ ਖਿਆਲ ਸੀ ਕਿ ਹੇਸਟੀ ਸਟੈਪਸ ਲਏ ਗਏ ਹਨ। ਅਸੀਂ ਸਮਝਦੇ ਹਾਂ ਜਲਦ-ਬਾਜ਼ੀ ਦੇ ਵਿਚ ਕੋਈ ਐਸੀ ਗੱਲ ਨਹੀਂ ਹੋਣੀ ਚਾਹੀਦੀ। ਜਿਥੋਂ ਤੱਕ ਆਪੋਜ਼ੀਸ਼ਨ ਦਾ ਮਿਲ-ਵਰਤਣ ਦੇਣ ਦਾ ਸਵਾਲ ਹੈ ਅਸੀਂ ਹਮੇਸ਼ਾ ਤੁਹਾਡੇ ਨਾਲ ਕੋਆਪਰੇਟ ਕਰਨ ਦੇ ਲਈ ਤਿਆਰ ਹਾਂ। ਪਰ ਇਹ ਗੱਲ ਆਪਦੇ ਰਾਹੀਂ ਟਰੈਯਰੀ ਬੈਂਚਿਜ਼ ਨੂੰ ਵੀ ਕਹਾਂਗਾ ਕਿ ਉਨ੍ਹਾਂ ਨੂੰ ਇਤਨੇ ਹੇਸਟੀ ਸਟੈਪਸ ਨਹੀਂ ਸੀ ਲੈਣੇ ਚਾਹੀਦੇ।

ਇਕ ਮਾਨਯੋਗ ਮੈਂਬਰ : ਗਿੱਲ ਸਾਹਿਬ, ਇਸ ਤਰ੍ਹਾਂ ਹਾਊਸ ਦੀ ਡਿਗਨਿਟੀ ਨੂੰ ਲੋਅਰ ਨਾ ਕਰੋ।

ਸ੍ਰੀ ਸਪੀਕਰ : ਮੈਂ ਮਜਬੂਰ ਹਾਂ ਕਿ ਐਸੀ ਗੱਲ ਦੇ ਲਈ ਮੈਨੂੰ ਹਾਊਸ ਦੀ ਸੈਂਸ ਲੈਣੀ ਪਈ ਹੈ, ਹੋਰ ਤਾਂ ਕੋਈ ਤਰੀਕਾ ਹੋ ਨਹੀਂ ਸਕਦਾ। ਇਸ ਲਈ ਮੈਂ ਮੂਵ ਕਰਦਾ ਹਾਂ ਕਿ ਜਿਹੜਾ ਇਹ ਰੈਜ਼ੋਲਿਊਸ਼ਨ ਲੀਡਰ ਆਫ਼ ਦੀ ਹਾਊਸ ਨੇ ਪੇਸ਼ ਕੀਤਾ ਜਿਹੜੇ ਇਸ ਦੇ ਅਗੇਨਸਟ ਹਨ ਉਹ ਮਿਹਰਬਾਨੀ ਕਰਕੇ ਖੜੇ ਹੋ ਜਾਣ। (I am sorry that I have to take the sense of the House in such a matter, there is no other alternative. Therefore, I would request those hon. Members who are against the resolution moved by the Leader of the House to rise in their places).

(ਕੋਈ ਵੀ ਮੈਂਬਰ ਖੜਾ ਨਹੀਂ ਹੋਇਆ।)

ਸ੍ਰੀ ਬਲਰਾਮਜੀ ਦਾਸ ਟੰਡਨ : ਹੱਦ ਹੋ ਗਈ ਕਿਹੜਾ ਰੈਜ਼ੋਲਿਊਸ਼ਨ ਸਾਨੂੰ ਪਹਿਲਾਂ ਦੱਸੋ ਤਾਂ ਸਹੀ।

ਸ਼੍ਰੀ ਸਪੀਕਰ : ਇਹੋ ਜਿਹੜਾ ਉਨ੍ਹਾਂ ਨੇ ਮੂਵ ਕੀਤਾ ਹੈ ਕਿ ਬਾਹਰ ਤਸ਼ਰੀਫ਼ ਲੈ ਜਾਣ। (The resolution moved by the Leader of the House that the hon. Member be expelled from the House.)

ਸ਼੍ਰੀ ਬਲਰਾਮਜੀ ਦਾਸ ਟੰਡਨ : ਹੱਦ ਹੋ ਗਈ, ਇਸ ਤਰ੍ਹਾਂ ਤਾਂ ਅੱਗੇ ਕਦੇ ਵੀ ਨਹੀਂ ਮੂਵ ਹੋਇਆ।

ਸ਼੍ਰੀ ਸਪੀਕਰ : ਅਗਰ ਹਾਊਸ ਦੀ ਸੈਂਸ ਹੈ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਮੁਆਫ਼ੀ ਮੰਗੀ ਹੈ ਉਨ੍ਹਾਂ ਨੂੰ ਮੁਆਫ਼ ਕੀਤਾ ਜਾਵੇ ਅਤੇ ਅੱਗੋਂ ਲਈ ਵਾਰਨ ਕਰ ਦਿੱਤਾ ਜਾਵੇ ਮੈਂ........ (If it is the sense of the House that as the hon. Member has apologised, he should be forgiven and administered a warning for future I......)

ਸ਼੍ਰੀ ਬਲਰਾਮਜੀ ਦਾਸ ਟੰਡਨ : ਸਵਾਲ ਤਾਂ ਇਹ ਹੈ ਕਿ ਜੋ ਰੇਜ਼ੋਲਿਊਸ਼ਨ ਉਨ੍ਹਾਂ ਨੇ ਪੁਟ ਕੀਤਾ ਹੈ, ਕੀ ਉਸ ਨੂੰ ਹਾਊਸ ਐਪਰੂਵ ਕਰਦਾ ਹੈ ?

ਆਵਾਜ਼ਾਂ : ਸਪੀਕਰ ਸਾਹਿਬ, ਇਸ ਵਕਤ ਇਨ੍ਹਾਂ ਨੂੰ ਮੁਆਫ਼ ਕਰ ਦਿਉ।

ਸ਼੍ਰੀ ਸਪੀਕਰ : ਮੈਂ ਇਸ ਲਈ ਇਸ ਤਰ੍ਹਾਂ ਪੁਟ ਕਰਦਾ ਹਾਂ ਕਿ ਇਸ ਤਰ੍ਹਾਂ ਦੀ ਤੁਸੀਂ ਚੀਜ਼ ਨਹੀਂ ਕਰੋਗੇ। ਪਹਿਲਾ ਆਰਡਰ ਰੀਸਿੰਡ ਕੀਤਾ ਜਾਂਦਾ ਹੈ। (Therefore, I put it like this that this thing will not be repeated. Previous order is rescinded.)

ADJOURNMENT MOTION

ਸ਼੍ਰੀ ਸਪੀਕਰ : ਇਹ ਕਾਲ ਅਟੈਨਸ਼ਨ ਮੋਸ਼ਨਜ਼ ਹਨ। (These are call attention motions.)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਸਟਰਾਈਕ ਦੇ ਬਾਰੇ ਕੁਝ ਕਹਿ ਰਿਹਾ ਸਾਂ।

ਸ਼੍ਰੀ ਬਲਰਾਮਜੀ ਦਾਸ ਟੰਡਨ : ਮੁੜ ਸ਼ੁਰੂ ਤੋਂ ਬੋਲੋ।

ਮੁੱਖ ਮੰਤਰੀ : ਮੈਨੂੰ ਯਾਦ ਨਹੀਂ ਕਿ ਕਿਥੋਂ ਸ਼ੁਰੂ ਕੀਤਾ ਸੀ। ਤੇ, ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਮਨਿਸਟਰ ਸਾਹਿਬ ਅਤੇ ਰੋਡਵੇਜ਼ ਦੇ ਵਰਕਰਾਂ ਦੇ ਦਰਮਿਆਨ ਫ਼ੈਸਲਾ ਹੋਇਆ ਸੀ ਕਿ ਹਰਿਆਣਾ ਐਵਾਰਡ ਦਾ ਫ਼ੈਸਲਾ ਆਉਣ ਵਾਲਾ ਹੈ, ਉਸ ਨੂੰ ਦੋਨੋਂ ਪਾਸੇ ਮੰਨ ਲੈਣਗੇ। ਪੇਪਰ ਵਿਚ ਵੀ ਇਹ ਗੱਲ ਆਈ ਸੀ ਅਤੇ ਇਸ ਬਾਰੇ ਗੁਫ਼ਤਗੂ ਵੀ ਹੁੰਦੀ ਰਹੀ ਸੀ। ਸਟਰਾਈਕ ਤੋਂ ਇਕ ਹਫਤਾ ਪਹਿਲਾਂ ਮੈਂ ਦੋਨੋਂ ਪਾਸਿਆਂ ਨੂੰ ਬੁਲਾਇਆ ਸੀ, ਉਨ੍ਹਾਂ ਨੇ ਕਿਹਾ ਕਿ ਅਸੀਂ ਐਵਾਰਡ ਮੰਨਾਂਗੇ। ਪਰ ਜਦੋਂ ਇਹ ਐਵਾਰਡ ਹੁਣ ਪਬਲਿਸ਼ ਹੋ ਗਿਆ ਹੈ ਤਾਂ ਰੋਡਵੇਜ਼ ਦੇ ਵਰਕਰ ਇਸ ਤੋਂ ਪਿੱਛੇ ਹਟ ਗਏ ਹਨ। ਉਹ ਫ਼ੈਸਲੇ ਦੇ ਪਾਬੰਦ ਨਹੀਂ ਰਹੇ। ਬਾਵਜੂਦ ਇਸ ਦੇ ਕਿ ਉਨ੍ਹਾਂ ਨੂੰ ਬੇਨਤੀ ਕੀਤੀ ਗਈ ਸੀ, ਉਨ੍ਹਾਂ ਨੇ ਗੌਰਮਿੰਟ ਦੀ ਬੇਨਤੀ ਨਹੀਂ ਮੰਨੀ। ਗੌਰਮਿੰਟ ਦੀ ਇਹ ਵੀ ਰਾਏ ਹੈ ਕਿ ਇਹ ਸਟਰਾਈਕ ਇਲਲੀਗਲ ਹੈ ਅਤੇ

ਇਹ ਸਾਫ਼ ਕਰ ਦਿੱਤਾ ਗਿਆ ਸੀ ਕਿ ਜੇ ਕੋਈ ਇੱਲਲੀਗਲ ਗੱਲ ਹੋਈ ਤਾਂ ਇਸ ਦੇ ਨਤੀਜੇ ਉਨ੍ਹਾਂ ਨੂੰ ਭੁਗਤਣੇ ਪੈਣਗੇ । ਲਾ ਐਂਡ ਆਰਡਰ ਨੂੰ ਕਾਇਮ ਰੱਖਣ ਵਾਸਤੇ ਸਟੈਪ ਚੁਕੇ ਗਏ ਹਨ । ਕੁਝ ਗੱਡੀਆਂ ਨੂੰ ਡੈਮੇਜ ਕੀਤਾ ਗਿਆ ਹੈ ਜੋ ਕਿ ਉਨ੍ਹਾਂ ਨੂੰ ਨਹੀਂ ਸੀ ਕਰਨਾ ਚਾਹੀਦਾ । ਜੋ ਵੀ ਗੌਰਮਿੰਟ ਦੇ ਵਿਰੁਧ ਜਾਵੇਗਾ, ਉਸ ਤੇ ਕਾਨੂੰਨ ਦੇ ਮੁਤਾਬਕ ਐਕਸ਼ਨ ਜ਼ਰੂਰ ਲਿਆ ਜਾਵੇਗਾ । (ਤਾਲੀਆਂ) ਐਸਾ ਵੀ ਕੁਝ ਨਜ਼ਰ ਆਉਂਦਾ ਹੈ ਕਿ ਕੁਝ ਲੋਕ ਆਪਣੇ ਮਤਲਬ ਵਾਸਤੇ ਉਨ੍ਹਾਂ ਨੂੰ ਉਕਸਾਂਦੇ ਹਨ । ਜੇ ਉਸ ਵਿਚ ਵੀ ਕਾਨੂੰਨ ਤੋਂ ਵਿਰੁਧ ਕੋਈ ਗੱਲ ਨਜ਼ਰ ਆਈ ਤਾਂ ਐਕਸ਼ਨ ਲੈਣ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ । (ਸਰਕਾਰੀ ਬੈਂਚਾਂ ਵਲੋਂ ਥੰਪਿੰਗ) ਜਿਤਨੀਆਂ ਬਸਾਂ ਵੀ ਜਨਤਾ ਦੀ ਸਹੂਲੀਅਤ ਲਈ ਚਲਾਈਆਂ ਜਾ ਸਕਦੀਆਂ ਹਨ ਉਨ੍ਹਾਂ ਦਾ ਇੰਤਜ਼ਾਮ ਕੀਤਾ ਗਿਆ ਹੈ । ਅਵਾਮ ਵੀ ਇਸ ਗੱਲ ਵਿਚ ਸਹਾਇਤਾ ਦੇ ਰਹੇ ਹਨ ਅਤੇ ਅਸੀਂ ਮਿਲਟਰੀ ਤੋਂ ਵੀ ਸਹਿਯੋਗ ਲਿਆ ਹੈ । ਮੈਂ ਮੈਂਬਰਾਂ ਨੂੰ ਯਕੀਨ ਦੁਆਉਂਦਾ ਹਾਂ ਕਿ ਜਨਤਾ ਦੀ ਤਕਲੀਫ਼ ਨੂੰ ਸਰਕਾਰ ਚੰਗੀ ਤਰ੍ਹਾਂ ਸਮਝਦੀ ਹੈ । ਮੈਂ ਇਨ੍ਹਾਂ ਅਗੇ ਵੀ ਬੇਨਤੀ ਕਰਦਾ ਹਾਂ ਕਿ ਸਾਨੂੰ ਸਹਾਇਤਾ ਦਿਉ । ਮੈਂ ਪਬਲਿਕ ਨੂੰ ਵੀ ਐਸ਼ੋਅਰ ਕਰਦਾ ਹਾਂ ਕਿ ਲਾ ਐਂਡ ਆਰਡਰ ਨੂੰ ਡਿਸਟਰਬ ਕਰਨ ਦੀ ਇਜਾਜ਼ਤ ਨਹੀਂ ਦਿਤੀ ਜਾਵੇਗੀ ।

———

CALL ATTENTION NOTICES

ਸ੍ਰੀ ਸਪੀਕਰ : ਇਹ ਕਾਲ ਅਟੈਨਸ਼ਨ ਮੋਸ਼ੰਜ਼ ਆਈਆਂ ਹਨ। (Here are some notices of Call Attention Motions.)

ਸ੍ਰੀ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਕਾਲ ਅਟੈਨਸ਼ਨ ਮੋਸ਼ਨ ਦੇ ਜਵਾਬ ਵਿਚ ਸਟੇਟਮੈਂਟ ਜੋ ਆਉਂਦੀ ਹੈ ਉਸ ਤੇ ਇਕ ਸਵਾਲ ਕਰਨ ਦਾ ਅਧਿਕਾਰ ਹੁੰਦਾ ਹੈ।

ਮੁੱਖ ਮੰਤਰੀ : ਸਿਰਫ਼ ਇਕ ਕੁਐਸਚਨ ਅਲਾਊ ਹੁੰਦਾ ਹੈ ।

ਸ੍ਰੀ ਬਲਰਾਮਜੀ ਦਾਸ ਟੰਡਨ : ਇਕ ਪਾਰਟੀ ਦੇ ਲੀਡਰ ਨੂੰ ਇਕ ਕੁਐਸਚਨ ਐਲਾਊ ਹੁੰਦਾ ਹੈ ।

ਮੁੱਖ ਮੰਤਰੀ : ਇਹ ਗਲਤ ਚੀਜ਼ ਹੈ । ਜਿਸ ਮੈਂਬਰ ਦੀ ਕਾਲ ਅਟੈਨਸ਼ਨ ਮੋਸ਼ਨ ਹੋਵੇ ਉਹ ਇਕ ਸਵਾਲ ਕਰ ਸਕਦਾ ਹੈ। ਆਜ਼ਾਦ ਸਾਹਿਬ ਨੇ ਕਾਲ ਅਟੈਨਸ਼ਨ ਮੋਸ਼ਨ ਪੇਸ਼ ਕੀਤੀ ਹੈ, ਉਹ ਇਕ ਸਵਾਲ ਕਰ ਸਕਦੇ ਹਨ ।

ਸ੍ਰੀ ਸਪੀਕਰ : ਪਹਿਲਾਂ ਮੇਰੀ ਗੱਲ ਸੁਣ ਲਉ । ਇਹ ਕੋਈ ਰੈਗੁਲਰ ਸਟੇਟਮੈਂਟ ਤਾਂ ਨਹੀਂ ਆਈ ਜਿਸ ਤੇ ਮੈਂ ਕੁਐਸਚਨ ਐਲਾਊ ਕਰ ਸਕਾਂ । (First listen to me. There is no regular statement on which I could allow questions.)

ਸ੍ਰੀ ਸੱਤ ਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਇਸ ਹੀ ਮਸਲੇ ਤੇ ਤੁਸੀਂ ਇਕ ਐਡਜਰਨਮੈਂਟ ਮੋਸ਼ਨ ਡਿਸਐਲਾਊ ਕਰ ਦਿਤੀ ਸੀ ਕਿ ਇਸ ਉਤੇ ਡਿਸਕਸ਼ਨ ਦੀ ਲੋੜ ਨਹੀਂ । ਹੁਣ ਚੀਫ ਮਨਿਸਟਰ ਨੇ ਮਹਿਸੂਸ ਕੀਤਾ ਹੈ ਕਿ ਇਹ ਇਕ ਅਹਿਮ ਮਾਮਲਾ ਹੈ । ਇਸ ਲਈ ਇਸ ਤੇ ਡਿਸਕਸ਼ਨ ਐਲਾਊ ਹੋਣੀ ਚਾਹੀਦੀ ਹੈ ।

Mr. Speaker: There is Call Attention Motion No. 1 by Shri Vishwanathan.

Voices: He is not present.

Mr. Speaker: Since he is not present I read out the same. It runs as under :—

Shri A. Vishwanathan, M.L.A. to draw the attention of the Government towards the following highly objectionable acts of the Ludhiana Police on 22nd November, 1967.

(a) That S. Jagdev Singh, M.L.A. was not only arrested from a tea shop in Ludhiana, when he was taking tea but was also manhandled and pushed, so that his turban fell to the ground.

(b) That Shri Kapoor Chand Jain, M.L.A. was manhandled and he suffered bruises and injuries.

(c) That Shri A. Vishwanathan, M. L. A. was arrested from the G.T. Road, about a mile from the railway station, when he was moving towards the city on foot, by an A.S.I. without telling him the reasons of his arrest.

(d) That Shri A. Vishwanathan wrote a letter of protest to the Governor."

Mr. Speaker: The Call Attention Motion is admitted. The Minister concerned to please make a statement.

There is another Call Attention Motion No. 2 by Shri A. Vishwanathan which I read out.

Shri A. Vishwanathan, M.L.A. to draw the attention of the Government towards a matter of public importance, namely, that it should state its policy with regard to the demands of unemployed Engineers and Engineering Students throughout the State. I also wish to draw the attention towards the agitation now going on by Engineers and Engineering students in the State and request that the Government should enlighten the House on its attitude to the same,"

The Call Attention Motion is admitted. The Minister concerned to please make a statement.

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂਬਰ ਹਾਉਸ ਵਿਚ ਹਾਜ਼ਰ ਨਹੀਂ, ਉਸ ਨੇ ਇਹ ਮੋਸ਼ਨਾਂ ਪੜ੍ਹੀਆਂ ਨਹੀਂ, ਤੁਸੀਂ ਐਡਮਿਟ ਕਿਸ ਤਰ੍ਹਾਂ ਕਰ ਰਹੇ ਹੋ ?

ਸ੍ਰੀ ਪ੍ਰਬੋਧ ਚੰਦਰ : ਸਪੀਕਰ ਸਾਹਿਬ, ਰੂਲਜ਼ ਦੇ ਮੁਤਾਬਕ ਜਿਸ ਮੈਂਬਰ ਦੀ ਇਹ ਕਾਲ ਅਟੈਨਸ਼ਨ ਮੋਸ਼ਨ ਹੈ ਉਸ ਨੂੰ ਉਠ ਕੇ ਪੜ੍ਹਨੀ ਚਾਹੀਦੀ ਹੈ । ਜੇ ਉਹ ਹਾਉਸ ਵਿਚ ਹਾਜ਼ਰ ਨਹੀਂ ਹੈ ਤਾਂ ਇਹ ਕਾਲ ਅਟੈਨਸ਼ਨ ਮੋਸ਼ਨਾਂ ਪੁਟ ਨਹੀਂ ਕੀਤੀਆਂ ਜਾ ਸਕਦੀਆਂ ।

ਸ੍ਰੀ ਸਪੀਕਰ : ਪ੍ਰਬੋਧ ਜੀ, ਇਹ ਮੋਸ਼ਨਾਂ ਤਾਂ ਪਹਿਲਾਂ ਹੀ ਐਡਮਿਟ ਹੋ ਚੁਕੀਆਂ ਹਨ । ਇਨ੍ਹਾਂ ਨੂੰ ਐਡਮਿਟ ਕਰਕੇ ਇਨ੍ਹਾਂ ਦੀ ਸੂਚਨਾ ਗੌਰਮਿੰਟ ਦੇ ਆਫਿਸਿਜ਼ ਨੂੰ ਭੇਜ ਦਿਤੀ ਗਈ ਹੈ । (I would like to inform the hon. Member, Shri Prabodh Chandra that these motions have already been admitted. The information about their having been admitted has been sent to Government offices.) (ਵਿਘਨ)

ਸ੍ਰੀ ਸਪੀਕਰ : ਮੈਂ ਤਾਂ ਇਸ ਹਾਊਸ ਨੂੰ ਠੀਕ ਤਰ੍ਹਾਂ ਚਲਾਣ ਲਈ ਇਹ ਮੋਸ਼ਨਾਂ ਐਡਮਿਟ ਕਰ ਦਿਤੀਆਂ ਹਨ । (ਵਿਘਨ) (I have admitted these motions so that the proceedings of the House may be conducted smoothly.)

ਲੈਫਟੀਨੈਂਟ ਭਾਗ ਸਿੰਘ : ਸਪੀਕਰ ਸਾਹਿਬ, ਇਹ ਰੂਲ ਕਿਹੜਾ ਹੈ ?

ਸ੍ਰੀ ਸਪੀਕਰ : ਭਾਗ ਸਿੰਘ ਜੀ, ਤੁਸੀਂ ਆਪ ਇਥੇ ਆ ਕੇ ਮੈਨੂੰ ਰੂਲ ਦਸ ਦਿਉ । (The hon. Member may please come to me and show me the rule.)

ਸ੍ਰੀ ਪ੍ਰਬੋਧ ਚੰਦਰ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਮੈਂ ਆਪ ਦੀ ਰੂਲਿੰਗ ਨੂੰ ਚੈਲਿੰਜ ਨਹੀਂ ਕਰਦਾ । ਅਗੇ ਹੀ ਸਾਡੇ ਹਾਊਸ ਦੀ ਕਾਫ਼ੀ ਬੇਇਜ਼ਤੀ ਹੋਈ ਹੈ । ਸਾਡੇ ਸਬਰ ਦਾ ਪੈਮਾਨਾ ਲਬਰੇਜ਼ ਹੋ ਚੁਕਿਆ ਹੈ । ਸਪੀਕਰ ਸਾਹਿਬ, ਆਪ ਇਕ ਬੜੀ ਵੱਡੀ ਕੁਰਸੀ ਤੇ ਬੈਠੇ ਹੋ । ਮੈਂ ਵੀ ਇਸ ਕੁਰਸੀ ਤੇ ਬੈਠਾ ਰਿਹਾ ਹਾਂ । ਹਾਊਸ ਨੂੰ ਰੂਲਜ਼ ਦੇ ਮੁਤਾਬਿਕ ਕੰਡਕਟ ਕਰਨਾ ਹੋਦਾ ਹੈ । ਵੈਸੇ ਤਾਂ ਹਰ ਇਕ ਚੀਜ਼ ਦਾ ਸੰਬੰਧ ਗੌਰਮਿਟ ਨਾਲ ਹੁੰਦਾ ਹੈ ਜੋ ਵੀ ਇਸ ਹਾਊਸ ਵਿੱਚ ਪੇਸ਼ ਹੁੰਦੀ ਹੈ ਪਰ ਕਾਨੂੰਨ ਦੀ ਉਲੰਘਣਾ ਭਾਵੇਂ ਉਪਰੋਂ ਹੋਵੇ, ਥੱਲਿਉਂ ਹੋਵੇ ਜਾਂ ਇਥੋਂ ਹੋਵੇ, ਠੀਕ ਨਹੀਂ । ਅੱਗੇ ਹੀ ਅਸੀਂ ਮਜ਼ਾਕ ਦਾ ਮੌਜ਼ੂ ਬਣ ਚੁਕੇ ਹਾਂ । ਇਹ ਜੋ ਕੁਝ ਸਾਡੇ ਖਿਲਾਫ਼ ਕਹਿਣਾ ਚਾਹੁਣ ਜ਼ਰੂਰ ਕਹਿਣ । ਅਸੀਂ ਸੁਣਾਂਗੇ । ਪਰ ਜੋ ਕਾਨੂੰਨ ਦੇ ਖਿਲਾਫ਼ ਹੈ ਉਹ ਪ੍ਰੋਸੀਡਿੰਗਜ਼ ਵਿਚ ਨਹੀਂ ਆਉਣਾ ਚਾਹੀਦਾ । ਇਸ ਕਰਕੇ ਇਹ ਕਾਲ ਅਟੈਨਸ਼ਨ ਮੋਸ਼ਨ ਕਨਸਿਡਰ ਨਹੀਂ ਕੀਤੀਆਂ ਜਾ ਸਕਦੀਆਂ ।

ਸ੍ਰੀ ਬਲਰਾਮਜੀ ਦਾਸ ਟੰਡਨ : ਸਪੀਕਰ ਸਾਹਿਬ, ਇਹ ਐਸਪਰਸ਼ਨ ਹੈ ਕਿ ਕਾਨੂੰਨ ਦੀ ਉਲਘਣਾ ਉਪਰੋਂ, ਥੱਲਿਉਂ, ਇਥੋਂ ਹੋਵੇ । ਇਹ ਐਕਸਪੰਜ ਕਰ ਦੇਣਾ ਚਾਹੀਦਾ ਹੈ ।

ਮੁੱਖ ਮੰਤਰੀ : ਮੈਂਬਰ ਆਪ ਹਾਜ਼ਰ ਨਹੀਂ ਹੈ । ਇਸ ਦਾ ਮਤਲਬ ਇਹ ਹੈ ਕਿ ਮੋਸ਼ਨ ਕੋਈ ਇੰਪਾਰਟੈਂਟ ਨਹੀਂ ਹੈ । ਕਾਲ ਅਟੈਨਸ਼ਨ ਮੋਸ਼ਨਾਂ ਟੇਕ-ਅਪ ਹੋਣ ਵੇਲੇ ਮੈਂਬਰ ਨੂੰ ਹਾਊਸ ਵਿਚ ਹਮੇਸ਼ਾ ਹਾਜ਼ਰ ਹੋਣਾ ਚਾਹੀਦਾ ਹੈ ।

1-00 p. m.

ਸ੍ਰੀ ਸਪੀਕਰ : ਇਹ ਐਡਮਿਟ ਕਰਕੇ ਗੌਰਮਿੰਟ ਨੂੰ ਇਨਫਾਰਮ ਕਰ ਦਿੱਤਾ ਗਿਆ ਹੈ ਤਾ ਕਿ ਗੌਰਮਿੰਟ ਜਵਾਬ ਦੇਵੇ । (The Government have been informed after admitting the Call Attention Notices so that they may give a reply.)

ਸ੍ਰੀ ਪ੍ਰਬੋਧ ਚੰਦਰ : ਅਗਰ ਐਡਮਿਟ ਕਰਨ ਦਾ ਸਵਾਲ ਹੈ, ਸਾਰੇ ਸਵਾਲ ਐਡਮਿਟ ਕਰਕੇ ਤਾਂ ਐਥੇ ਆਉਂਦੇ ਹਨ ।

(ਸ਼ੋਰ)

Mr. Speaker : Every Member has no right to tell.

ਸ਼੍ਰੀ ਪ੍ਰਬੋਧ ਚੰਦਰ : ਜਿੰਨਾਂ ਚਿਰ ਮੂਵਰ ਇਥੇ ਹਾਜ਼ਰ ਨਾ ਹੋਵੇ ਉਹਦੀ ਕਾਲ ਅਟੈਨਸ਼ਨ ਮੋਸ਼ਨ ਐਡਮਿਟ ਨਹੀਂ ਹੋ ਸਕਦੀ ।

Mr. Speaker : Order please. Call Attention Notice No. 10 by Comrade Satya Pal Dang and....

ਚੌਧਰੀ ਬਲਬੀਰ ਸਿੰਘ : ਸ਼੍ਰੀ ਪ੍ਰਬੋਧ ਚੰਦਰ ਜੀ ਦੇ ਸਵਾਲ ਦਾ ਕੀ ਜਵਾਬ ਹੈ ?

ਸ਼੍ਰੀ ਸਪੀਕਰ : ਮੈਂ ਐਲਾਊ ਕਰ ਚੁਕਾ ਹਾਂ, ਗੌਰਮਿੰਟ ਉਸ ਦਾ ਜਵਾਬ ਦੇ ਦੇਵੇਗੀ ।

(I have allowed it and the Government would give a reply.)

Call Attention Notice No. 10 is in the names of Shri Satya Pal Dang and Comrade Bhan Singh Bhaura.

ਸ਼੍ਰੀ ਸੱਤ ਪਾਲ ਡਾਂਗ : ਮੈਂ ਸਰਕਾਰ ਦੀ ਤਵੱਜੋ ਇਕ ਬੜੇ ਜ਼ਰੂਰੀ ਮਾਮਲੇ ਵਲ ਦਿਵਾਣਾ ਚਾਹੁੰਦਾ ਹਾਂ ਕਿ ਸਟੇਟ ਦੇ ਪਾਲੀਟੈਕਨਿਕ ਦੇ ਸਟੂਡੈਂਟਸ ਨੇ ਹੜਤਾਲ ਕੀਤੀ ਹੋਈ ਹੈ ਜਿਸ ਦਾ ਫੈਸਲਾ ਹਾਲੇ ਤਕ ਨਹੀਂ ਹੋਇਆ । ਇਸ ਤੇ ਸਰਕਾਰ ਆਪਣੀ ਸਟੇਟਮੈਂਟ ਦੇਵੇ ।
(Sir, I beg to draw the attention of the Government towards an urgent matter of public importance, namely, the strike of Polytechnic students of the State which began quite a number of days ago and which has not yet been settled. In view of the urgent and great importance of the matter, the Government may please make a statement in the House.)

ਸ਼੍ਰੀ ਸਪੀਕਰ : Admitted. ਸਰਕਾਰ ਇਸ ਦਾ ਜੁਆਬ ਦੇਵੇ । (Admitted. the Government will make a statement.)

Call Attention Notice No. 11 has been given by Shri Satya Pal Dang and Comrade Bhan Singh Bhaura.

ਸ਼੍ਰੀ ਸੱਤ ਪਾਲ ਡਾਂਗ : ਸਰਕਾਰ ਦੀ ਤੇ ਹਾਊਸ ਦੀ ਤਵੱਜੋ ਪੰਜਾਬ ਟਰੇਡ ਯੂਨੀਅਨ ਕਾਂਗਰਸ ਅਤੇ ਕੁਝ ਇਕ ਹੋਰ ਟਰੇਡ ਯੂਨੀਅਨ ਆਰਗੇਨਾਈਜ਼ੇਸ਼ਨਾਂ ਦੇ ਸਟੇਟ ਦੇ ਇੰਡਸਟਰੀਅਲ ਵਰਕਰਜ਼ ਵਲੋਂ 1 ਮਾਰਚ, 1968 ਨੂੰ ਇੱਕ ਦਿਨ ਦੀ ਸਟਰਾਈਕ ਕਰਨ ਦੇ ਫੈਸਲੇ ਵੱਲ ਦਿਵਾਉਂਦਾ ਹਾਂ । ਇਹ ਫੈਸਲਾ ਉਨ੍ਹਾਂ ਦਾ ਬਤੌਰ ਪਰੋਟੈਸਟ ਹੈ ਕਿ ਸਰਕਾਰ ਕੋਈ ਕਾਨੂੰਨ ਬਣਾਉਣ ਵਿੱਚ ਅਸਫਲ ਰਹੀ ਹੈ ਜਿਹੜਾ ਕਿ ਵਰਕਰਜ਼ ਦੇ ਵੇਜਿਜ਼ ਨੂੰ ਕਾਸਟ ਆਫ ਲਿਵਿੰਗ ਇੰਡੈਕਸ ਨਾਲ ਲਿੰਕ ਕਰੇ । ਸਰਕਾਰ ਇਸ ਬਾਰੇ ਬਿਆਨ ਦੇਵੇ ।

(I beg to draw the attention of the Government towards a matter of urgent public importance, namely, the decision of the Punjab Trade Union Congress and a number of other trade Union organizations calling upon the industrial workers in the State to go on one day strike on 1st March, 1968. The decision is to protest against the failure of the Government to enact legislation linking wages of industrial workers with the cost of living index.

In view of the great urgency of the matter, the Government may please make a statement in the House.)

Mr. Speaker : Admitted. The Government will make a statement.

Mr. Speaker : Call Attention Motion No. 14 has been given notice of by Comrade Jangir Singh Joga, Comrade Phuman Singh and Comrade Munsha Singh.

ਕਾਮਰੇਡ ਜੰਗੀਰ ਸਿੰਘ ਜੋਗਾ : ਮੈਂ ਸਰਕਾਰ ਦਾ ਧਿਆਨ ਜਨਤਾ ਲਈ ਇਕ ਅਤਿਅੰਤ ਮਹੱਤਵਪੂਰਨ ਸਮਸਿਆ, ਜਿਸ ਕਾਰਨ ਲੋਕਾਂ ਵਿੱਚ ਬਹੁਤ ਬੇਚੈਨੀ ਫੈਲੀ ਹੋਈ ਹੈ, ਵੱਲ ਦਿਵਾਉਣਾ ਚਾਹੁੰਦਾ ਹਾਂ, ਭਾਵ ਇਹ ਕਿ ਬਾਵਜੂਦ ਇਸ ਗੱਲ ਦੇ ਕਿ ਵਿਧਾਨ ਸਭਾ ਨੇ ਆਪਣੇ ਪਿਛਲੇ ਇਜਲਾਸ ਵਿੱਚ ਪੰਜਾਬ ਲੈਂਡ ਰੈਵੀਨੀਊ ਐਕਟ ਅਮੈਂਡਮੈਂਟ ਬਿਲ ਪਾਸ ਕਰਕੇ ਪੰਜ ਸਟੈਂਡਰਡ ਏਕੜ ਤੋਂ ਘੱਟ ਦੇ ਮਾਲਕਾਂ ਨੂੰ ਮਾਲੀਏ ਤੋਂ ਛੋਟ ਦੇ ਦਿੱਤੀ ਸੀ, ਇਹਨਾਂ ਕਿਸਾਨਾਂ ਤੋਂ ਮਾਲੀਆ ਪਿੰਡਾਂ ਵਿੱਚ ਉਗਰਾਹਿਆ ਜਾ ਰਿਹਾ ਹੈ ।

ਇਸ ਸਮੱਸਿਆ ਦੀ ਮਹੱਤਤਾ ਨੂੰ ਮੁੱਖ ਰੱਖ ਕੇ ਸਰਕਾਰ ਇਸ ਸਵਾਲ ਬਾਰੇ ਬਿਆਨ ਦੇਵੇ ।

ਸ਼੍ਰੀ ਸਪੀਕਰ : Admitted. ਸਰਕਾਰ ਜਵਾਬ ਦੇਵੇ । (Admitted. The Government should make a statement.)

ਸ਼੍ਰੀ ਪ੍ਰਬੋਧ ਚੰਦਰ : ਪੁਆਇੰਟ ਆਫ਼ ਆਰਡਰ, ਸਰ । ਇਕ ਮੈਂਬਰ ਨੂੰ ਇਕ ਕਾਲ ਅਟੈਨਸ਼ਨ ਪੇਸ਼ ਕਰਨੀ ਚਾਹੀਦੀ ਹੈ । ਇਸ ਤੋਂ ਜ਼ਿਆਦਾ ਕਾਨੂੰਨ ਦੀ ਉਲੰਘਣਾ ਸਮਝੀ ਜਾਣੀ ਚਾਹੀਦੀ ਹੈ ।

ਸ਼੍ਰੀ ਸਪੀਕਰ : ਦੋ, ਦੋ, ਤਿੰਨ, ਤਿੰਨ ਮੈਂਬਰਾਂ ਨੇ ਦਿੱਤੀਆਂ ਹੋਈਆਂ ਨੇ । (These Call Attention Notices stand in the names of more than one person.)

ਚੌਧਰੀ ਦਰਸ਼ਨ ਸਿੰਘ : ਰੂਲ ਬਣਾਉਣ ਵਾਲੀ ਕਮੇਟੀ ਬਣੀ ਹੋਈ ਹੈ । ਅੱਗੇ ਨੂੰ ਵੀ ਮੀਟਿੰਗਾਂ ਹੋਣਗੀਆਂ । ਜਿਹੜੇ ਰੂਲਜ਼ ਤੁਸੀਂ ਢਾਉਣਾ ਚਾਹੁੰਦੇ ਹੋ ਉਸ ਕਮੇਟੀ ਨੂੰ ਦਸ ਦਿਉ ਤਾਂ ਜੋ ਕਮੇਟੀ ਉਸੇ ਤਰ੍ਹਾਂ ਹੀ ਕਰ ਦੇਵੇ ।

ਸ਼੍ਰੀ ਸਪੀਕਰ : ਹਰ ਇਕ ਮੈਂਬਰ ਨੂੰ ਤਿੰਨ ਦੀ ਇਜਾਜ਼ਤ ਹੈ ਰੂਲ ਵਿੱਚ ਲਿਖਿਆ ਹੋਇਆ ਹੈ । (Each Member can give three Call Attention Notices. It has been provided in the rules.)

Mr. Speaker : Next Call Attention Motion (No. 19) is from Shri Satya Pal Dang.

ਸ੍ਰੀ ਸੱਤ ਪਾਲ ਡਾਂਗ : ਮੈਂ ਹਾਊਸ ਦੀ ਤਵਜੋ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਪਰਾਂਤ ਵਿੱਚ ਮਿੱਟੀ ਦੇ ਤੇਲ ਦੀ ਬਹੁਤ ਕਮੀ ਹੈ, ਤਹਿਸੀਲ ਮਾਨਸਾ ਵਿੱਚ ਇਸ ਦੀ ਬੜੀ ਕਮੀ ਹੈ। ਸਰਕਾਰ ਇਸ ਸਬੰਧੀ ਸਟੇਟਮੈਂਟ ਦੇਵੇ।

Mr. Speaker : It is admitted. The Government will make a statement.

PAPERS RE-LAID/LAID ON THE TABLE

Chief Minister (Sardar Lachhman Singh Gill) : Sir, I beg to relay on the Table :—

> The amendments/additions (5 Notifications) made by the Governor in the Punjab Public Service Commission (Limitation of Functions) Regulations, 1955, and Corrigendum dated the 21st November, 1967, as required under Article 320(5) of the Constitution.

Sir, I also lay on the Table:

> The Second Annual Report and Accounts of the Land Development and Seed Corporation Limited, for the period from 1st June, 1966 to 31st May, 1967, as required under Section 619A(3) of the Companies Act, 1956.

DISCUSSION ON GOVERNOR'S ADDRESS

ਸ੍ਰੀ ਸਪੀਕਰ : Now there will be discussion on the Governor's Address. ਸ਼ੁਰੂ ਕਰਨ ਤੋਂ ਪਹਿਲਾਂ ਮੈਂ ਇਹ ਚੀਜ਼ ਦਸ ਦਿਆਂ ਕਿ ਲੀਡਰ ਆਫ ਦੀ ਹਾਊਸ ਨੂੰ ਮੈਂ ਕਹਾਂਗਾ ਕਿ ਉਹ ਤੇ ਬਾਕੀ ਮਿਲਕੇ ਇਸ ਦੇ ਉਤੇ 10 ਜਾਂ 15 ਮਿੰਟ ਜਿਥੜਾ ਕਿ ਮੈਕਸੀਮਮ ਹੋਵੇ ਉਸ ਦਾ ਫੈਸਲਾ ਕਰ ਲੈਣ ਤਾਂ ਕਿ ਸਾਰੇ ਮੈਂਬਰਾਂ ਨੂੰ ਟਾਈਮ ਮਿਲ ਸਕੇ। ਪਹਿਲੇ ਮੈਂਬਰ ਨੂੰ ½ ਘੰਟਾ ਜਾਂ ਜਿੰਨਾ ਹਾਊਸ ਮੁਨਾਸਬ ਸਮਝੇ ਦਿਤਾ ਜਾਵੇਗਾ। (Now there will be discussion on the Governor's Address. Before this discussion is taken up, I would like to suggest to the Leader of the House that he should, in consultation with other hon. Members, fix a time limit of 10 or 15 minutes for every speech so that all the hon. Members are accommodated. The mover of the motion may be given half an hour or such time as the House may deem fit.)

ਸ੍ਰੀ ਪ੍ਰਬੋਧ ਚੰਦਰ : ਜਨਾਬ ਸਪੀਕਰ ਸਾਹਿਬ, ਮੈਂ ਹਾਊਸ ਦੇ ਸਾਹਮਣੇ ਮਤਾ ਰੱਖਣਾ ਚਾਹੁੰਦਾ ਹਾਂ, ਜੋ ਇਸ ਪ੍ਰਕਾਰ ਹੈ :

> "That the Members of the Vidhan Sabha assembled in this session are deeply grateful to the Governor for the Address which he has been pleased to deliver to both the Houses of the State Legislature assembled together on the 22nd February, 1968."

जनाब स्पीकर साहिब, यह जो गवर्नर के ऐड्रेस के बाद हाउस की तरफ से शुक्रिए का रैज़ोल्यूशन पास किया जाता है, उसकी कोई रस्मी नौईयत नहीं है बल्कि वह एक मौका होता है, ऐवान के दोनों तरफ के मैम्बरान को कि वे गवर्नमेंट की पालिसी पर अपने ख्यालात

का इज़हार कर सकें और अगर उस ऐड्रेस में कोई कमी रह गई हो तो उसके बारे में भी गवर्नमैंट को अपनी राय दे सकें । कोई ग़लत बात हो गई हो तो उसके बारे में गवर्नमैंट की सख्त अल्फाज़ में निन्दा भी कर सकते हैं। जब यह ऐड्रैस मेरे हाथ आया और मुझे कहा गया कि इसके बारे में मैंने रैज़ोल्यूशन मूव करना है तो मैं सोचता था कि यह जो कुछ इसमें लिखा है वह पहिली वज़ारत की तरफ़ से किया गया है या इस वज़ारत की तरफ़ से किया गया है। कितना उस वज़ारत की तरफ़ से किया गया है और कितना इस वज़ारत की तरफ़ से किया गया है उस पे एक लकीर खींचना भी मेरे लिये काफ़ी मुश्किल था। मैं यह नहीं कहता कि पहली वज़ारत ने कुछ नहीं किया । यह कहूँगा कि कुछ ख्वाब जो उन्होंने लिये उन्होंने एक लकीर खींची मगर उस पे एक जो नकशा बनाया, जो उस ख्वाब की तामील की गई वह मौजूदा हकूमत ने की (थंपिग) । हमारी पहली वज़ारत ने, जिसे यूनाइटिड फ्रंट की वज़ारत कहते हैं, कहा कि हम पांच एकड़ का मालिया मुआफ़ करना चाहते हैं। मगर वह सिवाए इसके कि सियासी जज़बात की गैलरी को प्ले करने के लिये ऐसा कहा गया था, उस पे 9 महीने में कोई अमल नहीं हुआ । मगर मुझे यह खुशी होती है कि मौजूदा वज़ारत ने गैलरी को प्ले करने की कोशिश नहीं की । तीन महीने के दौरान जो जो बातें की हैं उस पे हम जितना भी फख्र कर लें, कर सकते हैं (थंपिग) मैं बारी बारी इस गवर्नमैंट की जो चीज़ें उन्होंने की हैं उनका ज़िक्र करने से पहले गवर्नर साहिब का इस बात के लिये शुक्रिया अदा करता हूँ कि उन्होंने पंजाब, पंजाबियों के बारे में जो जज़बात इस एड्रैस को शुरू करते हुए ज़ाहर किये हैं, उन्होंने पंजाब की शान को दोबाला किया है । (थंपिग) ।

> "..........Punjabis have always distinguished themselves by their courage, industry and progressive outlook and I feel greatly honoured in associating myself with the glories and affairs of this remarkable land. I assure you that it will be constant endeavour to promote the welfare and prosperity of the people of the Punjab."

यह जो जज़बात का उन्होंने इज़हार किया है उस पे हर पंजाबी, चाहे किसी भी मज़हब का हो, किसी फिरके का या सियासी पार्टी का हो, फ़खर कर सकता है । जनाब, सबसे बड़ी चीज़ जो हमारी गवर्नमैंट ने की, जिस पे पंजाबी सूबे के उस ख्वाब को अमली जामा पहनाया गया वह यह थी कि पंजाब का जो लैंगूएज़ ऐक्ट है उसको पास किया (थंपिग) । कोई सूबा, कोई मुल्क जब तक उस की ज़बान उस सूबे या मुल्क में प्रचलित नहीं होती तब तक वह सूबा सही मायनों में सही शक्ल नहीं ले सकता । यह एक ज़बान ही थी, जिसे सियासी पार्टियों ने हमेशा के लिये इस बात के लिये इस्तेमाल किया कि वह ज़बान का जज़बा भड़का कर अपने सियासी मामलात को हल करें। उसको हमेशा के लिये मौजूदा हकूमत ने खत्म कर दिया (थंपिग) । आज मुझे अफ़सोस होता है कि जो लोग या ऐवान के मैम्बर पंजाबी का नारा लगा कर, जो कोई और मज़हबी और जज़बाती नारे लगा कर इसी ऐवान के मैम्बर बने उन्होंने मैम्बर बनते ही न उस ज़बान का ख्याल किया और न उन जज़बात का ख्याल किया जिनके तहत उन्होंने वोट ली थी (थंपिग) । और आज अमैण्डमैंट की जाती है कि यहां हिन्दी का ज़िक्र नहीं । हिन्दी के बारे में अगर कोई कहे कि इसे खत्म करना है, तो मैं कहना चाहता हूं कि जैसे गवर्नमैंट ने फैसला किया है कि पंजाबी के साथ साथ देश की एक भाषा

[श्री प्रबोध चन्द्र]

होते हुए हिन्दी की तरफ पूरी पूरी तवज्जो दी जायेगी, जितना रुपया इस गवर्नमेंट ने हिन्दी की तरक्की के लिये अपने बजट में रखा है शायद किसी वक्त भी हिन्दी की तरक्की के लिये इतना रुपया न रखा गया हो (थंपिंग) । मैं इस की ज़रूर ताईद करूँगा और अर्ज़ करूँगा कि इस पंजाबी के जज़बे को एक फ़ेनैटिसिज़्म की इन्तहा तक न ले जाया जाये मुझे एक मिसाल याद आती है कि एक अकलमंद आदमी ने दूसरे से कहा कि तुम इस लकीर को छोटा कर दो तो उसने उसको काट कर कह दिया कि यह छोटी हो गई । मगर जब दूसरे अकलमंद आदमी को कहा कि इस लकीर को छोटा करो तो उस आदमी ने उसके साथ एक और लकीर खींच दी कि वह लकीर जो है खुद ही काटे बग़ैर छोटी हो जायेगी । इस तरह से जो पंजाब की उन्नति चाहते हैं जो हमारा लिट्रेचर पैदा करते हैं वह ऐसे हालात पैदा करदें, ऐसा लिट्रेचर पैदा करदें जिस से हर पंजाब का रहने वाला ही नहीं, हर हिन्दुस्तान का रहने वाला यह चाहे कि मेरा लिट्रेचर तब तक पूरा नहीं होगा जब तक मैं पंजाबी की लिखी हुई किताब को नहीं पढ़ता । सिर्फ मीलों पर हिन्दी मिटाने से पंजाबी आगे नहीं जायेगी (थंपिंग) । That is a negative approach. मैं चाहूँगा कि जब पंजाबी सूबा पंजाबी ज़बान पर बना है तो हम ज्यादा से ज्यादा लिखारियों की कदर करें । अपने अफ़साना नवीसों की कदर करें । जिस तरह हिन्दुस्तान का हर बाशिंदा यह महसूस करता है कि वह जब तक बंगाली का नावल, चाहे वह राविन्द्र नाथ टैगोर का हो या किसी दूसरे लिखारी का हो, नहीं पढ़ लता तब तक उसकी काबलियत में इज़ाफा नहीं होता । मैं इसी तरह अपनी गवर्नमैंट से और पंजाबी लिट्रेचर जो लिखने वाले हैं उनसे कहूँगा कि वह ऐसा लिट्रेचर पैदा करें कि हिन्दुस्तान की चार दीवारी के बाहिर भी इस लिट्रेचर को पढ़ने के लिये लोग मजबूर हो जायें कि वह इस लिट्रेचर को ज़रुर पढ़ें । इसको कामयाब बनाने के लिये यह थोड़ी सी रकम पंजाब गवर्नमैंट ने रखी है । लेकिन मैं चाहता हूँ कि ज्यादा से ज्यादा रुपया रखा जाये ताकि पंजाबी ज़बान के लिखने वाले या पंजाबी के लिखारी जो हैं वह महसूस करें कि हमें पंजाबी के लिये बेहतरीन किताबें निकालनी चाहिएं । मुझ एक पंजाबी के लिखारी ने बताया जो इसी गवर्नमैंट में है, कि मैंने एक पंजाबी की किताब लिखी उसकी 2000 किताबें बिकीं । जब वही किताब मैंने हिन्दी में लिखी तो उसमें मेरी 15 या 20 हज़ार किताबें बिकीं । हमें ज्यादा से ज्यादा पंजाबी तालीम देनी चाहिए । पंजाबी ज़बान में अच्छे से अच्छा लिट्रेचर लिखना चाहिए । और मैं इस तरफ अपने चन्द भाइयों से कहूँगा कि यह जो ज़बान का मसला है यह किसी पार्टी का नहीं, किसी मज़हब का नहीं, यह एक टैरीटोरियल चीज़ है । ज़बान जो होती है यह किसी एक हलके की या किसी एक टैरिटरी या किसी एक सूबे की होती है । वह किसी हिन्दु, मुसलमान, सिख या ईसाई की नहीं होती । मुझे लाहौर जाने का मौका मिला । पाकिस्तान में पंजाबी की बेहतरी के लिये बहुत ज़रिये पैदा किये गये हैं । तो मैं इतना ही चाहूँगा कि चूंकि अब यह फैसला हो चुका है और पता नहीं कि चार साल के बाद इलैक्शन हो या न हो इसलिये ज़बान के नाम पर लोगों के मज़हबी जज़बात को न उभारें और जसा कि फेट अकम्पली होता है उसको कबूल कर के पंजाबी ज़बान की बेहतरी के लिये ज़्यादा से ज्यादा कोशिश करें । (सरकारी बैंचों की तरफ से तालियां)

चौधरी बलबीर सिंह : इलैक्शन न होने की क्या वजह है ?

एक आवाज़ : इनकी ही मेहरबानी की वजह से ।

श्री प्रबोध चन्द्र : इसके अलावा जनाबे आली, हमारी इस गवर्नमैंट ने पंजाब के टीचर्ज़ के लिये, चाहे वह गवर्नमैंट स्कूलों के टीचर्ज़ हैं या प्राईवेट स्कूलों के, उनके लिये कोठारी कमिशन की सिफारिशात को कबूल करके उन पर अमल करने का फसला किया । इस तीन महीने की सरकार ने सिर्फ यही कदम उठा कर पंजाब के न सिर्फ लाखों बल्कि करोड़ो आदमियों के एहसान का अपने आपको मुस्तहिक बना लिया है । हम कहते हैं कि टीचर हमारा गुरु है, हमारे बच्चों के भविष्य को बनाने बाला है, देश का निर्माता है मगर आज तक हमने अपने उस टीचर के साथ क्या सलूक किया है ? एक पटवारी को, एक चौकीदार को उससे ज्यादा तनखाह मिलती थी लेकिन जो इनसान हमारे बच्चों का भविष्य बनाने वाला है उसकी इतनी कम तन्खाह मिलती थी कि वह तालीम देने के तरफ ज्यादा तवज्जो नहीं देता था बल्कि वह इस बात के लिये मजबूर होता था कि वह अपना और अपने बाल बच्चों का पेट पालने के लिये आमदन के कोई और ज़राये भी ढूंढें । वह किसी न किसी दूसरे ढंग से रुपया कमाता था ताकि वह अपने खानदान की भूख को पूरा कर सके । मगर पंजाब की इस गवर्नमैंट ने हिन्दुस्तान में आज पंजाब का नाम ऊंचा कर दिया है । मुझे कल ही देहली जाने का मौका मिला । वहां पर टीचर्ज़ की ऐजीटेशन हो रही है। वहां पर हिन्दुस्तान के किसी दूसरे सूबे का नाम नहीं आया सिर्फ पंजाब का नाम लिया जा रहा है कि पंजाब के उस्तादों की हालत को किस तरह से सुधारा गया है। जनाबे आली, इन्होंने देहली पैटर्न पर इतनी ग्रांटस दी हैं कि आज प्राईवेट स्कूलों के टीचर भी इस बात पर फ़ख्र कर सकते हैं कि उनकी तनखाहें गवर्नमैंट स्कूलों के टीचर्ज़ के बराबर हैं । जनाब, जब मैं वज़ीरे तालीम था तो इस एक चीज़ के लिये वह भटकते थे कि प्राईवेट स्कूल का टीचर ज्यादा काम करता है, स्कूल के रीज़ल्ट अच्छे दिखाता है लेकिन सिर्फ इसलिये उसका मयारे ज़िन्दगी गवर्नमैंट स्कूल के टीचर के मुकाबिले में कम है क्योंकि वह प्राईवेट स्कूल में पढ़ाता है ; यह वाकई नामुनासिब बात थी। एक बहुत अच्छा कदम उठाया है इस पंजाब गवर्नमैंट ने जो इतने थोड़े अरसे में इन्होंने उन टीचर्ज़ की हालत को सुधारा है । दुख होता था जब कि पिछली बार यहां असैम्बली के सैशन के दौरान सैंकड़ों बहन और भाई टीचर्ज़ को गिरफ्तार होते देखते थे, सैंकड़ों नहीं बल्कि हज़ारों तक उनकी तादाद पहुँच गई थी । मगर इस वज़ारत की बागडोर अपने हाथ में लेते ही हमारे चीफ़ मिनिस्टर साहिब ने जो कि तालीम के भी वज़ीर हैं, इस नाइन्साफी को दूर करके हमारे पंजाब के नाम को ऊंचा किया है । (सरकारी बैंचों की तरफ से तालियां ।)

चौधरी बलबीर सिंह : आपने यह काम क्यों नहीं किया ?

श्री प्रबोध चन्द्र : जनाबे आली, एक सवाल किया है हमारे लाल पगड़ी वाले मैंबर ने । वह वज़ारत के दरवाजे तक तो गए हैं लेकिन उनको वज़ारत चलाने का तजरुबा नहीं है। उनको पता होना चाहिये कि वज़ीर चाहे कोई हो चलती चीफ़ मिनिस्टर की है ।

चौधरी बलबीर सिंह : अब हर बात पर पर्दा क्यों डालते हो ?

श्री प्रबोध चन्द्र : इसलिये कि आपको शर्म न आए । तो जनाब, तालीम के बाद मैं अब दूसरी बात पर आना चाहता हूँ। किसी मुल्क को बनाने के लिये ज़रूरी है कि तालीम

[श्री प्रबोध चन्द्र]

के साथ साथ वहां पर अच्छी सड़कें हों, वहां पर बिजली का प्रबन्ध हो, पानी का प्रबन्ध हो। यह फख्र की बात है कि वज़ारत को सम्भालते ही मौजूदा वज़ारत ने एक बहुत बड़ा फैसला किया कि अपने सूबे के तमाम गांवों को बड़ी सड़कों के साथ मिला दिया जाए। (सरकारी बैंचों की तरफ से प्रशंसा) उन सूबों में भी जिनका सरपलस बजट है, जिनके ज़राये आमदन भी हमारे मुकाबिला में कहीं ज्यादा है, उन्होंने भी इस प्रोग्राम को अपनाने की जुरअत नहीं की कि दो साल के अरसा में हमारी स्टेट का हर गांव सड़क के साथ मिला दिया जाए (सरकारी बैंचों की तरफ से प्रशंसा) आप को मालूम है कि ज्यादातर आदमी हमारे सूबा के किसान हैं। मैंने अपनी आंखों से देखा है कि आधे आधे मील का सफर करते हुए दो दो साल में किसान का बैल मर जाता है, छः महीने के अन्दर किसान का गड्डा टूट जाता है और जो लोग साईकल चलाते हैं उनके साईकल पंक्चर हो जाते हैं लेकिन इस प्रोग्राम को अमली जामा पहनाने के बाद किसी भी किसान को यह गिला करने का मौका नहीं मिलेगा कि शहर के रहने वाले लोग जरनैली सड़क पर चलते हैं और गांव में रहने वाले लोग खड्डों में चलते हैं। इस सरकार ने इस फर्क को दूर करने की कोशिश की है।

पानी के बारे में पोज़ीशन यह थी कि अपर बारी दुआब कैनाल निकलती थी गुरदासपुर या माधोपुर से, सेम देती थी गुरदासपुर को और उसका पानी जाता था लाहौर। इस सरकार ने यह फैसला किया है कि अब छः महीने भी नहीं, जो सुआ छः महीने पानी देता था उसको बारह मासी कर दिया जाए। करोड़ों रुपया बजट में रख कर यह फैसला किया है, सेम को दूर करने के लिये भी नहरों के दोनों तरफ ट्यूबवैल्ज़ लगा दिये जाएं, डीप बोरिंग करके ट्यूब वैल्ज़ लगाये जायें ताकि जो हज़ारों एकड़ ज़मीन कैनाल के आस पास सेम से बरबाद होती थी उसे बचाया जा सके। जैसा कि मैंने अभी बताया बारह महीने पानी देने का भी फैसला किया है ताकि खुराक के मसले को हल किया जा सके। खुराक का मसला सिर्फ पंजाब का ही नहीं, दूसरे सूबों का ही नहीं बल्कि सारे हिन्दुस्तान का है और इस मसले को पंजाब बखूबी हल कर सकता है अगर इसी तरह के और कदम भी गवर्नमैंट उठाती जाए। अगर आदादोशुमार को देखा जाये तो पता लगेगा कि पिछले नौ महीने की सरकार कहती तो बहुत कुछ थी कि यह करेंगे वह करेंगे ....

सरदार गुरचरन सिंह (बाघा पुराना) : आपने क्या किया बीस साल तक ?

श्री प्रबोध चन्द्र : मैं मानता हूँ कि उन बीस साल में काफी कमज़ोरियां रहीं। कई चीज़ें हम करना चाहते थे मगर नहीं कर पाए मगर इस वक्त मुकाबला यह है कि उन्होंने नौ महीनों में क्या किया और इस गवर्नमैंट ने तीन महीनों में क्या किया है।

ਜਥੇਦਾਰ ਸੰਤੋਖ ਸਿੰਘ ਫਗੂਵਾਲੀਆ : ਤੁਸੀਂ 20 ਸਾਲ ਤਕ ਕੀ ਕੀ ਕੀਤਾ ? ਇਹ ਵੀ ਦਸ ਦਿਉ।

श्री प्रबोध चन्द्र: आप मेरे बुज़ुर्ग हैं। मैं बहुत कुछ कह सकता हूँ और आपकी ज़बान बन्द कर सकता हूं। इस वक्त मैं इतना ही कहूँगा कि.....

चौधरी बलबीर सिंह: स्पीकर साहिब, इन्होंने एक बात कही है कि मैं हमेशा के लिये इनकी ज़बान बन्द कर दूंगा। यह हमेशा के लिये ज़बान बंद करने वाली क्या बात है ? इन्होंने एक बहुत बड़ी बात कही है। क्या यह इस बात की तशरीह करेंगे कि वह क्या करेंगे ?

श्री प्रबोध चन्द्र : मेरे कहने का मतलब यह नहीं कि मैं इनकी ज़बान सी दूंगा। मेरे कहने का मतलब यह है कि जो आबजैक्शन इन्होंने किया है उनको अपनी बात कह कर इस तरह मिलूंगा कि आगे के लिये वह आबजैक्शन नहीं कर पायेंगे। मैं इनके लिये कोई गुस्ताखी नहीं कर सकता। यह बुजुर्ग हैं और उनमें से हैं जिन्होंने जल मरने के लिये भी कहा था गो जलने से पहले यह शर्त लगाई थी कि पांचों सरोवरों में डुबकी लगा कर मरेंगे उससे पहले नहीं मरेंगे। ऐसे आदमियों की कौन इज्ज़त नहीं करेगा। सो मैं भी उनकी ज़रूर इज्ज़त करता हूँ।

(इस समय चौधरी बलबीर सिंह, जत्थेदार जंगीर सिंह फगूवालिया और जत्थेदार गुरबचन सिंह तीनों उठ कर एक साथ बोलते गए और तीनों माननीय सदस्यों के एक साथ बोलने के कारण कुछ सुनाई न दिया।)

Mr. Speaker ; The House stands adjourned till 9.00 a. m, tomorrow.

1.30 p.m. | (The Sabha then adjourned till 9-00 a. m. on Wednesday, the 28th February, 1968.)

751 PVS—330—33-11-68—Pb. Govt. Press, Patiala.

PUNJAB VIDHAN SABHA

DEBATES

28th February, 1968

Vol. I—No. 3

OFFICIAL REPORT

CONTENTS

Wednesday, the 28th February, 1968

		Page
Starred Questions and Answers	...	(3)1
Question of Privilege	...	(3)27
Motion under Rule 30	...	(3)32
Papers Laid on the Table	...	(3)33
Announcement by Secretary	...	(3)34
Discussion on Governor's Address (Resumption)	...	(3)34

Punjab Vidhan Sabha Secretariat, Chandigarh.

Price : Rs. 2.85

ERRATA

TO

PUNJAB VIDHAN SABHA DEBATES

VOL. 1, NO. 3

DATED THE 28TH FEBRUARY, 1968

Read	For	Page	Line
Qualifications	equaliflcations	(3)6	9th from below
ਇਸ ਗਲ ਦਾ	ਇਹ ਗਲ ਦ	(3)9	19
ਕਰਾਉਣ	ਕਰਾ	(3)9	7th from below
Minister	Ministet	(3)12	1
par	part	(3)12	26
female	females	(3)13	13
ਆਜ਼ਾਦੀ	ਆਜ਼ਦੀ	(3)26	10
Question	Qustion	(3)26	3rd from below
प्वायँट आफ आर्डर	प्वायंट आफ आफ आर्डर	(3)32	5th from below
Deputy	Depu.	(3)32	5th from below
सूबों	हूबों	(3)38	4
ਕਰਕੇ	ਸਰਕੇ	(3)44	20
be	he	(3)48	13th from below
कि	को	(3)53	1
लछमन सिंह गिल	बछमन सिंह गिल	(3)53	18
अगर	अग	(3)53	6th from below
के	खे	(3)57	1
opportunity	apportunity	(3)57	6th from below
ਕਰਕੇ	ਡਰਕੇ	(3)62	3
(Noise)	(Noice)	(3)65	last but one
ordered	ordred	(3)66	Last
ਪੰਜਾਬ	ਪੰਜਾਖ	(3)69	10
ਚੌਧਰੀ ਦਰਸ਼ਨ ਸਿੰਘ	ਚੌਹਰੀ ਦਰਸ਼ਨ ਸਿੰਘ	(3)70	1
ਵਾਵੇਲਾ	ਵਾਬਲਾ	(3)70	12th from below
ਹੈ	ਤਾਂ	(3)71	2
ਹੋਵੇ	ਹੋਣ	(3)73	15
busy	bury	(3)73	11th from below
position	bosition	(3)78	15th from below
ਸਰਦਾਰ ਜਾਗੀਰ ਸਿੰਘ ਦਰਦ	ਸਰਦਾਰ ਜਾਗੀਰ ਸਿਘ ਦਰਦ	(3)81	11
breed	bread	(3)81	9th from below
ਮੁੜ	ਮੜ	(3)86	9th from below
ਸ਼੍ਰੀ ਅ. ਵਿਸ਼ਵਨਾਥਨ	ਸ਼੍ਰੀ ਅ. ਵਿਸ਼ਵਨਥਨ	(3)93	1
your turn	your del turn	(3)93	12
ਏਸ	ਇਸ	(3)93	15

PUNJAB VIDHAN SABHA

Wednesday, the 28th February, 1968.

The Vidhan Sabha met in the Hall of the Punjab Vidhan Bhavan, Sector-1, Chandigarh. at 9.00 a.m. of the Clock. Mr. Speaker (Lt. Col. Joginder Singh Mann) in the Chair.

STARRED QUESTIONS AND ANSWERS

(ਸ਼੍ਰੀ ਸਪੀਕਰ ਨੇ ਸ਼੍ਰੀ ਸਤਪਾਲ ਡਾਂਗ ਨੂੰ ਕਾਲ ਅਪੌਨ ਕੀਤਾ ਮਗਰ ਉਹ ਉਸ ਵੇਲੇ ਆਪਣੀ ਸੀਟ ਤੇ ਨਹੀਂ ਸਨ ਪਹੁੰਚੇ, ਹਾਊਸ ਵਿਚ ਆ ਚੁਕੇ ਸਨ)

ਚੌਧਰੀ ਬਲਬੀਰ ਸਿੰਘ : (ਆਪਣੀ ਸੀਟ ਤੇ ਬੈਠੇ ਬੈਠੇ) ਤੁਸੀਂ ਹੁਕਮ ਦਿਤਾ ਸੀ ਕਿ ਅਗਰ ਮੈਂਬਰ, ਜਿਸ ਦੇ ਨਾਮ ਤੇ ਸਵਾਲ ਹੋਵੇ ਆਪਣੀ ਸੀਟ ਤੇ ਨਾ ਹੋਵੇ ਤਾਂ ਕੋਈ ਹੋਰ ਪੁਟ ਕਰ ਦੇਵੇ ।

ਸ਼੍ਰੀ ਸਪੀਕਰ : ਐਵੇਂ ਗ਼ਲਤ ਇੰਟਰਪਰੇਟ ਨਾ ਕੀਤਾ ਕਰੋ। ਨਾਲੇ ਉਠ ਕੇ ਬੋਲਿਆ ਕਰੋ। (The hon. Member should not unnecessarily make wrong interpretation . Besides he should rise up in his seat when he wants to speak.)

CLOSURE OF PUNJAB STATE CO-OPERATIVE INDUSTRIAL BANK LTD., AMRITSAR

***858 Shri Satya Pal Dang** : Will the Minister for Cooperation and Parliamentary Affairs be pleased to state :

(a) the reasons that led to the closing down of the Punjab State Co-operative Industrial Bank, Chowk Phawara, Amritsar in 1952 ;

(b) the date when the said bank came into existence ;

(c) whether there was any proposal to shift the said bank, to Jullundur, when it closed down at Amritsar ;

(d) whether he is aware of the fact that the persons who had deposited the amount with the said Bank have not been paid the amounts due to them; if so, the reasons for this long delay and the total amount involved ?

Minister for Industries (Shri B.N Makkar) The requisite information is laid on the table of the House.

The Bank was closed as out of its 361 members, 265 were Muslims. Due to partition of the country, the Muslim members migrated to Pakistan and there was huge amount of loan outstanding against them. Consequently the funds of the Bank were blocked and it had to be brought under liquidation. The Bank was brought under liquidation on 16 1.1954.

(b) 19.10.1917.

(c) No.

(d) Yes, it is a fact that no payment has been made to the depositors. This is due to the inter-dominion agreement and the Bank liabilities to make payment of the dues of Punjab State Co-operative Bank Chandigarh, to the extent of Rs. 1.38,886.72 and to the provincial pool of evacuees to the extent of Rs. 1,38,886,72.

According to the audited balance of the Bank for the Co-operative year 1965, the total amount of deposits works out to Rs. 2,51,141.55 out of which deposits of Indian members come to Rs. 1,10,468.18 and the rest of the amount belongs to the Muslim depositors.

ਸ੍ਰੀ ਸਤਪਾਲ ਡਾਂਗ : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਡਿਪੌਜ਼ੇਟਰਜ਼ ਇੰਡੀਆ ਵਿਚ ਹਨ, ਪਾਕਿਸਤਾਨ ਨਹੀਂ ਗਏ ਅਤੇ ਉਨ੍ਹਾਂ ਦਾ ਜੋ ਰੁਪਿਆ ਪੈਸਾ ਬੈਂਕ ਪਾਸ ਪਿਆ ਹੈ, ਉਨ੍ਹਾਂ ਨੂੰ ਉਨ੍ਹਾਂ ਦਾ ਪੈਸਾ ਮਾਅ ਸੂਦ ਮਿਲ ਜਾਏ, ਇਸ ਲਈ ਕੀ ਸਰਕਾਰ ਕੋਈ ਕਦਮ ਚੁਕ ਰਹੀ ਹੈ ?

ਉਦਯੋਗ ਮੰਤਰੀ : ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਸਰਕਾਰ ਉਨ੍ਹਾਂ ਨੂੰ 20% ਦੇਣ ਦਾ ਵਿਚਾਰ ਕਰ ਰਹੀ ਹੈ ।

ਸ੍ਰੀ ਸਤਪਾਲ ਡਾਂਗ : ਮੇਰੀ ਅਰਜ਼ ਹੈ ਕਿ ਜੋ ਬੈਂਕ ਲੀਕਵੀਡੇਸ਼ਨ ਵਿਚ ਚਲੇ ਗਏ, ਉਨ੍ਹਾਂ ਦਾ ਜੋ ਨੁਕਸਾਨ ਹੋਇਆ ਉਸ ਲਈ ਡਿਪਾਜ਼ੇਟਰਜ਼ ਨੂੰ 20% ਕਮਪੈਨਸੇਟ ਕਰਨਾ ਬਹੁਤ ਘੱਟ ਹੈ । ਇਸ ਖਾਸ ਕੇਸ ਵਿਚ ਬੈਂਕ ਲੀਕਵੀਡੇਸ਼ਨ ਵਿਚ ਨਹੀਂ ਗਿਆ, ਉਸ ਦਾ ਨੁਕਸਾਨ ਪਾਰਟੀਸ਼ਨ ਕਰਕੇ ਹੋਇਆ ਹੈ । ਕੀ ਸਰਕਾਰ ਇਸ ਗਲ ਤੇ ਵਿਚਾਰ ਕਰੇਗੀ ਕਿ ਉਨ੍ਹਾਂ ਨੂੰ ਸੌ ਫੀਸਦੀ ਕਮਪੈਨਸੇਸ਼ਨ ਦਿਤੀ ਜਾਵੇ ? ਇਹ ਟੋਟਲ ਰਕਮ ਵੀ ਕੋਈ ਬਹੁਤੀ ਨਹੀਂ ?

ਮੰਤਰੀ : ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਬਹੁਤਾ ਜ਼ਿਆਦਾ ਪੈਸਾ ਉਨ੍ਹਾਂ ਮੁਸਲਮਾਨਾਂ ਦਾ ਹੈ ਜੋ ਪਾਕਿਸਤਾਨ ਚਲੇ ਗਏ ਹਨ । ਬਾਕੀ ਜੋ ਪੈਸਾ ਹੈ ਉਹ ਜੋ ਕਿਸੇ ਬੈਂਕ ਦੇ ਲੀਕਵੀਡੇਸ਼ਨ ਵਿਚ ਆ ਜਾਣ ਤੇ ਰੂਲ ਹੁੰਦਾ ਹੈ ਉਸ ਅਸੂਲ ਮੁਤਾਬਕ ਉਨ੍ਹਾਂ ਲੋਕਾਂ ਨੂੰ ਦਿਤਾ ਜਾ ਰਿਹਾ ਹੈ ।

चौधरी बलबीर सिंह : क्या मंत्री महोदय बताने की कृपा करेंगे कि क्या वह दिल्ली की सरकार से रुपया लेकर उन को रुपया वापिस करने का इरादा रखती है ?

ਮੰਤਰੀ : ਮੈਂ ਨਹੀਂ ਸਮਝਦਾ ਕਿ ਇਸ ਤਰ੍ਹਾਂ ਮੁਮਕਿਨ ਹੈ । ਬਾਕੀ ਐਗਜ਼ਾਮਿਨ ਕਰ ਲਵਾਂਗੇ, ਅਗਰ ਹੋ ਸਕੇ ਤਾਂ ਸੈਂਟਰਲ ਸਰਕਾਰ ਨੂੰ ਜ਼ਰੂਰ ਮੂਵ ਕਰਾਂਗੇ ।

ਸ੍ਰੀ ਡਿਪਟੀ ਸਪੀਕਰ : ਮੈਂ ਟ੍ਰੇਯਰੀ ਬੈਂਚਾਂ ਪਾਸ ਰੀਕੁਐਸਟ ਕਰਾਂਗਾ ਕਿ ਉਹ ਇਸ ਤਰ੍ਹਾਂ ਵਿਘਨ ਨਾ ਪਾਣ। ਜੇਕਰ ਕਿਸੇ ਮੈਂਬਰ ਦੀ ਕਿਸੇ ਗਲ ਤੇ ਉਨ੍ਹਾਂ ਨੂੰ ਇਤਰਾਜ਼ ਹੈ ਤਾਂ ਆਪਣੇ ਪਾਸ ਨੋਟ ਕਰ ਲੈਣ ਅਤੇ ਬਾਦ ਵਿਚ ਜਦ ਉਨ੍ਹਾਂ ਨੂੰ ਵਕਤ ਮਿਲੇ ਉਸ ਗਲ ਬਾਰੇ ਜ਼ਿਕਰ ਕਰ ਦੇਣ। ਇਸ ਤਰ੍ਹਾਂ ਪ੍ਰੋਵੋਕ ਨਹੀਂ ਹੋਣਾ ਚਾਹੀਦਾ। ਮੈਂ ਹਰ ਇਕ ਨੂੰ ਟਾਇਮ ਦੇਵਾਂਗਾ ਆਪਣੀ ਗਲ ਕਹਿਣ ਦਾ। (ਸ੍ਰੀ ਅ. ਵਿਸ਼ਵਨਾਥਨ ਵਲੋਂ ਵਿਘਨ) ਇਹ ਐਲੀਮੈਂਟ ਦੋਹਾਂ ਪਾਸਿਆਂ ਵਿਚ ਹੈ ਅਤੇ ਇਹ ਗਲਾਂ ਰੈਸੀਪ੍ਰੋਕਲ ਬੇਸਿਜ਼ ਤੇ ਹੀ ਹੁੰਦੀਆਂ ਹਨ। ਮੈਂ ਤੁਹਾਡੇ ਪਾਸ ਵੀ ਕਹਾਂਗਾ ਕਿ ਲੀਡਰ ਆਫ਼ ਦੀ ਪਾਰਟੀ ਨੂੰ ਤੁਸੀਂ ਬੋਲਣ ਦਿਉ। ਅਤੇ ਇਸ ਤਰ੍ਹਾਂ ਡਿਸਟਰਬ ਨਹੀਂ ਕਰਨਾ ਚਾਹੀਦਾ। (ਵਿਘਨ) (I would request the Members of the Treasury Benches not to interrupt like this. If they do not see eye to eye with the argument advanced by any other hon. Member, then they should better note it down and afterwards, in their own turn, they may refer to that. They should not feel provoked in this manner. I would give an apportunity to each hon. Member to have his say (Interruption from Shri A. Vishwanathan) I would like to say that this element exists on both the sides and such things happen on reciprocal basis. I would request Shri Vishwanathan to let the leader of his party to proceed with his speech and refrain from making such interruptions.)

ਸ੍ਰੀ ਲਾਲ ਚੰਦ ਸਬਰਵਾਲ : ਡਿਪਟੀ ਸਪੀਕਰ ਸਾਹਿਬ, ਕੀ ਤੁਸੀਂ ਕੋਹਲੀ ਸਾਹਿਬ ਨੂੰ ਬੋਲਣ ਲਈ ਟਾਇਮ ਦੇਵੋਗੇ ?(ਹਾਸਾ)

ਸ੍ਰੀ ਡਿਪਟੀ ਸਪੀਕਰ : ਜੇਕਰ ਉਹ ਬੋਲਣਾ ਚਾਹੁਣਗੇ ਤਾਂ ਜ਼ਰੂਰ ਵਕਤ ਦਿਆਂਗੇ (ਵਿਘਨ) ਜੇਕਰ ਜਥੇਦਾਰ ਗੁਰਬਚਨ ਸਿੰਘ ਬੋਲਣਾ ਚਾਹੁਣ ਤਾਂ ਉਨ੍ਹਾਂ ਨੂੰ ਵੀ ਵਕਤ ਦਿਆਂਗੇ (He will be given an opportunity if he wishes to speak (Interuption) Even Jathedar Gurbachan Singh will be given time, if he so desires) (ਹਾਸਾ)

डा० बलदेव प्रकाश : इन्होंने अपनी तीन महीनों की हकूमत में जमहूरियत का खात्मा कर दिया है। आप ने देखा है, डिप्टी स्पीकर साहिब, कि किस तरह से अपने पोलीटीकल अपोनैंटस पर किस तरीके से केस बनवाए हैं। मैं इस के बारे में खुद नहीं कहना चाहता। आप पंजाब की जनता से पूछ कर देख लें। अमृतसर में लोग इस बात के गवाह हैं। उमरानंगल जो अकाली पार्टी के माने हुए लीडर हैं, उन पर एक के बाद दूसरा केस बनता चला जा रहा है। पुलिस वाले अदालत के बाहर खड़े होते हैं कि किसी केस से उनकी ज़मानत हो और बाहर आएं तो फिर गिरफ्तार कर लिया जाए। इस तरह से इन्होंने जमहूरियत का जनाज़ा निकाल के रख दिया है। (शेम, शेम)

एक एक पोलीटीकल अपोनैंट को दस दस केसों में अरैस्ट किया जाता है। अगर आप किसी आदमी को बीस दिन के लिए अंदर बंद कर दो तो इस से सरकार को क्या फायदा होगा? इस से ला एंड आर्डर को तो कोई खतरा नहीं है। इस सरकार को तो जमहूरियत से कोई प्यार नहीं और न ही किसी आदमी का इस सूबे में इन के हाथों भला हो सकता है। इसी तरह नारायण सिंह शाहबाज़पुरी है जिस को जेल में बंद कर रखा है (विघ्न)।

ਮੁੱਖ ਮੰਤਰੀ : ਤੁਸੀਂ ਆਪ ਵੀ ਤਾਂ ਪੰਜ ਸਾਲ ਕਹਿੰਦੇ ਰਹੇ ਹੋ ਕਿ ਇਨ੍ਹਾਂ ਨੂੰ ਪਕੜੋ, ਇਹ ਵਡੇ ਸਮਗਲਰ ਹਨ।

डा० बलदेव प्रकाश : मैं ने कभी यह नहीं कहा कि जिस के साथ कोई पोलीटीकल डिफरैंस हो सकते है उसे पकड़ कर जेलों में भर दो। मेरे उन से पोलीटीकल डिफरैंस हैं और उन का ज़िक्र मैं ने किया होगा लेकिन यह कभी नहीं कहा होगा कि उन्हें जेल भेज दो। एक आदमी को डिप्टी स्पीकर साहिब, सिर्फ इस बिना पर गिरफ्तार कर लिया जाए कि वह किसी पोलीटीकल पार्टी से सम्बंध रखता है, ठीक नहीं। और फिर किसी पार्टी के आम आदमी से

दरखास्त ले कर बिना किसी सबूत के और बिना किसी गवाही के पकड़ लिया जाता है। अगर आम हालात में कोई आदमी किसी के खिलाफ दरखास्त तो पुलिस वाले उसे धक्का दे कर बाहर निकाल देते हैं और केस दर्ज नहीं करते लेकिन आज इन की हकूमत में एक आदमी की शिकायत पर पोलोटीकल अपोनैंटस को अरैस्ट किया जाता है (x x x x x x x x x x x x x x (विघ्न)

ਸ੍ਰੀ ਡਿਪਟੀ ਸਪੀਕਰ : ਇਹ ਕੇਸ ਸਬਜੁਡਿਸ ਹੈ। ਇਸ ਨੂੰ ਡਿਸਕਸ ਨਹੀਂ ਕੀਤਾ ਜਾ ਸਕਦਾ। (It is a sub-judice case. It cannot be discussed.)

ਡਾਕਟਰ ਬਲਦੇਵ ਪ੍ਰਕਾਸ਼ : ਕੋਰਟ ਨੇ ਤਾਂ ਕਹਿ ਦਿੱਤਾ ਹੈ ਕਿ ਕੇਸ ਹੀ ਕੋਈ ਨਹੀਂ ਬਣਦਾ (ਵਿਘਨ)

ਸ੍ਰੀ ਡਿਪਟੀ ਸਪੀਕਰ : ਨਹੀਂ, ਇਹ ਗਲ ਨਹੀਂ। ਕੇਸ ਸਬਜੁਡਿਸ ਹੈ। ਇਕ ਤਰੀਕ ਤਕ ਉਨ੍ਹਾਂ ਦੀ ਅਰੈਸਟ ਨੂੰ ਸਟੇ ਕੀਤਾ ਗਿਆ ਹੈ। (No, this is not the case. The case is sub-judice. His arrest has been stayed up to the first.)

The case is still pending in the Court and this thing should not be discussed in the House. These remarks are expunged.

डा० बलदेव प्रकाश : यहां पर तो ब्रीच आफ जुरिसप्रूडेंस हो रहा है। और हालात ऐसे पैदा किए जा रहे हैं कि जमहुरियत को खत्म किया जाए। इस में सिर्फ गिल साहिब का ही कसूर नहीं। इस के लिए तो कांग्रेस खुद ज़िम्मेदार है। सारे देश में आज क्या हालत है ? कांग्रेस ही पंजाब के अंदर जिम्मेदार है और दूसरे सूबों में भी ज़िम्मेदार है। डिप्टी स्पीकर साहिब, हमेशा ही इस

*Expunged as ordered by the Chair.

[डा० बलदेव प्रकाश]
कांग्रेस पार्टी ने लोगों की इंडिविजुअल कमज़ोरियों का फायदा उठाया है। आप कांग्रेस का आज का नहीं पिछले बीस सालों का इतिहास उठा कर देख लें।

ਇਕ ਮਾਨਯੋਗ ਮੈਂਬਰ : ਵਾਹ ਉਏ ਦੇਵਤਿਆ।

डा० बलदेव प्रकाश : बीस सालों में हिन्दुस्तान में भ्रष्टाचार का बाज़ार गर्म हुआ और इस की मिसालें देते शर्म महसूस होती है। क्या कुछ इस देश में इन्होंने नहीं किया? अगर एक आदमी कोटे ले कर मरता हो तो उसे कोटे और जिसको परमिट दे कर मारा जा सकता था उस को परमिट दे दिए। और कुरप्शन के इलावा सब का सरताज है इंडिविजुअल वीकनैस को सेटिसफाई करने का रवैया जो कांग्रेस की सरकार ने पिछले बीस सालों में अपनाया। (विघ्न)

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿਲ) : ਆਨ ਏ ਪੁਆਇੰਟ ਆਫ਼ ਆਰਡਰ, ਸਰ ਡਾਕਟਰ ਸਾਹਿਬ ਨੇ ਅਜਿਹਾ ਕੋਈ ਕੇਸ ਮੇਰੇ ਨੋਟਿਸ ਵਿਚ ਨਹੀਂ ਲਿਆਂਦਾ ਕਿ ਜਿਥੇ ਇਸ ਤਰ੍ਹਾਂ ਦੀ ਕੋਈ ਕੁਰਪਸ਼ਨ ਦੀ ਗਲ ਇਸ ਸਰਕਾਰ ਵਲੋਂ ਕੀਤੀ ਗਈ ਹੋਵੇ। ਇਸ ਤਰ੍ਹਾਂ ਇਨ੍ਹਾਂ ਨੂੰ ਕਿਸੇ ਪਾਰਟੀ ਤੇ ਇਲਜ਼ਾਮ ਨਹੀਂ ਲਗਾਉਣੇ ਚਾਹੀਦੇ। (ਵਿਘਨ)

डा० बलदेव प्रकाश : आज मुझे इस बात की खुशी है कि कांग्रेस अपने इस तरह के कारनामों की वजह से बड़ी तेज़ी के साथ डिसइंटैग्रेट हो रहा है और न कांग्रेस की लीडरशिप और न ही गिल साहिब इस डिसइंटैग्रेशन को रोक सकते हैं। यह तो खुद कहते फिरते हैं कि कांग्रेस की जो दुकानदारी पंजाब में बंद पड़ी थी उस को मैं ने चला दिया है। (विघ्न) यह बात इन्होंने फिरोज़पुर के अन्दर जा कर कही।

मुख्य मन्त्री : एबसोल्यूटली रांग।

डा० बलदेव प्रकाश : डिप्टी स्पीकर साहिब, इस हालत को न कांग्रेस

वाले न जनता पार्टी और न ही गिल साहिब बचा सकते हैं। इस पार्टी का यह हाल है कि कांग्रेस के अमृतसर के दफ्तर में आज नौ महीनों से कोई नहीं गया और दफतर तक नहीं खुला। इस सरकार को पंजाब की जनता कभी माफ नहीं कर सकती और न ही कांग्रेस पार्टी को। इन्हों ने जो गुनाह किया है वह माफ नहीं किया जा सकता। और लोगों के जज़बात के तूफान में कांग्रेस भी, जनता पार्टी भी और गिल साहिब भी बह जाएंगे।

ਮੁੱਖ ਮੰਤਰੀ : ਇਕ ਤੂੰ ਹੀ ਰਹਿ ਜਾਏਂਗਾ। ਦਿਨੇ ਕੀ ਕਰਦੇ ਸੋ ਔਰ ਰਾਤੀਂ ਕੀ ਆ ਕੇ ਦਸਦੇ ਸਾਉ। (ਵਿਘਨ)

डा० बलदेव प्रकाश : डिप्टी स्पीकर साहिब, गिल साहिब बाहर जा कर जो मर्जी कहें लेकिन किसी सरकार के अंदर रह कर ऐसी बातें करनी ठीक नहीं थीं, बाहर तो ठीक है कि अपनी पोज़ीशन को जस्टीफाई करने के लिए कुछ कहना पड़ता है और हम उस के लिए अलाऊंस देते हैं लेकिन इन्हें यह बात अच्छी तरह से पता है कि युनाइटिड फ्रंट की सरकार का यह फैसला था कि नवम्बर सैशन में पंजाब में पंजाबी लागू करने का बिल पास करवाया जाएगा, बजट सैशन के अंदर नहीं। यह खुद उस महकमे के वज़ीर थे और इन से बिल तैयार न हो सका और वक्त न मिला और सैशन खत्म हो गया। इस सारी बात को गिल साहिब भी जानते हैं लेकिन, डिप्टी स्पीकर साहिब, यहाँ पर मानने को तैयार नहीं। जहां तक पंजाबी भाषा को लागू करने का सवाल है। इस कंटरोवर्सी का बार बार ज़िक्र करना ही इस बात का गवाह है कि ऐसा माहौल पैदा करने वाले कौन हैं।

ਉਪ ਮੰਤਰੀ (ਸਰਦਾਰ ਸਰਦਾਰਾ ਸਿੰਘ ਕੋਹਲੀ) : ਆਨ ਏ ਪੁਆਇੰਟ ਆਫ਼ ਆਰਡਰ ਸਰ। ਅੱਜ ਇਹ ਪੰਜਾਬੀ ਦੇ ਹਕ ਵਿੱਚ ਤਕਰੀਰ ਕਰ ਰਹੇ ਹਨ। ਮੈਂ ਕਹਿੰਦਾ ਹਾਂ ਇਨ੍ਹਾਂ ਨੂੰ ਪੰਜਾਬੀ ਦੇ ਨਾਲ ਕੋਈ ਉਨਸ ਨਹੀਂ। ਅੱਜ ਇਹ ਪੰਜਾਬੀ ਪਜਾਬੀ ਕਹਿੰਦੇ ਹਨ, ਉਦੋਂ ਕਿਧਰ ਗਏ ਸਨ ਜਦੋਂ ਪੰਜਾਬੀ ਦੇ ਲਈ ਮਤਾ ਪੇਸ਼ ਹੋਇਆ ਸੀ ਅਤੇ ਇਨ੍ਹਾਂ ਦੀਆਂ ਵੋਟਾਂ ਮੰਗੀਆਂ ਗਈਆਂ ਸਨ ? (ਸ਼ੋਰ)

ਸ਼੍ਰੀ ਡਿਪਟੀ ਸਪੀਕਰ : ਇਹ ਕੁਝ ਐਸੀਆਂ ਚੀਜ਼ਾਂ ਹਨ ਜਿਨ੍ਹਾਂ ਦਾ ਜਵਾਬ ਟਰੈਜ਼ਰੀ ਬੈਂਚਜ਼ ਤੋਂ ਬੋਲਣ ਵਾਲੇ ਮੈਂਬਰ ਆਪਣੀ ਵਾਰੀ ਤੇ ਕਹਿ ਸਕਦੇ ਹਨ। ਇਸ ਤਰਾਂ ਪੁਆਇੰਟ ਆਫ਼ ਆਰਡਰ ਰੇਜ਼ ਕਰਕੇ ਇੰਟਰਪਟ ਕਰਨਾ ਮੁਨਾਸਬ ਨਹੀਂ। ਇਹ ਕੋਈ ਪੁਆਇੰਟ ਆਫ ਆਰਡਰ ਨਹੀਂ। (Such matters can be replied to by the Members of the Treasury Benches when they rise to speak. It is not desirable to rise on point of order and thus interrupt the proceedings. This is no point of order.)

डा० बलदेव प्रकाश : पंजाबी के मुताल्लिक यह बिल यूनाइटिड फ्रन्ट पार्टी की तरफ से जब पिछले सैशन में आया था उसमें जनसंघ की तरफ से जो विचार रखे गये थे मैं समझता हूं उनको अब दोहराने की ज़रुरत नहीं। फ्रन्ट वज़ारत ने पंजाबी भाषा को जो स्थान दिया था, आज आप किधर जा रहे हैं। मैं आज उन अकालियों से पूछता हूं कि पंजाबी को लागू करते हुये हिन्दी भाषा को मिटाने का आखिर कौन सा आईडिया है। आपने पंजाबी भाषा को बिल्कुल कम्युनल और रिएक्शनरी लाइन्स पर चलाना शुरु किया है। गलती तो आप करते हैं और कहते हमें हैं। जब पंजाब की जनता ने, पंजाब की सयासी पार्टियों ने इस बात को मान लिया कि पंजाबी पंजाब की राज्य भाषा होगी, सारा काम लिखा पढ़ी का, पंजाबी में होगा, मगर यह कहाँ पर फैसला हुआ था कि जो हिंदी में लिखा हुआ है उस को मिटा दिया जायेगा। (शोर)

मेरे सामने बैठे अकाली भाई जवाब दें कि हिंदी लिखे हुये को मिटाने का काम अगर रीएक्शनरी नहीं तो और क्या है? क्या यह कम्यूनल और नैगेटिव ऐपरोच नहीं है? मैं समझता हूं कि अगर कोई ज़िम्मेवारी आती है तो यह सारी गिल सरकार के ऊपर नहीं है तो और किस पर है? पंजाब से हिन्दी को निकालने की साज़िश की अगर कोई पार्टी ज़िम्मेवार है तो यह काँग्रेस पार्टी ज़िम्मेवार है। या इस की ज़िम्मेवारी सरदार दरबारा सिंह, पंडित मोहन लाल और सरदार ज्ञान सिंह राड़ेवाला पर है। क्यों नहीं उन

अफसरों को रोका जाता जो पंजाबी लिखने की जगह पर हिंदी को मिटा रहे हैं ? जब पहले ही हिंदी में लिखा हुआ है आप उस के साथ पंजाबी भी लिखवा सकते हैं। एक भाषा को मिटा कर दूसरी को लिखना नैगेटिव नीति नहीं तो और क्या है ? मैं मक्कड़ साहिब से पूछना चाहता हूं कि क्या इन बातों से पंजाब के अंदर फिरकाप्रस्ती की आग कम होगी या भड़केगी ? मक्कड़ साहिब को आज मैं यह बता दूं कि वह इस वज़ारत की कुर्सी पर बैठ कर लाख लिखते जायें मगर वह हिन्दी के अक्षरों को दोबारा माईल-स्टोनज़ पर नहीं ला सकेंगे। (विघ्न)

ਕੈਪਟਨ ਰਤਨ ਸਿੰਘ : ਫਿਰਕਾਪ੍ਰਸਤ ਦੂਸਰਿਆਂ ਨੂੰ ਫਿਰਕਾਪ੍ਰਸਤ ਕਹਿੰਦੇ ਚੰਗੇ ਨਹੀਂ ਲਗਦੇ। (ਹਾਸਾ)

डा० बलदेव प्रकाश : डिप्टी स्पीकर साहिब, प्रबोध चन्द्र जी ने एक बात ओर कही कि इतनी हड़तालें इंडस्ट्रियल मज़दूरों की पिछले 20 साल में कांग्रेस के वक्त नही हुई थों जितनी यूनाइटिड फ्रन्ट के पिछले 9 माह की हकूमत में हुई। मैं ने इस के मुताल्लिक पहले भी इस हाऊस में आंकड़े दिये थे, अब मेरे पास कापी नहीं है। इन को याद होगा कि 1965-66 में जब कांग्रेस का राज्य था सिर्फ 25000 मज़दूरों की हड़ताल 55 दिन तक रही। युनाइटिड फ्रंट के वक्त के आंकड़े भी मैं ने प्रैस को दिये थे, आज मेरे पास हैं नहीं। अगर उन से मिलाते तो पता लगता कि किस के वक्त में इतनी ज्यादा हड़तालें हुई। इतना मैं कह सकता हूं कि 20 साल कांग्रेस राज्य के अरसे में जितनी हड़तालें हुई उन में से किसी भी एक साल के अरसा को हमारे अहद से मुकाबला किया जा सकता है। आज इण्डस्टरी की तरक्की के मुताल्लिक गवर्नर साहिब के ऐड्रैस में इतनी बढ़ चढ़ कर बातें की गई हैं मगर मुझे इस एड्रैस में एक बात भी ऐसी इंडस्टरी के मुताल्लिक नज़र नही आई, एक भी फिकरा मुझे इस में नज़र नहीं आता जो इंडस्टरी को बढ़ावा देने के मुताल्लिक हो। जो कुछ पिछले साल में लिखा गया था वही इस दफा नकल कर दिया है, हमारे सामने उसकी एक कारबन कापी पेश की गई है।

शहीदे आज़म सरदार भगत सिंह का नाम ले ले कर वोट मांगने वाले कांग्रेसी पिछले 20 साल के अंदर उस की यादगार तक कायम नहीं कर सके। हमारे सरदार गुरनाम सिंह जब पहली दफा अपनी वज़ारत के अहद में गये तो इन्होंने आर्डर किया कि शहीदे आज़म की समाधि बननी चाहिये और यह

भी कहा कि अगली 24 मार्च से पहले यह तैयार होनी चाहिये। आज सरदार लछमन सिंह गिल अगर कहें कि ऐसा हम ने किया.....

ਮੁੱਖ ਮੰਤਰੀ : ਠੀਕ ਤਾਂ ਹੈ, ਫੇਰ ਤੁਸੀਂ ਕਹਿੰਦੇ ਸੀ ਅਸੀਂ ਕਰ ਦਿੱਤਾ।

डाक्टर बलदेव प्रकाश : आप ने नहीं हम ने कर दिया। जब सरदार गुरनाम सिंह ने आर्डर किया तो इंजनियर्ज़ ने नकशा पेश कर दिया। यह कहते तो कब के चले आ रहे थे।

इसके इलावा गवर्नर के ऐड्रैस में और बहुत सी बातें जो आनी चाहियें थीं वह नहीं आई। पंजाब के काश्तकारों को फैसिलिटीज़ देने के लिये एक सब कमेटी बनाई थी, पहले सरदार लछमन सिंह गिल भी इस मामला में हमारे साथ थे, आज बेशक कांग्रेस की स्पोर्ट हो जाने की वजह से यह हम से अलग हो गए हैं, इस मामला के मुताल्लिक यह गवाही दे सकते हैं। उस वक्त उस सब-कमेटी ने 10 एकड़ से लेकर 100 एकड़ तक के काश्तकारों को सहूलियत देने प्रोग्राम तैयार किया था। मगर हमें इस मामला के मुताल्लिक इस ऐड्रैस में एक भी फिकरा न देख कर बड़ी निराशा हुई है। इस ऐड्रैस में अच्छे कामों के लिये जो फ्रन्ट सरकार ने लोगों को आराम देने के लिये फैसले किये थे, उन का ज़िक्र नहीं हैं। डिप्टी स्पीकर साहिब, अभी बहुत सी बातें कहने वाली है।

डिप्टी स्पीकर साहिब, दुसांझ साहिब ने एक और शानदार बात कही है वह यह कि 55 हजार आदमी पंजाबी सूबे के लिये कैद हुये, जेलों में गए। और अब सरदार गुरनाम सिंह जनसंघ के पास बैठे हैं। मैं अर्ज़ करना चाहता हूं कि ज़नसंघ ने कभी उन 55 हज़ार को कैद नहीं किया। उन को कांग्रेस की गवर्नमैंट ने कैद किया था। अब सरदार अमर सिंह बताए कि वह कहां बैठे हैं? उस काँग्रेस के पास जिस ने उन 55 हजार को कैद किया, लाठियां चलाई, गोलियाँ चलाई ?

फिर उन्होंने कहा कि यह अफसोसनाक बात है कि चण्डीगढ़ के बारे में गवर्नर के ऐड्रैस में कुछ नहीं कहा गया। मैं अर्ज़ करना चाहता हूं कि हमारी सरकार ने एक सैल बनाथा था, चंडीगढ़ पंजाब में मिलाने के लिए। गिल साहिब ने उसे उसे जाते ही तोड़ दिया। असल में कांग्रेस वाले यूं ही कहते हैं कि लेकिन गिल हमारी नीतियों पर नहीं चलता। हाई कमांड ने चाहा कि चण्डीगढ़ के बारे में सैल बंद कर दो तो उसे बंद कर दिया गया। मैं इस का करैडिट सरदार लछमन सिंह को नहीं देता, कांग्रेस को देता हूं। मैं प्राण को करैडिट देता हूं शरीर को नहीं। (प्रशंसा) आखिर में मैं यह कहना चाहता हूं कि जनता पार्टी तो खत्म होगी ही, कांग्रेस का जनाज़ा भी सारे देश में निकल रहा है, इसे कोई नहीं रोक सकता। (तालियां)

ਚੌਧਰੀ ਦਰਸ਼ਨ ਸਿੰਘ (ਆਦਮਪੁਰ) : ਡਿਪਟੀ ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ .....(ਵਿਘਨ)

ਇਕ ਮਾਨਯੋਗ ਮੈਂਬਰ : ਤੁਸੀਂ ਵੀ ਅਮਰ ਸਿੰਘ ਦੁਸਾਂਝ ਦੇ ਨਕਸ਼ੇ ਕਦਮ ਤੇ ਚਲਣਾ ।

ਚੌਧਰੀ ਦਰਸ਼ਨ ਸਿੰਘ : ਜ਼ਰੂਰ ਚਲਾਂਗਾ । ਇਹ ਨਹੀਂ ਕਿ ਤੁਹਾਡੇ ਵਾਂਗ ਅਜ ਇਧਰ ਤੇ ਕਲ ਉਧਰ, ਫਿਰ ਇਧਰ ਤੇ ਦੂਜੇ ਦਿਨ ਫਿਰ ਉਧਰ । (ਸ਼ੋਰ)

ਇਕ ਮਾਨਯੋਗ ਮੈਂਬਰ : ਉਹ ਜੰਤਰ ਮੰਤਰ ਪਾਰਟੀ ਕੀ ਬਣਾਈ ਸੀ ? (ਸ਼ੋਰ). (ਵਿਘਨ)

ਚੌਧਰੀ ਦਰਸ਼ਨ ਸਿੰਘ : ਉਹ ਤਾਂ ਸਰਕਾਰ ਨਾਲ ਟਕਰਾਉਣ ਵਾਸਤੇ ਬਣਾਈ ਗਈ ਸੀ ਵਜ਼ਾਰਤਾਂ ਵਾਸਤੇ ਨਹੀਂ ਸੀ ਬਣਾਈ ਗਈ (ਸਰਕਾਰੀ ਬੈਂਚਾਂ ਵਲੋਂ ਥੰਪਿੰਗ) ਜੇ ਹੁਣ ਵੀ ਕੋਈ ਗਲਤ ਗਲ ਹੋਵੇਗੀ ਤਾਂ ਹਰ ਵੇਲੇ ਅਸੀਂ ਸਰਕਾਰ ਨਾਲ ਟਕਰਾਉਣ ਲਈ ਤਿਆਰ ਹਾਂ । (ਥੰਪਿੰਗ)

ਇਕ ਆਵਾਜ਼ : ਵੇਖਣਾ ਕਿਤੇ ਮੱਥਾ ਨਾ ਖੁਲ ਜਾਵੇ । (ਹਾਸਾ)

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ, ਸਿਰਫ਼ ਦੋ ਜਾਂ ਤਿੰਨ ਮਿੰਟ ਵਾਸਤੇ ਮੈਂ ਡਾਕਟਰ ਬਲਦੇਵ ਪ੍ਰਕਾਸ਼ ਜੀ ਦੀ ਤਕਰੀਰ ਸੁਣੀ ਔਰ ਮੈਂ ਉਨ੍ਹਾਂ ਦੀਆਂ ਗਲਾਂ ਦਾ ਜਵਾਬ ਦੇਣਾ ਚਾਹੁੰਦਾ ਹਾਂ ......

ਸ੍ਰੀ ਡਿਪਟੀ ਸਪੀਕਰ : ਚੌਧਰੀ ਸਾਹਿਬ, ਇਕ ਮਿੰਟ । ਮੈਂ ਇਕ ਅਨਾਊਂਸਮੈਂਟ ਕਰਨੀ ਹੈ । ਮੈਂ ਸਾਰਿਆਂ ਮੈਂਬਰਜ਼ ਨੂੰ ਇਨਫਾਰਮ ਕਰਨਾ ਚਾਹੁੰਦਾ ਹਾਂ ਕਿ ਹਰ ਮੈਂਬਰ ਨੂੰ ਜੋ ਬੋਲਣਾ ਚਾਹੁੰਦਾ ਹੈ, ਸਿਰਫ਼ 10 ਮਿੰਟ ਮਿਲਣਗੇ । ਹਰ ਮੈਂਬਰ ਆਪਣੇ ਵਿਚਾਰ 10 ਮਿੰਟ ਵਿਚ ਪੂਰੇ ਕਰ ਲਵੇ । (Please wait for a minute. I am to make an announcement. I would like to inform the House that each hon. Member would be given only ten minutes to speak. He may have his say within the prescribed time limit of ten minutes).

ਸਰਦਾਰ ਜੰਗੀਰ ਸਿੰਘ ਫਗੁਵਾਲੀਆ : ਡਿਪਟੀ ਸਪੀਕਰ ਸਾਹਿਬ, 10 ਮਿੰਟ ਵਿਚ ਕੀ ਬਣੇਗਾ ।

ਸ੍ਰੀ ਡਿਪਟੀ ਸਪੀਕਰ : ਬਹੁਤ ਕੁਝ ਹੋ ਸਕਦਾ ਹੈ । (ਵਿਘਨ) ਹਾਂ, ਹਾਂ ਜੱਥੇਦਾਰ ਗੁਰਬਚਨ ਸਿੰਘ ਨੂੰ ਟਾਈਮ ਦਿਆਂਗੇ ਤੇ ਕੋਹਲੀ ਸਾਹਿਬ ਨੂੰ ਵੀ ਟਾਈਮ ਦਿਆਂਗੇ । (ਸ਼ੋਰ) ਦੋਨਾਂ ਪਾਸਿਆਂ ਨੂੰ ਟਾਈਮ ਮਿਲੇਗਾ । (ਵਿਘਨ) (A lot can be said (Interruption) Yes. Jathedar Gurbachan Singh will get time as also Sardar Sardara Singh Kohli (Noice) Both the sides will get time to speak).

ਇਕ ਮਾਨਯੋਗ ਮੈਂਬਰ : ਜਥੇਦਾਰ ਦਸੌਂਧਾ ਸਿੰਘ ਨੂੰ ਵੀ ਟਾਈਮ ਦੇਣਾ (ਹਾਸਾ)

ਸ਼੍ਰੀ ਡਿਪਟੀ ਸਪੀਕਰ : ਹਾਂ, ਹਾਂ ਉਨ੍ਹਾਂ ਵੀ ਟਾਈਮ ਮਿਲੇਗਾ। (Yes, yes, he will also get time).

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ, ਡਿਪਟੀ ਲੀਡਰ ਆਫ਼ ਦੀ ਆਪੋਜ਼ੀਸ਼ਨ ਨੇ ਆਖਿਆ ਹੈ ਕਿ ਸ਼੍ਰੀ ਪ੍ਰਬੋਧ ਚੰਦਰ ਨੇ ਗਿੱਲ ਸਾਹਿਬ ਦੇ ਮੁਤਾਲਿਕ ਇਹ ਰਿਮਾਰਕਸ ਦਿਤੇ ਹਨ। ਫਿਰ ਰਿਪੋਰਟ ਪੜ੍ਹ ਕੇ ਸੁਣਾਈ ਤੇ ਕਿਹਾ ਕਿ ਅਜ ਕਾਂਗਰਸ ਕਿਸ ਤਰ੍ਹਾਂ ਉਨ੍ਹਾਂ ਨੂੰ ਡਿਫੈਂਡ ਕਰ ਰਹੀ ਹੈ।

(ਇਸ ਵੇਲੇ ਚੌਧਰੀ ਦਰਸ਼ਨ ਸਿੰਘ ਨੇ ਆਪਣਾ ਕੋਟ ਲਾਹ ਦਿਤਾ)

ਕੈਪਟਨ ਰਤਨ ਸਿੰਘ : ਆਨ ਏ ਪੁਆਇਟ ਆਫ਼ ਆਰਡਰ ਸਰ। ਡਿਪਟੀ ਸਪੀਕਰ ਸਾਹਿਬ,ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਕੀ ਕੋਈ ਆਨਰੇਬਲ ਮੈਂਬਰ ਬੋਲਦਿਆਂ ਹੋਇਆਂ ਹਾਊਸ ਵਿਚ ਆਪਣੇ ਕਪੜੇ ਲਾਹ ਸਕਦਾ ਹੈ ? (ਹਾਸਾ)

ਸ਼੍ਰੀ ਡਿਪਟੀ ਸਪੀਕਰ : ਇਹ ਪੁਆਇੰਟ ਆਫ਼ ਆਰਡਰ ਨਹੀਂ ਹੈ। (This is no point of order.)

ਚੌਧਰੀ ਦਰਸ਼ਨ ਸਿੰਘ : ਉਨ੍ਹਾਂ ਨੂੰ ਘਬਰਾਉਣ ਦੀ ਲੋੜ ਨਹੀਂ, ਮੈਂ ਉਸ ਹੱਦ ਤਕ ਨਹੀਂ ਪਹੁੰਚਦਾ। (ਹਾਸਾ) ਮੈਂ ਅਰਜ਼ ਕਰ ਰਿਹਾ ਸਾਂ ਕਿ ਡਾਕਟਰ ਸਾਹਿਬ ਨੇ ਕੁਝ ਫਿਕਰੇ ਰਿਕਾਰਡ ਵਿਚੋਂ ਕਢ ਕੇ ਕਿਹਾ ਕਿ ਜਦ ਉਨ੍ਹਾਂ ਦੇ ਖਿਲਾਫ਼ ਇਹ ਗਲਾਂ ਹੰਦੀਆਂ ਸਨ ਤਾਂ ਹੁਣ ਉਹ ਕਿਸ ਮੂੰਹ ਨਾਲ ਗਿੱਲ ਸਾਹਿਬ ਨੂੰ ਡਿਫੈਂਡ ਕਰਦੇ ਹਨ। ਮੈਂ ਡਾਕਟਰ ਬਲਦੇਵ ਪ੍ਰਕਾਸ਼ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ..... ਉਹ ਤਾਂ ਬਾਹਰ ਚਲੇ ਗਏ ਸਨ, ਟੰਡਨ ਸਾਹਿਬ ਜੋ ਕਿ ਜਨਸੰਘ ਦੇ ਜਨਰਲ ਸੈਕਟਰੀ ਹਨ ਉਹ ਦਸਣ ਕਿ ਰਮਾਇਣ ਕਿਸ ਨੇ ਲਿਖੀ ਸੀ ? (...... ....) (ਵਿਘਨ)

ਸ਼੍ਰੀ ਲਾਲ ਚੰਦ ਸਬਰਵਾਲ : ਡਿਪਟੀ ਸਪੀਕਰ ਸਾਹਿਬ, ਇਹ ਗਲਤ ਕਹਿ ਰਹੇ ਹਨ (...... ....) ਇਸ ਲਈ ਇਹ ਆਪਣੇ ਲਫ਼ਜ਼ ਵਿਦਡਰਾ ਕਰ ਲੈਣ।

(ਇਸ ਵੇਲੇ ਅਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਪੁਆਇੰਟ ਆਫ਼ ਆਰਡਰ ਤੇ ਖੜੇ ਹੋਏ, ਹੋਰ ਕਈ ਮੈਂਬਰ ਵੀ ਬੋਲਣ ਲਈ ਖੜੇ ਹੋਏ।)

ਸ਼੍ਰੀ ਡਿਪਟੀ ਸਪੀਕਰ : ਅਚਾਰੀਆ ਜੀ ਦਾ ਪੁਆਇੰਟ ਆਫ਼ ਆਰਡਰ ਸੁਣੋ। (Let Acharya Ji's, Point of Order be heard.)

---

* Expunged as ordred by the Chair.

ਅਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਡਿਪਟੀ ਸਪੀਕਰ ਸਾਹਿਬ, ਇਹ ਸਾਬਤ ਹੋ ਚੁਕਿਆ ਹੈ ਕਿ ਉਹ ਬਾਲਮੀਕ ਰਿਸ਼ੀ ਜਿਸ ਨੂੰ ਕਿ ਭਾਰਤ ਦੇ ਡੇਢ ਕਰੋੜ ਲੋਕ ਆਪਣਾ ਗੁਰੂ ਮੰਨਦੇ ਹਨ (... ... ... ।)

ਸ੍ਰੀ ਡਿਪਟੀ ਸਪੀਕਰ : ਇਹ ਸ਼ਬਦ ਐਕਸਪੰਜ ਕਰ ਦਿਤੇ ਜਾਂਦੇ ਹਨ । ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਤੋਂ ਬਿਨਾਂ ਆਪਣੀ ਸਪੀਚ ਜਾਰੀ ਰਖਣ । (These words are expunged. I would request the hon. Member to continue with his speech. He should not refer to this thing.)

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਕੋਈ ਡਿਸਰਿਸਪੈਕਟ ਤਾਂ ਨਹੀਂ ਕੀਤੀ । ਮੈਂ ਅਰਜ਼ ਕਰਦਾ ਹਾਂ ਕਿ ਗਿੱਲ ਸਾਹਿਬ ਨੇ ਪ੍ਰਬੋਧ ਚੰਦਰ ਜੀ ਦੇ ਬਾਰੇ - - - -

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿੱਲ) : ਡਿਪਟੀ ਸਪੀਕਰ ਸਾਹਿਬ, ਪ੍ਰਬੋਧ ਚੰਦਰ ਜੀ ਨੇ ਕੁਝ ਗੱਲਾਂ ਕਹੀਆਂ ਸਨ । ਉਨ੍ਹਾਂ ਦਾ ਜਵਾਬ ਵੀ ਦੇ ਦਿਤਾ ਗਿਆ ਸੀ । ਮੈਂ ਆਪਣੇ ਲੀਡਰ ਨੂੰ ਓਦੋਂ ਵੀ ਕਿਹਾ ਸੀ ਕਿ ਇਕ ਕਮੇਟੀ ਬਣਾ ਦਿਓ । ਪਰ ਬਾਅਦ ਵਿਚ ਉਹ ਚਾਰਜਿਜ਼ ਵਾਪਸ ਹੋ ਗਏ ਸਨ । ਇਸ ਕਰਕੇ ਹੁਣ ਉਨ੍ਹਾਂ ਚਾਰਜਿਜ਼ ਦਾ ਜ਼ਿਕਰ ਨਾ ਕੀਤਾ ਜਾਵੇ ।

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ, ਗਿੱਲ ਸਾਹਿਬ ਪੰਜਾਬ ਦੀ ਹਿਸਟਰੀ ਦੇ ਪੰਨੇ ਲਿਖ ਰਹੇ ਸਨ । ਅਸੀਂ ਹੁਣ ਉਨ੍ਹਾਂ ਨੂੰ ਉਨ੍ਹਾਂ ਦੇ ਕੰਮਾਂ ਤੋਂ ਜੱਜ ਕਰਨਾ ਹੈ, ਪਿਛਲੇ ਕਰੈਕਟਰ ਤੋਂ ਨਹੀਂ — —

ਮੁੱਖ ਮੰਤਰੀ : ਪਿਛੇ ਵੀ ਡਾਕੇ ਤਾਂ ਨਹੀਂ ਮਾਰਦਾ ਰਿਹਾ । (ਹਾਸਾ)

ਚੌਧਰੀ ਦਰਸ਼ਨ ਸਿੰਘ : ਗਿੱਲ ਸਾਹਿਬ ਦੋ ਮਹੀਨੇ ਤੋਂ ਪੰਜਾਬ ਦੀ ਹਿੱਸਟਰੀ ਦੇ ਪੰਨੇ ਸੁਨਹਿਰੀ ਅਖਰਾਂ ਵਿਚ ਲਿਖ ਰਹੇ ਹਨ । ਤੁਸੀਂ 9 ਮਹੀਨੇ ਇਸ ਦੇ ਪੰਨੇ ਫਾੜਦੇ ਰਹੇ ਹੋ (ਥੰਪਿੰਗ) (ਸ਼ੋਰ) (ਵਿਘਨ) ਮੈਨ ਇਜ਼ ਜੱਜਡ ਫਰਾਮ ਹਿਜ਼ ਸੁਸਾਇਟੀ । ਹੁਣ ਉਨ੍ਹਾਂ ਨੇ ਉਹ ਕੰਪਨੀ ਛਡ ਦਿੱਤੀ ਹੈ ਚੰਗੀ ਸੋਹਬਤ ਵਿਚ ਆ ਗਏ ਹਨ ਤਾਂ ਤੁਹਾਨੂੰ ਕੀ ਨੁਕਸਾਨ ਪਹੁੰਚਿਆ ਹੈ । ਦੂਜੀ ਗਲ ਡਾਕਟਰ ਸਾਹਿਬ ਨੇ ਇਹ ਕਹੀ ਕਿ - - - - -(ਵਿਘਨ)

ਸ੍ਰੀ ਡਿਪਟੀ ਸਪੀਕਰ : ਚੌਧਰੀ ਸਾਹਿਬ ਇਕ ਮਿੰਟ । ਮੈਂ ਆਪੋਜ਼ੀਸ਼ਨ ਦੇ ਮੈਂਬਰਾਂ ਨੂੰ ਰਿਕਵੈਸਟ ਕਰਾਂਗਾ ਕਿ ਉਹ ਇੰਟਰਪਟ ਨਾ ਕਰਨ । ਜਿਸ ਵੇਲੇ ਡਾਕਟਰ ਸਾਹਿਬ ਬੋਲੇ ਉਸ ਵੇਲੇ

---

* Expunged as ordered by the Chair.

[ਸ੍ਰੀ ਡਿਪਟੀ ਸਪੀਕਰ]

ਟ੍ਰੈਜ਼ਰੀ ਬੈਂਚਾਂ ਵਾਲਿਆਂ ਨੇ ਇੰਟਰਪਟ ਨਹੀਂ ਕੀਤਾ । (Please wait a minute, Chaudhri Sahib. The Members from the Treasury Benches did not interrupt when Dr. Baldev Parkash was speaking. I would request the members of the Opposition kindly to refrain from making interruption).

ਅਪੋਜ਼ੀਸ਼ਨ ਵਲੋਂ ਅਵਾਜ਼ਾਂ : ਬਹੁਤ ਇੰਟਰਪਟ ਕੀਤਾ ਸੀ ।

ਸ੍ਰੀ ਡਿਪਟੀ ਸਪੀਕਰ : ਨਹੀਂ, ਇੰਟਰਪਟ ਨਹੀਂ ਸੀ ਕੀਤਾ । ਹੁਣ ਜਦ ਚੌਧਰੀ ਸਾਹਿਬ ਬੋਲ ਰਹੇ ਹਨ ਤਾਂ ਆਪੋਜ਼ੀਸ਼ਨ ਵਲੋਂ ਇੰਟਰਪਸ਼ਨ ਨਹੀਂ ਹੋਣੀ ਚਾਹੀਦੀ. ਨਹੀਂ ਤਾਂ ਉਹ ਵੀ ਫਿਰ ਤੁਹਾਡੀ ਵਾਰੀ ਇੰਟਰਪਟ ਕਰਨਗੇ । (No, they did not interrupt. Now when Chaudhri Sahib is in possession of the House, there sould be no interruption from the Opposition. Otherwise they would also resort to it when some one from the other side started speaking.)

ਚੌਧਰੀ ਦਰਸ਼ਨ ਸਿੰਘ : ਦੂਜੀ ਗਲ ਡਾਕਟਰ ਬਲਦੇਵ ਪਰਕਾਸ਼ ਨੇ ਆਖੀ ਸੀ ਦੋ ਢਾਈ ਮਹੀਨਿਆ ਵਿਚ ਫਲਾਨਾ ਐਮ.ਐਲ.ਏ. ਫੜਿਆ ਗਿਆ ਲਾਲੈਸ-ਨੈਸ ਸ਼ੁਰੂ ਹੋ ਗਈ, ਸਿਵਲ ਲਿਬਰਟੀਜ਼ ਕਰਟੇਲ ਕਰ ਦਿਤੀਆਂ ਹਨ । ਮੈਂ ਸਹਿਮਤ ਹਾਂ ਇਨ੍ਹਾਂ ਗੱਲਾਂ ਨਾਲ । ਕਿਸੇ ਦੀ ਸਿਵਲ ਲਿਬਰਟੀ ਕਰਟੇਲ ਨਹੀਂ ਹੋਣੀ ਚਾਹੀਦੀ ਔਰ ਹਰ ਬੰਦੇ ਤੇ ਝੂਠੇ ਮੁਕਦਮੇ ਨਹੀ ਬਨਾਉਣੇ ਚਾਹੀਦੇ । ਪਰ ਜਜ ਸਾਹਿਬ ਬੈਠੇ ਹਨ । ਹਾਈ ਕੋਰਟ ਦੇ ਜੱਜ ਨੇ । ਇਨ੍ਹਾਂ ਵੇਲੇ ਸ੍ਰੀ ਸ਼ਾਂਤੀ ਪ੍ਰਕਾਸ਼ ਐਮ. ਐਲ. ਏ. ਨੂੰ ਚਾਰ ਘੰਟੇ ਹਵਾਲਾਤ ਵਿਚ ਰਖਿਆ । ਇਨ੍ਹਾਂ ਤੇ ਕੇਸ ਸੀ ਝੂਠਾ ਕਿ ਇਨ੍ਹਾਂ ਨੇ ਕਿਸੇ ਦੀ ਇਕ ਹਜ਼ਾਰ ਰੁਪਏ ਦੀ ਤਸਦੀਕ ਕੀਤੀ ਸੀ ਹਾਲਾਂਕਿ ਇਹ ਤਸਦੀਕ ਕੀਤੀ ਦਰੁਸਤ ਸੀ । ਉਸ ਵੇਲੇ ਜੱਜ ਸਾਹਿਬ ਤੁਹਾਡਾ ਕਾਨੂੰਨ ਕਿਥੇ ਗਿਆ ਸੀ ? ਸਰਦਾਰ ਗੁਰਚਰਨ ਸਿੰਘ ਐਮ. ਐਲ. ਏ. ਨੂੰ ਛੇ ਘੰਟੇ ਅੰਦਰ ਰਖਿਆ । ਸਰਦਾਰ ਹਜ਼ਾਰਾ ਸਿੰਘ ਗਿੱਲ ਨੂੰ ਅੰਦਰ ਦਿਤਾ । ਉਨ੍ਹਾਂ ਕੋਲੋਂ 50 ਹਜ਼ਾਰ ਰੁਪਏ ਦੀਆਂ ਜ਼ਮਾਨਤਾਂ ਮੰਗੀਆਂ ; ਉਦੋਂ ਕਾਨੂੰਨ ਕਿਥੇ ਸੀ । ਤੁਹਾਡੇ ਵਲੋਂ ਚਲਾਏ ਗਏ ਝੂਠੇ ਮੁਕਦਮੇ ਹਾਲੇ ਤਕ ਚਲ ਰਹੇ ਹਨ । ਉਸ ਵੇਲੇ ਤੁਹਾਡਾ ਕਾਨੂੰਨ ਕਿਥੇ ਸੀ ? (ਸ਼ੋਰ) ਤੁਹਾਡੇ ਜ਼ਮਾਨੇ ਵਿਚ 50 ਹਜ਼ਾਰ ਰੁਪਿਆਂ ਦੀਆਂ ਜ਼ਮਾਨਤਾਂ ਮੰਗੀਆਂ । ਡਾਕਟਰ ਰਾਮ ਪਰਕਾਸ਼ ਦਾ ਕੇਸ ਅਸੈਂਬਲੀ ਵਿਚ ਲਿਆਂਦਾ ਗਿਆ । ਉਸ ਵੇਲੇ ਲਾ ਐਂਡ ਆਰਡਰ ਕਿਥੇ ਗਿਆ ਸੀ । ਗਿੱਲ ਸਾਹਿਬ ਨੇ ਤਾਂ ਅਨਾਊਂਸਮੈਂਟ ਕਰਾਈ ਹੈ ਕਿ ਜਿਸ ਨੂੰ ਕੋਈ ਅਜਿਹੀ ਸ਼ਿਕਾਇਤ ਹੈ ਉਹ ਮੇਰੇ ਨੋਟਿਸ ਵਿਚ ਲਿਆਉ, ਉਹਦੀ ਪੂਰੀ ਪੜਤਾਲ ਕੀਤੀ ਜਾਏਗੀ । ਇਸ ਕਰਕੇ ਮੈਨੂੰ ਕਹਿਣਾ ਪੈਂਦਾ ਹੈ ਕਿ ਇਹ ਕਹਿਣਾ ਕਿ ਇਸ ਸਰਕਾਰ ਦੇ ਸਮੇਂ ਪਹਿਲੀ ਸਰਕਾਰ ਦੇ ਸਮੇਂ ਨਾਲੋਂ ਜ਼ਿਆਦਾ ਅਜਿਹੇ ਕੇਸ ਹੋਏ, ਇਹ ਗਲਤ ਹੈ । ਉਸ ਵੇਲੇ ਨਰਸਾਂ ਫੇਰੀਆਂ ਗਈਆਂ । ਸਕੂਲਾਂ ਵਿਚ ਕੀ ਕੁਝ ਨਹੀਂ ਹੋਇਆ । (ਵਿਘਨ)

ਸ੍ਰੀ ਡਿਪਟੀ ਸਪੀਕਰ : ਬਾਜਵਾ ਸਾਹਿਬ, ਨੋ ਇੰਟ੍ਰਪਸ਼ਨ । (No interruption, Bajwa Sahib).

ਚੌਧਰੀ ਦਰਸ਼ਨ ਸਿੰਘ : ਬਾਕੀ ਜੇ ਮੇਰੇ ਭਰਾ ਕਹਿਣ ਕਿ ਪੰਜਾਬੀ ਗਿੱਲ ਸਾਹਿਬ ਨੇ ਲਾਗੂ ਕੀਤੀ ਤਾਂ ਕੋਈ ਗੱਲ ਗਲਤ ਨਹੀਂ । ਪੰਜਾਬੀ ਨੂੰ ਹਿੰਦੂ ਤੇ ਸਿਖ ਦੇ ਨਾਂ ਤੇ ਬਨਾਉਣ ਵਾਲੇ ਤੁਸੀਂ ਸੀ । ਸਰਦਾਰ ਗੁਰਨਾਮ ਸਿੰਘ ਪੰਜਾਬੀ ਨੂੰ ਪੰਜਾਬ ਵਿਚ ਲਾਗੂ ਨਹੀਂ ਕਰ ਸਕੇ । ਇਸ ਦਾ ਕਿਸ ਦੇ ਸਿਰ ਤੇ ਮੁਕਟ ਰਖਿਆ ਗਿਆ । ਇਸ ਸੰਬੰਧੀ ਜੇ ਅਸੀਂ ਸਰਦਾਰ ਗੁਰਨਾਮ ਸਿੰਘ ਦਾ ਨਾਂ ਲਈਏ ਤਾਂ ਸਾਨੂੰ ਸ਼ਰਮ ਆਉਂਦੀ ਹੈ । ਕਾਮਰੇਡ ਰਾਮ ਕਿਸ਼ਨ ਆਏ ਮੁਸਾਫਰ ਸਾਹਿਬ ਆਏ । ਇਸ ਦੇ ਬਾਦ ਤੁਸੀਂ ਆਏ । ਅਸੀਂ ਸਮਝਦੇ ਸੀ ਕਿ ਤੁਸੀਂ ਮੈਨ ਆਫ ਐਕਸ਼ਨ ਹੋਵੋਗੇ । ਪਰ ਤੁਸੀਂ ਈਜ਼ੀ ਗੋ ਆਦਮੀ ਨਿਕਲੇ । ਅੱਜ ਪੰਜਾਬ ਨੂੰ ਮੈਨ ਆਫ ਐਕਸ਼ਨ, ਮੈਨ ਆਫ ਡੀਡਜ਼ ਤੇ ਸਟਰੌਂਗ ਵਿਲ ਵਾਲੇ ਆਦਮੀ ਦੀ ਲੋੜ ਹੈ ਅਤੇ ਉਹ ਆਦਮੀ ਅੱਜ ਪੰਜਾਬ ਨੂੰ ਮਿਲਿਆ ਹੈ । ਔਰ ਪੰਜਾਬ ਇਸ ਨੂੰ ਚਲਾਏਗਾ । ਤੁਹਾਡੇ ਵਿਚ ਇਹ ਹਿੰਮਤ ਨਹੀਂ ਕਿ ਤੋੜ ਕੇ ਲੈ ਜਾਂਉ । 13 ਅਪਰੈਲ ਨੂੰ ਸਟੇਟ ਪੱਧਰ ਤੇ ਪੰਜਾਬੀ ਲਾਗੂ ਹੋ ਜਾਏਗੀ । ਇਸ ਲਈ ਮੈਂ ਕਹਿਨਾਂ ਕਿ ਪੰਜਾਬੀ ਨੂੰ ਲਾਗੂ ਕਰਨ ਦਾ ਸੇਹਰਾ ਪਰੈਜ਼ੈਂਟ ਮਨਿਸਟਰੀ ਦੇ ਸਿਰ ਤੇ ਹੈ । ਦੂਜੀ ਗੱਲ ਇਹ ਕੀਤੀ ਹੈ ਕਿ 5 ਏਕੜ ਦਾ ਮਾਮਲਾ ਛਡਿਆ । ਇਹ ਕੋਈ ਘਟ ਗੱਲ ਨਹੀਂ । ਪਰ ਮਾਮਲੇ ਦੀ ਉਸੇ ਤਰ੍ਹਾਂ ਜ਼ਮੀਂਦਾਰਾਂ ਕੋਲੋਂ ਉਗਰਾਹੀ ਕੀਤੀ ਜਾ ਰਹੀ ਹੈ । ਜ਼ਮੀਂਦਾਰਾਂ ਦਾ ਕੋਈ ਅਰੇਂਜਮੈਂਟ ਨਹੀਂ ਕੀਤਾ । ਜ਼ਮੀਂਦਾਰਾਂ ਨੂੰ ਜੁਆਰ, ਮੱਕੀ ਆਦਿ ਵੇਚ ਦੇ ਸਮੇਂ ਬਹੁਤ ਤਕਲੀਫ ਹੁੰਦੀ ਹੈ ਕਿਉਂਜੋ ਮਾਰਕਿਟਿੰਗ ਆਫ ਦੀ ਫੂਡ ਗਰੇਨਜ਼ ਦਾ ਅਰੇਂਜਮੈਂਟ ਕੋਈ ਨਹੀਂ । ਮੈਨੂੰ ਅਫਸੋਸ ਹੈ ਕਿ ਇਸ ਦਾ there is no mention of the marketing of the foodgrains in the Governor's Address.!

ਇਕ ਗਲ ਮੈਂ ਹੋਰ ਕਹਿਣਾ ਚਾਹੁੰਦਾ ਹਾਂ ਕਿ ਕੋਈ ਸਰਕਾਰ ਲੋਕਾਂ ਦੀ ਅਵਾਜ਼ ਦੇ ਖਿਲਾਫ ਨਹੀਂ ਚਲ ਸਕਦੀ । ਅੱਜ ਇਕ ਸਵਾਲ ਸੀ ਕਿ ਰੂਟ ਪਰਮਿਟ 18 ਦਿਤੇ ਗਏ । ਇਹ ਸਰਮਾਇਦਾਰਾਂ ਨੂੰ ਦਿਤੇ ਗਏ । ਸਰਮਾਇਦਾਰ ਹਮੇਸ਼ਾ ਸਰਕਾਰ ਦੇ ਨਾਲ ਚਲਦੇ ਹਨ ਮੇਰਾ ਇਹ ਵਿਸ਼ਵਾਸ ਹੈ । ਕਿਥੋਂ ਕਢੋਗੇ ਪੁਲੀਟੀਕਲ ਕੁਰਪਸ਼ਨ । ਇਹ ਪਰਮਿਟ ਹਰੀਜਨਾਂ ਨੂੰ ਦੇ ਦਿਉ । ਲੱਖਾਂ ਰੁਪਏ ਪਹਿਲਾਂ ਹੀ ਉਨ੍ਹਾਂ ਨੂੰ ਤੁਸੀਂ ਨਹੀਂ ਦਿਤੇ । ਡਿਪਟੀ ਸਪੀਕਰ ਸਾਹਿਬ, ਮੈਨੂੰ ਇਹ ਸ਼ਕ ਪੈਦਾ ਹੁੰਦੇ ਹਨ ਕਿ ਡੈਮੋਕਰੇਸੀ ਦੇ ਦਿਨ ਬਹੁਤੇ ਨਹੀਂ । Days of Democracy are numbered and who are the murderers. These are the millionnaires. ਦੇਸ਼ ਐਸ ਵੇਲੇ ਇਨਕਲਾਬ ਦੇ ਮੋੜ ਤੇ ਖੜਾ ਹੈ ਤੇ ਜੇ ਅਮੀਰ ਇਸ ਨੂੰ ਖੁਦ ਨਾਂ ਸਮਝੇ ਤੇ ਫੇਰ ਗਰੀਬ ਇਨ੍ਹਾਂ ਨੂੰ ਆਪਣੇ ਆਪ ਹੀ ਸਮਝਾ ਦਣਗੇ । ਪਰ ਗਿਲ ਸਾਹਿਬ ਮੈਨ ਆਫ ਐਕਸ਼ਨ ਸਾਬਤ ਹੋਏ ਹਨ । ਇਨ੍ਹਾਂ ਨੇ ਡੀ. ਏ. ਸੈਂਟਰ ਦੇ ਐਟ ਪਾਰ ਕਰ ਦਿਤਾ । ਪਰਾਈਵੇਟ ਟੀਚਰਜ਼ ਤੇ ਦੂਜੇ ਟੀਚਰਾਂ ਦੀਆਂ ਤਨਖਾਹਾਂ ਵਧਾ ਦਿਤੀਆਂ, ਕੋਠਾਰੀ ਕਮੀਸ਼ਨ ਦੀ ਰਿਪੋਰਟ ਲਾਗੂ ਕਰਾ ਦਿਤੀ (ਵਿਘਨ)

[ਚੌਹਰੀ ਦਰਸ਼ਨ ਸਿੰਘ]

ਸਰਮਾਏਦਾਰ ਵੀ ਮਹਿਸੂਸ ਕਰੇਗਾ। ਕਾਮਨਮੈਨ ਵੀ ਮਹਿਸੂਸ ਕਰਦਾ ਹੈ ਕਿ ਇਹ ਜਿਹੜੇ ਰੂਟ ਪ੍ਰਮਿਟ ਦਿੱਤੇ ਗਏ ਹਨ ਗਲਤ ਦਿੱਤੇ ਗਏ ਹਨ। ਇਹ ਰੀਵਾਈਜ਼ ਕਰਕੇ ਸਾਨੂੰ ਪਾਲਿਸੀ ਬਦਲਣੀ ਚਾਹੀਦੀ ਹੈ। ਸੋ ਮੈਂ ਇਨ੍ਹਾਂ ਸ਼ਬਦਾਂ ਦੇ ਨਾਲ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ।

ਕਾਮਰੇਡ ਜੰਗੀਰ ਸਿੰਘ ਜੋਗਾ (ਮਾਨਸਾ) : ਡਿਪਟੀ ਸਪੀਕਰ ਸਾਹਿਬ, ਜਿਹੜਾ ਗਵਰਨਰ ਸਾਹਿਬ ਦੇ ਐਡਰੈਸ ਲਈ ਥੈਂਕਸ ਦਾ ਮੋਸ਼ਨ ਪੇਸ਼ ਕੀਤਾ ਗਿਆ ਹੈ, ਅਸੀਂ ਇਸ ਵਿਚ ਇਸ ਕਰਕੇ ਸ਼ਾਮਿਲ ਨਹੀਂ ਹੁੰਦੇ ਕਿਉਂਕਿ ਇਸ ਦੇ ਵਿਚ ਪੁਰਾਣੀਆਂ ਗੱਲਾਂ ਦੁਹਰਾਈਆਂ ਗਈਆਂ ਹਨ। ਔਰ ਜਿਹੜੇ ਗੌਰਮਿੰਟ ਨੇ ਅਗਾਂਹ ਕਦਮ ਚੁੱਕਣੇ ਹਨ ਉਸ ਦੇ ਮੁਤੱਲਕ ਕਿਸੇ ਕਿਸਮ ਦਾ ਜ਼ਿਕਰ ਨਹੀਂ ਕੀਤਾ ਗਿਆ। ਮੈਂ ਸਮਝਦਾ ਹਾਂ ਕਿ ਇਸਦੇ ਵਿਚ ਅਜਿਹੀਆਂ ਗੱਲਾਂ ਕਹੀਆਂ ਗਈਆਂ ਹਨ ਜਿਹੜੀਆਂ ਪਿਛਲੀ ਫਰੰਟ ਵਜ਼ਾਰਤ ਤੋਂ ਸ਼ੁਰੂ ਹੁੰਦੀਆਂ ਹਨ ਫੂਡ ਦੇ ਮੁਤੱਲਕ ਸਭ ਤੋਂ ਪਹਿਲਾਂ ਮਸਲਾ ਲਿਆ ਗਿਆ ਹੈ ਕਿ ਫੂਡ ਵਿਚ ਜਿਹੜੀ ਸਿਥਿਤੀ ਹੈ, ਉਹ ਕਾਇਮ ਰਹੀ ਹੈ। ਅਸੀਂ ਦੇਖਣਾ ਹੈ ਕਿ ਇਹ ਸਥਿਤੀ ਕਿਸਨੇ ਕਾਇਮ ਰਖੀ। ਕੀ ਉਦੋਂ ਪਿਛਲੀ ਸਰਕਾਰ ਨੇ ਜਿਸਨੇ 55 ਰੁਪਏ ਤੇ 65 ਰੁਪਏ ਕਿਸਾਨਾਂ ਦਾ ਅਨਾਜ ਖਰੀਦਿਆ ਤੇ ਉਹ 135 ਰੁਪਏ ਮਾਰਚ ਵਿਚ ਅਨਾਜ ਮਿਲਿਆ ? ਪਰ ਇਹ ਇਕ ਪਾਲਿਸੀ ਸੀ ਜਿਹੜੀ ਸ਼ੁਰੂ ਕੀਤੀ ਗਈ ਔਰ ਉਸੇ ਦਾ ਹੀ ਨਤੀਜਾ ਹੈ ਫੂਡ ਦੀ ਜਿਹੜੀ ਪਾਲਿਸੀ ਅੱਜ ਚਲ ਰਹੀ ਹੈ। ਵਜ਼ਾਰਤ ਵਿਚ ਉਹ ਵੀ ਲੋਕ ਸ਼ਾਮਿਲ ਹਨ ਜਿਹੜੇ ਕਹਿੰਦੇ ਹਨ ਕਿ ਫੂਡ ਦਾ ਜ਼ੋਨ ਤੋੜ ਦਿਉ। ਉਹ ਵਜ਼ਾਰਤ ਵਿਚ ਵੀ ਆ ਗਏ ਪਰ ਉਨ੍ਹਾਂ ਨੂੰ ਜੁਰਅਤ ਨਹੀਂ ਪਈ ਅੱਜ ਤਕ ਕਿ ਉਹ ਜ਼ੋਨ ਨੂੰ ਤੋੜ ਦੇਣ, ਉਸ ਪਾਲਿਸੀ ਨੂੰ ਖਤਮ ਕਰ ਦੇਣ ਜਿਹੜੀ ਕਿ ਪਿਛਲੀ ਸਰਕਾਰ ਦੀ ਬਣਾਈ ਹੋਈ ਸੀ। ਮੈਂ ਸਮਝਦਾ ਹਾਂ ਕਿ ਇਹ ਵੀ ਉਸੇ ਨੂੰ ਹੀ ਕਰੈਡਿਟ ਜਾਂਦਾ ਹੈ। ਦੂਸਰਾ ਇਥੇ ਕਿਹਾ ਗਿਆ ਹੈ ਕਿ ਪਿਛਲੇ ਸਾਲਾਂ ਵਿਚ ਇਥੇ ਕਾਂਗਰਸ ਵਲੋਂ ਵੀ ਬੜਾ ਵਾਬਲਾ ਸੀ ਕਿ ਇਥੇ ਤਾਂ ਬਹੁਤ ਹੀ ਜ਼ਿਆਦਾ ਖਰਾਬੀ ਫੈਲੀ ਹੋਈ ਹੈ ਔਰ ਕਤਲ ਹੋਏ ਹਨ। ਪਰ ਗਵਰਨਰ ਸਾਹਿਬ ਦਾ ਐਡਰੇਸ ਦੱਸਦਾ ਹੈ ਕਿ ਇਥੇ ਤਿੰਨ ਮਹੀਨੇ ਮੁਸਾਫਿਰ ਸਾਹਿਬ ਦੀ ਵਜ਼ਾਰਤ ਰਹੀ ਔਰ 8 ਮਹੀਨੇ ਯੂਨਾਈਟਿਡ ਫਰੰਟ ਦੀ। ਇਸ ਦੇ ਵਿਚ ਅਪਰਾਧ ਪਿਛਲੇ ਸਾਲ ਨਾਲੋਂ ਘਟੇ ਹਨ। ਸੋ ਮੈਂ ਅਰਜ਼ ਕਰਦਾ ਹਾਂ ਕਿ ਤੀਸਰਾ ਇਸ ਐਡਰੈਸ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਪੰਜਾਬੀ ਬਹੁ-ਗਿਣਤੀ ਦੀ ਜ਼ਬਾਨ ਹੈ। ਮੈਂ ਸਮਝਦਾ ਹਾਂ ਕਿ ਇਹ ਪੰਜਾਬੀ ਜ਼ਬਾਨ ਨਾਲ ਧ੍ਰੋਹ ਕੀਤਾ ਗਿਆ ਹੈ। ਜੇ ਬੰਗਾਲੀਆਂ ਦੀ ਬੰਗਾਲੀ ਜ਼ਬਾਨ ਹੋ ਸਕਦੀ ਹੈ ਔਰ ਮਹਾਰਾਸ਼ਟਰ ਦੀ ਮਰਾਠੀ ਹੋ ਸਕਦੀ ਹੈ ਤਾਂ ਕੀ ਵਜਾਹ ਹੈ ਕਿ ਪੰਜਾਬੀਆਂ ਦੀ ਜ਼ਬਾਨ ਪੰਜਾਬੀ ਨਹੀਂ ਹੈ। ਇਸ ਦੇ ਵਿਚ ਵੀ ਇਕ ਫਿਰਕੇਦਾਰਾਨਾ ਰਾਜ਼ ਰੱਖਿਆ ਗਿਆ। ਤਾਕਿ ਹਿੰਦੂ ਫ਼ਿਰਕਾਪਰਸੱਤ ਜਗਤ ਨਰਾਇਣ ਤੇ ਯੱਸ਼ ਹੋਰਾਂ ਨੂੰ ਤੇ ਅਖਬਾਰਾਂ ਦੇ ਮਾਲਕਾਂ ਨੂੰ ਖੁਸ਼ ਰੱਖਿਆ ਜਾਵੇ। ਇਸੇ ਤਰ੍ਹਾਂ ਐਡਰੈਸ ਵਿਚ ਹਿੰਦੀ ਦਾ ਵੀ ਜ਼ਿਕਰ ਕੀਤਾ ਗਿਆ ਹੈ। ਏਸੇ ਤਰ੍ਹਾਂ ਚੋਰ ਬਾਜ਼ਾਰੀ ਤੇ ਜ਼ਖੀਰੇਬਾਜ਼ੀ ਕਿਸਨੇ ਫੈਲਾਈ ? ਮੈਂ ਅਰਜ਼ ਕਰਦਾ ਹਾਂ ਕਿ ਉਹ ਵੀ ਪਿਛਲੀ ਵਜ਼ਾਰਤ ਨੇ ਜਿਸ ਦੇ ਵਿਚ ਗੌਰਮਿੰਟ ਦੇ ਡਿਪਟੀ ਹੋਮ ਸੈਕਟਰੀ ਫਸੇ ਹੋਏ ਹਨ। ਇਹ

ਵੀ ਪਿਛਲੀ ਵਜ਼ਾਰਤ ਦਾ ਹੀ ਕਾਰਨਾਮਾ ਹੈ। ਮੈਂ ਸਮਝਦਾ ਹਾਂ ਕਿ ਇਸ ਦਾ ਕਰੈਡਿਟ ਵੀ ਫਰੰਟ ਦੀ ਵਜ਼ਾਰਤ ਨੂੰ ਹੀ ਪਹੁੰਚਦਾ ਤਾਂ। ਏਥੇ ਮੱਕੜ ਸਾਹਿਬ ਨੇ ਬੜਾ ਰੌਲਾ ਪਾਇਆ ਸੀ ਕਿ ਨਕਸਲਬਾੜੀ ਬਣ ਗਈ। ਇਥੇ ਆਪ ਗਵਰਨਰ ਸਾਹਿਬ ਨੇ ਭਾਸ਼ਨ ਵਿਚ ਮੰਨਿਆ ਹੈ ਕਿ ਇਥੇ ਜਿਹੜੀ ਆਰਥਕ ਹਾਲਤ ਦੇ ਉਤੇ ਮੰਦਵਾੜਾ ਜਦ ਆਉਂਦਾ ਹੈ ਤਾਂ ਮਜ਼ਦੂਰ ਨੂੰ ਹੱਕ ਹੈ ਕਿ ਉਹ ਆਪਣੀ ਰੋਟੀ ਦੇ ਵਾਸਤੇ ਲੜੇ। ਇਸ ਦੇ ਵਿਚ ਹੀ 20 ਕਾਰਖਾਨੇ ਜਿਹੜੇ ਅੰਮ੍ਰਿਤਸਰ ਵਿਚ ਹਨ ਜਿਥੇ ਸਮਝੌਤਿਆਂ ਦੇ ਨਾਲ ਫੈਸਲੇ ਕਰਵਾਏ ਗਏ, ਉਸ ਦਾ ਕਰੈਡਿਟ ਵੀ ਇਸ ਵਜ਼ਾਰਤ ਨੂੰ ਹੀ ਮਿਲਦਾ ਹੈ। ਹਾਲਾਂ ਕਿ ਇਥੇ ਕੋਈ ਵੱਡੀ ਲੜਾਈ ਨਹੀਂ ਹੋਈ। ਇਸ ਦੇ ਨਾਲ ਉਨ੍ਹਾਂ ਨੇ ਫੈਸਲੇ ਕਰਵਾਏ। ਉਸ ਦੇ ਨਾਲ ਮਜ਼ਦੂਰਾਂ ਨੂੰ ਵੀ ਰੋਟੀ ਮਿਲੀ ਔਰ ਕਾਰਖਾਨਿਆਂ ਦੇ ਵਿਚ ਉਤਪਾਦਨ ਵਧਿਆ (ਸ਼ੋਰ)।

ਕਾਮਰੇਡ ਭਾਨ ਸਿੰਘ ਭੌਰਾ: (... ... ...)

ਕਾਮਰੇਡ ਜੰਗੀਰ ਸਿੰਘ ਜੋਗਾ : (... ... ...)
ਅਜੇ ਤਾਂ ਫਾਈਲਾਂ ਗਵਰਨਰ ਸਾਹਿਬ ਕੋਲ ਪਈਆਂ ਹਨ (ਸ਼ੋਰ)

ਦਸਤਕਾਰੀ ਮੰਤਰੀ (ਸ੍ਰੀ ਬਿਸ਼ੰਬਰ ਨਾਥ ਮੱਕੜ) : ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ ਸਰ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਜੋ ਮੇਰੇ ਖਿਲਾਫ਼ ਇਲਜ਼ਾਮ ਲਗਾਇਆ ਹੈ, ਜਨਾਬ, ਮੈਂ ਇਹ ਬਿਆਨ ਅਖਬਾਰਾਂ ਵਿਚ ਦਿੱਤਾ ਸੀ ਕਿ ਡਾਂਗ ਸਾਹਿਬ ਨੇ ਮੇਰੇ ਤੇ (... ... ...
... ...

ਸ੍ਰੀ ਸਤਪਾਲ ਡਾਂਗ : ਡਿਪਟੀ ਸਪੀਕਰ ਸਾਹਿਬ (... ...)
... ...)

ਮੁੱਖ ਮੰਤਰੀ : (ਸਰਦਾਰ ਲਛਮਣ ਸਿੰਘ ਗਿੱਲ) : ਕੋਸ਼ਿਸ਼ ਇਹ ਕਰਨੀ ਚਾਹੀਦੀ ਹੈ ਕਿ ਡੀਬੇਟਸ ਚੰਗੇ ਢੰਗ ਦੀਆਂ ਹੋਣ। ਪਰਸਨਲ ਹੋ ਕੇ ਕਿਸੇ ਆਦਮੀ ਨੂੰ ਕੁਝ ਕਹਿਣਾ ਠੀਕ ਨਹੀਂ। ਇਹ ਕਿਹਾ ਗਿਆ ਕਿ ਗਵਰਨਰ ਸਾਹਿਬ ਕੋਲ ਫਾਈਲ ਹੈ। ਉਹ ਫਾਈਲਾਂ ਮੇਰੇ ਕੋਲ ਹਨ। ਮੇਰੇ ਮਨਿਸਟਰ ਸਾਹਿਬ ਦਾ ਉਸ ਵਿਚ ਕੋਈ ਜ਼ਿਕਰ ਨਹੀਂ। ਕਿਸੇ ਸਟੇਜ ਤੇ ਕਿਸੇ ਜਗ੍ਹਾ ਗੌਰਮਿੰਟ ਦੇ ਕਿਸੇ ਰਿਕਾਰਡ ਉਤੇ ਕਤਅਨ ਜ਼ਿਕਰ ਕੋਈ ਨਹੀਂ ਔਰ ਮੈਨੂੰ ਫਖ਼ਰ ਹੈ ਕਿ ਮੇਰੀ ਕੈਬਨਿਟ ਵਿਚ ਐਸਾ ਕਾਬਲ ਮਨਿਸਟਰ ਹੈ। (ਸ਼ੋਰ)

चौधरी बलबीर सिंह : ग्रान ए प्वायंट ग्राफ ग्रार्डर, सर। ग्रागे कायदा यह रहा है कि कोई भी मैंबर जो स्पीच करता है तो जब तक वह ग्रपनी स्पीच

---

*Expunged as ordered by the Chair.

[चौधरी बलबीर सिंह]
मुकम्मल न कर ले तब तक बीच में किसी को एक्सप्लेनेशन करने की इजाज़त नहीं दी जाती रही। उन्होंने अगर कोई ऐसा ऐक्सप्लेनशन देना हो तो बाद में दे सकते हैं। लेकिन अगर वह ऐसे ही बीच में बोलना शुरु कर दें तो कार्रवाई चलाने में दिक्कत पैदा हो जाती है। ऐसा नहीं होना चाहिये।

ਸ਼੍ਰੀ ਡਿਪਟੀ ਸਪੀਕਰ : ਇਹ ਜਿਹੜਾ ਮੱਕੜ ਸਾਹਿਬ ਤੇ ਡਾਂਗ ਸਾਹਿਬ ਦੀਆਂ ਆਪਸ ਵਿਚ * * * * * ਗਲਾਂ ਆਈਆਂ ਹਨ ਇਹ ਸਾਰੀਆਂ ਐਕਸਪੰਜ ਕਰ ਦਿਤੀਆਂ ਜਾਂਦੀਆਂ ਹਨ। (Whatever has been said by Shri Makkar and Shri Dang against each other is expunged from the record.)

ਕਾਮਰੇਡ ਜੰਗੀਰ ਸਿੰਘ ਜੋਗਾ : ਮੈਂ ਅਰਜ਼ ਕਰਦਾ ਹਾਂ ਕਿ ਐਡਰੈਸ ਦੇ ਵਿਚ ਕਈ ਗੱਲਾਂ ਜਿਹੜੀਆਂ ਕਹੀਆਂ ਗਈਆਂ ਹਨ ਉਨ੍ਹਾਂ ਦਾ ਸਿਹਰਾ ਵੀ, ਜਿਸ ਤਰ੍ਹਾਂ ਕਿ ਇਨ੍ਹਾਂ ਕਹਿ ਦਿੱਤਾ ਕਿ ਖਜ਼ਾਨਾਂ ਲੁਟਾ ਦਿੱਤਾ, ਪ੍ਰੈਸ ਗਵਾਹ ਹੈ, ਇਹ ਸਿਹਰਾ ਵੀ ਇਨ੍ਹਾਂ ਦੇ ਸਿਰ ਹੈ। ਇਹ ਗੱਲ ਵੀ ਐਡਰੈਸ ਦੇ ਵਿਚ ਸਾਫ਼ ਮੰਨੀ ਹੋਈ ਹੈ ਕਿ ਪੌਣੇ ਸੱਤ ਕਰੋੜ ਰੁਪਿਆ ਪਿਛਲੇ ਸਾਲ ਟੈਕਸਾਂ ਵਿਚ ਵਾਧਾ ਹੋਇਆ। ਕੋਈ ਨਵਾਂ ਟੈਕਸ ਨਹੀਂ ਲੱਗਿਆ। ਏਸੇ ਤਰ੍ਹਾਂ ਤਨਖਾਹਾਂ ਦਾ ਮਸਲਾ ਆਉਂਦਾ ਹੈ ਜਾਂ 5 ਏਕੜ ਜ਼ਮੀਨ ਦਾ। ਪ੍ਰਬੋਧ ਨੇ ਇਥੇ ਕਿਹਾ ਹੈ ਕਿ ਰੀਟਾ ਲੁਧਿਆਣੇ ਕੋਈ ਕੰਪਨੀ ਹੈ ਜਿਸ ਤੋਂ ਕਮਿਊਨਿਸਟਾਂ ਨੇ ਰੁਪਿਆ ਲਿਆ ਹੈ। ਮੈਂ ਚੀਫ਼ ਮਨਿਸਟਰ ਨੂੰ ਇਹ ਗੱਲ ਕਹਿੰਦਾ ਹਾਂ ਕਿ ਅਗਰ ਸਾਡੇ ਕਿਸੇ ਕਮਿਊਨਿਸਟ ਉਤੇ ਉਹ ਸਾਬਤ ਕਰ ਦੇਣ ਕਿ ਕਿਸੇ ਕੰਪਨੀ ਕੋਲੋਂ ਪੈਸਾ ਲਿਆ ਹੈ ਤਾਂ ਅਸੀਂ ਸਾਰੇ ਮੁਸਤਫ਼ੀ ਹੋ ਜਾਵਾਂਗੇ। (ਥੰਪਿੰਗ)। ਪਰ ਅਗਰ ਜੇ ਇਹੋ ਜਿਹੀਆਂ ਬੇ ਬੁਨਿਆਦ ਗੱਲਾਂ ... (ਵਿਘਨ)।

ਸ਼੍ਰੀ ਡਿਪਟੀ ਸਪੀਕਰ : ਜੋਗਾ ਜੀ, ਮੈਂ ਇਕ ਰੀਕੁਐਸਟ ਕਰਦਾ ਹਾਂ ਕਿ ਤੁਸੀਂ ਆਪਣੀ ਸਪੀਚ ਵਿਚ ਘਟੋ ਘਟ ਕਿਸੇ ਆਨਰੇਬਲ ਮੈਂਬਰ ਦਾ ਨਾਂ ਲੈਣ ਲੱਗੇ ਜ਼ਰਾ ਸੋਚ ਕੇ ਇਜ਼ਤ ਵਾਲੇ ਸ਼ਬਦ ਵਰਤ ਲਿਆ ਕਰੋ (I would request Comrade Joga at least to use some courtesy title while refering to some other hon. Member by name).

ਕਾਮਰੇਡ ਜੰਗੀਰ ਸਿੰਘ ਜੋਗਾ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਹੁਣੇ ਇਹ ਇਲਜ਼ਾਮ ਲਗਾਏ ਹਨ। ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਕਹਿੰਦਾ ਹਾਂ ਕਿ ਇਨਕਵਾਇਰੀ ਕਰ ਲੈਣਾ। ਸਾਨੂੰ ਉਸ ਤੇ ਵੀ ਕਿਸੇ ਕਿਸਮ ਦਾ ਕੋਈ ਗਿਲਾ ਨਹੀਂ ਹੋਵੇਗਾ। ਅੱਜ ਜਿਹੜੀ ਰੋਡਵੇਜ਼ ਦੀ ਹੜਤਾਲ ਹੈ ਰੋਡਵੇਜ਼ ਤੋਂ ਜਿਹੜਾ 96 ਲੱਖ ਰੁਪਏ ਦਾ ਮੁਨਾਫ਼ਾ ਹੈ ਅਗਰ ਮਜ਼ਦੂਰ ਇਹ ਗੱਲ ਕਹੇ ਕਿ ਇਸ ਦੇ ਵਿਚੋਂ ਵੀ ਮੈਨੂੰ ਕੁਝ ਹਿੱਸਾ ਬੋਨਸ ਦਾ ਦਿੱਤਾ ਜਾਵੇ, ਜਿਸ ਦੇ ਵਿਚ ਕਿ ਸਾਡੀ ਗੌਰਮਿੰਟ ਨੇ ਪਿਛਲੇ ਸਾਲ ਕੁਝ ਐਗਰੀਮੈਂਟ ਵੀ ਕੀਤਾ

* Expunged as ordered by the Chair.

ਸੀ, ਤਾਂ ਮੈਂ ਸਮਝਦਾ ਹਾਂ ਕਿ ਇਹ ਗੱਲ ਚੰਗੀ ਸੀ। ਇਹ ਰੋਡਵੇਜ਼ ਦਾ ਵੀ ਝਗੜਾ ਮੁਕਾ ਦਿੱਤਾ ਜਾਂਦਾ ਤਾਕਿ ਉਹ ਵਧਦਾ ਨਾ।

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿੱਲ) : ਉਹ ਝਗੜਾ ਹੁਣ ਮੁੱਕ ਗਿਆ ਹੈ।

ਕਾਮਰੇਡ ਜੰਗੀਰ ਸਿੰਘ ਜੋਗਾ : ਮੈਂ ਦੂਜੀ ਗੱਲ ਚੀਫ਼ ਮਨਿਸਟਰ ਸਾਹਿਬ ਨੂੰ ਇਹ ਕਹਿਣੀ ਚਾਹੁੰਦਾ ਹਾਂ ਕਿ ਇਥੇ ਕੱਲ ਅਖਬਾਰਾਂ ਵਿਚ ਆਇਆ ਕਿ ਕੁਝ ਵਰਕਰਾਂ ਨੇ ਅੱਗ ਲਾ ਦਿੱਤੀ। ਮੈਂ ਅਰਜ਼ ਕਰਦਾ ਹਾਂ ਕਿ ਵਰਕਰਜ਼ ਇਸ ਗੱਲ ਨੂੰ ਡਿਨਾਈ ਕਰਦੇ ਹਨ। ਮੈਂ ਸਮਝਦਾ ਹਾਂ ਕਿ ਚੀਫ਼ ਮਨਿਸਟਰ ਸਾਹਿਬ ਇਸ ਮਾਮਲੇ ਨੂੰ ਨਜਿੱਠਣ ਲਈ ਇਕ ਜਜ ਮੁਕਰੱਰ ਕਰਨ ਔਰ ਜਿਸ ਆਦਮੀ ਨੇ ਕਿਸੇ ਬੱਸ ਨੂੰ ਅੱਗ ਲਗਾਈ ਹੈ.........

ਮੁੱਖ ਮੰਤਰੀ : ਆਨ ਏ ਪੁਆਇੰਟ ਆਫ਼ ਆਰਡਰ ਸਰ। ਜਿਸ ਜਿਸ ਨੇ ਅੱਗ ਲਗਾਈ ਹੈ ਉਸ ਦੇ ਖਿਲਾਫ਼ ਕੇਸ ਰਜਿਸਟਰਡ ਹਨ। ਆਦਮੀ ਗਰਿਫਤਾਰ ਹੋਏ ਨੇ। ਮੈਂ ਅਰਜ਼ ਕਰਾਂਗਾ ਕਿ ਉਨ੍ਹਾਂ ਕੇਸਿਜ਼ ਬਾਰੇ, ਚੂੰਕਿ ਉਹ ਸਬ ਜੂਡਿਸ ਨੇ, ਬਹਿਸ ਨਾ ਕੀਤੀ ਜਾਵੇ।

ਕਾਮਰੇਡ ਜੰਗੀਰ ਸਿੰਘ ਜੋਗਾ : ਮੈਂ ਕੋਈ ਕੇਸ ਡਿਸਕਸ ਨਹੀਂ ਕਰਦਾ। ਮੈਂ ਤਾਂ ਸਿਰਫ ਇਹੀ ਕਹਿਣਾ ਹੈ ਕਿ ਇਕ ਜਜ ਮੁਕਰੱਰ ਕਰੋ ਜੋ ਇਸ ਗੱਲ ਦੀ ਪੜਤਾਲ ਕਰੇ ਕਿ ਕੌਣ ਕੌਣ ਇਨਵਾਲਵਡ ਹਨ।

ਸ਼੍ਰੀ ਡਿਪਟੀ ਸਪੀਕਰ : ਹਰ ਮਾਈਨਰ ਇਨਸੀਡੈਂਟ ਲਈ ਜੇਕਰ ਜਜ ਮੁਕਰੱਰ ਹੋਣ ਸ਼ੁਰੂ ਹੋ ਗਏ ਤਾਂ ਜਜਾਂ ਨੂੰ ਫ਼ੇਰ ਇਹੀ ਕੰਮ ਰਹਿ ਜਾਏਗਾ ਹੋਰ ਕੋਈ ਕੰਮ ਨਹੀਂ ਰਹਿਣਾ। ਜੋਗਾ ਸਾਹਿਬ ਇਹ ਸਬ ਜੂਡਿਸ ਮੈਟਰ ਹੈ ਇਸ ਲਈ ਇਸ ਨੂੰ ਨਾ ਹੀ ਛੇੜੋ (ਵਿਘਨ) (If judicial enquiry is instituted for each minor incident then the Judges would be bury in these affairs only and they would not be able to attend to other matters. I would inform the hon. Member that this a sub-judice matter and therefore, he should not refer to it.)

ਕਾਮਰੇਡ ਭਾਨ ਸਿੰਘ ਭੌਰਾ : ਗਲਤ ਬੰਦੇ ਪਕੜੇ ਗਏ ਹਨ।

ਕਾਮਰੇਡ ਜੰਗੀਰ ਸਿੰਘ ਜੋਗਾ : ਜਿਸ ਤਰਾਂ ਡਾਕਟਰ ਬਲਦੇਵ ਪ੍ਰਕਾਸ਼ ਹੋਰਾਂ ਜ਼ਿਕਰ ਕੀਤਾ ਹੈ ਕੁਛ ਫੈਸਲੇ ਪਿਛਲੇ ਵਕਤਾਂ ਵਿਚ ਕੀਤੇ ਗਏ ਸਨ ਜਿਨ੍ਹਾਂ ਵਿਚ ਗਿਲ ਸਾਹਿਬ ਭੀ ਸ਼ਾਮਲ ਸਨ। ਉਨਾਂ ਵਿਚ ਇਕ ਇਹ ਫੈਸਲਾ ਵੀ ਸੀ ਕਿ ਸ਼ਹਿਰਾਂ ਵਿਚ ਜੋ ਟੈਕਸ ਹੈ ਉਹ 25% ਘਟ ਕੀਤਾ ਜਾਏਗਾ। ਉਸ ਬਾਰੇ ਵੀ ਜ਼ਿਕਰ ਐਡਰੈਸ ਵਿਚ ਆਉਣਾ ਚਾਹੀਦਾ ਸੀ ਕਿ ਕੀ ਕੀ ਕਦਮ ਉਠਾਣੇ ਹਨ। ਇਸੇ ਤਰ੍ਹਾਂ ਬੈਟਰਮੈਂਟ ਲੇਵੀ ਦਾ ਮਾਮਲਾ ਹੈ ਜਿਸ ਨੇ ਹਟਾਉਣ ਲਈ ਇਕ ਬੜੀ ਭਾਰੀ ਜਦੋ ਜ਼ਹਿਦ ਹੋਈ। ਪਿਛਲੀ ਵਜ਼ਾਰਤ ਨੇ ਇਹ ਫੈਸਲਾ ਕਰ ਦਿਤਾ ਸੀ ਕਿ ਇਸ ਬੈਟਰਮੈਂਟ ਟੈਕਸ ਦੀ

[ਕਾਮਰੇਡ ਜੰਗੀਰ ਸਿੰਘ ਜੋਗਾ]

ਵਸੂਲੀ ਨਹੀਂ ਕੀਤੀ ਜਾਵੇਗੀ 29 ਕਰੋੜ ਜਿਹੜਾ ਬਚਾਇਆ ਹੈ ਉਸ ਬਾਰੇ ਵੀ ਇਸ ਐਡਰੈਸ ਵਿਚ ਕੋਈ ਜ਼ਿਕਰ ਨਹੀਂ ।

ਮੁੱਖ ਮੰਤਰੀ : ਜੋਗਾ ਜੀ, ਉਹ ਵੀ ਲੈ ਨਹੀਂ ਰਹੇ ।

ਕਾਮਰੇਡ ਜੰਗੀਰ ਸਿੰਘ ਜੋਗਾ : ਅਸੀਂ ਵੀ ਤਾਂ ਇਹੋ ਚਾਹੁੰਦੇ ਹਾਂ ਕਿ ਤੁਸੀਂ ਕਹੋ ਕਿ ਲੈ ਨਹੀਂ ਰਹੇ ਤਾਕਿ ਮੁਕੇ ਕਜ਼ੀਆ ।

ਸਰਦਾਰ ਜੰਗੀਰ ਸਿੰਘ ਫਗੂਵਾਲੀਆ : ਪਿੰਡਾਂ ਵਿਚ ਵਸੂਲ ਕੀਤਾ ਗਿਆ ਹੈ ।

ਮੁੱਖ ਮੰਤਰੀ : ਉਹ ਵਾਪਸ ਕਰਾ ਲਵਾਂਗੇ । (ਵਿਘਨ)

ਸ਼੍ਰੀ ਡਿਪਟੀ ਸਪੀਕਰ : ਕੀ ਤੁਸੀਂ ਪੁਆਇੰਟ ਆਫ ਆਰਡਰ ਤੇ ਖੜੇ ਹੋਏ ਹੋ ਜਾਂ ਐਵੇਂ ਹੀ ਕੁਝ ਕਹਿ ਰਹੇ ਹੋ । ਕੁਝ ਦੇਰ ਟਿਕ ਕੇ ਬੈਠੋ । ਤੁਹਾਡੀ ਪਾਰਟੀ ਬਾਰੇ ਉਹ ਵਿਚਾਰ ਰਖ ਰਹੇ ਹਨ । ਇਸ ਤਰਾਂ ਵਿਚ ਇੰਟਰਪਸ਼ਨ ਨਾ ਕਰੋ । ਤੁਸੀਂ ਕੰਟੀਨੀਊ ਕਰੋ ਜੋਗਾ ਜੀ । (Are you standing on a point of order or making running commentary ? Please sit quietly. He is expressing the view point of your party. Please do not interrupt like this. Comrade Joga may please continue with his speech.)

ਕਾਮਰੇਡ ਜੰਗੀਰ ਸਿੰਘ ਜੋਗਾ : ਡਿਪਟੀ ਸਪੀਕਰ ਸਾਹਿਬ, ਚੰਗੀ ਗਲ ਜਿਹੜੀ ਪਿਛਲੀ ਵਜ਼ਾਰਤ ਨੇ ਕੀਤੀ ਉਸ ਨੂੰ ਵੀ ਸਿਹਰਾ ਹੈ ਔਰ ਅਗਰ ਇਹ ਕਰਨ ਤਾਂ ਇਸ ਵਿਚ ਕੋਈ ਮੁਬਾਲਗਾ ਨਹੀਂ, ਇਨਾਂ ਨੂੰ ਵੀ ਸਿਹਰਾ ।

ਪੰਜਾਬੀ ਦੇ ਮੁਤਅਲਕ ਬੜਾ ਵਾਵੇਲਾ ਹੈ । ਪੰਜਾਬੀ ਬਾਰੇ ਮੈਂ ਹੁਣ ਵੀ ਕਹਿੰਦਾ ਹਾਂ ਕਿ ਅਸੀਂ ਸੰਤੁਸ਼ਟ ਨਹੀਂ ਹਾਂ । ਠੀਕ ਹੈ ਕਿ ਪੰਜਾਬੀ ਲਾਗੂ ਕਰ ਦਿਤੀ ਹੈ ਮਗਰ ਹੁਣ ਵੀ ਜ਼ਿਲਿਆਂ ਵਿਚ ਸਾਰਾ ਕੰਮ ਅੰਗਰੇਜ਼ੀ ਵਿਚ ਹੁੰਦਾ ਹੈ, ਸਾਰੀ ਕਾਰਵਾਈ ਅੰਗਰੇਜ਼ੀ ਵਿਚ ਕੀਤੀ ਜਾਂਦੀ ਹੈ । ਉਸੇ ਪੁਰਾਣੇ ਤਰੀਕੇ ਨਾਲ ਹੀ ਕੰਮ ਹੋ ਰਿਹਾ ਹੈ ਅਗਰ ਸਹੀ ਮੈਨਿਆਂ ਵਿਚ ਪੰਜਾਬੀ ਲਾਗੂ ਕਰਨੀ ਹੈ ਤਾਂ ਇਨ੍ਹਾਂ ਨੂੰ ਸਖਤੀ ਨਾਲ ਕਦਮ ਪੁਟਣੇ ਚਾਹੀਦੇ ਹਨ ।

ਮੁੱਖ ਮੰਤਰੀ : ਜਿਥੋਂ ਤਕ ਜ਼ਿਲਿਆਂ ਦਾ ਤਅੱਲਕ ਹੈ ਅਗਰ ਇਕ ਵੀ ਸਰਕੂਲਰ ਅੰਗਰੇਜ਼ੀ ਵਿਚ ਹੋਇਆ ਮੇਰੇ ਨੋਟਿਸ ਵਿਚ ਲੈ ਆਓ ਤਾਂ ਮੈਂ ਸਖਤ ਐਕਸ਼ਨ ਲਵਾਂਗਾ ।

ਕਾਮਰੇਡ ਜੰਗੀਰ ਸਿੰਘ ਜੋਗਾ : ਮੈਂ ਕਾਰਵਾਈ ਦੀ ਕਾਪੀ ਹੁਣੇ ਹੀ ਤੁਹਾਨੂੰ ਦਸ ਦਿਆਂਗਾ ।

ਸ਼੍ਰੀ ਡਿਪਟੀ ਸਪੀਕਰ : ਜੋਗਾ ਸਾਹਿਬ ਹੁਣ ਵਾਈਂਡ ਅਪ ਕਰੋ । (Comrade Joga may please wind up now.)

ਕਾਮਰੇਡ ਜੰਗੀਰ ਸਿੰਘ ਜੋਗਾ : ਇਸ ਤੋਂ ਇਲਾਵਾ ਇਥੇ ਹਰੀਜਨਾਂ ਦਾ ਮਸਲਾ ਇਕ ਬਹੁਤ ਵਡਾ ਮਸਲਾ ਹੈ । ਇਸ ਤੋਂ ਪਹਿਲੀ ਸਰਕਾਰ ਨੇ ਇਸ ਸਬੰਧ ਵਿਚ ਕਦਮ ਉਠਾਇਆ ਸੀ, ਸੈਂਟਰਲ

ਗੌਰਮੈਂਟ ਤੋਂ ਕੁਝ ਨਿਕਾਸੀ ਜ਼ਮੀਨ ਹਾਸਲ ਕੀਤੀ ਸੀ ਔਰ ਇਹ ਫੈਸਲਾ ਕੀਤਾ ਸੀ ਕਿ ਹਰੀਜਨ ਭਰਾਵਾਂ ਨੂੰ ਉਹ ਜ਼ਮੀਨ ਲਾਟਰੀ ਪਾਕੇ ਅਲਾਟ ਕੀਤੀ ਜਾਵੇਗੀ। ਇਹ ਫੈਸਲਾ ਇਸ ਕਰਕੇ ਕੀਤਾ ਗਿਆ ਸੀ ਤਾਕਿ ਕਿਸੇ ਦੇ ਨਾਲ ਰਿਆਇਤ ਨਾ ਹੋਵੇ। ਜਿਤਨੀਆਂ ਦਰਖਾਸਤਾਂ ਗੌਰਮੈਂਟ ਪਾਸ ਆਈਆਂ ਹਨ ਉਨ੍ਹਾਂ ਵਿਚੋਂ ਪਰਚੀਆਂ ਕਢੀਆਂ ਜਾਣ ਔਰ ਜਿਉਂ ਜਿਉਂ ਪਰਚੀਆਂ ਨਿਕਲਦੀਆਂ ਜਾਣ ਜ਼ਮੀਨ ਹਰੀਜਨ ਭਰਾਵਾਂ ਨੂੰ ਅਲਾਟ ਕੀਤੀ ਜਾਵੇ। ਪਰ ਬੜੇ ਅਫਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਇਸ ਸਰਕਾਰ ਨੇ ਉਸ ਲਾਟਰੀ ਵਾਲੇ ਸਿਸਟਮ ਨੂੰ ਬੰਦ ਕਰ ਦਿਤਾ ਹੈ। ਇਸ ਦੇ ਨਾਲ ਗਰੀਬਾਂ ਦੇ ਨਾਲ ਧਕਾ ਹੋਵੇਗਾ ਔਰ ਜਿਨ੍ਹਾਂ ਦੀ ਐਪਰੋਚ ਨਹੀਂ ਹੋਵੇਗੀ ਉਹ ਰਹਿ ਜਾਣਗੇ। ਇਸ ਦਾ ਨਤੀਜਾ ਬਹੁਤ ਮਾੜਾ ਨਿਕਲੇਗਾ; ਇਸ ਕਰਕੇ ਸਰਕਾਰ ਨੂੰ ਇਸ ਪੱਖ ਤੋਂ ਖਾਸ ਤੌਰ ਤੇ ਸੋਚਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਇਕ ਗਲ ਹੋਰ ਕਹਿਣੀ ਚਾਹੁੰਦਾ ਹਾਂ ਔਰ ਉਹ ਇਹ ਹੈ ਕਿ ਐਗਰੀ-ਕਲਚਰ ਵਿਚ ਵੀ ਸਾਡੇ ਨਾਲ ਬੜਾ ਭਾਰੀ ਵਿਤਕਰਾ ਕੀਤਾ ਜਾਂਦਾ ਹੈ। ਇਹ ਕਿਹਾ ਗਿਆ ਹੈ ਕਿ 18000 ਟਿਊਬਵੈਲ ਦਿਤੇ ਗਏ। ਸਾਡੇ ਜ਼ਿਲੇ ਵਿਚ ਸਨ 962 ਵਿਚ ਜਿਹੜੇ ਪਲੈਨ ਬਣੇ ਸੀ ਉਨਾਂ ਨੂੰ ਚਾਈਨਾ ਦੀ ਜੰਗ ਤੋਂ ਬਾਅਦ ਬੰਦ ਕਰ ਦਿਤਾ। ਉਥੇ ਬਿਜਲੀ ਦੇ ਪਲੈਨ ਨੂੰ ਇਸ ਕਰਕੇ ਬੰਦ ਕਰ ਦਿਤਾ ਗਿਆ ਕਿਉਂਕਿ ਇਹ ਕਿਹਾ ਗਿਆ ਕਿ ਇਹ ਰੁਪਿਆ ਕਿਸੇ ਹੋਰ ਪਾਸੇ ਖਰਚ ਹੋ ਗਿਆ ਹੈ। ਜਿਹੜੇ ਪ੍ਰਾਜੈਕਟ ਸਨ 1962 ਵਿਚ ਸ਼ੁਰੂ ਹੋਏ ਔਰ ਜਿਹੜੇ ਸਭ ਤੋਂ ਪਹਿਲਾਂ ਮੁਕੰਮਲ ਹੋਣੇ ਚਾਹੀਦੇ ਸਨ ਉਹ ਅਜੇ ਤਕ ਨਹੀਂ ਹੋਏ। ਹੁਣ ਜਿਹੜੀ ਨਵੀਂ ਮਨਿਸਟਰੀ ਆਈ ਹੈ ਉਸ ਵਿਚ ਦੇ ਮਨਿਸਟਰਾਂ ਦੇ ਇਲਾਕਿਆਂ ਵਿਚ ਹੀ ਨਵੇਂ ਪ੍ਰਾਜੈਕਟ ਸ਼ੁਰੂ ਹੋ ਜਾਣਗੇ ਔਰ ਪਹਿਲੇ ਵਾਲੇ ਪ੍ਰਾਜੈਕਟ ਜਿਹੜੇ ਸਾਡੇ ਇਲਾਕੇ ਵਿਚ 1962 ਵਿਚ ਪਲੈਨ ਮੁਤਾਬਕ ਬਣੇ ਸੀ ਉਹ ਉਸੇ ਤਰ੍ਹਾਂ ਹੀ ਰਹਿ ਜਾਣਗੇ। ਇਹ ਨਹੀਂ ਹੋਣਾ ਚਾਹੀਦਾ ਔਰ ਮੈਂ ਪੂਰੇ ਜ਼ੋਰਦਾਰ ਅਖਰਾਂ ਨਾਲ ਬੇਨਤੀ ਕਰਦਾ ਹਾਂ ਕਿ ਪਹਿਲੇ ਜਿਹੜੇ ਪ੍ਰਾਜੈਕਟ ਸ਼ੁਰੂ ਹੋਏ ਸੀ ਉਨਾਂ ਨੂੰ ਪੂਰਾ ਕੀਤਾ ਜਾਵੇ।

ਡਿਪਟੀ ਸਪੀਕਰ ਸਾਹਿਬ, ਮੈਂ ਆਪ ਦੀ ਮਾਰਫ਼ਤ ਅਰਜ਼ ਕਰਦਾ ਹਾਂ ਕਿ ਇਥੇ ਸੜਕਾਂ ਦਾ ਬੜਾ ਰੋਣਾ ਰੋਇਆ ਗਿਆ। ਦਸ ਸਾਲ ਪੈਪਸੂ ਟੁਟੇ ਨੂੰ ਹੋ ਗਏ ਹਨ। ਜਿਹੜੀਆਂ ਸੜਕਾਂ ਪੈਪਸੂ ਦੇ ਮਰਜਰ ਤੋਂ ਪਹਿਲਾਂ ਪੈਪਸੂ ਗੌਰਮੈਂਟ ਨੇ ਸ਼ੁਰੂ ਕੀਤੀਆਂ ਉਹ ਵੀ ਅਜੇ ਤਕ ਨਾਮੁਕੰਮਲ ਹਨ। ਉਨ੍ਹਾਂ ਉਪਰ ਨਾ ਤਾਂ ਹੁਣ ਤਕ ਕੋਈ ਪੈਸਾ ਲਗਾ ਹੈ ਔਰ ਨਾ ਹੀ ਅਗੇ ਨੂੰ ਲਗਣਾ ਹੈ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਤੁਸੀਂ ਅਗਰ ਇਸ ਵਿਤਕਰੇ ਨੂੰ ਖਤਮ ਕਰਨਾ ਚਾਹੁੰਦੇ ਹੋ ਤਾਂ ਪਹਿਲੀ ਗਲ ਇਹ ਹੈ ਕਿ ਜਿਹੜੀਆਂ ਪਹਿਲੀਆਂ ਪੰਜ ਸਾਲਾ ਪਲੈਨਾਂ ਵਿਚ ਸੜਕਾਂ ਲਈਆਂ ਗਈਆਂ ਸਨ ਪਰ ਉਹ ਮੁਕੰਮਲ ਨਹੀਂ ਹੋਈਆਂ, ਉਨਾਂ ਨੂੰ ਹਥ ਵਿਚ ਲਿਆ ਜਾਵੇ ਨਾ ਕਿ ਛੋਟੀਆਂ ਛੋਟੀਆਂ ਸੜਕਾਂ ਨੂੰ ਲਿਆ ਜਾਵੇ। ਉਥੇ ਆਵਾਜਾਈ ਦੇ ਰਸਤੇ ਠੀਕ ਨਹੀਂ ਹਨ ਇਸ ਲਈ ਪਹਿਲਾਂ ਉਨ੍ਹਾਂ ਸੜਕਾਂ ਨੂੰ ਮੁਕੰਮਲ ਕਰਾਇਆ ਜਾਵੇ।

ਮੁਖ ਮੰਤਰੀ : ਤੁਹਾਡੀ ਸੜਕ ਜ਼ਰੂਰ ਬਣਾਵਾਂਗੇ।

ਕਾਮਰੇਡ ਜੰਗੀਰ ਸਿੰਘ ਜੋਗਾ : ਡਿਪਟੀ ਸਪੀਕਰ ਸਾਹਿਬ, ਬਸ ਮੈਂ ਦੋ ਮਿਨਟ ਹੋਰ ਲੈਣੇ ਹਨ ਔਰ ਖਤਮ ਕਰਦਾ ਹਾਂ। ਮੈਂ ਤਾਲੀਮ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਹਾਲਾਂਕਿ ਸਰਕਾਰ

[ਕਾਮਰੇਡ ਜੰਗੀਰ ਸਿੰਘ ਜੋਗਾ]

ਨੇ ਕਈ ਜ਼ਿਲੇ ਪਛੜੇ ਹੋਏ ਜ਼ਿਲੇ ਕਰਾਰ ਦਿਤੇ ਹੋਏ ਹਨ ਮਗਰ ਉਨ੍ਹਾਂ ਨੂੰ ਕੋਈ ਫ਼ਾਇਦਾ ਨਹੀਂ ਪਹੁੰਚਾਇਆ ਗਿਆ। ਜ਼ਿਲਾ ਬਠਿੰਡਾ ਵਿਚ ਸਤ ਸਤ ਹਜ਼ਾਰ ਆਬਾਦੀ ਦੇ ਪਿੰਡ ਹਨ ਲੇਕਿਨ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿਸ ਵਕਤ ਜ਼ਿਲਿਆਂ ਵਿਚ ਸਕੂਲ ਜਾਰੀ ਕੀਤੇ ਜਾਂਦੇ ਹਨ ਤਾਂ ਉਨ੍ਹਾਂ ਜ਼ਿਲਿਆਂ ਵਿਚ ਕੀਤੇ ਜਾਂਦੇ ਹਨ ਜਿਨ੍ਹਾਂ ਵਿਚ ਪਹਿਲਾਂ ਹੀ ਬਹੁਤ ਜ਼ਿਆਦਾ ਹਨ-ਜਿਹੜੇ ਜ਼ਿਲੇ ਅਗੇ ਹੀ ਫਾਰਵਰਡ ਹਨ। ਜਿਨ੍ਹਾਂ ਜ਼ਿਲਿਆਂ ਵਿਚ ਪਹਿਲਾਂ ਹੀ ਸਕੂਲ ਘਟ ਹਨ ਉਨ੍ਹਾਂ ਵਲ ਹੁਣ ਵੀ ਘਟ ਤਵਜੁਹ ਦਿਤੀ ਜਾਂਦੀ ਹੈ ਜਾਂ ਦਿਤੀ ਹੀ ਨਹੀਂ ਜਾਂਦੀ। ਮਿਸਾਲ ਦੇ ਤੌਰ ਤੇ ਮੈਂ, ਡਿਪਟੀ ਸਪੀਕਰ ਸਾਹਿਬ, ਅਰਜ਼ ਕਰਦਾ ਹਾਂ ਕਿ ਲੌਂਗੋਵਾਲ ਜਿਹੜਾ ਪਿੰਡ ਹੈ ਉਹ ਪੰਜਾਬ ਵਿਚ ਸਭ ਤੋਂ ਵਡਾ ਪਿੰਡ ਹੈ। ਇਸ ਦੀ 16000 ਦੀ ਆਬਾਦੀ ਹੈ। ਉਸ ਵਿਚ ਸਕੂਲਾਂ ਦੀ ਇਹ ਹਾਲਤ ਹੈ ਕਿ ਇਕੋ ਇਕ ਗਰਲ ਮਿਡਲ ਨੂੰ ਬਜਾਏ ਹਾਈ ਕਰਨ ਦੇ ਉਸ ਨੂੰ ਮੁੰਡਿਆਂ ਦੇ ਸਕੂਲ ਵਿਚ ਮਿਲਾ ਦਿਤਾ ਗਿਆ ਹੈ। ਜਿਸ ਪਿੰਡ ਵਿਚ ਐਸੇ ਮਹਾਨ ਸ਼ਹੀਦ ਹੋਏ ਹੋਣ ਜਿਨ੍ਹਾਂ ਨੇ ਰਜਵਾੜਿਆਂ ਦੇ ਖਿਲਾਫ ਕੁਰਬਾਨੀਆਂ ਦਿਤੀਆਂ ਹੋਣ ਔਰ ਆਜ਼ਾਦੀ ਦੀ ਲਹਿਰ ਵਿਚ ਇਕ ਭਾਰਾ ਹਿੱਸਾ ਪਾਇਆ ਹੋਵੇ ਔਰ ਜਿਹੜਾ ਮਾਲਵੇ ਦੇ ਵਿਚ ਇਕੋ ਇਕ ਵਡਾ ਪਿੰਡ ਹੋਵੇ ਕਿਤਨੇ ਅਫਸੋਸ ਦੀ ਗਲ ਹੈ ਕਿ ਉਸ ਵਿਚ ਗਰਲ ਮਿਡਲ ਸਕੂਲ ਨੂੰ ਬਜਾਏ ਹਾਈ ਬਨਾਉਣ ਦੇ ਮੁੰਡਿਆਂ ਦੇ ਸਕੂਲ ਨਾਲ ਮਿਲਾ ਦਿਤਾ ਜਾਵੇ ਔਰ ਉਸ ਨੂੰ ਬਿਲਕੁਲ ਖਤਮ ਹੀ ਕਰ ਦਿਤਾ ਜਾਵੇ। ਇਹ ਬੜੀ ਮਾੜੀ ਗਲ ਹੈ ਔਰ ਇਥੇ ਲੜਕੀਆਂ ਲਈ ਅਲਗ ਹਾਈ ਸਕੂਲ ਖੁਲ੍ਹਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਇਤਨੇ ਅਖਰ ਕਹਿੰਦਾ ਹੋਇਆ ਆਸ ਕਰਦਾ ਹਾਂ ਕਿ ਇਨ੍ਹਾਂ ਗਲਾਂ ਵਲ ਆਉਣ ਵਾਲੇ ਸਮੇਂ ਵਿਚ ਧਿਆਨ ਦਿਤਾ ਜਾਏਗਾ।

ਸਰਦਾਰ ਜਾਗੀਰ ਸਿੰਘ ਦਰਦ (ਦਾਖਾ) : ਡਿਪਟੀ ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦੇ ਐਡਰੈਸ ਦੇ ਕਲੇ ਕਲੇ ਲਫਜ਼, ਕਲੇ ਕਲੇ ਫਿਕਰੇ, ਫੁਲ ਸਟਾਪ ਅਤੇ ਕਾਮੇ ਦੀ ਹਿਮਾਇਤ ਕਰਦਾ ਹਾਂ ਸਿਰਫ ਉਸ ਵਿਚ ਜਿਹੜਾ ਹਰੀਜਨਾਂ ਬਾਰੇ ਆਈਟਮ ਹੈ ਉਸ ਤੇ ਮੈਨੂੰ ਇਖਤਲਾਫ ਹੈ।

ਹੁਣੇ ਹੁਣੇ ਅਸੀਂ ਸ੍ਰੀ ਬਲਦੇਵ ਪ੍ਰਕਾਸ਼ ਦੀ ਤਕਰੀਰ ਸੁਣੀ ਔਰ ਇਉਂ ਜਾਪਦਾ ਸੀ ਜਿਵੇਂ ਕੋਈ ਸਹਿਜਧਾਰੀ ਸਿੱਖ ਬੋਲਦਾ ਪਿਆ ਹੈ ਜਾਂ ਅਕਾਲੀ ਬੋਲਦਾ ਪਿਆ ਹੈ। ਉਨ੍ਹਾਂ ਨੇ ਬੜੇ ਜ਼ੋਰ ਦੇ ਨਾਲ ਕਿਹਾ ਕਿ ਕੁਝ ਐਲੀਗੇਸ਼ਨ ਸ੍ਰੀ ਪ੍ਰਬੋਧ ਚੰਦਰ ਨੇ ਮਿਸਟਰ ਲਛਮਣ ਸਿੰਘ ਗਿੱਲ ਦੇ ਖਿਲਾਫ ਲਗਾਏ ਸੀ।

ਸ੍ਰੀ ਡਿਪਟੀ ਸਪੀਕਰ : ਇਸ ਬਾਰੇ ਆਪਾਂ ਕਲੈਰਿਟੀ ਕਰ ਚੁਕੇ ਹਾਂ। ਤੁਸੀਂ ਇਸ ਸਾਈਡ ਨੂੰ ਨਾ ਹੀ ਲਓ। (This point has been clarified. He should not take up that side of the matter.)

ਸਰਦਾਰ ਜਾਗੀਰ ਸਿੰਘ ਦਰਦ : ਜਨਾਬ, ਮੈਂ ਤਾਂ ਸਿਰਫ ਇਕ ਹੀ ਪੁਆਇੰਟ ਲਿਆਉਣਾ ਹੈ। ਉਨ੍ਹਾਂ ਨੇ ਕਿਹਾ ਕਿ ਉਸ ਵੇਲੇ ਪਿਛਲੇ ਸੈਸ਼ਨ ਵਿਚ ਸ੍ਰੀ ਪ੍ਰਬੋਧ ਚੰਦਰ ਨੇ ਗਿੱਲ ਸਾਹਿਬ ਦੇ

ਖਿਲਾਫ ਐਲੀਗੇਸ਼ਨ ਲਗਾਏ ਸਨ ਔਰ ਹੁਣ ਤਾਰੀਫ ਕੀਤੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਗਿੱਲ ਸਾਹਿਬ ਦੀ ਤਾਰੀਫ ਹੀ ਤਾਂ ਕੀਤੀ ਹੈ ਕੋਈ ਪੂਜਾ ਤਾਂ ਨਹੀਂ ਕੀਤੀ। ਪਰ ਇਸ ਦੇਸ਼ ਦਾ ਇਤਹਾਸ ਹੈ-ਐਸਾ ਇਤਹਾਸ ਹੈ ਕਿ ਮਨੂ, ਜਿਸ ਨੂੰ ਕਰੋੜਾਂ ਲੋਗ ਭਗਵਾਨ ਕਹਿੰਦੇ ਹਨ ਉਸ ਨੇ ਮਨੂ ਸਮਰਿਤੀ ਲਿਖੀ। ਉਸ ਦੇ ਵਿਚ ਉਸ ਨੇ ਕੀ ਲਿਖਿਆ। ਇਹ ਲਿਖਿਆ ਹੈ ਕਿ ਹਰੀਜਨ ਦੀ ਲੜਕੀ ਅਗਰ ਕਿਲ੍ਹੇ ਵਿਚ ਬੰਦ ਹੋਵੇ ਔਰ ਇਕ ਬ੍ਰਾਹਮਣ ਉਸ ਕਿਲੇ ਦੇ ਦਰਵਾਜ਼ੇ ਨੂੰ ਤੋੜ ਕੇ ਉਸ ਲੜਕੀ ਨੂੰ ਰੋਂਦੀ ਕੁਰਲਾਉਂਦੀ ਨੂੰ ਅਪਣੇ ਘਰ ਲੈ ਜਾਵੇ ਤਾਂ ਇਹ ਉਸ ਬ੍ਰਾਹਮਣ ਦਾ ਹਕ ਹੈ। ਇਥੇ ਹੀ ਬਸ ਨਹੀਂ। ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੇ ਕਿਹਾ ਹੈ ਕਿ ਮਰੇ ਹੋਏ ਇਨਸਾਨ ਦੇ ਕਪੜੇ ਲਾਹ ਕੇ ਜੂਠ ਖਾਣਾ ਸੂਦਰ ਦੀ ਕਿਰਤ ਹੈ। ਇਥੇ ਹੀ ਬਸ ਨਹੀਂ। ਉਨ੍ਹਾਂ ਨੇ ਕਿਹਾ ਹੈ ਕਿ ਜਿਹੜੀ ਚੰਡਾਲਣੀ ਹੈ- ਹਰੀਜਨ ਦੀ ਜ਼ਨਾਨੀ ਨੂੰ ਉਸ ਨੇ ਚੰਡਾਲਣੀ ਕਿਹਾ ਹੈ - ਉਸ ਨੂੰ ਜਦੋਂ ਮਾਹਵਾਰੀ ਆਈ ਹੋਈ ਹੋਵੇ ਤਾਂ ਉਸ ਦੇ ਨਾਲ ਇੰਟਰਕੋਰਸ ਦੇ ਕਰਨ ਤੋਂ ਬਾਅਦ ਗੰਗਾ ਦੇ ਅਸ਼ਨਾਨ ਦਾ ਪੁੰਨ ਹੁੰਦਾ ਹੈ। ਜਿਸ ਦੇਸ਼ ਦੇ ਵਿਚ ਅਜਿਹੀਆਂ ਕਿਤਾਬਾਂ ਦੀ ਪੂਜਾ ਕਰਨ ਵਾਲੇ ਲੋਕ ਬੈਠੇ ਹੋਏ ਹੋਣ – ਡਾਕਟਰ ਬਲਦੇਵ ਪ੍ਰਕਾਸ਼ ਔਰ ਉਨ੍ਹਾਂ ਦੀ ਪਾਰਟੀ ਵਰਗੇ ਔਰ ਉਹ ਪ੍ਰਬੋਧ ਚੰਦਰ ਜੀ ਤੇ ਐਲੀਗੇਸ਼ਨ ਲਗਾਉਣ ਕਿ ਉਨ੍ਹਾਂ ਨੇ ਗਿੱਲ ਸਾਹਿਬ ਦੀ ਤਾਰੀਫ਼ ਕੀਤੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪਾਲੇਟਿਕਸ ਦੇ ਵਿਚ ਇਧਰ ਔਰ ਉਧਰ ਹੁੰਦਾ ਹੀ ਰਹਿੰਦਾ ਹੈ। ਅਸੀਂ ਕੋਈ ਗਿੱਲ ਸਾਹਿਬ ਦੀ ਪੂਜਾ ਤਾਂ ਨਹੀਂ ਕਰਦੇ ਗਿੱਲ ਦੇ ਚੰਗੇ ਕੰਮਾ ਦੀ ਤਾਰੀਫ਼ ਹੀ ਕਰਦੇ ਹਾਂ। ਮੈਂ ਸਮਝਦਾ ਹਾਂ ਕਿ ਇਸ ਦੇਸ਼ ਵਿਚੋਂ ਇਸ ਤਰ੍ਹਾਂ ਦੇ ਗ੍ਰੰਥਾਂ ਨੂੰ, ਜਿਸ ਦਾ ਮੈਂ ਜ਼ਿਕਰ ਕੀਤਾ ਹੈ, ਜਦ ਤਕ ਬਿਲਕੁਲ ਸਮੇਸ਼ ਨਹੀਂ ਕਰ ਦਿਤਾ ਜਾਂਦਾ ਉਦੋਂ ਤਕ ਨਾ ਹੀ ਦੇਸ਼ ਵਿਚ ਡੈਮੋਕਰੇਸੀ ਪਨਪ ਸਕਦੀ ਹੈ, ਨਾ ਸੋਸ਼ਲ ਇਕੁਐਲਿਟੀ ਆ ਸਕਦੀ ਹੈ, ਔਰ ਨਾ ਹੀ ਕਿਸੇ ਨੂੰ ਜਸਟਿਸ ਮਿਲ ਸਕਦੀ ਹੈ। ਇਸ ਲਈ ਮੈਂ ਅਪਣੇ ਇਨ੍ਹਾਂ ਦੋਸਤਾਂ ਨੂੰ ਅਪੀਲ ਕਰਾਂਗਾ ਕਿ ਗਿੱਲ ਸਾਹਿਬ ਦੀ ਮੁਖ਼ਾਲਫ਼ਤ ਕਰਨ ਤੋਂ ਪਹਿਲਾਂ ਇਸ ਕਿਸਮ ਦੇ ਗ੍ਰੰਥਾਂ ਨੂੰ, ਬੰਦ (ban) ਕਰਵਾਉਣ। ਡਿਪਟੀ ਸਪੀਕਰ ਸਾਹਿਬ, ਮੈਂ ਹੁਣੇ ਹੁਣੇ ਦੋਹਾਂ ਲਾਇਬਰੇਰੀਜ਼ ਵਿਚ ਗਿਆ ਔਰ ਸਤਿਆਰਥ ਪ੍ਰਕਾਸ਼ ਦੀ ਮੰਗ ਕੀਤੀ, ਜਿਹੜਾ ਕਿ ਸਵਾਮੀ ਦਿਆਨੰਦ ਜੀ ਨੇ ਲਿਖਿਆ ਹੈ। ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਕਨਟਰੋਵਰਸ਼ਲ ਕਿਤਾਬਾਂ ਨੂੰ ਅਸੀਂ ਲੈ ਨਹੀਂ ਸਕਦੇ। ਬਹਰ ਹਾਲ, ਮੈਂ ਅਰਜ਼ ਕਰਦਾ ਹਾਂ ਕਿ ਪਾਲੇਟਿਕਸ ਵਿਚ ਤਾਰੀਫ ਔਰ ਮੁਖਾਲਫ਼ਤ ਦੋ ਵਖਰੀਆਂ ਚੀਜ਼ਾ ਹੁੰਦੀਆ ਹਨ।

ਹੁਣ ਮੈਂ ਅਪਣੇ ਅਸਲੀ ਪੁਆਇੰਟ ਵਲ ਆਉਂਦਾ ਹਾਂ। ਮੈਂ ਆਪ ਦੇ ਰਾਹੀਂ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਕਿ ਜਨ ਸੰਘ ਪਾਰਟੀ ਦੇ ਅਪਣੇ ਲੀਡਰ ਗੁਰੂ ਗੋਲਵਲਕਰ ਨੇ ਗਾਂਧੀ ਜੀ ਦੀ ਹੱਤਿਆ ਤੋਂ ਦੋ ਦਿਨ ਪਹਿਲੇ ਹੀ ਕਿਹਾ ਸੀ। ਜਨਸੰਘ ਦੇ ਲੀਡਰ ਗੁਰੂ ਗੋਲਵਲਕਰ ਨੇ ਦਿੱਲੀ ਵਿਚ ਜਨਸੰਘ ਦੀ ਇਕ ਰੈਲੀ ਵਿਚ ਐਲਾਨ ਕੀਤਾ ਸੀ ਕਿ ਇਸ ਸਮੇਂ ਜੇ ਬ੍ਰਹਮਾ ਵੀ ਪ੍ਰਿਥਵੀ ਤੇ ਆ ਜਾਵੇ ਤਾਂ ਉਹ ਵੀ ਸੰਘ ਦੀ ਤਾਕਤ ਨੂੰ ਚੁਨੌਤੀ ਨਹੀਂ ਦੇ ਸਕਦਾ। ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਸੀ ਕਿ ਹਿੰਦੁਸਤਾਨ ਹਿੰਦੂਆਂ ਦਾ ਹੈ, ਅਕਲੀਅਤਾਂ ਇਥੇ ਰਹਿ ਸਕਦੀਆਂ ਹਨ ਪਰ ਦੂਜੇ ਦਰਜੇ ਦੇ ਸ਼ਹਿਰੀ ਦੇ ਤੌਰ ਤੇ। (ਵਿਘਨ) ਜਿਸ ਪਾਰਟੀ ਦਾ ਇਸ ਤਰ੍ਹਾਂ ਦਾ ਬਿਆਨ ਹੋਵੇ, ਉਸ ਦੇ ਗੁਰੂ ਦਾ ਇਸ ਤਰ੍ਹਾਂ ਦਾ ਲੈਕਚਰ ਹੋਵੇ........

Shri A. Vishwanathan : On a point of Order, Sir. This is a convention of this House that any person who is not present in the House or who cannot defend himself in the House, accusations are not levelled against him. He has referred to a particular leader's name.

ਸ਼੍ਰੀ ਡਿਪਟੀ ਸਪੀਕਰ : ਤੁਸੀਂ ਇਕ ਸੈਕੰਡ ਹੋਇਆ ਆਪਣੀ ਸੀਟ ਤੇ ਆਏ ਹੋ । (He has come to his seat only a second back.)

ਸ਼੍ਰੀ ਅ. ਵਿਸ਼ਵਾਨਾਥਨ : ਮੈਂ ਲਾਬੀ ਵਿਚ ਬੈਠਾ ਸੁਣ ਰਿਹਾ ਸਾਂ। ਇਨ੍ਹਾਂ ਨੇ ਇਕ ਲੀਡਰ ਦਾ ਨਾਮ ਲਿਆ ਜੋ ਇਥੇ ਮੌਜੂਦ ਨਹੀਂ ਹੈ ਅਤੇ ਸੀਰੀਅਸ ਐਲੀਗੇਸ਼ਨਜ਼ ਲਗਾਏ ਹਨ.....

Mr. Deputy Speaker : He has simply quoted the words of his speech.

Shri A. Vishwanathan : He is quoting those words in the context of the murder of Mahatma Gandhi.

ਸ਼੍ਰੀ ਡਿਪਟੀ ਸਪੀਕਰ : ਇਨ੍ਹਾਂ ਨੇ ਮਹਾਤਮਾ ਗਾਂਧੀ ਦੇ ਕਨੈਕਸ਼ਨ ਵਿਚ ਨਹੀਂ, ਹਰੀਜਨਾਂ ਦੇ ਕਨੈਕਸ਼ਨ ਵਿਚ ਕੋਟ ਕੀਤਾ ਹੈ । (He has quoted it not in the context of Mahatma Gandhi but in connection with Harijans.)

श्री अ. विश्वनाथन : यह गलत बात है। उन्होंने गोलवलकर जी का नाम लिया है और कहा कि उन्होंने (विघ्न) दो दिन पहले यह बात कही......।

Mr. Deputy Speaker : Let him explain his position.

Shri A Vishwanathan : He cannot explain his bosition. He is to explain his statement.

ਸਰਦਾਰ ਜਾਗੀਰ ਸਿੰਘ ਦਰਦ : ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਿਹਾ ਸੀ ਕਿ ਮਹਾਤਮਾ ਗਾਂਧੀ ਦੇ ਮਰਡਰ ਤੋਂ ਥੋੜ੍ਹੇ ਦਿਨ ਪਹਿਲਾਂ ਗੁਰੂ ਗੋਲਵਲਕਰ ਜੀ ਨੇ ਦਿੱਲੀ ਵਿਚ ਸੰਘ ਦੀ ਇਕ ਬਹੁਤ ਬੜੀ ਰੈਲੀ ਨੂੰ ਐਡਰੈਸ ਕਰਦੇ ਹੋਏ ਕਿਹਾ ਸੀ ਕਿ ਇਸ ਸਮੇਂ ਅਗਰ ਬ੍ਰਹਮਾ ਭੀ ਪ੍ਰਿਥਵੀ ਪਰ ਆ ਜਾਏ ਤੋ ਵੋਹ ਭੀ ਸੰਘ ਕੀ ਤਾਕਤ ਕੋ ਚੁਨੌਤੀ ਨਹੀਂ ਦੇ ਸਕਤਾ। ਇਹ ਗੱਲ ਉਨ੍ਹਾਂ ਨੇ ਕਹੀ।

ਸ਼੍ਰੀ ਡਿਪਟੀ ਸਪੀਕਰ : ਇਸ ਵਿਚ ਮਰਡਰ ਕਿਵੇਂ ਇਨਵਾਲਵਡ ਹੈ ? (How is the murder involved in it ?)

Shri A Vishwanathan : Is he ready to place that cutting on the Table of the House ? If not, he should withdraw those words. He cannot make accusations left and right and without any foundation.

ਸ਼੍ਰੀ ਡਿਪਟੀ ਸਪੀਕਰ : ਮੇਰੀ ਗੱਲ ਸੁਣੋ। ਇਨ੍ਹਾਂ ਨੇ ਜੋ ਗੁਰੂ ਗੋਲਵਲਕਰ ਜੀ ਦੀ ਸਪੀਚ ਕੱਟ ਕੀਤੀ ਹੈ ......(Please listen to me. Whether he has quoted from the speech of Guru Golwalkar........

ਸ਼੍ਰੀ ਅ. ਵਿਸ਼ਵਨਾਥਨ : ਕੋਟ ਕਿਥੋਂ ਕੀਤੀ ਹੈ, ਨਾ ਕੋਈ ਅਖਬਾਰ ਦਾ ਕਟਿੰਗ ਹੈ, ਨਾ ਕੋਈ ਰਿਕਾਰਡ ਹੈ.......

ਸ਼੍ਰੀ ਡਿਪਟੀ ਸਪੀਕਰ : ਇਨ੍ਹਾਂ ਨੇ ਜੋ ਰੈਫਰੈਂਸ ਦਿਤੀ ਹੈ ਮੇਰੇ ਖਿਆਲ ਵਿਚ ਉਹ ਗੁਰੂ ਗੋਲਵਲਕਰ ਜੀ ਲਈ ਡੈਫੇਮੇਟਰੀ ਨਹੀਂ ਹੈ, ਬਲਕਿ ਉਨ੍ਹਾਂ ਦੇ ਫੇਵਰ ਵਿਚ ਹੈ (ਵਿਘਨ) ਇਹ ਉਨ੍ਹਾਂ ਦੀ ਤਾਰੀਫ਼ ਕਰਦੀ ਹੈ, ਨਿੰਦਿਆ ਨਹੀਂ ਕਰਦੀ (I think what he has referred to is not defamatory to Guru Golwalkar rather it goes in his favour. Interruption. It praises him rather than to condemn him.)

ਸ਼੍ਰੀ ਅ. ਵਿਸ਼ਵਨਾਥਨ : ਇਸ ਦੀ ਮੈਨੂੰ ਵੀ ਥੋੜ੍ਹੀ ਜਿਹੀ ਸਮਝ ਹੈ। ਜਿਸ ਟੋਨ ਵਿਚ ਉਹ ਕਹਿ ਰਹੇ ਹਨ ਉਹ ਡੈਫੇਮੇਟਰੀ ਹੈ।

ਸ਼੍ਰੀ ਡਿਪਟੀ ਸਪੀਕਰ : ਟੋਨ ਦਾ ਫੈਸਲਾ ਮੈਂ ਕਰਨਾ ਹੈ, ਉਨ੍ਹਾਂ ਨੇ ਠੀਕ ਕਿਹਾ ਹੈ (It is I who have to judge the tone. He has said it rightly.)

Sri A. Vishwanathan : He should place that cutting on the Table of the House.

Mr. Deputy Speaker : He is making good remarks about Guru Golwalkar and not condemning him.

ਸਰਦਾਰ ਜਾਗੀਰ ਸਿੰਘ ਦਰਦ : ਡਿਪਟੀ ਸਪੀਕਰ ਸਾਹਿਬ, ਮੈਂ ਜਨ ਸੰਘ ਦੀ ਜਮਹੂਰੀਅਤ ਪ੍ਰਸਤੀ ਤੇ ਬੋਲ ਰਿਹਾ ਸਾਂ। ਪੰਜਾਬੀ ਸੂਬੇ ਦੀ ਐਨਾਊਂਸਮੈਂਟ ਹੋਈ, ਵਡੇ ਸੂਬੇ ਵਿਚੋਂ ਇਹ ਸੂਬਾ ਬਣਿਆ। ਮੈਂ ਇਨ੍ਹਾਂ ਤੋਂ ਪੁਛਦਾ ਹਾਂ ਕਿ ਭਵਾਨੀ ਵਿਚ ਐਮਪਲਾਇਮੈਂਟ ਐਕਸਚੇਂਜ ਅਤੇ ਟੈਲੀਫੂਨ ਐਕਸਚੇਂਜ ਨੂੰ ਕਿਸ ਨੇ ਅੱਗ ਲਾਈ ਸੀ ? ਕਰਨਾਲ ਵਿਚ 3 ਕਾਂਗਰਸੀਆਂ ਨੂੰ ਜ਼ਿੰਦਾ ਕਿਸ ਨੇ ਸਾੜਿਆ ਸੀ ? (ਸਰਕਾਰੀ ਬੈਂਚਾਂ ਤੋਂ ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਜਾਲੰਧਰ ਵਿਚ ਦੁਕਾਨਾਂ ਅਤੇ ਲਕੜੀ ਦੀ ਟਾਲ ਕਿਸ ਨੇ ਸਾੜੀ ਸੀ। ਉਸ ਵੇਲੇ ਉਥੇ ਇਉਂ ਲਗਦਾ ਸੀ ਕਿ ਸੂਬੇ ਵਿਚ ਲਾ ਐਂਡ ਆਰਡਰ ਹੈ ਹੀ ਨਹੀਂ, ਜਨਸੰਘ ਦੀ ਹਕੂਮਤ ਹੋ ਗਈ ਹੈ। ਮੈਂ ਇਨ੍ਹਾਂ ਤੋਂ ਪੁਛਦਾ ਹਾਂ ਕਿ ਇਹ ਫਾਸਿਸਟਾਂ ਵਾਲੀਆਂ ਗਲਾਂ ਸਨ ਜਾਂ ਡਿਮਾਕਰੇਸੀ ਦੀਆਂ। ਮੈਂ ਉਸ ਵੇਲੇ ਦੀ ਹਕੂਮਤ ਨੂੰ ਵਧਾਈ ਦਿੰਦਾ ਹਾਂ ਕਿ ਇਸ ਨੇ ਉਸ ਲਾਲੈਸਨੈਸ ਨੂੰ ਇਤਨੀ ਸਖਤੀ ਨਾਲ ਦਬਾਇਆ ਕਿ ਜਿਸ ਦੀ ਮਿਸਾਲ ਨਹੀਂ ਮਿਲਦੀ (ਤਾੜੀਆਂ)

ਇਸ ਤੋਂ ਮਗਰੋਂ ਹਿੰਦੂ ਸਿੱਖ ਯੂਨਿਟੀ ਦੀ ਗਲ ਆਉਂਦੀ ਹੈ। ਇਨ੍ਹਾਂ ਨੇ ਯੂਨਿਟੀ ਕਿਵੇਂ ਲਿਆਂਦੀ ? ਇਹੀ ਲੜਦੇ ਹੁੰਦੇ ਸਨ ਇਸ ਕਰਕੇ ਯੂਨਿਟੀ ਨਹੀਂ ਸੀ, ਇਹ ਲੜਨੋਂ ਹਟ ਗਏ ਤਾਂ ਆਪੇ ਹੀ ਯੂਨਿਟੀ ਆ ਗਈ।

ਪੰਜਾਬੀ ਸੂਬਾ ਬਣਿਆ ਅਤੇ ਇਨ੍ਹਾਂ ਨੇ ਪਬਲਿਕ ਦੇ ਇਮਪਰੈਸ਼ਨ ਨੂੰ ਕਾਇਮ ਰਖਣ ਲਈ ਇਕ ਯੂਨਾਈਟਿਡ ਫ੍ਰੰਟ ਬਣਾਇਆ, ਮਗਰ ਉਸ ਦੇ ਜੋ ਯੂਨਿਟਸ ਸਨ ਉਨ੍ਹਾਂ ਵਿਚ ਕਾਮਨ ਗਲ

[ਸਰਦਾਰ ਜਾਗੀਰ ਸਿੰਘ ਦਰਦ]

ਕੋਈ ਨਹੀਂ ਸੀ ਉਹ ਇਕ ਫੁੱਟ ਸੀ ਜੋ ਇਨ੍ਹਾਂ ਸਾਰੀਆਂ ਪਾਰਟੀਆਂ ਵਿਚ ਕਾਮਨ ਸੀ। ਇਹ 9 ਮਹੀਨੇ ਇਥੇ ਰਹੇ। ਪ੍ਰਬੋਧ ਜੀ ਨੇ ਪੁਛਿਆ ਸੀ ਕਿ ਇਨ੍ਹਾਂ ਨੇ ਉਨ੍ਹਾਂ 9 ਮਹੀਨਿਆਂ ਵਿਚ ਕੀ ਕੀਤਾ ਸੀ ? ਮੈਂ ਕਹਿੰਦਾ ਹਾਂ ਕਿ ਇਹ ਤਾਂ 9 ਮਹੀਨੇ ਦੁੱਧ ਹੀ ਚੁੰਘਦੇ ਰਹੇ, ਉਸ ਦੇ ਮਗਰੋਂ ਇਨ੍ਹਾਂ ਤੇ ਜਵਾਨੀ ਆਈ ਹੀ ਨਹੀਂ ਕਿ ਇਨ੍ਹਾਂ ਦੀ ਮੌਤ ਹੋ ਗਈ।

ਲੈਂਡ ਰੀਫਾਰਮਜ਼ ਦੀ ਗਲ ਹੈ, ਉਸ ਦਾ ਕਾਨੂੰਨ ਬਣਿਆ। ਮਗਰ ਰੀਫਾਰਮ ਨਹੀਂ ਹੋਇਆ। ਹੋ ਵੀ ਨਹੀਂ ਸੀ ਸਕਦਾ, ਕਿਉਂਕਿ ਲੈਂਡ ਰੀਫਾਰਮਜ਼ ਦਾ ਬਿਲ ਜਿਨ੍ਹਾਂ ਨੇ ਪੇਸ਼ ਕੀਤਾ ਉਹ ਸਨ ਗਿਆਨੀ ਕਰਤਾਰ ਸਿੰਘ, ਰਾਉ ਬਿਰਿੰਦਰ ਸਿੰਘ, ਸਰਦਾਰ ਅਜਮੇਰ ਸਿੰਘ ਅਤੇ ਮੇਜਰ ਹਰਿੰਦਰ ਸਿੰਘ। ਇਹ ਸਨ ਸਾਰੇ ਉਸ ਵੇਲੇ ਦੇ ਰੈਵੇਨਯੂ ਮਿਨਿਸਟਰ ਅਤੇ ਉਸ ਬਿਲ ਤੇ ਬਹਿਸ ਕਰਨ ਵਾਲੇ ਸਨ ਚੌਧਰੀ ਸਿਰੀ ਚੰਦ, ਸਰਦਾਰ ਗੁਰਮੀਤ ਸਿੰਘ, ਸਰਦਾਰ ਗੁਰਨਾਮ ਸਿੰਘ ਅਤੇ ਰਾਉ ਅਮਰਾਉ ਸਿੰਘ ਵਗੈਰਾ ਵਡੇ ਜ਼ਮੀਂਦਾਰ ਅਤੇ ਇੰਪਲੀਮੈਂਟ ਕਰਨ ਵਾਲੇ ਸਨ ਬੀ. ਐਸ. ਗ੍ਰੇਵਾਲ ਅਤੇ ਗਿਆਨ ਸਿੰਘ ਕਾਹਲੋਂ। ਤੁਸੀਂ ਵੇਖੋ ਕਿ ਇਨ੍ਹਾਂ ਹਾਲਾਤ ਵਿਚ ਇਥੇ ਲੈਂਡ ਰੀਫਾਰਮਜ਼ ਕਾਮਯਾਬ ਕਿਵੇਂ ਹੋ ਜਾਂਦੀਆਂ। ਮੈਂ ਕਹਿੰਦਾ ਹਾਂ ਕਿ ਅਗਰ ਵਾਕਈ ਲੈਂਡ ਰੀਫਾਰਮਜ਼ ਹੋ ਚੁਕੀਆਂ ਹਨ ਤਾਂ ਇਸ ਮੰਤਵ ਲਈ ਇਕ ਕਮਿਸ਼ਨ ਕਾਇਮ ਕਰੋ ਜੋ ਪੂਰੀ ਤਰ੍ਹਾਂ ਦੇਖੇ ਕਿ 1947 ਵਿਚ ਕਿਸ ਦੇ ਪਾਸ ਕਿੰਨੀ ਜ਼ਮੀਨ ਸੀ ਅਤੇ ਉਹ ਕਿਸ ਤਰ੍ਹਾਂ ਖੁਰਦਬੁਰਦ ਹੋਈ, ਕਿਸ ਨੇ ਸੀਡ ਬ੍ਰੀਡਿੰਗ ਫ਼ਾਰਮ, ਕਿਸ ਨੇ ਮੈਕੇਨਾਈਜ਼ਡ ਫਾਰਮਾਂ ਦੇ ਨਾਂ ਤੇ ਹਜ਼ਾਰਾਂ ਏਕੜ ਜ਼ਮੀਨ ਆਪਣੇ ਕੋਲ ਰਖਕੇ ਲੈਂਡ ਰੀਫਾਰਮਜ਼ ਦਾ ਬੇੜਾ ਗਰਕ ਕੀਤਾ। ਆਪ ਨੇ ਸੁਣਿਆ ਹੈ ਕਿ ਕਿਸ ਤਰ੍ਹਾਂ ਜਨਰਲ ਮੈਕਾਰਥਰ ਨੇ ਜਾਪਾਨ ਵਿਚ ਲੈਂਡ ਰੀਫਾਰਮ ਕਰਵਾਈ ਅਤੇ ਏਕੜ ਦੀ ਲਿਮਿਟ ਲਾਈ, ਸਾਊਥ ਕੋਰੀਆ ਵਿਚ 7 ਏਕੜ ਦੀ ਲਿਮਿਟ ਹੈ, ਫਾਰਮੋਸਾ ਵਿਚ ਵੀ ਇਹੀ ਲਿਮਿਟ ਹੈ ਅਤੇ ਅਜ ਇਹ ਤਿੰਨ ਦੇਸ਼ ਬਹੁਤ ਅਗੇ ਵਧੇ ਹੋਏ ਹਨ। ਜਾਪਾਨ ਫ਼ੀ ਏਕੜ ਪ੍ਰੋਡਿਊਸ ਵਿਚ ਕਣਕ ਅਤੇ ਚੌਲਾਂ ਵਲੋਂ ਲੀਡ ਕਰਦਾ ਹੈ। ਇਥੇ ਸ਼ੋਰ ਮਚਾਇਆ ਜਾਂਦਾ ਹੈ ਕਿ 30 ਏਕੜ ਵੀ ਇਕਨਾਮਿਕ ਯੂਨਿਟ ਨਹੀਂ ਹੈ।

ਫਿਰ ਸਾਨੂੰ ਕਹਿੰਦੇ ਹਨ ਕਿ ਫ਼ੈਮਿਲੀ ਪਲੈਨਿੰਗ ਕਰੋ। ਸਾਡੇ ਤਾਂ ਇਕਨਾਮਿਕ ਯੂਨਿਟ ਬੱਚੇ ਹੀ ਹੁੰਦੇ ਸਨ, ਉਥੇ ਵੀ ਫੈਮੀਲੀ ਪਲੈਨਿੰਗ ਸ਼ੁਰੂ ਕਰ ਦਿਤੀ ਤਾਂ ਅਸੀਂ ਕਿਥੇ ਜਾਈਏ। (ਤਾੜੀਆਂ)

ਇਕ ਗਲ ਸਿਸਟਮ ਆਫ਼ ਐਜੂਕੇਸ਼ਨ ਬਾਰੇ ਕਹਿਣੀ ਹੈ। ਜਿਸ ਮੁਲਕ ਨੇ ਤਰੱਕੀ ਕੀਤੀ ਹੈ (Interruption by Shri A. Vishwanathan)

Mr. Deputy Speaker : I would request the hon. Member Sri A. Vishwanathan to remain within his limits. He was neither on a point of order nor on a point of information. He was interrupting the proceedings of the House.

Sri A. Vishwanathan : Sir, I am not interrupting the proceedings of the House. (Interruptions and Noise).

Mr. Deputy Speaker : I will not allow such things. If the hon. Member interrupts the proceedings of the House, I will be compelled to name him.

Sri A. Vishwanathan : Sir, I request you to control the other side as well.

Mr. Deputy Speaker : He is explaining his case.

ਜਿਨਾਂ ਟਾਈਮ ਆਪ ਕਹੋਗੇ, ਉਸ ਤੋਂ ਦੂਣਾ ਦਿਆਂਗਾ, ਆਪ ਐਕਸਪਲੇਨ ਕਰ ਲੈਣੀ ਆਪਣੀ ਪੋਜ਼ੀਸ਼ਨ। (The hon. Member may explain his position afterwards. He will be given double the time he wants.)

ਸਰਦਾਰ ਜਾਗੀਰ ਸਿਘ ਦਰਦ : ਡਿਪਟੀ ਸਪੀਕਰ ਸਾਹਿਬ, ਜਿਸ ਵੀ ਮੁਲਕ ਨੇ ਤਰੱਕੀ ਕੀਤੀ ਹੈ, ਉਸ ਨੂੰ ਉਸ ਵਲ ਉਸ ਮੁਲਕ ਦਾ ਸਿਸਟਮ ਆਫ਼ ਐਜੂਕੇਸ਼ਨ ਹੀ ਲੈ ਜਾਂਦਾ ਹੈ। ਕਰੀਬਨ ਹਰ ਸੈਸ਼ਨ ਵਿਚ ਮੈਂ ਇਹ ਕਹਿੰਦਾ ਰਿਹਾ ਹਾਂ ਕਿ ਸਾਡੇ ਮੁਲਕ ਦਾ ਜੋ ਸਿਸਟਮ ਆਫ ਐਜੂਕੇਸ਼ਨ ਹੈ ਇਹ ਬੜਾ ਨਿਕੰਮਾ ਹੈ। ਇਥੇ ਇਕ ਪਾਸੇ ਪਬਲਿਕ ਮਾਡਲ ਸਕੂਲ ਤੇ ਪੈਸਾ ਖਰਚ ਹੁੰਦਾ ਹੈ, ਜਿਥੇ ਕਿ ਗਰੀਬ ਤਾਂ ਇਕ ਪਾਸੇ ਦਰਮਿਆਨੇ ਦਰਜੇ ਦੇ ਲੋਕ ਵੀ ਆਪਣੇ ਬੱਚਿਆਂ ਨੂੰ ਪੜ੍ਹਨੇ ਨਹੀਂ ਪਾ ਸਕਦੇ। ਸਾਨੂੰ ਤਾਂ ਕਹਿੰਦੇ ਹਨ ਕਿ ਬੇਸਿਕ ਸਕੂਲਾਂ ਵਿਚ ਪਾਉ ਆਪਣੇ ਬਚਿਆਂ ਨੂੰ ਅਤੇ ਆਪ ਪਬਲਿਕ ਸਕੂਲਾਂ ਵਲ ਜਾਂਦੇ ਹਨ......

Mr. Deputy Speaker : Please wind up.

ਸਰਦਾਰ ਜਾਗੀਰ ਸਿੰਘ ਦਰਦ : ਬਹੁਤ ਅੱਛਾ ਜੀ। ਇਹ ਸਕੂਲ ਐਂਟੀ ਨੈਸ਼ਨਲ ਅਤੇ ਐਂਟੀ ਸੋਸ਼ਲਿਜ਼ਮ ਹਨ। ਇਹ ਪੈਦਾ ਕਰਦੇ ਹਨ......

(i) A new type of man
(ii) A bread of Viceroys
(iii) A race of rulers

ਇਸ ਲਈ ਕਹਿੰਦਾ ਹਾਂ ਕਿ ਇਨ੍ਹਾਂ ਪਬਲਿਕ ਸਕੂਲਾਂ ਤੇ ਬੈਨ ਲਗਾਈ ਜਾਵੇ ਜਾਂ ਫਿਰ ਹਰੀਜਨਾਂ ਅਤੇ ਗਰੀਬਾਂ ਦੇ ਬਚਿਆਂ ਨੂੰ ਵੀ ਇਨ੍ਹਾਂ ਵਿਚ ਸੀਟਾਂ ਰੀਜ਼ਰਵ ਕਰਕੇ ਦਾਖਲ ਕੀਤਾ ਜਾਵੇ ਅਤੇ ਸਰਕਾਰੀ ਖਰਚ ਉਤੇ ਪੜ੍ਹਾਇਆ ਜਾਵੇ। (ਤਾੜੀਆਂ)

ਇਕ ਗਲ ਮੈਂ ਹੋਰ ਕਹਿਣੀ ਹੈ। ਸੰਸਾਰ ਵਿਚ, ਮੈਂ ਚੀਫ ਮਨਿਸਟਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ, ਦੋ ਕਿਸਮ ਦੇ ਬੰਦੇ ਹਨ ਇਕ ਅਮੀਰ ਅਤੇ ਦੂਜੇ ਖੁਸ਼ਾਮਦੀ। (ਵਿਘਨ) ਚੀਫ਼ ਮਨਿਸਟਰ ਸਾਹਿਬ, ਜੋ ਅਮੀਰ ਹੈ ਉਹ ਪੈਸੇ ਦੇ ਜ਼ੋਰ ਨਾਲ ਆਪ ਤੇ ਅਸਰ ਪਾਉਣ ਦੀ ਕੋਸ਼ਿਸ਼ ਕਰੇਗਾ ਤੇ ਗਰੀਬ ਨੂੰ ਅਪਮਾਨਤ ਕਰੇਗਾ। ਦੂਜਾ ਜੋ ਖੁਸ਼ਾਮਦੀ ਹੈ......

Chief Minister: This Chief Minister wont permit any one to do so.

ਸਰਦਾਰ ਜਾਗੀਰ ਸਿੰਘ ਦਰਦ : ਅਮੀਰ ਬਾਬਤ ਡਾ॰ ਗੋਬਲਜ਼ ਨੇ ਕਿਹਾ ਸੀ :

"Money is extraordinarily difficult to obtain. All gentlemen of property and education are standing with the Government."

ਇਹ ਗਵਰਨਮੈਂਟ ਤੋਂ ਪਰੇ ਨਹੀਂ ਜਾ ਸਕਦੇ। (ਤਾੜੀਆਂ) ਖੁਸ਼ਾਮਦ ਅਤੇ ਮਿਹਨਤ ਦੋ ਵੱਖਰੇ ਵੱਖਰੇ ਸਬਜੈਕਟ ਹਨ। ਇਨ੍ਹਾਂ ਦੋਨਾਂ ਲਈ ਇਕੋ ਜਿਹਾ ਸਮਾਂ ਲਗਦਾ ਹੈ। ਜੋ ਮਿਹਨਤੀ ਹਨ ਉਨ੍ਹਾਂ ਕੋਲ ਖੁਸ਼ਾਮਦ ਕਰਨ ਦੀ ਫ਼ੁਰਸਤ ਹੀ ਨਹੀਂ। ਜੋ ਖੁਸ਼ਾਮਦੀ ਹਨ ਉਨ੍ਹਾਂ ਕੋਲ ਮਿਹਨਤ ਕਰਨ ਦੀ ਫੁਰਸਤ ਨਹੀਂ। ਇਸ ਲਈ ਏਸ ਗਲ ਦਾ ਫ਼ੈਸਲਾ ਚੀਫ ਮਿਨਿਸਟਰ ਨੂੰ ਖੁਦ ਕਰਨਾ ਪਵੇਗਾ ਤਾਂਕਿ ਉਹ ਠੀਕ ਰਾਹਾਂ ਉਤੇ ਚੱਲ ਸਕਣ।

"There are typical camp followers always to be found when the storm is over."

ਇਸ ਲਈ ਮੈਂ ਅਪੀਲ ਕਰਦਾ ਹਾਂ, ਆਪਣੇ ਚੀਫ ਮਨਿਸਟਰ ਸਾਹਿਬ ਅਗੇ ਕਿ ਤੁਸੀਂ ਬੜੇ ਤਕੜੇ ਐਡਮਨਿਸਟ੍ਰੇਟਰ ਹੋ, ਆਪਣੇ ਜ਼ੋਰ ਨਾਲ ਇਸ ਸਰਕਾਰ ਦੀ ਮਸ਼ੀਨਰੀ ਨੂੰ ਚਲਾਓ ਜਿਨੀ ਚਲਾ ਸਕਦੇ ਹੋ। ਅਸੀਂ ਸਾਰੇ ਤੁਹਾਨੂੰ ਪੂਰੀ ਤਰ੍ਹਾਂ ਨਾਲ ਸਪੋਰਟ ਕਰਦੇ ਹਾਂ। (ਪ੍ਰਸੰਸਾ)

(ਇਸ ਸਮੇਂ ਸਰਦਾਰ ਜੰਗੀਰ ਸਿੰਘ ਫਗੁਵਾਲੀਆ ਬੋਲਣ ਲਈ ਖੜ੍ਹੇ ਹੋਏ)

ਸ਼੍ਰੀ ਡਿਪਟੀ ਸਪੀਕਰ : ਫਗੁਵਾਲੀਆ ਸਾਹਿਬ ਮੈਨੂੰ ਜਿਹੜੀ ਲਿਸਟ ਲੀਡਰ ਆਫ ਦੀ ਅਪੋਜ਼ੀਸ਼ਨ ਵਲੋਂ ਆਈ ਹੈ ਨਾਵਾਂ ਦੀ ਉਸ ਦੇ ਮੁਤਾਬਿਕ ਹੀ ਮੈਂਬਰ ਸਾਹਿਬਾਨ ਨੂੰ ਬੋਲਣ ਲਈ ਕਹਿ ਰਿਹਾ ਹਾਂ। (ਵਿਘਨ) ਮੈਂ ਟਰੇਯਰੀ ਬੈਂਚਾਂ ਨੂੰ ਕਹਾਂਗਾ ਕਿ ਇਸ ਤਰ੍ਹਾਂ ਕਿਸੇ ਨੂੰ ਇਨਟਰਪਟ ਨਾ ਕਰਨ। I would like to inform the hon. Member Sardar Jangir Singh Phaguwalia, that I am asking the members to speak according to the list which I have received from the Leader of the Opposition—Interruptions — I would request the Members of the Treasury Benches not to interrupt anybody like this.)

ਕਾਮਰੇਡ ਹਰਦਿਤ ਸਿੰਘ ਭੱਠਲ (ਧਨੌਲਾ) : ਡਿਪਟੀ ਸਪੀਕਰ ਸਾਹਿਬ, ਅਜ ਇਥੇ ਗਵਰਨਰ ਸਾਹਿਬ ਦੇ ਐਡਰੈਸ ਤੇ ਵਿਚਾਰ ਕੀਤੀ ਜਾ ਰਹੀ ਹੈ। ਇਥੇ ਜਿੰਨੇ ਵੀ ਮੇਰੇ ਸਾਥੀ ਬੋਲੇ ਨੇ ਮੈਂ ਉਨ੍ਹਾਂ ਦੇ ਵਿਚਾਰਾਂ ਨੂੰ ਸੁਣਿਆ ਹੈ ਅਤੇ ਇਹ ਸਮਝਦਾ ਹਾਂ ਕਿ ਉਨ੍ਹਾਂ ਬਹੁਤ ਸਾਰੀਆਂ

ਗੱਲਾਂ ਆਪਸ ਵਿਚ ਜ਼ਾਤੀ ਹਮਲਿਆਂ ਅਤੇ ਟੋਕਾ ਟਾਕੀ ਬਾਰੇ ਕੀਤੀਆਂ ਹਨ, ਨਾ ਤਾਂ ਗਵਰਨਰ ਸਾਹਿਬ ਦੇ ਐਡਰੈਸ ਬਾਰੇ ਕੁਝ ਕਿਹਾ ਹੈ ਤੇ ਨਾ ਹੀ ਆਪਣੇ ਇਲਾਕੇ ਦੀ ਕੋਈ ਗੱਲ ਕੀਤੀ ਹੈ ਅਤੇ ਨਾ ਹੀ ਇਹ ਦਸਿਆ ਹੈ ਕਿ ਕਿਥੇ ਕਿਥੇ ਨੁਕਸ ਨੇ ਜਿਨ੍ਹਾਂ ਨੂੰ ਸਰਕਾਰ ਦੂਰ ਕਰੇ। ਮੈਂ ਕਿਸੇ ਜ਼ਾਤੀ ਹਮਲੇ ਵਿਚ ਪੈਣ ਲਈ ਤਿਆਰ ਨਹੀਂ। ਇਥੇ ਮੈਂਬਰ ਲੋਕ ਭਲਾਈ ਦੇ ਮਸਲੇ ਵਲ ਘਟ ਗਏ ਹਨ। ਮੇਰਾ ਟਾਈਮ ਕਿਉਂਕਿ ਥੋੜ੍ਹਾ ਹੈ ਇਸ ਲਈ ਮੈਂ ਇਸ ਵਕਤ ਵਿਚ ਆਪਣੇ ਜ਼ਿਲ੍ਹੇ ਅਤੇ ਆਪਣੇ ਇਲਾਕੇ ਦੀਆਂ ਤਕਲੀਫ਼ਾਂ ਹੀ ਸਰਕਾਰ ਦੇ ਸਾਹਮਣੇ ਰੱਖਣਾ ਚਾਹਵਾਂਗਾ ਕਿਉਂਕਿ ਜਿਨ੍ਹਾਂ ਲੋਕਾਂ ਨੇ ਮੈਨੂੰ ਵੋਟ ਪਾਕੇ ਇਥੇ ਘੱਲਿਆ ਹੈ ਉਨ੍ਹਾਂ ਦੇ ਦੁਖਾਂ ਦਾ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੈ। ਮੈਂ ਤਾਂ ਨਾ ਇਥੇ ਕੋਈ ਸਿਆਸੀ ਗੱਲਾਂ ਵਿਚ ਜਾਣਾ ਚਾਹੁੰਦਾ ਹਾਂ ਤੇ ਨਾ ਹੀ ਕਿਸੇ ਤੇ ਜ਼ਾਤੀ ਹਮਲਾ ਕਰਨਾ ਚਾਹੁੰਦਾ ਹਾਂ।

ਮੁੱਖ ਮੰਤਰੀ : ਇਹ ਹੈ ਸਚੀ ਦੇਸ਼ ਭਗਤੀ ਦਾ ਸਬੂਤ।

ਕਾਮਰੇਡ ਹਰਦਿਤ ਸਿੰਘ ਭੱਠਲ : ਗਵਰਨਰ ਸਾਹਿਬ ਦੇ ਇਸ ਐਡਰੈਸ ਵਿਚ ਬਹੁਤ ਕੁਝ ਕਿਹਾ ਗਿਆ ਕਿ ਇਸ ਸੂਬੇ ਵਿਚ ਕੀ ਕੁਝ ਕੀਤਾ ਗਿਆ ਜਾਂ ਕੀਤਾ ਜਾ ਰਿਹਾ ਹੈ। ਕਿਸਾਨ ਦੇ ਬਾਰੇ ਵਿਚ ਕਿਹਾ ਗਿਆ ਕਿ ਅਸੀਂ ਉਸ ਨੂੰ ਦੋਗਲੇ ਬੀਜ ਦਿਆਂਗੇ, ਚੰਗੇ ਬੀਜ ਮੁਕਈ, ਬਾਜਰਾ ਆਦਿ ਦੇ ਦਿਤੇ ਹਨ। ਹੋਰ ਵੀ ਇਸ ਤਰਾਂ ਦੀਆਂ ਗੱਲਾਂ ਇਸ ਐਡਰੈਸ ਵਿਚ ਲਿਖ ਦਿਤੀਆਂ ਹਨ। ਪਰ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੀਆਂ ਗੱਲਾਂ ਨਾਲ ਇਹ ਮਸਲਾ ਹੱਲ ਨਹੀਂ ਹੋ ਸਕਦਾ। ਦੋਗਲੇ ਬੀਜਾਂ ਨਾਲ ਇਹ ਗੱਲਾਂ ਸਿਰੇ ਨਹੀਂ ਚੜ੍ਹਦੀਆਂ ਜਦ ਤਕ ਕਿ ਕਿਸਾਨ ਨੂੰ ਹਰ ਤਰਾਂ ਦੀਆਂ ਸਹੂਲਤਾਂ ਨਾ ਦਿਤੀਆਂ ਜਾਣ। ਅੱਜ ਸੂਬੇ ਵਿਚ ਕਿਸਾਨ ਦੀ ਹਾਲਤ ਕੀ ਹੈ। ਸਭ ਤੋਂ ਵਡਾ ਮਸਲਾ ਉਸ ਦੇ ਸਾਹਮਣੇ ਸੇਮ ਦਾ ਹੈ। ਜੇਕਰ ਸੇਮ ਨੂੰ ਪੰਜਾਬ ਵਿਚ ਖਤਮ ਕਰ ਦਿਤਾ ਜਾਵੇ ਤਾਂ ਹੀ ਇਥੇ ਦੇ ਕਿਸਾਨ ਦਾ ਭਲਾ ਹੋ ਸਕਦਾ ਹੈ। ਭਾਵੇਂ ਇਥੇ ਪੰਜਾਬ ਵਿਚ ਕੋਈ ਵੀ ਸਰਕਾਰ ਬਣੀ, ਕਾਂਗਰਸ ਦੀ ਸਰਕਾਰ ਸੀ ਜਾਂ ਫ਼ਰੰਟ ਦੀ ਵਜ਼ਾਰਤ ਬਣੀ ਜਾਂ ਫਿਰ ਹੁਣ ਜਨਤਾ ਪਾਰਟੀ ਦੀ ਸਰਕਾਰ ਹੈ-ਜਨਤਾ ਤਾਂ ਭਾਵੇਂ ਪਿੰਡਾਂ ਵਿਚ ਵੀ ਨਹੀਂ ਵੜਨ ਦਿੰਦੀ (ਹਾਸਾ) ਪਰ ਇਸ ਸੇਮ ਦੇ ਮਸਲੇ ਨੂੰ ਇਹ ਤਿੰਨੇ ਹੀ ਸਰਕਾਰਾਂ ਹਲ ਨਹੀਂ ਕਰ ਸਕੀਆਂ। ਜਿਸ ਤਰ੍ਹਾਂ ਇਸ ਮਸਲੇ ਨੂੰ ਸੰਵਾਰ ਕੇ ਕਰਨਾ ਚਾਹੀਦਾ ਹੈ ਨਹੀਂ ਹਲ ਕੀਤਾ ਗਿਆ। ਇਸ ਮਸਲੇ ਵਲ ਪੂਰਾ ਧਿਆਨ ਦੇ ਕੇ ਇਸ ਨੂੰ ਸਦਾ ਲਈ ਹਲ ਕਰਨ ਦੀ ਲੋੜ ਹੈ।

ਹੁਣ ਡਰੇਨਾਂ ਦਾ ਮਸਲਾ ਹੈ। ਮੇਰੇ ਇਲਾਕੇ ਵਿਚ ਜਿੰਨੀਆਂ ਵੀ ਡਰੇਨਾਂ ਹਨ ਉਨ੍ਹਾਂ ਨੂੰ ਡੂੰਘਾ ਅਤੇ ਚੌੜਾ ਕਰਨ ਦੀ ਲੋੜ ਹੈ ਜਿਸ ਤਰ੍ਹਾਂ ਧਨੌਲੇ ਦੀ ਡਰੇਨ ਹੈ। ਇਹ ਬਾਹਰੋਂ ਬਹੁਤ ਦੂਰ ਤੋਂ ਆਉਂਦੀ ਹੈ। ਇਹ ਨਾ ਡੂੰਘੀ ਹੈ ਤੇ ਨਾ ਹੀ ਚੌੜੀ ਹੈ ਇਸ ਲਈ ਇਸ ਨਾਲ ਇਲਾਕੇ ਦੇ ਲੋਕਾਂ ਦਾ ਫ਼ਾਇਦਾ ਨਹੀਂ ਹੁੰਦਾ ਸਗੋਂ ਲੋਕਾਂ ਦਾ ਬਹੁਤ ਨੁਕਸਾਨ ਹੁੰਦਾ ਹੈ। ਇਸ ਨੂੰ ਜ਼ਰੂਰ ਡੂੰਘਾ ਅਤੇ ਚੌੜਾ ਕੀਤਾ ਜਾਵੇ ਤਾਕਿ ਕਿਸਾਨ ਨੂੰ ਫ਼ਾਇਦਾ ਪਹੁੰਚ ਸਕੇ। ਆਮ ਪਿੰਡਾਂ ਦੇ ਰਸਤਿਆਂ ਤੇ ਖੇਤਾਂ ਦੇ ਵਡੇ ਰਸਤਿਆਂ ਉਤੇ ਪੁਲ ਹੋਣੇ ਚਾਹੀਦੇ ਹਨ। ਇਥੇ ਹੀ ਕਿਸਾਨ ਦੀ ਆਵਾਜਾਈ ਲਈ ਉਸ ਦੇ ਗੱਡਿਆਂ ਲਈ ਜਿਸ ਤੇ ਉਸ ਨੇ ਰੇਹ ਖੇਤ ਵਿਚ ਲਿਜਾਣਾ ਹੁੰਦਾ ਹੈ ਅਤੇ ਪੈਦਾਵਾਰ ਨੂੰ ਵਧਾਣਾ ਹੁੰਦਾ ਹੈ ਅਤੇ ਫਿਰ ਉਸ ਨੇ ਡੰਗਰਾਂ ਨੂੰ ਚਾਰਨਾ ਹੁੰਦਾ ਹੈ ਅਤੇ ਡੰਗਰਾਂ

[ਕਾਮਰੇਡ ਹਰਦਿਤ ਸਿੰਘ ਭਠਲ]

ਲਈ ਕੱਖ ਦੇ ਗੱਡੇ ਭਰ ਕੇ ਲਿਆਣੇ ਹੁੰਦੇ ਹਨ, ਉਨ੍ਹਾਂ ਦੀ ਆਵਾਜਾਈ ਲਈ ਕੋਈ ਪੁੰਨ ਨਹੀਂ, ਇਸ ਤੇ ਪੁਲ ਬਨਾਣੇ ਜ਼ਰੂਰੀ ਹਨ ।

ਫਿਰ ਦੁਗਬਹਾਦਰਪੁਰ ਡਰੇਨ ਦਾ ਮਸਲਾ ਹੈ । ਇਹ ਡਰੇਨ ਲੌਂਗੋਵਾਲ ਨੂੰ ਜਾਂਦੀ ਹੈ । ਇਹ ਬਿਲਕੁਲ ਡੂੰਘੀ ਨਹੀਂ ਅਤੇ ਨਾ ਹੀ ਚੌੜੀ ਹੈ । ਇਸ ਨੂੰ ਖੁਲ੍ਹਾ ਅਤੇ ਡੂੰਘਾ ਕਰਨ ਦੀ ਲੋੜ ਹੈ । ਇਸ ਦੇ ਨਾਲ ਹੀ ਆਮ ਰਸਤਿਆਂ ਤੇ ਪੁਲ ਬਨਾਣੇ ਹਨ, ਇਸ ਤੇ ਜਿਥੇ ਪੁਲ ਕੋਈ ਨਹੀਂ ਪੁਲ ਬਨਾਣ ਦੀ ਫੌਰੀ ਲੋੜ ਹੈ ਤਾਂ ਹੀ ਕਿਸਾਨ ਦੀ ਬੇਹਤਰੀ ਇਸ ਇਲਾਕੇ ਵਿਚ ਕੀਤੀ ਜਾ ਸਕਦੀ ਹੈ ।

ਜਿਥੇ ਤਕ ਚੋਆਂ ਦਾ ਮਸਲਾ ਹੈ ਇਹ ਬੜਾ ਗੰਭੀਰ ਮਸਲਾ ਹੈ । ਇਨ੍ਹਾਂ ਨੂੰ ਨਾ ਤਾਂ ਰਿਆਸਤੀ ਰਾਜਿਆਂ ਨੇ ਪੁਟਿਆ ਤੇ ਨਾ ਕਾਂਗਰਸ ਸਰਕਾਰ ਨੇ ਤੇ ਨਾ ਹੀ ਫਰੰਟ ਦੀ ਸਰਕਾਰ ਨੇ ਇਨ੍ਹਾਂ ਨੂੰ ਪੁਟਿਆ ਅਤੇ ਨਾ ਹੀ ਡੂੰਘਾ ਕੀਤਾ । ਕਿੰਨੀ ਵੇਰ ਇਸ ਪਾਸੇ ਧਿਆਨ ਦਿਵਾਇਆ ਅਤੇ ਨਾ ਹੀ ਇਸ ਜਨਤਾ ਦੀ ਸਰਕਾਰ ਨੇ ਇਸ ਪਾਸੇ ਕੋਈ ਧਿਆਨ ਦਿਤਾ ਹੈ । ਇਸ ਤੇ ਪਹਿਲਾਂ ਦੇ ਹੀ ਬਹੁਤ ਪੁਰਾਣੇ ਦੋ ਪੁਲ ਹਨ, ਹੋਰ ਕੋਈ ਪੁਲ ਨਹੀਂ ਬਣਾਇਆ ਗਿਆ । ਇਹ ਦੋ ਪੁਲ ਘਾਬਦਾਂ ਦਾ ਅਤੇ ਮਹਿਲਾਂ ਦਾ ਹੈ । ਇਸ ਚੋਏ ਵਲ ਧਿਆਨ ਨਹੀਂ ਦਿਤਾ ਗਿਆ ਅਤੇ ਜਿਸ ਕਰਕੇ ਇਸ ਇਲਾਕੇ ਦਾ ਬੇੜਾ ਹੀ ਗਰਕ ਹੋਇਆ ਪਿਆ ਹੈ । ਸਰਕਾਰ ਨੂੰ ਫੌਰੀ ਤੌਰ ਤੇ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ

ਜਿਥੇ ਤਕ ਲਿੰਕ ਡਰੇਨਾ ਦਾ ਸੰਬੰਧ ਹੈ ਛਾਜਲੀ, ਮੇਦੇਵਾਸ ਮੌਜ਼ੇਵਾਲ, ਗੰਡੂਆਂ, ਦੌਲੇਵਾਲਾ ਤੇ ਉਗਰਾਹਾਂ ਵਿਚ ਕੋਈ ਲਿੰਕ ਡਰੇਨਾਂ ਬਣਾਈਆਂ ਜਾਣ ਅਤੇ ਅਗੇ ਜਾ ਕੇ ਡਸਕਾ ਡਰੇਨ ਵਿਚ ਜਾ ਕੇ ਪਾਣੀ ਪਾਇਆ ਜਾਵੇ । ਇਸ ਪਾਸੇ ਫੌਰੀ ਤੌਰ ਤੇ ਧਿਆਨ ਦੇ ਕੇ ਸਰਕਾਰ ਨੂੰ ਇਹ ਡਰੇਨਾਂ ਪੱਟਣੀਆਂ ਚਾਹੀਦੀਆਂ ਹਨ । ਫਿਰ ਡਿਪਟੀ ਸਪੀਕਰ ਸਾਹਿਬ, ਭੈਣੀਮਾਰਾਜ, ਬਡਬਰ ਲੋਹਾਖੇੜਾ ਢਗਰੀਆ ਬਜਰਾ ਦੀ ਡਰੇਨ ਹੈ । ਇਹ ਪੁਟੀ ਨਹੀਂ ਹੋਈ ਇਸ ਨੂੰ ਡੂੰਘਾ ਤੇ ਚੌੜਾ ਕਰਕੇ ਇਸਦਾ ਪਾਣੀ ਕੱਢਣਾ ਚਾਹੀਦਾ ਹੈ ।

ਫਿਰ ਸੜਕਾਂ ਦਾ ਜ਼ਿਕਰ ਆਉਂਦਾ ਹੈ ਗਵਰਨਰ ਸਾਹਿਬ ਦੇ ਐਡਰੈਸ ਵਿਚ । ਸੜਕਾਂ ਇਕ ਅਜਿਹਾ ਸਾਧਨ ਹੈ ਕਿ ਜਿਸ ਨਾਲ ਕਿਸਾਨ ਨੂੰ ਬਹੁਤ ਫਾਇਦਾ ਪਹੁੰਚ ਸਕਦਾ ਹੈ, ਕਿਸਾਨ ਆਪਣੇ ਅਨਾਜ ਨੂੰ ਮੰਡੀਆਂ ਵਿਚ ਲਿਜਾ ਸਕਦਾ ਹੈ, ਪਰ ਹਰੀਗੜ੍ਹ ਦੇ ਪੁਲਾਂ ਤੋਂ ਲੈਕੇ ਭੱਠਲ, ਕਟੂ ਦੇ ਵਿਚ ਦੀ ਸੇਖੇ ਦੇ ਸਟੇਸ਼ਨ ਨੂੰ ਲਿਆਉਣੀ ਚਾਹੀਦੀ ਹੈ ਅਤੇ ਫਿਰ ਹਰੀਗੜ੍ਹ ਤੋਂ ਢਢੀਆ ਤੋਂ ਚੀਮੇ ਵਰਗੀਆਂ ਤੇ ਕੋਈ ਸੜਕ ਨਹੀਂ ਜਿਹੜੀ ਲਿਆਉਣੀ ਜਰੂਰੀ ਹੈ । ਕਿੰਨੀ ਹੈਰਾਨੀ ਦੀ ਗਲ ਹੈ ਕਿ ਚਾਰ ਚਾਰ ਪੰਜ ਪੰਜ ਮੀਲ ਤਕ ਕੋਈ ਸੜਕ ਨਹੀਂ ਕੋਈ ਐਪਰੋਚ ਰੋਡ ਨਹੀਂ ਫਿਰ ਚਾਰ ਪੰਜ ਮੀਲ ਦੇ ਟੋਟੇ ਤੇ ਮਿਟੀ ਪਾਈ ਹੋਈ ਹੈ ਹਰੀਗੜ ਤੋਂ ਕੱਟੂ ਤਕ ਗਗੇਰੀਆਂ ਹਰੀਗੜ੍ਹ ਤੋਂ ਢੱਡਰੀਆਂ, ਢਡਰੀਆਂ ਤੋਂ ਚੀਮਾਂ ਤੇ ਫਿਰ ਚੀਮਾ ਚਠਾ ਇਸ ਦੇ ਆਸ ਪਾਸ ਕੋਈ ਪੰਦਰਾਂ ਪਿੰਡ ਹਨ ਜੇਕਰ ਇਸ ਸੜਕ ਨੂੰ ਸਰਕਾਰ ਪੱਕਾ ਕਰ ਦੇਵੇ ਤਾਂ ਇਸ ਇਲਾਕੇ ਦੇ ਲੋਕਾਂ ਨੂੰ ਬਹੁਤ ਫਾਇਦਾ ਪਹੁੰਚ ਸਕਦਾ ਹੈ ਅਤੇ ਇਨ੍ਹਾਂ ਪਿੰਡਾ ਦੇ ਕਿਸਾਨਾਂ ਦੀ ਬਹੁਤ ਤਰੱਕੀ ਹੋ ਸਕਦੀ ਹੈ ।

ਫਿਰ ਪੁਲਾਂ ਦਾ ਜਿਥੇ ਤਕ ਸੰਬੰਧ ਹੈ ਧਨੌਲੇ ਭੰਮਾਬੰਦੀ ਦੇ ਆਲੇ ਦੁਆਲੇ ਦੋ ਡਰੇਨਾਂ ਹਨ ਜਿਥੋਂ ਲੋਕਾਂ ਨੂੰ ਲੰਘਣ ਲਈ ਕੋਈ ਪੁਲ ਨਹੀਂ ਜਿਥੇ ਪੁਲ ਬਣਨਾ ਜ਼ਰੂਰੀ ਹੈ। ਕਈ ਮੀਲ ਅਜੇਹੇ ਹਨ ਜਿਥੇ ਕੋਈ ਪੁਲ ਨਹੀਂ । ਜੋਗਾ ਰਜਬਾਹੇ ਤੇ ਕਾਲਕੇ ਦਾ ਪੁਲਾਂ ਨੂੰ ਬਨਾਣਾ ਚਾਹੀਦਾ ਹੈ ਤਾਂਕਿ ਕਿਸਾਨ ਦੀ ਔਖਿਆਈ ਦੂਰ ਹੋ ਸਕੇ । ਕਈ ਸੂਏ ਅਜੇਹੇ ਨੇ ਕਿ ਜਿਨ੍ਹਾਂ ਤੇ ਪੁਲ ਨਹੀਂ ਮੁਰਬੇਬੰਦੀ ਵਿਚ ਰਾਹ ਕਿਤੇ ਚਲਿਆ ਗਿਆ ਤੇ ਪੁਲ ਕਿਤੇ ਰਹਿ ਗਏ ਹਨ ਅਤੇ ਉਨ੍ਹਾਂ ਰਾਹਾਂ ਤੇ ਕੋਈ ਪੁਲ ਨਹੀਂ । ਨਾ ਗੱਡੇ ਜਾ ਸਕਦੇ ਹਨ ਨਾ ਕਿਸਾਨ ਜਾ ਸਕਦਾ ਹੈ । ਇਸ ਲਈ ਇਨ੍ਹਾਂ ਨਵੇਂ ਰਾਹਾਂ ਤੇ ਪੁਲ ਬਨਾਣੇ ਚਾਹੀਦੇ ਹਨ ਤਾਕਿ ਆਮ ਜਨਤਾ ਨੂੰ ਫਾਇਦਾ ਮਿਲ ਸਕੇ ।

ਡਿਪਟੀ ਸਪੀਕਰ ਸਾਹਿਬ, ਇਥੇ ਹੀ ਬਸ ਨਹੀਂ ਕਿਸਾਨ ਤੇ ਹੋਰ ਇਕ ਬਹੁਤ ਭਾਰੀ ਜੁਲਮ ਕੀਤਾ ਜਾ ਰਿਹਾ ਹੈ । ਕਿਸਾਨ ਤਾਂ ਪਹਿਲਾਂ ਹੀ ਮਾਲੀਆ ਬਹੁਤ ਜ਼ਿਆਦਾ ਦਿੰਦਾ ਹੈ । ਜਿਸ ਤੇ ਮਾਲੀਆ ਦਾ ਪਹਿਲਾਂ ਹੀ ਜ਼ਿਆਦਾ ਭਾਰ ਹੈ ਉਸ ਤੋਂ ਨਹਿਰੀ ਪਾਣੀ ਲਈ ਆਬਿਆਨਾ ਵਸੂਲ ਕੀਤਾ ਜਾਂਦਾ ਹੈ । ਉਹ ਵੀ ਹੁਣ ਵਧਾ ਦਿਤਾ ਗਿਆ ਹੈ । ਹੈਰਾਨੀ ਦੀ ਗੱਲ ਹੈ ਕਿ ਜਿਥੇ ਅਗੇ ਦੋ ਸੂਏ ਦਾ ਪਾਣੀ ਮਿਲਦਾ ਸੀ ਹੁਣ ਇਕ ਸੂਆ ਕਰ ਦਿਤਾ ਗਿਆ ਹੈ । ਪਤਾ ਨਹੀਂ ਨਹਿਰੀ ਮਹਿਕਮੇ ਵਾਲਿਆਂ ਨੂੰ ਕਿਸ ਨੇ ਕਿਹਾ ਹੈ ਕਿ ਇਕ ਸੂਆ ਬੰਦ ਕਰ ਦਿਤਾ ਜਾਵੇ । ਦਗਬਹਾਦਰਪੁਰ ਨੂੰ ਤੁਸੀਂ ਵੇਖ ਸਕਦੇ ਹੋ । ਇਕ ਚਲਦਾ ਹੈ ਅਤੇ ਉਸ ਵਿਚ ਵੀ ਪਾਣੀ ਨਹੀਂ । ਜਿਥੇ ਇਕ ਘੰਟੇ ਵਿਚ ਪਹਿਲਾਂ 4 ਜਾਂ 5 ਵਿਘੇ ਸਿੰਜਦੇ ਸਨ ਹੁਣ ਇਕ ਵਿਘਾ ਵੀ ਨਹੀਂ ਸਿੰਜਦਾ । ਮੈਂ ਇਸ ਗੱਲ ਨੂੰ ਸਾਬਤ ਕਰ ਸਕਦਾ ਹਾਂ । ਜੇਕਰ ਕੋਈ ਇਸ ਗੱਲ ਨੂੰ ਗਲਤ ਸਾਬਤ ਕਰ ਦੇਵੇ ਤਾਂ ਮੈਂ ਅਸੈਂਬਲੀ ਛਡਣ ਨੂੰ ਤਿਆਰ ਹਾਂ । (ਵਿਘਨ) ਇਹ ਸਾਰੀਆਂ ਗਲਾਂ ਕਿਸਾਨ ਦੇ ਹਿਤ ਦੀਆਂ ਹਨ ਅਤੇ ਇਸ ਪਾਸੇ ਬਹੁਤ ਜਲਦੀ ਧਿਆਨ ਦੇਣ ਦੀ ਲੋੜ ਹੈ ।

ਫਿਰ ਜ਼ਿਲਾ ਸੰਗਰੂਰ ਅਤੇ ਬਠਿੰਡੇ ਵਿਚ ਥਲੇ ਦਾ ਜੋ ਪਾਣੀ ਹੈ ਉਹ ਇਸ ਧਰਤੀ ਨੂੰ ਮਾਫ਼ਕ ਨਹੀਂ । ਨਹਿਰੀ ਮਹਿਕਮੇ ਨੇ ਜਿਹੜੀ ਨਵੀਂ ਸਕੀਮ ਲਾਗੂ ਕਰ ਦਿਤੀ ਹੈ ਉਸ ਨਾਲ ਕਿਸਾਨਾਂ ਦਾ ਬਹੁਤ ਨੁਕਸਾਨ ਹੋ ਰਿਹਾ ਹੈ । ਜਿਸ ਸਕੀਮ ਤੇ ਪੰਜ ਸਾਲ ਤੋਂ ਪਹਿਲਾਂ ਪਾਣੀ ਮਿਲਦਾ ਸੀ ਉਸ ਨੂੰ ਹੀ ਚਾਲੂ ਰਹਿਣ ਦਿਤਾ ਜਾਣਾ ਚਾਹੀਦਾ ਹੈ । ਇਨ੍ਹਾਂ ਜ਼ਿਲ੍ਹਿਆਂ ਨੂੰ ਨਹਿਰ ਦਾ ਖੁੱਲਾ ਪਾਣੀ ਮਿਲੇ ਅਤੇ ਜਿਥੇ ਸੇਮ ਹੈ ਉਥੇ ਟਯੂਬਵੈਲ ਲਗਾ ਦਿਤੇ ਜਾਣ ।

ਫਿਰ ਬਿਜਲੀ ਦੀ ਹਾਲਤ ਇਹ ਹੈ ਕਿ ਕਈ ਕਈ ਪਿੰਡਾਂ ਵਿਚ ਬਿਜਲੀ ਨਹੀਂ, ਇਸ ਤਰ੍ਹਾਂ ਪਤਾ ਲਗਦਾ ਹੈ ਕਿ ਚੁਣ ਚੁਣ ਕੇ ਪਿੰਡਾਂ ਨੂੰ ਬਿਜਲੀ ਨਹੀਂ ਦਿਤੀ ਗਈ । ਇਸ ਦਾ ਕਾਰਨ ਇਹ ਸਰਕਾਰ ਆਪ ਜਾਣਦੀ ਹੈ । ਆਸ ਪਾਸ ਪਿੰਡਾਂ ਵਿਚ ਬਿਜਲੀ ਹੈ ਪਰ ਇਕੱਲਾ ਇਕੱਲਾ ਪਿੰਡ ਬਿਜਲੀ ਤੋਂ ਬਿਨਾ ਰਖਿਆ ਗਿਆ ਹੈ । ਲਿਦੜ, ਭੈਣੀ ਮਰਾਜ ਭੰਬਾਬੰਦੀ ਹੈ । ਇਸ ਤਰ੍ਹਾਂ ਕਈ ਪਿੰਡ ਹਨ ਮੇਰੇ ਇਲਾਕੇ ਵਿਚ ਜਿਨ੍ਹਾਂ ਵਿਚ ਬਿਜਲੀ ਦਿਤੀ ਜਾਣੀ ਚਾਹੀਦੀ ਹੈ ਜਿਹੜੀਆਂ ਡਰੇਨਾਂ ਚੋਏ ਭੰਬਾਬੰਦੀ ਦੇ ਨਾਲੋਂ ਲੰਘਦੇ ਹਨ ਉਨ੍ਹਾਂ ਵਿਚ ਰਾਹਾਂ ਤੇ ਪੁਲਾਂ ਦੀ ਲੋੜ ਹੈ ਇਸ ਨੂੰ ਪੂਰਾ ਕਰਨਾ ਚਾਹੀਦਾ ਹੈ ।

ਮੈਂ ਕਿਸਾਨ ਤੇ ਮਾਲੀਆ ਦੇ ਭਾਰ ਦਾ ਜ਼ਿਕਰ ਕਰ ਰਿਹਾ ਸਾਂ । ਇਕ ਤਾਂ ਮਾਲੀਆ ਹੈ, ਫਿਰ ਅਬਿਆਨਾ ਪਹਿਲਾਂ ਜ਼ਮੀਨ ਤੇ ਫਿਰ ਪਾਣੀ ਤੇ ਲਗਾ ਦਿੱਤਾ ਤੇ ਹੁਣ ਉਪਜ ਤੇ ਲਗਾ ਦਿੱਤਾ ਗਿਆ

[ਕਾਮਰੇਡ ਹਰਦਿਤ ਸਿੰਘ ਭਠਲ]

ਹੈ: ਕਪਾਹ ਤੇ, ਨਰਮੇ ਤੇ ਚਾਰ ਰੁਪਏ ਟੈਕਸ, ਇਖ ਤੇ, ਮੂੰਗਫਲੀ ਤੇ, ਮਿਰਚਾਂ ਤੇ ਲਗਾ ਦਿੱਤਾ। ਇਹ ਕਿਸਾਨ ਨਾਲ ਧਰੋਹ ਕਮਾਇਆ ਜਾ ਰਿਹਾ ਹੈ। ਇਸ ਗਵਰਨਰ ਸਾਹਿਬ ਦੇ ਐਡਰੈਸ ਵਿਚ ਇਸ ਵਿਚ ਟੈਕਸ ਦੇ ਹਟਾਣ ਦਾ ਕੋਈ ਜ਼ਿਕਰ ਨਹੀਂ। ਇਸ ਟੈਕਸ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਹੋਰ ਛੋੜ ਇਨ੍ਹਾਂ ਨੇ ਇਹ ਵੀ ਪਾਸ ਕਰ ਦਿਤਾ ਹੈ ਕਿ ਮਯੂਨਿਸਪਲ ਕਮੇਟੀਆਂ ਦੇ ਪੰਜ ਮੀਲ ਦੇ ਅੰਦਰ ਅੰਦਰ ਜੇਕਰ ਕੋਈ ਕਿਸਾਨ ਡੰਗਰਾਂ ਨੂੰ ਚਰਾਉਣ ਲਈ ਚਾਰਾ ਬੀਜ ਲਏ ਜਾਂ ਹੋਰ ਚਾਰਾ ਬਰਸੀਨ ਤਿਆਰ ਕਰ ਲਏ ਤਾਂ ਉਹ ਟੈਕਸ ਦੇਵੇ। ਇਸ ਤਰਾਂ ਇਹ ਸਰਕਾਰ ਕਿਸਾਨ ਦੀ ਤਬਾਹੀ ਕਰ ਰਹੀ ਹੈ। ਇਹ ਬਿਲਕੁਲ ਕਿਸਾਨ ਨਾਲ ਜ਼ੁਲਮ ਕੀਤਾ ਜਾ ਰਿਹਾ ਹੈ। ਇਹ ਕਿਸਾਨ ਦੀ ਹਾਲਤ ਹੈ। ਤੁਸੀਂ ਸਾਰੇ ਇਥੇ ਪੜ੍ਹੇ ਲਿਖੇ ਬੈਠੇ ਹੋ, ਸਿਆਣੇ ਹੋ ਅਤੇ ਅੰਦਾਜ਼ਾ ਲਗਾ ਸਕਦੇ ਹੋ ਕਿਸਾਨ ਦੀ ਅਸਲੀ ਹਾਲਤ ਦਾ। ਦੂਜੇ ਪਾਸੇ ਕਾਰਖਾਨੇਦਾਰ ਦੀ ਇਹ ਹਾਲਤ ਹੈ ਕਿ ਉਸ ਨੂੰ ਹਰ ਤਰਾਂ ਦਾ ਖਰਚ ਕੱਢ ਕੇ ਉਸ ਨੂੰ ਦਿੱਤਾ ਜਾਂਦਾ ਹੈ। ਮਿਸਾਲ ਦੇ ਤੌਰ ਤੇ ਕਪੜੇ ਦਾ ਕਾਰਖਾਨਾ ਹੈ ਤਾਂ ਰੂੰ ਦੀ ਕੀਮਤ, ਮਸ਼ੀਨ ਦੀ ਘਸਾਈ ਦਾ ਖਰਚ, ਤੇਲ ਦਾ ਖਰਚ, ਮਜ਼ਦੂਰ ਦੀ ਮਜ਼ਦੂਰੀ ਆਦਿ ਸਾਰੇ ਖਰਚਾਂ ਨੂੰ ਕੱਢ ਕੇ ਬਾਦ ਵਿਚ ਨਫਾ ਲਗਾਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ। ਇਸੇ ਤਰਾਂ ਖੰਡ ਦੇ ਕਾਰਖਾਨੇ ਵਿਚ ਕੀਤਾ ਜਾਂਦਾ ਹੈ। ਹੋਰ ਵੀ ਹਰ ਕਾਰਖਾਨੇ ਵਾਲੇ ਨੂੰ ਖਰਚ ਕਢੱ ਕੇ ਨਫਾ ਦਿਤਾ ਜਾਂਦਾ ਹੈ ਪਰ ਕਿਸਾਨ ਨੂੰ ਇਸ ਤਰਾਂ ਦਾ ਕੋਈ ਫਾਇਦਾ ਨਹੀਂ ਦਿਤਾ ਜਾਦਾ। ਉਸ ਨੂੰ ਕੀ ਕੁਝ ਟੈਕਸਾਂ ਵਿਚ, ਆਬਿਆਨੇ ਵਿਚ ਦੇਣਾ ਪੈਂਦਾ ਹੈ ਅਤੇ ਉਪਜ ਕਿਸ ਭਾ ਤੇ ਵਿਕਦੀ ਹੈ ? ਕਿਸਾਨ ਜਿਸ ਤੇ ਸਾਰੀ ਦੁਨੀਆਂ ਪਲਦੀ ਹੈ, ਜਿਸ ਤੇ ਸਾਰੇ ਸੰਬਧਤ ਹਨ, ਉਸ ਵਲ ਕੋਈ ਧਿਆਨ ਨਹੀਂ ਦਿੰਦਾ ਕਿ ਉਹ ਕਿਸ ਤਰਾਂ ਟੈਕਸਾਂ ਦੇ ਭਾਰ ਥਲੇ ਨਪੀੜਿਆ ਜਾ ਰਿਹਾ ਹੈ।

ਅਸਲ ਗੱਲ ਤਾਂ ਇਹ ਹੈ ਕਿ ਅਸੀਂ ਚਾਹੁੰਦੇ ਹਾਂ ਕਿ ਕਿਸਾਨ ਨੂੰ ਉਸ ਦੇ ਸਾਰੇ ਖਰਚੇ ਕੱਢ ਕੇ ਉਸ ਦੀ ਮੇਹਨਤ, ਉਸ ਦਾ ਬੀਜ, ਉਸ ਦੇ ਬਲਦਾਂ ਦੀ ਸਵਾ ਸੰਦਾ ਦੀ ਘਸਾਈ, ਸਾਰੇ ਟੱਬਰ ਅਤੇ ਮਜ਼ਦੂਰਾਂ ਦਾ ਦਿਹਾੜੀ ਦਾ ਖਰਚ ਕੱਢ ਕੇ ਫੇਰ ਕਿਸਾਨ ਨੂੰ ਨਫ਼ਾ ਦੇਣਾ ਚਾਹੀਦਾ ਹੈ ਤਾਂ ਜੋ ਉਹ ਆਪਣਾ ਅਤੇ ਆਪਣੇ ਬਾਲ ਬੱਚੇ ਦਾ ਪੇਟ ਪਾਲ ਸਕੇ।

ਜਿੱਥੋਂ ਤੱਕ ਵਿਦਿਆ ਦਾ ਸਵਾਲ ਹੈ ਜਿਹੜਾ ਵੀ ਪੈਪਸੂ ਦਾ ਇਲਾਕਾ ਪੰਜਾਬ ਦੇ ਨਾਲ ਸ਼ਾਮਲ ਹੋਇਆ ਹੈ ਇਹ ਪੰਜਾਬ ਦੇ ਇਲਾਕੇ ਨਾਲੋਂ ਵਿਦਿਆ ਦੇ ਵਿਚ ਬੜਾ ਪਿਛੇ ਹੈ। ਹੁਣ ਤੱਕ ਜਿਤਨਾ ਵੀ ਵਿਦਿਆ ਦਾ ਵਾਧਾ ਹੋਇਆ ਹੈ ਉਹ ਸਾਰਾ ਮੜ ਪੰਜਾਬ ਵਿਚ ਹੀ ਹੋਇਆ ਹੈ ਉਹ ਇਲਾਕਾ ਅਜੇ ਪਿਛੇ ਦਾ ਪਿਛੇ ਹੈ। ਮਿਸਾਲ ਦੇ ਤੌਰ ਤੇ ਮੈਂ ਭੱਠਲਾਂ ਦੇ ਮਿਡਲ ਸਕੂਲ ਦੇ ਮੁਤਾਲਿਕ ਅਰਜ਼ ਕਰਾਂ। ਨਾਭਾ ਰਿਆਸਤ ਵੇਲੇ ਦਾ ਇਹ ਸਕੂਲ ਬਣਿਆ ਹੋਇਆ ਹੈ ਅਤੇ 1947 ਤੋਂ ਲੈਕੇ ਅੱਜ ਤਾਈਂ ਇਹ ਉਸੇ ਤਰ੍ਹਾਂ ਚਲਿਆ ਆ ਰਿਹਾ ਹੈ। ਨਾ ਕੋਈ ਏਡ ਮਿਲੀ ਹੈ ਅਤੇ ਨਾ ਕੋਈ ਅਪ·ਗਰੇਡ ਕੀਤਾ ਹੈ। ਇਹ ਅੱਜ ਵੀ ਮਿਡਲ ਸਕੂਲ ਹੈ ਜਿਸ ਕਰਕੇ ਭੱਠਲਾਂ ਦੇ ਸਕੂਲ ਨੂੰ ਹਾਈ ਸਕੂਲ ਬਨਾਣਾ ਜ਼ਰੂਰੀ ਹੈ। ਇਸ ਇਲਾਕੇ ਵਿਚ ਵਿਦਿਆ ਦੀ ਸਹਾਇਤਾ ਲਈ ਕਖ ਨਹੀਂ ਦਿੱਤਾ ਗਿਆ। ਅੱਜ ਲੋਕ ਤੁਹਾਡੇ ਵੱਲ ਵੇਖਦੇ ਹਨ ਕਿ ਤੁਸੀਂ ਕੀ ਕਰ ਰਹੇ ਹੋ। ਇਕ ਪਾਸੇ ਕਿਸਾਨ ਨੂੰ ਉਸ ਦੀ ਮਜ਼ਦੂਰੀ ਨਹੀਂ ਪੂਰੀ ਮਿਲਦੀ ਦੂਸਰੇ ਪਾਸੇ ਉਸ ਦੇ ਬੱਚਿਆਂ ਨੂੰ ਵਿਦਿਆ ਦੇਣ ਦਾ ਕੋਈ ਪ੍ਰਬੰਧ ਨਹੀਂ, ਉਹ ਬਿਲਕੁਲ ਤਬਾਹ ਹੋਇਆ ਹੈ। ਸਭ ਤੋਂ ਪਹਿਲੀ ਗੱਲ ਹੈ

ਕਿ ਜੇ ਉਸ ਨੂੰ ਕੋਈ ਫ਼ਾਇਦਾ ਪਹੁੰਚਾਉਣਾ ਹੈ ਤਾਂ ਘਟ ਤੋਂ ਘਟ ਟੈਕਸ ਲੱਗਣੇ ਚਾਹੀਦੇ ਹਨ। ਪਰ ਉਸ ਤੇ ਵੱਧ ਟੈਕਸ ਲਗਾਏ ਜਾਂਦੇ ਹਨ। ਰੇਹ ਦੀ ਬੋਰੀ ਜਿਹੜੀ ਅੱਗੇ 11 ਰੁਪਏ ਦੀ ਮਿਲਦੀ ਸੀ ਉਹ ਹੁਣ 25 ਰੁਪਏ ਦੀ ਮਿਲਦੀ ਹੈ। ਇਨ੍ਹਾਂ ਕੀਮਤਾਂ ਦਾ ਫਾਇਦਾ ਅਜ ਵੱਡੇ ਵੱਡੇ ਅਮੀਰ ਲੋਕ ਉਠਾਉਂਦੇ ਹਨ, ਇਸ ਲਈ ਮੇਰੀ ਬੇਨਤੀ ਹੈ ਕਿ ਗਰੀਬਾਂ ਨੂੰ ਫ਼ਾਇਦਾ ਪਹੁੰਚਾਉਣ ਦੀਆਂ ਸਕੀਮਾਂ ਬਣਾਈਆਂ ਜਾਣ। ਇਸ ਮਹਿੰਗਾਈ ਦੇ ਦਿਨਾਂ ਵਿਚ ਛੋਟੇ ਮੁਲਾਜ਼ਮਾਂ ਦੀਆਂ ਇਤਨੀਆਂ ਘਟ ਤਨਖਾਹਾਂ ਹਨ ਕਿ ਉਨ੍ਹਾਂ ਨੂੰ ਬੱਚੇ ਪਾਲਣੇ ਵੀ ਔਖੇ ਹਨ। ਇਸ ਲਈ ਮੈਂ ਤਾਂ ਇਹ ਗੱਲ ਹੀ ਕਹਾਂਗਾ ਕਿ ਸਾਨੂੰ ਛੋਟੇ ਮੁਲਾਜ਼ਮਾਂ ਦੀਆਂ ਤਨਖਾਹਾਂ ਵਧਾਉਣੀਆਂ ਚਾਹੀਦੀਆਂ ਹਨ, ਇਸ ਸੂਬੇ ਦੇ ਛੋਟੇ ਮੁਲਾਜ਼ਮਾਂ ਦੀ ਹਾਲਤ ਚੰਗੀ ਬਨਾਉਣੀ ਚਾਹੀਦੀ ਹੈ, ਕਿਸਾਨਾਂ ਦੀ ਮਾਲੀ ਹਾਲਤ ਠੀਕ ਕਰਨੀ ਚਾਹੀਦੀ ਹੈ। ਇਤਨੀਆਂ ਗੱਲਾਂ ਕਹਿੰਦਾ ਹੋਇਆ ਮੈਂ ਸਾਰੇ ਭਰਾਵਾਂ ਨੂੰ ਬੇਨਤੀ ਕਰਾਂਗਾ ਕਿ ਇਸ ਐਡਰੈਸ ਦੇ ਵਿਚ ਕੋਈ ਚੀਜ਼ ਐਸੀ ਨਹੀਂ ਹੈ ਜਿਸ ਦੇ ਲਈ ਮੈਂ ਇਹ ਕਹਿ ਸਕਾਂ ਕਿ ਇਹ ਆਮ ਲੋਕਾਂ ਦੇ ਭਲੇ ਲਈ ਹੈ, ਇਸ ਲਈ ਮੈਂ ਤਾਂ ਇਹੋ ਕਹਾਂਗਾ ਕਿ ਗਵਰਨਰ ਦੇ ਇਸ ਐਡਰੈਸ ਨੂੰ ਪਾਸ ਹੀ ਨਾ ਕੀਤਾ ਜਾਵੇ।

ਡਾਕਟਰ ਭਗਤ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ ਸਰ। ਜਿਹੜੀ ਲਿਸਟ ਤੁਹਾਡੇ ਪਾਸ ਬੋਲਣ ਵਾਲਿਆਂ ਦੀ ਆਈ ਹੈ ਉਨ੍ਹਾਂ ਦੇ ਵਿਚ ਕਿਸ ਕਿਸ ਦੇ ਨਾਉ ਹਨ।

ਸ੍ਰੀ ਡਿਪਟੀ ਸਪੀਕਰ : ਮੇਰੇ ਪਾਸ ਤਾਂ ਕਾਮਰੇਡ ਜੰਗੀਰ ਸਿੰਘ ਜੋਗਾ ਅਤੇ ਕਾਮਰੇਡ ਹਰਦਿੱਤ ਸਿੰਘ ਭਠੱਲ ਦੇ ਹੀ ਨਾਉ ਹਨ। **(I have with me only the names of Comrades Jangir Singh Joga and Hardit Singh Bhathal)**

ਡਾਕਟਰ ਭਗਤ ਸਿੰਘ : ਮੇਰਾ ਖਿਆਲ ਹੈ ਜੇ ਫਗੂਵਾਲੀਆ ਸਾਹਿਬ ਨੂੰ ਵੀ ਬੁਲਾ ਲਉ ਤਾਂ ਚੰਗਾ ਹੈ।

ਸ੍ਰੀ ਡਿਪਟੀ ਸਪੀਕਰ : ਚੰਗਾ ਜੀ ਉਨ੍ਹਾਂ ਨੂੰ ਵੀ ਬੁਲਾ ਲਵਾਂਗੇ। **(All right; he will also be called upon to speak.)**

ਸਰਦਾਰ ਸਿਕੰਦਰ ਸਿੰਘ : (ਸ੍ਰੀ ਹਰਗੁਬਿੰਦਪੁਰ) ਡਿਪਟੀ ਸਪੀਕਰ ਸਾਹਿਬ, ਮੈਂ ਅੱਜ ਹਾਊਸ ਦੇ ਸਾਹਮਣੇ ਆਏ ਗਵਰਨਰ ਸਾਹਿਬ ਦੇ ਐਡਰੈਸ ਦੇ ਮਤੇ ਦੀ ਪ੍ਰੋੜ੍ਹਤਾ ਕਰਨ ਲਈ ਖੜ੍ਹਾ ਹੋਇਆ ਹਾਂ। ਸਭ ਤੋਂ ਪਹਿਲਾਂ ਮੈਂ ਗਿੱਲ ਸਾਹਿਬ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਹੁਣ ਤੱਕ ਜਿਹੜਾ ਪਿਛਲੀਆਂ ਸਰਕਾਰਾਂ ਨੇ ਪੰਜਾਬ ਨੂੰ ਇਕ ਘਾਟੇ ਵਾਲਾ ਰਾਜ ਬਣਾਇਆ ਹੋਇਆ ਸੀ, ਚੀਫ਼ ਮਨਿਸਟਰ ਸਾਹਿਬ ਨੇ ਜੋ ਇਸ ਸੂਬੇ ਦੀ ਤੱਰਕੀ ਲਈ ਕਦਮ ਉਠਾਏ ਹਨ ਉਸ ਦੇ ਲਈ ਮੈਂ ਇਸ ਸਰਕਾਰ ਨੂੰ ਵਧਾਈ ਦਿੰਦਾ ਹਾਂ।

ਸਭ-ਤੋਂ ਪਹਿਲਾਂ ਐਡਰੈਸ ਦੇ ਬਾਰੇ ਮੇਰੀ ਅਰਜ਼ ਹੈ ਕਿ ਪੰਜਾਬ ਦੀ ਸਰਕਾਰ ਚੱਲੇਗੀ ਤਾਂ

[ਸਰਦਾਰ ਸਿਕੰਦਰ ਸਿੰਘ]

ਜੇ ਇਹ ਜਨਤਾ ਦੇ ਭਲਾਈ ਦੇ ਕੰਮ ਕਰਨਗੇ। ਗੱਲਾਂ ਤਾਂ ਇਸ ਤੋਂ ਪਹਿਲਾਂ ਦੇ ਐਡਰੇਸਾਂ ਦੇ ਵਿਚ ਵੀ ਆਉਂਦੀਆਂ ਰਹੀਆਂ ਹਨ ਪਰ ਉਹ ਗੱਲਾਂ ਐਕਸ਼ਨ ਦੇ ਵਿਚ ਨਹੀਂ ਆਈਆਂ। ਇਸ ਦਫਾ ਮੈਂ ਕਹਿ ਸਕਦਾ ਹਾਂ ਕਿ ਜੋ ਕੁਝ ਵੀ ਇਸ ਵਿਚ ਕਿਹਾ ਗਿਆ ਹੈ ਉਹ ਸਹੀ ਹੈ। ਜਿਸ ਤਰਾਂ ਇਥੇ ਕਿਹਾ ਗਿਆ ਕਿ ਇਹ ਐਡਰੈਸ ਪਿਛਲੇ ਗਵਰਨਰ ਦੇ ਐਡਰੈਸ ਦੀ ਕਾਪੀ ਹੈ, ਮੈਂ ਇਹ ਗੱਲ ਨਹੀਂ ਮੰਨਦਾ।

ਇਨ੍ਹਾਂ ਨੇ ਪਿਛਲੇ ਐਡਰੇਸ ਦੇ ਵਿਚ ਕਿਹਾ ਸੀ ਕਿ ਅਸੀਂ ਹਾਈ ਯੀਲਡ ਲਈ ਕਿਸਾਨ ਨੂੰ ਬੀਜ ਦਿਆਂਗੇ ਪਰ ਨਾ 308 ਕਲਿਆਣ ਅਤੇ ਨਾ ਹੀ ਕੋਈ ਹੋਰ ਸੀਡ ਬਿਰਲਾ ਸੀਡ ਫਾਰਮ ਨੇ ਦਿੱਤਾ। ਜੇ ਦਿੱਤਾ ਤਾਂ ਚੰਦ ਇਕ ਆਪਣੇ ਮਨਜ਼ੂਰੇ ਨਜ਼ਰ ਬੰਦਿਆਂ ਨੂੰ ਦਿੱਤਾ। ਇਸ ਸੀਡ ਦੀ ਜਿਸ ਤਰੀਕੇ ਨਾਲ ਸੇਲ ਹੋਈ ਉਹ 20 ਤੋਂ ਲੈਕੇ 120 ਰੁਪਏ ਤੱਕ ਵਿਕਿਆ (ਆਵਾਜ਼ਾਂ ਸ਼ੇਮ-ਸ਼ੇਮ-ਸ਼ੇਮ) ਇਹ ਸਾਰਾ ਕੁਝ ਯੂਨਾਈਟਿਡ ਫਰੰਟ ਸਰਕਾਰ ਦੇ ਵਕਤ ਹੋਇਆ। ਇਹ ਇਸ ਲਈ ਕਿ ਇਹੋ ਸਰਕਾਰ ਸੀ ਜਿਸਨੇ ਬਿਰਲਾ ਸੀਡ ਫ਼ਾਰਮ ਬਣਾ ਕੇ ਦਿੱਤਾ ਸੀ ਅਤੇ ਇਨ੍ਹਾਂ ਨੇ ਹੀ ਸਾਰਾ ਕੁਝ ਕੀਤਾ ਕਰਾਇਆ ਸੀ।

ਕਿਸਾਨ ਦੀ ਸਹਾਇਤਾ ਲਈ ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਗਾਂ ਕਿ ਜਿਸਤਰਾਂ ਇੰਡਸਟਰੀ ਲਈ 3% ਤੇ ਲੋਕਾਂ ਨੂੰ ਕਰਜ਼ਾ ਦਿੱਤਾ ਜਾਂਦਾ ਹੈ ਇਸੇ ਤਰ੍ਹਾਂ ਸਰਕਾਰ ਨੂੰ ਕਾਸ਼ਤਕਾਰ ਦੀ ਸਹਾਇਤਾ ਲਈ ਵੀ ਇਸੇ ਰੇਟ ਤੇ ਪੈਸੇ ਦੇਣੇ ਚਾਹੀਦੇ ਹਨ।

ਸਰਕਾਰ ਨੇ ਜਿਹੜੇ ਪੱਖੋਵਾਲ ਆਦਿ ਦੇ ਰਜਵਾਹਿਆਂ ਨੂੰ ਬਾਰਾਮਾਸੀ ਕਰ ਦਿੱਤਾ ਹੈ, ਇਹ ਉਪਜ ਵਿਚ ਵਾਧਾ ਕਰਨ ਵਾਲੀ ਇਕ ਬਹੁਤ ਹੀ ਚੰਗੀ ਗੱਲ ਹੈ। ਦੋ ਫਸਲੇ ਰਜਵਾਹੇ ਕਰਨੇ ਹੀ ਚਾਹੀਦੇ ਹਨ। ਮੈਂ ਇਹ ਅਰਜ਼ ਕਰਦਾ ਹਾਂ ਕਿ ਅਪਰ ਬਾਰੀ ਦੁਆਬ ਦੇ ਰਜਵਾਹੇ ਵੀ ਦੋ ਫਸਲੇ ਕਰਨੇ ਚਾਹੀਦੇ ਹਨ ਯਾਨੀ ਕਿ ਰਾਜਵਾਹ ਰਿਆੜਕੀ, ਰਾਜਬਾਹ ਅਤਬਲ, ਰਾਜਵਾਹ ਧਰਦੇਵ ਵੀ ਦੋ ਫ਼ਸਲੇ ਕੀਤੇ ਜਾਣ।

ਲੋਕਾਂ ਦੀ ਆਵਾਜਾਈ ਦੇ ਸਾਧਨਾਂ ਨੂੰ ਸੌਖਾ ਕਰਨ ਲਈ ਪੰਜਾਬ ਸਰਕਾਰ ਨੇ ਜਿਹੜੀ ਵਿਸ਼ੇਸ਼ ਸਕੀਮ ਲਾਗੂ ਕੀਤੀ ਹੈ ਇਸ ਦੇ ਲਈ ਵੀ ਮੈਂ ਇਸ ਸਰਕਾਰ ਨੂੰ ਵਧਾਈ ਦਿੰਦਾ ਹਾਂ।

ਜਿੱਥੋਂ ਤੱਕ ਸਰਕਾਰੀ ਲੈਵਲ ਤੇ ਪੰਜਾਬੀ ਲਾਗੂ ਕਰਨ ਦਾ ਸਵਾਲ ਹੈ, ਮੈਂ ਸਮਝਦਾ ਹਾਂ ਕਿ ਪਹਿਲਾਂ ਦੋ ਲਾਈਨਾਂ ਇਹ ਕਹਿ ਦੇਵਾਂ ਕਿ ਏਥੇ ਇਕ ਫਰੰਟ ਦੀ ਐਜੂਕੇਸ਼ਨ ਕਮੇਟੀ ਦੀ, ਡਿਪਟੀ ਸਪੀਕਰ ਸਾਹਿਬ, ਮੀਟਿੰਗ ਹੋਈ ਸੀ। ਜਦੋਂ ਉਸ ਵਿਚ ਪੰਜਾਬੀ ਲਾਗੂ ਕਰਨ ਦਾ ਸਵਾਲ

ਆਇਆ ਤਾਂ ਉਸ ਵੇਲੇ ਡਾਕਟਰ ਬਲਦੇਵ ਪ੍ਰਕਾਸ਼ ਵਾਕ ਆਊਟ ਕਰ ਗਏ ਸਨ। ਪਰ ਮੈਂ ਉਸ ਦਿਨ ਗ਼ੈਰ ਸਰਕਾਰੀ ਤੌਰ ਤੇ ਪੰਜਾਬੀ ਲਾਗੂ ਕਰਨ ਲਈ ਇਹ ਬਿਲ ਪੇਸ਼ ਕਰਨ ਲਈ ਸੈਕਟੇਰੀਏਟ ਨੂੰ ਦੇ ਦਿੱਤਾ। ਇਹ ਇਕ ਰੀਕਾਰਡ ਦੀ ਚੀਜ਼ ਹੈ ਜਿਹੜੀ ਵੇਖੀ ਜਾ ਸਕਦੀ ਹੈ। ਸ੍ਰੀ ਲਾਲ ਚੰਦ ਸੱਭਰਵਾਲ, ਡਾਕਟਰ ਬਲਦੇਵ ਪ੍ਰਕਾਸ਼ ਅਤੇ ਮੁਹਤਰਮ ਸਰਦਾਰ ਗੁਰਨਾਮ ਸਿੰਘ ਜਿਨ੍ਹਾਂ ਦੇ ਦਿਲ ਵਿਚ ਪੰਜਾਬੀ ਲਈ ਇਤਨਾ ਦਰਦ ਹੈ, ਮੇਰੇ ਐਸਾ ਕਰਨ ਤੇ ਬੜੇ ਨਾਰਾਜ਼ ਹੋਏ ਸੀ। ਜਿਸ ਵੇਲੇ ਪੰਜਾਬੀ ਲਾਗੂ ਕਰਨ ਲਈ ਸਰਕਾਰ ਵੱਲੋਂ ਬਿਲ ਆ ਗਿਆ, ਮੈਂ ਆਪਣਾ ਬਿਲ ਵਾਪਸ ਲੈ ਲਿਆ। ਮੈਂ ਇਸ ਗੱਲ ਦੀ ਸਰਦਾਰ ਲਛਮਣ ਸਿੰਘ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਇਸ ਸਕੀਮ ਨੂੰ ਅਮਲੀ ਸ਼ਕਲ ਦਿੱਤੀ। ਅੱਜ ਭਾਵੇਂ ਸਰਕਾਰੀ ਸਕੂਲਾਂ ਵਿਚ ਪਰਾਇਮਰੀ ਸਿੱਖਿਆ ਦਾ ਮਾਧਯਮ ਪੰਜਾਬੀ ਹੈ ਪਰ ਜਿਹੜੇ ਪ੍ਰਾਈਵੇਟ ਸਕੂਲਾਂ ਵਿਚ ਅਜੇ ਇਹ ਨਹੀਂ ਹੋਇਆ। ਸਰਕਾਰ ਨੂੰ ਐਸਾ ਕਰਨ ਲਈ ਜ਼ੋਰ ਦੇਣਾ ਚਾਹੀਦਾ ਹੈ। ਮੈਂ ਪੰਜਾਬੀ ਅਤੇ ਹਿੰਦੀ ਨੂੰ ਲੜਾਉਂਦਾ ਨਹੀਂ ਪਰ ਮੈਂ ਪੰਜਾਬੀ ਦੀ ਤਰੱਕੀ ਜ਼ਰੂਰ ਚਾਹੁੰਦਾ ਹਾਂ। ਇਸ ਦੇ ਨਾਲ ਹੀ ਮੈਂ ਸਰਦਾਰ ਲਛਮਣ ਸਿੰਘ ਗਿੱਲ ਨੂੰ ਵੀ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਹਿੰਦੀ ਦੀ ਡੀਵੈਲਪਮੈਂਟ ਲਈ ਵੀ ਬੜੀ ਕੋਸ਼ਸ਼ ਕੀਤੀ ਹੈ। ਮੈਂ ਅਰਜ਼ ਕਰਾਂਗਾ ਕਿ ਸਾਡੇ ਵਿਧਾਨ ਦੀ ਧਾਰਾ 351 ਦੇ ਵਿਚ ਇਹ ਸਾਫ਼ ਲਿਖਿਆ ਹੈ :

> "It shall be the duty of the Union to promote the spread of Hindi language.........'

ਇਸ ਦੇ ਨਾਲ ਹੀ ਮੈਂ ਹਿੰਦੀ ਦੇ ਮੁਆਮਲੇ ਵਿਚ ਵੀ ਸਰਦਾਰ ਲਛਮਣ ਸਿੰਘ ਗਿੱਲ ਨੂੰ ਵਧਾਈ ਦਿੰਦਾ ਹਾਂ ਕਿ ਜਿਹੜੀ ਜਮਾਤ ਅੱਜ ਤਾਈਂ ਹਿੰਦੀ ਦਾ ਨਾਉ ਲੈਕੇ ਨਾਹਰੇ ਲਾਉਂਦੀ ਰਹੀ ਹੈ ਜੇ ਗਿੱਲ ਸਾਹਿਬ ਨੇ ਹਿੰਦੀ ਲਈ ਕੁਝ ਕਰ ਦਿੱਤਾ ਤਾਂ ਇਨ੍ਹਾਂ ਨੂੰ ਚੀਕਣਾ ਨਹੀਂ ਚਾਹੀਦਾ।

1.00 P. M.

ਇਹ ਤਾਂ ਹਿੰਦੀ ਅਤੇ ਪੰਜਾਬੀ ਨੂੰ ਲੜਾਉਂਦੇ ਹਨ। ਮੈਂ ਸਹੀ ਕਹਿੰਦਾ ਹਾਂ ਕਿ ਡਾਕਟਰ ਜੀ ਵਾਕ ਆਊਟ ਕਰ ਗਏ ਸੀ। ਮੈਂ ਇਹ ਅਖਬਾਰ ਵਿਚ ਪੜ੍ਹਿਆ ਸੀ ਤੇ ਇਸ ਦੀ ਤਰਦੀਦ ਕਦੀ ਨਹੀਂ ਕੀਤੀ ਗਈ। ਇਸ ਕਰਕੇ ਮੈਂ ਸਮਝਦਾ ਹਾਂ ਕਿ ਯੂਨਾਇਟਿਡ ਫਰੰਟ ਕਦੇ ਵੀ ਪੰਜਾਬੀ ਲਾਗੂ ਨਹੀਂ ਸੀ ਕਰ ਸਕਦਾ ਤੇ ਹੁਣ ਜਿਸ ਨੇ ਲਾਗੂ ਕੀਤੀ ਹੈ ਉਸ ਨੂੰ ਵਧਾਈ ਕਿਉਂ ਨਾ ਦੇਵਾਂ। ਜਿਹੜੇ ਅਜੇ ਵੀ ਮਨਾਂ ਵਿਚ ਬਾਈਲਿੰਗੁਅਲ ਰੱਖ ਕੇ ਉਪਰੋਂ ਉਪਰੋਂ ਯੂਨੀਲਿੰਗੁਅਲ ਆਖਦੇ ਹਨ ਕੀ ਉਹ ਪੰਜਾਬੀ ਨੂੰ ਲਾਗੂ ਕਰ ਸਕਦੇ ਸਨ ? ਉਸ ਨੂੰ ਲਾਗੂ ਕਰਨ ਦਾ ਸਿਹਰਾ ਸਰਦਾਰ ਲਛਮਣ ਸਿੰਘ ਗਿੱਲ ਦੇ ਸਿਰ ਤੇ ਹੀ ਹੈ।

ਇਸ ਤੋਂ ਇਲਾਵਾ ਮੈਂ ਤੁਹਾਡੀ ਸੇਵਾ ਵਿਚ ਇਤਨੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ

[ਸਰਦਾਰ ਸਿਕੰਦਰ ਸਿੰਘ[

ਸਰਕਾਰ ਨੇ ਸਰਦਾਰ ਭਗਤ ਸਿੰਘ ਸ਼ਹੀਦ ਦੀ ਯਾਦ ਲਈ ਰੁਪਿਆ ਮਨਜ਼ੂਰ ਕੀਤਾ ਹੈ। ਇਹ ਬੜੀ ਹੀ ਚੰਗੀ ਗਲ ਹੋਈ ਹੈ। ਹਿੰਦੁਸਤਾਨ ਦੀ ਕੰਸਟੀਚੂਸ਼ਨ ਦੀ ਧਾਰਾ 49 ਵਿਚ ਲਿਖਿਆ ਹੈ ਕਿ ਕੌਮੀ ਯਾਦਗਾਰਾਂ ਦੀ ਸੰਭਾਲ ਕੀਤੀ ਜਾਵੇਗੀ। ਮੈਂ ਵੀ ਇਸ ਸਰਕਾਰ ਦਾ ਧਿਆਨ ਇਕ ਇਤਿਹਾਸਕ ਯਾਦਗਾਰ ਵਲ ਦਿਵਾਉਂਣਾ ਚਾਹੁੰਦਾ ਹਾਂ। ਬਟਾਲੇ ਵਿਚ ਮਹਾਰਾਜਾ ਸ਼ੇਰ ਸਿੰਘ ਦਾ ਮਹਿਲ ਹੈ। ਇਹ ਕੌਮੀ ਯਾਦਗਾਰ ਹੈ। ਪਰ ਇਹ ਗੁਲਾਮੀ ਦੀ ਯਾਦ ਕਰਵਾਉਂਦਾ ਹੈ, ਕਿਉਂਕਿ ਇਹ 99 ਸਾਲਾਂ ਲਈ ਲੀਜ਼ ਤੇ ਦਿਤਾ ਗਿਆ ਸੀ। ਹੁਣ ਉਸ ਦੀ ਲੀਜ਼ ਐਕਸਟੈਂਡ ਨਹੀਂ ਕਰਨੀ ਚਾਹੀਦੀ।

ਡਾਕਟਰ ਸਾਹਿਬ ਨੇ ਬਹੁਤ ਸਾਰੀਆਂ ਗਲਾਂ ਕਹੀਆਂ। ਪਰ ਮੈਂ ਉਨ੍ਹਾਂ ਨੂੰ ਇਹ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਰਾਜ ਵਿਚ ਪੁਲੀਟੀਕਲ ਵਿਕਟੇਮਾਈਜ਼ੇਸ਼ਨ ਕਿਤਨੀ ਹੋਈ; ਕੇਵਲ ਸ਼ਾਂਤੀ ਪ੍ਰਕਾਸ਼ ਹੀ ਨਹੀਂ ਹੋਰ ਵੀ ਕਈ ਕੇਸ ਬਣਾਏ ਗਏ ਸਨ। ਕੋਰਟ ਨੇ ਵੀ ਫ਼ੈਸਲਾ ਦਿਤਾ ਹੈ ਕਿ ਇਹ ਕੇਸ ਸਿਆਸੀ ਨੌਈਅਤ ਦੇ ਸਨ। ਮੈਂ ਵਿਸਥਾਰ ਵਿਚ ਨਹੀਂ ਜਾਣਾ ਪਰ ਡਿਪਟੀ ਸਪੀਕਰ ਸਾਹਿਬ, ਮੈਂ ਇਤਨਾ ਜ਼ਰੂਰ ਕਹਾਂਗਾ ਕਿ ਅਸੀਂ ਕਹਿੰਦੇ ਹਾਂ ਕਿ ਜਮਹੂਰੀਅਤ ਨੂੰ ਬਚਾਓ। ਇਹ ਜਨਤਾ ਪਾਰਟੀ ਦੀ ਗੌਰਮਿੰਟ ਜਿਸ ਦੀ ਸਪੋਰਟ ਕਿ ਕਾਂਗਰਸ ਕਰ ਰਹੀ ਹੈ, ਇਹ ਜਮਹੂਰੀਅਤ ਨੂੰ ਬਚਾ ਰਹੀ ਹੈ। ਜਦ ਕਾਂਗਰਸ ਨੇ ਦੇਖਿਆ ਕਿ ਜਨਤਾ ਪਾਰਟੀ ਪੰਜਾਬ ਦੀ ਸੇਵਾ ਕਰਦੀ ਹੈ ਤਾਂ ਇਸ ਦੀ ਸਪੋਰਟ ਕੀਤੀ। ਸਾਨੂੰ ਉਨ੍ਹਾਂ ਸਜਣਾਂ ਦੀ ਲੋੜ ਨਹੀਂ ਹੈ ਕਿ ਜਿਨ੍ਹਾਂ ਨੇ ਨਲਵਾ ਕਾਨਫਰੰਸ ਵਿਚ ਸਿਖ ਹੋਮ ਲੈਂਡ ਦੀ ਮੰਗ ਕੀਤੀ ਸੀ। ਅਜਿਹੀ ਮੰਗ ਭਾਰਤ ਵਿਚ ਕੇਵਲ ਅਗੇ ਸ਼ੇਖ ਅਬਦੁਲੇ ਨੇ ਕਸ਼ਮੀਰ ਵਾਸਤੇ ਕੀਤੀ ਸੀ ਅਤੇ ਇਸੇ ਤਰ੍ਹਾਂ ਸਰਦਾਰ ਗੁਰਨਾਮ ਸਿੰਘ ਨੇ ਸਿੱਖਾਂ ਲਈ ਰਾਈਟ ਆਫ਼ ਸੈਲਫ਼ ਡੀਟਰਮੀਨੇਸ਼ਨ ਮੰਗਿਆ। ਪਰ ਜੱਜ ਸਾਹਿਬ ਅਜ ਏਕਤਾ ਦੀਆਂ ਗੱਲਾਂ ਕਰ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਸੁਭਾਸ਼ ਚੰਦਰ ਬੋਸ ਜੀ ਦੀ ਕਿਤਾਬ ਪੜ੍ਹੀ ਹੈ। ਉਸ ਵਿਚ ਉਨ੍ਹਾਂ ਨੇ ਸਿੱਖਾਂ ਨੂੰ ਸ਼ਾਨਦਾਰ ਟ੍ਰੀਬੀਊਟਸ ਪੇਸ਼ ਕੀਤੇ ਹਨ ਕਿ 'On the whole, Sikhs of Punjab are patriotic and national."

ਅਜ ਸਰਦਾਰ ਗੁਰਨਾਮ ਸਿੰਘ ਸਿਵਲ ਲਿਬਰਟੀਜ਼ ਲਈ ਪੁਕਾਰ ਰਹੇ ਹਨ, ਉਹ ਆਪਣੇ ਵੇਲੇ ਦੀ ਗਲ ਕਰਨ ਜਿਸ ਵੇਲੇ ਤਾਕਤ ਉਨ੍ਹਾਂ ਦੇ ਹੱਥ ਵਿਚ ਸੀ ਤਾਂ ਉਨ੍ਹਾਂ ਨੇ ਕੀ ਕੀਤਾ। ਮੈਂ ਹੁਣ ਸਰਦਾਰ ਲਛਮਣ ਸਿੰਘ ਗਿੱਲ ਨੂੰ ਕਹਿਣਾ ਚਾਹੁੰਦਾ ਹਾਂ ਕਿ ਐਸੀਆਂ ਗਲਾਂ ਹੁਣ ਨਹੀਂ ਹੋਣੀਆਂ ਚਾਹੀਦੀਆਂ ਤੇ ਨਾ ਹੀ ਹੋਈਆਂ ਹਨ। ਹਾਂ ਇਸ ਗਲ ਨਾਲ ਮੈਂ ਐਗਰੀ ਨਹੀਂ ਕਰਦਾ ਕਿ ਲੈਜਿਸਲੇਟਰਾਂ ਦੀ ਇਨਕੁਆਇਰੀ ਕਮੇਟੀ ਹੋਵੇ। ਕਿਸੇ ਮੈਂਬਰ, ਕਿਸੇ ਲੈਜਿਸਲੇਟਰ ਦੇ ਖਿਲਾਫ਼ ਕੋਈ ਚਾਰਜਿਜ਼ ਹੋਣ ਤਾਂ ਵੀ ਐਕਸ਼ਨ ਲਿਆ ਜਾਵੇ। ਇਹ ਗਲ ਪਿਛਲੀ ਸਰਕਾਰ ਨੇ ਕੀਤੀ ਸੀ ਕਿ ਜਦ ਟੇਕ ਚੰਦ ਕਮਿਸ਼ਨ ਨੂੰ ਅਬਾਲਿਸ਼ ਕਰ ਦਿਤਾ ਸੀ ਤਾਂ ਕਿਸੇ ਵੀ ਮੈਂਬਰ ਦੇ

ਖਿਲਾਫ ਜਦੋਂ ਵੀ ਕੋਈ ਚਾਰਜਿਜ਼ ਲਗਾਏ ਜਾਣ ਤਾਂ ਹਾਈ-ਪਾਵਰ ਕਮਿਸ਼ਨ ਨੂੰ ਉਹ ਰੈਫਰ ਕਰਨੇ ਚਾਹੀਦੇ ਹਨ, ਜੋ ਕਿਸੇ ਹਾਈ ਕੋਰਟ ਦੇ ਜੱਜ ਜਾਂ ਸੁਪਰੀਮ ਕੋਰਟ ਦੇ ਜੱਜ ਹੋਣ।

ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂਬਰ ਦਾ ਸਟੇਟਸ ਵਧਾਣਾ ਚਾਹੀਦਾ ਹੈ। ਬਾਹਰ ਤਾਂ ਲੋਕ ਲੈਜਿਸਲੇਟਰਾਂ ਨੂੰ ਕਹਿੰਦੇ ਹਨ ਕਿ ਤੁਸੀਂ ਸਾਡੇ ਕੰਮ ਕਰਵਾ ਦਿਓ। ਪਰ ਉਨ੍ਹਾਂ ਦਾ ਕੋਈ ਸਟੇਟਸ ਹੀ ਨਹੀਂ ਹੈ। ਇਸ ਲਈ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੈਂਬਰਾਂ ਦਾ ਸਟੇਟਸ ਵਧਾਇਆ ਜਾਵੇ ਤਾਕਿ ਐਡਮਨਿਸਟਰੇਸ਼ਨ ਵਿਚ ਵੀ ਉਨ੍ਹਾਂ ਵਲ ਧਿਆਨ ਦਿਤਾ ਜਾਵੇ।

ਗਵਰਨਰ ਦੇ ਐਡਰੈਸ ਦੇ ਧੰਨਵਾਦ ਦੇ ਮਤੇ ਤੇ ਬੋਲਦੇ ਹੋਏ ਮੈਂ ਇੰਨਾ ਹੋਰ ਕਹਿਣਾ ਚਾਹੁੰਦਾ ਹਾਂ ਕਿ ਹਰੀਜਨਾਂ ਦੀ ਆਲ ਰਾਊਂਡ ਤਰੱਕੀ ਹੋਣੀ ਚਾਹੀਦੀ ਹੈ। ਇਸ ਵਲ ਯੂਨਾਇਟਿਡ ਫਰੰਟ ਦੀ ਗੌਰਮਿੰਟ ਨੇ ਕੋਈ ਧਿਆਨ ਨਹੀਂ ਸੀ ਦਿੱਤਾ।

ਅਖੀਰ ਵਿਚ ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਕੇ ਬੈਠਦਾ ਹਾਂ।

ਸ਼੍ਰੀ ਹਰਬੰਸ ਲਾਲ ਖੰਨਾ (ਅੰਮ੍ਰਿਤਸਰ ਦੱਖਣ) : ਡਿਪਟੀ ਸਪੀਕਰ ਸਾਹਿਬ, ਅੱਜ ਅਸੀਂ ਗਵਰਨਰ ਦੇ ਐਡਰੈਸ ਤੇ ਵਿਚਾਰ ਕਰ ਰਹੇ ਹਾਂ। ਮੈਨੂੰ ਅਫਸੋਸ ਹੈ ਕਿ ਇਥੇ ਪੁਰਾਣੀਆਂ ਗਲਾਂ ਦੁਹਰਾਈਆਂ ਗਈਆਂ ਹਨ। ਅਸਾਂ ਦੇਖਿਆ ਹੈ ਕਿ 20 ਸਾਲਾਂ ਦੀਆਂ ਜਿਹੜੀਆਂ ਗੱਲਾਂ ਸਨ, ਉਹ ਦੁਹਰਾਈਆਂ ਹਨ ਕਿ ਗਾਂਧੀ ਜੀ ਦਾ ਕਤਲ ਕੀਤਾ ਗਿਆ ਹੈ। ਸਰਦਾਰ ਅਮਰ ਸਿੰਘ ਨੇ ਕਿਹਾ ਕਿ ਜਨਸੰਘ ਨੇ ਕਤਲ ਕਰਵਾਇਆ ਸੀ। ਗਾਂਧੀ ਜੀ ਦੇ ਬਾਰੇ ਉਨ੍ਹਾਂ ਨੇ ਇਹ ਰਿਮਾਰਕਸ ਦਿਤੇ। ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਗਾਂਧੀ ਜੀ ਦੇ ਕਤਲ ਕਰਨ ਵਾਲੇ ਇਹ ਕਾਂਗਰਸੀ ਹੀ ਸਨ (ਵਿਘਨ) (ਸ਼ੋਰ)

ਸ਼੍ਰੀ ਡਿਪਟੀ ਸਪੀਕਰ : ਮਹਾਤਮਾ ਜੀ ਦਾ ਕਤਲ ਇਸ ਵੇਲੇ ਅੰਡਰ ਡਿਸਕਸ਼ਨ ਨਹੀਂ ਹੈ। (The murder of Mahatma Ji is not under discussion at this stage.)

ਸ਼੍ਰੀ ਹਰਬੰਸ ਲਾਲ ਖੰਨਾ : ਲੇਕਿਨ ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਦਾ ਰੈਫਰੈਂਸ ਆਇਆ ਹੈ।

ਸ਼੍ਰੀ ਡਿਪਟੀ ਸਪੀਕਰ : ਕੇਵਲ ਉਨ੍ਹਾਂ ਦੇ ਬਿਆਨ ਬਾਰੇ ਰੈਫਰੈਂਸ ਆਇਆ ਹੈ। (Only a statement has been referred to)

ਸ਼੍ਰੀ ਹਰਬੰਸ ਲਾਲ ਖੰਨਾ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮਹਾਤਮਾ ਗਾਂਧੀ ਜੀ ਦੀ ਜੋ ਕਾਂਗਰਸ ਸੀ, ਲਾਜਪਤ ਰਾਏ ਤੇ ਤਿਲਕ ਜੀ ਦੀ ਜੋ ਕਾਂਗਰਸ ਸੀ, ਉਹ ਹੁਣ ਖਤਮ ਹੋ ਗਈ ਹੈ। ਜਿਸ ਕਾਂਗਰਸ ਦੀ ਸਹਾਇਤਾ ਨਾਲ ਆਜ਼ਾਦੀ ਲਈ ਗਈ ਸੀ ਹੁਣ ਉਹ ਕਾਂਗਰਸ ਨਹੀਂ ਰਹੀ। ਹੁਣ ਜਿਸ ਰਾਜ ਦੀ ਇਹ ਕਾਂਗਰਸ ਮਦਦ ਕਰ ਰਹੀ ਹੈ, ਉਸ ਨੇ ਪੰਜਾਬ ਦੀ ਜੋ ਹਾਲਤ ਕਰ ਦਿਤੀ ਹੈ ਉਸ ਨੂੰ ਤਕ ਕੇ ਰੋਣ ਆਉਂਦਾ ਹੈ। ਇਹ ਤਿੰਨ ਮਹੀਨੇ ਪੰਜਾਬ ਵਿਚ ਪੁਲਿਸ ਰਾਜ ਰਿਹਾ ਹੈ। ਪੰਜਾਬ ਵਿਚ ਲਾ ਐਂਡ ਆਰਡਰ ਕਾਇਮ ਕਰਨ ਦੇ ਨਾਂ ਤੇ ਕੀ ਕੀਤਾ ਗਿਆ। ਆਨਰੇਬਲ ਮੈਂਬਰਾਂ ਨੂੰ ਬਗੈਰ ਕਿਸੇ ਕਾਨੂੰਨ ਦੇ ਅੰਦਰ ਕਰ ਦਿਤਾ ਔਰ ਸਾਰੇ ਪੰਜਾਬ ਵਿਚ ਕਿਧਰੇ ਵੀ ਦਫ਼ਾ 144 ਨਹੀਂ ਲਗਾਈ ਗਈ। ਬਟਾਲੇ, ਜਲੰਧਰ, ਪਟਿਆਲਾ, ਅੰਮ੍ਰਿਤਸਰ, ਖੰਨਾ ਕਿਧਰੇ ਵੀ ਦਫ਼ਾ 144 ਨਹੀਂ ਸੀ। ਪਰ ਬਾਵਜੂਦ ਇਸ ਦੇ ਲੋਕਾਂ ਨੂੰ ਪਕੜ ਕੇ ਥਾਣਿਆਂ ਵਿਚ ਰਖਿਆ, ਜੇਲ੍ਹਾਂ ਵਿਚ ਭੇਜਿਆ। ਅੰਗਰੇਜ਼ਾਂ ਨੇ ਇਕ ਵਾਰ ਸਾਡੇ ਦੇਸ਼ ਵਿਚ ਇਸ ਤਰ੍ਹਾਂ ਕੀਤਾ ਸੀ ਤਾਂ ਸਾਰੇ ਦੇਸ਼ ਵਿਚ ਪ੍ਰੋਟੈਸਟ ਹੋਇਆ ਸੀ, ਕਲਕੱਤੇ ਵਿਚ ਬਲੈਕ ਹੋਲ ਦੀ ਘਟਨਾ ਹੋਈ ਸੀ। ਪਰ ਇਥੇ ਬਟਾਲੇ ਵਿਚ 5 ਤਰੀਕ ਨੂੰ ਮੁੱਖ ਮੰਤਰੀ ਜੀ ਗਏ। ਲੋਕਾਂ ਨੇ ਸੁਆਗਤ ਕਰਨ ਦਾ ਵਿਚਾਰ ਕੀਤਾ ਤੇ ਸੁਆਗਤ ਕਰਨ ਵੇਲੇ ਕੁਝ ਮੰਗਾਂ ਸਾਹਮਣੇ ਰਖਣੀਆਂ ਚਾਹੀਆਂ। ਪਰ ਉਸ ਵੇਲੇ ਇਨ੍ਹਾਂ ਦੀ ਪੁਲਿਸ ਨੇ ਸ਼ਹਿਰ ਦੇ ਪਹਿਲੇ ਸ਼ਹਿਰੀ, ਮਿਊਨਿਸਪਲ ਕਮੇਟੀ ਦੇ ਪ੍ਰਧਾਨ ਨੂੰ ਤੇ ਦੂਸਰੇ ਕਮਿਸ਼ਨਰਾਂ ਨੂੰ ਫੜ ਲਿਆ ਤੇ ਪਤਾ ਨਹੀਂ ਕਿਤਨੀਆਂ ਧਾਰਾਵਾਂ ਉਨ੍ਹਾਂ ਦੇ ਖਿਲਾਫ਼ ਬਣਾਈਆਂ। ਕੁਲ ਰਲਾ ਕੇ 21 ਆਦਮੀ ਇਨ੍ਹਾਂ ਉਥੇ ਪਕੜੇ। ਉਨ੍ਹਾਂ ਨੂੰ ਸਰਦੀ ਵਿੱਚ ਪੁਲਿਸ ਕਸਟਡੀ ਵਿਚ ਰਖਿਆ ਗਿਆ ਲੇਕਿਨ ਉਨ੍ਹਾਂ ਨੂੰ ਸਿਰਫ ਚਾਰ ਕੰਬਲ ਦਿਤੇ ਗਏ। ਪਠਾਨਕੋਟ ਵਿਚ ਉਨ੍ਹਾਂ ਤੇ ਲਾਠੀ ਚਾਰਜ ਕਰਨ ਦੀ ਕੋਸ਼ਿਸ਼ ਕੀਤੀ ਗਈ। ਲੇਕਿਨ ਅੱਜ ਤਿੰਨ ਮਹੀਨਿਆਂ ਵਿਚ ਬਹੁਤ ਦੁਹਾਈ ਦਿੰਦੇ ਨੇ ਕੋਈ ਗੜਬੜ ਨਹੀਂ, ਸੁਖ ਹੈ, ਸ਼ਾਂਤੀ ਹੈ। ਇਸ ਕਾਂਗਰਸ ਦੀ ਪਧਿੱਟ ਗੌਰਮੈਂਟ ਵਿਚ ਗਿੱਲ ਸਾਹਿਬ ਲੀਡ ਕਰ ਰਹੇ ਹਨ। ਜਾਲੰਧਰ, ਹੁਸ਼ਿਆਰਪੁਰ, ਪਠਾਨਕੋਟ ਚਾਰੋ ਪਾਸੇ ਅੱਜ ਪੁਲਿਸ ਦਾ ਰਾਜ ਹੈ। ਇਸ ਕਾਂਗਰਸ ਨੇ ਹਿੰਦੁਸਤਾਨ ਦੀ ਇਹ ਹਾਲਤ ਬਣਾ ਦਿਤੀ ਹੈ। ਮਹਾਤਮਾ ਜੀ ਐਥੇ ਇਨਟੈਗਰਿਟੀ ਵਾਸਤੇ ਫਾਈਟ ਕਰਦੇ ਰਹੇ। ਉਹ ਮਹਾਤਮਾ ਜੀ ਹਿੰਦੁਸਤਾਨ ਦੀ ਗਰੀਬ ਜਨਤਾ ਲਈ ਲੜਦੇ ਰਹੇ। ਅੱਜ ਉਹ ਕਾਂਗਰਸ ਮਹਾਤਮਾ ਜੀ ਦਾ ਨਾਂ ਲੈਕੇ ਲੋਕਾਂ ਕੋਲੋਂ ਵੋਟਾਂ ਮਗਦੀ ਹੈ। ਅਸਾਮ ਵਿਚ ਕੀ ਹੋਇਆ, ਤਮਿਲਨਾਡ ਵਿਚ ਕੀ ਹੋਇਆ।

ਸ਼੍ਰੀ ਡਿਪਟੀ ਸਪੀਕਰ : ਤਮਿਲਨਾਡ ਵਿਚ ਕੀ ਹੋਇਆ ਇਸ ਦਾ ਗਵਰਨਰ ਦੇ ਐਡਰੈਸ ਨਾਲ ਕੋਈ ਤਾਲੁਕ ਨਹੀਂ। (What happened in Tamilnad has no connection with the Governor's Address)

ਆਇਆ ਤਾਂ ਉਸ ਵੇਲੇ ਡਾਕਟਰ ਬਲਦੇਵ ਪ੍ਰਕਾਸ਼ ਵਾਕ ਆਊਟ ਕਰ ਗਏ ਸਨ। ਪਰ ਮੈਂ ਉਸ ਦਿਨ ਗ਼ੈਰ ਸਰਕਾਰੀ ਤੌਰ ਤੇ ਪੰਜਾਬੀ ਲਾਗੂ ਕਰਨ ਲਈ ਇਹ ਬਿਲ ਪੇਸ਼ ਕਰਨ ਲਈ ਸੈਕਟੇਰੀਏਟ ਨੂੰ ਦੇ ਦਿੱਤਾ। ਇਹ ਇਕ ਰੀਕਾਰਡ ਦੀ ਚੀਜ਼ ਹੈ ਜਿਹੜੀ ਵੇਖੀ ਜਾ ਸਕਦੀ ਹੈ। ਸ਼੍ਰੀ ਲਾਲ ਚੰਦ ਸੱਭਰਵਾਲ, ਡਾਕਟਰ ਬਲਦੇਵ ਪ੍ਰਕਾਸ਼ ਅਤੇ ਮੁਹਤਰਮ ਸਰਦਾਰ ਗੁਰਨਾਮ ਸਿੰਘ ਜਿਨ੍ਹਾਂ ਦੇ ਦਿਲ ਵਿਚ ਪੰਜਾਬੀ ਲਈ ਇਤਨਾ ਦਰਦ ਹੈ, ਮੇਰੇ ਐਸਾ ਕਰਨ ਤੇ ਬੜੇ ਨਾਰਾਜ਼ ਹੋਏ ਸੀ। ਜਿਸ ਵੇਲੇ ਪੰਜਾਬੀ ਲਾਗੂ ਕਰਨ ਲਈ ਸਰਕਾਰ ਵੱਲੋਂ ਬਿਲ ਆ ਗਿਆ, ਮੈਂ ਆਪਣਾ ਬਿਲ ਵਾਪਸ ਲੈ ਲਿਆ। ਮੈਂ ਇਸ ਗੱਲ ਦੀ ਸਰਦਾਰ ਲਛਮਣ ਸਿੰਘ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਇਸ ਸਕੀਮ ਨੂੰ ਅਮਲੀ ਸ਼ਕਲ ਦਿੱਤੀ। ਅੱਜ ਭਾਵੇਂ ਸਰਕਾਰੀ ਸਕੂਲਾਂ ਵਿਚ ਪਰਾਇਮਰੀ ਸਿੱਖਿਆ ਦਾ ਮਾਧਯਮ ਪੰਜਾਬੀ ਹੈ ਪਰ ਜਿਹੜੇ ਪ੍ਰਾਈ ਵੇਟ ਸਕੂਲਾਂ ਵਿਚ ਅਜੇ ਇਹ ਨਹੀਂ ਹੋਇਆ। ਸਰਕਾਰ ਨੂੰ ਐਸਾ ਕਰਨ ਲਈ ਜ਼ੋਰ ਦੇਣਾ ਚਾਹੀਦਾ ਹੈ। ਮੈਂ ਪੰਜਾਬੀ ਅਤੇ ਹਿੰਦੀ ਨੂੰ ਲੜਾਉਂਦਾ ਨਹੀਂ ਪਰ ਮੈਂ ਪੰਜਾਬੀ ਦੀ ਤਰੱਕੀ ਜ਼ਰੂਰ ਚਾਹੁੰਦਾ ਹਾਂ। ਇਸ ਦੇ ਨਾਲ ਹੀ ਮੈਂ ਸਰਦਾਰ ਲਛਮਣ ਸਿੰਘ ਗਿੱਲ ਨੂੰ ਵੀ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਹਿੰਦੀ ਦੀ ਡੀਵੈਲਪਮੈਂਟ ਲਈ ਵੀ ਬੜੀ ਕੋਸ਼ਸ਼ ਕੀਤੀ ਹੈ। ਮੈਂ ਅਰਜ਼ ਕਰਾਂਗਾ ਕਿ ਸਾਡੇ ਵਿਧਾਨ ਦੀ ਧਾਰਾ 351 ਦੇ ਵਿਚ ਇਹ ਸਾਫ਼ ਲਿਖਿਆ ਹੈ :

> "It shall be the duty of the Union to promote the spread of Hindi language........."

ਇਸ ਦੇ ਨਾਲ ਹੀ ਮੈਂ ਹਿੰਦੀ ਦੇ ਮੁਆਮਲੇ ਵਿਚ ਵੀ ਸਰਦਾਰ ਲਛਮਣ ਸਿੰਘ ਗਿੱਲ ਨੂੰ ਵਧਾਈ ਦਿੰਦਾ ਹਾਂ ਕਿ ਜਿਹੜੀ ਜਮਾਤ ਅੱਜ ਤਾਈਂ ਹਿੰਦੀ ਦਾ ਨਾਉ ਲੈਕੇ ਨਾਹਰੇ ਲਾਉਂਦੀ ਰਹੀ ਹੈ ਜੇ ਗਿੱਲ ਸਾਹਿਬ ਨੇ ਹਿੰਦੀ ਲਈ ਕੁਝ ਕਰ ਦਿੱਤਾ ਤਾਂ ਇਨ੍ਹਾਂ ਨੂੰ ਚੀਕਣਾ ਨਹੀਂ ਚਾਹੀਦਾ।

1.00 P. M.

ਇਹ ਤਾਂ ਹਿੰਦੀ ਅਤੇ ਪੰਜਾਬੀ ਨੂੰ ਲੜਾਉਂਦੇ ਹਨ। ਮੈਂ ਸਹੀ ਕਹਿੰਦਾ ਹਾਂ ਕਿ ਡਾਕਟਰ ਜੀ ਵਾਕ ਆਊਟ ਕਰ ਗਏ ਸੀ। ਮੈਂ ਇਹ ਅਖਬਾਰ ਵਿਚ ਪੜ੍ਹਿਆ ਸੀ ਤੇ ਇਸ ਦੀ ਤਰਦੀਦ ਕਦੀ ਨਹੀਂ ਕੀਤੀ ਗਈ। ਇਸ ਕਰਕੇ ਮੈਂ ਸਮਝਦਾ ਹਾਂ ਕਿ ਯੂਨਾਇਟਿਡ ਫਰੰਟ ਕਦੇ ਵੀ ਪੰਜਾਬੀ ਲਾਗੂ ਨਹੀਂ ਸੀ ਕਰ ਸਕਦਾ ਤੇ ਹੁਣ ਜਿਸ ਨੇ ਲਾਗੂ ਕੀਤੀ ਹੈ ਉਸ ਨੂੰ ਵਧਾਈ ਕਿਉਂ ਨਾ ਦੇਵਾਂ। ਜਿਹੜੇ ਅਜੇ ਵੀ ਮਨਾਂ ਵਿਚ ਬਾਈਲਿੰਗੁਅਲ ਰੱਖ ਕੇ ਉਪਰੋਂ ਉਪਰੋਂ ਯੂਨੀਲਿੰ-ਗੁਅਲ ਆਖਦੇ ਹਨ ਕੀ ਉਹ ਪੰਜਾਬੀ ਨੂੰ ਲਾਗੂ ਕਰ ਸਕਦੇ ਸਨ ? ਉਸ ਨੂੰ ਲਾਗੂ ਕਰਨ ਦਾ ਸਿਹਰਾ ਸਰਦਾਰ ਲਛਮਣ ਸਿੰਘ ਗਿੱਲ ਦੇ ਸਿਰ ਤੇ ਹੀ ਹੈ।

ਇਸ ਤੋਂ ਇਲਾਵਾ ਮੈਂ ਤੁਹਾਡੀ ਸੇਵਾ ਵਿਚ ਇਤਨੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ

[ਸਰਦਾਰ ਸਿਕੰਦਰ ਸਿੰਘ[
ਸਰਕਾਰ ਨੇ ਸਰਦਾਰ ਭਗਤ ਸਿੰਘ ਸ਼ਹੀਦ ਦੀ ਯਾਦ ਲਈ ਰੁਪਿਆ ਮਨਜ਼ੂਰ ਕੀਤਾ ਹੈ। ਇਹ ਬੜੀ ਹੀ ਚੰਗੀ ਗਲ ਹੋਈ ਹੈ। ਹਿੰਦੁਸਤਾਨ ਦੀ ਕੰਸਟੀਚੂਸ਼ਨ ਦੀ ਧਾਰਾ 49 ਵਿਚ ਲਿਖਿਆ ਹੈ ਕਿ ਕੌਮੀ ਯਾਦਗਾਰਾਂ ਦੀ ਸੰਭਾਲ ਕੀਤੀ ਜਾਵੇਗੀ। ਮੈਂ ਵੀ ਇਸ ਸਰਕਾਰ ਦਾ ਧਿਆਨ ਇਕ ਇਤਿਹਾਸਕ ਯਾਦਗਾਰ ਵਲ ਦਿਵਾਉਂਣਾ ਚਾਹੁੰਦਾ ਹਾਂ। ਬਟਾਲੇ ਵਿਚ ਮਹਾਰਾਜਾ ਸ਼ੇਰ ਸਿੰਘ ਦਾ ਮਹਿਲ ਹੈ। ਇਹ ਕੌਮੀ ਯਾਦਗਾਰ ਹੈ। ਪਰ ਇਹ ਗੁਲਾਮੀ ਦੀ ਯਾਦ ਕਰਵਾਉਂਦਾ ਹੈ, ਕਿਉਂਕਿ ਇਹ 99 ਸਾਲਾਂ ਲਈ ਲੀਜ਼ ਤੇ ਦਿਤਾ ਗਿਆ ਸੀ। ਹੁਣ ਉਸ ਦੀ ਲੀਜ਼ ਐਕਸਟੈਂਡ ਨਹੀਂ ਕਰਨੀ ਚਾਹੀਦੀ।

ਡਾਕਟਰ ਸਾਹਿਬ ਨੇ ਬਹੁਤ ਸਾਰੀਆਂ ਗਲਾਂ ਕਹੀਆਂ। ਪਰ ਮੈਂ ਉਨ੍ਹਾਂ ਨੂੰ ਇਹ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਰਾਜ ਵਿਚ ਪੁਲੀਟੀਕਲ ਵਿਕਟੇਮਾਈਜ਼ੇਸ਼ਨ ਕਿਤਨੀ ਹੋਈ; ਕੇਵਲ ਸ਼ਾਂਤੀ ਪ੍ਰਕਾਸ਼ ਹੀ ਨਹੀਂ ਹੋਰ ਵੀ ਕਈ ਕੇਸ ਬਣਾਏ ਗਏ ਸਨ। ਕੋਰਟ ਨੇ ਵੀ ਫ਼ੈਸਲਾ ਦਿਤਾ ਹੈ ਕਿ ਇਹ ਕੇਸ ਸਿਆਸੀ ਨੌਈਅਤ ਦੇ ਸਨ। ਮੈਂ ਵਿਸਥਾਰ ਵਿਚ ਨਹੀਂ ਜਾਣਾ ਪਰ ਡਿਪਟੀ ਸਪੀਕਰ ਸਾਹਿਬ, ਮੈਂ ਇਤਨਾ ਜ਼ਰੂਰ ਕਹਾਂਗਾ ਕਿ ਅਸੀਂ ਕਹਿੰਦੇ ਹਾਂ ਕਿ ਜਮਹੂਰੀਅਤ ਨੂੰ ਬਚਾਓ। ਇਹ ਜਨਤਾ ਪਾਰਟੀ ਦੀ ਗੌਰਮਿੰਟ ਜਿਸ ਦੀ ਸਪੋਰਟ ਕਿ ਕਾਂਗਰਸ ਕਰ ਰਹੀ ਹੈ, ਇਹ ਜਮਹੂਰੀਅਤ ਨੂੰ ਬਚਾ ਰਹੀ ਹੈ। ਜਦ ਕਾਂਗਰਸ ਨੇ ਦੇਖਿਆ ਕਿ ਜਨਤਾ ਪਾਰਟੀ ਪੰਜਾਬ ਦੀ ਸੇਵਾ ਕਰਦੀ ਹੈ ਤਾਂ ਇਸ ਦੀ ਸਪੋਰਟ ਕੀਤੀ। ਸਾਨੂੰ ਉਨ੍ਹਾਂ ਸਜਣਾਂ ਦੀ ਲੋੜ ਨਹੀਂ ਹੈ ਕਿ ਜਿਨ੍ਹਾਂ ਨੇ ਨਲਵਾ ਕਾਨਫਰੰਸ ਵਿਚ ਸਿਖ ਹੋਮ ਲੈਂਡ ਦੀ ਮੰਗ ਕੀਤੀ ਸੀ। ਅਜਿਹੀ ਮੰਗ ਭਾਰਤ ਵਿਚ ਕੇਵਲ ਅਗੇ ਸ਼ੇਖ ਅਬਦੁਲੇ ਨੇ ਕਸ਼ਮੀਰ ਵਾਸਤੇ ਕੀਤੀ ਸੀ ਅਤੇ ਇਸੇ ਤਰ੍ਹਾਂ ਸਰਦਾਰ ਗੁਰਨਾਮ ਸਿੰਘ ਨੇ ਸਿੱਖਾਂ ਲਈ ਰਾਈਟ ਆਫ ਸੈਲਫ਼ ਡੀਟਰਮੀਨੇਸ਼ਨ ਮੰਗਿਆ। ਪਰ ਜੱਜ ਸਾਹਿਬ ਅਜ ਏਕਤਾ ਦੀਆਂ ਗੱਲਾਂ ਕਰ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਸੁਭਾਸ਼ ਚੰਦਰ ਬੋਸ ਜੀ ਦੀ ਕਿਤਾਬ ਪੜ੍ਹੀ ਹੈ। ਉਸ ਵਿਚ ਉਨ੍ਹਾਂ ਨੇ ਸਿੱਖਾਂ ਨੂੰ ਸ਼ਾਨਦਾਰ ਟ੍ਰੀਬਿਊਟਸ ਪੇਸ਼ ਕੀਤੇ ਹਨ ਕਿ 'On the whole, Sikhs of Punjab are patriotic and national."

ਅਜ ਸਰਦਾਰ ਗੁਰਨਾਮ ਸਿੰਘ ਸਿਵਲ ਲਿਬਰਟੀਜ਼ ਲਈ ਪੁਕਾਰ ਰਹੇ ਹਨ, ਉਹ ਆਪਣੇ ਵੇਲੇ ਦੀ ਗਲ ਕਰਨ ਜਿਸ ਵੇਲੇ ਤਾਕਤ ਉਨ੍ਹਾਂ ਦੇ ਹੱਥ ਵਿਚ ਸੀ ਤਾਂ ਉਨ੍ਹਾਂ ਨੇ ਕੀ ਕੀਤਾ। ਮੈਂ ਹੁਣ ਸਰਦਾਰ ਲਛਮਣ ਸਿੰਘ ਗਿੱਲ ਨੂੰ ਕਹਿਣਾ ਚਾਹੁੰਦਾ ਹਾਂ ਕਿ ਐਸੀਆਂ ਗਲਾਂ ਹੁਣ ਨਹੀਂ ਹੋਣੀਆਂ ਚਾਹੀਦੀਆਂ ਤੇ ਨਾ ਹੀ ਹੋਈਆਂ ਹਨ। ਹਾਂ ਇਸ ਗਲ ਨਾਲ ਮੈਂ ਐਗਰੀ ਨਹੀਂ ਕਰਦਾ ਕਿ ਲੈਜਿਸਲੇਟਰਾਂ ਦੀ ਇਨਕੁਆਇਰੀ ਕਮੇਟੀ ਹੋਵੇ। ਕਿਸੇ ਮੈਂਬਰ, ਕਿਸੇ ਲੈਜਿਸਲੇਟਰ ਦੇ ਖਿਲਾਫ਼ ਕੋਈ ਚਾਰਜਿਜ਼ ਹੋਣ ਤਾਂ ਵੀ ਐਕਸ਼ਨ ਲਿਆ ਜਾਵੇ। ਇਹ ਗਲ ਪਿਛਲੀ ਸਰਕਾਰ ਨੇ ਕੀਤੀ ਸੀ ਕਿ ਜਦ ਟੇਕ ਚੰਦ ਕਮਿਸ਼ਨ ਨੂੰ ਅਬਾਲਿਸ਼ ਕਰ ਦਿਤਾ ਸੀ ਤਾਂ ਕਿਸੇ ਵੀ ਮੈਂਬਰ ਦੇ

ਖਿਲਾਫ਼ ਜਦੋਂ ਵੀ ਕੋਈ ਚਾਰਜਿਜ਼ ਲਗਾਏ ਜਾਣ ਤਾਂ ਹਾਈ-ਪਾਵਰ ਕਮਿਸ਼ਨ ਨੂੰ ਉਹ ਰੈਫ਼ਰ ਕਰਨੇ ਚਾਹੀਦੇ ਹਨ, ਜੋ ਕਿਸੇ ਹਾਈ ਕੋਰਟ ਦੇ ਜੱਜ ਜਾਂ ਸੁਪਰੀਮ ਕੋਰਟ ਦੇ ਜੱਜ ਹੋਣ ।

ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂਬਰ ਦਾ ਸਟੇਟਸ ਵਧਾਣਾ ਚਾਹੀਦਾ ਹੈ । ਬਾਹਰ ਤਾਂ ਲੋਕ ਲੈਜਿਸਲੇਟਰਾਂ ਨੂੰ ਕਹਿੰਦੇ ਹਨ ਕਿ ਤੁਸੀਂ ਸਾਡੇ ਕੰਮ ਕਰਵਾ ਦਿਓ । ਪਰ ਉਨ੍ਹਾਂ ਦਾ ਕੋਈ ਸਟੇਟਸ ਹੀ ਨਹੀਂ ਹੈ । ਇਸ ਲਈ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੈਂਬਰਾਂ ਦਾ ਸਟੇਟਸ ਵਧਾਇਆ ਜਾਵੇ ਤਾਕਿ ਐਡਮਨਿਸਟਰੇਸ਼ਨ ਵਿਚ ਵੀ ਉਨ੍ਹਾਂ ਵਲ ਧਿਆਨ ਦਿਤਾ ਜਾਵੇ ।

ਗਵਰਨਰ ਦੇ ਐਡਰੈਸ ਦੇ ਧੰਨਵਾਦ ਦੇ ਮਤੇ ਤੇ ਬੋਲਦੇ ਹੋਏ ਮੈਂ ਇੰਨਾ ਹੋਰ ਕਹਿਣਾ ਚਾਹੁੰਦਾ ਹਾਂ ਕਿ ਹਰੀਜਨਾਂ ਦੀ ਆਲ ਰਾਊਂਡ ਤਰੱਕੀ ਹੋਣੀ ਚਾਹੀਦੀ ਹੈ । ਇਸ ਵਲ ਯੂਨਾਇਟਿਡ ਫਰੰਟ ਦੀ ਗੌਰਮਿੰਟ ਨੇ ਕੋਈ ਧਿਆਨ ਨਹੀਂ ਸੀ ਦਿੱਤਾ ।

ਅਖੀਰ ਵਿਚ ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਕੇ ਬੈਠਦਾ ਹਾਂ ।

ਸ਼੍ਰੀ ਹਰਬੰਸ ਲਾਲ ਖੰਨਾ (ਅੰਮ੍ਰਿਤਸਰ ਦੱਖਣ) : ਡਿਪਟੀ ਸਪੀਕਰ ਸਾਹਿਬ, ਅੱਜ ਅਸੀਂ ਗਵਰਨਰ ਦੇ ਐਡਰੈਸ ਤੇ ਵਿਚਾਰ ਕਰ ਰਹੇ ਹਾਂ । ਮੈਨੂੰ ਅਫਸੋਸ ਹੈ ਕਿ ਇਥੇ ਪੁਰਾਣੀਆਂ ਗਲਾਂ ਦੁਹਰਾਈਆਂ ਗਈਆਂ ਹਨ । ਅਸਾਂ ਦੇਖਿਆ ਹੈ ਕਿ 20 ਸਾਲਾਂ ਦੀਆਂ ਜਿਹੜੀਆਂ ਗੱਲਾਂ ਸਨ, ਉਹ ਦੁਹਰਾਈਆਂ ਹਨ ਕਿ ਗਾਂਧੀ ਜੀ ਦਾ ਕਤਲ ਕੀਤਾ ਗਿਆ ਹੈ । ਸਰਦਾਰ ਅਮਰ ਸਿੰਘ ਨੇ ਕਿਹਾ ਕਿ ਜਨਸੰਘ ਨੇ ਕਤਲ ਕਰਵਾਇਆ ਸੀ । ਗਾਂਧੀ ਜੀ ਦੇ ਬਾਰੇ ਉਨ੍ਹਾਂ ਨੇ ਇਹ ਰਿਮਾਰਕਸ ਦਿਤੇ । ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਗਾਂਧੀ ਜੀ ਦੇ ਕਤਲ ਕਰਨ ਵਾਲੇ ਇਹ ਕਾਂਗਰਸੀ ਹੀ ਸਨ (ਵਿਘਨ) (ਸ਼ੋਰ)

ਸ਼੍ਰੀ ਡਿਪਟੀ ਸਪੀਕਰ : ਮਹਾਤਮਾ ਜੀ ਦਾ ਕਤਲ ਇਸ ਵੇਲੇ ਅੰਡਰ ਡਿਸਕਸ਼ਨ ਨਹੀਂ ਹੈ । (The murder of Mahatma Ji is not under discussion at this stage.)

ਸ਼੍ਰੀ ਹਰਬੰਸ ਲਾਲ ਖੰਨਾ : ਲੇਕਿਨ ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਦਾ ਰੈਫ਼ਰੈਂਸ ਆਇਆ ਹੈ ।

ਸ਼੍ਰੀ ਡਿਪਟੀ ਸਪੀਕਰ : ਕੇਵਲ ਉਨ੍ਹਾਂ ਦੇ ਬਿਆਨ ਬਾਰੇ ਰੈਫਰੈਂਸ ਆਇਆ ਹੈ । (Only a statement has been referred to)

ਸ਼੍ਰੀ ਹਰਬੰਸ ਲਾਲ ਖੰਨਾ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮਹਾਤਮਾ ਗਾਂਧੀ ਜੀ ਦੀ ਜੋ ਕਾਂਗਰਸ ਸੀ, ਲਾਜਪਤ ਰਾਏ ਤੇ ਤਿਲਕ ਜੀ ਦੀ ਜੋ ਕਾਂਗਰਸ ਸੀ, ਉਹ ਹੁਣ ਖਤਮ ਹੋ ਗਈ ਹੈ। ਜਿਸ ਕਾਂਗਰਸ ਦੀ ਸਹਾਇਤਾ ਨਾਲ ਆਜ਼ਾਦੀ ਲਈ ਗਈ ਸੀ ਹੁਣ ਉਹ ਕਾਂਗਰਸ ਨਹੀਂ ਰਹੀ। ਹੁਣ ਜਿਸ ਰਾਜ ਦੀ ਇਹ ਕਾਂਗਰਸ ਮਦਦ ਕਰ ਰਹੀ ਹੈ, ਉਸ ਨੇ ਪੰਜਾਬ ਦੀ ਜੋ ਹਾਲਤ ਕਰ ਦਿਤੀ ਹੈ ਉਸ ਨੂੰ ਤਕ ਕੇ ਰੋਣ ਆਉਂਦਾ ਹੈ। ਇਹ ਤਿੰਨ ਮਹੀਨੇ ਪੰਜਾਬ ਵਿਚ ਪੁਲਿਸ ਰਾਜ ਰਿਹਾ ਹੈ। ਪੰਜਾਬ ਵਿਚ ਲਾ ਐਂਡ ਆਰਡਰ ਕਾਇਮ ਕਰਨ ਦੇ ਨਾਂ ਤੇ ਕੀ ਕੀਤਾ ਗਿਆ। ਆਨਰੇਬਲ ਮੈਂਬਰਾਂ ਨੂੰ ਬਗੈਰ ਕਿਸੇ ਕਾਨੂੰਨ ਦੇ ਅੰਦਰ ਕਰ ਦਿਤਾ ਔਰ ਸਾਰੇ ਪੰਜਾਬ ਵਿਚ ਕਿਧਰੇ ਵੀ ਦਫ਼ਾ 144 ਨਹੀਂ ਲਗਾਈ ਗਈ। ਬਟਾਲੇ, ਜਲੰਧਰ, ਪਟਿਆਲਾ, ਅੰਮ੍ਰਿਤਸਰ, ਖੰਨਾ ਕਿਧਰੇ ਵੀ ਦਫ਼ਾ 144 ਨਹੀਂ ਸੀ। ਪਰ ਬਾਵਜੂਦ ਇਸ ਦੇ ਲੋਕਾਂ ਨੂੰ ਪਕੜ ਕੇ ਥਾਣਿਆਂ ਵਿਚ ਰਖਿਆ, ਜੇਲ੍ਹਾਂ ਵਿਚ ਭੇਜਿਆ। ਅੰਗਰੇਜ਼ਾਂ ਨੇ ਇਕ ਵਾਰ ਸਾਡੇ ਦੇਸ਼ ਵਿਚ ਇਸ ਤਰ੍ਹਾਂ ਕੀਤਾ ਸੀ ਤਾਂ ਸਾਰੇ ਦੇਸ਼ ਵਿਚ ਪ੍ਰੋਟੈਸਟ ਹੋਇਆ ਸੀ, ਕਲਕੱਤੇ ਵਿਚ ਬਲੈਕ ਹੋਲ ਦੀ ਘਟਨਾ ਹੋਈ ਸੀ। ਪਰ ਇਥੇ ਬਟਾਲੇ ਵਿਚ 5 ਤਰੀਕ ਨੂੰ ਮੁੱਖ ਮੰਤਰੀ ਜੀ ਗਏ। ਲੋਕਾਂ ਨੇ ਸੁਆਗਤ ਕਰਨ ਦਾ ਵਿਚਾਰ ਕੀਤਾ ਤੇ ਸੁਆਗਤ ਕਰਨ ਵੇਲੇ ਕੁਝ ਮੰਗਾਂ ਸਾਹਮਣੇ ਰਖਣੀਆਂ ਚਾਹੀਆਂ। ਪਰ ਉਸ ਵੇਲੇ ਇਨ੍ਹਾਂ ਦੀ ਪੁਲਿਸ ਨੇ ਸ਼ਹਿਰ ਦੇ ਪਹਿਲੇ ਸ਼ਹਿਰੀ, ਮਿਉਨਿਸਪਲ ਕਮੇਟੀ ਦੇ ਪ੍ਰਧਾਨ ਨੂੰ ਤੇ ਦੂਸਰੇ ਕਮਿਸ਼ਨਰਾਂ ਨੂੰ ਫੜ ਲਿਆ ਤੇ ਪਤਾ ਨਹੀਂ ਕਿਤਨੀਆਂ ਧਾਰਾਵਾਂ ਉਨ੍ਹਾਂ ਦੇ ਖਿਲਾਫ਼ ਬਣਾਈਆਂ। ਕੁਲ ਰਲਾ ਕੇ 21 ਆਦਮੀ ਇਨ੍ਹਾਂ ਉਥੇ ਪਕੜੇ। ਉਨ੍ਹਾਂ ਨੂੰ ਸਰਦੀ ਵਿੱਚ ਪੁਲਿਸ ਕਸਟਡੀ ਵਿਚ ਰਖਿਆ ਗਿਆ ਲੇਕਿਨ ਉਨ੍ਹਾਂ ਨੂੰ ਸਿਰਫ ਚਾਰ ਕੰਬਲ ਦਿਤੇ ਗਏ। ਪਠਾਨਕੋਟ ਵਿਚ ਉਨ੍ਹਾਂ ਤੇ ਲਾਠੀ ਚਾਰਜ ਕਰਨ ਦੀ ਕੋਸ਼ਿਸ਼ ਕੀਤੀ ਗਈ। ਲੇਕਿਨ ਅੱਜ ਤਿੰਨ ਮਹੀਨਿਆਂ ਵਿਚ ਬਹੁਤ ਦੁਹਾਈ ਦਿੰਦੇ ਨੇ ਕੋਈ ਗੜਬੜ ਨਹੀਂ, ਸੁਖ ਹੈ, ਸ਼ਾਂਤੀ ਹੈ। ਇਸ ਕਾਂਗਰਸ ਦੀ ਪਧਿੱਟ ਗੌਰਮੈਂਟ ਵਿਚ ਗਿੱਲ ਸਾਹਿਬ ਲੀਡ ਕਰ ਰਹੇ ਹਨ। ਜਾਲੰਧਰ, ਹਸ਼ਿਆਰਪੁਰ, ਪਠਾਨਕੋਟ ਚਾਰੋ ਪਾਸੇ ਅੱਜ ਪੁਲਿਸ ਦਾ ਰਾਜ ਹੈ। ਇਸ ਕਾਂਗਰਸ ਨੇ ਹਿੰਦੁਸਤਾਨ ਦੀ ਇਹ ਹਾਲਤ ਬਣਾ ਦਿਤੀ ਹੈ। ਮਹਾਤਮਾ ਜੀ ਐਥੇ ਇਨਟੈਗਰਿਟੀ ਵਾਸਤੇ ਫਾਈਟ ਕਰਦੇ ਰਹੇ। ਉਹ ਮਹਾਤਮਾ ਜੀ ਹਿੰਦੁਸਤਾਨ ਦੀ ਗਰੀਬ ਜਨਤਾ ਲਈ ਲੜਦੇ ਰਹੇ। ਅੱਜ ਉਹ ਕਾਂਗਰਸ ਮਹਾਤਮਾ ਜੀ ਦਾ ਨਾਂ ਲੈਕੇ ਲੋਕਾਂ ਕੋਲੋਂ ਵੋਟਾਂ ਮਗਦੀ ਹੈ। ਅਸਾਮ ਵਿਚ ਕੀ ਹੋਇਆ, ਤਮਿਲਨਾਡ ਵਿਚ ਕੀ ਹੋਇਆ।

ਸ਼੍ਰੀ ਡਿਪਟੀ ਸਪੀਕਰ : ਤਮਿਲਨਾਡ ਵਿਚ ਕੀ ਹੋਇਆ ਇਸ ਦਾ ਗਵਰਨਰ ਦੇ ਐਡਰੈਸ ਨਾਲ ਕੋਈ ਤਾਲੁਕ ਨਹੀਂ। (What happened in Tamilnad has no connection with the Governor's Address)

PUNJAB VIDHAN SABHA

DEBATES

29th February, 1968

Vol. I—No. 4

OFFICIAL REPORT

CONTENTS

Thursday, the 29th February, 1968

		PAGES
Starred Questions and Answers	..	(4)1
Question of Privilege	..	(4)21
Adjournment Motion	..	(4)22
Call-Attention Notices	...	(4)26
Discussion of Governor's Address (Resumption) (Not concld.)	..	(4)32
Personal Explanation by S. Satnam Singh Bajwa	..	(4)45
Discussion of Governor's Address (Resumption) (Not concld.)	..	(4)46
Extension of Sitting		(4)69
Discussion of Governor's Address (Resumption) (Not concld.)	..	(4)70
Walk-out by the Opposition	..	(4)71
Discussion of Governor's Address (Resumption)	.	(4)72

Punjab Vidhan Sabha Secretariat, Chandigarh

Price : Rs. 6.75

ERRATA

to

Punjab Vidhan Sabha Debates

Vol. I, No. 4, dated the 29th February, 1968

Read	*For*	*Page*	*Line*
again	agains	(4) 2	17
Municipal	Minicipal	(4) 5	11th from below
ਸਰਦਾਰ ਗੁਰਨਾਮ ਸਿੰਘ ਜੀ	ਸਰਦਾਰ ਗੁਰਨਾਮ ਜੀ	(4) 6	12
ਮੰਤਰੀ	ਮਤਰੀ	(4) 7	11th from below
चीफ मनिस्टर	चोफ मनिस्टर	(4) 9	20
ਲੈ	ਲ	(4) 10	7th from below
ਇਸ	ਅਸ	(4) 10	4th from below
allow	all w	(4) 21	5th from below
Adjournment	Adjounrnment	(4) 22	1
ਅੱਗੇ	ਅੱਗ	(4) 24	12th from below
Call Attention Notices	Call Atlention Notices	(4) 27	Heading
There	Thers	(4) 29	12
ਸ਼੍ਰੀ ਅ. ਵਿਸ਼ਵਨਾਥਨ	ਸ਼੍ਰੀ ਅ. ਵਿਸ਼ਵਾਨਾਥਨ	(4) 29	5th from below
ਰਹੀ	ਰੂਹੀ	(4) 33	17
ਬੋਲੀ	ਬਲੀ	(4) 35	8th from below
ਸਰਦਾਰ ਬਲਵੰਤ ਸਿੰਘ	ਸਰਦਾਰ ਬਲਵਤ ਸਿੰਘ	(4) 35	6th from below

Read	*For*	*Page*	*Line*
ਸਾਹਿਬ	ਸਾਹਿਬ	(4) 37	12
ਪੜ੍ਹਾ	ਪੜਾ	(4) 43	11
ਮੁਖ੍ਯ	ਮਖ੍ਯ	(4) 43	14
Sardar Satnam Singh	Sardar Satnam	(4) 44	6
ਪਰੋਗਰਾਮ	ਪਰਗਹਾਮ	(4) 54	8th from below
ਬੜੇ	ਬੜ	(4) 56	10th from below
Resumption	Resumtion	(4) 57	Heading
Resumption	Resuption	(4) 59	Heading
ਹੋ	ਹ	(4) 66	22
ADDRESS	ADNRESS	(4) 67	Heading
patiently	pahentey	(4) 67	9th from below
ਸ੍ਰੀ ਅ. ਵਿਸ਼ਵਨਾਥਨ	ਸ੍ਰੀ ਅ. ਵਿਸ਼ਵਾਨਾਥਨ	(4) 72	8
ਚੜ੍ਹੇਗਾ	ਚੜ੍ਹੌਗਾ	(4) 74	3rd from below
ਮੁਦੱਈ	ਮੁਈ	(4) 75	17th from below
ਵਿਚ	ਵਿ	(4) 81	19
ਇਨ੍ਹਾਂ ਦਾ ਸਟੇਟੱਸ	ਦਿਨ੍ਹਾਂ ਦਾ ਸਟੇਟਸ	(4) 81	Last
deliver	delivar	(4) 84	10th from below

PUNJAB VIDHAN SABHA

Thursday, the 29th February, 1968.

The Vidhan Sabha met in the Hall of Punjab Vidhan Bhavan, Sector 1, Chandigarh, at 9.30 a. m. of the clock. Mr. Speaker (Lieut. Col. Joginder Singh Mann) in the Chair.

STARRED QUESTIONS AND ANSWERS

ਕਾਮਰੇਡ ਭਾਨ ਸਿੰਘ ਭੌਰਾ : ਸਪਲੀਮੈਂਟਰੀ, ਸਰ ।

ਸ੍ਰੀ ਸਪੀਕਰ : ਕਿਸ ਸਵਾਲ ਉਤੇ ? (On which question the hon. Member wants to put a supplementary ?)

ਸ੍ਰੀ ਬਲਰਾਮਜੀ ਦਾਸ ਟੰਡਨ : ਰੂਟ ਪਰਮਿਟਾਂ ਵਾਲੇ ਕਾਮਰੇਡ ਸੁਰਜੀਤ ਜੀ ਵਾਲੇ ਸਵਾਲ ਉਤੇ ।

ਸ੍ਰੀ ਸਪੀਕਰ : ਉਹ ਤਾਂ ਖਤਮ ਹੋ ਗਿਆ ਸੀ ।(The question which the hon. Member is referring to was disposed of.)

ਸ੍ਰੀ ਬਲਰਾਮਜੀ ਦਾਸ ਟੰਡਨ : ਅਜੇ ਸਪਲੀਮੈਂਟਰੀ ਸਵਾਲ ਪੁਛਣੇ ਸਨ । ਗੱਲਾਂ ਕਰਦੇ ਕਰਦੇ ਹੀ ਕੁਐਸਚਨ ਆਵਰ ਖ਼ਤਮ ਹੋ ਗਿਆ ਸੀ ।

Mr. Speaker : I never allowed further supplementaries on this question.

(*Interruptions and Noise in the House*)

ਸ੍ਰੀ ਬਲਰਾਮਜੀ ਦਾਸ ਟੰਡਨ : ਸਪੀਕਰ ਸਾਹਿਬ, ਇਹ ਬੜਾ ਇੰਪਾਰਟੈਂਟ ਸਵਾਲ ਹੈ ਅਤੇ ਪਾਲਿਸੀ ਮੈਟਰ ਦਾ ਸਵਾਲ ਹੈ ।

ਸ੍ਰੀ ਸਪੀਕਰ : ਉਹ ਪਾਲਿਸੀ ਮੈਟਰ ਬਜਟ ਵਿਚ ਡਿਸਕਸ ਹੋ ਸਕਦਾ ਹੈ । (That policy matter can be discussed during the discussion of the Budget.)

ਸ੍ਰੀ ਬਲਰਾਮਜੀ ਦਾਸ ਟੰਡਨ : ਆਪ ਨੇ ਕਿਹਾ ਸੀ ਕਿ ਅਜ ਸਪਲੀਮੈਂਟਰੀ ਕਰ ਲੈਣਾ ।

ਸ੍ਰੀ ਸਪੀਕਰ : ਮੈਂ ਬਿਲਕੁਲ ਨਹੀਂ ਸੀ ਕਿਹਾ । ਮੈਂ ਉਸ ਸਵਾਲ ਉਤੇ ਹੁਣ ਕੋਈ ਸਪਲੀਮੈਂਟਰੀ ਐਲਾਊ ਕਰਨ ਵਾਸਤੇ ਤਿਆਰ ਨਹੀਂ । (I never said so. I would not allow any supplementary now on that question.)

ਸ੍ਰੀ ਬਲਰਾਮਜੀ ਦਾਸ ਟੰਡਨ : ਸਿਰਫ ਇਕ ਸਵਾਲ ਜੀ ।

ਸ੍ਰੀ ਸਪੀਕਰ : ਨਹੀਂ ਜੀ । (No please.)

ਸ੍ਰੀ ਬਲਰਾਮਜੀ ਦਾਸ ਟੰਡਨ : ਇਹ ਬੜੀ ਇਮਪਾਰਟੈਂਟ ਪਾਲਿਸੀ ਮੈਟਰ ਦਾ ਸਵਾਲ ਹੈ । ਅਗਰ ਸਪਲੀਮੈਂਟਰੀਜ਼ ਦੀ ਇਜਾਜ਼ਤ ਨਹੀਂ ਦੇਣੀ ਤਾਂ ਇਸ ਨੂੰ ਸ਼ਾਰਟ ਨੋਟਿਸ ਕੁਐਸਚਨ ਕਰ ਦਿਉ ।

ਸ੍ਰੀ ਸਪੀਕਰ : ਸ਼ਾਰਟ ਨੋਟਿਸ ਆਏਗਾ ਤਾਂ ਦੇਖ ਲਿਆ ਜਾਵੇਗਾ । (If this question is put as a short notice question then I might consider it.)

ਸ੍ਰੀ ਬਲਰਾਮਜੀ ਦਾਸ ਟੰਡਨ : ਜਨਾਬ, ਪਾਲਿਸੀ ਮੈਟਰ ਹੈ ।

ਸ੍ਰੀ ਸਪੀਕਰ : ਪਾਲਿਸੀ ਮੈਟਰ ਹੋਵੇ ਜਾਂ ਨਾ ਹੋਵੇ, ਬਜਟ ਵਿਚ ਡਿਸਕਸ ਕਰ ਲੈਣਾ । (ਵਿਘਨ) ਕਮਾਲ ਦੀ ਗੱਲ ਹੈ ਜਿਹੜੀ ਗੱਲ ਦਾ ਫੈਸਲਾ ਹੋ ਗਿਆ ਹੁੰਦਾ ਹੈ ਉਸ ਨੂੰ ਫਿਰ ਸ਼ੁਰੂ ਕਰ ਦਿੰਦੇ ਹੋ । (Whether it is a policy matter or not you may discuss it during the general discusion of the Budget. (*Interruptions.*) It is really strange that the matter which has already been disposed of is being taken up agains)

ਮੁੱਖ ਮੰਤਰੀ : ਜਨਾਬ, ਤੁਸੀਂ ਇਤਿਹਾਸ ਕੱਢ ਕੇ ਵੇਖ ਲਉ ਇਨ੍ਹਾਂ ਦਾ ਤਾਂ ਕੰਮ ਹੀ ਇਹੋ ਹੈ ।

ਸ੍ਰੀ ਬਲਰਾਮਜੀ ਦਾਸ ਟੰਡਨ : ਜ਼ਾਣ ਵੀ ਦਿਆ ਕਰ, ਤੇਰੇ ਜਿਹੇ ਬੰਦੇ ਨੂੰ ਇਸ ਸੀਟ ਉਤੇ ਬੈਠ ਕੇ ਅਜਿਹੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ ।

ਮੁੱਖ ਮੰਤਰੀ : ਅੱਛਾ ਭਾਈ, ਨੋਟਿਡ ਫ਼ਾਰ ਫ਼ਿਊਚਰ ।

FACTORY FOR PRODUCTION OF WATER METERS

*900. **Sri A. Vishwanathan** : Will the Minister for Industries be pleased to state whether any factory exists in the State for the production of water meters ; if not, whether the Government proposes to start any such factory in the Private/Public Sector ?

Shri Bishamber Nath Makkar : Yes. Two small scale units are engaged in the manufacture of water meters in the State. In view of this, Government does not propose to start any such factory in the Public Sector.

ਸ੍ਰੀ ਅ. ਵਿਸ਼ਵਨਾਥਨ : ਪੂਰਕ ਪ੍ਰਸ਼ਨ ।

ਉਦਯੋਗ ਮੰਤਰੀ : ਇਹ ਕੀ ?

ਸ੍ਰੀ ਅ. ਵਿਸ਼ਵਨਾਥਨ : ਇਹ ਪੰਜਾਬੀ ਦਾ ਲਫ਼ਜ਼ ਹੈ । ਗੱਲ ਇਹ ਹੈ ਕਿ ਪੰਜਾਬੀ ਲਾਗੂ ਕੀਤੀ ਹੈ ਤਾਂ ਪੰਜਾਬੀ ਸਿਖ ਵੀ ਲਉ, ਨਿਰਾ ਪ੍ਰਾਪੇਗੰਡਾ ਹੀ ਨਾ ਕਰੋ । ਪੂਰਕ ਪੰਜਾਬੀ ਦਾ ਲਫ਼ਜ਼ ਹੈ । ਤੁਸਾਂ ਪਰਚਾਰ ਤਾਂ ਬਹੁਤ ਕਰ ਦਿੱਤਾ ਪਰ ਨਾ ਪੰਜਾਬੀ ਆਉਂਦੀ ਹੈ ਨਾ ਹਿੰਦੀ ਆਉਂਦੀ ਹੈ ।

ਮੁੱਖ ਮੰਤਰੀ : ਅਸੀਂ ਪੰਜਾਬੀ ਨੂੰ ਸਿੰਪਲ ਰਖਣਾ ਚਾਹੁੰਦੇ ਹਾਂ ।

ਸ੍ਰੀ ਅ. ਵਿਸ਼ਵਨਾਥਨ : "ਉਦਯੋਗ" ਸਮਝ ਵਿਚ ਆ ਜਾਂਦਾ ਹੈ, ਪੂਰਕ ਨਹੀਂ ਆ ਸਕਦਾ ਇਹ ਕੀ ਗੱਲ ਹੋਈ ? (ਵਿਘਨ)

ਸ੍ਰੀ ਸਪੀਕਰ : ਆਰਡਰ ਪਲੀਜ਼। (Order please,)

श्री अ. विश्वनाथन : क्या मन्त्री महोदय बताएंगे कि म्युनिसिपल कमेटियों को गवर्नमैंट की तरफ से यह इन्स्ट्रक्शन्ज़ हैं कि वाटर मीटर के बिना पानी के कुनैक्शंज़ न दिए जाएं और पानी के मीटर पूरी तादाद में अवेलेबल न होने की वजह से पंजाब के शहरों में हाहाकार मची हुई है, तो इस हालत में क्या वह कृपा करके बतायेंगे कि पंजाब के अन्दर वाटर मीटरों की कुल कितनी ज़रूरत है और इन दोनों यूनिट्स की मासिक प्रोडक्शन कितनी है ?

मन्त्री : जहां तक ज़रूरत का सवाल है उसके लिए तो आप अलग नोटिस दें और जहां तक प्रोडक्शन का सम्बन्ध है दशमेश इंजनियरिंग वर्कस की प्रोडक्शन 9,000 मीटर है और एम. के. इंजनियरिंग वर्कस की प्रोडक्शन 3,000 मीटर ।

श्री बलरामजी दास टंडन : क्या यह सालाना प्रोडक्शन है या मन्थली ?

मन्त्री : सालाना ही होगी ।

श्री बलरामजी दास टंडन : सवाल में तो मन्थली की बाबत पूछा गया है ।

मन्त्री : तो इस को बारह पर तकसीम कर दीजिए ।

श्री अ. विश्वनाथन : व्यवस्था प्रश्न । अध्यक्ष महोदय, जब मैंने पहले सवाल भेजा था तो उसमें यह भी लिखा था कि म्युनिसिपल कमेटियों की इन मीटरों की ज़रूरत कितनी है और प्रोडक्शन कितनी होती है । आपने यह कह कर वापस भेज दिया था कि यह सवाल डिफरेंट डिपार्टमैंट्स को रैफर करते हैं और अब मन्त्री महोदय से जब यह सवाल पूछा है कि सारी ज़रूरत कितनी है और उत्पादन कितना है तो वह भी कहते हैं कि अलग सवाल पूछो ।

मन्त्री : उत्पादन की बाबत तो मैंने बता दिया है और म्युनिसिपल कमेटियों की कितनी ज़रूरत है यह बात जानने के लिये अलग नोटिस दे दें जवाब दे दिया जाएगा ।

श्री ग्र. विश्वनाथन : क्या मन्त्री महोदय बताने की कृपा करेंगे कि ये दो यूनिट्स पंजाब की वाटर मीटर्ज़ की औसत ज़रूरत को पूरा कर सकते ह या नहीं ?

मन्त्री : ज़रूर करते होंगे तभी तो आगे के लिए पाबन्दी लगाई गई है । सैंट्रल गवर्नमैंट की तरफ से यह पाबन्दी लगाई गई है कि चूंकि यह दो यूनिट्स काम कर रहे हैं और इनकी प्रोडक्शन पंजाब के लिये काफ़ी है इसलिये मज़ीद यूनिट लगाने की ज़रूरत नहीं है ।

चौधरी बलबीर सिंह : आन ए प्वायंट आफ आर्डर, सर । अध्यक्ष महोदय, मन्त्री महोदय ने कहा है कि "होंगे" । इस तरह से जवाब की इस हाऊस में इजाज़त नहीं होनी चाहिए । जवाब साफ़ और स्पष्ट होना चाहिए ।

मन्त्री : इन्होंने मेरी बात सारी शायद सुनी नहीं है । मैंने "होंगे" के आगे फुलस्टाप नहीं लगाया था और मैंने यह कहा था कि ज़रूर करते होंगे इसी लिये तो आगे के लिये पाबन्दी लगाई गई है ।

चौधरी बलबीर सिंह : स्पीकर साहिब, आप मुकम्मल फिकरे को देख लें और फिर फैसला दे दें कि ऐसा जवाब ठीक है या नहीं ।

श्री बलरामजी दास टंडन : क्या मन्त्री महोदय यह बताने की कृपा करेंगे कि इस सम्बन्ध में म्युनिसिपल कमेटियों की ज़रूरतों की जानकारी के लिये सरकार ने कोई सिस्टम अपनाया है या अपने डायरैक्टोरेट के ज़रिये इस बात की जांच पड़ताल करने की कोशिश की है ? इसके इलावा क्या आपके नोटिस में यह बात आई है कि म्युनिसिपल कमेटियों ने आगे ही यह पाबन्दी लगाई हुई है कि जब तक मीटर नहीं लगेंगे तब तक वाटर कुनैक्शन नहीं मिलेगा ?

मन्त्री : सरकार के नोटिस में आज तक कोई ऐसी बात नहीं आई । श्री विश्वनाथन जी ने अभी अभी बताया है कि शहरों में इस बात के लिये हाहाकार मची हुई है । इसलिये इस बात की इन्क्वायरी करवा लेंगे और अगर ज़रूरत महसूस हुई तो और यूनिट लगाने की इजाज़त दे दी जाएगी ।

चौधरी बलबीर सिंह : अध्यक्ष महोदय, मन्त्री महोदय ने पहले यह बात कही थी कि दो यूनिट्स काम कर रहे हैं और इसलिये ज्यादा यूनिट लगाने की ज़रूरत महसूस नहीं करते । क्या वह बताएंगे कि उन्होंने जो जवाब अभी अभी दिया है यह किस बेसिज़ पर दिया है । क्या इन दोनों जवाबों में कन्ट्राडिक्शन नहीं है ? कौन सा जवाब सही है ?

श्री अध्यक्ष : उन्होंने कहा है कि अगर ज़रूरत महसूस हुई तो और लगवा देंगे । उन्होंने एक डैफिनिट जवाब दिया है । ठीक है । (The hon. Minister has stated that in case any necessity is felt then more units will be got installed. He has given a definite reply. It is all right.)

चौधरी बलबीर सिंह : अध्यक्ष महोदय, पहला जो जवाब दिया था उसमें कहा था कि दो यूनिट्स हैं और तीसरे की जरूरत नहीं ।

श्री अध्यक्ष : अब उन्होंने बाद में कहा है कि अगर जरूरत हुई तो और लगवा देंगे। उन्होंने बात को बिल्कुल साफ़ कर दिया है । (He has now stated that if need be another unit will be got installed. He has cleared the position.)

ਲੈਫਟੀਨੈਂਟ ਭਾਗ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਹ ਦੋ ਯੂਨਿਟ ਮੋਘਿਆਂ ਵਾਲੇ ਵਾਟਰ ਮੀਟਰ ਵੀ ਪ੍ਰੋਡਿਊਸ ਕਰਦੇ ਹਨ ਜਾਂ ਨਹੀਂ ?

ਮੰਤਰੀ : ਨਹੀਂ ਜੀ ।

WATER CONNECTIONS GIVEN BY MUNICIPAL COMMITTEES

***878. Sri A. Vishwanathan** : Will the Minister for Local Government be pleased to state—

(a) whether it has been made incumbent on the Municipal Committees in the State to give new water connections to the consumers only on installation of water meters ;

(b) the number of Municipal Committees in the State who have given water connections to consumers only after the installation of water meters ;

(c) the total number of applications at present pending with the concerned Municipalities for such connections in each case;

(d) the number of water meters installed by each municipality during 1966 and 1967 ?

Copy of D.O. letter No. 3425—2C-II-68/10461, dated 7-3-1968 from Minister for Local Government Department, Punjab to the Speaker Punjab Vidhan Sabha, Chandigarh.

Subject :—Starred Vidhan Sabha Question No. 878 asked by Shri A. Vishwanathan, M.L.A. regarding water connections given by Minicipal Committees.

Kindly refer to your D. O. No. 6239/ dated the 5th March, 1968, to Shri Piara Ram Dhanowali, Labour and Welfare Minister, Punjab, on the subject noted above.

2. Iam to inform you that inspite of the vigorous efforts made by the Local Government Department it has not been possible to collect the complete information from all the Municipal Committees in the State. The answer to the question, is not, therefore, ready. I am, therefore, to request you that as originally proposed, the time limit may kindly be extended up to 31 March, 1968.

ਸ਼੍ਰੀ ਬਲਰਾਮਜੀ ਦਾਸ ਟੰਡਨ : ਸਪੀਕਰ ਸਾਹਿਬ, ਕੁਐਸ਼ਚਨ ਪੁਟ ਹੋ ਗਿਆ ਮਗਰ ਇਥੇ ਕੋਈ ਵੀ ਮਨਿਸਟਰ ਜਵਾਬ ਦੇਣ ਲਈ ਖੜਾ ਨਹੀਂ ਹੋਇਆ ।

ਮੁੱਖ ਮੰਤਰੀ : ਜਵਾਬ ਨਹੀਂ ਆਇਆ । ਐਕਸਟੈਨਸ਼ਨ ਮੰਗੀ ਹੈ ।

Mr. Speaker : Yes, extension has been granted.

(*Interruption*)

(ਇਸ ਸਮੇਂ ਸਰਦਾਰ ਦਰਬਾਰਾ ਸਿੰਘ ਜੀ ਫਲੋਰ ਕਰਾਸ ਕਰ ਕੇ ਆਪਣੀ ਸੀਟ ਤੇ ਗਏ)

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਕੀ ਕੋਈ ਆਨਰੇਬਲ ਮੈਂਬਰ ਇਥੋਂ ਫ਼ਲੋਰ ਨੂੰ ਕਰਾਸ ਕਰ ਕੇ ਜਾ ਸਕਦਾ ਹੈ ? ਸਰਦਾਰ ਦਰਬਾਰਾ ਸਿੰਘ ਇਥੋਂ ਦੀ ਲੰਘ ਕੇ ਗਏ ਹਨ (ਵਿਘਨ) ਹਾਊਸ ਦੀ ਕਨਵੈਨਸ਼ਨ ਹੈ ਕਿ ਇਸ ਤਰ੍ਹਾਂ ਨਹੀਂ ਜਾਣਾ ਚਾਹੀਦਾ ਔਰ ਉਧਰੋਂ ਦੀ ਹੋ ਕਿ ਜਾਣਾ ਚਾਹੀਦਾ ਹੈ । ਮੈਂ ਕਈ ਵੇਰ ਲੀਡਰ ਆਫ਼ ਦੀ ਆਪੋਜ਼ੀਸ਼ਨ ਸਰਦਾਰ ਗੁਰਨਾਮ ਜੀ ਨੂੰ ਵੀ ਇਸ ਤਰ੍ਹਾਂ ਹੀ ਆਂਦਿਆਂ ਵੇਖਿਆ ਹੈ । ਇਸ ਤਰ੍ਹਾਂ ਦਾ ਤਰੀਕਾ ਠੀਕ ਨਹੀਂ ।

ਚੌਧਰੀ ਦਰਸ਼ਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜਿਸ ਸਵਾਲ ਵਿਚ ਸਰਕਾਰ ਨੇ ਐਕਸਟੈਨਸ਼ਨ ਲਈ ਐਪਲਾਈ ਕੀਤਾ ਹੋਵੇ ਕੀ ਇਹ ਚੇਅਰ ਦੀ ਡਿਊਟੀ ਨਹੀਂ ਕਿ ਉਹ ਉਸ ਆਨਰੇਬਲ ਮੈਂਬਰ ਨੂੰ ਕਾਲ ਅਪਾਨ ਨਾ ਕਰੇ ਔਰ ਉਸ ਕੁਐਸਚਨ ਨੂੰ ਪੁਟ ਨਾ ਕਰੇ ?

ਸ਼੍ਰੀ ਸਪੀਕਰ : ਬਹੁਤ ਅਛਾ ਜੀ । ਨੋਟ ਕਰ ਲਿਆ । (All right. I have noted it.)

— —— —

SUPPLY OF SUGAR IN VILLAGE HAMIDPURA, DISTRICT AMRITSAR

*931 **Shri Satya Pal Dang** : Will the Minister for Co-operation and Parliamentary Affairs be pleased to state—

(a) whether it is a fact that the people of village Hamidpura in Verka block of Amritsar District were not given any sugar to which they were entitled for the months of July, August and September, 1967; if so, the reasons therefor;

(b) whether he is also aware of the fact that the people of the said village were not given any sugar for the month of November, 1967 till 1st December, 1967; if so, the reasons the refor;

(c) whether the people of the said village have been given sugar for the month of November, 1967 so far: if so, when; and also whether they have been given sugar for the month of December, 1967 or not?

Chaudhri Kartar Singh :

(a) 1st **Part** : No.

2nd Part : The question does not arise.

(b) Yes. The quota of sugar for the months of November and December was received on 14th December, 1967 and distributed on 16th December, 1967.

(c) Yes. The sugar for the months of November and December was distributed on 16th December, 1967.

चौधरी बलबीर सिंह : क्या मन्त्री महोदय बताएंगे कि 22 नवम्बर से पहिले कोटा ना आने के लिये कौन जिम्मेदार है ?

ਮੰਤਰੀ : ਕੋਟਾ ਸੈਂਟਰ ਤੋਂ ਆਉਂਦਾ ਹੈ, ਇਕ ਇਕ ਸੈਕੰਡ ਦੀ ਗਲ ਮੈਂ ਕਿਵੇਂ ਦੱਸ ਸਕਦਾ ਹਾਂ ?

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਕੀ ਮੰਤਰੀ ਮਹੋਦੇ ਦਸਣ ਦੀ ਖੇਚਲ ਕਰਨਗੇ ਕਿ ਕੀ 22 ਨਵੰਬਰ ਤੋਂ ਪਹਿਲਾਂ ਉਸ ਇਲਾਕੇ ਵਿਚ ਖੰਡ ਨਹੀਂ ਜਾਂਦੀ ਸੀ ? (ਹਾਸਾ)

ਸ਼੍ਰੀ ਸੱਤਪਾਲ ਡਾਂਗ : ਸ਼ਹਿਰਾਂ ਵਿਚ ਨਵਬਰ ਦੀ ਚੀਨੀ ਨਵੰਬਰ ਵਿਚ ਵੰਡੀ ਗਈ। ਇਸ ਦਾ ਮਤਲਬ ਹੈ ਕਿ ਸੈਂਟਰ ਵਲੋਂ ਤਾਂ ਆ ਗਈ ਸੀ ਮਗਰ ਪਿੰਡਾਂ ਵਿਚ ਵੰਡੀ ਨਹੀਂ ਗਈ। ਇਸ ਲਈ ਕੀ ਕੋਆਪਰੇਟਿਵ ਦੇ ਮਹਿਕਮੇ ਦਾ ਇਨਸਪੈਕਟਰ ਜਾਂ ਡਿਪੋਹੋਲਡਰ ਵਗੈਰਾ ਜੋ ਵੀ ਜ਼ਿੰਮੇਦਾਰ ਹੋਵੇ ਉਸ ਦੇ ਖਿਲਾਫ ਐਕਸ਼ਨ ਲਿਆ ਜਾਵੇਗਾ ?

ਮਤਰੀ : ਇਹ ਇਕ ਛੋਟੀ ਜਿਹੀ ਗਲ ਹੈ ਜਿਸ ਲਈ ਸਾਬਕ ਵਜ਼ੀਰ ਸਾਹਿਬ ਸਜ਼ਾ ਦੇਣ ਲਈ ਕਹਿ ਰਹੇ ਹਨ। ਅਗਰ 4,5 ਦਿਨ ਖੰਡ ਦੀ ਵੰਡ ਲੇਟ ਹੋ ਗਈ ਤਾਂ ਕੀ ਹੋ ਗਿਆ! ਥੋੜ੍ਹੀ ਜਿਹੀ ਗ੍ਰੇਟਨੈਸ ਸ਼ੋ ਕਰੋ, ਇਹ ਨਹੀਂ ਕਿ ਇਸ ਗੱਲ ਦੀ ਮੂਵ ਕਰੋ ਕਿ ਛੋਟੀਆਂ ਛੋਟੀਆਂ ਗੱਲਾਂ ਲਈ ਅਫ਼ਸਰਾਂ ਨੂੰ ਸਜ਼ਾ ਦਿਤੀ ਜਾਵੇ।

ਸ਼੍ਰੀ ਸੱਤਪਾਲ ਡਾਂਗ : ਸਪੀਕਰ ਸਾਹਿਬ, ਖੰਡ ਦੀ ਵੰਡ 4 ਦਿਨ ਲੇਟ ਨਹੀਂ ਹੋਈ, ਸਗੋਂ ਨਵੰਬਰ ਦਾ ਸਾਰਾ ਮਹੀਨਾ ਤੇ ਅਧਾ ਦਸੰਬਰ ਦਾ ਮਹੀਨਾ ਲੇਟ ਹੋਈ ਹੈ। ਬਾਕੀ ਕਾਰਵਾਈ ਕਰਨੀ ਨਾ ਕਰਨੀ ਇਨ੍ਹਾਂ ਦੀ ਮਰਜ਼ੀ ਹੈ।

ਕੈਪਟਨ ਰਤਨ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜੁਲਾਈ, ਅਗਸਤ, ਸਤੰਬਰ ਅਤੇ ਅਕਤੂਬਰ ਦੇ ਚਾਰ ਮਹੀਨਿਆਂ ਦੇ ਵਿਚ ਪਿੰਡਾਂ ਵਿਚ ਖੰਡ ਨਾ ਜਾਣ ਦਾ ਕੀ ਕਾਰਨ ਹੈ ?

ਇਕ ਆਵਾਜ਼ : ਫਰੰਟ ਸਰਕਾਰ ਖਾਂਦੀ ਰਹੀ। (ਹਾਸਾ)

TRADE IN FOODGRAINS

*887. **Comrade Harkishan Singh Surjeet**: Will the Minister of State for Agriculture, Food and Supplies be pleased to state—

(a) whether the Government proposes to nationalise the whole sale trade in foodgrains in the State and to protect the interests of the consumers;

(b) whether Government has decided to fix the prices of foodgrains remunerative for the peasants as well as reasonable for the consumers;

(c) if the answers to parts (a) and (b) above be in the negative, the policy proposed to be adopted by the Government in relation to the price of foodgrains as well as trade ?

Sardar Lachhman Singh Gill (Chief Minister) : (a) While the Government have no proposal to nationalise the wholesale trade in foodgrains, it always safeguards the interests of the consumers.

(b) Yes.

(c) The policy is laid down by the Central Government in consultation with the Chief Ministers of the States and they have not yet taken any decision in this respect so far as the new Rabi crop is concerned.

[(ੳ) ਜਦ ਕਿ ਅਨਾਜ ਦੀ ਸਾਰੀ ਤਿਜਾਰਤ ਦਾ ਰਾਸ਼ਟਰੀਕਰਣ ਕਰਨ ਦੀ ਸਰਕਾਰ ਦੀ ਕੋਈ ਤਜਵੀਜ਼ ਨਹੀਂ ਹੈ ਤਾਂ ਵੀ ਉਹ ਕਨਜ਼ਿਊਮਰ ਦੇ ਹਿੱਤਾਂ ਦੀ ਹਮੇਸ਼ਾਂ ਰਾਖੀ ਕਰਦੀ ਹੈ ।

(ਅ) ਹਾਂ ।

(ੲ) ਇਹ ਨੀਤੀ ਰਾਜਾਂ ਦੇ ਮੁੱਖ ਮੰਤਰੀਆਂ ਦੇ ਮਸ਼ਵਰੇ ਨਾਲ ਕੇਂਦਰੀ ਸਰਕਾਰ ਹੀ ਬਣਾਉਂਦੀ ਹੈ ਅਤੇ ਜਿਥੋਂ ਤਕ ਨਵੀਂ ਰਬੀ ਦੀ ਫ਼ਸਲ ਦਾ ਸਬੰਧ ਹੈ ਉਸ ਨੇ ਇਸ ਬਾਰੇ ਅਜੇ ਤਕ ਕੋਈ ਫ਼ੈਸਲਾ ਨਹੀਂ ਕੀਤਾ ।]

ਕਾਮਰੇਡ ਦਲੀਪ ਸਿੰਘ ਟਪਿਆਲਾ : ਕਾਂਗਰਸ ਪਾਰਟੀ ਇਸ ਸਰਕਾਰ ਦੀ ਹਿਮਾਇਤ ਕਰਦੀ ਹੈ । ਇਸ ਨੇ ਫ਼ਰੰਟ ਸਰਕਾਰ ਦੇ ਵਕਤ ਗਵਰਨਰ ਦੇ ਭਾਸ਼ਨ ਵੇਲੇ ਸਟੇਟ ਟ੍ਰੇਡਿੰਗ ਦੇ ਹੱਕ ਵਿਚ, ਉਸ ਨੂੰ ਲਾਗੂ ਕਰਨ ਲਈ ਅਮੈਂਡਮੈਂਟ ਮੂਵ ਕੀਤੀ ਸੀ । ਕੀ ਹੁਣ ਇਹ ਸਰਕਾਰ ਉਸ ਨੂੰ ਲਾਗੂ ਕਰਨ ਲਈ ਤਿਆਰ ਹੈ ?

ਮੁੱਖ ਮੰਤਰੀ : ਜਦੋਂ ਉਸ ਵੇਲੇ ਕਾਂਗਰਸ ਵਾਲਿਆਂ ਨੇ ਮੰਗ ਕੀਤੀ ਸੀ ਤਾਂ ਜਵਾਬ ਦਿਤਾ ਸੀ ਕਿ ਹਾਲੇ ਇਸ ਲਈ ਤਿਆਰੀ ਅਧੂਰੀ ਹੈ । ਮੈਂ ਹਾਲੇ ਵੀ ਉਸੇ ਜਵਾਬ ਤੇ ਕਾਇਮ ਹਾਂ ।

चौधरी बलबीर सिंह : क्या यह बात इन के नोटिस में है कि मौके पर मकी की फसल की ठीक कीमत न मिलने की वजह से जिमीदारों की काफी फसल खराब हुई है ? उसके लिये कौन जिम्मेदार है ?

Mr. Speaker: Dces this supplementary arise out of this question ?

Chaudhri Balbir Singh: Sir, part (b) of the question reads as under :—

"Whether Government has decided to fix the price of foodgrains remunerative for the peasants as well as reasonable for consumers.'

Mr. Speaker: It is for the future.

ਮੁੱਖ ਮੰਤਰੀ : ਗੱਲ ਤਾਂ ਇਸ ਤਰ੍ਹਾਂ ਦੀ ਹੀ ਹੈ । ਮੈਂਬਰ ਸਾਹਿਬ ਜਵਾਬ ਮੰਗਦੇ ਹਨ। ਕੱਤੇ ਦੇ ਮਹੀਨੇ ਵਿਚ ਮੱਕੀ ਆਉਂਦੀ ਹੈ, ਉਦੋਂ ਅਸੀਂ ਨਹੀਂ ਸੀ ਆਏ । ਮੱਘਰ ਦੇ ਮਹੀਨੇ ਅਸੀਂ ਨਹੀਂ ਸੀ ਆਏ । ਪੋਹ ਦੇ ਮਹੀਨੇ ਦੇ ਨਜ਼ਦੀਕ ਆਏ ਹਾਂ । ਕੀਮਤ ਦੂਜੀ ਸਰਕਾਰ ਨੇ ਮੁਕੱਰਰ ਕੀਤੀ ਸੀ । ਅਸੀਂ ਸੈਂਟਰ ਦੀ ਸਰਕਾਰ ਨੂੰ ਲਿਖਿਆ ਹੈ ਅਤੇ 3 ਰੁਪਏ ਫ਼ੀ ਕਵਿੰਟਲ ਦੇ ਹਿਸਾਬ ਕੀਮਤ ਵਧਾਈ ਹੈ । ਇਸ ਦੇ ਬਾਵਜੂਦ ਇਹ ਸਰਕਾਰ ਸੈਟਿਸਫਾਈ ਨਹੀਂ ਹੋਈ । ਗ੍ਰੋਅਰ ਨੂੰ ਵਧ ਮੁੱਲ ਮਿਲਣਾ ਚਾਹੀਦਾ ਹੈ । ਇਸ ਬਾਰੇ ਲਿਖਾ ਪੜ੍ਹੀ ਹੋ ਰਹੀ ਹੈ । ਜਿਥੇ ਤਕ ਮੰਡੀਆਂ ਵਿਚੋਂ ਮੱਕੀ ਉਠਾਉਣ ਦਾ ਸਬੰਧ ਹੈ ਮੈਂ ਆਪਣੇ ਡਿਪਾਰਟਮੈਂਟ ਦੇ ਅਫਸਰਾਂ ਨਾਲ 7 ਤਰੀਕ ਨੂੰ ਮੀਟਿੰਗ ਕਰਦਾ ਹਾਂ ਜਿਸ ਵਿਚ ਸਾਰੀ ਹਾਲਤ ਦਾ ਜਾਇਜ਼ਾ ਲੈਂਦਾ ਹਾਂ । ਜਿੰਨੀ ਮੱਕੀ ਬਾਹਰ ਪਈ ਨਜ਼ਰ ਆਉਂਦੀ ਹੈ ਉਹ ਹਕੀਕਤ ਵਿਚ ਗ੍ਰੋਅਰ ਦੀ ਮੱਕੀ ਨਹੀਂ ਹੈ । ਉਹ ਹਿੰਦ ਸਰਕਾਰ ਦੀ ਏਜੰਸੀ ਦੀ ਮੱਕੀ ਹੈ । ਇਕ ਦੋ ਸ਼ਿਕਾਇਤਾਂ ਮੇਰੇ ਨੋਟਸ ਵਿਚ ਆਈਆਂ ਹਨ ਜਿਨ੍ਹਾਂ ਤੇ ਮੈਂ ਸਟਰਨ ਐਕਸ਼ਨ ਲਿਆ ਹੈ । ਪੰਜਾਬ ਦੀਆਂ ਮੰਡੀਆਂ ਵਿਚ ਜੋ ਅਨਾਜ ਜ਼ਿਮੀਂਦਾਰ ਲਿਆਉਂਦੇ ਹਨ ਉਹ ਅਸੀਂ ਦੇਖਦੇ ਹਾਂ ਕਿ ਉਹ ਚੁਕਿਆ ਜਾਵੇ ਅਤੇ ਉਸ ਨੂੰ ਪੇਮੈਂਟ ਕਿਸੇ ਹਾਲਤ ਵਿਚ ਵੀ 48 ਘੰਟੇ ਤੋਂ, ਵਧ ਲੇਟ ਨਾ ਹੋਵੇ ।

श्री प्रबोध चन्द्र : क्या चोफ मनिस्टर साहिब बताएंगे कि पीछे जो स्टोरेज कपैसिटी के न होने की बजह से नुकसान हो जाता रहा है और किसानों को कम कीमत मिलती रही है उस तजरूबे से फायदा उठाकर सरकार स्टोरेज कपैसिटी बढ़ा रही है ।

ਮੁੱਖ ਮੰਤਰੀ : ਮੈਂ ਬੜਾ ਮਸ਼ਕੂਰ ਹਾਂ ਕਿ ਇਨ੍ਹਾਂ ਨੇ ਬੜਾ ਵਕਤ ਸਿਰ ਸਵਾਲ ਉਠਾਇਆ ਹੈ ਅਤੇ ਚੰਗੀ ਗੱਲ ਪੁੱਛੀ ਹੈ । ਇਹ ਸਰਕਾਰ ਫ਼ੌਰੀ ਤੌਰ ਤੇ ਇਸ ਕੰਮ ਤੇ 1 ਕਰੋੜ 20 ਲਖ ਰੁਪਿਆ ਖ਼ਰਚ ਕਰ ਰਹੀ ਹੈ ਅਤੇ ਸਟੋਰਜ਼ ਬਣਾ ਰਹੀ ਹੈ । ਇਸ ਤੋਂ ਇਲਾਵਾ ਸੈਂਟਰਲ ਗੌਰਮੈਂਟ ਵੀ 8 ਜਗ੍ਹਾ ਤੇ ਸਟੋਰ ਬਣਾ ਰਹੀ ਹੈ ਅਤੇ ਅੰਦਾਜ਼ਨ 1 ਕਰੋੜ ਰੁਪਿਆ ਖਰਚ ਕਰ ਰਹੀ ਹੈ ।

ਕਾਮਰੇਡ ਦਲੀਪ ਸਿੰਘ ਟਪਿਆਲਾ : ਮੁੱਖ ਮੰਤਰੀ ਜੀ ਦਾ ਜਵਾਬ ਹੈ ਕਿ ਇਹ ਅਧੂਰੀ ਸਟੇਟ ਟ੍ਰੇਡਿੰਗ ਹੈ । ਕੀ ਇਹ ਆਪ ਦੀ ਸਰਕਾਰ ਦੇ ਵਕਤ ਵਿਚ ਹੀ ਪੂਰੀ ਹੋ ਜਾਵੇਗੀ ਜਾਂ ਤਦ ਤਕ ਇਸੇ ਹੀ ਤਰ੍ਹਾਂ ਚਲੇਗੀ ?

ਮੁੱਖ ਮੰਤਰੀ : ਇਸ ਦਾ ਆਪ ਨੂੰ ਭਰੋਸਾ ਹੋਣਾ ਚਾਹੀਦਾ ਹੈ । ਜਿੰਨੀ ਦੇਰ ਅਸੀਂ ਰਹਿਣਾ ਹੈ ਉਸ ਵਿਚ ਹੀ ਪੂਰਾ ਕਰ ਦਿਆਂਗੇ ।

(ਇਸ ਸਮੇਂ ਚੌਧਰੀ ਸੁੰਦਰ ਸਿੰਘ ਆਪਣੀ ਸੀਟ ਤੇ ਆਕੇ ਬੈਠਣ ਤੋਂ ਪਹਿਲਾਂ ਖੜੇ ਸਨ । ਸਪੀਕਰ ਸਾਹਿਬ ਨੇ ਉਨ੍ਹਾਂ ਨੂੰ ਸਪਲੀਮੈਂਟਰੀ ਸਵਾਲ ਕਰਨ ਲਈ ਕਾਲ ਕੀਤਾ । ਇਸ ਤੇ ਹਾਲ ਵਿਚ ਹਾਸਾ ਪੈ ਗਿਆ ਕਿਉਂਕਿ ਉਹ ਕੋਈ ਸਪਲੀਮੈਂਟਰੀ ਪੁੱਟ ਕਰਨ ਲਈ ਨਹੀਂ ਸਨ ਖੜੇ ਹੋਏ ।

ਸ੍ਰੀ ਸਪੀਕਰ : ਇਹ ਕਿੰਨੀ ਦੇਰ ਤੋਂ ਆਪਣੀ ਸੀਟ ਤੇ ਖੜੇ ਸਨ ਅਤੇ ਚੂੰਕਿ ਇਨ੍ਹਾਂ ਨੇ ਕਦੇ ਸਵਾਲ ਨਹੀਂ ਸੀ ਪੁੱਛਿਆ ਤਾਂ ਤੇ ਇਨ੍ਹਾਂ ਨੂੰ ਸਵਾਲ ਕਰਨ ਲਈ ਕਾਲ ਅਪੌਨ ਕਰ ਲਿਆ ਕਿ ਜੇਕਰ ਇਹ ਸਵਾਲ ਪੁੱਛਣਾ ਚਾਹੁੰਦੇ ਹਨ ਤਾਂ ਪੁੱਛ ਲੈਣ । (The hon. Member Chaudhri Sunder Singh has been standing in his seat for a pretty long time. Since he has never put any supplementary question I called upon him to do so if he wanted to ask one.)

ਕੈਪਟਨ ਰਤਨ ਸਿੰਘ : ਕੀ ਮੁੱਖ ਮੰਤਰੀ ਜੀ ਇਹ ਦੱਸਣਗੇ ਕਿ ਕੀ ਇਹ 12 ਫੀਸਦੀ ਗਿਲ ਵਾਲੀ ਸ਼ਰਤ ਮੁਆਹਦੇ ਵਿਚੋਂ ਉੜਾਉਣ ਲਈ ਤਿਆਰ ਹਨ ਜਿਸ ਅਨੁਸਾਰ ਮੱਕੀ ਵਿਚ 12 ਫੀਸਦੀ ਤੋਂ ਘਟ ਗਿਲ ਹੋਣੀ ਚਾਹੀਦੀ ਹੈ ਜੋ ਕਿ ਧੁਪ ਵਿਚ ਨਹੀਂ ਹੋ ਸਕਦੀ, ਡਰਾਇਰ ਨਾਲ ਹੋ ਸਕਦੀ ਹੈ ਜੋ ਕਿਸਾਨਾਂ ਪਾਸ ਨਹੀਂ ਹੁੰਦਾ ।

ਮੁੱਖ ਮੰਤਰੀ : ਇਹ ਠੀਕ ਹੈ ਕਿ ਇਹ ਮੁਆਹਦਾ ਪਿਛਲੀ ਸਰਕਾਰ ਦਾ ਕੀਤਾ ਹੋਇਆ ਹੈ । ਮੇਰੀ ਰਾਏ ਮੁਤਾਬਕ ਉਹ ਕੋਈ ਸੋਚ ਸਮਝ ਕੇ ਨਹੀਂ ਕੀਤਾ ਗਿਆ ਅਤੇ ਇਸ 12 % ਦੀ ਆੜ ਵਿਚ ਬਹੁਤ ਸਾਰੇ ਜ਼ਿਮੀਂਦਾਰਾਂ ਨਾਲ ਧੱਕਾ ਹੋਇਆ ਹੈ । ਇਸ ਨਾਲ ਜ਼ਿਮੀਂਦਾਰ ਦੀ ਕਿਸਮਤ ਇਸ ਗੱਲ ਤੇ ਮੁਨਹਸਰ ਰਹਿੰਦੀ ਹੈ ਕਿ ਇਨਸਪੈਕਟਰ ਕਿੰਨੇ ਪਰਸੈਂਟ ਮਾਇਸਚਰ ਦੱਸਦਾ ਹੈ । ਬਹੁਤ ਸਾਰੇ ਭਰਾਵਾਂ ਨੂੰ ਪਤਾ ਹੋਵੇਗਾ ਕਿ ਖੰਨੇ ਵਿਚ ਇਕ ਇਨਸਪੈਕਟਰ ਨੇ ਇਸ ਗੱਲ ਦਾ ਫਾਇਦਾ ਉਠਾ ਕੇ ਇਹ ਕਹਿ ਕੇ ਕਿ ਮੱਕੀ ਗਿਲੀ ਹੈ ਛੱਡ ਦਿਤੀ । ਉਹ ਵਪਾਰੀਆਂ ਨੇ ਲੋ ਰੇਟ ਤੇ ਖਰੀਦ ਲਈ ਅਤੇ ਉਥੋਂ ਚੁਕ ਕੇ ਜਗਰਾਵਾਂ ਦੀ ਮੰਡੀ ਵਿਚ ਲੈ ਜਾ ਕੇ ਹਾਈਐਸਟ ਪ੍ਰਾਈਸ ਲਈ । ਉਸ ਕੇਸ ਵਿਚ ਇਹ ਅਹਿਸਾਸ ਕੀਤਾ ਗਿਆ ਕਿ ਜੇ ਸਿਵਲ ਸਪਲਾਈ ਵਾਲੇ ਜ਼ਿਆਦਾ ਧਿਆਨ ਦੇਂਦੇ ਤਾਂ ਐਸਾ ਕੰਮ ਨਾ ਹੋ ਸਕਦਾ ।

ਉਸ ਵਿਚ ਦੋ ਗਜ਼ਟਿਡ ਅਤੇ ਦੋ ਨਾਨ-ਗਜ਼ਟਿਡ ਅਫ਼ਸਰ ਇਨਵਾਲਵਡ ਸਨ । ਉਨ੍ਹਾਂ ਨੂੰ ਮੁਅੱਤਲ ਕਰ ਦਿਤਾ ਗਿਆ ਹੈ । (ਆਵਾਜ਼ਾਂ; ਗੁੱਡ) ਜਿਨ੍ਹਾਂ ਵਪਾਰੀਆਂ ਨੇ ਇਸ ਤਰ੍ਹਾਂ ਅਫ਼ਸਰਾਂ ਨਾਲ ਮਿਲ ਕੇ ਕੀਤਾ ਉਨ੍ਹਾਂ ਦੇ ਲਾਇਸੈਂਸ ਜ਼ਬਤ ਕਰ ਲਏ ਹਨ । ਗੌਰਮੈਂਟ ਆਫ ਇੰਡੀਆ ਦੇ ਜਿਨ੍ਹਾਂ ਕਰਮਚਾਰੀਆਂ ਨੇ ਗੌਰਮੈਂਟ ਆਫ਼ ਇੰਡੀਆਂ ਨੂੰ ਧੋਖਾ ਦਿਤਾ ਉਨ੍ਹਾਂ ਨੂੰ ਦਿਲੀ ਚਿੱਠੀ ਲਿਖ ਕੇ ਸਸਪੈਂਡ ਕਰਵਾ ਦਿਤਾ ਹੈ ਅਤੇ ਕੇਸ ਸਪੈਸ਼ਲ ਪੁਲਿਸ ਨੂੰ ਦੇ ਦਿਤਾ ਗਿਆ ਹੈ । ਮੈਂ ਆਪ ਇਸ ਕੇਸ ਤੇ ਪਰਸਨਲ ਆਈ ਰਖ ਰਿਹਾ ਹਾਂ ਅਤੇ ਸਾਰੇ ਪੰਜਾਬ ਵਿਚ ਆਰਡਰ ਕਰ ਦਿਤਾ ਹੈ ਕਿ ਜਿਥੇ ਕਿਤੇ ਵੀ ਫ਼ਰਾਡ ਕੀਤਾ ਗਿਆ ਹੈ ਮੇਰੇ ਨੋਟਸ ਵਿਚ ਲਿਆਉ । ਮੈਂ ਐਕਸ਼ਨ ਲਵਾਂਗਾ ਅਤੇ ਉਸ ਕਾਰਨ ਨੂੰ ਹਟਾ ਦਿਤਾ ਜਾਵੇਗਾ ਜਿਸ ਕਰਕੇ ਰੇਟ ਵਿਚ ਐਨਾ ਡਿਫਰੈਂਸ ਰਖ ਕੇ ਕਿਸਾਨ ਨੂੰ ਇਨਸਪੈਕਟਰਾਂ ਦੇ ਰਹਿਮ ਤੇ ਕਰਮ ਤੇ ਛਡ ਦਿਤਾ ਜਾਂਦਾ ਹੈ ਜੋ ਫਸਲ ਲ ਕੇ ਆਉਂਦਾ ਹੈ ।

ਸ੍ਰੀ ਸੱਤਪਾਲ ਡਾਂਗ : ਕੀ ਚੀਫ਼ ਮਨਿਸਟਰ ਸਾਹਿਬ ਦੱਸਣਗੇ ਕਿ ਉਨ੍ਹਾਂ ਨੇ ਜੋ ਗੌਰਮੈਂਟ ਆਫ਼ ਇੰਡੀਆ ਨੂੰ ਰੀਪਰੇਜ਼ੈਂਟ ਕੀਤਾ ਤੇ ਮੱਕੀ ਦਾ ਪ੍ਰੋਕਿਉਰਮੈਂਟ ਰੇਟ 3 ਰੁਪਏ ਵਧ ਗਿਆ, ਇਹ ਰੇਟ ਕਦੋਂ ਤੋਂ ਵਧਿਆ ਹੈ ਅਤੇ ਜੇਕਰ ਰੇਟ ਵਧੇ ਨੇ ਤਾਂ ਅਸ ਵੇਲੇ ਕੀ ਰੇਟ ਹੈ ?

ਮੁੱਖ ਮੰਤਰੀ : ਮੰਡੀ ਦੇ ਭਾਅ ਨਾਲ ਪਹਿਲਾਂ 53 ਰੁਪਏ ਕੁਇੰਟਲ ਸੀ ਹੁਣ 56 ਰੁਪਏ ਹੈ । ਇਸੇ ਤਰ੍ਹਾਂ ਦੋ ਜਾਂ ਤਿੰਨ ਰੁਪਏ ਬਾਜਰੇ ਵਿਚ ਵੀ ਵਧਾ ਦਿਤੇ ਗਏ ਨੇ ।

(ਵਿਘਨ)

ਸ਼੍ਰੀ ਸਤਪਾਲ ਡਾਂਗ : ਇਹ ਗੱਲ ਕਲੀਅਰ ਨਹੀਂ ਹੋਈ । ਮੈਂ ਤਾਂ ਉਹ ਪ੍ਰਕਿਉਰਮੈਂਟ ਰੇਟ ਪੁੱਛੇ ਹਨ ਜਿਸ ਰੇਟ ਤੇ ਫਾਰਮਰ ਕੋਲੋਂ ਪਰਚੇਜ਼ ਕੀਤਾ ਜਾਂਦਾ ਹੈ ਕਿ ਉਹ ਕਦੋਂ ਵਧਾਏ ਗਏ ਤੇ ਕੀ ਇਸ ਵੇਲੇ ਫਿਕਸਡ ਹਨ ਜਾਂ ਉਨ੍ਹਾਂ ਦਾ ਕੋਈ ਰੇਂਜ ਹੈ ।

ਮੁੱਖ ਮੰਤਰੀ : ਰੇਂਜ ਹੈ ਅਤੇ ਦੋ ਜਾਂ ਤਿੰਨ ਮਹੀਨੇ ਵਿਚ ਹੀ ਵਧੇ ਹਨ । ਮੈਨੂੰ ਐਗਜ਼ੈਕਟ ਡੇਟ ਇਸ ਸਮੇਂ ਨਹੀਂ ਪਤਾ ।

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਕੀ ਚੀਫ਼ ਮਨਿਸਟਰ ਸਾਹਿਬ ਦੱਸਣਗੇ ਕਿ ਕੀ ਜਿਹੜੇ ਫੂਡ ਅਤੇ ਸਿਵਲ ਸਪਲਾਈਜ਼ ਦੇ ਅਫ਼ਸਰ ਪ੍ਰੋਕਿਉਰਮੈਂਟ ਰੇਟ ਵਿਚ ਕੁਰੱਪਸ਼ਨ ਕਰਦੇ ਫੜੇ ਗਏ ਕੀ ਇਹ ਉਹੀ ਅਫਸਰ ਨੇ ਜਿਨ੍ਹਾਂ ਨੇ ਪਿਛਲੇ ਦਿਨੀ ਪ੍ਰੋਕਿਉਰਮੈਂਟ ਰਾਹੀਂ ਪੈਸਾ ਇਕੱਠਾ ਕਰਕੇ ਕਮਿਊਨਿਸਟ ਪਾਰਟੀ ਨੂੰ 32 ਕਮਰਿਆਂ ਦਾ ਦਫਤਰ ਬਣਾਉਣ ਲਈ ਦਿਤਾ ।

(ਵਿਘਨ) (ਸ਼ੋਰ)

ਮੁੱਖ ਮੰਤਰੀ : ਐਸੀ ਸ਼ਿਕਾਇਤ ਆਈ ਹੈ ਜਿਸ ਵਿਚ ਐਸੀਆਂ ਐਲੀਗੇਸ਼ਨਜ਼ ਹਨ ਪਰ ਮੈਂ ਨਹੀਂ ਕਹਿ ਸਕਦਾ ਕਿ ਇਹ ਸਹੀ ਹਨ ਜਾਂ ਨਹੀਂ ਅਤੇ ਕਿਥੇ ਤਕ ਗਲਤ ਹਨ । ਇਹ ਕਹਿਣਾ ਕਿ ਕਿਸੇ ਪਾਰਟੀ ਨੇ ਐਸਾ ਕੀਤਾ ਜਾਂ ਨਹੀਂ ਕੀਤਾ ਠੀਕ ਨਹੀਂ ਜਦ ਤਕ ਕਿ ਮੈਂ ਥਾਰੋਲੀ ਆਪ ਇਨਵੈਸਟੀਗੇਸ਼ਨ ਨਾ ਕਰ ਲਵਾਂ, ਮੇਰੇ ਵਾਸਤੇ ਇਸ ਵੇਲੇ ਕੁਝ ਕਹਿਣਾ ਔਖਾ ਹੈ । (ਵਿਘਨ)

Shri Satya Pal Dang : It is absolutely false, slander and fabrication.

ਇਨ੍ਹਾਂ ਨੂੰ ਤਾਂ ਆਦਤ ਹੈ ਕਿਉਂਕਿ ਇਹ ਆਪ ਚੌਲਾਂ ਦਾ ਵਪਾਰ ਕਰਦੇ ਹਨ ਅਤੇ ਇਹ ਕੰਮ ਆਪ ਕਰਦੇ ਹਨ । (ਵਿਘਨ) (ਹਾਸਾ)

Acharya Prithvi Singh Azad: If my hon. friend is prepared to refer this matter to the Vigilance Department I am prepared to prove it.

ਸ਼੍ਰੀ ਸੱਤਪਾਲ ਡਾਂਗ : ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ । ਸਪੀਕਰ ਸਾਹਿਬ, ਇਨ੍ਹਾਂ ਦੀ ਜਿਥੇ ਮਰਜ਼ੀ ਹੈ ਇਸ ਨੂੰ ਰੈਫਰ ਕਰ ਦੇਣ । ਗੱਲ ਤਾਂ ਇਹ ਸੀ ਕਿ ਗਿਲ ਸਾਹਿਬ ਨੂੰ ਮੈਂ ਕਲ ਪੁੱਛਿਆ ਸੀ ਕਿ ਹੈਂਡ ਪਾਊਂਡਿਡ ਰਾਈਸ ਦੇ ਨਾਂ ਤੇ ਦੂਜਾ ਰਾਈਸ ਸਮਗਲ ਕਰਨ ਵਾਲੀਆਂ ਸੁਸਾਇਟੀਆਂ ਨੂੰ ਤੁਸੀਂ ਇਸ ਲਈ ਫਿਰ ਇਜਾਜ਼ਤ ਦੇ ਦਿੱਤੀ ਕਿਉਂਕਿ ਇਸ ਨਾਲ ਇਕ ਐਮ. ਐਲ. ਏ. ਸਾਹਿਬ ਦਾ ਸਬੰਧ ਸੀ । ਤਾਂ ਉਨ੍ਹਾਂ ਕਿਹਾ ਸੀ ਕਿ ਮੈਨੂੰ ਨਾਮ ਦੱਸ ਦਿਤਾ ਜਾਵੇ । ਮੈਂ ਹੁਣ ਉਨ੍ਹਾਂ ਨੂੰ ਨਾਮ ਦੱਸ ਦਿੰਦਾ ਹਾਂ ਇਹੋ ਹੀ ਉਹ ਮੈਂਬਰ ਹਨ ਜਿਹੜੇ ਕਿ ਮੇਰੇ ਪਾਸ ਉਨ੍ਹਾਂ ਸੋਸਾਇਟੀਆਂ ਦੀ ਸਿਫ਼ਾਰਸ਼ ਲੈ ਕੇ ਆਏ ਸਨ ।

ਦੂਜੀ ਗੱਲ ਇਨ੍ਹਾਂ ਨੇ ਕਮਿਊਨਿਸਟ ਪਾਰਟੀ ਬਾਰੇ ਕਹੀ ਹੈ । ਮੈਂ ਇਸ ਗੱਲ ਲਈ ਤਿਆਰ ਹਾਂ ਕਿ ਕਿਸੇ ਵੀ ਹਾਈ ਕੋਰਟ ਦੇ ਜੱਜ ਪਾਸੋਂ ਇਸ ਦੀ ਇਨਕੁਆਇਰੀ ਕਰਵਾ ਲਈ ਜਾਵੇ ਕਿ ਮੈਂ ਜਾਂ ਕਮਿਊਨਿਸਟ ਪਾਰਟੀ ਦੇ ਕਿਸੇ ਵੀ ਮੈਂਬਰ ਐਮ. ਐਲ. ਏ. ਨੇ ਇਕ ਪੈਸਾ ਵੀ ਕਿਸੇ ਤੋਂ ਰਿਸ਼ਵਤ ਦਾ ਲਿਆ ਹੋਵੇ ਤੇ ਜੇਕਰ ਸਾਬਤ ਹੋ ਜਾਵੇ ਤਾਂ ਜੋ ਸਜ਼ਾ ਤੁਸੀਂ ਕਹੋ ਭੁਗਤਣ ਲਈ ਤਿਆਰ ਹਾਂ । ਸਪੀਕਰ ਸਾਹਿਬ, ਇਨ੍ਹਾਂ ਨੇ ਤਾਂ 20 ਸਾਲ ਕਾਂਗਰਸ ਰਾਜ ਵਿਚ ਕੰਮ ਹੀ ਇਹ ਕੀਤਾ ਤੇ ਹੁਣ ਗੱਲਾਂ ਕਰਨ ਡ੍ਹਹੇ ਹੋਏ ਨੇ । (ਵਿਘਨ) (ਸ਼ੋਰ)

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਆਨ ਏ ਪੁਆਇੰਟ ਆਫ਼ ਪਰਸਨਲ ਐਕਸ-ਪਲੇਨੇਸ਼ਨ । ਸਪੀਕਰ ਸਾਹਿਬ, ਹੁਣੇ ਹੀ ਮੇਰੇ ਮਿੱਤਰ ਨੇ ਕੌਆਪਰੇਟਿਵ ਸੋਸਾਇਟੀਆਂ ਬਾਰੇ ਇਤਰਾਜ਼ ਕੀਤਾ ਹੈ ਜਿਹੜੀਆਂ ਕਿ ਚੋਲਾਂ ਦਾ ਕੰਮ ਕਰਦੀਆਂ ਹਨ । ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਪੰਜਾਬ ਖਾਦੀ ਬੋਰਡ ਨੇ 58 ਇਸ ਕਿਸਮ ਦੀਆਂ ਕੋਆਪਰੇਟਿਵ ਸੁਸਾਇਟੀਆਂ ਆਰਗੇਨਾਈਜ਼ ਕੀਤੀਆਂ ਹਨ ਜਿਨ੍ਹਾਂ ਨੂੰ ਖਾਦੀ ਕਮਿਸ਼ਨ ਅਤੇ ਪੰਜਾਬ ਗੌਰਮੈਂਟ ਕੰਮ ਚਲਾਉਣ ਵਾਸਤੇ ਪੈਸਾ ਦਿੰਦੀ ਹੈ । ਇਹ ਕਿਸੇ ਇਕ ਇੰਨਡੀਵੀਜੂਅਲ ਦੀਆਂ ਨਹੀਂ । ਮੇਰੇ ਦੋਸਤ ਨੇ ਇਤਰਾਜ਼ ਕੀਤਾ ਹੈ ਕਿਉਂਕਿ ਇਨ੍ਹਾਂ ਦੇ ਸਾਥੀ ਇਕ ਕੋਆਪਰੇਟਿਵ ਸੁਸਾਇਟੀ ਤੋਂ ਪੈਸੇ ਵਸੂਲ ਕਰਨਾ ਚਾਹੁੰਦੇ ਸਨ ਅਤੇ ਉਨ੍ਹਾਂ ਦੇ ਇਨਕਾਰ ਕਰਨ ਤੇ ਉਨ੍ਹਾਂ ਦੇ ਲਾਇਸੰਸ ਸਸਪੈਂਡ ਕਰ ਦਿਤੇ ਗਏ ।

(ਸ਼ੇਮ ਸ਼ੇਮ) (ਵਿਘਨ) (ਸ਼ੋਰ)

ਸ੍ਰੀ ਸੱਤਪਾਲ ਡਾਂਗ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਪਰਸਨਲ ਐਕਸ-ਪਲੇਨੇਸ਼ਨ ਇਹ ਮਾਮਲਾ ਬੜਾ ਸੀਰੀਅਸ ਹੋ ਗਿਆ ਹੈ ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਇਹ ਸਜਨ ਮੇਰੇ ਕੋਲ ਆਏ ਸਨ ਸਿਫਾਰਸ਼ ਕਰਨ ਕਿ ਇਨ੍ਹਾਂ ਸੋਸਾਇਟੀਆਂ ਨੂੰ ਲਾਇਸੰਸ ਦੇ ਦਿਤਾ ਜਾਵੇ । ਮਹਿਕਮੇ ਨੇ ਇਨਕੁਆਇਰੀ ਕਰਵਾਈ ਉਹ ਫੜੇ ਗਏ । ਗਿਲ ਸਾਹਿਬ ਉਸ ਮਹਿਕਮ ਦਾ ਉਸ ਸਮੇਂ ਦਾ ਰੀਕਾਰਡ ਮੰਗਵਾ ਕੇ ਵੇਖ ਲੈਣ, ਰੀਕਾਰਡ ਮੌਜੂਦ ਹੈ ਕਿ ਤਹਿਕੀਕਾਤ ਕਦੋਂ ਸ਼ੁਰੂ ਹੋਈ ਅਤੇ ਲਾਇਸੰਸ ਕਿਉਂ ਕੈਂਸਲ ਕੀਤੇ ਗਏ । ਬਾਕੀ ਆਜ਼ਾਦ ਸਾਹਿਬ ਨੇ ਜਿਹੜੇ ਇਲਜ਼ਾਮ ਲਗਾਏ ਹਨ, ਇਨ੍ਹਾਂ ਦੀ ਜਾਇਦਾਦ ਕਿਥੋਂ ਬਣੀ ਹੈ ਇਸ ਦੀ ਵੀ ਇਨਕੁਆਇਰੀ ਕੀਤੀ ਜਾਣੀ ਚਾਹੀਦੀ ਹੈ ਕਿ ਕਿਸ ਤਰ੍ਹਾਂ ਬਣੀ ਤਾਂ ਕਿ ਪਤਾ ਲਗ ਜਾਵੇ ਕਿ ਕੁਰਪਟ ਕੌਣ ਹੈ ਅਤੇ ਕਿਸ ਨੇ ਪੈਸੇ ਖਾਧੇ ਹਨ । ਇਹ ਸਾਰੀ ਤਹਿਕੀਕਾਤ ਹੋਣੀ ਚਾਹੀਦੀ ਹੈ ਕਿ ਆਜ਼ਾਦ ਸਾਹਿਬ ਨੇ ਅਤੇ ਇਨ੍ਹਾਂ ਦੀ ਵਾਈਫ ਨੇ ਹੁਣ ਤਕ ਕਿੰਨੀ ਜਾਇਦਾਦ ਬਣਾਈ ਹੈ । ਬੇਸ਼ਕ ਸਾਡੀ ਪਾਰਟੀ ਦੇ ਮੈਂਬਰਾਂ ਦੀ ਵੀ ਇਨਕੁਆਇਰੀ ਕਰਾ ਲਈ ਜਾਵੇ । ਮੇਰੀ ਤੇ ਮੇਰੀ ਪਾਰਟੀ ਦੇ ਕਿਸੇ ਐਮ. ਐਲ. ਏ. ਦੀ ਕਿਸੇ ਵੀ ਕੋਰਟ ਵਿਚ ਇਨਕੁਆਇਰੀ ਕਰਵਾ ਲਈ ਜਾਵੇ ਮੈਂ ਤਿਆਰ ਹਾਂ ਤਾਂ ਕਿ ਪਤਾ ਲਗ ਜਾਵੇ ਕਿ ਕਿਸ ਲੀਡਰ ਨੇ ਕਿਥੇ ਪੈਸੇ ਖਾਧੇ ਹਨ । ਆਜ਼ਾਦ ਸਾਹਿਬ ਦੀ ਵੀ ਇਨਕੁਆਇਰੀ ਕਰਾ ਲਈ ਜਾਵੇ ਤੇ ਨਾਲ ਹੀ ਗਿੱਲ ਸਾਹਿਬ ਦੀ, ਵੀ(ਵਿਘਨ) (ਸ਼ੋਰ)

ਮੁੱਖ ਮੰਤਰੀ : ਆਨ ਏ ਪੁਆਇੰਟ ਆਫ ਆਰਡਰ । ਸਪੀਕਰ ਸਾਹਿਬ, ਮੇਰਾ ਖਿਆਲ ਇਹ ਹੈ ਕਿ ਮੈਂਬਰ ਸਾਹਿਬ ਬੋਲਦੇ ਹੋਏ ਕੋਈ ਗ਼ਲਤੀ ਖਾ ਗਏ ਹਨ । ਮੈਂ ਇਹ ਸਮਝਿਆ ਹੈ ਕਿ ਉਨ੍ਹਾਂ ਨੇ ਕਿਹਾ ਹੈ ਕਿ ਗਿਲ ਸਾਹਿਬ ਦੀ ਵੀ ਇਨਕੁਆਇਰੀ ਕਰਵਾ ਲਈ ਜਾਵੇ । ਆਜ਼ਾਦ ਸਾਹਿਬ ਦੀ ਵੀ ਕਰਾ ਲਈ ਜਾਵੇ । ਮੈਂ ਪੁਛਣਾ ਚਾਹੁੰਦਾ ਹਾਂ ਕਿ ਗਿਲ ਸਾਹਿਬ ਦੀ ਇਨਕੁਆਰੀ ਕਿਸ ਗੱਲ ਦੀ ਕਰਾਉਣੀ ਹੈ, ਕਿਸ ਤਰੀਕੇ ਨਾਲ ਕਰਾਉਣਾ ਚਾਹੁੰਦੇ ਹੋ ਅਤੇ ਕਿਸ ਜੁਰਮ ਵਿਚ ਕਰਾਉਣਾ ਚਾਹੁੰਦੇ ਹੋ । ਮੈਂ ਚੈਲੰਜ ਕਰਦਾ ਹਾਂ ਕਿ ਸੰਨ 1938 ਤੋਂ ਲੈ ਕੇ ਸੰਨ 1968 ਤਕ ਜਿਹੜੀ ਮੇਰੀ ਜਾਇਦਾਦ ਹੈ ਉਸ ਦੀਆਂ ਹਰ ਸਾਲ ਦੀਆਂ ਫਿਗਰਜ਼ ਬਾਕਾਇਦਾ ਉਨ੍ਹਾਂ ਤੇ ਭਰੇ ਗਏ ਟੈਕਸ ਦੀਆਂ ਫਿਗਰਜ਼ ਅਤੇ ਸਾਰਾ ਹਿਸਾਬ ਮੇਰੇ ਪਾਸ ਮੌਜੂਦ ਹੈ ਇਸ ਲਈ ਮੈਂ ਡਾਂਗ ਸਾਹਿਬ ਨੂੰ ਕਹਾਂਗਾ ਕਿ ਜਾਂ ਤਾਂ ਉਹ ਇਹ ਲਫਜ਼ ਆਪਣੇ ਵਾਪਿਸ ਲੈਣ ਜਾਂ ਮੈਨੂੰ ਦੱਸਣ ਕਿ ਕਿਸ ਬਿਨਾ ਤੇ ਮੇਰੀ ਇਨਕੁਆਇਰੀ ਕਰਾਉਣਾ ਚਾਹੁੰਦੇ ਹਨ । ਮੈਂ ਇਹ ਸਮਝਦਾ ਹਾਂ ਕਿ ਉਨ੍ਹਾਂ ਨੇ ਬੋਲਦੇ ਹੋਏ ਇਹ ਕਿਹਾ ਹੈ ਕਿ ਆਜ਼ਾਦ ਸਾਹਿਬ ਦੀ ਵੀ ਕਰਵਾ ਲੈਣ ਤੇ ਗਿਲ ਸਾਹਿਬ ਦੀ ਵੀ ਕਰਾ ਲੈਣ.... (ਵਿਘਨ)

ਸ੍ਰੀ ਸੱਤਪਾਲ ਡਾਂਗ: ਸਪੀਕਰ ਸਾਹਿਬ, ਗੱਲ ਇਹ ਸੀ ਕਿ ਮੈਂ ਗਿਲ ਸਾਹਿਬ ਨੂੰ ਕਲ ਇਹ ਸਵਾਲ ਪੁਛਿਆ ਸੀ ਕਿ ਹੈਂਡ ਪਾਊਡਿੰਗ ਸੋਸਾਇਟੀਆਂ ਦੇ ਲਾਇਸੰਸ ਕੈਂਸਲ ਕੀਤੇ ਗਏ ਤੇ ਉਨ੍ਹਾਂ ਸੋਸਾਇਟੀਆਂ ਦੀ ਡੀਪਾਰਟਮੈਂਟਲ ਇਨਕੁਆਇਰੀ ਹੋਈ। ਗਿੱਲ ਸਾਹਿਬ ਨੇ ਇਸ ਗੱਲ ਨੂੰ ਮੰਨਿਆ ਹੈ, ਮੈਂ ਜਦ ਇਹ ਪੁਛਿਆ ਕਿ ਇਨ੍ਹਾਂ ਦੇ ਲਾਇਸੰਸ ਫਿਰ ਕਿਉਂ ਜਾਰੀ ਕਰ ਦਿੱਤੇ, ਇਸ ਕਰਕੇ ਕਿ ਇਨ੍ਹਾਂ ਸੋਸਾਇਟੀਆਂ ਦੇ ਸਪੋਰਟਰ ਇਕ ਐਮ. ਐਲ. ਏ. ਸਾਹਿਬ ਹਨ। ਇਸ ਕਰਕੇ ਇਨ੍ਹਾਂ ਨੂੰ ਮੁੜ ਇਜਾਜ਼ਤ ਦੇ ਦਿੱਤੀ ਗਈ ਤਾਂ ਇਨ੍ਹਾਂ ਨੇ ਮੈਥੋਂ ਉਸ ਐਮ. ਐਲ. ਏ. ਦਾ ਨਾਂ ਪੁਛਿਆ, ਉਹ ਹੁਣ ਮੈਂ ਦੱਸ ਦਿੱਤਾ ਹੈ, ਕਿ ਇਹੀ ਉਹ ਐਮ. ਐਲ. ਏ. ਹਨ। ਇਸ ਲਈ ਇਨ੍ਹਾਂ ਦੀ ਜਾਇਦਾਦ ਦੀ ਅਤੇ ਇਨ੍ਹਾਂ ਦੀ ਵਾਇਫ ਦੇ ਨਾਮ ਜੋ ਜਾਇਦਾਦ ਹੈ ਉਸ ਦੀ ਇਨਕੁਆਇਰੀ ਕਰਵਾ ਲਈ ਜਾਵੇ ਅਤੇ ਗਿਲ ਸਾਹਿਬ ਇਹ ਵੇਖ ਲੈਣ ਕਿ ਕਦੋਂ ਹੈਂਡਪਾਊਂਡਿੰਗ ਰਾਈਸ ਦੀਆਂ ਸੋਸਾਇਟੀਆਂ ਦਾ ਮਾਮਲਾ ਟੇਕਅਪ ਹੋਇਆ ਅਤੇ ਕਦੋਂ ਪਹਿਲਾਂ ਇਨਕੁਆਇਰੀ ਕੀਤੀ ਗਈ ਸੀ ਅਤੇ ਕਦੋਂ ਉਨ੍ਹਾਂ ਨੂੰ ਫੜਿਆ ਗਿਆ ਸੀ ਰਾਈਸ ਸਮਗਲ ਕਰਦੇ। ਇਸ ਸਾਰੀ ਗੱਲ ਦੀ ਗਿਲ ਸਾਹਿਬ ਇਨਕੁਆਇਰੀ ਕਰਵਾ ਲੈਣ। ਬਾਕੀ ਗਿਲ ਸਾਹਿਬ ਦੀ ਜਾਇਦਾਦ ਦੇ ਬਾਰੇ ਵਿਚ ਮੈਂ ਤਾਂ ਕਿਹਾ ਨਹੀਂ। ਇਨ੍ਹਾਂ ਦੀ ਜ਼ਾਤੀ ਜਾਇਦਾਦ ਬਾਰੇ ਸ੍ਰੀ ਪ੍ਰਬੋਧ ਚੰਦਰ ਨੇ ਇਲਜ਼ਾਮ ਲਗਾਏ ਸਨ, ਉਨ੍ਹਾਂ ਨਾਲ ਭਾਵੇਂ ਗੱਲ ਕਰ ਲੈਣ। ਮੈਂ ਤਾਂ ਇਤਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਤਕ ਕਮਿਊਨਿਸਟ ਪਾਰਟੀ ਦੇ ਕਿਸੇ ਮੈਂਬਰ ਦਾ ਸਵਾਲ ਹੈ ਜਾਂ ਮੇਰਾ ਸਵਾਲ ਹੈ ਮੈਂ ਹਾਈਐਸਟ ਜੁਡੀਸ਼ਲ ਟ੍ਰਿਬਿਊਨਲ ਦੇ ਸਾਹਮਣੇ ਜਾਣ ਨੂੰ ਤਿਆਰ ਹਾਂ ਅਤੇ ਇਨਕੁਆਇਰੀ ਕਰਵਾਣ ਨੂੰ ਤਿਆਰ ਹਾਂ ਤਾਂਕਿ ਪਤਾ ਲਗ ਸਕੇ ਕਿ ਪੈਸਾ ਕਿਸ ਖਾਧਾ ਹੈ, ਇਨ੍ਹਾਂ ਨੇ ਜਾਂ ਅਸੀਂ। ਕਾਂਗਰਸ ਦੇ ਲੀਡਰਾਂ ਦੇ ਬਾਰੇ ਵਿਚ ਤਾਂ ਪਹਿਲਾਂ ਹੀ ਕਮਿਸ਼ਨ ਅਤੇ ਇਨਕੁਆਇਰੀਆਂ ਬੈਠੀਆਂ ਸਨ। ਦਾਸ ਕਮਿਸ਼ਨ ਦੀ ਰਿਪੋਰਟ ਸਾਡੇ ਸਾਹਮਣੇ ਹੈ। ਉੜੀਸਾ ਵਿਚ ਕੀ ਕੁਝ ਕੀਤਾ ਗਿਆ ਉਸ ਦੀ ਰਿਪੋਰਟ ਸੈਂਟਰਲ ਗੌਰਮੈਂਟ ਨੇ ਦਬਾ ਕੇ ਰਖੀ ਹੋਈ ਹੈ। ਮੈਂ ਤੁਹਾਡੇ ਰਾਹੀਂ, ਸਪੀਕਰ ਸਾਹਿਬ, ਆਜ਼ਾਦ ਸਾਹਿਬ ਨੂੰ ਅਤੇ ਕਾਂਗਰਸ ਦੇ ਮੈਂਬਰਾਂ ਨੂੰ ਕਹਾਂਗਾ ਕਿ ਬੇਸ਼ਕ ਇਨਕੁਆਇਰੀ ਕਰਵਾ ਲੈਣ। ਇਨ੍ਹਾਂ ਨੂੰ ਆਪਣਾ ਤਾਂ ਪਹਿਲਾਂ ਹੀ ਪਤਾ ਹੈ ਕਮਿਊਨਿਸਟ ਪਾਰਟੀ ਅਤੇ ਇਸ ਦੇ ਹਰ ਇਕ ਮੈਂਬਰ ਨੇ ਆਜ਼ਾਦੀ ਲਈ ਮਿਹਨਤ ਕਸ਼ਾਂ ਦਾ ਖੂਨ ਅਤੇ ਜਾਨਾਂ ਦਿਤੀਆਂ। (ਪ੍ਰਸ਼ੰਸਾ) (ਵਿਰੋਧੀ ਦਲ ਵਲੋਂ ਵਿਘਨ) ਸਪੀਕਰ ਸਾਹਿਬ, ਕਾਂਗਰਸ ਪਾਰਟੀ ਦੇ ਇਕ ਇਕ ਲੀਡਰ ਨੇ ਕਿਸ ਤਰੀਕੇ ਨਾਲ ਪਿਛਲੇ 20 ਸਾਲ ਵਿਚ ਭ੍ਰਿਸ਼ਟਾਚਾਰ ਕਰ ਕਰਕੇ ਮਹਲ ਖੜੇ ਕਰ ਲਏ .. .. (ਵਿਘਨ) (ਸ਼ੋਰ)।

ਸ੍ਰੀ ਸਪੀਕਰ : ਪਲੀਜ਼ ਟੇਕ ਯੋਅਰ ਸੀਟ। ਇਹ ਪਾਰਟੀ ਪ੍ਰਾਪੇਗੰਡੇ ਦੀ ਥਾਂ ਨਹੀਂ। ਇਸ ਗਲ ਨੂੰ ਆਜ਼ਾਦ ਸਾਹਿਬ ਨੇ ਸ਼ੁਰੂ ਕੀਤਾ ਤੇ ਵਧਦੀ ਵਧਦੀ ਇਥੇ ਤਕ ਪਹੁੰਚ ਗਈ। ਮੈਂ ਇਹ ਦਸ ਦੇਵਾਂ ਕਿ ਚੀਫ ਮਨਿਸਟਰ ਦੀ ਤਕਰੀਰ ਵਿਚ ਅਤੇ ਗਵਰਨਰ ਸਾਹਿਬ ਦੇ ਐਡਰੈਸ ਵਿਚ ਇਹ ਚੀਜ਼ ਅਗੇ ਹੀ ਆ ਚੁਕੀ ਹੈ ਕਿ ਐਮ. ਐਲ. ਏਜ਼ ਸਾਬਕ ਜਾਂ ਮੌਜੂਦਾ, ਪਹਿਲੇ ਮਨਿਸਟਰ ਜਾਂ ਪ੍ਰੈਜ਼ੈਂਟ ਮਨਿਸਟਰਾਂ ਦੀ ਜਾਇਦਾਦ ਦੀ ਇਨਕੁਆਇਰੀ ਕਰਾਣ ਲਈ ਇਕ ਕਮੇਟੀ ਬਣਾਈ ਜਾਵੇਗੀ। ਇਹ ਜਿਹੜੀਆਂ ਤੁਸੀਂ ਗੱਲਾਂ ਕਹਿ ਰਹੇ ਹੋ ਲਿਖ ਕੇ ਉਸ ਕਮੇਟੀ ਨੂੰ ਭੇਜ ਦਿੱਤੀਆਂ ਜਾਣ ਤਾਂ ਤੁਹਾਡੀਆਂ ਸਾਰੀਆਂ ਇਨਕੁਆਇਰੀਆਂ ਉਹ ਕਰ ਲੈਣਗੇ ਅਤੇ ਵੇਖ ਲੈਣਗੇ ਕਿ ਜਾਇਦਾਦ ਕਿਥੋਂ ਬਣੀ, ਕਿਵੇਂ ਬਣੀ। ਇਸ ਤਰ੍ਹਾਂ ਦੀਆਂ ਗੱਲਾਂ ਇਥੇ ਕਰਨ ਦਾ ਕੋਈ ਫਾਇਦਾ ਨਹੀਂ। ਆਈ ਥਿੰਕ ਇਟ ਸ਼ੁਡ ਸਟਾਪ ਨਾਉ। (ਵਿਘਨ) (Please

[ਸ੍ਰੀ ਸਪੀਕਰ]

take your seat. This is not the forum for party propaganda. The topic which was raised by the hon. Member Acharya Prithvi Sihgh Azad has ultimately taken this turn. I may state here that this point has already been mentioned in the speech of the Chief Minister and Governor's Address that a Committee will be constituted to inquire into the properties of the Ex. M. L.As. and Ex. Ministers as well as the present M. L. As. and Ministers, The details given by the hon. Member should be s nt to that Committee in writing and all the complaints will be enquired into by that committee and it will come to light as to how and from whom that property was acquired. It is no use of talking such matters over here. I think it should stop now.) (*Interruption*)

ਮੁੱਖ ਮੰਤਰੀ : ਇਨ੍ਹਾਂ ਦੇ ਕੁਐਸਚਨ ਦਾ ਜਵਾਬ ਬੜਾ ਸਿੱਧਾ ਜਿਹਾ ਸੀ । ਪਰ ਇਹ ਤਾਂ ਆਪਸ ਦੇ ਵਿਚ ਹੀ ਉਲਝ ਗਏ । ਮੈਂ ਤਾਂ ਉਨ੍ਹਾਂ ਨੂੰ ਇਹੋ ਗੱਲ ਆਖੀ ਸੀ ਕਿ ਕਿਸੇ ਨੇ ਕੰਪਲੇਂਟ ਕੀਤੀ ਹੈ ਪਰ ਉਹ ਅਜੇ ਤੱਕ ਵੈਰੀਫਾਈ ਨਹੀਂ ਹੋਈ । ਮੈਂ ਆਨਰੇਬਲ ਮੈਂਬਰ ਨੂੰ ਵੀ ਇਹੋ ਗੱਲ ਕਹੀ ਸੀ ਤੁਸੀਂ ਜੋ ਗੱਲ ਮੇਰੇ ਨੋਟਿਸ ਵਿਚ ਲਿਆਂਦੀ ਹੈ ਮੈਂ ਉਸ ਦੀ ਇਨਕੁਆਇਰੀ ਕਰਾ ਲਵਾਂਗਾ । ਹੋਰ ਗੱਲਾਂ ਵੀ ਜਿਹੜੀਆਂ ਮੇਰੇ ਨੋਟਿਸ ਵਿਚ ਆਈਆਂ ਹਨ ਮੈਂ ਉਨ੍ਹਾਂ ਦੀ ਵੀ ਇਨਕੁਆਇਰੀ ਕਰਾ ਲਵਾਂਗਾ । ਸਰਕਾਰ ਇਸ ਮੁਆਮਲੇ ਤੇ ਪੂਰੀ ਤਰ੍ਹਾਂ ਚੌਕੰਨੀ ਹੈ ।

10-00 a. m.

ਰਾਜ ਮੰਤਰੀ (ਸਰਦਾਰ ਨਰਿੰਦਰ ਸਿੰਘ) : ਮੈਂ ਅਰਜ਼ ਕਰਾਂਗਾ ਕਿ ਜਨਾਬ ਨੇ ਸਾਰੀਆਂ ਗੱਲਾਂ ਸੁਣੀਆਂ ਹਨ ਜਾਂ ਨਹੀਂ ਪਰ ਇਹ ਲੜਾਈ ਇਸ ਤਰ੍ਹਾਂ ਕਰਦੇ ਹਨ ਜਿਵੇਂ ਬਜ਼ਾਰ ਵਿਚ ਜਾਕੇ ਗੱਲਾਂ ਕੀਤੀਆਂ ਜਾਂਦੀਆਂ ਹਨ । ਇਹ ਏਥੋਂ ਤੱਕ ਚਲੇ ਗਏ ਕਿ ਇਕ ਨੇ ਦੂਸਰੇ ਦੀ ਮਿਸਿਜ਼ ਦਾ ਨਾਉਂ ਵੀ ਲਿਆ । ਮੈਂ ਅਰਜ਼ ਕਰਾਂਗਾ ਕਿ ਉਹ ਆਪੋ ਆਪਣੀ ਲੜਾਈ ਲੜਨ, ਬੁੱਢੀਆਂ ਦਾ ਨਾਉਂ ਉਹ ਕਿਉਂ ਲੈਂਦੇ ਹਨ ।

ਅਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਸਪੀਕਰ ਸਾਹਿਬ, ਇਸ ਹਾਊਸ ਵਿਚ ਮੇਰੇ ਦੋਸਤ ਨੇ ਮੇਰੇ ਤੇ ਅਤੇ ਮੇਰੀ ਧਰਮ-ਪਤਨੀ ਤੇ ਇਲਜ਼ਾਮ ਲਗਾਏ ਹਨ । ਉਨ੍ਹਾਂ ਨੇ ਕਿਹਾ ਹੈ ਕਿ ਜਦੋਂ ਮੈਂ ਕੈਬਨਿਟ ਵਿਚ ਮਨਿਸਟਰ ਸੀ ਤਾਂ ਮੈਂ ਇਸ ਅਹੁਦੇ ਦਾ ਨਾਜਾਇਜ਼ ਫਾਇਦਾ ਉਠਾਇਆ ਅਤੇ ਆਪਣੇ ਅਤੇ ਆਪਣੀ ਧਰਮ ਪਤਨੀ ਦੇ ਨਾਉਂ ਜਾਇਦਾਦ ਬਣਾਈ । ਮੈਂ ਅਰਜ਼ ਕਰ ਦਿਆਂ ਕਿ 1949 ਤੋਂ ਲੈਕੇ 1952 ਤਕ ਮੇਰੀ 10 ਵਾਰ ਇਨਕੁਆਇਰੀ ਹੋਈ । ਮੈਂ ਰਿਕੁਐਸਟ ਕਰਾਂਗਾ ਕਿ ਮੇਰੀ ਜਾਇਦਾਦ ਅਤੇ ਮੇਰੇ ਰਿਸ਼ਤੇਦਾਰਾਂ ਦੀ ਜਾਇਦਾਦ ਦੀ ਇਨਕੁਆਇਰੀ ਕਰਵਾ ਲਉ । ਦੂਸਰੇ ਪਾਸੇ ਡਾਂਗ ਸਾਹਿਬ ਦੀ ਜਾਇਦਾਦ ਦੀ ਇਨਕੁਆਇਰੀ ਕਰਵਾ ਲਉ ਜਿਨ੍ਹਾਂ ਨੇ ਪਾਰਟੀ ਦੇ ਨਾਉਂ ਫੋਰਸੀਬਲ ਕੁਲੈਕਸ਼ਨਜ਼ ਦੇ ਨਾਲ 32 ਕਮਰੇ ਦਾ ਦਫਤਰ ਬਣਾਇਆ ਹੋਇਆ ਹੈ । ਉਨ੍ਹਾਂ ਦੀ ਵੀ ਇਨਕੁਆਇਰੀ ਕਰਾ ਲਈ ਜਾਵੇ ।

ਸ੍ਰੀ ਸੱਤਪਾਲ ਡਾਂਗ : ਮੈਨੂੰ ਅਫਸੋਸ ਹੈ ਕਿ ਇਨ੍ਹਾਂ ਦੇ ਆਪਣੇ ਕਾਂਗਰਸ ਰਾਜ ਵਿਚ ਇਨ੍ਹਾਂ ਦੀ ਦਸ ਵਾਰ ਇਨਕੁਆਇਰੀ ਹੋਈ । ਤੁਸੀਂ ਅੰਦਾਜ਼ਾ ਲਾ ਲਉ ਆਪ ਹੀ ਇਨ੍ਹਾਂ ਦੀ ਬੇਈਮਾਨਦਾਰੀ ਦਾ ।

श्री प्रबोध चंद्र : मुझे सख्त अफसोस है, कि इस किसम के अलज़ाम और ऐसे इनसानों पर लगाये जाते हैं जिनको सुन कर मेरा सर शर्म से झुक जाता है । यहां पर डांग साहिब ने कहा कि पिछले 20 साल में ऐसा कांग्रेस का कोई लीडर नहीं जिसने अपनी पोज़ीशन का फायदा उठाते हुए जायदाद न बनाई हो । आज वह इस तरह की बात करते हैं । मैं उनसे ही पूछता हूँ कि क्या पिछले 20 साल में उन्होंने देश के साथ कोई गद्दारी नहीं की ? वह आज तक देश की आज़ादी की खातर चिल्लाते रहे मगर इसी मुल्क से गद्दारी करते रहे । मैं, स्पीकर साहिब, आप से अर्ज़ करूँगा कि इन तमाम अलफाज़ को या तो विदड्रा करवायें या इनके खिलाफ कोई कानूनी ऐक्शन लिया जाये वरना हम इजाज़त नहीं देंगे कि वह इस तरह गलत बयानी करते जाये और गला फाड़ फाड़ कर चीखते चले जायें । हम यह हरगिज़ बरदाश्त नहीं करेंगे कि यह कल के छोकरे इस तरह की बातें करें । (विघ्न-शोर)

ਸ੍ਰੀ ਸੱਤਪਾਲ ਡਾਂਗ : ਸਪੀਕਰ ਸਾਹਿਬ, ਤੁਸੀਂ ਸੁਣਿਆ ਹੈ, ਉਨ੍ਹਾਂ ਨੇ 'ਕਲ੍ਹ ਦੇ ਛੋਕਰੇ' ਕਿਹਾ ਹੈ ਮੈਂ ਦੱਸਾਂ ਉਨ੍ਹਾਂ ਨੂੰ ਕਿ ਉਹ ਕੀ ਹਨ ? I strongly object to this. He must apologise. (ਸ਼ੋਰ)

ਮੁੱਖ ਮੰਤਰੀ : ਇਸਤਰ੍ਹਾਂ ਇਹ ਗੱਲ ਨਹੀਂ ਮੁਕਣੀ । ਤੁਸੀਂ ਅਗਲਾ ਸਵਾਲ ਹੀ ਪੁਟ ਕਰ ਦਿਉ, ਆਪੇ ਮੁਕ ਜਾਵੇਗੀ ।

ਸ੍ਰੀ ਸੱਤਪਾਲ ਡਾਂਗ : ਸਪੀਕਰ ਸਾਹਿਬ, ਪੇਸ਼ਤਰ ਇਸ ਦੇ ਕਿ ਤੁਸੀਂ ਅਗਲੀ ਗੱਲ ਕਰੋ ਮੈਂ ਇਕ ਮਿੰਟ ਲਈ ਕੁਝ ਅਰਜ਼ ਕਰਨੀ ਚਾਹੁੰਦਾ ਹਾਂ । (ਰੌਲਾ)

ਸ੍ਰੀ ਸਪੀਕਰ : ਮੈਂ ਇਤਨਾਂ ਹੀ ਕਹਾਂਗਾ ਕਿ ਇਹ ਕੁਐਸਚਨ ਆਵਰ ਨੂੰ ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਕਿਉਂ ਖਰਾਬ ਕਰਦੇ ਹੋ । ਇਸ ਤਰ੍ਹਾਂ ਤਾਂ ਸਾਰੇ ਹੀ ਕੁਐਸਚਨ ਰਹਿ ਜਾਣਗੇ । ਇਹ ਗੱਲਾਂ ਤਾਂ ਤੁਸੀਂ ਬਾਹਰ ਕਰ ਸਕਦੇ ਹੋ । ਤੁਹਾਨੂੰ ਇਸ ਟਾਈਮ ਦਾ ਫਾਇਦਾ ਉਠਾਉਣਾ ਚਾਹੀਦਾ ਹੈ । (I would like to point out that the question hour should not be wasted by bringing in such things. In this way all the questions will be left over. The hon. members may carry on such talks out side the House. They should make proper use of the Question Hour.)

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਪ੍ਰਬੋਧ ਜੀ ਨੇ ਕੁਝ ਐਲੀਗੇਸ਼ਨਜ਼ ਲਾਈਆ ਹਨ ਜਿਨ੍ਹਾਂ ਦੀ ਮੈਂ ਵਜ਼ਾਹਤ ਚਾਹੁੰਦਾ ਹਾਂ। ਇਸ ਦੇ ਨਾਲ ਹੀ ਉਨ੍ਹਾਂ ਨੇ ਕੁਝ ਅਨਪਾਰਲੀਮੈਂਟਰੀ ਇਲਫਾਜ਼ ਵਰਤੇ ਹਨ । This is not proper on his part. ਇਸ ਬਾਰੇ ਮੈਂ ਦੋ ਫਿਕਰੇ ਕਹਿਣਾ ਚਾਹੁੰਦਾ ਹਾਂ । ਜਿਥੋਂ ਤਕ ਪਾਰਟੀ ਦੀ ਆਈਡੈਂਟਿਟੀ ਦਾ ਸਵਾਲ ਹੈ, ਮੈਂ ਅਰਜ਼ ਕਰਾਂਗਾ ਕਿ ਜਿਸ ਪਾਰਟੀ ਦੇ ਲੀਡਰਾਂ ਨੇ ਅਮਰੀਕਾ ਨਾਲ ਮਿਲਕੇ ਰੁਪਏ ਨੂੰ ਡੀਵੈਲੀਊ ਕੀਤਾ ਉਹ ਕਿਤਨੇ ਕੁ ਇਸ ਦੇਸ਼ ਦੇ ਵਫਾਦਾਰ ਹਨ । ਜਿਥੋਂ ਤੱਕ ਕੁਰਪਸ਼ਨ ਦਾ ਸਵਾਲ ਹੈ ਇਹ ਗੱਲ ਤਾਂ ਪੰਡਤ ਮੋਹਨ ਲਾਲ ਨੂੰ ਪੁਛੋ ਕਿ ਉਹ ਕਿਤਨੇ ਕੁ ਪਾਕ ਅਤੇ ਨੇਕ ਹਨ । ਪ੍ਰਬੋਧ ਜੀ ਹਮੇਸ਼ਾਂ ਛੋਕਰਾਪਨ ਕਰਦੇ ਆਏ ਹਨ । ਇਹ ਗੱਲ ਅੱਜ ਦੀ ਕੋਈ ਨਵੀਂ ਗਲ ਨਹੀਂ ਹੈ । ਸਪੀਕਰ ਸਾਹਿਬ, ਇਹ ਪਤਾ ਨਹੀਂ ਕਿਉਂ ਛੋਕਰਾ ਪਨ ਕਰਦੇ ਹਨ । ਪਤਾ ਨਹੀਂ ਕਿਸ ਕਿਸ ਦੇ ਉਹ ਛੋਕਰੇ ਹਨ ।

ਸ੍ਰੀ **ਲਾਲ ਚੰਦ ਸੱਬਰਵਾਲ** : ਸਪੀਕਰ ਸਾਹਿਬ, ਅਰਜ਼ ਇਹ ਹੈ ਕਿ ਜਦੋਂ ਵੀ ਕੋਈ ਮੈਂਬਰ ਇਸ ਤਰ੍ਹਾਂ ਗ਼ੈਰ ਜ਼ਿਮੇਵਾਰੀ ਨਾਲ ਰੀਮਾਰਕਸ ਕਰਦਾ ਹੈ ਤਾਂ ਇਸਦੇ ਨਾਲ ਸਾਰੇ ਹਾਊਸ ਵਿੱਚ ਗੜ-ਬੜ ਪੈ ਜਾਂਦੀ ਹੈ। ਅਸੀਂ ਵੇਖਿਆ ਹੈ ਕਿ ਹਾਊਸ ਵਿੱਚ ਵੱਡੀਆਂ ਵੱਡੀਆਂ ਗੱਲਾਂ ਕਹੀਆਂ ਜਾਂਦੀਆਂ ਹਨ ਪਰ ਅੱਜ ਤੱਕ ਇਸ ਤਰ੍ਹਾਂ ਦੀ ਸਲੈਂਡਰਸ ਗੱਲ ਕਦੇ ਵੀ ਨਹੀਂ ਹੋਈ।

ਸ੍ਰੀ **ਸੱਤਪਾਲ ਡਾਂਗ** : ਜੋ ਲਫਜ਼ ਹੁਣੇ ਪ੍ਰਬੋਧ ਜੀ ਨੇ ਵਰਤੇ ਸੀ ਉਨ੍ਹਾਂ ਬਾਰੇ ਮੈਂ, ਸਪੀਕਰ ਸਾਹਿਬ, ਤੁਹਾਡੀ ਰੂਲਿੰਗ ਮੰਗੀ ਸੀ ਕਿ ਇਹ ਲਫਜ਼ ਪਾਰਲੀਮੈਂਟਰੀ ਹਨ ਜਾਂ ਅਨਪਾਰਲੀ-ਮੈਂਟਰੀ ਹਨ। ਉਨ੍ਹਾਂ ਨੇ ਮੈਨੂੰ 'ਕਲ੍ਹ ਦਾ ਛੋਕਰਾ' ਕਿਹਾ ਸੀ।

ਸ੍ਰੀ **ਸਪੀਕਰ** : ਇਹ ਪਾਰਲੀਮੈਂਟਰੀ ਨਹੀਂ ਹਨ। (These words are unparliamentary.)

ਕਾਮਰੇਡ ਜੰਗੀਰ ਸਿੰਘ ਜੋਗਾ : ਸਪੀਕਰ ਸਾਹਿਬ, ਪ੍ਰਬੋਧ ਚੰਦਰ ਜੀ ਨੇ 'ਛੋਕਰਾ' ਸ਼ਬਦ ਵਾਪਸ ਨਹੀਂ ਲਿਆ। ਫਿਰ ਸਾਨੂੰ ਵੀ ਇਜਾਜ਼ਤ ਹੋਣੀ ਚਾਹੀਦੀ ਹੈ ਕਿ ਅਸੀਂ ਵੀ ਇਸ ਤਰ੍ਹਾਂ ਕਹਿ ਸਕੀਏ। (ਸ਼ੋਰ) (ਵਿਘਨ)

ਵਿੱਤ ਮੰਤਰੀ : ਇਹ ਪੰਜਾਬੀ ਦਾ ਮੁਹਾਵਰਾ ਹੈ। (ਸ਼ੋਰ)

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਇਹ ਜੋ ਕਾਰਵਾਈ ਹੋਈ ਹੈ, ਇਹ ਸਾਰੀ ਦੀ ਸਾਰੀ ਐਕਸਪੰਜ ਕਰ ਦਿੱਤੀ ਜਾਵੇ। ਇਹ ਡੀਜ਼ਾਇਰੇਬਲ (ਸ਼ੋਰ) ਨਹੀਂ ਹੈ।

ਸ੍ਰੀ **ਸਪੀਕਰ** : ਇਹ ਸਾਰੀ ਕਾਰਵਾਈ ਐਕਸਪੰਜ ਕਰ ਦਿਤੀ ਜਾਵੇ। (The whole of these proceedings be expunged.)

श्री **अ. विश्वनाथन** : आन ए प्वायंट आफ आर्डर, सर।

श्री **अध्यक्ष** : आप बैठ जाइए (The hon. member may please take his seat.)

श्री **अ. विश्वनाथन** : स्पीकर साहिब, मैं अर्ज़ करनी चाहता हूँ कि कुछ मैंबर खड़े होकर जो उनकी मर्ज़ी होती है कह देते हैं। फिर सारी कारवाई ऐक्सपंज कर दी जाती है। चाहे कोई कितने सीरियस मूड में चार्जिज लगाएं वह भी ऐक्सपंज कर दिये जाते हैं। वह ऐक्सपंज नहीं होने चाहिए। केवल अनपार्लियामैंट्री रिमार्कस ही एक्सपंज होने चाहिएं। (विघ्न) (शोर)

ਸ੍ਰੀ **ਸਪੀਕਰ** : ਚਲੋ ਲੀਡਰ ਆਫ਼ ਦੀ ਆਪੋਜ਼ੀਸ਼ਨ ਨੂੰ ਪੁਛ ਲੈਂਦੇ ਹਾਂ। (Let us seek the opinion of the Leader of the Opposition in this connection.)

ਸਰਦਾਰ ਗੁਰਨਾਮ ਸਿੰਘ : (ਆਪ ਇਸ ਵੇਲੇ ਸ੍ਰੀ ਡਿਪਟੀ ਸਪੀਕਰ ਨਾਲ ਕੋਈ ਗੱਲ ਕਰ ਰਹੇ ਸਨ) ਕੀ ਹੋਇਆ ਹੈ ਜੀ ? (ਹਾਸਾ) ਸਪੀਕਰ ਸਾਹਿਬ, ਮੈਨੂੰ ਇਸ ਗੱਲ ਵਿਚ ਹੁਣ ਕੋਈ ਇਤਰਾਜ਼ ਨਹੀਂ ਕਿ ਇਹ ਪੋਰਸ਼ਨ ਐਕਸਪੰਜ ਕਰ ਦਿੱਤਾ ਜਾਵੇ ਕਿਉਂਕਿ ਡਿਬੇਟ ਬਹੁਤ ਲੋ ਚਲੀ ਗਈ ਸੀ। ਵੈਸੇ ਮੇਰੀ ਰਾਏ ਹੈ ਕਿ ਜਿਹੜੇ ਸ਼ਬਦ ਅਨਪਾਰਲੀਮੈਂਟਰੀ ਨਾ ਹੋਣ ਇਹ ਐਕਸਪੰਜ ਨਹੀਂ ਹੋਣੇ ਚਾਹੀਦੇ। ਮੈਂ ਤੁਹਾਡੀ ਗੱਲ ਦੀ ਮੁਖਾਲਫਤ ਨਹੀਂ ਕਰਦਾ ਪਰ ਫਿਰ ਵੀ ਮੈਂ ਅਸੂਲ ਦੀ ਗੱਲ ਕਰਦਾ ਹਾਂ। (ਵਿਘਨ)

ਇਕ ਮਾਨਯੋਗ ਮੈਂਬਰ : ਕਹੋ ਤਾਂ ਇਹ ਪੋਰਸ਼ਨ ਵੀ ਰਹਿਣ ਦਈਏ ।

ਸਰਦਾਰ ਗੁਰਨਾਮ ਸਿੰਘ : ਬੇਸ਼ਕ ਰਹਿਣ ਦਿਉ । (ਸ਼ੋਰ)

ਸ਼੍ਰੀ ਸਪੀਕਰ : ਮੇਰਾ ਖਿਆਲ ਹੈ ਕਿ ਜਿਸ ਗੱਲ ਦਾ ਇਕ ਵਾਰ ਡਿਸੀਜ਼ਨ ਹੋ ਗਿਆ ਹੈ ਉਸ ਨੂੰ ਮੁੜਕੇ ਰੀਓਪਨ ਨਾ ਕੀਤਾ ਜਾਵੇ । (ਸ਼ੋਰ) (In my opinion, the matter which has once been decided should not be reopened.)

ਅਵਾਜ਼ਾਂ : ਠੀਕ ਹੈ । ਠੀਕ ਹੈ ।

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਇਸ ਦਾ ਇਕੋ ਹੀ ਇਲਾਜ ਹੈ ਕਿ ਜਦੋਂ ਕੋਈ ਮੈਂਬਰ ਅਨਪਾਰਲੀਮੈਂਟਰੀ ਸ਼ਬਦ ਬੋਲਦਾ ਹੈ ਤਾਂ ਉਸ ਨੂੰ ਉਸੇ ਵੇਲੇ ਚੈਕ ਕੀਤਾ ਜਾਵ । ਫਿਰ ਸਾਰੀ ਕਾਰਵਾਈ ਐਕਸਪੰਜ ਕਰਨ ਦੀ ਲੋੜ ਨਹੀਂ ਰਹੇਗੀ । ਜਦੋਂ ਕੋਈ ਮੈਂਬਰ ਅਨ-ਪਾਰਲੀਮੈਂਟਰੀ ਸ਼ਬਦ ਵਰਤਦਾ ਹੈ ਤਾਂ ਉਸ ਨੂੰ ਉਸੇ ਵੇਲੇ ਚੈਕ ਕਰੋ । ਇਹ ਨਹੀਂ ਕਿ ਜਦੋਂ ਸਾਰੀ ਡਿਬੇਟ ਹੋ ਜਾਵੇ ਇਸ ਨੂੰ ਐਕਸਪੰਜ ਕਰ ਦਿਤਾ ਜਾਵੇ ।

ਸ਼੍ਰੀ ਪ੍ਰਬੋਧ ਚੰਦਰ : ਆਨ ਏ ਪੁਆਇੰਟ ਆਫ ਆਰਡਰ, ਸਰ । (ਵਿਘਨ)? (ਸ਼ੋਰ) ਜਨਾਬੇਆਲੀ, ਇਸ ਹਾਊਸ ਦੀ ਇਹ ਕਨਵੈਨਸ਼ਨ ਹੈ ਕਿ ਇਸ ਹਾਊਸ ਵਿਚ ਬੈਠੇ ਹੋਏ ਮੈਂਬਰਾਂ ਤੇ ਕੋਈ ਮੈਂਬਰ ਚਾਰਜਿਜ਼ ਲਗਾ ਸਕਦਾ ਹੈ । ਕਲ ਡਾਂਗ ਸਾਹਿਬ ਨੇ ਕਾਂਗਰਸ ਪਾਰਟੀ ਬਾਰੇ ਕਿਹਾ ਸੀ ਕਿ ...... (ਸ਼ੋਰ)

ਆਵਾਜ਼ਾਂ : ਇਹ ਵੀ ਐਕਸਪੰਜ ਕਰਾ ਦਿਉ । (ਸ਼ੋਰ)

ਇਕ ਮਾਨਯੋਗ ਮੈਂਬਰ : ਇਸ ਮੈਂਬਰ ਨੂੰ ਵੀ ਐਕਸਪੰਜ ਕਰ ਦਿਉ । (ਸ਼ੋਰ)

ਸ਼੍ਰੀ ਸਪੀਕਰ : ਤੁਸੀਂ ਪੁਆਇੰਟ ਆਫ ਆਰਡਰ ਤੇ ਸਪੀਚ ਨਾਂ ਕੀਤਾ ਕਰੋ । (The hon. members should not make a speech on a Point of Order.)

ਸ਼੍ਰੀ ਪ੍ਰਬੋਧ ਚੰਦਰ : ਤੁਸੀਂ ਸੁਣ ਲਉ ।

ਸ਼੍ਰੀ ਸਪੀਕਰ : ਰੋਜ਼ ਸੁਣਦਾ ਹਾਂ । ਪੁਆਇੰਟ ਆਫ਼ ਆਰਡਰ ਤੇ ਸਪੀਚ ਨਾ ਕੀਤਾ ਕਰੋ । (I listen to hon. Members daily. He should not start making a speech on a Point of Order.)

Shri Prabodh Chandra : Sir, my point of order is that it is not permissible to blame or charge leaders of a party or the party as a whole (*Interruptions and Noise*). If they start levelling charges and counter-charges, it is not good or desirable.

CONSTRUCTION OF A CERTAIN LINK ROAD IN FEROZEPUR DISTRICT

***910. Sardar Mohinder Singh Gill** : Will the Minister of State for Public Works be pleased to state—

(a) the amount deposited in the Treasury by the Panchayat of village Ghall Khurd, tehsil and district Ferozepur, for the construction of a link road from the G.T. Road up to their village and the date when it was deposited;

Sardar Mohinder Singh Gill]

(b) the time by which the said link road is likely to be completed ?

Sardar Narinder Singh : (a) Rs. 3,750 (Rupees three thousand, seven hundred and fifty) were deposited by the panchayat before July,1966.

(b) The work will be completed during the next two years if funds required during the next year are provided by the Government.

ਚੌਧਰੀ ਦਰਸ਼ਨ ਸਿੰਘ : ਕੀ ਮੰਤਰੀ ਦਸਣਗੇ ਕਿ ਸਰਕਾਰ ਨੇ ਜੋ ਲਿੰਕ ਰੋਡਜ਼ ਬਣਾਉਣ ਦੀ ਅਨਾਊਂਸਮੈਂਟ ਕੀਤੀ ਸੀ ਉਸ ਵਿੱਚ ਕਿਤਨਾ ਸ਼ੇਅਰ ਗੌਰਮੈਂਟ ਦੇਵੇਗੀ ਤੇ ਕਿਤਨਾ ਲੋਕਾਂ ਨੂੰ ਦੇਣਾ ਪਏਗਾ ?

ਰਾਜ ਮੰਤਰੀ : ਇਸ ਸਵਾਲ ਵਿੱਚੋਂ ਇਹ ਸਪਲੀਮੈਂਟਰੀ ਪੈਦਾ ਨਹੀਂ ਹੁੰਦਾ। ਫਿਰ ਇਹ ਇਕ ਪਾਲਿਸੀ ਮੈਟਰ ਹੈ, ਇਸ ਤੇ ਚੀਫ ਮਨਿਸਟਰ ਹੀ ਕੁਝ ਕਹਿ ਸਕਦੇ ਹਨ।

ਮੁੱਖ ਮੰਤਰੀ : ਜਿਥੋਂ ਤੱਕ ਪਿੰਡਾਂ ਵਿੱਚ ਲਿੰਕ ਰੋਡਜ਼ ਲੈ ਜਾਣ ਦਾ ਸਬੰਧ ਹੈ ਅਸੀਂ ਪ੍ਰਿੰਸੀਪਲ ਇਸ ਗੱਲ ਨੂੰ ਮੰਨਦੇ ਹਾਂ ਕਿ ਪਿੰਡਾਂ ਦੀ ਜਨਤਾ ਨੇ ਜੋ ਕੁਝ ਵੀ ਦੇਸ਼ ਦੀ ਆਜ਼ਾਦੀ ਲਈ ਕੀਤਾ ਹੈ, ਉਸ ਨੂੰ ਕਾਇਮ ਰੱਖਿਆ ਹੈ, ਉਸ ਅਜ਼ਾਦੀ ਦਾ ਫਲ ਉਨ੍ਹਾਂ ਨੂੰ ਵੀ ਬਗ਼ੈਰ ਕਿਸੇ ਕਾਸਟ ਦੇ ਮਿਲਣਾ ਚਾਹੀਦਾ ਹੈ। ਪਰ ਇਸ ਦੇ ਨਾਲ ਹੀ ਮੈਂ ਲੋਕਾਂ ਨੂੰ ਕਿਹਾ ਹੈ ਕਿ ਇਹ ਸਰਕਾਰ ਲੋਕਾਂ ਦੀ ਆਪਣੀ ਸਰਕਾਰ ਹੈ। ਜਿਹੜੇ ਪਿੰਡ ਕੁਝ ਦੇ ਸਕਦੇ ਹਨ ਜ਼ਰੂਰ ਦੇਣ ਅਸੀਂ ਮਸ਼ਕੂਰ ਹੋਵਾਂਗੇ। (ਵਿਘਨ)

ਸਰਦਾਰ ਗੁਰਚਰਨ ਸਿੰਘ : ਲੋਕ ਤਾਂ ਝੰਡੀਆਂ ਲੈ ਕੇ ਆਉਂਦੇ ਹਨ। (ਸ਼ੋਰ)

ਮੁੱਖ ਮੰਤਰੀ : ਮੈਨੂੰ ਸਭ ਪਤਾ ਹੈ। ਕਿਉਂ ਮੇਰਾ ਮੂੰਹ ਖੁਲਵਾਉਂਦਾ ਏਂ ? ਮੈਂ ਅਰਜ਼ ਕਰ ਰਿਹਾ ਸੀ ਕਿ ਜੋ ਲੋਕ ਰੁਪਏ ਜਮ੍ਹਾਂ ਕਰਵਾਉਣਗੇ ਉਥੇ ਸੜਕਾਂ ਪਹਿਲਾਂ ਬਣਨਗੀਆਂ। ਬਾਕੀ ਬਾਅਦ ਵਿੱਚ ਬਣਨਗੀਆਂ।

Mr. Speaker : Next Question please.

ਸਰਦਾਰ ਜੰਗੀਰ ਸਿੰਘ ਫਗੂਵਾਲੀਆ : ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਨਵਰੀ, 1966 ਤੋਂ..

ਸ੍ਰੀ ਸਪੀਕਰ : ਜੱਥੇਦਾਰ ਸਾਹਿਬ ਮੈਂ ਆਪ ਨੂੰ ਬਲਾਇਆ ਹੀ ਨਹੀਂ। ਨੈਕਸਟ ਸਵਾਲ ਕਾਲ ਅਪੋਨ ਕੀਤਾ ਹੈ। (Jathedar Sahib, I have not called upon you to put any supplementary. I have called the next question.)

MAHALA—MUDKI ROAD

*912. **Sardar Mohinder Singh Gill** : Will the Minister of State for Public Works be pleased to state—

(a) whether a pacca road from Mahala, the village of martyr and recepient of Parm Vir Chakra Subedar Joginder Singh up to Mudki is being constructed;

(b) if the reply to part (a) above be in the affirmative, the reasons for not completing the said road so far ?

Sardar Narinder Singh : (a) Mahala to Mudki forms part of a planned road from Baghapurana to Mudki which is under construction.

(b) The work is in progress according to availability of funds.

चौधरी बलबीर सिंह : मुख्य मंत्री ने अभी कहा था कि जिन सड़कों के लिये पैसा जमा है वह जल्दी बना दी जाएंगी । उन्होंने बतौर चीफ मिनिस्टर के यह भी ऐलान किया था कि जिन सड़कों पर मिट्टी डाल दी गई है उनको भी जल्दी बनाया जायेगी क्या गवर्नमैंट अपने वायदे पर कायम है ?

श्री अध्यक्ष : चौधरी साहिब, ज़रा तहम्मल से काम लें । सब सड़कें बन जायेंगी । लेकिन एक मिनट में तो बन नहीं सकतीं । (I would ask the hon. Member Chaudhri Sahib to be patient. All the roads would be constructed but it is not possible to do so with one stroke of pen.)

ਸਰਦਾਰ ਜੰਗੀਰ ਸਿੰਘ ਡਗੂਵਾਲੀਆ : ਕੀ ਮਨਿਸਟਰ ਸਾਹਿਬ, ਇਹ ਦਸਣ ਦੀ ਕਿਰਪਾ ਕਰਨਗੇ ਕਿ ਜਿਨ੍ਹਾਂ ਲੋਕਾਂ ਨੇ 1 ਮਾਰਚ, 1966 ਤੋਂ ਰਕਮਾਂ ਜਮ੍ਹਾਂ ਕਰਾਈਆਂ ਸਨ ਸੜਕਾਂ ਬਣਾਉਣ ਵਾਸਤੇ, ਉਥੇ ਹਾਲੇ ਤਕ ਮਿਟੀ ਵੀ ਪਾਣੀ ਸ਼ੁਰੂ ਨਹੀਂ ਕੀਤੀ ਗਈ, ਕੀ ਉਥੇ ਵੀ ਸੜਕਾਂ ਬਨਾਉਣ ਦੀ ਕਿਰਪਾ ਕਰੋਗੇ ਕਿ ਨਹੀਂ ?

ਮੁੱਖ ਮਤਰੀ : ਜੋ ਕੁਝ ..

ਸ੍ਰੀ ਸਪੀਕਰ : ਸਾਰੇ ਸਪਲੀਮੈਂਟਰੀ ਮੁਕ ਲੈਣ ਦਿਉ ਫਿਰ ਜਵਾਬ ਦੇਣਾ । (Let all the supplementaries be put and then the replies thereto may be given.)

ਚੌਧਰੀ ਬਲਬੀਰ ਸਿੰਘ : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਸਭ ਸਪਲੀ-ਮੈਂਟਰੀ ਹੋ ਜਾਣ ਫੇਰ ਚੀਫ ਮਨਿਸਟਰ ਸਾਹਿਬ ਜਵਾਬ ਦੇਣਗੇ । ਆਪ ਦਾ ਇਹ ਹੁਕਮ ਗਲਤ ਹੈ । ਆਪ ਰੀਵਿਉ ਕਰੋ ਔਰ ਮਨਿਸਟਰ ਸਾਹਿਬ ਜਵਾਬ ਦੇਣ । ਅਗਰ ਸਪਲੀਮੈਂਟਰੀ ਜਮ੍ਹਾਂ ਹੋ ਗਏ ਤਾਂ ਜਵਾਬ ਦੇਣਾ ਮੁਸ਼ਕਲ ਹੋ ਜਾਏਗਾ ।

ਸ੍ਰੀ ਸਪੀਕਰ : ਚੋਧਰੀ ਸਾਹਿਬ, ਤਿੰਨ ਤੋਂ ਵੱਧ ਸਪਲੀਮੈਂਟਰੀ ਨਹੀਂ ਹੋ ਸਕਦੇ । (I may inform the hon. Member Chaudhri Balbir Singh that more than three supplementaries cannot be put)

ਚੋਧਰੀ ਬਲਬੀਰ ਸਿੰਘ : ਰੂਲਜ਼ ਕੇ ਮੁਤਾਬਕ ਇਸ ਹਾਊਸ ਨੂੰ ਚਲਾਓ ।

Mr. Speaker : All right.

ਸ੍ਰੀ ਬਲਰਾਮਜੀ ਦਾਸ ਟੰਡਨ : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜੋ ਸਾਡੇ ਰੂਲਜ਼ ਹਨ, ਉਨ੍ਹਾਂ ਦੇ ਮੁਤਾਬਕ ਚਲਣਾ ਚਾਹੀਦਾ ਹੈ ।

ਸ੍ਰੀ ਸਪੀਕਰ : ਮੈਂ ਤਾਂ ਪਹਿਲਾਂ ਹੀ ਮੰਨ ਲਿਆ । ਮੈਂ ਤਾਂ ਤੁਹਾਡੀ ਸਹੂਲੀਅਤ ਲਈ ਕਿਹਾ ਸੀ ਪਰ ਜੇ ਮੈਂ ਉਧਰ ਹੁੰਨਾਂ ਤਾਂ ਤੁਹਾਨੂੰ ਇਤਰਾਜ਼ ਹੈ ਜੇ ਮੈਂ ਇਧਰ ਹੁੰਨਾਂ ਤਾਂ ਤੁਹਾਨੂੰ

(ਸ੍ਰੀ ਸਪੀਕਰ)

ਇਤਰਾਜ਼ ਹੈ । (I have already admitted it. I stated this for your convenience. Whether I give my decision this way or that way, it does not find favour with you.)

ਸਰਦਾਰ ਗੁਰਮੀਤ ਸਿੰਘ : ਕੀ ਵਜ਼ੀਰ ਸਾਹਿਬ, ਦਸਣ ਦੀ ਕਿਰਪਾ ਕਰਨਗੇ ਕਿ ਚੀਨ ਦੀ ਐਗਰੇਸ਼ਨ ਵੇਲੇ ਸੂਬੇਦਾਰ ਜੁਗਿੰਦਰ ਸਿੰਘ ਦੇ ਪਿੰਡ ਸੜਕ ਬਨਾਉਣ ਦਾ ਫ਼ੈਸਲਾ ਹੋਇਆ ਸੀ ? ਸਰਕਾਰ ਦੀ ਕਮਿਟਮੈਂਟ ਸੀ ਇਸ ਬਾਰੇ, ਕੀ ਮਾਮਲਾ ਹੁਣ ਦੀ ਸਰਕਾਰ ਦੇ ਧਿਆਨ ਵਿੱਚ ਹੈ ਜਾਂ ਨਹੀਂ ? (ਸ਼ੋਰ)

ਸ੍ਰੀ ਸਪੀਕਰ : ਕਦੇ ਤੁਸੀਂ ਕਹਿੰਦੇ ਹੋ ਸਵਾਲ ਵਖਰੇ ਵਖਰੇ ਹੋਣੇ ਚਾਹੀਦੇ ਹਨ ਅਤੇ ਕਦੇ ਤੁਸੀਂ ਕਹਿੰਦੇ ਹੋ ਇੱਕਠੇ ਹੋਣੇ ਚਾਹੀਦੇ ਹਨ । (Sometimes, the hon. Members say that the supplementaries should be put one by one and sometimes they say that the supplementaries should be put all together.)

Minister of State : for Public works. The road from Baghapurana to Mudki was sanctioned at an estimate of Rs. 11.40 lakhs. The work on this road is in progress, according to the availability of funds. Mahala to Mudki road is a part of the planned road. A sum of rupees twenty thousand is provided in the current budget for the work. The completion of the road depends on the availability of funds.

ਸੜਕ ਦੇ ਉਤੇ 11 ਲੱਖ ਰੁਪਿਆ ਖ਼ਰਚ ਆਉਣਾ ਸੀ । ਸਰਦਾਰ ਜੁਗਿੰਦਰ ਸਿੰਘ ਦੇ ਪਿੰਡ ਦੀ ਸੜਕ ਤੇ ਵੀ ਕੰਮ ਚਾਲੂ ਹੈ । ਜਿਨ੍ਹਾਂ ਲੋਕਾਂ ਵਲੋਂ 1964 ਤੋਂ ਰੁਪਿਆ ਜਮ੍ਹਾਂ ਕਰਾਇਆ ਹੋਇਆ ਸੀ ਉਥੇ ਤਾਂ ਕੰਮ ਚਾਲੂ ਕਰਨਾ ਹੀ ਸੀ । ਹੋਰ ਵੀ ਪਰੋਜੈਕਟ ਬਣਾਏ ਜਾ ਰਹੇ ਹਨ ਅਤੇ ਕੰਮ ਸ਼ੁਰੂ ਹੋ ਜਾਏਗਾ ।

ਸਰਦਾਰ ਗੁਰਮੀਤ ਸਿੰਘ : ਮੈਂ ਵਜ਼ੀਰ ਸਾਹਿਬ ਨੂੰ ਇਹ ਪੁਛਿਆ ਸੀ ਕਿ ਸੂਬੇਦਾਰ ਜੁਗਿੰਦਰ ਸਿੰਘ ਦੇ ਪਿੰਡ ਦੀ ਸੜਕ ਤੇ ਜਿਥੇ ਕਿ 1 ਲਖ 20 ਹਜ਼ਾਰ ਜਾਂ 1 ਲਖ 30 ਹਜ਼ਾਰ ਰੁਪਿਆ ਲਗਣਾ ਸੀ ਉਹ ਕੰਮ ਹੋ ਗਿਆ ਹੈ ਕਿ ਨਹੀਂ, ਪਰ ਵਜ਼ੀਰ ਸਾਹਿਬ ਨੇ ਮੁਦਕੀ ਸੜਕ ਬਾਰੇ ਜਵਾਬ ਦਿੱਤਾ ਹੈ ।

ਮੁੱਖ ਮੰਤਰੀ : ਜਿਥੋਂ ਤਕ ਸਰਦਾਰ ਜੁਗਿੰਦਰ ਸਿੰਘ ਦੀ ਬਹਾਦਰੀ ਦਾ ਤਾਲੁਕ ਹੈ ਸਰਕਾਰ ਨੂੰ ਪਤਾ ਹੈ । ਤੁਸੀਂ ਹੀ ਉਸ ਵੇਲੇ ਮਨਿਸਟਰ ਕੰਨਸਰੰਡ ਸੀ । (ਸ਼ੋਰ)

ਸਰਦਾਰ ਗੁਰਮੀਤ ਸਿੰਘ : ਮੈਂ ਉਸ ਸੜਕ ਦੇ ਬਣਨ ਦਾ ਆਰਡਰ ਕੀਤਾ ਸੀ । ਚਾਰ ਮਹੀਨੇ ਭੱਠਿਆਂ ਵਾਲਿਆਂ ਨੇ ਹੜਤਾਲ ਰੱਖੀ ਤੁਹਾਡੀ ਆਸ਼ੀਰਵਾਦ ਨਾਲ ।

ਸ੍ਰੀ ਸਤਪਾਲ ਡਾਂਗ : ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮਜ਼ਦੂਰਾਂ ਦੀਆਂ ਹੜਤਾਲਾਂ ਮੇਰੇ ਆਸ਼ੀਰਵਾਦ ਨਾਲ ਹੁੰਦੀਆਂ ਹਨ ਅਤੇ ਮਾਲਕਾਂ ਦੀਆਂ ਹੜਤਾਲਾਂ ਉਨ੍ਹਾਂ ਦੇ ਆਸ਼ੀਰਵਾਦ ਨਾਲ ਹੁੰਦੀਆਂ ਹਨ ।

ਮੇਜਰ ਜਨਰਲ ਰਾਜਿੰਦਰ ਸਿੰਘ ਸਪੈਰੋ : ਮੈਂ ਆਪ ਦੇ ਰਾਹੀਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ 1962 ਵਿੱਚ ਚਾਇਨਾ ਦੀ ਲੜਾਈ ਵੇਲੇ ਹਵਾਲਦਾਰ ਕੇਵਲ ਸਿੰਘ ਸ਼ਹੀਦ ਹੋਏ ਸੀ ।

ਉਨ੍ਹਾਂ ਦੇ ਨਾਂ ਤੇ ਕੇਵਲ ਸਿੰਘ ਰੋਡ ਲਡੇਵਾਲਾ ਤੋਂ ਚਾਂਦਪੁਰ ਤਕ ਜੋ ਕਿ ਜਾਲੰਧਰ ਤੋਂ ਜ਼ਿਆਦਾ ਦੂਰ ਨਹੀਂ ਬਣਾਉਣ ਦਾ ਫ਼ੈਸਲਾ ਹੋਇਆ ਸੀ, ਉਸ ਦੀ ਕੀ ਪੁਜ਼ੀਸ਼ਨ ਹੈ ? ਬੜੇ ਸਾਲ ਹੋ ਗਏ ਹਨ ਕੋਈ ਪਰੋਗਰੇਸ ਨਹੀਂ ਹੋਈ । ਦੂਜੀ ਗੱਲ ਇਹ ਹੈ ਕਿ ਮੈਂ ਆਪ ਦੇ ਰਾਹੀਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਾਲੰਧਰ ਸ਼ਹਿਰ ਦੇ ਨਜ਼ਦੀਕ ਜਿਹੜਾ ਜਾਲੰਧਰ ਕੇਂਟੋਨਮੈਂਟ ਦਾ ਇਲਾਕਾ ਹੈ ਉਥੇ ਅਜ ਤਕ ਇਕ ਵੀ ਐਪਰੋਚ ਰੋਡ ਨਹੀਂ ਬਣੀ, ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਉਸ ਏਰੀਏ ਨੂੰ ਕਵਰ ਕਰਨ ਦਾ ਕੋਈ ਪਲੈਨ ਬਣਾਇਆ ਗਿਆ ਹੈ ਕਿ ਨਹੀਂ ।

ਮੁੱਖ ਮੰਤਰੀ : ਮੈਂ ਅਰਜ਼ ਕਰਾਂਗਾ ਕਿ ਜਿਹੜੇ ਸਵਾਲ ਦਿਨ ਦੀ ਲਿਸਟ ਵਿੱਚ ਹੋਣ ਉਸ ਬਾਰੇ ਹੀ ਸਵਾਲ ਕਰਨੇ ਚਾਹੀਦੇ ਹਨ । ਇਸ ਸਵਾਲ ਦਾ ਉਨ੍ਹਾਂ ਨਾਲ ਕੀ ਤਅੱਲੁਕ ਹੈ ? (ਸ਼ੋਰ)

ਸਰਦਾਰ ਗੁਰਮੀਤ ਸਿੰਘ : ਪਰਮਵੀਰ ਚੱਕਰ ਮਿਲਣ ਵਾਲਿਆਂ ਬਾਰੇ ਸੜਕਾਂ ਬਣਾਉਣ ਦਾ ਸਵਾਲ ਹੈ ਅਤੇ ਵਜ਼ੀਰ ਸਾਹਿਬ ਦੱਸਣ ਦੀ ਕਿਰਪਾ ਕਰਨ ਕਿ ਇਸ ਬਾਰੇ ਕੀ ਪੁਜ਼ੀਸ਼ਨ ਹੈ ।

ਮੁੱਖ ਮੰਤਰੀ : ਜਿਹੜੇ ਦੇਸ਼ ਭਗਤ ਨੇ ਉਨ੍ਹਾਂ ਦੇ ਪਿੰਡਾਂ ਵਿੱਚ ਸੜਕਾਂ ਬਣਾਉਣ ਲਈ ਪਰੈਫਰੇਂਸ ਦਿੱਤੀ ਜਾਏਗੀ ।

ਸਰਦਾਰ ਦਲੀਪ ਸਿੰਘ ਟਪਿਆਲਾ : ਮੈਂ ਰਿਕੁਐਸਟ ਕਰਨੀ ਚਾਹੁੰਦਾ ਹਾਂ ਕਿ ਪੁਆਇੰਟ ਔਫ ਆਰਡਰ ਦੇ ਹੇਠਾਂ ਚੋਰੀ ਹੋ ਰਹੀ ਹੈ ਅਤੇ ਇਸ ਚੀਜ਼ ਨੂੰ ਰੋਕਿਆ ਜਾਏ । (ਸ਼ੋਰ)

Mr. Speaker : Question Hour is over.

QUESTION OF PRIVILEGE

ਸ੍ਰੀ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਇਕ ਪ੍ਰਿਵਿਲੇਜ ਮੋਸ਼ਨ ਚੀਫ਼ ਮਨਿਸਟਰ ਸਾਹਿਬ ਦੇ ਖਿਲਾਫ਼ ਦਿੱਤੀ ਸੀ ।

ਸ੍ਰੀ ਸਪੀਕਰ : ਉਹ ਮੇਰੇ ਪਾਸ ਆ ਗਈ ਹੈ । ਤੁਸੀਂ ਉਥੇ ਤਸ਼ਰੀਫ਼ ਲੈ ਆਉਣਾ । ਉਸ ਤੇ ਡਿਸਕਸ ਕਰ ਲਵਾਂਗੇ । I cannot allow it like this. ਰੀਕਾਰਡ ਮੰਗਵਾ ਕੇ ਪੜ੍ਹਨਾ ਪਵੇਗਾ, ਫਿਰ ਮੈਂ ਦੇਖ ਲਵਾਂਗਾ । (I have received the Privilege Motion and would request the hon. Member to come to my Chamber to discuss the same. I cannot allow it like this. I will have to send for the record and go through it before taking any decision.)

ਸ੍ਰੀ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੁਆਮਲਾ ਬੜਾ ਅਹਿਮ ਹੈ । ਉਹ ਟਰਾਂਸਪੋਰਟ ਦੀ ਸਟਰਾਈਕ ਨਾਲ ਸਬੰਧ ਰੱਖਦੀ ਹੈ ।

ਸ੍ਰੀ ਸਪੀਕਰ : ਤੁਸੀਂ ਉਥੇ ਆ ਜਾਣਾ, ਕਾਗਜ਼ਾਤ ਮੰਗਵਾ ਲਵਾਂਗੇ, ਪੜ੍ਹਕੇ ਦੇਖ ਲਵਾਂਗੇ । ਫਿਰ ਮੈਂ ਕਰਾਂਗਾ । (ਵਿਘਨ) I cannot allow your Privilege Motion like this. (I would request the hon. Member to come to my Chamber. Papers will be sent for and studied and then I would decide about it (*Interruptions*), I cannot allow your Privilege Motion like this.)

ADJOUNRNMENT MOTION

श्री अ. विश्वनाथन : अध्यक्ष महोदय, मेरी एक ऐडजर्नमेंट मोशन है ।

(शोर)

ਸ੍ਰੀ ਸਪੀਕਰ : ਵਿਸ਼ਵਨਾਥਨ ਜੀ, ਆਪ ਦੀ ਐਡਜਰਨਮੈਂਟ ਮੋਸ਼ਨ ਅੱਜ ਹੀ ਆਈ ਹੈ । ਟਾਈਮ ਤਾਂ ਹੈ ਨਹੀਂ । ਸੋ ਇਹ ਸੋਮਵਾਰ ਆ ਸਕਦੀ ਹੈ । I cannot take it to-day. (The hon. Member Shri A. Vishwanathan's adjournment Motion has been received only to-day. There is no time now, so it can be taken up on Monday. I cannot take it to-day.)

श्री अ. विश्वनाथन : आप इजाजत दें तो मैं पढ़ देता हूं । डिसक्शन आप बाद में रख लें । लेकिन मुझे पढ़नें तो दें ।

(शोर)

ਸ੍ਰੀ ਸਪੀਕਰ : ਡਿਸਕਸ਼ਨ ਦਾ ਤਾਂ ਸਵਾਲ ਹੀ ਨਹੀਂ । (There is no question of discussion.)

श्री अ. विश्वनाथन : स्पीकर साहिब आज ही सुबह रेडियो पर आया था कि स्ट्राईक की सिर्फ एक दिन की एक्सटेन्शन है । इस लिए यह बहुत अर्जेंट है ।

Sir, I beg to move for the adjournment of the business of the House to discuss a definite matter of urgent public importance, namely, the situation arising out of the eviction of lakhs of Punjabis from African countries in general and Kenya in particular, after their stay in those countries and immense contribution to their economic and social advancement for decades. Further, that this House recommend to the Government of India to take up the matter with the Governments concerned for recognising the rights of the Punjabi settlers in the African Continent.

ਸ੍ਰੀ ਸਪੀਕਰ : ਵਿਸ਼ਵਾਨਾਥਨ ਜੀ, ਇਹ ਸਾਡੇ ਨਾਲ ਤੇ ਹਾਊਸ ਨਾਲ ਤਾਂ ਕਨਸਰਨ ਨਹੀਂ ਰੱਖਦੀ (ਅਪੋਜ਼ੀਸ਼ਨ ਵਲੋਂ ਨੋ, ਨੋ). ਮਗਰ ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਗੌਰਮੈਂਟ ਆਫ ਇੰਡੀਆ ਨੂੰ ਇਸ ਦੇ ਮੁਤੱਅਲਕ ਲਿਖਣ and you please don't press for this thing. (ਵਿਘਨ)

[I would like to inform Shri Vishwanathan that this matter does not concern the hon. Members of this House (No No from Opposition) However, I would request the Chief Minister that he should write to the Government of India in this connection. The hon. Member need not press in the matter.]

(Interruption)

ਸ੍ਰੀ ਬਲਰਾਮਜੀ ਦਾਸ ਟੰਡਨ : ਪੰਜਾਬ ਦੇ ਨਾਲ ਇਸ ਦਾ ਖਾਸ ਤਅੱਲੁਕ ਹੈ । ਅੱਧਾ ਘੰਟਾ ਜਾਂ ਘੰਟਾ ਭਰ ਇਸ ਤੇ ਡਿਸਕਸ਼ਨ ਰੱਖ ਲਵੋ । (ਸ਼ੋਰ)

Mr. Speaker : No discussion, on this, but the Chief Minister may write to the Government of India.

(*Noise*)

ਸ੍ਰੀ **ਬਲਰਾਮਜੀ ਦਾਸ ਟੰਡਨ :** ਚੀਫ਼ ਮਨਿਸਟਰ ਇਥੇ ਆਪਣਾ ਬਿਆਨ ਦੇ ਦੇਣ। ਜੇ ਉਹ ਬਿਆਨ ਦੇ ਦੇਣ ਤਾਂ ਇਸ ਦੇ ਵਿੱਚ ਹਰਜ ਕੀ ਹੈ ? ਇਹ ਸਾਰੇ ਪੰਜਾਬ ਦੇ ਲੋਕਾਂ ਨਾਲ ਤਅੱਲਕ ਰੱਖਣ ਵਾਲੀ ਚੀਜ਼ ਹੈ।

ਸ੍ਰੀ **ਸਪੀਕਰ :** ਚੀਫ਼ ਮਨਿਸਟਰ ਗੌਰਮੈਂਟ ਆਫ਼ ਇੰਡੀਆ ਨੂੰ ਲਿਖ ਦੇਣਗੇ। (The Chief Minister will write to the Government of India in this connection.)

ਸ੍ਰੀ **ਲਾਲ ਚੰਦ ਸੱਬਰਵਾਲ :** ਰੂਲਜ਼ ਪਰਮਿਟ ਕਰਦੇ ਹਨ। ਭਾਰਤ ਸਰਕਾਰ ਨੂੰ ਅਸੀਂ ਲਿਖ ਸਕਦੇ ਹਾਂ। ਤੁਸੀਂ ਇਜਾਜ਼ਤ ਦੇਣੀ ਹੈ ਜਾਂ ਨਹੀਂ ਦੇਣੀ ਇਹ ਜੁਦੀ ਗੱਲ ਹੈ।

ਸ੍ਰੀ **ਸਪੀਕਰ :** ਇਹ ਜਿਹੜੀ ਚੀਜ਼ ਹੈ ਇਹ ਸਾਰੇ ਪੰਜਾਬੀਜ਼ ਨੂੰ ਕਨਸਰਨ ਕਰਦੀ ਹੈ। ਅਗਰ ਸਾਰੇ ਹਾਊਸ ਦੀ ਮਰਜ਼ੀ ਹੈ ਤਾਂ ਚੀਫ਼ ਮਨਿਸਟਰ may write to the Central Government. (This matter concerns all the Punjabis. If the House agrees, the Chief Minister may write to the Government of India.)

ਸ੍ਰੀ **ਬਲਰਾਮਜੀ ਦਾਸ ਟੰਡਨ :** ਸਾਨੂੰ ਐਡਜਰਨਮੈਂਟ ਮੋਸ਼ਨ ਤੇ ਡਿਸਕਸ਼ਨ ਕਰ ਲੈਣੀ ਚਾਹੀਦੀ ਹੈ।

(ਸ਼ੋਰ)

ਸ੍ਰੀ **ਸਪੀਕਰ :** No discussion, no propaganda (ਸ਼ੋਰ) ਪ੍ਰਾਪੇਗੰਡੇ ਦੀ ਵੈਲਿਊ ਨਹੀਂ। ਐਵੇਂ ਖਾਹਮਖਾਹ ਸ਼ਾਇਦ ਉਨ੍ਹਾਂ ਲੋਕਾਂ ਨੂੰ ਨੁਕਸਾਨ ਪਹੁੰਚੇ। ਬਿਹਤਰ ਇਹੋ ਹੈ ਕਿ ਚੀਫ਼ ਮਨਿਸਟਰ ਸਾਹਿਬ ਕੋਲ ਰੀਕੁਐਸਟ ਕੀਤੀ ਜਾਵੇ ਔਰ ਉਹ ਗੌਰਮਿੰਟ ਆਫ਼ ਇੰਡੀਆ ਨੂੰ ਲਿਖ ਦੇਣ ਔਰ ਗੌਰਮਿੰਟ ਆਫ਼ ਇੰਡੀਆ ਫੈਸਲਾ ਕਰੇ। (No discussion, no propaganda (noise) Propaganda has no value. I am afraid it will prove prejudicial to the interests of the people. It would be better if the Chief Minister is requested to write to the Government of India in this connection and the Government of India should take the decision.)

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਪ੍ਰਾਪੇਗੰਡੇ ਦਾ ਤਾਂ ਕੋਈ ਸਵਾਲ ਹੀ ਨਹੀਂ ਹੈ। ਇਹ ਤਾਂ ਲੋਕਾਂ ਦੀ ਰੋਜ਼ੀ ਦਾ ਸਵਾਲ ਹੈ। ਇਸ ਲਈ ਇਸ ਹਾਊਸ ਦੀਆਂ ਫੀਲਿੰਗਜ਼ ਗੌਰਮਿੰਟ ਆਫ਼ ਇੰਡੀਆ ਨੂੰ ਭੇਜੀਆਂ ਜਾਣ।

Mr. Speaker : That will be conveyed.

ਸਰਦਾਰ ਗੁਰਨਾਮ ਸਿੰਘ : ਉਹ ਕਨਵੇ ਹੋ ਕੇ ਗੌਰਮਿੰਟ ਆਫ਼ ਇੰਡੀਆ ਨੂੰ ਇੰਗਲੈਂਡ ਦੇ ਵਿਚ ਪਲੀਡ ਕਰਨ ਦੀ ਸਟਰੈਂਗਥ ਮਿਲ ਜਾਵੇਗੀ। ਇਸ ਲਈ ਪ੍ਰਾਪੇਗੰਡੇ ਦੀ ਇਸ ਵਿੱਚ ਕੋਈ ਗੱਲ ਨਹੀਂ।

(ਸ਼ੋਰ)

ਸਰਦਾਰ ਦਰਬਾਰਾ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਮੇਰਾ ਪੁਆ-ਇੰਟ ਆਫ ਆਰਡਰ ਇਹ ਹੈ ਕਿ ਗੌਰਮੈਂਟ ਆਫ ਇੰਡੀਆ ਨੇ ਇਕ ਸਟੈਂਡ ਲਿਆ ਹੈ। ਉਹ ਸਟੈਂਡ ਬੜਾ ਕਲੀਅਰ ਹੈ। ਉਹ ਇਹ ਕਿ ਸਾਡੀ ਰੀਲੇਸ਼ਨਸ਼ਿਪ ਚੰਗੀ ਨਹੀਂ ਰਹੇਗੀ ਅਗਰ ਐਸੀ ਚੀਜ਼ ਕੀਤੀ ਗਈ। ਭਾਰਤ ਸਰਕਾਰ ਨੇ ਇਹ ਮੰਨਿਆ ਸੀ ਕਿ ਅਫਰੀਕਾ ਵਿਚ ਰਹਿਣ ਵਾਲੇ ਉਨ੍ਹਾਂ ਆਦਮੀਆਂ ਨੂੰ ਐਂਟਰੀ ਪ੍ਰਮਿਟ ਦਿੱਤੇ ਜਾਣਗੇ ਜਿਨ੍ਹਾਂ ਪਾਸ ਬ੍ਰਿਟਿਸ਼ ਪਾਸਪਰੋਟ ਹਨ। ਹਿੰਦੁਸਤਾਨ ਦੀ ਸਰਕਾਰ ਨੇ ਖੁਦ ਹੀ ਇਸ ਨੂੰ ਚੰਗੀ ਤਰ੍ਹਾਂ ਲਿਆ ਹੈ। ਇਸ ਲਈ ਜੋ ਕਰਨਾ ਹੈ ਤਾਂ ਉਸ ਦੀ ਸਟੈਂਡ ਨੂੰ ਇੰਡੋਰਸ ਕਰੋ।

(ਵਿਘਨ)

ਡਾਕਟਰ ਜਗਜੀਤ ਸਿੰਘ (ਵਿੱਤ ਮੰਤਰੀ) : (ਸ਼ੋਰ) * * * * * * * * * * * * * (ਸ਼ੋਰ) (ਵਿਘਨ);

ਸਰਦਾਰ ਗੁਰਚਰਨ ਸਿੰਘ : ਡਾਕਟਰ ਸਾਹਿਬ (* * * *)

(ਸ਼ੋਰ)।

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਡਾਕਟਰ ਜੀ ਨੇ ਬੜੇ ਫਜ਼ੂਲ ਜਿਹੇ ਲਫਜ਼ ਕਹੇ ਹਨ, ਹਾਲਾਂਕਿ ਉਹ ਮਨਿਸਟਰ ਹਨ। ਉਹ ਲਫਜ਼ ਐਕਸਪੰਜ ਹੋ ਜਾਣੇ ਚਾਹੀਦੇ ਹਨ।

(ਸ਼ੋਰ)

ਡਾਕਟਰ ਜਗਜੀਤ ਸਿੰਘ (ਵਿੱਤ ਮੰਤਰੀ) : ਸਪੀਕਰ ਸਾਹਿਬ, ਮੈਂ ਕੋਈ ਫਜ਼ੂਲ ਗੱਲ ਤਾਂ ਨਹੀਂ ਕੀਤੀ। ਮੈਂ ਤਾਂ ਬੜੇ ਕੰਮ ਦੀ ਗੱਲ ਆਖੀ ਹੈ। ਮੈਂ ਕਿਹਾ ਸੀ ਕਿ (* * * * * * * * *) (ਸ਼ੋਰ) ਮੈਂ ਇਸ ਦੇ ਵਿਚ ਕਿਹੜੀ ਮਾੜੀ ਗੱਲ ਕੀਤੀ ਹੈ।

(ਸ਼ੋਰ)

ਸਰਦਾਰ ਗੁਰਨਾਮ ਸਿੰਘ : ਕੀ ਤੁਸੀਂ ਚਾਹੁੰਦੇ ਹੋ ਕਿ ਅਸੀਂ ਏਸੇ ਤੇ ਅੱਗ ਗਲ ਕੰਟੀਨਿਊ ਕਰੀਏ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੇ ਵਿਚ ਕੀ ਰੈਲੇਵੈਂਸੀ ਹੈ।

(ਵਿਘਨ) (ਸ਼ੋਰ

ਸ਼੍ਰੀ **ਸਪੀਕਰ :** ਨਹੀਂ, ਨਹੀਂ। ਗਿੱਲ ਸਾਹਿਬ ਤੁਸੀਂ ਇਸ ਬਾਰੇ ਕੀ ਕਹਿਣਾ ਚਾਹੁੰਦੇ ਹੋ ? (No. no. What does the hon. Chief Minister want to say in this connection ?)

ਸਰਦਾਰ ਲਛਮਣ ਸਿੰਘ ਗਿੱਲ (ਮੁਖ ਮੰਤਰੀ) : ਮੇਰਾ ਖ਼ਿਆਲ ਹੈ ਕਿ ਇਸ ਵਿਚ ਕੋਈ ਇਤਰਾਜ਼ ਵਾਲੀ ਗੱਲ ਨਹੀਂ। ਜਿਹੜੇ ਲਫਜ਼ ਉਨ੍ਹਾਂ ਨੇ ਕਹੇ ਹਨ ਉਹ ਰਿਕਾਰਡ ਵਿਚੋਂ ਕੱਢ ਦੇਣੇ ਚਾਹੀਦੇ ਹਨ। ਸਾਨੂੰ ਫਜ਼ੂਲ ਗੱਲਾਂ ਵੱਲ ਨਹੀਂ ਜਾਣਾ ਚਾਹੀਦਾ ਕੋਈ ਪ੍ਰਿੰਸੀਪਲ ਦੀ ਗੱਲ ਕਰਨੀ ਚਾਹੀਦੀ ਹੈ।

*Expunged as ordered by the Chair.

ਸ੍ਰੀ ਸਪੀਕਰ : ਇਹ ਜਿਹੜੇ ਰਿਮਾਰਕਸ ਡਾਕਟਰ ਸਾਹਿਬ ਤੇ ਸਰਦਾਰ ਗੁਰਚਰਨ ਸਿੰਘ ਹੋਰਾਂ ਨੇ ਕਹੇ ਹਨ ਇਹ ਸਭ ਐਕਸਪੰਜ ਕਰ ਦਿਤੇ ਜਾਣ । (All the remarks made by the hon. Finance Minister and Sardar Gurcharan Singh should be expunged.)

ਮੁੱਖ ਮੰਤਰੀ : ਗੱਲ ਇਹ ਹੈ ਕਿ ਇਕ ਪਾਸੇ ਤਾਂ ਤੁਸੀਂ ਅਫਰੀਕਾ ਵਿਚ ਜਿਹੜਾ ਸਾਡੇ ਲੋਕਾਂ ਨਾਲ ਧੱਕਾ ਹੋ ਰਿਹਾ ਹੈ ਉਸ ਦੇ ਖਿਲਾਫ ਆਵਾਜ਼ ਉਠਾਉਣਾ ਚਾਹੁੰਦੇ ਹੋ, ਦੂਸਰੇ ਪਾਸੇ ਤੁਸੀਂ ਇਸ ਸਬਜੈਕਟ ਤੇ ਸੀਰੀਅਸ ਨਹੀਂ ਹੁੰਦੇ (ਸ਼ੋਰ) ਸਪੀਕਰ ਸਾਹਿਬ, ਮੈਨੂੰ ਇਕੋ ਗੱਲ ਦਾ ਡਰ ਹੈ ਜਿਸ ਦਾ ਕਿ ਤੁਸੀਂ ਇਜ਼ਹਾਰ ਕੀਤਾ ਹੈ । ਜਿਥੋਂ ਤੱਕ ਮੇਰੀ ਜ਼ਾਤ ਦਾ ਤੁਅੱਲਕ ਹੈ ਮੈਂ ਤਾਂ ਪਰਸਨਲੀ ਬਹੁਤ ਜ਼ਿਆਦਾ ਐਗਰੀਵਡ ਹਾਂ । ਮੇਰੇ ਜਿਤਨੇ ਵੀ ਰਿਸ਼ਤੇਦਾਰ ਹਨ, ਉਹ ਬਹੁਤ ਦੇਰ ਤੋਂ ਅਤੇ ਬੜੇ ਅੱਛੀ ਪੁਜੀਸ਼ਨ ਵਿਚ ਉਥੇ ਸੈਟਲਡ ਹਨ । ਮੈਨੂੰ ਪਹਿਲਾਂ ਤੋਂ ਹੀ ਪਤਾ ਹੈ ਕਿ ਉਨ੍ਹਾਂ ਨਾਲ ਕੀ ਜ਼ਿਆਦਤੀ ਹੁੰਦੀ ਹੈ । ਮੈਂ ਤੁਹਾਡੀ ਰਾਏ ਵਿਚ ਆਪਣੀ ਰਾਏ ਮਿਲਾਉਂਦਾ ਹਾਂ ਕਿ ਅਗਰ ਇਥੇ ਕੋਈ ਫੀਲਿਗਜ਼ ਹੋਈਆਂ, ਅਖਬਾਰਾਂ ਵਿਚ ਗਈਆਂ, ਬਜਾਏ ਇਸ ਦੇ ਕਿ ਜਿਹੜੇ ਪ੍ਰਦੇਸ਼ ਵਿਚ ਬੈਠੇ ਹਨ ਅਸੀਂ ਉਨ੍ਹਾਂ ਨੂੰ ਫ਼ਾਇਦਾ ਪਹੁੰਚਾ ਸਕੀਏ, ਮੈਨੂੰ ਡਰ ਹੈ ਕਿ ਇਥੇ ਜਿਹੜਾ ਵਤੀਰਾ ਅਖਤਿਆਰ ਕੀਤਾ ਗਿਆ ਹੈ ਉਹ ਨੁਕਸਾਨ ਪਹੁੰਚਾਣਗੇ । ਅਗਰ ਆਪੋਜ਼ੀਸ਼ਨ ਦੇ ਲੀਡਰ ਸਾਹਿਬ, ਜਿਨ੍ਹਾਂ ਦੇ ਜਜ਼ਬਾਤ ਦੀ ਮੈਂ ਕਦਰ ਕਰਦਾ ਹਾਂ, ਇਹ ਚਾਹੁੰਦੇ ਹਨ ਕਿ ਸਾਡੀਆਂ ਫੀਲਿੰਗਜ਼ ਦੇ ਨਾਲ ਸਾਡੇ ਹਮਵਤਨਾਂ ਨੂੰ ਫ਼ਾਇਦਾ ਪਹੁੰਚੇ, ਤਾਂ ਸਾਨੂੰ ਸਾਰਿਆਂ ਨੂੰ ਸਰਦਾਰ ਦਰਬਾਰਾ ਸਿੰਘ ਜੀ ਦੀ ਆਵਾਜ਼ ਦੇ ਨਾਲ ਆਵਾਜ਼ ਮਿਲਾਉਣੀ ਚਾਹੀਦੀ ਹੈ । ਮੈਂ ਆਪਣੇ ਤੌਰ ਤੇ ਬਹੈਸੀਅਤ ਚੀਫ਼ ਮਨਿਸਟਰ, ਇੰਦਰਾ ਜੀ ਨੂੰ ਲਿਖਾਂਗਾ ਔਰ ਪਰਾਈਮ ਮਨਿਸਟਰ ਨੇ ਜਿਹੜੀ ਸਟੈਂਡ ਲਈ ਅਸੀਂ ਉਸਨੂੰ ਇੰਡੋਰਸ ਕਰਾਂਗੇ । ਮੈਂ ਸਮਝਦਾ ਹਾਂ ਕਿ ਸਾਡਾ ਅਸਲੀ ਮਕਸਦ ਇਹ ਹੈ ਕਿ ਉਨ੍ਹਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਰਲੀਫ਼ ਮਿਲ ਸਕੇ । ਅਗਰ ਉਨ੍ਹਾਂ ਨੇ ਐਸ ਤਅੱਲੁਕਾਤ ਰੱਖੇ ਤਾਂ ਸਾਡਾ ਜੋ ਸਿਲਸਿਲਾ ਆਪੋ ਵਿਚ ਕਾਮਨਵੈਲਥ ਦਾ ਹੈ ਉਹ ਸ਼ਾਇਦ ਜ਼ਿਆਦਾ ਦੇਰ ਤੱਕ ਨਾ ਚੱਲ ਸਕੇ । This is a protest. ਔਰ ਮੈਂ ਸਮਝਦਾ ਹਾਂ ਕਿ ਇਸ ਤੋਂ ਉਪਰ ਪ੍ਰੋਟੈਸਟ ਦੇ ਹੋਰ ਕੋਈ ਲਫ਼ਜ਼ ਹੋ ਨਹੀਂ ਸਕਦੇ । ਮੈਂ ਤੁਹਾਡੇ ਖਿਆਲਾਤ ਦੀ ਕਦਰ ਕਰਦਾ ਹਾਂ । ਆਪ ਵੀ ਉਸ ਵਿਚ ਸ਼ਾਮਿਲ ਹੁੰਦਾ ਹਾਂ । ਮੈਂ ਖੁਦ ਗੌਰਮਿੰਟ ਆਫ਼ ਇੰਡੀਆ ਨੂੰ ਲਿਖਾਂਗਾ ਤਾਂ ਕਿ ਉਨ੍ਹਾਂ ਦੀ ਤਵਜੋ ਇਸ ਪਾਸੇ ਦਿਵਾਈ ਜਾਏ ।

ਸ੍ਰੀ ਮਨਮੋਹਨ ਕਾਲੀਆ : ਸਪੀਕਰ ਸਾਹਿਬ, ਮੈਂ ਇਕ ਅਰਜ਼ ਕਰਨੀ ਚਾਹੁੰਦਾ ਹਾਂ ।

(ਸ਼ੋਰ)

ਸ੍ਰੀ ਸਪੀਕਰ : No more, no more, nothing more. (ਸ਼ੋਰ ਅਗਰ ਨਵਾਂ ਪੁਆਇੰਟ ਆ ਗਿਆ ਤਾਂ ਡੀਲ ਵਿਦ ਕੀਤਾ ਜਾਵੇਗਾ । (No more, no more, nothing more (noise). If some new point arises it will be dealt with.)

ਕਾਮਰੇਡ ਭਾਨ ਸਿੰਘ ਭੌਰਾ : ਸਪੀਕਰ ਸਾਹਿਬ, ਇਕ ਹੋਰ ਐਡਜਰਨਮੈਂਟ ਮੋਸ਼ਨ ਸੀ । ਸੋਮਵਾਰ ਤਕ ਤਾਂ ਬਹੁਤ ਲੰਬਾ ਪੈ ਜਾਣਾ ਹੈ । ਇਹ ਮਾਮਲਾ ਬੜਾ ਜ਼ਰੂਰੀ ਹੈ ।

ਸ੍ਰੀ ਸਪੀਕਰ : ਤੁਸੀਂ ਰੂਲਜ਼ ਪੜ੍ਹ ਲਉ ਔਰ ਉਨ੍ਹਾਂ ਦੇ ਮੁਤਾਬਕ ਗੱਲ ਕਰ ਲਉ । (Please study the Rules and then discuss them with me.)

ਕਾਮਰੇਡ ਭਾਨ ਸਿੰਘ ਭੌਰਾ : ਰੂਲਜ਼ ਦੀ ਗੱਲ ਤਾਂ ਹੈ । ਪਰ ਇਹ ਮਾਮਲਾ ਬੜਾ ਅਹਿਮ ਹੈ ।

ਸ੍ਰੀ ਸਪੀਕਰ : ਭੌਰਾ ਸਾਹਿਬ, ਮੈਂ ਪਹਿਲਾਂ ਵੀ ਕਈ ਵਾਰ ਕਹਿ ਚੁਕਿਆ ਹਾਂ ਕਿ ਜਿਸ ਆਨਰੇਬਲ ਮੈਂਬਰ ਨੂੰ ਜਵਾਬ ਚਲਿਆ ਜਾਵੇ ਉਸ ਨੂੰ ਅਗਰ ਕੋਈ ਇਤਰਾਜ਼ ਹੋਵੇ ਤਾਂ ਮੇਰੇ ਪਾਸ ਮੇਰੇ ਚੈਂਬਰ ਵਿਚ ਆ ਕੇ ਤਸਲੀ ਕਰ ਲੈਣ । ਮੈਂ ਫਿਰ ਕਹਾਂਗਾ ਕਿ ਇਸ ਤਰ੍ਹਾਂ ਜ਼ਿਦ ਨਾ ਕਰਿਆ ਕਰੋ । ਅਗਰ ਤੁਸੀਂ ਉਨ੍ਹਾਂ ਰੂਲਜ਼ ਨੂੰ ਜਿਹੜੇ ਕਿ ਤੁਸੀਂ ਖੁਦ ਬਣਾਏ ਹੋਏ ਹਨ, ਨਹੀਂ ਮੰਨਣਾ ਤਾਂ ਮੈਨੂੰ ਇਸ ਤੋਂ ਜ਼ਿਆਦਾ ਹੋਰ ਕੀ ਅਫਸੋਸ ਹੋ ਸਕਦਾ ਹੈ । ਮੇਹਰਬਾਨੀ ਕਰਕੇ ਰੂਲਜ਼ ਨੂੰ ਅਬਾਈਡ ਕਰੋ । (Addressing Comrade Bhan Singh Bhoura I have already requested the hon. Members a number of times but if they receive a reply to which they have some objection they should come to my Chamber and satisfy themselves. I would once again impress upon them not to adopt an intransigent attitude. If the hon. Members have not to honour the rules framed by themselves, there can be nothing more regrettable than this. So, I would request the hon. Members to abide by the rules.)

CALL ATTENTION NOTICES

ਸਰਦਾਰ ਗੁਰਚਰਨ ਸਿੰਘ (ਬਾਘਾਪੁਰਾਣਾ) : ਸਪੀਕਰ ਸਾਹਿਬ, ਮੈਂ ਇਕ ਕਾਲ ਅਟੈਨਸ਼ਨ ਮੋਸ਼ਨ (ਨੰ: 24) ਦਿੱਤੀ ਸੀ । ਉਸ ਦੀ ਕਾਪੀ ਮੈਨੂੰ ਕੱਲ ਦਿੱਤੀ ਗਈ । ਉਹ ਨਹੀਂ ਲਈ ਗਈ । ਉਹ ਬੜੀ ਅਹਿਮ ਕਾਲ ਅਟੈਨਸ਼ਨ ਮੋਸ਼ਨ ਹੈ । ਕਿਤਨੇ ਅਫਸੋਸ ਦੀ ਗੱਲ ਹੈ ਕਿ ਜਦੋਂ ਸੈਸ਼ਨ ਚਲ ਰਿਹਾ ਹੋਵੇ ਤਾਂ ਇਕ ਪੁਲਿਟਿਕਲ ਪਾਰਟੀ ਦੇ ਚੇਅਰਮੈਨ... .. ..

Mr. Speaker : That cannot be discussed. I cannot allow this call Attention Notice. The reply has been sent to you.

ਸਰਦਾਰ ਗੁਰਚਰਨ ਸਿੰਘ ; ਜਵਾਬ ਆ ਗਿਆ ਹੈ ਮਗਰ ਇਹ ਇਕ ਬੜਾ ਸੀਰੀਅਸ ਮੈਟਰ ਹੈ । ਇਕ ਪਾਰਟੀ ਦੇ ਚੇਅਰਮੈਨ ਨੂੰ ਪੁਲਿਸ ਕਸਟਡੀ ਦੇ ਵਿਚ ਕੁੱਟਿਆ ਜਾਵੇ ਇਸ ਤੋਂ ਜ਼ਿਆਦਾ ਸ਼ਰਮਨਾਕ ਗੱਲ ਹੋਰ ਕੀ ਹੋ ਸਕਦੀ ਹੈ....(ਵਿਘਨ) ।

Mr. Speaker : Order please, if you persist like that I will have to ask you to leave the House. (*Interruption*)

ਸਰਦਾਰ ਗੁਰਚਰਨ ਸਿੰਘ : ਸਦਾ ਨਹੀਂ ਤੁਸਾਂ ਇਸ ਮਨਿਸਟਰੀ ਵਿਚ ਬੈਠੇ ਰਹਿਣਾ ।

(ਸ਼ੋਰ)

Mr. Speaker : Order please. I name you, Sardar Gurcharan Singh.

Chaudhri Balbir Singh : On a Point of order, Sir. ਸਪੀਕਰ ਸਾਹਿਬ, ਇਸੇ ਤਰ੍ਹਾਂ ਦੀ ਮੇਰੀ ਕਾਲ ਅਟੈਨਸ਼ਨ ਮੋਸ਼ਨ ਤੁਸੀਂ ਪਹਿਲਾਂ ਵੀ ਐਡਮਿਟ ਕੀਤੀ ਹੈ.. (ਵਿਘਨ)

ਸ਼੍ਰੀ ਬਲਰਾਮਜੀ ਦਾਸ ਟੰਡਨ : ਇਹ ਬਾਇਸੇ ਸ਼ਰਮ ਹੈ ।

ਸ੍ਰੀ ਸਪੀਕਰ : ਤੁਹਾਨੂੰ ਬਜਟ ਦੀ ਡਿਸਕਸ਼ਨ ਵੇਲੇ ਕਾਫ਼ੀ ਮੌਕਾ ਮਿਲੇਗਾ ਉਸ ਵਿਚ ਜਿਤਨਾ ਮਰਜ਼ੀ ਕਹਿ ਲੈਣਾ । ਉਸ ਵੇਲੇ ਤੁਸੀਂ ਭਾਵੇਂ ਬਾਇਸੇ ਸ਼ਰਮ ਤੋਂ ਵੀ ਜ਼ਿਆਦਾ ਕਹਿ ਲੈਣਾ....(ਵਿਘਨ) (The hon. Members will get ample opportunity during the discussion of the Budget and they can give expression to their feelings to any extent. At that time the hon. Members can pass strong remarks than "A matter of shame.)"

ਸ਼੍ਰੀ ਬਲਰਾਮਜੀ ਦਾਸ ਟੰਡਨ : ਹੁਣੇ ਚੌਧਰੀ ਬਲਬੀਰ ਸਿੰਘ ਸਾਹਿਬ ਨੇ ਦਸਿਆ ਹੈ ਕਿ ਤੁਸਾਂ ਐਸੀ ਮੋਸ਼ਨ ਪਹਿਲਾਂ ਵੀ ਐਡਮਿਟ ਕੀਤੀ ਹੈ ਤੇ ਫਿਰ ਇਸ ਉਤੇ ਇਤਰਾਜ਼ ਕਿਉਂ ?

(ਵਿਘਨ)

Mr. Speaker : Mr. Tandon, I will also have to name you.

ਸ੍ਰੀ ਬਲਰਾਮਜੀ ਦਾਸ ਟੰਡਨ : ਹੋਰ ਪਹਿਲਾਂ ਕਿਸ ਨੂੰ ਕੀਤਾ ਹੈ ?

ਸ੍ਰੀ ਸਪੀਕਰ : ਸਰਦਾਰ ਗੁਰਚਰਨ ਸਿੰਘ ਨੂੰ । (Sardar Gurcharan Singh has been named.)

ਸ਼੍ਰੀ ਬਲਰਾਮਜੀ ਦਾਸ ਟੰਡਨ : ਮੈਂ ਸਮਝਿਆ ਸੀ ਕਿ ਪਹਿਲੇ ਸ਼ਾਇਦ ਕਿਸੇ ਹੋਰ ਨੂੰ ਕੀਤਾ ਸੀ । (ਵਿਘਨ)

Chief Minister (Sardar Lachhman Singh Gill) : The Call Attention Notice given of Sardar Gurcharan Singh has been rejected. He should give a fresh notice.

श्री अ. विश्वनाथन : आन ए प्वायंट आफ आर्डर, सर । बात यह है कि चौधरी बलबीर सिंह जी ने कहा है कि इसी तरह की उनकी काल अटैनशन मोशन पहले ऐडमिट हो चुकी है मगर उसी तरह की काल अटैनशन मोशन सरदार गुरचरन सिंह की क्यों ऐडमिट नहीं हो सकती ? एक केस में तो वह ऐडमिट हो जाए और दूसरे केस में रीजैक्ट हो जाए यह कहां का रूल है ?

श्री अध्यक्ष : आप तो हर केस में वकालत करने लग पड़ते हैं । (The hon. Member begins to advocate every case.)

श्री अ. विश्वनाथन : क्या करूँ, पैदायशी वकील हूं ।

श्री अध्यक्ष : इस सम्बन्ध में वह मेरे साथ आकर बात कर लें । मैं देख लूंगा (In this connection the hon. Member Sardar Gurcharan Singh may talk to me in my Chamber and I will look into it.)

ਸਰਦਾਰ ਗੁਰਚਰਨ ਸਿੰਘ ; ਸਪੀਕਰ ਸਾਹਿਬ, ਇਸ ਕਾਲ ਅਟੈਨਸ਼ਲ ਮੋਸ਼ਨ ਦੀ ਕਾਪੀ ਮੈਨੂੰ ਕੱਲ੍ਹ ਮਿਲੀ । ਕੱਲ੍ਹ ਤੁਸੀਂ ਮੈਨੂੰ ਨਹੀਂ ਸੀ ਕਿਹਾ ਕਿ ਆਕੇ ਗੱਲ ਕਰ ਲਉ । ਕੱਲ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ । ਅੱਜ ਡਿਸਅਲਾਊ ਕਰ ਦਿੱਤੀ ਔਰ ਕਦੋਂ ਆਉਂਦਾ ਮੈਂ ਤੁਹਾਡੇ ਕੋਲ ? ਕੱਲ੍ਹ ਆਫਿਸ ਨੇ ਹਾਊਸ ਵਿਚ ਕਾਪੀ ਦਿਤੀ ਸੀ ਔਰ ਕਿਹਾ ਸੀ ਕਿ ਮੇਰੀ ਕਾਲ ਅਟੇਨਸ਼ਨ ਮੋਸ਼ਨ ਐਡਮਿਟ ਹੋ ਗਈ ਹੈ ।

ਸ੍ਰੀ ਸਪੀਕਰ : ਕੀ ਉਹ ਸਾਰੇ ਮੈਂਬਰਾਂ ਨੂੰ ਸਰਕੂਲੇਟ ਹੋਈ ? (Was it circulated to all the hon Members.)

ਸਰਦਾਰ ਗੁਰਚਰਨ ਸਿੰਘ : ਅਗਰ ਇਸ ਵਿਚ ਤੁਹਾਡੇ ਦਫ਼ਤਰ ਦੀ ਕੋਈ ਗਲਤੀ ਹੈ ਤਾਂ ਉਹ ਸਾਡੇ ਉਤੇ ਤਾਂ ਨਾ ਪਾਈ ਜਾਏ । ਇਸ ਦੀ ਕਾਪੀ ਮੈਨੂੰ ਕੱਲ੍ਹ ਮਿਲੀ ਜਿਸ ਦੇ ਉਪਰ ਡੇਟ ਦਰਜ ਹੈ ਔਰ ਡਿਸਅਲਾਊ ਅੱਜ ਪਈ ਹੁੰਦੀ ਹੈ । (ਸਰਕਾਰੀ ਬੈਂਚਾਂ ਵੱਲੋਂ ਵਿਘਨ) ਤੁਸੀਂ ਸਾਰੀ ਉਮਰ ਚੀਫ ਮਨਿਸਟਰ ਨਹੀਂ ਰਹਿਣਾ । ਜਦੋਂ ਤੁਹਾਨੂੰ ਹਵਾਲਾਤ ਵਿਚ ਇਸ ਤਰ੍ਹਾਂ ਮਾਰਿਆ ਗਿਆ ਤਾਂ ਪਤਾ ਲਗੇਗਾ । ਲਛਮਣ ਸਿੰਘ ਨੇ ਸਦਾ ਨਹੀਂ ਰਹਿਣਾ । ਨਾ ਹੀ ਸਰਦਾਰ ਪ੍ਰਤਾਪ ਸਿੰਘ ਰਿਹਾ ਹੈ ਔਰ ਨਾ ਹੀ ਕਿਸੇ ਹੋਰ ਨੇ ਰਹਿਣਾ ਹੈ । (ਵਿਘਨ) ਅਸੀਂ ਜਾਨਾਂ ਵੀ ਦੇ ਦਿਆਂਗੇ ਮਗਰ ਇਸ ਤਰੀਕੇ ਨਾਲ ਮਰਨ ਨੂੰ ਹਰਗਿਜ਼ ਤਿਆਰ ਨਹੀਂ ।

(ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ ਨੂੰ ਕਹਿ ਦਿਉ ।

ਸ੍ਰੀ ਬਲਰਾਮਜੀ ਦਾਸ ਟੰਡਨ : ਅਗਰ ਇਸੇ ਮਜ਼ਮੂਨ ਤੇ ਅਜਿਹੀ ਮੋਸ਼ਨ ਚੌਧਰੀ ਸਾਹਿਬ ਦੀ ਐਡਮਿਟ ਹੋ ਚੁਕੀ ਹੈ ਤਾਂ ਫੇਰ ਹੁਣ ਇਸ ਬਾਰੇ ਇਤਰਾਜ਼ ਕਿਉਂ ? ਇਸ ਨੂੰ ਡਿਸਅਲਾਉ ਕਿਉਂ ਕੀਤਾ ਗਿਆ ਹੈ ?

ਸ੍ਰੀ ਸਪੀਕਰ : ਤੁਸੀਂ ਚੌਧਰੀ ਸਾਹਿਬ ਨੂੰ ਪੁਛ ਲਉ ਕਿ ਉਹ ਮੇਰੇ ਕਮਰੇ ਵਿਚ ਆਏ ਕਿ ਨਹੀਂ ਆਏ । ਉਹ ਆਉਣ । ਮੈਂ ਉਨ੍ਹਾਂ ਨੂੰ ਕਿਹਾ ਹੈ ਕਿ ਮੈਂ ਐਗਜ਼ਾਮਿਨ ਕਰ ਲਵਾਂਗਾ । ਅਗਰ ਕੋਈ ਐਡਮਿਟ ਹੋਈ ਹੋਵੇਗੀ ਤਾਂ ਜ਼ਰੂਰ ਇਜਾਜ਼ਤ ਦੇ ਦਿਆਂਗਾ । (You can ask Chaudhri Sahib whether he came to my Chamber or not. I have told him that he should come and it would be examined. If I have admitted any Motion on similar facts then this motion will certainly be allowed.)

ਸ੍ਰੀ ਬਲਰਾਮਜੀ ਦਾਸ ਟੰਡਨ : ਇਹ ਬੜੀ ਅਸਾਧਾਰਨ ਜਿਹੀ ਚੀਜ਼ ਹੈ ।

ਸਰਦਾਰ ਗੁਰਨਾਮ ਸਿੰਘ : ਇਨ੍ਹਾਂ ਸਾਰਿਆਂ ਨੂੰ ਕਹਿ ਦਿੰਦੇ ਹਾਂ ਕਿ ਪਹਿਲਾਂ ਤੁਹਾਡੇ ਕਮਰੇ ਵਿਚ ਹੀ ਆ ਜਾਇਆ ਕਰਨ ।

ਸ੍ਰੀ ਬਲਰਾਮਜੀ ਦਾਸ ਟੰਡਨ : ਬੜੀ ਅਜੀਬ ਗੱਲ ਹੈ ਕਿ ਇਹ ਆਈਡੈਂਟੀਕਲ ਚੀਜ਼ ਐਡਮਿਟ ਹੋ ਜਾਵੇ ਔਰ ਉਸੇ ਤਰ੍ਹਾਂ ਦੀ ਦੂਜੀ ਮੋਸ਼ਨ ਰੀਜੈਕਟ ਹੋ ਜਾਵੇ ।

ਸ੍ਰੀ ਸਪੀਕਰ : ਮੈਂ ਅੱਗੇ ਹੀ ਕਿਹਾ ਹੈ ਕਿ ਅਗਰ ਅਜਿਹੀ ਕੋਈ ਗੱਲ ਹੋਈ ਹੋਵੇਗੀ ਤਾਂ ਦਫ਼ਤਰ ਵਿਚੋਂ ਰਿਕਾਰਡ ਕਢਾ ਕੇ ਦੇਖ ਲੈਂਦੇ ਹਾਂ । (I have already stated that if any such thing has happened then I will go through the office record and find out the facts.)

ਸ੍ਰੀ ਬਲਰਾਮਜੀ ਦਾਸ ਟੰਡਨ : ਫੇਰ ਇਹ ਮੋਸ਼ਨ ਇਸ ਕਰਕੇ ਰੀਜੈਕਟ ਨਹੀਂ ਹੋਣੀ ਚਾਹੀਦੀ ਕਿ ਇਕ ਕਮਰੇ ਵਿਚ ਆਏ ਔਰ ਦੂਸਰਾ ਕਮਰੇ ਵਿਚ ਨਾ ਆਏ ।

ਸ੍ਰੀ ਸਪੀਕਰ : ਕਮਰੇ ਦੀ ਕੋਈ ਗੱਲ ਨਹੀਂ । ਮੈਂ ਦਫ਼ਤਰ ਵਿਚੋਂ ਰਿਕਾਰਡ ਮੰਗਵਾ ਕੇ ਦੇਖ ਲਵਾਂਗਾ । (ਵਿਘਨ) ਪਰ ਤੁਹਾਡਾ ਜਿਹੜਾ ਬੋਲਣ ਦਾ ਤਰੀਕਾ ਹੈ ਇਹ ਠੀਕ ਨਹੀਂ । ਤੁਹਾਨੂੰ ਜ਼ਿਆਦਾ ਬੋਲਣ ਦਾ ਸ਼ੌਕ ਹੈ ਪਰ ਜ਼ਰਾ ਤੁਸੀਂ ਦੂਸਰੇ ਦੀ ਗੱਲ ਵੀ ਸੁਣ ਲਿਆ ਕਰੋ । (Thers is no question of my Chamber. I shall find it out from the office record (*Interruption:*) but the hon. Member's way of talking is not proper. He is very fond of talking but he should listen to others also.)

ਸਰਦਾਰ ਗੁਰਨਾਮ ਸਿੰਘ : ਤਾਂ ਫਿਰ ਇਸ ਨੂੰ ਪੈਂਡਿੰਗ ਸਮਝਿਆ ਜਾਵੇ ।

श्री अ. विश्वनाथन : बड़ी हैरानगी की बात है कि पंजाब में कुछ भी हो जाए, न यहां पर काल अटैनशन मोशन ऐडमिट होती है न ऐडजर्नमेंट मोशन ऐडमिट होती है, चाहे पंजाब में आग भी लग जाए । तो फिर हम यहां पर किस लिये बैठे हैं ? आप कोई काल अटैनशन मोशन ऐडमिट नहीं करते, कोई ऐडजर्नमेंट मोशन ऐडमिट नहीं करते । हरेक बात पर टैक्नीकल आबजैक्शन करने लगते हैं ।

Mr. Speaker : If you go on like this. I will take action against you. You can discuss this thing during the discussion of the Budget.

ਸ੍ਰੀ ਅ. ਵਿਸ਼ਵਨਾਥਨ : ਕੀ ਬਜਟ ਪੰਜਾਬ ਦੀ ਜਨਤਾ ਨਾਲੋਂ ਜ਼ਿਆਦਾ ਇੰਪਾਰਟੈਂਟ ਹੈ । ਪੰਜਾਬ ਦੀ ਜਨਤਾ ਜ਼ਿਆਦਾ ਇੰਪਾਰਟੈਂਟ ਹੈ ਜਿਸ ਤੋਂ ਪੈਸਾ ਲੈਕੇ ਅਸੀਂ ਇਹ ਬਜਟ ਬਣਾਇਆ ਹੈ । ਅਸੀਂ ਜੇ ਇਥੇ ਜਨਤਾ ਦੀ ਨੁਮਾਇੰਦਗੀ ਵੀ ਨਹੀਂ ਕਰ ਸਕਦੇ ਤਾਂ ਬਜਟ ਨੂੰ ਸਵਾਹ ਪਾਣੀ ਹੈ । (ਵਿਘਨ)

Mr Speaker : Order please, Order.

ਸ੍ਰੀ ਅ. ਵਿਸ਼ਵਾਨਾਥਨ : ਇਥੇ ਸਾਰੇ ਰੂਲਜ਼ ਰੋਜ਼ ਟੁਟਦੇ ਹਨ । ਕੋਈ ਰੂਲ ਹੈ ਹੀ ਨਹੀਂ । ਇਹ ਰੂਲਜ਼ ਦੀ ਕਿਤਾਬ ਬੇਕਾਰ ਹੋ ਗਈ ਹੈ । This book is useless.

Mr. Speaker : Whatever you say is useful and the rest is useless,

ਸ੍ਰੀ ਅ. ਵਿਸ਼ਵਨਾਥਨ : ਇਥੇ ਕਦੇ ਕੋਈ ਰੂਲ ਸਟਿਕ ਨਹੀਂ ਹੋਇਆ, ਕਦੇ ਕੋਈ ਡਿਸੀਜ਼ਨ ਸਟਿਕ ਨਹੀਂ ਹੋਇਆ । (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਮਾਮਲੇ ਵਿਚ ਬਹੁਤਾ ਬਹਿਸ ਵਿਚ ਪੈਣ ਦੀ ਲੋੜ ਨਹੀਂ । ਜਿਹੜਾ ਮਰਜ਼ੀ ਹੈ ਬੈਠ ਕੇ ਫ਼ੈਸਲਾ ਕਰ ਲਉ । ਮੈਂ ਤਾਂ ਇਹ ਵੀ ਕਹਾਂਗਾ ਕਿ ਲੀਡਰ ਆਫ਼ ਦੀ ਆਪੋਜ਼ੀਸ਼ਨ ਅਗਰ ਇਸ ਮਾਮਲੇ ਤੇ ਕੁਝ ਕਹਿਣਾ ਚਾਹੁਣ ਤਾਂ ਉਨ੍ਹਾਂ ਨੂੰ ਵੀ ਸੁਣ ਲਉ । ਅੱਪਰ ਹਾਊਸ ਵਾਲਿਆਂ ਦਾ ਵੀ ਇਹ ਫ਼ੈਸਲਾ ਕੀਤਾ ਹੋਇਆ ਹੈ ਔਰ ਅੱਗੇ ਇਥੇ ਵੀ ਇਹੀ ਰਵਾਜ ਰਿਹਾ ਹੈ—ਮੈਂ ਕਿਸੇ ਤਰ੍ਹਾਂ ਦੀ ਕੋਈ ਡਿਫੈਂਸ ਨਹੀਂ ਕਰਦਾ, ਕੋਈ ਵੀ ਫ਼ੈਸਲਾ ਕਰ ਲਉ ਮੈਨੂੰ ਕੋਈ ਇਤਰਾਜ਼ ਨਹੀਂ—ਪਰ ਬਜਟ ਸੈਸ਼ਨ ਜਦੋਂ ਹੁੰਦਾ ਹੈ ਤਾਂ ਉਸ ਵਿਚ ਕਾਲ ਅਟੈਨਸ਼ਨ ਮੋਸ਼ਨਜ਼ ਔਰ ਐਡਜਰਨਮੈਂਟ ਮੋਸ਼ਨਜ਼ ਨਹੀਂ ਐਕਸੈਪਟ ਹੁੰਦੀਆਂ । ਅਸੀਂ ਅਪਰ ਹਾਊਸ ਵਿਚ ਵੀ ਜਾਂਦੇ ਹਾਂ । ਉਥੇ ਇਕ ਵੀ ਅਜਿਹੀ ਮੋਸ਼ਨ ਐਡਮਿਟ ਨਹੀਂ ਹੁੰਦੀ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਕੋਈ ਪ੍ਰਿੰਸੀਪਲ ਬਣਾ ਲਉ, ਅਗਰ ਐਕਸੈਪਟ ਕਰਨੀਆਂ ਹਨ ਤਾਂ ਐਕਸੈਪਟ ਕਰੀ ਜਾਉ ਪਰ ਇਥੇ ਜਿਹੜਾ ਹਰ ਰੋਜ਼ ਘੰਟਾ ਘੰਟਾ ਡੇਢ ਡੇਢ ਘੰਟਾ ਇਨ੍ਹਾਂ ਗੱਲਾਂ ਵਿਚ ਲੰਘ ਜਾਂਦਾ ਹੈ ਇਹ ਠੀਕ ਨਹੀਂ ।

ਸ੍ਰੀ ਬਲਰਾਮਜੀ ਦਾਸ ਟੰਡਨ : ਬੈਠ ਕੇ ਗੱਲ ਕਰ ਲੈਂਦੇ ਹਾਂ । ਇਹ ਠੀਕ ਹੈ ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੂੰ ਆਪਣੇ ਚੈਂਬਰ ਵਿਚ ਬੁਲਾ ਕੇ ਗੱਲ ਕਰ ਲਉ ਔਰ ਇਸ ਦੌਰਾਨ ਉਸੇ ਤਰ੍ਹਾਂ ਸਿਲਸਿਲਾ ਚਲਦਾ ਰਹੇ ਜਿਸ ਤਰ੍ਹਾਂ ਪਹਿਲਾਂ ਚਲਦਾ ਸੀ ਔਰ ਅੱਗੋਂ ਲਈ ਫ਼ੈਸਲਾ ਕਰ ਲਉ ।

ਕਾਮਰੇਡ ਸਤ ਪਾਲ ਕਪੂਰ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮਿਸਟਰ ਵਿਸ਼ਵਨਾਥਨ ਨੇ ਜਿਸ ਤਰੀਕੇ ਨਾਲ ਗੱਲ ਕੀਤੀ ਹੈ ਔਰ ਕਿਹਾ ਹੈ ਕਿ ਰੂਲਜ਼ ਦੀ ਕਦਰ ਨਹੀਂ, ਕੋਈ ਰੂਲ ਨਹੀਂ, ਰੂਲ ਟੁਟਦੇ ਹਨ ਔਰ ਜਿਸ ਟੋਨ ਦੇ ਨਾਲ ਇਹ ਕਿਹਾ ਹੈ, ਇਹ ਹਾਊਸ ਦੀ ਬੇਇੱਜ਼ਤੀ ਹੈ। ਉਨ੍ਹਾਂ ਨੂੰ ਕਿਹਾ ਜਾਵੇ ਕਿ ਇਹ ਲਫ਼ਜ਼ ਵਾਪਸ ਲੈਣ ਔਰ ਇਹ ਰੀਕਾਰਡ ਵਿਚੋਂ ਐਕਸਪੰਜ ਹੋਣੇ ਚਾਹੀਦੇ ਹਨ । (ਵਿਘਨ)

ਸ੍ਰੀ ਮਨਮੋਹਨ ਕਾਲੀਆ : ਕੀ ਇਹ ਪੁਆਇੰਟ ਆਫ਼ ਆਰਡਰ ਹੈ ? (ਵਿਘਨ)

ਕਾਮਰੇਡ ਸਤ ਪਾਲ ਕਪੂਰ : ਇਹ ਉਨ੍ਹਾਂ ਨੇ ਹਾਊਸ ਦੀ ਤੌਹੀਨ ਕੀਤੀ ਹੈ । (ਵਿਘਨ)

ਮੁੱਖ ਮੰਤਰੀ : ਵਿਸ਼ਵਨਾਥਨ ਜੀ, ਇਸ ਤਰ੍ਹਾਂ ਕਹਿਣਾ ਚੰਗਾ ਨਹੀਂ ਲਗਦਾ । (ਵਿਘਨ)

ਸ੍ਰੀ ਬਲਰਾਮਜੀ ਦਾਸ ਟੰਡਨ : ਚਲੋ ਛਡੋ ਵਿਚੋਂ ।

ਕਾਮਰੇਡ ਸੱਤ ਪਾਲ ਕਪੂਰ : ਸਪੀਕਰ ਸਾਹਿਬ, ਇਹ ਰੀਮਾਰਕਸ ਰੀਕਾਰਡ ਵਿਚੋਂ ਐਕਸਪੰਜ ਹੋਣੇ ਚਾਹੀਦੇ ਹਨ ਔਰ ਇਹ ਹਾਊਸ ਤੋਂ ਮਾਫ਼ੀ ਮੰਗਣ ।

ਉਦਿਯੋਗ ਮੰਤਰੀ (ਸ੍ਰੀ ਬਿਸ਼ੰਬਰ ਨਾਥ ਮੱਕੜ) : ਇਤਨੇ ਕਾਬਲ ਆਦਮੀ ਨੂੰ ਅਜਿਹੀਆਂ ਗੱਲਾਂ ਨਹੀਂ ਕਹਿਣੀਆਂ ਚਾਹੀਦੀਆਂ ।

ਲੋਕ ਕਾਰਜ ਦੇ ਰਾਜ ਮੰਤਰੀ (ਸਰਦਾਰ ਨਰਿੰਦਰ ਸਿੰਘ) : ਤੁਸੀਂ ਆਪ ਹੀ ਅੰਦਾਜ਼ਾ ਲਗਾਉ ਕਿ ਖੁਦ ਹਾਊਸ ਵਿਚ ਬੈਠੇ ਹੋਏ ਹਨ ਔਰ ਇਹ ਕਹਿੰਦੇ ਹਨ ਕਿ ਹਾਊਸ ਵਿਚ ਰੂਲਜ਼ ਟੁਟਦੇ ਹਨ, ਰੂਲਜ਼ ਦੀ ਕਦਰ ਨਹੀਂ ।

ਸ੍ਰੀ ਬਲਰਾਮਜੀ ਦਾਸ ਟੰਡਨ : ਤੁਸੀਂ ਕੀ ਮਹਿਸੂਸ ਕਰਦੇ ਹੋ ? ਤੁਹਾਡੀ ਜ਼ਮੀਰ ਕੀ ਕਹਿੰਦੀ ਹੈ ?

Sardar Narinder Singh : Sir, this is an aspersion on you and the House itself. (*Interruptions*)

ਸ੍ਰੀ ਸਪੀਕਰ : ਵਿਸ਼ਵਨਾਥਨ ਸਾਹਿਬ ਜੀ, ਮੈਂ ਤੁਹਾਥੋਂ ਇਕ ਗੱਲ ਪੁਛ ਸਕਦਾ ਹਾਂ ਕਿ ਜੋ ਆਪ ਨੇ ਮੋਸ਼ਨ ਪੇਸ਼ ਕੀਤੀ ਉਹ ਠੀਕ ਸੀ? ਉਹ ਐਲਾਉ ਕੀਤੀ ਗਈ ਤਾਂ ਇਸ ਲਈ ਕਿ ਹਾਊਸ ਜੋ ਮਰਜ਼ੀ ਹੈ ਕਰ ਦੇਵੇ । ਜਦੋਂ ਆਪ ਕੁਝ ਬੋਲਦੇ ਹੋ ਤਾਂ ਆਪ ਖਿਆਲ ਕਰਦੇ ਹੋ ਕਿ ਆਪ ਦੇ ਮੂੰਹ ਵਿਚੋਂ ਕੀ ਨਿਕਲਦਾ ਹੈ ? Do you understand what you say? (Addressing Shri Vishwanathan : May I ask the hon. Member whether the Motion mo ed by him was in order ? It was allowed so that the House may deal with it in any way it thinks proper. When you speak do you know what you are saying ? Do you understand what you say ?)

ਇਕ ਆਵਾਜ਼ : ਲਾਊਡ ਸਪੀਕਰ ਕੰਮ ਨਹੀਂ ਕਰ ਰਿਹਾ ।

श्री अ. विश्वनाथन : स्पीकर साहिब, मैंने एक मोशन पेश की आप ने मेहरबानी करके ऐलाउ की । फिर एक पुरज़ा आ गया कि रिजैक्टिड है जब चीफ़ मनिस्टर साहिब ब्यान दे रहे थे ..। (विघ्न)

ਸ੍ਰੀ ਸਪੀਕਰ : ਮੈਂ ਕਿਹਾ ਸੀ ਕਿ ਇਹ ਰਿਜੈਕਟਿਡ ਹੈ । I told you so in the morning ਮਗਰ ਆਪ ਨੇ ਰਿਕੁਐਸਟ ਕੀਤੀ ਕਿ ਇਹ ਪੰਜਾਬੀਆਂ ਦਾ ਮਾਮਲਾ ਹੈ (ਵਿਘਨ) Otherwise, it was rejected. (I told you that it had been rejected. I told you so in the morning. But you said that it was a matter which concerned Punjabis. (*Interruption*) otherwise, it was rejected.)

ਸ੍ਰੀ ਬਲਰਾਮਜੀ ਦਾਸ ਟੰਡਨ : ਸਪੀਕਰ ਸਾਹਿਬ ਨੂੰ ਇਹ ਇਨਹੈਰੈਂਟ ਪਾਵਰ ਹੈ ਕਿ ਉਹ ਕਿਸੇ ਵੀ ਰੂਲ ਨੂੰ ਰੀਲੈਕਸ ਕਰ ਸਕਦੇ ਹਨ । ਅਗਰ ਉਹ ਦੇਖਦੇ ਹਨ ਕਿ ਕੋਈ ਰੂਲ ਜਨਤਾ ਦੇ ਇੰਟਰੈਸਟਸ ਦੇ ਖਿਲਾਫ਼ ਜਾਂਦਾ ਹੈ ਅਤੇ ਉਸ ਨੂੰ ਰੀਲੈਕਸ ਕਰਕੇ ਕੋਈ ਚੰਗੀ ਗਲ ਹੋ ਸਕਦੀ ਹੈ ਤਾਂ ਸਪੀਕਰ ਸਾਹਿਬ ਰੂਲ ਰੀਲੈਕਸ ਕਰਨ ਦੇ ਮਜਾਜ਼ ਹਨ ।

ਮੁੱਖ ਮੰਤਰੀ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਬ, ਕਾਰਵਾਈ ਸ਼ੁਰੂ ਹੋਈ ਨੂੰ 5-6 ਦਿਨ ਹੋਏ ਹਨ । ਮੈਂ ਨਿਹਾਇਤ ਅਦਬ ਨਾਲ ਕਹਿੰਦਾ ਹਾਂ ਕਿ ਮੈਨੂੰ

[ਮੁੱਖ ਮੰਤਰੀ]

ਸਾਰਿਆਂ ਨੂੰ ਹੀ ਸਪੀਕਰ ਸਾਹਿਬ ਦਾ ਇਹਤਰਾਮ ਕਰਨਾ ਚਾਹੀਦਾ ਹੈ। ਇਹ ਸਾਡਾ ਫਰਜ਼ ਹੈ। ਮੈਨੂੰ ਮਾਫ਼ ਕਰਨਾ ਆਪ ਬਤੌਰ ਸਰਦਾਰ ਜੋਗਿੰਦਰ ਸਿੰਘ ਦੇ ਆਪਣੇ ਸੁਭਾਉ ਦੀ ਨਰਮੀ ਕਾਰਨ ਕਈ ਗੱਲਾਂ ਦਾ ਨੋਟਿਸ ਨਹੀਂ ਲੈਂਦੇ। ਮਗਰ ਇਥੇ ਸਰਦਾਰ ਜੋਗਿੰਦਰ ਸਿੰਘ ਦੀ ਜ਼ਾਤ ਦਾ ਤਲੱਕ ਨਹੀਂ ਹੈ। ਇਥੇ ਸਪੀਕਰ ਦੀ ਕੁਰਸੀ ਦਾ ਤੱਲਕ ਹੈ। ਮੈਂ ਪੂਰੇ ਅਦਬ ਨਾਲ ਕਹਿੰਦਾ ਹਾਂ ਕਿ ਸਾਨੂੰ ਦੋਹਾਂ ਪਾਸਿਆਂ ਦੇ ਮੈਂਬਰਾਂ ਨੂੰ ਚਾਹੀਦਾ ਹੈ ਕਿ ਕੋਈ ਗਲਤ ਗੱਲ ਨਾ ਕਰੀਏ। ਸਾਨੂੰ ਤਹਈਆ ਕਰਨਾ ਚਾਹੀਦਾ ਹੈ ਕਿ ਇਨ੍ਹਾਂ ਦੀ ਪੂਰੀ ਰਿਸਪੈਕਟ ਕਰਨੀ ਹੈ। ਆਪ ਦੀ ਇਕ ਜ਼ਿੰਮੇਦਾਰੀ ਹੈ, ਆਪ ਜੋ ਮਰਜ਼ੀ ਲਫਜ਼ ਕਹਿਲਵਾ ਲਵੋ (ਵਿਘਨ) ਲੇਕਿਨ ਸਪੀਕਰ ਦੀ ਜੋ ਜ਼ਿੰਮੇਦਾਰੀ ਹੈ .... (ਵਿਘਨ)

A Voice : This is an insult to the Chair. This is a dictation to the Chair.

ਮੁੱਖ ਮੰਤਰੀ : ਇਹ ਕੋਈ ਡਿਕਟੇਸ਼ਨ ਨਹੀਂ। (ਵਿਘਨ) ਮੇਰੇ ਬਾਅਦ ਜੋ ਮਰਜ਼ੀ ਕਹਿ ਲੈਣਾ।

ਸ੍ਰੀ ਬਲਰਾਮਜੀ ਦਾਸ ਟੰਡਨ : ਸਪੀਕਰ ਸਾਹਬ, ਕਮੇਟੀ ਦੀ ਮੀਟਿੰਗ ਬੁਲਾ ਲਉ, ਉਥੇ ਗਲ ਕਰ ਲਉ। (ਵਿਘਨ)

ਕਾਮਰੇਡ ਸੱਤ ਪਾਲ ਕਪੂਰ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮੈਂ ਜੋ ਸ੍ਰੀ ਵਿਸ਼ਵਨਾਥਨ ਬਾਰੇ ਕਿਹਾ ਸੀ ਉਸ ਤੇ ਕੀ ਐਕਸ਼ਨ ਲਿਆ ਹੈ ਆਪ ਨੇ ? (ਵਿਘਨ) ਪਹਿਲਾਂ ਉਨ੍ਹਾਂ ਦਾ ਐਟੀਚੂਡ ਅਮੈਂਡ ਕਰਾ ਲਉ। ਅਗਲੀ ਕਾਰਵਾਈ ਫਿਰ ਚਲੇ

(ਵਿਘਨ)

ਆਵਾਜ਼ਾਂ : ਸਪੀਕਰ ਸਾਹਿਬ, ਲਾਊਡਸਪੀਕਰ ਨਹੀਂ ਬੋਲ ਰਿਹਾ।

ਸ੍ਰੀ ਸੱਤ ਪਾਲ ਡਾਂਗ : ਮੈਂ ਸਰਕਾਰ ਦਾ ਧਿਆਨ ਇਕ ਜ਼ਰੂਰੀ ਮਸਲੇ ਦੀ ਤਰਫ਼ ਦਿਵਾਉਣਾ ਚਾਹੁੰਦਾ ਹਾਂ। ਪੰਜਾਬ ਵਿਚ ਬਹੁਤ ਸਾਰੀ ਜਗ੍ਹਾ ਤੇ ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਅਤੇ ਪੰਜਾਬ ਸਰਕਾਰ ਦੇ ਵਕਤ ਸਿਰ ਮੱਕੀ ਚੁਕਣ ਵਿਚ ਸਫਲ ਨਾ ਹੋਣ ਕਰਕੇ, ਜਿਵੇਂ ਕਿ ਪਰੈਸ ਵਿਚ ਖਬਰਾਂ ਆਈਆਂ ਹਨ, ਬਹੁਤ ਵਡੀ ਮਾਤਰਾ ਵਿਚ ਮੱਕੀ ਦਾ ਸਟਾਕ ਸੜ ਰਿਹਾ ਹੈ।

ਮਾਮਲੇ ਦੇ ਬਹੁਤ ਮਹੱਤਵਪੂਰਨ ਹੋਣ ਕਰਕੇ ਸਰਕਾਰ ਇਸ ਬਾਰੇ ਬਿਆਨ ਦੇਵੇ।

ਸ੍ਰੀ ਸਪੀਕਰ : ਸਰਕਾਰ ਇਸ ਬਾਰੇ ਬਿਆਨ ਦੇਵੇ। (The Government should give a statement in this connection.)

DICUSSION OF GOVERNOR'S ADDRESS (RESUMPTION)

ਸ੍ਰੀ ਸਪੀਕਰ : ਕਲ ਸ੍ਰੀ ਕਪੂਰ ਗਵਰਨਰ ਐਡਰੈਸ ਤੇ ਬੋਲ ਰਹੇ ਸਨ, ਉਹ ਆਪਣੀ ਸਪੀਚ ਜਾਰੀ ਕਰਨ। (The hon. Member, Comrade Satya Pal Kapoor, who was speaking on the Governor's Address yesterday, may continue his speech.)

ਕਾਮਰੇਡ ਸੱਤ ਪਾਲ ਕਪੂਰ (ਰਾਏਪੁਰ) : ਸਪੀਕਰ ਸਾਹਿਬ, ਕਲ ਮੈਂ ਦਸਿਆ ਸੀ ਕਿ ਜਨਰਲ ਇਲੈਕਸ਼ਨਾਂ ਦੇ ਮਗਰੋਂ . .

ਆਵਾਜ਼ਾਂ : ਲਾਊਡਸਪੀਕਰ ਕੰਮ ਨਹੀਂ ਕਰ ਰਿਹਾ ।

ਸ੍ਰੀ ਸਪੀਕਰ : ਹਾਂ ਜੀ, ਇਹ ਬਣਾਇਆ ਜਾ ਰਿਹਾ ਹੈ, ਹੁਣੇ ਠੀਕ ਹੋ ਜਾਵੇਗਾ । (Yes, please. The defect is being removed and it will be all right very soon.)

ਕਾਮਰੇਡ ਸੱਤ ਪਾਲ ਕਪੂਰ : ਜਨਰਲ ਇਲੈਕਸ਼ਨਾਂ ਦੇ ਮਗਰੋਂ ਮਿਲੀਆਂ ਜੁਲੀਆਂ ਸਰਕਾਰਾਂ ਬਣੀਆਂ ਅਤੇ ਉਸ ਕਿਸਮ ਦੀ ਸਰਕਾਰ ਦਾ ਤਜਰਬਾ ਪੰਜਾਬ ਦੇ ਲੋਕਾਂ ਨੂੰ ਵੀ ਹੋਇਆ (ਵਿਘਨ) ਦੂਜੀਆਂ ਸਟੇਟਸ ਵਿਚ ਵੀ ਨਾਨ-ਕਾਂਗਰਸ ਸਰਕਾਰਾਂ ਬਣੀਆਂ ਜਿਵੇਂ ਕਿ ਯੂ. ਪੀ., ਬੰਗਾਲ, ਮਧ ਪ੍ਰਦੇਸ਼, ਕੇਰਲ ਜਾਂ ਮਦਰਾਸ ਵਿਚ । ਇਨ੍ਹਾਂ ਨਾਲ ਕਾਂਗਰਸੀ ਸਰਕਾਰਾਂ ਨੇ ਕੋਈ ਖਾਸ ਡਿਵੈਲਪਮੈਂਟ ਦਾ ਕੰਮ ਨਹੀਂ ਕੀਤਾ । ਮੈਂ ਮਧ ਪ੍ਰਦੇਸ਼ ਸਰਕਾਰ ਦਾ ਤਾਂ ਜ਼ਿਕਰ ਨਹੀਂ ਕਰਨਾ ਚਾਹੁੰਦਾ ਪਰ ਉੜੀਸਾ ਜਿਥੇ ਕਿ ਰੀਐਕਸ਼ਨਰੀ ਲੋਕ ਪਾਵਰ ਵਿਚ ਆਏ ਉਨ੍ਹਾਂ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ । ਕਲ ਡਾ: ਬਲਦੇਵ ਪ੍ਰਕਾਸ਼ ਨੇ ਕਿਹਾ ਕਿ ਮਿਡ ਟਰਮ ਪੋਲ ਇਨਐਵੀਟੇਬਲ ਹੈ । ਇਨ੍ਹਾਂ ਨੂੰ ਕੋਈ ਰੋਕ ਨਹੀਂ ਸਕਦਾ । ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਮੈਨੂੰ ਮਿਡ ਟਰਮ ਪੋਲ ਤੋਂ ਕੋਈ ਖਤਰਾ ਨਹੀਂ ਹੈ । ਕੋਈ ਘਬਰਾਹਟ ਨਹੀਂ ਹੈ (ਵਿਘਨ) ਸਾਨੂੰ ਪਤਾ ਹੈ ਕਿ ਮਿਡ ਟਰਮ ਪੋਲ ਅਤੇ ਰਾਸ਼ਟਰਪਤੀ ਦਾ ਰਾਜ ਕਿਹੜੇ ਹਾਲਾਤ ਵਿਚ ਹੁੰਦਾ ਹੈ । ਇਥੇ 8-9 ਮਹੀਨੇ ਫਰੰਟ ਦੀ ਸਰਕਾਰ ਰਹੀ । ਉਸ ਫਰੰਟ ਵਿਚ ਜਿਸ ਹਦ ਤਕ ਯੂਨਿਟੀ ਸੀ ਉਸ ਦਾ ਸਭ ਨੂੰ ਪਤਾ ਹੈ । ਕਾਮਰੇਡ ਸੱਤ ਪਾਲ ਡਾਂਗ ਕਹਿੰਦੇ ਰਹੇ ਕਿ ਮਜ਼ਦੂਰਾਂ ਦੀ ਤਨਖਾਹ ਵਧਾਈ ਜਾਵੇਗੀ ਔਰ ਜਨ ਸੰਘ ਸਰਮਾਏਦਾਰਾਂ ਦੀ ਹਮਾਇਤ ਤੇ ਸਨ ਤੇ ਕਹਿੰਦੇ ਸਨ ਕਿ ਮਜ਼ਦੂਰਾਂ ਦੀਆਂ ਤਨਖਾਹਾਂ ਨਾ ਵਧਾਈਆਂ ਜਾਣ । ਇਹ ਆਪਸ ਵਿਚ ਲੜਦੇ ਰਹੇ । ਇਸ ਗੱਲ ਨੂੰ ਸਾਹਮਣੇ ਰਖ ਕੇ ਹੀ ਲੇਬਰ ਦਾ ਮਹਿਕਮਾ ਇਨ੍ਹਾਂ ਆਪਣੇ ਪਾਸ ਰਖਿਆ ਅਤੇ ਉਸ ਪਾਰਟੀ ਦੇ ਨੁਮਾਇੰਦੇ ਨੇ ਰਖਿਆ ਜੋ ਮਜ਼ਦੂਰਾਂ ਦਾ ਸਹੀ ਮਾਅਨਿਆਂ ਵਿਚ ਦੁਸ਼ਮਨ ਸੀ ਅਤੇ ਮਜ਼ਦੂਰਾਂ ਦੀਆਂ ਤਨਖਾਹਾਂ ਨੂੰ ਨਾ ਵਧਣ ਦਿਤਾ ਗਿਆ । ਇਸ ਫਰੰਟ ਦੀ ਸਰਕਾਰ, ਜਿਸ ਵਿਚ ਸ੍ਰੀ ਸੱਤ ਪਾਲ ਡਾਂਗ ਮਨਿਸਟਰ ਸਨ ਕਮਿਊਨਿਸਟ ਪਾਰਟੀ ਦੇ ਅਤੇ ਇਨ੍ਹਾਂ ਨੂੰ ਕਮਿਊਨਿਸਟ ਪਾਰਟੀ ਦੇ ਦੋਹਾਂ ਗਰੁਪਾਂ ਦੀ ਸਪੋਰਟ ਸੀ, ਇਸ ਸਬੰਧ ਵਿਚ ਕੁਝ ਨਾ ਕਰ ਸਕੀ ।

11.00 A. M.

ਫਿਰ, ਸਪੀਕਰ ਸਾਹਿਬ, ਡਾਂਗ ਸਾਹਿਬ ਕਿਸਾਨਾਂ ਦੇ ਹਿਤੈਸ਼ੀ ਸਨ ਪਰ ਇਨ੍ਹਾਂ ਨੇ ਕੋਈ ਲੈਂਡ ਰੀਫਾਰਮਜ਼ ਨਹੀਂ ਕੀਤੀਆਂ । ਖਿਆਲ ਸੀ ਕਿ ਪਿਛਲੇ 15 ਵੀਹ ਸਾਲ ਤੋਂ ਲੈਂਡ ਰੀਫਾਰਮ ਦਾ ਜਿਹੜਾ ਮਸਲਾ ਲਟਕ ਰਿਹਾ ਸੀ ਉਸ ਨੂੰ ਇਹ ਹਲ ਕਰਨਗੇ ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਸ ਫਰੰਟ ਦੀ ਸਰਕਾਰ ਨੇ ਲੈਂਡ ਰੀਫਾਰਮ ਦੇ ਮਸਲੇ ਨੂੰ ਟਚ ਹੀ ਨਹੀਂ ਕੀਤਾ, ਸਿਰਫ 271 ਮੁਜ਼ਾਰਿਆਂ ਨੂੰ ਫਰੰਟ ਦੀ ਸਰਕਾਰ ਨੇ ਆਪਣੇ ਨੌਂ ਮਹੀਨੇ ਦੀ ਅਹਿਦੇ ਹਕੂਮਤ ਵਿਚ ਜ਼ਮੀਨ ਦਿਵਾਈ । ਇਹ ਇਨ੍ਹਾਂ ਦੀ ਹਾਲਤ ਸੀ (ਪ੍ਰਸ਼ੰਸਾ) । ਇਨ੍ਹਾਂ ਪਾਸੋਂ ਲੈਂਡ ਰੀਫਾਰਮ ਦਾ ਕੰਮ ਨਹੀਂ ਹੋ ਸਕਿਆ ।

ਹੁਣ ਇਹ ਕਹਿੰਦੇ ਨੇ ਕਿ ਮਿਡ ਟਰਮ ਪੋਲ ਹੋਣਾ ਚਾਹੀਦਾ ਹੈ । ਇਨ੍ਹਾਂ ਦਾ ਵੋਟ ਕੀ ਹੈ ਉਸ ਦਾ ਅੰਦਾਜ਼ਾ, ਸਪੀਕਰ ਸਾਹਿਬ, ਤੁਸੀਂ ਲਗਾ ਸਕਦੇ ਹੋ । ਜਨ ਸੰਘ ਕੋਲ ਤਾਂ ਕਿਦੀ

[ਕਾਮਰੇਡ ਸੱਤ ਪਾਲ ਕਪੂਰ]

ਦਾ ਨਾਅਰਾ ਹੈ ਹੋਰ ਕੋਈ ਨਾਅਰਾ ਨਹੀਂ ਰਿਹਾ । ਅਤੇ ਜਨ ਸੰਘ ਦੀ ਜੋ ਹਾਲਤ ਹੈ ਮੈਂ ਉਸ ਦਾ ਵੀ ਜ਼ਿਕਰ ਕਰ ਦੇਵਾਂ । ਇਸ ਫਰੰਟ ਸਰਕਾਰ ਦੀ ਕੀ ਹਾਲਤ ਸੀ ? ਇਹ ਕਹਿੰਦੇ ਹਨ ਕਿ ਯੂ. ਪੀ. ਵਿਚ ਪਰੈਜ਼ੀਡੈਂਟ ਰੂਲ ਕਰ ਦਿਤਾ । ਇਹ ਕਿਨ੍ਹਾਂ ਕਾਰਨਾਂ ਕਰਕੇ ਹੋਇਆ ਇਸ ਦਾ ਸ਼ਾਇਦ ਇਨ੍ਹਾਂ ਨੂੰ ਪਤਾ ਨਹੀਂ, ਨਹੀਂ ਤਾਂ ਇਹ ਆਪਣੀਆਂ ਕਮਜ਼ੋਰੀਆਂ ਨੂੰ ਭਾਂਪ ਜਾਂਦੇ । ਸਪੀਕਰ ਸਾਹਿਬ, ਅਸੀਂ ਇੱਥੇ ਜਨ ਸੰਘ ਦੇ ਮਹਾਨ ਲੀਡਰ ਸ਼੍ਰੀ ਦੀਨ ਦਿਆਲ ਜੀ ਨੂੰ ਸ਼ਰਧਾਂਜਲੀ ਦਾ ਮਤਾ ਪਾਸ ਕੀਤਾ ਕਿਉਂਕਿ ਅਸੀਂ ਉਨ੍ਹਾਂ ਦਾ ਸਤਿਕਾਰ ਕਰਦੇ ਸਾਂ । ਪਰ ਕੀ ਉਹ ਪੰਜਾਬੀ ਸੂਬੇ ਦੇ ਰਹਿਣ ਵਾਲੇ ਸੀ? ਨਹੀਂ । ਅਤੇ ਨਾ ਹੀ ਇਹ ਹਾਦਸਾ ਰੇਲ ਦਾ ਪੰਜਾਬੀ ਸੂਬੇ ਵਿਚ ਹੋਇਆ ਸੀ । ਨਾ ਹੀ ਸਾਡੇ ਸੂਬੇ ਵਿਚ ਉਨ੍ਹਾਂ ਦਾ ਕਤਲ ਹੋਇਆ ਸੀ । ਇਹ ਹਾਦਸਾ ਉਸ ਸੂਬੇ ਵਿਚ ਹੋਇਆ ਜਿਸ ਵਿਚ ਜਨ ਸੰਘ ਤੇ ਬਾਕੀਆਂ ਨੇ ਮਿਲ ਕੇ ਵਜ਼ਾਰਤ ਬਣਾਈ ਹੋਈ ਸੀ ਅਤੇ ਉਸ ਦੇ ਡਿਪਟੀ ਚੀਫ ਮਨਿਸਟਰ ਜਨ ਸੰਘ ਦੇ ਰਾਮ ਪਰਕਾਸ਼ ਸਨ ਪਰ ਉਥੇ ਵੀ ਇਹ ਆਪਣੀਆਂ ਨੀਤੀਆਂ ਕਾਰਨ ਵਜ਼ਾਰਤ ਨੂੰ ਕਾਇਮ ਨਾ ਰਖ ਸਕੇ । ਮੈਂ ਇਸ ਦੇ ਵਿਸਥਾਰ ਵਿਚ ਨਹੀਂ ਜਾਣਾ ਚਾਹੁੰਦਾ ਕਿ ਚਰਨ ਸਿੰਘ ਵਿਚ ਕੀ ਨੁਕਸ ਸੀ ਜਾਂ ਜਨ ਸੰਘ ਦੇ ਡਿਪਟੀ ਚੀਫ ਮਨਿਸਟਰ ਵਿਚ ਕੀ ਕਮਜ਼ੋਰੀ ਸੀ । (ਵਿਘਨ) ਇਸ ਵਿਚ, ਸਪੀਕਰ ਸਾਹਿਬ, ਯੂ. ਪੀ. ਦਾ ਤੁਅੱਲਕ ਨਹੀਂ ਪਰ ਜਮਹੂਰੀਅਤ ਦਾ ਤੁਅੱਲਕ ਜ਼ਰੂਰ ਹੈ । ਮੈਂ ਤਾਂ ਸਿਰਫ ਇਹ ਕਹਿਣਾ ਚਾਹੁੰਦਾ ਸਾਂ ਕਿ ਫਰੰਟ ਦਾ ਤਜਰਬਾ ਹਰ ਥਾਂ ਤੇ ਫੇਲ੍ਹ ਹੁੰਦਾ ਜਾ ਰਿਹਾ ਹੈ । ਸਾਰੇ ਮੁਲਕ ਵਿਚ ਜਿਥੇ ਜਿਥੇ ਵੀ ਇਸ ਤਰ੍ਹਾਂ ਦਾ ਤਜਰਬਾ ਕੀਤਾ ਗਿਆ ਉਹ ਨਾਕਾਮਯਾਬ ਰਿਹਾ । ਗੈਰ ਕਾਂਗਰਸੀ ਵਜ਼ਾਰਤਾਂ ਨੇ ਕੋਈ ਖ਼ਾਸ ਗੱਲ ਨਹੀਂ ਕੀਤੀ । ਪਰ ਅਜਿਹੇ ਕਈ ਸੂਬੇ ਹਨ ਜਿਨ੍ਹਾਂ ਵਿਚ ਮਿਨਾਰਿਟੀ ਗੌਰਮੈਂਟ ਨੂੰ ਕਾਂਗਰਸ ਪੂਰੀ ਸਪੋਰਟ ਦੇ ਰਹੀ ਹੈ । ਮੈਂ ਇਸ ਸਰਕਾਰ ਤੋਂ ਵੀ ਕੋਈ ਬੜੀਆਂ ਵਡੀਆਂ ਉਮੀਦਾਂ ਨਹੀਂ ਰਖਦਾ । (ਵਿਘਨ) (ਵਿਰੋਧੀ ਦਲ ਵਲੋਂ ਪ੍ਰਸ਼ੰਸਾ) ਇਸ ਸਰਕਾਰ ਤੋਂ ਉਹ ਉਮੀਦ ਰਖ ਸਕਦੇ ਨੇ ਜਿਹੜੇ ਅਮੀਰ ਲੋਕ ਨੇ ਅਤੇ ਉਨ੍ਹਾਂ ਨੇ ਨਾਨ-ਕਾਂਗਰਸ ਗੌਰਮੈਂਟ ਵੇਲੇ ਵੀ ਫਾਇਦਾ ਉਠਾ ਲਿਆ । ਇਥੇ ਫਰੰਟ ਦੀ ਸਰਕਾਰ ਬਣੀ ਪਰ ਉਹ ਆਪਸ ਵਿਚ ਹੀ ਜਨ ਸੰਘੀ ਅਤੇ ਕਮਿਊਨਿਸਟ ਲੜਦੇ ਰਹੇ ਅਤੇ ਗਰੀਬ ਦਾ ਜਾਂ ਕਿਸਾਨ ਦਾ ਧਿਆਨ ਹੀ ਨਾ ਆਇਆ । ਸਭ ਤੋਂ ਵਡੀ ਨਾਕਾਮਯਾਬੀ ਫਰੰਟ ਦੀ ਸਰਕਾਰ ਨੂੰ ਇਸ ਗੱਲ ਵਿਚ ਹੋਈ ਕਿ ਲੈਂਡ ਰੀਫਾਰਮ ਦਾ ਮਸਲਾ ਇਹ ਟਚ ਹੀ ਨਾ ਕਰ ਸਕੀ । ਲਾ ਐਂਡ ਆਰਡਰ ਦੀ ਜੋ ਹਾਲਤ ਇਸ ਫਰੰਟ ਸਰਕਾਰ ਵੇਲੇ ਕੀਤੀ ਗਈ ਉਹ ਸਭ ਦੇ ਸਾਹਮਣੇ ਹੈ। ਤੁਸੀਂ ਅਖਬਾਰਾਂ ਉਸ ਵੇਲੇ ਦੀਆਂ ਪੜ੍ਹ ਕੇ ਦੇਖ ਲਉ । ਕਤਲੇ-ਆਮ ਕੀਤੀ ਗਈ । ਜਲੰਧਰ, ਪਟਿਆਲਾ, ਫਿਰੋਜ਼ਪੁਰ, ਅੰਮ੍ਰਿਤਸਰ ਹਰ ਥਾਂ ਇਸ ਗੱਲ ਦਾ ਚਰਚਾ ਕੀਤਾ ਗਿਆ ਅਤੇ ਐਨੇ ਕਤਲ ਹੋਏ ਜਿੰਨੇ ਕਾਂਗਰਸ ਦੇ 20 ਸਾਲ ਦੇ ਰਾਜ ਵਿਚ ਵੀ ਨਹੀਂ ਕੀਤੇ ਗਏ । ਇਹ ਇਨ੍ਹਾਂ 9 ਮਹੀਨਿਆਂ ਦੇ ਰਾਜ ਵਿਚ ਬਾਜ਼ੀ ਲੈ ਲਈ । ਹਰ ਇਕ ਨੂੰ ਇਨ੍ਹਾਂ 9 ਮਹੀਨਿਆਂ ਵਿਚ ਰਗੜੇ ਦਿਤੇ ਗਏ । (ਹਾਸਾ) ਮੈਂ ਤਾਂ ਪਹਿਲਾਂ ਹੀ ਕਿਹਾ ਹੈ ਕਿ ਇਸ ਜਨਤਾ ਪਾਰਟੀ ਤੋਂ ਮੈਨੂੰ ਬਹੁਤੀ ਉਮੀਦ ਨਹੀਂ ਕਿਉਂਕਿ ਗੱਲ ਬੜੀ ਸਾਫ ਹੈ ਕਿ ਕੁਝ ਪਰੋਗਰਮ ਬਣਾਇਆ ਗਿਆ ਹੈ ਜਿਸ ਦੀ ਸਪੋਰਟ ਕਰਨੀ ਜ਼ਰੂਰੀ ਹੈ ਜਿਸਤਰ੍ਹਾਂ ਸੜਕਾਂ ਦਾ ਪ੍ਰੋਗਰਾਮ ਹੈ । ਮੇਰੇ ਜ਼ਿਲੇ ਦੇ ਲੋਕ ਫਰੰਟ ਦੀ ਸਰਕਾਰ ਤੋਂ ਇਸ ਪੱਖ ਵਿਚ ਮਾਯੂਸ ਹਨ ਕਿਉਂਕਿ ਉਨ੍ਹਾਂ ਨੇ ਆਪ ਸੜਕਾਂ ਤੇ ਮਿਟੀ ਵੀ ਪਾ ਦਿਤੀ ਹੈ ਆਪਣੀ ਹਿੰਮਤ ਨਾਲ । ਇਸ ਲਈ ਮੈਂ ਇਸ ਸਰਕਾਰ ਨੂੰ ਕਹਾਂਗਾ ਕਿ ਜਿਨ੍ਹਾਂ ਸੜਕਾਂ ਤੇ ਮਿਟੀ ਪਾ ਦਿੱਤੀ

ਗਈ ਹੈ ਉਨ੍ਹਾਂ ਨੂੰ ਪਕਿੱਆਂ ਕਰ ਦਿਤਾ ਜਾਵੇ। ਦੂਜੇ ਇਸ ਇਲਾਕੇ ਵਿਚ 40 ਮੀਲ ਦੀ ਡਰੇਨ ਤੇ ਪਿੰਡਾਂ ਵਾਲੇ ਆਪਣੀ ਮਿਹਨਤ ਨਾਲ ਕੰਮ ਕਰ ਰਹੇ ਹਨ। ਇਹ ਡੇਢ ਕਰੋੜ ਦਾ ਪ੍ਰਾਜੈਕਟ ਹੈ ਜਿਸ ਵਿਚ ਨਿਰਾ 50 ਲਖ ਰੁਪਏ ਦਾ ਮਿਟੀ ਦਾ ਕੰਮ ਹੈ। ਇਨ੍ਹਾਂ ਪਿੰਡਾਂ ਵਾਲਿਆਂ ਨੇ ਇਸ ਤੇ ਕੰਮ ਕੀਤਾ ਹੈ ਅਤੇ ਅਰਥ ਵਰਕ ਨੂੰ ਪੂਰਾ ਕਰ ਲਿਆ ਹੈ ਅਤੇ ਆਪਣੇ ਹਥ ਵਿਚ ਲਿਆ ਹੈ (ਪ੍ਰਸੰਸਾ)।

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਕੁਰਸੀ ਸੰਭਾਲੀ)।

ਪਿੰਡਾਂ ਵਾਲਿਆਂ ਨੇ 260 ਮੀਲ ਸੜਕਾਂ ਤੇ ਕੰਮ ਆਪਣੀ ਮਦਦ ਆਪ ਕਰੋ ਦੇ ਪ੍ਰੋਗ੍ਰਾਮ ਹੇਠ ਸ਼ੁਰੂ ਕੀਤਾ ਹੈ ਅਤੇ ਮੈਂ ਇਸ ਮੌਜੂਦਾ ਸਰਕਾਰ ਪਾਸੋਂ ਇਹ ਉਮੀਦ ਕਰਦਾ ਹਾਂ ਕਿ ਇਸ ਪਾਸੇ ਪੂਰਾ ਧਿਆਨ ਦੇਕੇ ਸਾਰੇ ਪ੍ਰਾਜੈਕਟ ਨੂੰ ਪਕਾ ਅਤੇ ਮੁਕੰਮਲ ਕਰ ਦੇਵੇਗੀ।

ਇਸ ਦੇ ਨਾਲ ਹੀ ਇਹ ਬਹੁਤ ਚਿਰ ਤੋਂ ਮੰਗ ਚਲੀ ਆ ਰਹੀ ਹੈ ਕਿ ਲੈਂਡ ਰੀਫਾਰਮਜ਼ ਕੀਤੀਆਂ ਜਾਣ ਲੈਂਡ ਰੀਫਾਰਮਜ਼ ਦਾ ਮਸਲਾ ਬਹੁਤ ਦੇਰ ਤੋਂ ਲਟਕਦਾ ਆ ਰਿਹਾ ਹੈ। ਕਾਂਗਰਸ ਦੀ ਸਰਕਾਰ ਨੇ ਅਤੇ ਫਰੰਟ ਦੀ ਸਰਕਾਰ ਨੇ ਦੋਹਾਂ ਨੇ ਹੀ ਇਸ ਮਸਲੇ ਨੂੰ ਹਲ ਨਹੀਂ ਕੀਤਾ ਜਾਂ ਇਹ ਹਲ ਨਹੀਂ ਕਰ ਸਕੀਆਂ। ਇਹ ਠੀਕ ਹੈ ਕਿ ਲੈਂਡ ਰੀਫਾਰਮਜ਼ ਬਾਰੇ ਗਵਰਨਰ ਸਾਹਿਬ ਦੇ ਐਡਰੈਸ ਵਿਚ ਸਫਾ 8 ਤੇ ਜ਼ਿਕਰ ਕੀਤਾ ਗਿਆ ਹੈ ਪਰ ਉਥੇ ਇਹ ਲਿਖਿਆ ਹੈ ਕਿ ਇਸ ਪਾਸੇ ਕੰਮ ਸੈਟਿਸਫੈਕਟਰੀ ਨਹੀਂ ਹੋਇਆ। ਇਸ ਲਈ ਇਸ ਮਸਲੇ ਨੂੰ ਹਲ ਕਰਨਾ ਬਹੁਤ ਜ਼ਰੂਰੀ ਹੈ। ਇਸ ਦਾ ਇਕ ਹਲ ਇਹ ਹੋ ਸਕਦਾ ਹੈ ਕਿ ਜਿੰਨੀ ਵੀ ਸਰਪਲਸ ਜ਼ਮੀਨ ਪੰਜਾਬ ਅਤੇ ਪੈਪਸੂ ਦੇ ਕਾਨੂੰਨ ਅਨੁਸਾਰ ਨਿਕਲੀ ਹੈ ਉਸ ਨੂੰ ਗੌਰਮੈਂਟ 6 ਮਹੀਨੇ ਦੇ ਅੰਦਰ ਅੰਦਰ ਐਲਿਜਿਬਲ ਟੈਨੈਂਟਸ ਵਿਚ ਵੰਡ ਦੇਵੇ। ਦੂਜਾ ਹਲ ਇਹ ਹੈ ਕਿ ਜਿਹੜੀਆਂ ਮੱਦਾਂ ਮੁਜ਼ਾਰਿਆਂ ਦੇ ਹਿਤਾਂ ਦੇ ਖਿਲਾਫ ਇਨ੍ਹਾਂ ਦੋਹਾਂ ਐਕਟਾਂ ਵਿਚ ਮੌਜੂਦ ਨੇ ਉਨ੍ਹਾਂ ਨੂੰ ਅਮੈਂਡ ਕਰ ਦਿਤਾ ਜਾਵੇ ਅਤੇ ਚੇਂਜ ਕਰ ਦਿਤਾ ਜਾਵੇ ਅਤੇ ਪੈਪਸੂ ਵਾਲਾ ਮੁਜ਼ਾਰਾ ਕਾਨੂੰਨ ਹੀ ਪੰਜਾਬ ਵਿਚ ਲਾਗੂ ਕਰ ਦਿਤਾ ਜਾਵੇ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਪਿਛਲੀ ਫਰੰਟ ਦੀ ਸਰਕਾਰ ਨੇ ਇਸ ਗਲ ਦਾ ਫੈਸਲਾ ਕੀਤਾ ਸੀ ਕਿ ਬਿਰਲਾ ਸੀਡ ਫਾਰਮ ਦੇ ਪੱਟੇ ਨੂੰ ਕੈਂਸਲ ਕਰ ਦਿਤਾ ਜਾਵੇਗਾ ਪਰ ਉਹ ਸਰਕਾਰ ਕਿਸੇ ਖਾਸ ਕਾਰਨ ਕਰਕੇ ਉਸ ਪੱਟੇ ਨੂੰ ਕੈਂਸਲ ਨਹੀਂ ਕਰ ਸਕੀ। ਇਹ ਪੱਟਾ ਰਾਮ ਕਿਸ਼ਨ ਸਰਕਾਰ ਨੇ ਜਾਰੀ ਕੀਤਾ ਸੀ ਪਰ ਜਾਣ ਲਗਿਆਂ ਉਨ੍ਹਾਂ ਵੀ ਇਸ ਗੱਲ ਦੀ ਸਿਫ਼ਾਰਸ਼ ਕੀਤੀ ਸੀ ਕਿ ਇਸ ਪੱਟੇ ਨੂੰ ਕੈਂਸਲ ਕਰ ਦਿਤਾ ਜਾਵੇ। ਫਿਰ ਐਸਟੀਮੇਟ ਕਮੇਟੀ ਨੇ ਵੀ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਬਿਰਲਾ ਸੀਡ ਫਾਰਮ ਦੇ ਪੱਟੇ ਨੂੰ ਕੈਂਸਲ ਕੀਤਾ ਜਾਣਾ ਚਾਹੀਦਾ ਹੈ। ਕਿਉਂਕਿ ਫਰੰਟ ਦੀ ਸਰਕਾਰ, ਮੈਂ ਕਹਾਂਗਾ ਇਕ ਕਨਫਿਊਜ਼ਡ ਸਰਕਾਰ ਸੀ ਅਤੇ ਇਸ ਦੇ ਕਨਸਟੀਚੂਐਂਟਸ ਭਾਂਤ ਭਾਂਤ ਦੀ ਬਲੀ ਬੋਲਦੇ ਸਨ ਅਤੇ ਵਖ ਵਖ ਇੰਟ੍ਰੈਸਟ ਰਖਣ ਵਾਲੇ ਸਨ ਇਸ ਲਈ ਇਸ ਪੱਟੇ ਨੂੰ ਕੈਂਸਲ ਨਹੀਂ ਕਰ ਸਕੇ। ਸਰਦਾਰ ਬਲਵਤ ਸਿੰਘ ਵਲੋਂ (ਵਿਘਨ) ਮੈਨੂੰ ਇਸ ਦਾ ਪਤਾ ਹੈ ਕਿ ਇਹ ਐਂਟੀਸਿਪੇਟਰੀ ਬੇਲ ਤੇ ਇਥੇ ਆ ਗਿਆ ਹੈ। ਮੈਂ ਇਸ ਨੂੰ ਕੀ ਕਹਾਂ ? ਮੈਂ ਤਾਂ ਅਰਜ਼ ਕਰ ਰਿਹਾ ਸੀ ਕਿ ਬਿਰਲਾ ਸੀਡ ਫਾਰਮ ਦਾ ਪੱਟਾ ਕੈਂਸਲ ਕਰ ਦਿਤਾ ਜਾਵੇ। ਮੈਂ ਇਸ ਮੌਜੂਦਾ ਸਰਕਾਰ ਕੋਲੋਂ ਮੰਗ ਕਰਦਾ ਹਾਂ ਕਿ ਇਹ ਛੇਤੀ ਤੋਂ ਛੇਤੀ ਇਸ ਪੱਟੇ ਨੂੰ ਕੈਂਸਲ ਕਰੇ।

ਦੂਜੀ ਮੰਗ ਮੈਂ ਇਸ ਸਰਕਾਰ ਪਾਸੋਂ ਇਹ ਕਰਾਂਗਾ ਕਿ ਵੇਜਿਜ਼ ਨੂੰ ਪ੍ਰਾਈਸ ਇਨਡੈਕਸ ਨਾਲ ਸੰਮਿਲਤ ਕਰਨ ਦਾ ਜਿਹੜਾ ਮਾਮਲਾ ਪੈਂਡਿੰਗ ਚਲਿਆ ਆ ਰਿਹਾ ਹੈ ਉਸ ਵਿਚ ਹੁਣ

[ਕਾਮਰੇਡ ਸੱਤਪਾਲ ਕਪੂਰ]

ਹੋਰ ਦੇਰ ਨਹੀਂ ਕਰਨੀ ਚਾਹੀਦੀ ਕਿਉਂਕਿ ਫਰੰਟ ਦੀ ਸਰਕਾਰ ਵਿਚ ਲੇਬਰ ਮਨਿਸਟਰ ਦਾ ਅਤੇ ਕਾਰਖਾਨਿਆਂ ਦੇ ਮਾਲਕਾਂ ਦੇ ਹਿਤਾਂ ਦਾ ਆਪਸ ਵਿਚ ਟਾਕਰਾ ਸੀ ਪਰ ਹੁਣ ਇਹ ਗੱਲ ਨਹੀਂ, ਇਸ ਲਈ ਮਿਨੀਮਮ ਵੇਜਿਜ਼ ਐਕਟ ਵਿਚ ਜਿਹੜੀ ਜ਼ਰੂਰੀ ਅਮੈਂਡਮੈਂਟ ਲਿਆਣੀ ਚਾਹੀਦੀ ਸੀ ਅਤੇ ਇਸ ਨੂੰ ਰੀਵਾਈਜ਼ ਕਰਨਾ ਸੀ ਉਸ ਵਿਚ ਹੁਣ ਦੇਰ ਨਹੀਂ ਕਰਨੀ ਚਾਹੀਦੀ। ਮੈਂ ਬਹੁਤਾ ਇਸ ਗੱਲ ਤੇ ਜ਼ੋਰ ਦਿੰਦਾ ਹਾਂ ਕਿ ਮਿਨੀਮਮ ਵੇਜਿਜ਼ ਐਕਟ ਨੂੰ ਅਮੈਂਡ ਕਰਕੇ ਮਜ਼ਦੂਰਾਂ ਦੀਆਂ ਤਨਖਾਹਾਂ ਵਧਣੀਆਂ ਚਾਹੀਦੀਆਂ ਹਨ ।

ਪਿਛਲੇ ਸਾਲ ਡਾਕਟਰ ਬਲਦੇਵ ਪ੍ਰਕਾਸ਼ ਨੇ ਬਜਟ ਤੇ ਬੋਲਦਿਆਂ ਗਰੈਜੂਏਟ ਟੀਚਰਜ਼ ਦੀਆਂ ਤਨਖਾਹਾਂ ਵਧਾਉਣ ਲਈ ਐਲਾਨ ਕੀਤਾ ਸੀ । ਇਹੋ ਹੀ ਨਹੀਂ ਕਿ ਐਲਾਨ ਕੀਤਾ ਸਗੋਂ ਗਰਾਂਟ ਐਲੋਕੇਟ ਕੀਤੀ ਗਈ ਸੀ । ਇਸ ਦਾ ਕੀ ਕਾਰਨ ਹੈ ਕਿ ਹੁਣ ਤੱਕ ਉਨ੍ਹਾਂ ਨੂੰ ਕੋਈ ਪੈਸਾ ਨਹੀਂ ਦਿਤਾ ਗਿਆ ....

ਸ਼੍ਰੀ ਮਨਮੋਹਨ ਕਾਲੀਆ : ਉਸ ਵੇਲੇ ਐਜੂਕੇਸ਼ਨ ਮਨਿਸਟਰ ਕੌਣ ਸੀ ?

ਇਕ ਮਾਨਯੋਗ ਮੈਂਬਰ : ਕਾਲੀਆ (ਹਾਸਾ) (ਵਿਘਨ)

ਸ਼੍ਰੀ ਡਿਪਟੀ ਸਪੀਕਰ : ਜਦੋਂ ਕੋਈ ਸਪੀਕਰ ਬੋਲਦਾ ਹੋਵੇ ਤਾਂ ਆਪਸ ਵਿੱਚ ਗੱਲਾਂ ਏਥੇ ਨਹੀਂ ਹੋਣੀਆਂ ਚਾਹੀਦੀਆਂ । ਇਸ ਤਰ੍ਹਾਂ ਇੰਟਰਪਟ ਕਰਨਾ ਮੁਨਾਸਿਬ ਨਹੀਂ । (When an hon. Member is speaking in the House, the hon. Members should not speak with one another. It is not proper to interrupt in this manner.)

ਕਾਮਰੇਡ ਸੱਤਪਾਲ ਕਪੂਰ : ਜਨਾਬ, ਇਹ 2-3 ਤਜਵੀਜ਼ਾਂ ਮੈਂ ਦਿਤੀਆਂ ਹਨ । ਮੈਂ ਗਿੱਲ ਸਾਹਿਬ ਨੂੰ ਰਿਕੁਐਸਟ ਕਰਦਾ ਹਾਂ ਕਿ ਉਹ ਜ਼ਰੂਰ ਏਧਰ ਧਿਆਨ ਦੇਣ ।

ਇਕ ਗੱਲ ਹੋਰ ਜੋ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਉਹ ਇਹ ਹੈ ਕਿ ਇਸ ਸੂਬੇ ਦੇ ਅਦਰ ਪੰਜਾਬ ਰੋਡਵੇਜ਼ ਨੇ ਹੜਤਾਲ ਕੀਤੀ ਪਰ ਸਰਕਾਰ ਵਲੋਂ ਹੜਤਾਲੀਆਂ ਨੂੰ ਵਿਕ੍ਟੇਮਾਈਜ਼ ਕਰਨ ਦੇ ਯਤਨ ਕੀਤੇ ਗਏ ਜਿਹੜਾ ਕਿ ਮੈਂ ਸਮਝਦਾ ਹਾਂ ਮੁਨਾਸਿਬ ਨਹੀਂ । (ਇਸ ਵੇਲੇ ਮਾਈਕ ਖਰਾਬ ਹੋ ਗਿਆ, ਆਨਰੇਬਲ ਮੈਂਬਰ ਨੂੰ ਦੂਸਰੀ ਸੀਟ ਤੋਂ ਜਾ ਕੇ ਬੋਲਣਾ ਪਿਆ) ਮੈਂ ਅਰਜ਼ ਕਰ ਰਿਹਾ ਸੀ, ਡਿਪਟੀ ਸਪੀਕਰ ਸਾਹਿਬ, ਕਿ ਸਰਕਾਰ ਦਾ ਇਹ ਐਟੀਚੂਡ ਲੈਣਾ ਕਿ ਹੜਤਾਲ ਨਾਕਾਮਯਾਬ ਬਣਾਈ ਜਾਵੇ ਫੇਰ ਉਸ ਨੂੰ ਵਿਕਟੇਮਾਈਜ਼ ਕਰਨਾ, ਇਹ ਮੁਨਾਸਿਬ ਨਹੀਂ । ਸਰਕਾਰ ਨੂੰ ਬੈਂਕਾਂ ਦੀ ਹਰ ਜਾਇਜ਼ ਮੰਗ ਤੇ ਨੇਗੋਸ਼ੀਏਟ ਕਰਨ ਵਾਸਤੇ, ਹਮੇਸ਼ਾ ਦਰਵਾਜੇ ਖੁਲ੍ਹੇ ਰਖਣੇ ਚਾਹੀਦੇ ਹਨ । ਪਰ ਕਿਸੇ ਐਜੀਟੇਸ਼ਨ ਨੂੰ ਇਸ ਕਰਕੇ ਨਾਕਾਮਯਾਬ ਕਰਨਾ ਕਿ ਉਹ ਕਮਿਊਨਿਸਟ ਡਾਮੀਨੇਟਿਡ ਹੈ ਮੁਨਾਸਿਬ ਨਹੀਂ । ਕਿਸੇ ਯੂਨੀਅਨ ਨੂੰ ਚਲਾਣ ਵਾਲਾ ਤਾਂ ਉਹ ਸਾਰੇ ਦਾ ਸਾਰਾ ਮਜ਼ਦੂਰ ਤਬਕਾ ਹੀ ਹੋਂਦਾ ਹੈ । ਕਮਿਊਨਿਸਟ ਤਾਂ ਉਸ ਯੂਨੀਅਨ ਦੇ ਅਗੇ ਹੀ ਲਗੇ ਹਨ ਯਾ ਗਾਈਡ ਕਰਦੇ ਹਨ । ਇਸ ਲਈ ਮੈਂ ਅਰਜ਼ ਕਰਾਂਗਾ ਕਿ ਉਨ੍ਹਾਂ ਦੀਆਂ ਤਜਵੀਜ਼ਾਂ ਜਿਹੜੀਆਂ ਹਨ, ਸਰਕਾਰ ਉਨ੍ਹਾਂ ਤੇ ਜ਼ਰੂਰ ਧਿਆਨ ਦੇਵੇ ਇਨ੍ਹਾਂ ਲਫ਼ਜ਼ਾਂ ਨਾਲ ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ।

ਸਰਦਾਰ ਬਲਵੰਤ ਸਿੰਘ (ਸੁਲਤਾਨਪੁਰ) : ਡਿਪਟੀ ਸਪੀਕਰ ਸਾਹਿਬ, ਅੱਜ ਹਾਊਸ ਦੇ ਸਾਹਮਣੇ ਗਵਰਨਰ ਦਾ ਐਡਰੈਸ ਪੇਸ਼ ਹੈ । ਮੇਰੇ ਤੋਂ ਪਹਿਲਾਂ ਟਰੈਜ਼ਰੀ ਬੈਂਚਿਜ ਤੋਂ ਬੋਲਣ

ਵਾਲੇ ਸੱਜਣਾਂ ਨੇ ਜੋ ਕੁਝ ਕਿਹਾ ਹੈ ਮੈਨੂੰ ਉਨ੍ਹਾਂ ਸਾਰਿਆਂ ਦੀਆਂ ਗਲਾਂ ਸੁਣ ਸੁਣ ਬੜੀ ਹੈਰਾਨੀ ਹੋਈ ਹੈ। ਬਜਾਏ ਇਸਦੇ ਕਿ ਉਹ ਕਿਸੇ ਸਾਲਿਡ ਪਾਲਿਸੀ ਦਾ ਬਿਉਰਾ ਦੇਣ, ਜਿਹੜਾ ਕਿ ਮੈਂਬਰ ਸਾਹਿਬਾਨ ਤੋਂ ਐਕਸਪੈਕਟ ਕੀਤਾ ਜਾਇਆ ਕਰਦਾ ਹੈ, ਉਨ੍ਹਾਂ ਨੇ ਸਟੇਟ ਦੇ ਚੀਫ ਮਨਿਸਟਰ ਦੇ ਗੁਣ ਗਾਉਣੇ ਸ਼ੁਰੂ ਕਰ ਦਿਤੇ ਹਨ। (ਇਕ ਆਨਰੇਬਲ ਮੈਂਬਰ ਵਲੋਂ ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਕੈਦੋਂ ਲੰਡੇ ਨੂੰ ਬੰਦ ਕਰ ਲਉ ਨਹੀਂ ਮੈਂ ਤਾਂ ਫੇਰ ਪੱਟਾ ਪਾਵਾਂਗਾ ਹੀ। ਮੈਂ, ਡਿਪਟੀ ਸਪੀਕਰ ਸਾਹਿਬ, ਅਰਜ਼ ਕਰ ਰਿਹਾ ਸੀ ਕਿ ਉਨ੍ਹਾਂ ਨੇ ਚੀਫ ਮਨਿਸਟਰ ਦੀ ਏਥੋਂ ਤੱਕ ਤਾਰੀਫ ਕੀਤੀ ਕਿ ਇਸ ਨੂੰ ਮੈਨ ਆਫ ਐਕਸ਼ਨ ਤਕ ਵੀ ਕਿਹਾ। ਮੈਨ ਆਫ ਡਿਟਰਮੀਨੇਸ਼ਨ ਤਕ ਕਿਹਾ। ਜੇ ਇਹ ਆਪਣਾ ਫਰਜ਼ ਬਤੌਰ ਇਕ ਲੈਜਿਸਲੇਟਰ ਦੇ ਏਥੋਂ ਤਕ ਹੀ ਸਮਝਦੇ ਹਨ ਤਾਂ ਕਾਂਗਰਸ ਪਾਰਟੀ ਦੇ ਇਨ੍ਹਾਂ ਨਾਲ 43 ਆਦਮੀ ਹਨ ਇਨ੍ਹਾਂ ਸਾਰਿਆਂ ਨੂੰ ਸਰਕਾਰ ਨੂੰ ਪਬਲਿਕ ਰੀਲੇਸ਼ਨ ਅਫਸਰ ਲਗਾ ਦੇਣਾ ਚਾਹੀਦਾ ਹੈ, ਜਿਸ ਤਰ੍ਹਾਂ ਦੀਆਂ ਉਹ ਗੱਲਾਂ ਕਰਦੇ ਹਨ। ਜੇ ਉਹ ਜਨਤਾ ਦੇ ਨੁਮਾਇੰਦੇ ਹੁੰਦੇ ਤਾਂ ਉਹ ਗਵਰਨਰ ਦੀ ਪਾਲਿਸੀ ਤੇ ਜ਼ਿਕਰ ਨਾ ਕਰਦੇ। ਮੈਂ ਉਨ੍ਹਾਂ ਦੇ ਮੁਤਾਲਿਕ ਗਿੱਲ ਸਾਹਿਬ ਨੂੰ ਕਹਾਂਗਾ ਕਿ ਇਨ੍ਹਾਂ ਸਾਰਿਆਂ ਨੂੰ ਪਬਲਿਕ ਰਿਲੇਸ਼ਨ ਵਿੱਚ ਭਰਤੀ ਕਰ ਲਉ ਜਾਂ ਉਨ੍ਹਾਂ ਨੂੰ ਦਿੱਲੀ ਭੇਜ ਦਿਉ ਜਿਥੋਂ ਉਹ ਇਨਫਰਮੇਸ਼ਨ ਲੈਕੇ ਇਨ੍ਹਾਂ ਨੂੰ ਭੇਜਦੇ ਰਹਿਣ। (ਵਿਘਨ)

ਸ੍ਰੀ ਡਿਪਟੀ ਸਪੀਕਰ : ਡਾਕਟਰ ਸਾਧੂ ਰਾਮ ਜੀ ਉਨ੍ਹਾਂ ਨੂੰ ਇੰਟਰਪਟ ਨਾਂ ਕਰੋ, ਤੁਹਾਨੂੰ ਜਵਾਬ ਦੇਣ ਲਈ ਪੂਰਾ ਟਾਇਮ ਮਿਲੇਗਾ। (I would request the hon. Member, Dr. Sadhu Ram not to make interruption as he will also get full time for giving the reply.)

ਸਰਦਾਰ ਬਲਵੰਤ ਸਿੰਘ : ਜਦੋਂ ਅਸੀਂ ਗਵਰਨਰ ਦੇ ਐਡਰੈਸ ਨੂੰ ਪੜ੍ਹਦੇ ਹਾਂ, ਜਿਥੇ ਪਹਿਲੀ ਸਰਕਾਰ ਦਾ ਜ਼ਿਕਰ ਕੀਤਾ ਗਿਆ ਹੈ, ਉਥੇ ਇਹ ਗੱਲ ਕਿਸੇ ਤੋਂ ਭੁਲੀ ਨਹੀਂ ਹੋਈ ਕਿ ਉਸ ਵਿਚ ਵੀ ਸਰਦਾਰ ਲਛਮਣ ਸਿੰਘ ਗਿੱਲ ਇਕ ਕੈਬਨਿਟ ਰੈਂਕ ਦਾ ਮਨਿਸਟਰ ਸੀ। ਇਕ ਇੰਪਾਰਟੈਂਟ ਮੈਂਬਰ ਸੀ। ਜਿਸ ਤਰ੍ਹਾਂ ਦੇ ਇਹ ਸੀ ਉਸੇ ਤਰ੍ਹਾਂ ਦੇ ਯੂਨਾਈਟਿਡ ਫਰੰਟ ਦੇ ਕੈਬਨਿਟ ਦੇ ਵਜ਼ੀਰ ਸਨ। ਤੁਸੀਂ ਉਸ ਪੀਰੀਅਡ ਦੀਆਂ ਅਚੀਵਮੈਂਟਸ ਨੂੰ ਵੀ ਵੇਖੋ ਅਤੇ ਮੌਜੂਦਾ ਮਨਿਸਟਰੀ ਦੀਆਂ ਪਿਛਲੇ ਪੀਰੀਅਡ ਦੀਆਂ ਅਚੀਵਮੈਂਟਸ ਨੂੰ ਵੀ ਲੈ ਲਉ, ਜ਼ਮੀਨ ਆਸਮਾਨ ਦਾ ਫਰਕ ਹੈ। ਇਹ ਵੀ ਅੰਦਾਜ਼ਾ ਲਗਾ ਲਉ ਕਿ ਇਹ ਸਰਕਾਰ ਕਿਤਨੀ ਕੁ ਮਜ਼ਬੂਤ ਸਰਕਾਰ ਹੈ। ਇਸ ਥੋੜੇ ਜਿਹੇ ਅਰਸੇ ਵਿਚ ਹੀ ਇਹ ਸਟੇਟ ਦੀ ਸਰਕਾਰ ਇਕ ਡਿਸਟਰਕਟਿਵਲੀ ਰੀਐਕਸ਼ਨਰੀ ਨਜ਼ਰ ਆਉਣ ਲਗ ਪਈ ਹੈ। ਮੇਰੇ ਇਕ ਫਾਜ਼ਿਲ ਦੋਸਤ ਨੇ ਬੋਲਦਿਆਂ ਦਸਿਆ ਸੀ ਕਿ ਰੂਟ ਪਰਮਿਟ ਦੇ ਮੁਤਾਬਿਕ 50-50 ਬੇਸਿਜ਼ ਤੇ ਪਾਲੀਸੀ ਐਡਾਪਟ ਕੀਤੀ ਗਈ ਸੀ, ਪਰ ਮੌਜੂਦਾ ਐਂਪਲਾਈਜ਼ ਦੀਆਂ ਸਟਰਾਈਕਸ ਅਤੇ ਰੋਜ਼ਾਨਾਂ ਦੇ ਝਗੜੇ ਇਹ ਸ਼ੋ ਕਰਦੇ ਹਨ ਕਿ ਇਨ੍ਹਾਂ ਦੀ ਪਾਲਿਸੀ ਕਿਸਤਰ੍ਹਾਂ ਦੀ ਹੈ (ਲਾਊਡ ਸਪੀਕਰ ਦੀ ਖਰਾਬੀ ਦੇ ਕਾਰਨ) (ਵਿਘਨ)

ਚੌਧਰੀ ਬਲਬੀਰ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਨੂੰ ਇਕ ਲਫਜ਼ ਵੀ ਸਮਝ ਵਿੱਚ ਨਹੀਂ ਆ ਰਿਹਾ। ਇਨ੍ਹਾਂ ਨੂੰ ਬੰਦ ਕਰਾ ਦਿਓ।

ਸ੍ਰੀ ਡਿਪਟੀ ਸਪੀਕਰ : ਇਨ੍ਹਾਂ ਨੂੰ ਚਲਣ ਦਿਉ ਤਾਂ ਜੋ ਮਕੈਨਿਕ ਨੂੰ ਜਿਹੜਾ ਆਲਰੇਡੀ ਠੀਕ ਕਰ ਰਿਹਾ ਹੈ ਪਤਾ ਲਗਾ ਸਕੇ ਕਿ ਕਿਥੇ ਨੁਕਸ ਹੈ। (The mechanic is

[ਸ੍ਰੀ ਡਿਪਟੀ ਸਪੀਕਰ]

already trying to remove the defect and the loud speaker may be kept in order to locate the defect.)

ਸਰਦਾਰ ਬਲਵੰਤ ਸਿੰਘ : ਮੈਂ ਚੀਫ ਮਨਿਸਟਰ ਸਾਹਿਬ ਦੇ ਧਿਆਨ ਵਿੱਚ ਕੁਝ ਜ਼ਰੂਰੀ ਚੀਜ਼ਾਂ ਲਿਆਉਣੀਆਂ ਚਾਹੁੰਦਾ ਹਾਂ । ਮੈਂ ਅਰਜ਼ ਕਰਾਂ ਕਿ ਜਿਹੜਾ 11 ਪੁਆਇੰਟ ਦਾ ਪਰੋਗਰਾਮ ਬਣਾਇਆ ਗਿਆ ਸੀ, ਯੂਨਾਈਟਿਡ ਫਰੰਟ ਪਾਰਟੀ ਨੇ ਉਸਦੇ ਬਣਾਉਣ ਵਿੱਚ ਬੜਾ ਭਾਰੀ ਹਿੱਸਾ ਪਾਇਆ ਹੈ । ਇਹ ਪੁਆਇੰਟਸ ਨੂੰ ਚਾਹੇ ਤੁਸੀਂ ਪ੍ਰੋਗਰੈਸਿਵ ਕਹੋ ਜਾਂ ਅਗਾਂਹ ਵਧੂ ਕਹੋ ਪਰ ਇਨ੍ਹਾਂ ਸਾਰਿਆਂ ਨੁਕਤਿਆਂ ਦੇ ਹੱਕ ਵਿੱਚ ਇਸ ਸੂਬੇ ਦੀ ਜਨਤਾ ਹੈ। ਮੌਜੂਦਾ ਸਰਕਾਰ ਨੂੰ ਵੀ ਇਨ੍ਹਾਂ ਪੁਆਇੰਟਸ ਦੇ ਆਧਾਰ ਤੇ ਚਲਣ ਦਾ ਇਰਾਦਾ ਰੱਖਣਾ ਚਾਹੀਦਾ ਹੈ । ਪਰ ਕਾਂਗਰਸ ਪਾਰਟੀ ਦੇ ਇਹ ਸਾਰੀਆਂ ਚੀਜ਼ਾਂ ਬਰਖਲਾਫ ਜਾਂਦੀਆਂ ਹਨ ਇਸ ਲਈ ਉਹ ਇਸਨੂੰ ਨਾਕਾਮਯਾਬ ਬਣਾਉਣ ਦੀ ਹਰ ਮੁਮਕਿਨ ਕੋਸ਼ਿਸ਼ ਕਰ ਰਹੇ ਹਨ । ਮਿਸਾਲ ਦੇ ਤੌਰ ਤੇ ਇਸ ਵਿੱਚ ਇਕ ਨੁਕਤਾ ਟਰਾਂਸਪੋਰਟ ਦੀ ਨੈਸ਼ਨਲਾਈਜ਼ੇਸ਼ਨ ਦਾ ਵੀ ਹੈ । ਯੂਨਾਈਟਿਡ ਫਰੰਟ ਗੌਰਮੈਂਟ ਜਦੋਂ ਇਸ ਪਾਸੇ ਨੂੰ ਚਲਣ ਦੀ ਕੋਸ਼ਿਸ਼ ਵੀ ਕਰਦੀ ਸੀ ਤਾਂ ਵੈਸਟਿਡ ਇੰਟਰੈਸਟਸ ਡਿਸਰਪਟ ਕਰਦੇ ਸੀ ਅਤੇ ਉਸ ਵੇਲੇ ਔਖੇ ਹੋ ਗਏ ਸੀ ਕਿ ਉਸ ਵੇਲੇ ਦਾ ਚੀਫ ਮਨਿਸਟਰ ਵਿਨ ਓਵਰ ਕਰਦਾ ਜਾ ਰਿਹਾ ਹੈ ਕਿਉਂਕਿ ਅਸੀਂ ਉਸ ਵੇਲੇ ਪਿੰਡ ਪਿੰਡ ਦੇ ਵਿੱਚ ਜਾਕੇ ਇਨ੍ਹਾਂ ਦੇ ਖ਼ਿਲਾਫ ਪਰੋਗਰਾਮ ਰੱਖ ਲਿਆ ਸੀ । ਮੈਂ ਇਕ ਗੱਲ ਹੋਰ ਅਰਜ਼ ਕਰਾਂ ਕਿ ਇਸ ਗੱਲ ਦਾ ਐਕਸਾਈਜ਼ ਅਤੇ ਟੈਕਸੇਸ਼ਨ ਮਨਿਸਟਰ ਸਾਹਿਬ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕੁੱਝ ਐਸੀਆਂ ਸਕੀਮਜ਼ ਤਿਆਰ ਕੀਤੀਆਂ ਸਨ ਜਿਨ੍ਹਾਂ ਰਾਹੀਂ ਤਿੰਨ ਕਰੋੜ ਰੁਪਿਆ ਟੈਕਸੇਸ਼ਨ ਏਜੰਸੀ ਰਾਹੀਂ ਵਸੂਲ ਕੀਤਾ ਜਾਣਾ ਸੀ ਪਰ ਉਹ ਸਾਰੀਆਂ ਸਕੀਮਜ਼ ਠੰਡੀਆਂ ਪੈ ਗਈਆਂ ਹਨ । ਪਰ ਉਹ ਲੋਕ ਜਿਨ੍ਹਾਂ ਦੇ ਵੈਸਟਿਡ ਇੰਟਰੈਸਟਸ ਹਨ (ਵਿਘਨ) ਇਨ੍ਹਾਂ ਨੂੰ ਚਲਣ ਨਹੀਂ ਦੇ ਰਹੇ ਕਿਉਂਕਿ ਉਹ ਜਾਣਦੇ ਹਨ ਜੇ ਇਹ ਕਾਮਯਾਬ ਹੋ ਗਈਆਂ ਉਹ ਸਾਰੇ ਲੁੜਕ ਜਾਣਗੇ, ਉਨ੍ਹਾਂ ਨੂੰ ਬਹੁਤ ਨੁਕਸਾਨ ਹੋਵੇਗਾ । ਇਸ ਲਈ ਇਸਨੂੰ ਖ਼ਤਮ ਕਰਨ ਵਿੱਚ ਹੀ ਉਹ ਆਪਣਾ ਭਲਾ ਸਮਝਦੇ ਹਨ ।

ਇਸੇ ਤਰ੍ਹਾਂ ਪੈਪਸੂ ਰੋਡਵੇਜ਼ ਨੂੰ ਨੈਸ਼ਨਲਾਈਜ਼ ਕਰਨ ਦੀ ਇਕ ਸਕੀਮ ਸੀ, ਇਹ ਇਕ ਪ੍ਰੋਗਰੈਸਿਵ ਸਕੀਮ ਸੀ ਪਰ ਉਹ ਵੀ ਧਰੀ ਦੀ ਧਰੀ ਰਹਿ ਗਈ ਹੈ । (ਸ੍ਰੀ ਸਾਧੂ ਰਾਮ ਵੱਲੋਂ ਵਿਘਨ) ਡਿਪਟੀ ਸਪੀਕਰ ਸਾਹਿਬ, ਇਸ (* * * *) (ਹਾਸਾ)

Mr. Deputy Speaker : I name you, I will not allow such things.

ਸਰਦਾਰ ਬਲਵੰਤ ਸਿੰਘ : ਮੇਰਾ ਕਹਿਣ ਦਾ ਭਾਵ ਇਹ ਹੈ ਕਿ ਇਸ ਵਿਚ ਸਰਦਾਰ ਲਛਮਣ ਸਿੰਘ ਦਾ ਕਸੂਰ ਕੋਈ ਨਹੀਂ । ਕਸੂਰ ਜੇਕਰ ਹੈ ਤਾਂ ਉਹ ਕਾਂਗਰਸ ਪਾਰਟੀ ਦਾ ਹੈ ਜਿਹੜੀ ਕਿਸੇ ਕੀਮਤ ਤੇ ਵੀ ਇਸ ਪ੍ਰੋਗਰਾਮ ਨੂੰ ਸਿਰੇ ਚਾੜ੍ਹਨ ਹੀ ਨਹੀਂ ਦੇਣਾ ਚਾਹੁੰਦੀ । (ਵਿਘਨ)

चौधरी बलबीर सिंह : On a point of order, Sir, अभी यहां पर कहा गया है कि * * * * मैं आपकी रूलिंग चाहता हूं कि यह शब्द पार्लीमैंटरी है ?

---

*Expunged as ordered by the Chair.

ਸ੍ਰੀ ਡਿਪਟੀ ਸਪੀਕਰ : ਕੋਈ ਪਾਰਲੀਮੈਂਟਰੀ ਨਹੀਂ । ਇਹ ਲਫਜ਼ ਐਕਸਪੰਜ ਕਰ ਦਿੱਤੇ ਜਾਣ । (These words should be expunged as they are unparliamentary.)

ਸਰਦਾਰ ਬਲਵੰਤ ਸਿੰਘ : ਪਿਛਲੀ ਸਰਕਾਰ ਨੇ ਹਰੀਜਨਾਂ ਲਈ ਯਕਦਮ ਇਹ ਫੈਸਲਾ ਕੀਤਾ ਸੀ ਕਿ ਅਵੈਕੂਈ ਲੈਂਡ ਹਰੀਜਨਾਂ ਨੂੰ ਦੇ ਦਿੱਤੀ ਜਾਵੇ ਅਤੇ ਇਹ ਦਿੱਤੀ ਵੀ ਲਾਟਰੀ ਸਿਸਟਮ ਨਾਲ ਜਾਵੇ । ਇਹ ਫ਼ੈਸਲਾ ਕਰਨ ਵੇਲੇ ਧੰਨੋਵਾਲੀ ਸਾਹਿਬ ਅਤੇ ਸਰਦਾਰ ਲਛਮਣ ਸਿੰਘ ਗਿੱਲ ਕੈਬਨਿਟ ਵਿਚ ਸਨ । ਕਾਂਗਰਸ ਸਰਕਾਰ ਵੇਲੇ ਹਰੀਜਨਾਂ ਨੂੰ ਲੁਟਿਆ ਜਾਂਦਾ ਸੀ । ਡਿਪਟੀ ਸਪੀਕਰ ਸਾਹਿਬ, ਇਕ ਇਕ ਕਿੱਲੇ ਲਈ 10,10 ਹਜ਼ਾਰ ਰੁਪਿਆ ਲਿਆ ਜਾਂਦਾ ਸੀ ਇਸ ਤਰ੍ਹਾਂ ਹਰੀਜਨਾਂ ਨੂੰ ਆਪਸ ਵਿਚ ਲੜਾਇਆ ਜਾਂਦਾ ਸੀ ਅਤੇ ਜ਼ਮੀਨ ਦੂਜੇ ਲੋਕ ਖ਼ਰੀਦ ਕੇ ਲੈ ਜਾਂਦੇ ਸਨ । ਯੂਨਾਈਟਿਡ ਫਰੰਟ ਦੀ ਗੌਰਮਿੰਟ ਨੇ ਸਰਕਾਰੀ ਕੀਮਤ ਤੇ ਭਾਵ 450 ਰੁਪਏ ਦੇ ਹਿਸਾਬ ਨਾਲ ਲਾਟਰੀ ਰਾਹੀਂ ਜ਼ਮੀਨ ਵੇਚੀ ਤਾਕਿ ਕਿਸੇ ਨਾਲ ਬੇਇਨਸਾਫ਼ੀ ਨਾ ਹੋਵੇ ਭਾਵੇਂ ਕੋਈ ਕਿਸੇ ਵੀ ਸਿਆਸੀ ਪਾਰਟੀ ਨਾਲ ਸਬੰਧ ਰਖਦਾ ਹੋਵੇ । ਨਾਲ ਹੀ ਇਕ ਕੰਡੀਸ਼ਨ ਹੋਰ ਲਾਈ ਕਿ ਕੋਈ ਸਰਕਾਰੀ ਅਫ਼ਸਰ ਜ਼ਮੀਨ ਨਹੀਂ ਖ਼ਰੀਦ ਸਕਦਾ । 5 ਏਕੜ ਤੋਂ ਵਧ ਜ਼ਮੀਨ ਵਾਲਾ ਜ਼ਮੀਨ ਨਹੀਂ ਲੈ ਸਕਦਾ । ਪਰ ਵੈਸਟਿਡ ਇੰਟਰੈਸਟਸ ਨੇ ਉਹ ਸਾਰੀ ਚੀਜ਼ ਖ਼ਰਾਬ ਕਰ ਦਿੱਤੀ ਹੈ ।

ਫਿਰ ਸਟੇਟ ਵਿਚ ਟਰੈਕਟਰ ਫੈਕਟਰੀ ਲਗਾਉਣ ਦੀ ਪਾਲਿਸੀ ਸੀ (ਘੰਟੀ) ਜਨਾਬ ਮੇਰਾ ਵਕਤ ਤਾਂ ਪੁਆਇੰਟ ਆਫ਼ ਆਰਡਰਾਂ ਨੇ ਖਾ ਲਿਆ ਹੈ । ਉਹ ਵਕਤ ਮੇਰੇ ਵਕਤ ਵਿਚੋਂ ਕਢ ਦਿਤਾ ਜਾਵੇ ।

ਸ੍ਰੀ ਡਿਪਟੀ ਸਪੀਕਰ : ਉਹ ਟਾਈਮ ਤੁਹਾਡੇ ਟਾਈਮ ਵਿਚੋਂ ਕਢ ਦਿਤਾ ਹੈ । (The time spent on points of order has been deducted from the time allotted to the hon. Member.)

ਸਰਦਾਰ ਬਲਵੰਤ ਸਿੰਘ : ਡਿਪਟੀ ਸਪੀਕਰ ਸਾਹਿਬ ਮੈਂ, ਅਰਜ਼ ਕਰ ਰਿਹਾ ਸਾਂ ਕਿ ਇਹ ਟ੍ਰੈਕਟਰ ਵੀ ਬਲਾਕਵਾਈਜ਼ ਲਾਟਰੀਆਂ ਪਾਕੇ ਕਢੇ ਜਾਂਦੇ ਸਨ ਤਾਕਿ ਕਿਸੇ ਨੂੰ ਇਹ ਸ਼ਿਕਾਇਤ ਨਾ ਰਹੇ ਕਿ ਮੇਰੇ ਨਾਲ ਬੇਇਨਸਾਫ਼ੀ ਹੋਈ ਹੈ । ਇਸ ਤਰ੍ਹਾਂ ਕੁਰਪਸ਼ਨ ਨੂੰ ਦੂਰ ਕਰਨ ਵਾਸਤੇ ਜੋ ਕੁੱਝ ਕੀਤਾ ਗਿਆ ਸੀ ਉਹ ਸਾਰਾ ਕੁੱਝ ਇਸ ਸਰਕਾਰ ਨੇ ਖਤਮ ਕਰ ਦਿਤਾ ਹੈ । ਸਗੋਂ ਆਪਣੇ ਪਰਵਾਰ ਦਿਆਂ ਦੀ ਫੇਵਰ ਕੀਤੀ ਹੈ । (ਸ਼ੋਰ) ਇਹ ਗੱਲ ਸਰਦਾਰ ਲਛਮਣ ਸਿੰਘ ਨੇ ਆਪ ਕੀਤੀ ਸੀ । ਅੱਜ ਆਪ ਦੀ ਉਹ ਵਿਚਾਰ ਧਾਰਾ ਪਤਾ ਨਹੀਂ ਕਿਧਰ ਚਲੀ ਗਈ ਹੈ । ਉਹ ਵੀ ਸ਼ਾਇਦ ਕਾਂਗਰਸ ਨੇ ਖਾ ਲਈ ਹੈ । ਮੈਂ ਅਰਜ਼ ਕਰਦਾ ਹਾਂ ਕਿ ਜੋ ਚੀਜ਼ ਯੂਨਾਈਟਿਡ ਫਰੰਟ ਗੌਰਮਿੰਟ ਦੀ ਚੰਗੀ ਸੀ ਉਸ ਨੂੰ ਤਾਂ ਐਡਾਪਟ ਕਰ ਲਉ । 11 ਪੁਆਇੰਟ ਦਾ ਪ੍ਰੋਗਰਾਮ ਤਾਂ ਗਿੱਲ ਸਾਹਿਬ ਨੇ ਆਪ ਬਣਵਾਇਆ ਸੀ, ਉਸਨੂੰ ਤਾਂ ਮੰਨ ਲਉ ।

ਫਿਰ ਇਹ ਕਹਿੰਦੇ ਹਨ ਕਿ ਐਗਰੀਕਲਚਰ ਨੇ ਬੜੀ ਪ੍ਰੋਗ੍ਰੈਸ ਕੀਤੀ ਹੈ । ਇਹ ਬੜੀਆਂ ਗੱਲਾਂ ਕਰਦੇ ਹਨ ਕਿ ਕਣਕ 100 ਰੁਪਏ ਵਿਕਾਵਾਂਗੇ । ਪਰ ਮੱਕੀ 40 ਰੁਪਏ ਵੀ ਕੋਈ ਨਹੀਂ ਖ਼ਰੀਦ ਰਿਹਾ । ਸੈਂਟਰ ਗੌਰਮਿੰਟ ਨੇ ਤਾਂ 50—56 ਰੁਪਏ ਭਾਅ ਮੁਕਰਰ ਕੀਤੇ ਸਨ ਪਰ ਮੰਡੀਆਂ ਵਿਚ 40 ਰੁਪਏ ਤੋਂ ਕੋਈ ਨਹੀਂ ਖ਼ਰੀਦ ਰਿਹਾ । ਮੂੰਗਫਲੀ ਪਿਛਲੇ ਸਾਲ 100 ਰੁਪਏ ਸੀ ਹੁਣ 70 ਰੁਪਏ ਵਿਕਦੀ ਹੈ । ਫਿਰ ਵੀ ਇਹ ਨਾਹਰੇ ਮਾਰਦੇ ਹਨ ਕਿ ਅਸੀਂ ਜ਼ਿਮੀਦਾਰਾਂ ਦੇ ਹਮਦਰਦ ਹਾਂ ।

ਸਰਦਾਰ ਬਲਵੰਤ ਸਿੰਘ]

ਪ੍ਰਾਈਸਿਜ਼ ਦੀ ਇਹ ਹਾਲਤ ਹੈ ਕਿ ਲੋਕਾਂ ਨੂੰ ਸੁਪਨੇ ਦਿਖਾਂਦੇ ਹਨ । ਪਰ ਸਰਕਾਰਾਂ ਇਸ ਤਰ੍ਹਾਂ ਨਹੀਂ ਚਲ ਸਕਦੀਆਂ । ਸਰਕਾਰ ਚਲਾਣ ਵਾਸਤੇ ਕੁਝ ਕਰਕੇ ਦਿਖਾਣਾ ਚਾਹੀਦਾ ਹੈ । (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ 2 ਮਿੰਟਾਂ ਵਿਚ ਹੀ ਖਤਮ ਕਰ ਦਿੰਦਾ ਹਾਂ ।

ਸ੍ਰੀ ਡਿਪਟੀ ਸਪੀਕਰ : ਦੋ,ਦੋ ਮਿੰਟ ਹਰ ਮੈਂਬਰ ਜ਼ਿਆਦਾ ਬੋਲੇ ਤਾਂ ਬਹੁਤ ਟਾਈਮ ਹੋ ਜਾਂਦਾ ਹੈ । (ਵਿਘਨ) (If every hon. Member were to take two minutes more then we will have to sit very late.)

ਸਰਦਾਰ ਬਲਵੰਤ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਮੈਂ ਇਨ੍ਹਾਂ ਨੂੰ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ ਲੈਜਿਸਲੇਟਰਾਂ ਦੀ ਇਕ ਕਮੇਟੀ ਬਣਾਈ ਸੀ । ਪਰ ਉਨ੍ਹਾਂ ਮੈਂਬਰਾਂ ਨੇ ਵੀ ਜੋ ਕਿ ਹੁਣ ਜਨਤਾ ਪਾਰਟੀ ਦੇ ਮੈਂਬਰ ਹਨ ਉਸ ਗੱਲ ਦੀ ਮੁਖਾਲਫਤ ਕੀਤੀ ਸੀ ਕਿ ਲੈਜਸਲੇਟਰਾਂ ਨੂੰ ਪੁਲਿਟੀਕਲ ਅਸਰ ਨਾਲ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ । ਮੈਂ ਅਰਜ਼ ਕਰਦਾ ਹਾਂ ਕਿ ਅਸੀਂ ਹਰ ਇਕ ਇਨਕੁਆਇਰੀ ਕਰਨ ਨੂੰ ਵੈਲਕਮ ਕਰਦੇ ਹਾਂ ਜੇ ਤੁਸੀਂ ਇਨਕੁਆਇਰੀ ਕਰਨ ਲਈ ਕਿਸੇ ਹਾਈਕੋਰਟ ਦੇ ਜੱਜ ਨੂੰ ਲਉ । ਅਸੀਂ ਹਰ ਕਿਸਮ ਦੀ ਇਨਕੁਆਇਰੀ ਲਈ ਤਿਆਰ ਹਾਂ ਤੁਸੀਂ ਵੀ ਤਿਆਰ ਹੋ ਜਾਵੋ । (ਸ਼ੋਰ)

ਡਿਪਟੀ ਸਪੀਕਰ ਸਾਹਿਬ, ਮੈਂ ਇਥੇ ਇਕ ਸਕੈਂਡਲ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ । ਉਸਦਾ ਜ਼ਿਕਰ 'ਬਲਿਟਜ਼' ਅਖਬਾਰ ਨੇ ਇੰਜਨਜ਼ ਸਕੈਂਡਲ ਦੇ ਹੈਡਿੰਗ ਥੱਲੇ ਕੀਤਾ ਹੈ । ਪਿਛਲੀ ਸਰਕਾਰ ਦੇ ਵੇਲੇ 10 ਹਜ਼ਾਰ ਇੰਜਨ ਖਰੀਦੇ ਗਏ । ਉਹ ਇੰਜਨ ਮਾਰਕਿਟ ਨਾਲੋਂ 200 ਰੁਪਏ ਪਰ ਇੰਜਨ ਮਹਿੰਗੇ ਹਨ । ਮਾਰਕਿਟ ਵਿਚ ਉਸਦੀ ਪ੍ਰਾਈਸ ਦੋ ਸੌ ਰੁਪਿਆ ਘਟ ਹੈ । ਇਸ ਸਕੈਂਡਲ ਦੀ ਪੜਤਾਲ ਕਰਨ ਲਈ ਸਰਦਾਰ ਲਛਮਣ ਸਿੰਘ ਗਿੱਲ ਦੀ ਪ੍ਰਧਾਨਗੀ ਥਲੇ ਇਕ ਕਮੇਟੀ ਬਣਾਈ ਸੀ । ਪਰ ਪਤਾ ਨਹੀਂ ਉਹ ਕਿਧਰ ਗਈ ਹੈ । ਜੋ ਅਖ਼ਬਾਰ ਵਿਚ ਛਪਿਆ ਹੈ ਉਸ ਦਾ relevant portion I read out from the Blitz:—

"The Engines Scandal

It was pointed out that about 10,000 Engines were ordered, the bulk of them from M/S Kirloskar Oil Engines Ltd., disregarding the competitive offers from manufacturers within the State."

ਆਪਣੀ ਸਟੇਟ ਦੇ ਇੰਡਸਟਰੀਅਲਿਸਟਸ ਨੂੰ ਇਗਨੋਰ ਕਰਕੇ ਬਾਹਰਲੀਆਂ ਸਟੇਟਾਂ ਤੋਂ 200 ਰੁਪਏ ਫੀ ਇੰਜਨ ਵੱਧ ਦੇ ਕੇ ਇਹ ਸੌਦਾ ਕੀਤਾ ਗਿਆ । ਇਹ ਸਕੈਂਡਲ ਡਿਪਟੀ ਮਨਿਸਟਰ ਐਗਰੀਕਲਚਰ ਨੇ ਸਾਹਮਣੇ ਲਿਆਂਦਾ ਸੀ । ਇਸ ਅਖਬਾਰ ਵਿੱਚ ਲਿਖਿਆ ਹੈ ਕਿ—

"The United Front's Deputy Minister, himself a former Congressman, was prepared to furnish 'fool-proof details' of the scandal provided the Cabinet showed seriousness about taking action against the culprits."

ਮੈਂ ਸਰਦਾਰ ਲਛਮਣ ਸਿਘ ਗਿੱਲ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਤਨਾ ਵਡਾ ਸਕੈਂਡਲ ਸੀ, ਕਿਧਰ ਗਿਆ । ਇਨ੍ਹਾਂ ਨੂੰ ਪਤਾ ਹੈ ਕਿ ਜੇ ਇਸ਼ ਗੱਲ ਉਤੇ ਐਕਸ਼ਨ ਲਿਆ ਗਿਆ ਤਾਂ ਇਨ੍ਹਾਂ ਦੇ ਆਪਣੇ ਹੀ ਉਹ ਆਦਮੀ ਫਸਣਗੇ ਜਿਹੜੇ ਇਨ੍ਹਾਂ ਨੂੰ ਸਪੋਰਟ ਕਰਦੇ ਹਨ । ਮੈਂ ਉਨ੍ਹਾਂ ਤੋਂ ਮੰਗ ਕਰਦਾ ਹਾਂ ਕਿ ਉਹ ਇਸ ਚੀਜ਼ ਨੂੰ ਸਾਹਮਣੇ ਲਿਆਉਣ ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਚੀਜ਼ ਹੋਰ ਕਹਿਣੀ ਚਾਹੁੰਦਾ ਹਾ ।

ਸ੍ਰੀ ਡਿਪਟੀ ਸਪੀਕਰ : ਹੁਣ ਤੁਸੀਂ ਖ਼ਤਮ ਕਰੋ । (Please wind up now.)

ਸਰਦਾਰ ਬਲਵੰਤ ਸਿੰਘ : ਡਿਪਟੀ ਸਪੀਕਰ ਸਾਹਿਬ, ਇਕ ਚੀਜ਼ ਹੋਰ ਮੈਂ ਕਹਿਣੀ ਹੈ । ਪੰਜਾਬ ਦੀ ਹਿਸਟਰੀ ਵਿੱਚ ਸਰਦਾਰ ਲਛਮਣ ਸਿੰਘ ਬਹੁਤ ਕੰਟਰੀਬਿਊਸ਼ਨ ਕਰ ਰਹੇ ਹਨ । ਇਹ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਜਨਰਲ ਸੈਕਟਰੀ ਵੀ ਰਹੇ ਹਨ । ਇਹ ਹਮੇਸ਼ਾ ਇਸ ਗੱਲ ਦੇ ਖਿਲਾਫ਼ ਲੜਦੇ ਰਹੇ ਕਿ ਗੁਰਦਵਾਰਿਆਂ ਵਿੱਚ ਗੌਰਮਿੰਟ ਦੀ ਇੰਟਰਫੀਅਰੈਂਸ ਨਹੀਂ ਹੋਣੀ ਚਾਹੀਦੀ । ਇਸ ਇਸ਼ੂ ਤੇ ਇਹ ਇਲੈਕਸ਼ਨਾਂ ਵੀ ਲੜਦੇ ਰਹੇ ਅਤੇ ਉਂਝ ਵੀ ਲੜਦੇ ਰਹੇ । ਸਰਦਾਰ ਪ੍ਰਤਾਪ ਸਿੰਘ ਵੇਲੇ ਵੀ ਇਨ੍ਹਾਂ ਦਾ ਇਹੀ ਸਟੈਂਡ ਸੀ । ਪਰ ਮੈਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਚੀਫ਼ ਮਨਿਸਟਰ ਦੀ ਗੱਦੀ ਹੀ ਐਸੀ ਹੈ ਕਿ ਜਿਹੜਾ ਇਸ ਤੇ ਬੈਠੇ ਉਹ ਗੁਰਦਵਾਰਿਆਂ ਵੱਲ ਧਾਹ ਪਵੇ । ਅਜ ਬੜੇ ਸ਼ਰਮਨਾਕ ਤਰੀਕੇ ਨਾਲ ਇਨ੍ਹਾਂ ਨੇ ਗੁਰਦਵਾਰਿਆਂ ਤੇ ਹਮਲਾ ਕੀਤਾ ਹੈ । ਪੁਲੀਸ ਦੀ ਮੱਦਦ ਲਈ ਹੈ । ਡੀ. ਸੀ. ਦੀ ਮਦੱਦ ਲਈ ਹੈ । ਵਜ਼ੀਰ ਮੈਂਬਰਾਂ ਨੂੰ ਖਰੀਦਣ ਲਈ ਨਸਦੇ ਭਜਦੇ ਰਹੇ । ਹਜ਼ਾਰਾਂ ਮੀਲ ਉਨ੍ਹਾਂ ਨੇ ਮੈਂਬਰਾਂ ਪਿੱਛੇ ਮੋਟਰਾਂ ਦੁੜਾਈਆਂ । ਅਜਿਹੇ ਕੇਸ ਬਣਾਏ ਜਿਨ੍ਹਾਂ ਦਾ ਸਿਰ ਪੈਰ ਹੀ ਨਹੀਂ ਹੈ । ਐਫ਼. ਆਈ. ਆਰ. ਅਜਿਹੇ ਦਰਜ ਕੀਤੇ............ (ਵਿਘਨ)

ਮੁੱਖ ਮੰਤਰੀ : ਆਪਣੇ ਕੇਸ ਬਾਰੇ ਵੀ ਦੱਸ ਦਿਉ ।

ਸਰਦਾਰ ਬਲਵੰਤ ਸਿੰਘ : ਮੇਰਾ ਕੇਸ ਵੀ ਅਜਿਹਾ ਹੀ ਸੀ । ਉਹ ਸਬ-ਜੂਡਿਸ ਹੈ ਨਹੀਂ ਤਾਂ ਕੁਝ ਨਾ ਕੁਝ ਮੈਂ ਜ਼ਰੂਰ ਕਹਿੰਦਾ ।

ਮੁੱਖ ਮੰਤਰੀ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਕੁਝ ਗੁਰਦੁਆਰਿਆਂ ਦੇ ਕੇਸਾਂ ਬਾਰੇ ਜ਼ਿਕਰ ਕੀਤਾ ਹੈ । ਮੈਂ ਨਿਹਾਇਤ ਅਦਬ ਨਾਲ ਅਰਜ਼ ਕਰਦਾ ਹਾਂ ਕਿ ਸ਼ਾਇਦ ਤੁਹਾਡੇ ਨੋਟਿਸ ਵਿੱਚ ਇਹ ਗੱਲ ਨਹੀਂ ਆਈ ਕਿ ਜਿਨ੍ਹਾਂ ਕੇਸਾਂ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਉਹ ਵੀ ਸਬ-ਜੂਡਿਸ ਹੀ ਹਨ । ਜੇ ਇਹ ਉਨ੍ਹਾਂ ਦਾ ਜ਼ਿਕਰ ਕਰ ਸਕਦੇ ਹਨ ਤਾਂ ਇਨ੍ਹਾਂ ਨੂੰ ਆਪਣੇ ਕੇਸ ਬਾਰੇ ਕਹਿਣ ਦੀ ਵੀ ਖੁਲ੍ਹ ਹੋਣੀ ਚਾਹੀਦੀ ਹੈ । ਮੈਨੂੰ ਇਸ ਨਾਲ ਬੜੀ ਖੁਸ਼ੀ ਹੋਵੇਗੀ ।

ਸਰਦਾਰ ਬਲਵੰਤ ਸਿੰਘ : ਮੈਂ ਤਿਆਰ ਹਾਂ ਜੀ । ਆਪੇ ਕੋਰਟ ਫੈਸਲਾ ਕਰ ਦੇਵੇਗੀ । ਮੈਂ ਅਰਜ਼ ਕਰਾਂਗਾ ਤੁਹਾਡੇ ਰਾਹੀਂ ਕਿ ਸਰਦਾਰ ਲਛਮਣ ਸਿੰਘ ਗਿੱਲ ਨੂੰ ਜੋ 11 ਪੁਆਇੰਟ ਪਰੋਗਰਾਮ ਯੂਨਾਈਟਿਡ ਫਰੰਟ ਵੱਲੋਂ ਬਣਾਇਆ ਗਿਆ ਸੀ, ਛੇ ਸੱਤ ਮਹੀਨੇ ਇਨ੍ਹਾਂ ਨੇ ਇਸ ਦਾ ਹਰ ਥਾਂ ਤੇ ਚਰਚਾ ਕੀਤਾ । ਇਨ੍ਹਾਂ ਤੇ ਅਮਲ ਕਰਨ ਨਾਲ ਸੂਬਾ ਟਰਾਂਸਪੋਰਟਰਜ਼, ਕੈਪਿਟਲਿਸਟਸ, ਸਰਮਾਇਦਾਰਾਂ ਤੇ ਵੈਸਟਿਡ ਇੰਨਟ੍ਰੈਸਟਸ ਦੇ ਹਥ ਵਿੱਚ ਚਲਾ ਗਿਆ । ਇਹ ਕਹਿ ਕੇ ਮੈਂ ਖ਼ਤਮ ਕਰਦਾ ਹਾਂ ।

चौधरी बलबीर सिंह (होशियारपुर) : राज्यपाल के भाषण पर बात चल रही है । नई सरकार बनी जो सरकार गई उसके ग्यारह नुक्ते थे और इसके बारह नुक्ते हैं । नुक्ते बाद अगर नुक्ते के साथ चीनी भी मिला दी जाय तो कड़वाहट दूर नहीं होती हां अगर नुक्ते के

(चौधरी बलबीर सिंह)

साथ अंक एक लगाने की कोशिश करते तो उसकी कुछ कीमत बन जाती । कुछ बातें जो इन्होंने शुरू की हैं वाकई बहुत अच्छी हैं। जैसे सड़कों का, लिंक रोड्ज़ का प्रोग्राम है । इससे देहातों में एक नई जिंदगी, नया उत्साह पैदा हो गया है और करोड़ों रुपये का मिट्टी डालने का काम लोगों ने मुफ़्त कर दिया है । अगर आप उन इलाकों में जाकर देखें तभी इनको मेरी मुबारकबाद मिल सकेगी । मगर मैं यह कहे बिना नहीं रह सकता कि उन सड़कों पर जहां मिट्टी डाल दी गई है अपने एलान के मुताबिक अगर वहां उन सड़कों को पक्का कर देंगे, तभी वे मुबारकबाद के मुस्तहिक होंगे । गवर्नर साहब ने इस एड्रेस में यह बात कही कि यूनाईटिड फ्रंट की सरकार गई और जनता पार्टी की सरकार आई । इस बारे में शिव पुराण में एक कथा है और वही कथा अब दोबारा दौहराई है । इसके पात्र जो हैं वे सारे कलियुगी हैं । शिव पुराण में कथा है कि शिवजी के बेटों श्रीगणेश जी और कार्तिकेय में झगड़ा हुआ राज्य गद्दी के लिये अब डाक्टर बलदेव प्रकाश जी कहते हैं हिन्दी हमारी भाषा है और गाय हमारी माता है । पंजाब में संत फतेह सिंह जी ने भगवान शंकर का रूप धारण कर लिया है । डाक्टर बलदेव प्रकाश और श्रोमणी पूजनीय वीर यज्ञदत्त उनके पास बैठे । यहां डा. बलदेव प्रकाश के कहने के मुताबक संत फतेह सिंह के लड़कों गिल और सरदार गुरनाम सिंह—जिनका रिश्ता वह और भी बताते हैं—में गद्दी का झगड़ा हुआ और यहां पर वह पौराणिक कथा दोहराई गई । कथा इस प्रकार है कि भगवान शंकर ने फैसला किया कि जो सृष्टि का चक्र लगा करके पहिले आ जायगा उसको ही राज्य गद्दी मिलेगी । जब गणेश जी दौड़ने के लिये तैयार हुए तो पार्वती ने गणेश जी के कान में कहा कि सारे देवता बैठे हैं उनका चक्कर लगा कर यहां बैठ जाओ तो आप सारी सृष्टि का चक्कर लगा लेंगे । तो अब यह कलयुगी भगवान् शंकर उर्फ संत फतेह सिंह जी ने उनको हुकम दिया और यह दोनों चेले भागने शुरू हो गये तो इंद्रा महारानी ने गिल साहब के कान में कहा कि कांग्रेस वाले देवता हैं इनके इर्द गिर्द चक्कर लगा कर बैठ जाओ तुम्हें गद्दी मिल जायेगी और वह कथा पूरी हो गई और वह इन कलयुगी देवताओं के इर्द गिर्द चक्कर लगा कर बैठ गये और सरदार गुरनाम सिंह सारे पंजाब का चक्कर लगा कर वापस आये तो गद्दी पर कोई और बैठ चुका था.......(थम्पिंग) तो फिर कथा दौहराई गई ।

अब मैं इस गवर्नर साहिब के एडरेस का जो पहिला और दूसरा पैरा है, उस पर आगे बात शुरू करता हूँ कि जो गुरनाम सिंह की सरकार गई वह निपुन्सक सरकार थी । इसलिये इन्होंने चार्जिज़ लगाये कि बड़े स्कैंडल्ज़ पकड़े गये हैं । लेकिन आठ महीने चौदह दिनों में एक भी स्कैंडल पकड़ कर किसी भी बड़े आदमी के खिलाफ कार्रवाई नहीं कर सके जिस के बारे में कहते थे कि इस ने बीस साल में इतना खा लिया है । इन में इतनी अक्कल नहीं थी, हिम्मत नहीं थी या कोई और चीज़ थी जिसकी वजह से यह एक भी ही स्कैंडल को मंजरे आम पर नहीं ला सके। यह कांग्रेस पार्टी वाले अब फिर डींगें मार कर कह सकते हैं कि इनको मौका मिला था—चाहते तो वे इनको अदालत के कटहरे में पेश कर सकते थे । मैं लछमन सिंह गिल को कहूँगा कि वह अपनी नेक नामी दमन चक्र चला कर हासल नहीं कर सकेंगे। फिर अगर

वह चाहेंगे कि जो लोग बोलते हैं उन की जबान बन्द कर दी जाये तो यह जबान तो पिछले बीस सालों में कांग्रेस बन्द नहीं कर सकी, चाहे वह भागर्व सरकार थी, सच्चर सरकार थी, कैरों सरकार थी, राम किशन सरकार थी और चाहे वह मुसाफर की सरकार थी। तो यह पिछले बीस साल में किसी की जबान बन्द नहीं कर पाये। इससे भी बहुत पहिल जनरल डायरने इंगलेंड के हाल में ऐसी ही जगह स्पीच करते हुए कहा था कि मेरी आखरी गोली जब तक खत्म नहीं हुई मैंने गोली चलाई तो उसी हाल में एक पंजाब के नौजवान ने आवाज़ दी थी कि एक गोली अभी बाकी है और वह गोली जनरल डायर के सीने में जा लगी। अगर इस दमन चक्र के तरीके से यह समझें कि यह सरकार ठीक तौर से लोगों में मान्यता प्राप्त कर पायगी, तो यह बात ठीक नहीं है। इस वक्त स्थिति और भी गम्भीर है। आप मुझसे मुस्तफिक होंगे। कि एक अजीब सी बात चल निकली है। सारे हिन्दुस्तान में और हिन्दुस्तान की राजनीति में यह समझा जा रहा है कि अगर एक आदमी, जो आज मेरे साथ है, वह ईमानदार है, पड़ा लिखा है और समझदार है लेकिन अगर वह मेरे पास से निकल कर किसी दूसरी पार्टी में चला जाता है तो वही आदमी बईमान और अनपढ़ समझा जाने लगता है। फ्रंट सरकार ने एजूकेशन का महकमा गिल साहिब को दिया था। अब वही गिल साहिब दूसरी पार्टी की सरकार में अगर मख्य मंत्री बनते हैं और उसके पास एजूकेशन का महकमा है तो वे फ्रंट की तरफ से शहरों की गलियों में नारे लगाते हैं, कि यह नौवीं फेल शिक्षा मंत्री है ......यह नौवीं फेल तो फ्रंट की सरकार में भी शिक्षा मंत्री था। तो हम में इस तरह एक नुक्स पैदा होता जा रहा है। कई आदमी इसी सभा में जन संघ वाले और दूसरे अकाली पार्टी वाले बैठे हैं, उन्होंने अल्ज़ाम लगाये पिछली पार्टी वालों पर कि यह लोग कुरप्शन के ज़िम्मेवार हैं, यह लोग स्मगलर हैं, सरकार हरकत में आये। सरकार को लिख कर भी दिया। लेकिन वही आदमी जब इन की पार्टी में आता है तो वह इमानदार बन जाता है। हर आदमी, कोई डकैत है, स्मगलर है या कोई और कार्रवाई करता है तो चाहे वह किसी भी पार्टी में है, पार्टी बदलने से उसका कैरैक्टर तबदील नहीं हो जायेगा। अगर नया शुद्ध होने के बाद उसके नये कारनामे जो हैं.......

(शोर)

कालिया साहब बोले हैं शेयर सुनने के लिये। जब हिन्दुस्तान की आज़ादी की लड़ाई लड़ी जा रही थी, तब कालिया साहब पैदा भी नहीं हुए थे। (शोर) बाजवा साहिब बोले हैं। उपाध्यक्ष महोदय, अगर इनको जुलाब दे दें तो जितना इन्होंने सारी उमर खाया है वह निकल जाएगा। (हासा) यह पुलिटीकल जुलाब अब होना चाहिए मैं इसी सदन में यह कहूँगा कि यह स्यासी जुलाब जो है दिया जाना चाहिए ताकि जो इनको खा खा कर पेट भरे हुए हैं वह खाली हो जाएं (शोर) (विघ्न)।

Sardar Satnam Singh Bajwa : On a personal explanation, Sir ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਇਸੇ ਹਾਊਸ ਵਿੱਚ ਚੈਲੇਂਜ ਕਰਦਾ ਹਾਂ । ਕਿ ਚੌਧਰੀ ਬਲਬੀਰ ਸਿੰਘ ਨੇ ਜੋ ਇਲਜ਼ਾਮ ਲਗਾਇਆ ਹੈ (ਵਿਘਨ)

ਸ੍ਰੀ ਡਿਪਟੀ ਸਪੀਕਰ : ਬਾਜਵਾ ਸਾਹਿਬ, ਇਕ ਮਿੰਟ ਲਈ ਠਹਿਰ ਜਾਵੋ । ਤੁਸੀਂ ਆਪਣਾ ਪਰਸਨਲ ਐਕਸਪਲੈਨੇਸ਼ਨ ਇਨ੍ਹਾਂ ਦੀ ਸਪੀਚ ਤੋਂ ਬਾਅਦ ਦੇ ਲੈਣਾ, ਤੁਹਾਨੂੰ ਵੀ ਟਾਈਮ ਮਿਲੇਗਾ । (I would request the hon. Member Sardar Satnam Bajwa to wait for a minute. He may give his personal explanation after the hon. Member finishes his speech. Time will be given to the hon. Member also.)

चौधरी बलबीर सिंह : मैं कह रहा था कि स्यासी कुरप्शन जो है उसके लिये राज्यपाल ने भी अपने ऐड्रैस में जिक्र किया है कि कुछ विधान सभा के मैम्बर्ज़ की एक कमेटी बनाई जाएगी । तो मैं कहूँगा कि यह कमेटी सब से बड़ा फ्राड होगी । कमेटी किस की कुरप्शन की जांच करेगी ? क्या इस सदन के मैम्बरों की करेगी ? क्या इस मन्त्रीमण्डल के मिनिस्टरों की करेगी ? और क्या जो पहिले मन्त्री रह चुके हैं उनकी या किसी पहिले सदन के मैम्बर जो रह चुके हैं उनकी जांच करेगी ? और करेगा कौन ? इसी हाउस की एक कमेटी । इसी कमेटी के बारे में एक पंजाबी की कहानी आपको सुनाता हूँ ।

ਕਿਸ ਨੇ ਕਿਸੇ ਨੂੰ ਕਿਹਾ ਕਿ ਸਰਦਾਰ ਜੀ ਕੁੱਝ ਦਿਉ ।

× × × × ×

× × × × ×

× × × × (ਸ਼ੋਰ) (ਬਹੁਤ ਸ਼ੋਰ)

(ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਖੜੇ ਹੋਏ ।)

ਕੁੱਝ ਆਵਾਜ਼ਾਂ : ਇਨ੍ਹਾਂ ਨੂੰ ਕਹੋ ਜੀ ਇਹ ਲਫਜ਼ ਵਾਪਸ ਲੈਣ ।

ਇਕ ਮਾਨਯੋਗ ਮੈਂਬਰ : (X X X) (ਸ਼ੋਰ) ।

ਚੌਧਰੀ ਬਲਬੀਰ ਸਿੰਘ : ਡਿਪਟੀ ਸਪੀਕਰ ਸਾਹਿਬ... ....(ਸ਼ੋਰ) (ਵਿਘਨ) ।

Mr. Deputy Speaker : Kindly listen to me, Chaudhri Sahib. I am on my legs. Kindly resume your seat.

ਇਹ ਜਿਹੜੇ ਸਟੋਰੀ ਵਿੱਚ ਚੌਧਰੀ ਸਾਹਿਬ ਵੱਲੋਂ ਰੀਮਾਰਕਸ ਕਹੇ ਗਏ ਹਨ ਇਹ ਐਕਸਪੰਜ ਕੀਤੇ ਜਾਣ । ਮੈਂ ਚੌਧਰੀ ਸਾਹਿਬ ਦਾ ਟਾਈਮ ਖਤਮ ਕਰਦਾ ਹਾਂ । ਹੁਣ ਅਗਲਾ ਮੈਂਬਰ ਬੋਲੇ (ਥੰਪਿੰਗ) । (Kindly listen to me, Chaudhri Sahib. I am on my legs. Kindly resume your seat. The remarks made by Chaudhri Sahib while relating a story should be expunged. I ask Chaudhri Sahib to resume his seat. Next Member please) (Thumping).

ਚੌਧਰੀ ਕਰਤਾਰ ਸਿੰਘ (ਸਹਿਕਾਰਤਾ ਮੰਤਰੀ) : ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਦਿਆਂ ਸਾਰੇ ਮੈਂਬਰਾਨ ਨੇ, ਸਰਕਾਰੀ ਬੈਂਚਿਜ਼ ਵਲੋਂ ਔਰ . . .

(ਸਰਦਾਰ ਜੰਗੀਰ ਸਿੰਘ ਫੱਗੂਵਾਲੀਆ ਵੱਲੋਂ ਵਿਘਨ)

---

*Expunged as ordered by the Chair.

ਸ੍ਰੀ ਡਿਪਟੀ ਸਪੀਕਰ : ਜੱਥੇਦਾਰ ਜੀ, ਚੌਧਰੀ ਸਾਹਿਬ ਨੇ ਜਿਹੜੇ ਰੀਮਾਰਕਸ ਕਹੇ ਸਨ ਉਹ ਮੈਂ ਰਿਕਾਰਡ ਵਿੱਚੋਂ ਕਢਵਾ ਦਿੱਤੇ ਹਨ ਅਤੇ ਉਨ੍ਹਾਂ ਦੀ ਸਪੀਚ ਵੀ ਬੰਦ ਕਰਵਾ ਦਿੱਤੀ ਹੈ। ਇਸ ਲਈ ਹੁਣ ਤੁਹਾਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। (Addressing Sardar Jangir Singh Phaguwalia : The remarks made by Chaudhri Sahib have been expunged and he has been asked not to proceed with the speech. Therefore, you should not have any objection now.)

ਸਰਦਾਰ ਜੰਗੀਰ ਸਿੰਘ ਫੱਗੂਵਾਲੀਆ : ਘੱਟੋ ਘੱਟ ਉਹ ਸ਼ਬਦ ਵਾਪਿਸ ਲੈਣ ਜਾਂ ਮੁਆਫੀ ਮੰਗਣ।

ਕੈਪਟਨ ਰਤਨ ਸਿੰਘ : ਜਥੇਦਾਰ ਜੀ, ਤੁਸੀਂ ਸਮਝੇ ਨਹੀਂ।

ਸਰਦਾਰ ਜੰਗੀਰ ਸਿੰਘ ਫੱਗੂਵਾਲੀਆ : ਮੈਂ ਨਹੀਂ ਸਮਝਿਆ ਤਾਂ ਤੂੰ ਬਹੁਤਾ ਸਮਝਿਆ ਹੈ, ਘੋਨਮੋਨ। ਤੇਰੀ ਦਾੜ੍ਹੀ ਨਹੀਂ, ਇਸ ਲਈ ਤੈਨੂੰ ਸਮਝ ਨਹੀਂ ਆਉਂਦੀ। ਉਸ ਨੂੰ ਲਫਜ਼ ਵਾਪਸ ਲੈਣੇ ਚਾਹੀਦੇ ਹਨ।

ਸਰਦਾਰ ਦਰਬਾਰਾ ਸਿੰਘ : On a point of order, Sir ਜਥੇਦਾਰ ਜੀ ਨੇ ਇਤਰਾਜ਼ ਕੀਤਾ ਹੈ ਕਿ ਚੌਧਰੀ ਸਾਹਿਬ ਨੇ ਦਾੜ੍ਹੀ ਦਾ ਜ਼ਿਕਰ ਕੀਤਾ ਹੈ। ਹੁਣ ਜਦ ਉਹ ਲਫਜ਼ ਐਕਸਪੰਜ ਹੋ ਗਏ ਹਨ ਤਾਂ ਫਿਰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਬਾਕੀ, ਜਥੇਦਾਰ ਜੀ, ਤੁਸੀਂ ਘੋਨਮੋਨ ਕਿਸ ਤਰ੍ਹਾਂ ਕਹਿੰਦੇ ਹੋ ?

ਸਰਦਾਰ ਜੰਗੀਰ ਸਿੰਘ ਫੱਗੂਵਾਲੀਆ : ਉਹ ਘੋਨ ਮੋਨ ਹੀ ਹਨ, ਹੋਰ ਕੀ ਹਨ ?

(ਸ਼ੋਰ)

ਸ੍ਰੀ ਡਿਪਟੀ ਸਪੀਕਰ : ਫੱਗੂਵਾਲੀਆ ਜੀ ਬੈਠ ਜਾਉ,। ਇਸਦਾ ਫੈਸਲਾ ਹੋ ਗਿਆ ਹੈ। ਬਾਜਵਾ ਸਾਹਿਬ ਤੁਸੀਂ ਵੀ ਆਪਣਾ ਪ੍ਰਸਨਲ ਐਕਸਪਲੇਨੇਸ਼ਨ ਕਹਿ ਲਵੋ ਫਿਰ ਚੌਧਰੀ ਕਰਤਾਰ ਸਿੰਘ ਬੋਲਣਗੇ। (I would request the hon. Member, Sardar Jangir Singh Phagguwalia, to resume his seat. The matter has been finished. Bajwa Sahib may give his Personal Explanation and after that Chaudhri Kartar Singh will start his speech.)

PERSONAL EXPLANATION BY SARDAR SATNAM SINGH BAJWA

ਸਰਦਾਰ ਸਤਨਾਮ ਸਿੰਘ ਬਾਜਵਾ : ਡਿਪਟੀ ਸਪੀਕਰ ਸਾਹਿਬ, ਹੁਣੇ ਹੀ ਹਾਊਸ ਵਿਚ ਚੌਧਰੀ ਬਲਬੀਰ ਸਿੰਘ ਨੇ ਮੇਰੇ ਤੇ ਬੜੇ ਇਲਜ਼ਾਮ ਲਗਾਏ ਹਨ। ਮੈਂ ਬੜੇ ਯਕੀਨ ਨਾਲ ਕਹਿੰਦਾ ਹਾਂ ਕਿ ਅੱਗੇ ਵੀ ਜੇ ਕਿਸੇ ਨੇ ਮੇਰੇ ਤੇ ਇਲਜ਼ਾਮ ਲਗਾਇਆ ਸੀ ਜਦੋਂ ਕਿ ਮੈਂ ਕਾਂਗਰਸ ਪਾਰਟੀ ਵਿਚ ਸੀ (ਚੌਧਰੀ ਬਲਬੀਰ ਸਿੰਘ ਵਲੋਂ ਵਿਘਨ) ਚਾਹੇ ਉਹ ਇਲਜ਼ਾਮ ਅਕਾਲੀ ਪਾਰਟੀ ਨੇ ਜਾਂ ਜਨਸੰਘ ਨੇ ਜਾਂ ਕਿਸੇ ਕਮਿਊਨਿਸਟ ਨੇ ਲਾਏ ਸਨ, ਮੈਂ ਉਨ੍ਹਾਂ ਦੇ ਮੁਤੱਲਕ ਬੜੇ ਦਾਅਵੇ ਨਾਲ ਕਹਿੰਦਾ ਹਾਂ ਕਿ ਬੇਸ਼ਕ ਇਸ ਮਾਮਲੇ ਦੀ ਇਨਕੁਆਇਰੀ

(ਸਰਦਾਰ ਸਤਨਾਮ ਸਿੰਘ ਬਾਜਵਾ)

ਕਰਵਾਈ ਜਾਵੇ । ਮੇਰਾ ਦਾਮਨ ਬਿਲਕੁਲ ਸਾਫ਼ ਹੈ । ਕਿਸੇ ਕਿਸੇ ਅਮ. ਐਲ. ਏ. ਦਾ ਹੋ ਸਕਦਾ ਹੈ । ਮੈਂ ਇਹ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਮੇਰੀ ਵਜ਼ਾਰਤ ਦੇ ਟਾਈਮ ਜਾਂ ਮੇਰੇ ਐਮ. ਐਲ. ਏ. ਹੋਣ ਦੇ ਟਾਈਮ ਨਾ ਕਦੇ ਕੁਰੱਪਸ਼ਨ ਹੋਈ ਹੈ ਅਤੇ ਨਾ ਮੈਂ ਕਦੇ ਕੁਰੱਪਸ਼ਨ ਕੀਤੀ ਹੈ । (ਥੰਪਿੰਗ) ਮੈਂ ਚੌਧਰੀ ਸਾਹਿਬ ਵਰਗਾ ਨਹੀਂ ਕਿ ਬਿਉਪਾਰ ਮੰਡਲ ਦੇ ਪੈਸੇ ਵੀ ਖਾ ਜਾਵਾਂ ਜਾਂ ਸੋਸ਼ਲਿਸਟ ਪਾਰਟੀ ਦੇ ਫੰਡਜ਼ ਵੀ ਖਾ ਜਾਵਾਂ (ਥੰਪਿੰਗ) ਇਸ ਲਈ ਤੁਸੀਂ ਜਿਸ ਤਰ੍ਹਾਂ ਮਰਜ਼ੀ ਹੋਵੇ ਇਨਕੁਆਇਰੀ ਕਰਵਾ ਲਵੋ । ਮੈਂ ਬਿਲਕੁਲ ਤਿਆਰ ਹਾਂ । (ਥੰਪਿੰਗ)

ਚੌਧਰੀ ਬਲਬੀਰ ਸਿੰਘ : ਡਿਪਟੀ ਸਪੀਕਰ ਸਾਹਿਬ, ਬਾਜਵਾ ਜੀ ਨੇ ਮੇਰੇ ਤੇ ਇਕ ਇਲਜ਼ਾਮ ਲਗਾਇਆ ਹੈ ਮੈਂ ਉਸਦੇ ਬਾਰੇ ਇਕ ਬਾਤ ਕਰਨੀ ਚਾਹੁੰਦਾ ਹਾਂ ।

ਸ੍ਰੀ ਡਿਪਟੀ ਸਪੀਕਰ : ਚੌਧਰੀ ਜੀ, ਜੇ ਇਕ ਪਾਸੇ ਤੋਂ ਇਲਜ਼ਾਮ ਲਗਾਏ ਗਏ ਹਨ ਤਾਂ ਦੂਸਰੇ ਪਾਸੇ ਤੋਂ ਵੀ ਲਗਣੇ ਹੀ ਹਨ । (Chaudhri Sahib, allegations from one side certainly invite allegations from the other side.)

चौधरी बलबीर सिंह **डिप्टी स्पीकर** साहिब, इन्होंने कहा है कि व्यापार मंडल के मैंने पैसे खाए है । मैं इन से यह कहूंगा कि यह इलजाम सदन के बाहर लगा लें । फिर में देख लूंगा कि यह कया कह रहे हैं (शोर)

ਸਰਦਾਰ ਸਤਨਾਮ ਸਿੰਘ ਬਾਜਵਾ : ਮੈਂ ਬਾਹਰ ਵੀ ਕਹਾਂਗਾ ।

चौधरी **बलबीर सिंह :** मैंने पहले यह इल्ज़ाम नहीं लगाये जो फ्रंट पार्टी में शामिल हैं पहले इन्होंने लगाए थे यह इल्ज़ाम अकाली पार्टी और जनसंघ वालों ने पहले लगाये थे । (शोर)

ਸਰਦਾਰ ਗੁਰਨਾਮ ਸਿੰਘ ; ਇਹ ਐਵੇਂ ਗਲਤ ਕਹਿੰਦੇ ਹਨ । (ਸ਼ੋਰ)

DISCUSSION OF GOVERNOR'S ADDRESS — RESUMPTION

ਸਹਿਕਾਰਤਾ ਮੰਤਰੀ (ਚੌਧਰੀ ਕਰਤਾਰ ਸਿੰਘ) **:** ਡਿਪਟੀ ਸਪੀਕਰ ਸਾਹਿਬ, ਗਵਰਨਰ ਦੇ ਅਡਰੈਸ ਤੇ ਬੋਲਦਿਆਂ ਦੋਨਾਂ ਪਾਸਿਆਂ ਦੇ ਮੁਅਜ਼ਿਜ਼ ਮੈਂਬਰਾਂ ਨੇ ਆਪਣੇ ਖਿਆਲਾਤ ਦਾ ਇਜ਼ਹਾਰ ਕੀਤਾ ਹੈ । ਇਹ ਠੀਕ ਹੈ ਕਿ ਜੋ ਜਨਰਲ ਇਲੈਕਸ਼ਨ ਹੋਏ ਉਨ੍ਹਾਂ ਦੇ ਸਿਟੇ ਦੇ ਤੌਰ ਤੇ ਇਸ ਦੇਸ਼ ਵਿਚ ਇਕ ਨਵਾਂ ਤਜਰਬਾ ਸ਼ੁਰੂ ਹੋਇਆ । ਇਸ ਤਰ੍ਹਾਂ ਕਾਂਗਰਸ ਸਰਕਾਰਾਂ ਦੇ ਖਿਲਾਫ਼ ਆਪੋਜੀਸ਼ਨ ਵਲੋਂ ਯੂਨਾਈਟਿਡ ਫਰੰਟ ਬਣੇ । ਇਸ ਸੂਬੇ ਵਿੱਚ ਵੀ ਯੂਨਾਈਟਿਡ ਫਰੰਟ ਦੀ ਸਰਕਾਰ ਬਣੀ । ਇਸ ਸੂਬੇ ਦਾ ਜੋ ਮਸਲਾ ਹੈ ਉਸ ਦੇ ਵਿਚ ਦੋ ਗੱਲਾਂ ਬਣੀਆਂ। ਇਕ ਤਾਂ ਇਹ ਕਿ ਇਹ ਸੂਬਾ ਐਸਾ ਸਰਹੱਦੀ ਸੂਬਾ ਹੈ ਜੋ ਸਾਰੇ ਦੇਸ਼ ਦੀ ਆਜ਼ਾਦੀ ਦੀ ਰੱਖਿਆ ਕਰਦਾ ਹੈ । ਦੂਜੀ ਗੱਲ ਇਹ ਕਿ ਇਹ ਸੂਬਾ ਛੋਟਾ ਹੋਣ ਦੇ ਬਾਵਜੂਦ ਵੀ ਇਸ ਦੇ ਕਿਸਾਨ ਸਾਰੇ ਦੇਸ਼ ਲਈ ਵਡੇ ਪੈਮਾਨੇ ਤੇ ਅਨਾਜ ਪੈਦਾ ਕਰਦੇ ਹਨ । ਆਪ ਇਸ ਨੂੰ ਆਪਣੀ ਕਸੌਟੀ ਤੇ ਪਰਖੋ । ਪਿਛਲੀ ਸਰਕਾਰ ਜੋ ਅੱਠ ਮਹੀਨੇ ਚਲੀ ਉਹ ਨਾ ਤਾਂ ਇਸ ਸੂਬੇ ਦੀ ਹਾਲਤ ਨੂੰ ਮਜ਼ਬੂਤ ਕਰ ਸਕੀ ਕਿ ਇਹ ਸੂਬਾ ਦੇਸ਼ ਦੀ ਡੀਫੈਂਸ ਮਜ਼ਬੂਤ ਕਰੇ ਤੇ ਨਾ ਹੀ ਉਸ ਸਰਕਾਰ ਨੇ ਕਿਸਾਨ ਦੀ ਕੋਈ ਮੱਦਦ ਕੀਤੀ ਜਿਸਦੇ ਨਾਲ ਕਿ ਖੁਰਾਕ ਦਾ ਮਸਲਾ ਹੋਰ ਅੱਛੀ ਤਰ੍ਹਾਂ ਹੱਲ ਹੋ ਸਕੇ । ਹੋਇਆ ਕੀ ? ਉਸ ਸਰਕਾਰ ਦੇ ਦੋ ਵਡੇ ਵਿੰਗ, ਦੋ ਵਡੇ

ਜੱਥੇ— ਇਕ ਕਮਿਊਨਿਸਟ ਅੌਰ ਦੂਸਰੇ ਜਨਸੰਘ ਦੋਹਾਂ ਦੇ ਆਪਸ ਵਿਚ ਬੇਸਿਕ ਇਖਤਲਾਫ਼ ਸਨ । ਉਹ ਕਹਿੰਦੇ ਹਨ ਕਿ ਉਨ੍ਹਾਂ ਦੇ ਵਕਤ ਕੋਈ ਲਾ ਐਂਡ ਆਰਡਰ ਡਿਸਟਰਬ ਨਹੀਂ ਹੋਇਆ, ਕੋਈ ਬਦਅਮਨੀ ਦੀ ਗੱਲ ਨਹੀਂ ਹੋਈ ਪਰ ਅਸਲੀਅਤ ਇਹ ਹੈ ਕਿ ਸੂਬੇ ਵਿੱਚ ਇੰਡਸਟਰੀ ਨੂੰ ਫੇਲ ਕਰਨ ਲਈ ਕਮਿਊਨਿਸਟ ਵਜ਼ੀਰ ਨੇ ਉਸ ਦੇ ਧੜੇ ਨੇ ਸਾਰਾ ਜ਼ੋਰ ਲਗਾਇਆ । ਅੰਮ੍ਰਿਤਸਰ ਸ਼ਹਿਰ ਵਿੱਚ ਓ. ਸੀ. ਐਮ. ਦੀ ਮਿਲਜ਼ ਹਨ ਜਿਸਦੀ ਕਰੋੜਾਂ ਰੁਪਏ ਲਾਗਤ ਹੈ । ਉਥੇ ਜ਼ੋਰ ਨਾਲ, ਤਾਕਤ ਨਾਲ ਕਮਿਊਨਿਸਟ ਲੇਬਰ ਨੇ ਵਫ਼ਾਦਾਰ ਲੇਬਰ ਨੂੰ ਕਈ ਮਹੀਨੇ ਕੰਮ ਨਹੀਂ ਕਰਨ ਦਿਤਾ । ਆਪ ਦੇ ਸਾਹਮਣੇ ਅਖ਼ਬਾਰਾਂ ਵਿੱਚ ਰੋਜ਼ਾਨਾ ਬੜੇ ਬੜੇ ਇਸ਼ਤਿਹਾਰ ਉਸੇ ਓ. ਸੀ. ਐਮ. ਮਿਲਜ਼ ਵਲੋਂ ਛਪਦੇ ਰਹੇ ਲੇਕਿਨ ਕੋਈ ਸੁਣਵਾਈ ਨਹੀਂ ਹੋਈ । ਐਸ. ਐਸ. ਪੀ. ਅੰਮ੍ਰਿਤਸਰ, ਜੋ ਆਪਣੀ ਈਮਾਨਦਾਰੀ ਲਈ ਆਪਣੇ ਕੰਮ ਲਈ ਮਸ਼ਹੂਰ ਹਨ, ਉਹ ਸਾਰੇ ਕਹਿੰਦੇ ਸਨ ਕਿ ਸਰਕਾਰ ਦੀ ਇਜਾਜ਼ਤ ਨਹੀਂ ਅਸੀਂ ਕੋਈ ਦਖਲ ਨਹੀਂ ਦੇ ਸਕਦੇ । ਜਦ ਉਥੇ ਪੁਤਲੀਘਰ ਵਿੱਚ ਇਕ ਜਲਸਾ ਹੋ ਰਿਹਾ ਸੀ ਔਰ ਕਮਿਊਨਿਸਟ ਵਜ਼ੀਰ ਸਾਹਿਬ ਤਕਰੀਰ ਕਰ ਰਹੇ ਸਨ ਤਾਂ ਉਨ੍ਹਾਂ ਦੇ ਜਲਸੇ ਤੋਂ, ਡਿਪਟੀ ਸਪੀਕਰ ਸਾਹਿਬ, ਕੋਈ ਸੌ ਗਜ਼ ਦੇ ਫ਼ਾਸਲੇ ਤੇ ਇਕ ਕਤਲ ਹੋਇਆ । ਇਹ ਸੀ ਉਸ ਵੇਲੇ ਕਾਨੂੰਨ ਦੀ ਹਾਲਤ । ਲੁਧਿਆਣੇ ਜਿਸ ਦਿਨ ਗਿੱਲ ਸਾਹਿਬ ਨੂੰ ਟੀ ਪਾਰਟੀ ਦਿੱਤੀ ਗਈ ਉਥੇ ਇਕ ਆਦਮੀ ਨੇ ਖੜੇ ਹੋ ਕੇ 15 ਮਿੰਟ ਤਕਰੀਰ ਕੀਤੀ— ਉਸ ਦੀਆਂ ਅੱਖਾਂ ਵਿੱਚੋਂ ਅਥਰੂ ਗਿਰ ਰਹੇ ਸਨ । ਉਸ ਨੇ ਕਿਹਾ " ਗਿੱਲ ਸਾਹਿਬ, ਅਸੀਂ ਤਾਂ ਜਿਊਂਦੇ ਹੀ ਮਰ ਗਏ । ਸਾਡੇ ਜਿਊਂਦਿਆਂ ਦੇ ਸਿਆਪੇ ਹੋਏ । ਸਾਡੇ ਇਲਾਕੇ ਦਾ ਚੀਫ਼ ਮਨਿਸਟਰ ਔਰ ਸਾਡੀ ਇੰਡਸਟਰੀ ਦੀ, ਸਾਡੀ ਇਜ਼ਤ ਦੀ ਰੱਖਿਆ ਨਾ ਕਰ ਸਕੇ ।" (ਵਿਘਨ) ਮੈਂ ਆਨ-ਰੇਬਲ ਮੈਂਬਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੇਰੀ ਮਜ਼ਦੂਰਾਂ ਦੇ ਨਾਲ ਪੂਰੀ ਹਮਦਰਦੀ ਹੈ, ਜਿਥੋਂ ਤਕ ਉਨ੍ਹਾਂ ਦੀਆਂ ਜਾਇਜ਼ ਮੰਗਾਂ ਦਾ ਸਵਾਲ ਹੈ ਲੇਕਿਨ ਅਗਰ ਵਾਇਉਲੈਂਸ ਕਰਕੇ ਤਸ਼ੱਦਦ ਦੇ ਨਾਲ ਕਾਰਖਾਨੇਦਾਰਾਂ ਨੂੰ ਡਰਾ ਕੇ ਫੇਰ ਪੈਸੇ ਲੈਣੇ ਹਨ ਤਾਂ ਮੈਂ ਸਮਝਦਾ ਹਾਂ ਕਿ ਕਿਸੇ ਅਛੇ ਐਡਮਨਿਸਟਰੇਟਰ ਨੂੰ, ਕਿਸੇ ਅੱਛੀ ਸਰਕਾਰ ਨੂੰ ਵਾਇਓਲੈਂਸ ਦੇ ਅਗੇ ਕਿਸੇ ਸੂਰਤ ਵਿੱਚ ਨਹੀਂ ਝੁਕਣਾ ਚਾਹੀਦਾ (ਸਰਕਾਰੀ ਬੈਂਚਾਂ ਵਲੋਂ ਥੱਪਿੰਗ) ਔਰ ਜਿਹੜੀ ਸਰਕਾਰ ਚਲੀ ਗਈ ਹੈ, ਉਸ ਸਰਕਾਰ ਦੇ ਚੀਫ਼ ਮਨਿਸਟਰ ਸਾਹਿਬ, ਮੇਰੇ ਮੋਹਤਰਿਮ ਬਜ਼ੁਰਗ ਸਰਦਾਰ ਗੁਰਨਾਮ ਸਿੰਘ ਜੀ ਇਨ੍ਹਾਂ ਕਮਿਊਨਿਸਟਾਂ ਦੇ ਕਹਿਣ ਤੇ ਹੀ ਅੰਗੂਠਾ ਲਗਾ ਦਿੰਦੇ ਸਨ । (ਵਿਘਨ) ਟਪਿਆਲਾ ਸਾਹਿਬ, ਇਸ ਤਰ੍ਹਾਂ ਦੀਆਂ ਗੱਲਾਂ ਨਾਲ ਮੈਂ ਘਬਰਾਉਣ ਵਾਲਾ ਨਹੀਂ ਤੁਸੀਂ ਮੈਨੂੰ ਜਾਣਦੇ ਹੋ ਔਰ ਮੈਂ ਤੁਹਾਨੂੰ ਚੰਗੀ ਤਰ੍ਹਾਂ ਨਾਲ ਜਾਣਦਾ ਹਾਂ ।

Mr. Deputy Speaker : Kindly address the Chair and not the hon. Members.

ਸਹਿਕਾਰਤਾ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਸ ਤੋਂ ਇਲਾਵਾ ਖੁਰਾਕ ਦਾ ਮਸਲਾ ਹੈ । ਮੈਂ ਪੁਰਾਣੇ ਚੀਫ਼ ਮਨਿਸਟਰ ਸਾਹਿਬ ਨੂੰ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਉਹ ਤਾਂ ਕਮਿਊਨਿਸਟਾਂ ਤੋਂ ਡਰਦੇ ਕਣਕ ਦਾ ਭਾਅ 52—54 ਰੁਪਏ ਕੁਇੰਟਲ ਮੁਕੱਰਰ ਕਰਨ ਵਾਲੇ ਸੀ । ਇਹ ਤਾਂ ਭਲਾ ਹੋਵੇ ਸਰਦਾਰ ਪ੍ਰਕਾਸ਼ ਸਿੰਘ ਦਾ, ਸਰਦਾਰ ਨੱਥਾ ਸਿੰਘ, ਡਾਕਟਰ ਜਗਜੀਤ ਸਿੰਘ ਤੇ ਰਾਜਾ ਨਰਿੰਦਰ ਸਿੰਘ ਸਾਹਿਬ ਵਗੈਰਾ ਦਾ ਜਿਨ੍ਹਾਂ ਨੇ ਕਿਹਾ ਕਿ ਅਸੀਂ ਚੱਲੇ, ਸਰਦਾਰ ਸਾਹਿਬ ਤੁਹਾਡੀ ਸਰਕਾਰ ਵਿਚ ਨਹੀਂ ਜੇ ਰਹਿਣਾ । ਤਦ ਜਾਕੇ ਕਿਸਾਨ ਦੀ ਕਣਕ ਦਾ ਭਾਅ 72 ਤੋਂ 80 ਮੁਕੱਰਰ ਹੋਇਆ ਨਹੀਂ ਤਾਂ ਇਨ੍ਹਾਂ ਨੇ ਪੰਜਾਬ ਦੇ ਕਿਸਾਨ ਦਾ ਦਿਵਾਲਾ ਉਸੇ ਦਿਨ ਹੀ ਕੱਢ ਦਿਤਾ ਸੀ । (ਵਿਘਨ) ਥੋੜਾ ਜਿਹਾ ਸਬਰ ਕਰੋ......

Mr. Deputy Speaker : Sardar Balwant Singh, no interruptions please.

ਸਹਿਕਾਰਤਾ ਮੰਤਰੀ : ਲੀਡਰ ਆਫ਼ ਦੀ ਆਪੋਜੀਸ਼ਨ ਬੈਠੇ ਨੇ । ਮੈਂ ਤੁਹਾਡੇ ਅਗੇ ਅਰਜ਼ ਕਰਾਂਗਾ ਕਿ ਪੰਜਾਬੀ ਸੂਬਾ ਮਿਲਿਆ । ਇਸ ਦੇ ਲਈ ਤੁਸਾਂ ਬੜੀਆਂ ਕੁਰਬਾਨੀਆਂ ਕੀਤੀਆਂ । ਹੁਣ ਇਸ ਈਵਾਨ ਦੀ ਕਾਰਵਾਈ ਦਾ ਕੁਝ ਤੇ ਸਟੈਂਡਰਡ ਉਚਾ ਕਰੋ । ਦੂਸਰਿਆਂ ਦੇ ਖਿਆਲਾਤ ਨੂੰ ਸੁਣੋ ਔਰ ਵੇਲੇ ਸਿਰ ਉਨ੍ਹਾਂ ਦਾ ਜਵਾਬ ਦਿਉ । ਮੈਂ ਕਿਸੇ ਉਤੇ ਪਰਸਨਲ ਅਟੈਕ ਨਹੀਂ ਕਰਾਂਗਾ । this I assure you all the Members sitting on the Opposition Benches ਤੋਂ ਮੈਂ ਕਹਿ ਰਿਹਾ ਸੀ ਕਿ ਜਿਹੜਾ ਮਜ਼ਦੂਰ ਔਰ ਕਾਰਖਾਨੇਦਾਰ ਦਾ ਝਗੜਾ ਸੀ ਉਸ ਨੇ ਸੂਬੇ ਦੇ ਲਾ ਐਂਡ ਆਰਡਰ ਨੂੰ ਡਿਸਟਰਬ ਕੀਤਾ ਔਰ ਜੋ ਇੰਡਸਟਰੀ ਪਹਿਲਾਂ ਹੀ ਪਾਕਿਸਤਾਨ ਦੀ ਜੰਗ ਨਾਲ ਤਬਾਹ ਹੋ ਚੁਕੀ ਸੀ ਉਸ ਇੰਡਸਟਰੀ ਦੇ ਦਰਵਾਜ਼ੇ ਕਮਿਊਨਿਸਟ ਵਜ਼ੀਰ ਨੇ ਔਰ ਉਸ ਦੀ ਪਾਰਟੀ ਨੇ ਮਜ਼ਦੂਰਾਂ ਤੋਂ ਵਾਇਓਲੈਂਸ ਕਰਾਕੇ ਬੰਦ ਕਰਾ ਦਿਤੇ । ਹੋਇਆ ਕੀ ? 22 ਤਾਰੀਖ਼ ਨੂੰ 11 ਵਜੇ ਉਹ ਮਨਿਸਟਰੀ ਫ਼ਾਲ ਹੋਈ ਔਰ ਰਾਤ ਦੇ 11-12 ਵਜੇ ਉਸੇ ਦਿਨ ਸਾਰੇ ਲਾਲ ਝੰਡੇ, ਸਾਰੀ ਐਜੀਟੇਸ਼ਨ, ਸਾਰੀ ਵਾਇਓਲੈਂਸ ਸ਼ਹਿਰ ਅੰਮ੍ਰਿਤਸਰ ਵਿੱਚ ਬੰਦ ਹੋ ਗਈ । ਨਾ ਇਸ ਮਕਸਦ ਲਈ ਨਵੇਂ ਚੀਫ਼ ਮਨਿਸਟਰ ਸਾਹਿਬ ਨੇ ਕਿਸੇ ਨੂੰ ਕੋਈ ਹਦਾਇਤਾਂ ਦਿਤੀਆਂ, ਨਾ ਐਸ. ਪੀ. ਨੂੰ ਬੁਲਾਇਆ। ਇਹ ਚੀਜ਼ ਇਸ ਗੱਲ ਦਾ ਸਬੂਤ ਹੈ ਕਿ ਉਨ੍ਹਾਂ ਦੇ ਵਕਤ ਵਿੱਚ ਸੂਬੇ ਦੀ ਇੰਡਸਟਰੀ ਖਤਰੇ ਵਿੱਚ ਪਈ । ਉਨ੍ਹਾਂ ਨੇ ਸੂਬੇ ਦੇ ਕਿਸਾਨ ਨੂੰ ਬੜੇ ਔਖੇ ਹੋਕੇ ਥੋੜੇ ਜਿਹੇ ਭਾਅ ਦਿੱਤੇ । ਇਨ੍ਹਾਂ ਦੇ ਦੌਰ ਵਿੱਚ ਦਰਅਸਲ ਸੂਬੇ ਦੀ ਤਰੱਕੀ ਹੀ ਰੁਕ ਗਈ ਸੀ । ਜਿਸ ਕੌਮ ਔਰ ਜਿਸ ਸੂਬੇ ਕੋਲ ਇੰਡਸਟਰੀ ਨਹੀਂ, ਡਿਪਟੀ ਸਪੀਕਰ ਸਾਹਿਬ, ਉਸ ਦਾ ਕੀ ਬਣੇਗਾ ? ਉਸ ਦਾ ਕੁਝ ਨਹੀਂ ਬਣ ਸਕਦਾ ।

ਅੱਜ ਚੇਤਾ ਆਇਆ ਮੇਰੇ ਪੁਰਾਣੇ ਵਜ਼ੀਰ ਦੋਸਤਾਂ ਨੂੰ ਜਿਹੜੇ ਕਹਿੰਦੇ ਹਨ ਕਿ 11 ਪੁਆਇੰਟ ਪ੍ਰੋਗਰਾਮ ਵਾਲੇ ਵੇਦ ਮੰਤਰ ਤੇ ਅਮਲ ਕਰੋ । ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਨ੍ਹਾਂ ਨੂੰ ਉਸੇ ਦਿਨ ਹੀ ਕਿਹਾ ਸੀ ਕਿ ਜੱਜ ਸਾਹਿਬ, ਤੁਸੀਂ ਇਹ ਬੋਗਸ ਸਪੀਚ ਬਣਵਾਈ ਹੈ ਵਿਚਾਰੇ ਗਰੀਬ ਗਵਰਨਰ ਦੇ ਨਾਮ ਉਤੇ । ਤੁਸੀਂ ਕਹਿੰਦੇ ਹੋ ਕਿ ਹਾਈ ਪਾਵਰ ਕਮਿਸ਼ਨ ਬਨਾਉਣੀ ਹੈ । ਮੈਂ ਕਹਿੰਦਾ ਹਾਂ ਕਿ ਤੁਸੀਂ ਨਹੀਂ ਬਨਾਉਣੀ, ਨਹੀਂ ਬਨਾਉਣੀ, ਨਹੀਂ ਬਨਾ-ਉਣੀ ਔਰ ਅਗਰ ਬਨਾਉਣੀ ਹੈ ਤਾਂ ਆਪਣੇ ਭਾਣਜੇ ਫੂਲਕੇ ਨੂੰ ਲਾ ਦਿਉ । ਮੈਨੂੰ ਤਾਂ ਤੁਹਾਡੇ ਸੈਕਟਰੀਏਟ ਵਿੱਚ ਇਕ ਨਹੀਂ ਲਭਦਾ ਜਿਹੜਾ ਉਸ ਮਿਆਰ ਤੇ ਉਤਰੇ ਜਿਸ ਮਿਆਰ ਤੇ ਉਤਰਨ ਦੀ ਲੋੜ ਹੈ । ਜੱਜ ਕਿਉਂ ਟੋਲਦੇ ਹੋ ? ਕਿਉਂ ਹਾਈਕੋਰਟ ਦੇ ਜੱਜ ਵਲ ਦੌੜਦੇ ਹੋ ? ਫੂਲਕਾ ਸਾਹਿਬ ਨੂੰ ਹੀ ਲਗਾ ਦਿਉ । ਉਸ ਫੂਲਕੇ ਨੇ ਜਿਦਾਂ ਤੁਹਾਡੀ ਚੀਫ਼ ਮਨਿਸਟਰੀ ਵਿੱਚ ਤੁਹਾਡੇ ਮਨਿਸਟਰ ਆਫ ਸਟੇਟ ਕੋਆਪਰੇਸ਼ਨ ਵਿੱਚ ਆਪਣੇ ਦਿਨ ਕਢੇ ਉਹ ਅੱਲਾ ਮੀਆਂ ਹੀ ਜਾਣਦਾ ਹੈ । ਤੁਸੀਂ ਕਿਉਂ 11 ਪੁਆਇੰਟ ਪ੍ਰੋਗਰਾਮ ਲਿਆਉਂਦੇ ਫਿਰਦੇ ਹੋ । ਤੁਹਾਡੀ ਇਹ ਸਰਕਾਰ ਬਦਲੇਗੀ ਔਰ ਜਿਹੜੀ ਸਰਕਾਰ ਆਏਗੀ ਉਹ ਆਪਣਾ ਹੀ ਪ੍ਰੋਗਰਾਮ ਲਿਆਏਗੀ ਤੁਸੀਂ ਕਿਉਂ ਆਪਣੇ ਪ੍ਰੋਗਰਾਮ ਦੇ ਸੋਹਲੇ ਗਾਉਂਦੇ ਫਿਰਦੇ ਹੋ ? ਇਹ ਸਭ ਗੱਲਾਂ ਮੈਂ ਉਨ੍ਹਾਂ ਨੂੰ ਆਖੀਆਂ ।

ਡਿਪਟੀ ਸਪੀਕਰ ਸਾਹਿਬ, ਸਭ ਤੋਂ ਜ਼ਰੂਰੀ ਮਸਲਾ ਜਿਹੜਾ ਸਰਦਾਰ ਗੁਰਨਾਮ ਸਿੰਘ ਦੀ ਸਰਕਾਰ ਹੱਲ ਨਹੀਂ ਕਰ ਸਕੀ ਉਹ ਸੀ ਪੰਜਾਬੀ ਸੂਬਾ ਬਣਨ ਤੋਂ ਬਾਅਦ ਜ਼ਬਾਨ ਦਾ

ਮਸਲਾ । ਮੈਂ ਨਹੀਂ ਜਾਣਦਾ ਕਿ ਇਨ੍ਹਾਂ ਦੇ ਰਸਤੇ ਵਿੱਚ ਕੀ ਕੀ ਤਕਲੀਫ਼ਾਂ ਆਈਆਂ ਲੇਕਿਨ ਹਿਸਟਰੀ ਇਸ ਗੱਲ ਦੀ ਗਵਾਹ ਹੈ ਕਿ ਅੱਠਾਂ ਮਹੀਨਿਆਂ ਵਿੱਚ ਉਹ ਕੁਛ ਨਹੀਂ ਕਰ ਸਕੇ ਲੇਕਿਨ ਸਰਦਾਰ ਲਛਮਣ ਸਿੰਘ ਦੀ ਸਰਕਾਰ ਨੇ ਉਹ ਮਸਲਾ ਪਿਛਲੇ ਸੈਸ਼ਨ ਵਿੱਚ ਹੀ ਹਲ ਕਰ ਦਿਤਾ । ਉਨ੍ਹਾਂ ਦੇ ਕੁਛ ਦੋਸਤਾਂ ਨੇ ਕਿਹਾ ਕਿ ਤੁਹਾਡੇ ਨਾਲ ਕਾਂਗਰਸ ਦੇ ਕੁਛ ਮੈਂਬਰ ਨਾਰਾਜ਼ ਹੋ ਜਾਣਗੇ, ਹੋਰ ਮੈਂਬਰ ਨਾਰਾਜ਼ ਹੋ ਜਾਣਗੇ, ਦੋ ਤਿੰਨ ਮਹੀਨੇ ਲੰਘਾ ਲਉ ਕਿਉਂ ਸਿਰ ਤੇ ਰਿਸਕ ਲੈਂਦੇ ਹੋ ? ਉਨ੍ਹਾਂ ਨੇ ਸਾਰਿਆਂ ਨੂੰ ਕਿਹਾ ਕਿ ਇਹ ਇਕ ਅਸੂਲ ਦੀ ਬਾਤ ਹੈ । ਯੂਨੀਲਿੰਗੂਅਲ ਸਟੇਟ ਬਣ ਗਈ ਹੈ । ਬਾਕੀ ਸੂਬਿਆਂ ਵਿੱਚ ਜਦ ਅਜਿਹੇ ਐਕਟ ਬਣ ਗਏ ਹਨ, ਤਾਂ ਇਥੇ ਕਿਉਂ ਦੇਰ ਕੀਤੀ ਜਾਵੇ । ਇਸ ਲਈ ਮੈਂ ਕਹਾਂਗਾ ਕਿ ਸਭ ਤੋਂ ਵਡਾ ਮਸਲਾ ਜਿਹੜਾ ਤੁਸੀਂ ਅੱਠਾਂ ਮਹੀਨਿਆਂ ਵਿੱਚ ਹੱਲ ਨਹੀਂ ਕਰ ਸਕੇ, ਤੁਹਾਡੇ ਐਮ. ਏ., ਐਲ. ਐਲ. ਬੀ. ਸੁਤੇ ਰਹਿ ਗਏ ਔਰ ਜਿਨ੍ਹਾਂ ਨੂੰ ਤੁਸੀਂ ਥੋੜ੍ਹੇ ਪੜ੍ਹੇ ਲਿਖੇ ਕਹਿੰਦੇ ਹੋ ਉਹ ਅੱਗੇ ਲੰਘ ਗਏ । ਇਹ ਤਾਂ ਕਿਸਮਤ ਦੇ ਕੜਛੇ ਹਨ । ਇਹ ਕਿਸਮਤ ਦੇ ਕੜਛੇ ਹਨ ਕਿ ਹਿਸਟਰੀ ਵਿੱਚ ਗਿੱਲ ਸਾਹਿਬ ਦਾ ਨਾਮ ਆਉਣਾ ਸੀ ਕਿ ਜੋ ਕੰਮ ਮਹਾਰਾਜਾ ਰਣਜੀਤ ਸਿੰਘ ਨਾ ਕਰ ਸਕਿਆ, ਜੋ ਚੀਜ਼ ਵਡੇ ਵਡੇ ਸਟੇਟਾਂ ਦੇ ਰਾਜੇ ਨ ਕਰ ਸਕੇ ਉਹ ਇਕ ਜੱਟ, ਜਿਸਨੂੰ ਤੁਸੀਂ ਅਨਪੜ੍ਹ ਕਹਿੰਦੇ ਹੋ, ਕਰ ਗਿਆ ਔਰ ਮੈਂ ਕਹਾਂਗਾ ਕਿ ਤੁਹਾਡੇ ਉਪਰੋਂ ਦੀ ਹੱਲ ਚਲਾ ਗਿਆ—ਸੁਹਾਗਾ ਫੇਰ ਗਿਆ ।

ਡਿਪਟੀ ਸਪੀਕਰ ਸਾਹਿਬ, ਮੈਂ ਅੰਗਰੇਜ਼ਾਂ ਦੇ ਵੇਲੇ ਦੀ ਗੱਲ ਨਹੀਂ ਕਰਦਾ । ਉਨ੍ਹਾਂ ਨਾਲ ਗਿਲਾ ਨਹੀਂ । ਜਿਸ ਕਾਂਗਰਸ ਸਰਕਾਰ ਦੇ ਨਾਲ ਮੈਂ ਜੇਲ੍ਹਾਂ ਕੱਟੀਆਂ ਉਹ ਵੀ ਪਿੰਡਾਂ ਵਿਚ ਜਿਸ ਤਰ੍ਹਾਂ ਨਾਲ ਸੜਕਾਂ ਪੱਕੀਆਂ ਕਰਨੀਆਂ ਚਾਹੀਦੀਆਂ ਸਨ, ਨਾ ਕਰ ਸਕੀ ਲੇਕਿਨ ਇਸ ਗਿੱਲ ਸਾਹਿਬ ਦੀ ਸਰਕਾਰ ਨੇ 26 ਹਜ਼ਾਰ ਮੀਲ ਸੜਕਾਂ ਪੱਕੀਆਂ ਕਰਨ ਦਾ ਪਰੋਗਰਾਮ ਆਪਣੇ ਜ਼ਿੰਮੇ ਲਿਆ ਹੈ ਔਰ ਮੈਂ ਆਪ ਨੂੰ ਅਰਜ਼ ਕਰਾਂਗਾ ਕਿ ਇਸ ਸੈਸ਼ਨ ਤੋਂ ਵਿਹਲੇ ਹੋਣ ਤੋਂ ਬਾਅਦ ਚੀਫ਼ ਮਨਿਸਟਰ ਸਾਹਿਬ ਸੋਚ ਰਹੇ ਹਨ ਕਿ ਇਸ ਮਸਲੇ ਨੂੰ ਵਾਰ ਲੈਵਲ ਤੇ ਹੱਲ ਕੀਤਾ ਜਾਏਗਾ । ਜੋ ਸਾਡੇ ਕੋਲ ਮਸ਼ੀਨਰੀ ਔਰ ਇੰਜਨੀਅਰ ਹਨ ਉਨ੍ਹਾਂ ਦੀ ਮਦਦ ਤੋਂ ਅਲਾਵਾ ਇਹ ਕੋਸ਼ਿਸ਼ ਕੀਤੀ ਜਾਵੇਗੀ ਕਿ ਡਿਫੈਂਸ ਵਾਲਿਆਂ ਤੋਂ ਮਦਦ ਲੈ ਕੇ ਡਿਫੈਂਸ ਮਨਿਸਟਰ ਨੂੰ ਐਪਰੋਚ ਕਰਕੇ ਇਨ੍ਹਾਂ ਸੜਕਾਂ ਨੂੰ ਪੱਕਿਆਂ ਕਰਨ ਦਾ ਮਸਲਾ ਤੇਜ਼ੀ ਦੇ ਨਾਲ ਹੱਲ ਕੀਤਾ ਜਾ ਸਕੇ । ਜਿਥੇ ਸੜਕਾਂ ਜਾਣਗੀਆਂ ਉਥੇ ਸੱਭਿਅਤਾ ਜਾਏਗੀ । ਸੜਕਾਂ ਹੋਣਗੀਆਂ ਤਾਂ ਦਵਾਈਆਂ ਦੀ ਲੋੜ ਹੋਣ ਵੇਲੇ ਅਸਾਨੀ ਨਾਲ ਦਵਾਈਆਂ ਪਹੁੰਚਾਈਆਂ ਜਾਣਗੀਆਂ, ਮੋਟਰ ਸਾਈਕਲ ਜਾਣਗੇ ਅਤੇ ਟੈਂਪੂ ਜਾਣਗੇ । ਤੁਸੀਂ ਤਾਂ 8 ਮਹੀਨੇ ਕੁਛ ਵੀ ਨਹੀਂ ਕਰ ਸਕੇ ਔਰ ਜਿਸ ਨੂੰ ਮਜ਼ਾਕ ਕਰਦੇ ਹੋ......

ਸਰਦਾਰ ਗੁਰਨਾਮ ਸਿੰਘ : ਕੀ ਗਡੇ ਨਹੀਂ ਜਾਣਗੇ ?

ਸਹਿਕਾਰਤਾ ਮੰਤਰੀ : ਅਰਜ਼ ਇਹ ਹੈ ਸ੍ਰੀਮਾਨ ਜੀ, ਕਿ ਤੁਹਾਡੀ ਕਾਰ ਤਾਂ ਲੁਧਿਆਣੇ ਤੋਂ ਚੰਡੀਗੜ੍ਹ ਔਰ ਚੰਡੀਗੜ੍ਹ ਤੋਂ ਲੁਧਿਆਣੇ ਜਾਂਦੀ ਹੈ । ਪਿੰਡਾਂ ਵਾਲਿਆਂ ਦੀ ਹੋਰ ਗੱਲ ਹੈ ।

ਚੌਧਰੀ ਬਲਬੀਰ ਸਿੰਘ : ਲੁਧਿਆਣੇ ਦੀ ਕੀ ਸਿਗਨੀਫੀਕੈਂਸ ਹੈ ?

ਸਹਿਕਾਰਤਾ ਮੰਤਰੀ : ਮੈਂ ਕੋਈ ਜ਼ਾਤੀ ਗੱਲ ਨਹੀਂ ਕਹਿਣਾ ਚਾਹੁੰਦਾ । ਇਹ ਉਥੋਂ ਦੇ ਰਹਿਣ ਵਾਲੇ ਹਨ । ਸਿਰਫ਼ ਇਸੇ ਲਈ ਕਿਹਾ ਹੈ । ਜਿਹੜੀ ਚੀਜ਼ ਤੁਹਾਡੇ ਦਿਮਾਗ ਵਿਚ ਹੈ ਉਹ ਮੇਰੇ ਦਿਮਾਗ ਵਿਚ ਨਹੀਂ ਹੈ । ਡਿਪਟੀ ਸਪੀਕਰ ਸਾਹਿਬ, ਇਹ ਦੱਸਣ ਕਿ ਇਨ੍ਹਾਂ ਨੇ

[ਸਹਿਕਾਰਤਾ ਮੰਤਰੀ]

ਅੱਠ ਮਹੀਨਿਆਂ ਵਿਚ ਬਾਰਡਰ ਦੇ ਜ਼ਿਲਿਆਂ ਲਈ ਕੀ ਕੀਤਾ ? ਮਗਰ ਗਿੱਲ ਸਰਕਾਰ ਨੇ 14 ਤਰੀਕ ਨੂੰ ਫ਼ਿਰੋਜ਼ਪੁਰ ਵਿਚ ਬੈਠ ਕੇ ਜੋ ਬਜਟ ਵਿਚ ਪ੍ਰੋਵੀਜ਼ਨ ਕੀਤਾ ਹੈ ਉਸ ਤੋਂ ਇਲਾਵਾ ਬਾਰਡਰ ਦੇ ਜ਼ਿਲਿਆਂ ਲਈ 50 ਲੱਖ ਰੁਪਿਆ ਹੋਰ ਦੇਣ ਦਾ ਪ੍ਰਬੰਧ ਕੀਤਾ ਹੈ ਤਾਕਿ ਉਥੋਂ ਦੇ ਹਾਲਾਤ ਨੂੰ ਠੀਕ ਕੀਤਾ ਜਾਵੇ ।

ਜਿਹੜੀਆਂ ਉਥੇ ਛੋਟੀਆਂ ਛੋਟੀਆਂ ਸੜਕਾਂ ਹਨ, ਜਿਹੜੀਆਂ ਪਿਛਲੀ ਜੰਗ ਵੇਲੇ ਟੁੱਟੀਆਂ ਹੋਈਆਂ ਸਨ ਜਿਸ ਕਰਕੇ ਸਾਡੇ ਫੌਜੀ ਜਵਾਨਾਂ ਨੂੰ ਕਾਫੀ ਤਕਲੀਫਾਂ ਦਾ ਸਾਹਮਣਾ ਕਰਨਾ ਪਿਆ, ਉਹ ਬਹੁਤ ਜਲਦੀ ਪੱਕੀਆਂ ਹੋਣਗੀਆਂ । ਬਾਰਡਰ ਦੇ 10 ਮੀਲ ਦੇ ਅੰਦਰ ਦੇ ਪਿੰਡਾਂ ਨੂੰ ਖਾਸ ਸਹੂਲਤਾਂ ਦਿਤੀਆਂ ਜਾਣਗੀਆਂ ਉਥੇ ਜਿਹੜੇ ਰੱਦੀ ਹਸਪਤਾਲ ਹਨ ਜਿਨ੍ਹਾਂ ਵਿਚ ਇਸ ਵੇਲੇ ਫਸਟਏਡ ਵੀ ਨਹੀਂ ਮਿਲਦੀ ਅਤੇ ਜਿਸ ਦੀ ਵਜ੍ਹਾਕਰਕੇ ਸਾਡੇ ਜ਼ਖਮੀ ਫੌਜੀਆਂ ਦੀਆ ਗੱਡੀਆਂ ਦਿੱਲੀ ਜਾਂਦੀਆਂ ਰਹੀਆਂ ਉਨ੍ਹਾਂ ਨੂੰ ਇਸ ਲੈਵਲ ਦਾ ਬਣਾਇਆ ਜਾਵੇਗਾ ਕਿ ਅਗਰ ਮੁਲਕ ਨੂੰ ਫਿਰ ਲੜਾਈ ਦੇ ਦੌਰ ਵਿਚੋਂ ਗੁਜ਼ਰਨਾ ਪਿਆ—ਗੁਰੂ ਮਹਾਰਾਜ ਮਿਹਰ ਕਰਨ ਤਾਂ ਉਹ ਹਸਪਤਾਲ ਲਖਾਂ ਜ਼ਖਮੀਆਂ ਦੀਆਂ ਕੀਮਤੀ ਜਾਨਾਂ ਬਚਾ ਸਕਣ । ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਉਥੇ ਇਕ ਖੰਡਸਾਰੀ ਦਾ ਕਾਰਖਾਨਾ ਲਾਉਣਾ ਹੈ ਤਾਕਿ ਜੋ ਗੰਨਾ ਫਾਲਤੂ ਹੋਵੇ ਅਤੇ ਜਿਸ ਨੂੰ ਮਿਲਾਂ ਨਹੀਂ ਚੁਕਦੀਆਂ ਉਨ੍ਹਾਂ ਤੋਂ ਖੰਡਸਾਰੀ ਤਿਆਰ ਕੀਤੀ ਜਾ ਸਕੇ । ਇਹ ਫੈਸਲੇ ਕੀਤੇ ਹਨ । ਜਿੰਨੀਆਂ ਸਕੀਮਾਂ ਉਥੇ ਦੇ ਡਿਪਟੀ ਕਮਿਸ਼ਨਰ ਨੇ ਦਿਤੀਆਂ ਹਨ ਉਨ੍ਹਾਂ ਨੂੰ ਕੈਬਨਟ ਨੇ ਮਨਜ਼ੂਰ ਕੀਤਾ ਅਤੇ ਚੀਫ ਮਨਿਸਟਰ ਸਾਹਿਬ ਨੇ ਕਹਿ ਦਿਤਾ ਕਿ ਮੈਂ ਇਥੇ ਫਿਰ ਆਵਾਂਗਾ ਅਤੇ ਦੇਖਾਂਗਾ ਕਿ ਇਹ ਇੰਪਲੀਮੈਂਟ ਹੋਈਆਂ ਹਨ ਕਿ ਨਹੀਂ । ਡਿਪਟੀ ਸਪੀਕਰ ਸਾਹਿਬ, ਇੰਡਸਟਰੀ ਦੀ ਤਰੱਕੀ ਲਈ ਲਾ ਐਂਡ ਆਰਡਰ ਦਾ ਸਟੇਬਲ ਹੋਣਾ ਲਾਜ਼ਮੀ ਹੈ । ਅਸੀਂ ਜੋ ਦੁਨੀਆਂ ਭਰ ਦੇ ਇੰਡਸਟ੍ਰੀਅਲਿਸਟ ਹਨ ਬੰਬਈ, ਦਿੱਲੀ ਆਦਿ ਸਭ ਥਾਂ ਘੁਮ ਘੁਮ ਕੇ ਉਨ੍ਹਾਂ ਨੂੰ ਆਫਰ ਦਿਤੀ ਹੈ ਕਿ ਆਉ ਆਪ ਨੂੰ ਜ਼ਮੀਨ ਉਸੇ ਭਾ ਤੇ ਦਿਤੀ ਜਾਵੇਗੀ ਜਿਸਤੇ ਸਰਕਾਰ ਖਰੀਦੇਗੀ । ਘਟ ਸੂਦ ਤੇ ਕਰਜ਼ ਦਿਤਾ ਜਾਵੇਗਾ । ਬਿਜਲੀ ਫੌਰਨ ਸਪਲਾਈ ਕੀਤੀ ਜਾਵੇਗੀ। ਕੋਟੇ ਦਿਤੇ ਜਾਣਗੇ । ਅਸੀਂ ਛੇ ਫੋਕਲ ਪੁਆਇੰਟਸ ਇੰਡਸਟਰੀ ਲਈ ਕਾਇਮ ਕੀਤੇ ਹਨ । ਤੁਸੀਂ ਦੇਖੋਗੇ ਕਿ ਉਥੇ ਇੰਡਸਟਰੀ ਕਿਸ ਤਰ੍ਹਾਂ ਵਧਦੀ ਹੈ । ਸਾਡੀ ਬਦਕਿਸਮਤੀ ਨੂੰ ਇਥੇ ਕਮਿਉਨਿਸਟ ਆ ਗਏ ਸਨ । ਉਨ੍ਹਾਂ ਨੇ ਇਕ ਹੀ ਕੰਮ ਕੀਤਾ ਕਿ ਸਰਕਾਰ ਦਾ ਸਾਰਾ ਖਰਚ ਕਰਾ ਦਿਉ । ਸਰਕਾਰ ਦੇ ਹੱਥ ਵਿਚ ਪੈਸਾ ਨਾ ਰਹੇ । ਡੀਵੈਲਪਮੈਂਟ ਰੁਕ ਜਾਵੇ । ਜਗ੍ਹਾ ਜਗ੍ਹਾ ਮਜ਼ਦੂਰ ਅਤੇ ਕਾਰਖਾਨੇਦਾਰ ਦਾ ਝਗੜਾ ਕਰਾਉ ਅਤੇ ਸੈਕਰੇਟੇਰੀਏਟ ਅਤੇ ਸੂਬੇ ਵਿਚ ਸੈੱਲ ਬਣਾਉ ਤਾਕਿ ਜਿਸ ਦਿਨ ਇਨਕਲਾਬ ਲਿਆਉਣਾ ਹੈ ਉਸ ਦਿਨ ਦੀ ਤਿਆਰੀ ਹੋਵੇ । ਇਹ ਬੜਾ ਭਾਰਾ ਨੁਕਸਾਨ ਸੂਬੇ ਦਾ ਹੋਇਆ । ਜਜ ਸਾਹਬ, ਮੇਰੇ ਦਿਲ ਵਿਚ ਆਪ ਦਾ ਬੜਾ ਇਹਤਰਾਮ ਸੀ ਪਰ ਮੈਨੂੰ ਦੁਖ ਹੈ ਅਤੇ ਹਿਸਟਰੀ ਆਪ ਨੂੰ ਕਦੇ ਮਾਫ ਨਹੀਂ ਕਰੇਗੀ ਕਿ ਆਪ ਨੇ ਇਕ ਪਾਪ ਕੀਤਾ ਕਿ ਸਿਰਫ ਚੀਫ ਮਨਿਸਟਰ ਬਣਨ ਦੀ ਖਾਤਿਰ ਸੂਬੇ ਦੀ ਇਜ਼ਤ, ਸੂਬੇ ਦੇ ਡੀਫੈਂਸ ਨੂੰ ਖਤਰੇ ਵਿਚ ਪਾਇਆ । ਆਉਣ ਵਾਲੀਆਂ ਜੈਨਰੇਸ਼ਨਜ਼. . . . (ਘੰਟੀ) ਨੂੰ ਇਨ੍ਹਾਂ ਦੇ ਹਵਾਲੇ ਕਰ ਦਿਤਾ । ਡਿਪਟੀ ਸਪੀਕਰ ਸਾਹਬ, ਮੈਨੂੰ ਬੋਲਣ ਨਹੀਂ ਦਿੰਦੇ । ਮੈਂ ਇਕ ਗੱਲ ਹੋਰ ਕਹਿਣੀ ਹੈ ।

12-00 noon

ਡਾ: ਬਲਦੇਵ ਪ੍ਰਕਾਸ਼ ਨੇ ਬਾਰ ਬਾਰ ਕਿਹਾ ਕਿ ਜਨਾਬ ਇਥੇ ਤਾਂ ਇਨਕਲਾਬ ਆ ਗਿਆ, 107/151 ਦਫਾ ਹੇਠਾਂ ਇਹ ਹੋ ਗਿਆ ਉਹ ਹੋ ਗਿਆ । ਚਾਰ ਮੈਂਬਰਾਂ ਨੂੰ ਡੀਟੇਨ

ਕਰ ਲਿਆ । ਮੈ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਆਪਣੀਆਂ ਗੱਲਾਂ ਯਾਦ ਕਰੋ ਜੋ ਡੈਮੋਕਰੇਸੀ ਦਾ ਮਜ਼ਾਹਰਾ ਆਪ ਨੇ ਕੀਤਾ ਸੀ । ਤੁਸੀਂ ਸੂਬੇ ਨੂੰ ਆਪਣੀ ਅਮਾਨਤ ਸਮਝਦੇ ਰਹੇ । ਰਾਜਪੁਰੇ ਦੇ ਮੈਂਬਰ ਡਾਕਟਰ ਸ਼ਾਨਤੀ ਪ੍ਰਕਾਸ਼, ਨਾਲ ਕੀ ਸਲੂਕ ਕੀਤਾ ਸੀ ? 6 ਘੰਟੇ ਡਕੀ ਰਖਿਆ ਸੀ । ਝੂਠਾ ਮੁਕਦਮਾ ਬਣਾਇਆ ਸੀ, ਪਟਿਆਲੇ ਦੇ ਜੁਡੀਸ਼ਲ ਮੈਜਿਸਟਰੇਟ ਪਾਸ ਜਦੋਂ ਕੇਸ ਪੇਸ਼ ਹੋਇਆ ਤਾਂ ਉਸ ਨੇ ਜਜਮੈਂਟ ਵਿਚ ਲਿਖਿਆ ਕਿ ਇਨ੍ਹਾਂ ਦੇ ਖਿਲਾਫ਼ ਕੋਈ ਕੇਸ ਨਹੀਂ ਅਤੇ ਉਨ੍ਹਾਂ ਨੂੰ ਆਨਰੇਬਲੀ ਐਕੁਇਟ ਕੀਤਾ । ਉਹ ਕੇਸ ਆਪ ਦੇ ਹੁਕਮ ਨਾਲ ਬਣਾਇਆ ਗਿਆ ਸੀ, ਸਰਦਾਰ ਗੁਰਨਾਮ ਸਿੰਘ ਜੀ । ਫਿਰ ਇਸ ਅਸੈਂਬਲੀ ਦੇ ਡਿਪਟੀ ਸਪੀਕਰ ਨੂੰ ਜਿਨ੍ਹਾਂ ਨੇ ਇਸ ਹਾਊਸ ਦੇ ਹੱਕਾਂ ਦੀ ਰਾਖੀ ਕਰਨੀ ਹੁੰਦੀ ਹੈ, ਜੋ ਇਸ ਹਾਊਸ ਦੀ ਨੁਮਾਇੰਦਗੀ ਕਰਦੇ ਹਨ, ਉਨ੍ਹਾਂ ਨੂੰ ਆਪ ਦੇ ਹੁਕਮ ਦੇ ਤਹਿਤ ਥੰਨੇ ਵਿਚ ਰੋਕ ਕੇ ਰਖਿਆ ਗਿਆ । ਜਿੱਥ ਉਨ੍ਹਾਂ ਨੇ ਜਾਣਾ ਸੀ, ਜਾਣ ਨਾ ਦਿਤਾ ਗਿਆ । ਉਨ੍ਹਾਂ ਦੀ ਕਾਰ ਅਗੇ ਪੁਲਸਿ ਖੜੀ ਰਹੀ । ਗਾਲਿਬ ਸਾਹਬ, ਜੋ ਹਾਊਸ ਦੇ ਮੈਂਬਰ ਹਨ, ਨੂੰ ਥਾਣੇ ਵਿਚ ਭੁੰਜੇ ਬੈਠਾ ਕੇ ਰਖਿਆ ਗਿਆ । ਇਹ ਗੱਲਾਂ ਭੁਲ ਗਏ ? (ਘੰਟੀ) ਬਸ ਜੀ, ਇਕ ਗੱਲ ਹੋਰ ਕਹਿਣੀ ਹੈ । ਸਰਦਾਰ ਹਜ਼ਾਰਾ ਸਿੰਘ ਗਿੱਲ ਨੂੰ ਫੜ ਲਿਆ ਤੇ ਉਸ ਤੋਂ 30,000 ਅਤੇ 50,000 ਰੁ. ਦੀ ਜ਼ਮਾਨਤ ਮੰਗੀ । ਉਸ ਦੇ ਭਰਾ ਉਤੇ ਕਤੂਰੇ ਦੀ ਚੋਰੀ ਦਾ ਕੇਸ ਬਣਾਇਆ । ਇਤਨੇ ਬੜੇ ਐਡਮਨਿਸਟਰੇਟਰ, ਇਤਨੇ ਬੜੇ ਦਿਲ ਦੇ ਮਾਲਿਕ ਗੱਲਾਂ ਇਹ ਕਰਦੇ ਰਹੇ । ਹੁਣ ਡਾ: ਬਲਦੇਵ ਪ੍ਰਕਾਸ਼ ਨੂੰ ਡੈਮਕਰੇਸੀ ਖਤਰੇ ਵਿਚ ਨਜ਼ਰ ਆਉਣ ਲਗ ਪਈ ਹੈ । ਪੁਲਿਸ ਰਾਜ ਲਗਦਾ ਹੈ । ਸੁਣ ਲਉ ਕਿ ਜਿਹੜੇ ਅਰੈਸਟ ਹੋਏ ਹਨ ਕਿਉਂ ਹੋਏ ਹਨ । ਜਦੋਂ ਸਰਦਾਰ ਲਛਮਣ ਸਿੰਘ ਗਿੱਲ ਮੁੱਖ ਮੰਤਰੀ ਬਣੇ, ਸੰਤ ਸਾਹਿਬ ਨੇ ਕਿਹਾ ਕਿ ਐ ਲੋਕੋ, ਐ ਸਿਖੋ, ਐ ਅਕਾਲੀਓ ਸਰਕਾਰ ਦੇ ਵਜ਼ੀਰਾਂ ਨੂੰ ਪੱਥਰ ਮਾਰੋ, ਉਨ੍ਹਾਂ ਦੀਆਂ ਕਾਰਾਂ ਤੋੜੋ, ਸ਼ੀਸ਼ੇ ਤੋੜੋ, ਉਨ੍ਹਾਂ ਦੇ ਜਲੂਸ ਮਤ ਨਿਕਲਣ ਦਿਉ । ਜਿਥੇ ਇਸ ਤਰ੍ਹਾਂ ਦੀਆਂ ਗੱਲਾਂ ਹੋਣ ਉਥੇ ਪੁਲਿਸ ਦੀ ਵੀ ਕੁਝ ਡਿਊਟੀ ਹੈ । ਉਸ ਨੇ ਲਾ ਐਂਡ ਆਰਡਰ ਨੂੰ ਕਾਇਮ ਰਖਣਾ ਹੁੰਦਾ ਹੈ । ਮਨਿਸਟਰਾਂ ਦੀ ਇੱਜ਼ਤ ਅਤੇ ਜਾਨ ਦੀ ਹਿਫਾਜ਼ਤ ਕਰਨੀ ਹੁੰਦੀ ਹੈ । ਆਪ ਨੇ, ਸਰਦਾਰ ਗੁਰਨਾਮ ਸਿੰਘ, ਸ਼੍ਰੋਮਣੀ ਕਮੇਟੀ ਦੇ ਨਾਮ ਦੀ ਵਰਤੋਂ ਕਰਕੇ ਸਰਕਾਰ ਨੂੰ ਗਿਰਾਉਣ ਦੀ ਕੋਸ਼ਿਸ਼ ਕੀਤੀ ਹੈ. . . .

ਡਾਕਟਰ ਭਗਤ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ । . . . .

Minister for Cooperation : 'I do not give way.' ਮੈਂ ਜੋ ਕਹਿ ਰਿਹਾ ਹਾਂ ਉਸ ਨੂੰ ਸੁਣੋ ਫਿਰ ਜਵਾਬ ਦੇ ਲੈਣਾ ।

Mr. Deputy Speaker: Please wind up.

ਸਹਿਕਾਰਤਾ ਮੰਤਰੀ : ਡਿਪਟੀ ਸਪੀਕਰ ਸਾਹਿਬ, ਡਾ: ਬਲਦੇਵ ਪ੍ਰਕਾਸ਼ ਹੋਰਾਂ ਨੇ ਕਿਹਾ ਕਿ ਡੈਮੋਕਰੇਸੀ ਦਾ ਜਨਾਜ਼ਾ ਨਿਕਲ ਰਿਹਾ ਹੈ । ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਪੱਥਰ ਮਾਰਨ ਦੀਆਂ ਹਦਾਇਤਾਂ ਵਾਪਸ ਲਉ, ਕਾਲੀਆਂ ਝੰਡੀਆਂ ਦਖਾਉਣ ਦੀਆਂ ਹਦਾਇਤਾਂ ਵਾਪਸ ਲਉ, ਅਗਰ ਕੋਈ ਗੱਲ ਕਰਨੀ ਹੈ ਤਾਂ ਜਿਥੇ ਕੋਈ ਮਨਿਸਟਰ ਜਾਂਦਾ ਹੈ ਉਸ ਪਾਸ ਡੈਪੂਟੇਸ਼ਨ ਲੈਕੇ ਗੱਲ ਕਰੋ, ਤਾਂ ਸਭ ਠੀਕ ਹੈ । ਵਰਨਾ ਕਾਨੂੰਨ ਦੀ ਰਖਿਆ ਕਰਨਾ ਪੁਲੀਸ ਦਾ ਫਰਜ਼ ਹੈ ਅਤੇ ਇਸ ਲਈ ਅਸੀਂ ਹਦਾਇਤਾਂ ਦੇਵਾਂਗੇ । ਇਸ ਦੀ ਪੂਰੀ ਜ਼ਿੰਮੇਂਦਾਰੀ ਚੀਫ਼ ਮਨਿਸਟਰ ਦੀ ਹੈ ਅਤੇ ਜੋ ਪੁਲਿਸ ਅਫਸਰ ਆਪਣੇ ਫਰਜ਼ ਚੰਗੀ ਤਰ੍ਹਾਂ ਨਿਭਾਉਣਗੇ ਉਨ੍ਹਾਂ ਨੂੰ ਪੂਰੀ ਪ੍ਰੋਟੈਕਸ਼ਨ ਦਿਤੀ ਜਾਵੇਗੀ, ਕਿਸੇ ਕੋਲੋਂ ਡਰ ਕੇ ਭਜ ਨਹੀਂ ਜਾਵਾਂਗੇ । (ਤਾੜੀਆਂ)

[ਸਹਿਕਾਰਤਾ ਮੰਤਰੀ]

ਡਿਪਟੀ ਸਪੀਕਰ ਸਾਹਿਬ, ਇਕ ਗੱਲ ਹੋਰ ਕਹਾਂਗਾ। ਗਿੱਲ ਸਾਹਬ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸਨ। ਉਧਰੋਂ ਕਿਹਾ ਗਿਆ ਕਿ ਕੜਾਹ ਪਰਸ਼ਾਦ ਕੇਸ ਵਿਚ ਇਨ੍ਹਾਂ ਦੀ ਵੀ ਜ਼ਿਮੇਂਦਾਰੀ ਹੈ। ਵਾਹ, ਵਾਹ ਕਮਾਲ ਹੈ। ਸਰਦਾਰ ਗੁਰਨਾਮ ਸਿੰਘ ਜੀ ਸ਼੍ਰੋਮਣੀ ਕਮੇਟੀ ਦੇ ਮੈਂਬਰ ਹਨ। ਇਨ੍ਹਾਂ ਨੂੰ ਪਤਾ ਹੈ ਕਿ ਜਨਰਲ ਸੈਕਟਰੀ ਤਾਂ ਸਿਰਫ ਸ਼੍ਰੋਮਣੀ ਕਮੇਟੀ ਦੀਆਂ ਪ੍ਰੋਸੀਡਿੰਗਜ਼ ਕਰਾਉਣ ਦਾ ਜ਼ਿਮੇਂਦਾਰ ਹੈ, ਡੇ ਟੂ ਡੇ ਕੰਮ ਵਿਚ ਉਸਦਾ ਕੋਈ ਦਖਲ ਨਹੀਂ ਹੁੰਦਾ। ਪਰਚੇ ਤੁਸੀਂ ਆਪ ਕਰਾਉ ਅਤੇ ਇਨਕੁਆਇਰੀ ਤੇ ਹੈ ਉਹ ਐਸ. ਐਸ. ਪੀ. ਜਿਸ ਬਾਰੇ ਮੈਂ ਸਾਬਕਾ ਚੀਫ਼ ਮਨਿਸਟਰ ਨੂੰ ਯਾਦ ਕਰਾਉਣਾ ਚਾਹੁੰਦਾ ਹਾਂ ਜਿਸ ਦੇ ਪਾਸ ਇਹ ਇਕ ਸਮਗਲਿੰਗ ਦੇ ਕੇਸ ਵਿਚ ਫਸੇ ਟਰੱਕ ਦਾ ਮੁਕੱਦਮਾ ਵਾਪਸ ਕਰਾਉਣ ਲਈ ਸਿਫ਼ਾਰਿਸ਼ ਲੈਕੇ ਗਏ ਸਨ ਤੇ ਉਸ ਨੇ ਨਾਂਹ ਕਰ ਦਿਤੀ ਸੀ। (ਹਾਸਾ) ਇਨ੍ਹਾਂ ਨੇ ਉਸ ਨੂੰ ਸ਼ਾਬਾਸ਼ ਦਿਤੀ ਕਿ ਉਸ ਦਾ ਰਵੱਈਆ ਸਹੀ ਹੈ। ਮੈਂ ਇਨ੍ਹਾਂ ਦੀ ਵੀ ਦਾਦ ਦਿੰਦਾ ਹਾਂ ਕਿ ਇਨ੍ਹਾਂ ਨੇ ਉਸ ਨੂੰ ਬਦਲਿਆ ਨਹੀਂ। ਸੋ ਇਹ ਆਪ ਦਾ ਹੀ ਲਾਇਆ ਹੋਇਆ ਐਸ. ਐਸ ਪੀ. ਹੈ। ਸ਼੍ਰੋਮਣੀ ਕਮੇਟੀ ਦੇ ਪਰਚੇ ਦਿਤੇ ਹੋਏ ਹਨ। ਇਨਕੁਆਇਰੀ ਹੋ ਰਹੀ ਹੈ। ਅਗਰ ਕਿਸੇ ਦਾ ਕਸੂਰ ਨਾ ਹੋਇਆ ਤਾਂ ਉਸ ਤੇ ਕਾਰਵਾਈ ਨਹੀਂ ਹੋਵੇਗੀ। ਇਸ ਵਿਚ ਜਨਰਲ ਸੈਕਟਰੀ ਦਾ ਕੀ ਕਸੂਰ ਹੈ ? ਇਨ੍ਹਾਂ ਨੂੰ ਕਿਸੇ ਤੇ ਗ਼ਲਤ ਇਲਜ਼ਾਮ ਨਹੀਂ ਲਗਾਉਣੇ ਚਾਹੀਦੇ। ਡੈਮਾਕਰੇਸੀ ਨੂੰ ਕਾਮਯਾਬ ਬਣਾਉਣ ਲਈ ਆਪੋਜ਼ੀਸ਼ਨ ਦੀ ਵੀ ਜ਼ਿਮੇਦਾਰੀ ਹੁੰਦੀ ਹੈ ਅਗਰ ਜਾਇਜ਼ ਨੁਕਤਾ-ਚੀਨੀ ਕਰੋ ਤਾਂ ਕੋਈ ਹਰਜ ਨਹੀਂ (ਘੰਟੀ) ਬਸ ਜੀ ਇਕ ਹੀ ਗੱਲ ਕਹਿਣੀ ਹੈ।

ਵਿਰਾਸਤ ਦੇ ਕਾਨੂੰਨ ਬਾਰੇ ਗੱਲ ਹੋਈ। ਇਸ ਬਾਰੇ ਵਿਚ ਹਿੰਦ ਸਰਕਾਰ ਨੇ ਹਦਾਇਤਾਂ ਦਿਤੀਆਂ ਹਨ ਕਿ ਸਟੇਟਾਂ ਆਪ ਫ਼ੈਸਲਾ ਕਰਨ। ਉਹ ਮੰਨਿਆ ਜਾਵੇਗਾ। ਇਹ ਮਾਮਲਾ ਇਸ ਸਰਕਾਰ ਦੇ ਜ਼ੇਰੇ ਗੌਰ ਹੈ ਅਤੇ ਵਿਰਾਸਤ ਦਾ ਕਾਨੂੰਨ ਜ਼ਰੂਰ ਅਮੈਂਡ ਕੀਤਾ ਜਾਵੇਗਾ। ਬਸ ਜੀ, ਇਤਨਾ ਹੀ ਕਹਿ ਕੇ ਮੈਂ ਆਪ ਤੋਂ ਮਾਫੀ ਮੰਗਦਾ ਹਾਂ।

(ਇਸ ਸਮੇਂ ਚੌਧਰੀ ਸਾਧੂ ਰਾਮ ਅਤੇ ਸਰਦਾਰ ਕਿਰਪਾਲ ਸਿੰਘ ਵਿਲੋਂ ਵਿਜ਼ਿਟਰਜ਼ ਗੈਲਰੀ ਵਿਚ ਬੈਠੇ ਵੇਖੇ ਗਏ।)

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਕੀ ਇਸ ਐਵਾਨ ਦੇ ਆਨਰੇਬਲ ਮੈਂਬਰ ਵਿਜ਼ਿਟਰਜ਼ ਗੈਲਰੀ ਵਿਚ ਬੈਠ ਸਕਦੇ ਹਨ ਜਦ ਕਿ ਹਾਉਸ ਲਗਾ ਹੋਇਆ ਹੋਵੇ ?

ਸ਼੍ਰੀ ਡਿਪਟੀ ਸਪੀਕਰ : ਕੋਈ ਮੈਂਬਰ ਜਦੋਂ ਕਿ ਹਾਊਸ ਲਗਾ ਹੋਇਆ ਹੋਵੇ ਵਿਜ਼ਿਟਰਜ਼ ਗੈਲਰੀ ਵਿਚ ਨਹੀਂ ਬੈਠ ਸਕਦਾ। I request the hon. members to take their seats in the House. (When the House is in Session, no hon. Member can sit in the Visitor's Gallery. I request the hon. members to take their seats in the House.)

ਮੇਜਰ ਜਨਰਲ ਰਾਜਿੰਦਰ ਸਿੰਘ (ਜਲੰਧਰ ਛਾਉਣੀ) : ਡਿਪਟੀ ਸਪੀਕਰ ਸਾਹਿਬ, ਆਪ ਦੀ ਬੜੀ ਕਿਰਪਾ ਹੈ ਕਿ ਆਪ ਨੇ ਮੈਨੂੰ ਬੋਲਣ ਲਈ ਟਾਈਮ ਦਿਤਾ ਹੈ। ਇਹ ਮਸਲਾ

ਪੰਜਾਬ ਦਾ ਹੀ ਨਹੀਂ ਸਾਰੇ ਭਾਰਤਵਰਸ਼ ਨਾਲ ਤੁਅੱਲਕ ਰਖਦਾ ਹੈ ਅਤੇ ਡੈਮੋਕਰੇਸੀ ਨਾਲ ਤੁਅੱਲਕ ਰਖਦਾ ਹੈ । ਇਸ ਵਾਸਤੇ ਮੈਂ ਸਭ ਤੋਂ ਪਹਿਲਾਂ ਗਵਰਨਰ ਸਾਹਿਬ ਦੇ ਐਡਰੈਸ ਵਿਚੋਂ ਦੋ ਲਾਈਨਾਂ ਜਿਹੜੀਆਂ ਡੈਮੋਕਰੇਸੀ ਦੇ ਮੁਤਅੱਲਿਕ ਪਹਿਲੇ ਹੀ ਸਫ਼ੇ ਤੇ ਪੈਰਾ 3 ਵਿਚ ਹਨ ਆਪ ਦੇ ਸਾਹਮਣੇ ਪੇਸ਼ ਕਰਦਾ ਹਾਂ ।

"A very significant event which took place recently was the resignation of the United Front Ministry and its replacement by the new Council of Ministers headed by Sardar Lachhman Singh Gill. I wish to stress that, notwithstanding such political changes, all Governmental activities are part of the continuous process of mobilising the resources of the State for the welfare of its people. This is the basic aim of democracy and a fundamental measure of the success of any Government......"

ਯਾਨੀ ਕਿ ਕੰਟੀਨਿਊਇਟੀ ਇਨ ਡੈਮੋਕਰੇਸੀ ਹੁੰਦੀ ਹੈ । ਇਹ ਡੈਮੋਕਰੇਸੀ ਕਿਸ ਤਰੀਕੇ ਨਾਲ ਚਲ ਰਹੀ ਹੈ ਅਤੇ ਕੀ ਠੀਕ ਤਰੀਕੇ ਨਾਲ ਤੇ ਠੀਕ ਮਿਆਰ ਨਾਲ ਚਲ ਰਹੀ ਹੈ ਜਾਂ ਨਹੀਂ, ਮੈਂ ਇਸ ਦੇ ਸਬੰਧ ਵਿੱਚ ਦੋ ਤਿੰਨ ਲਫਜ਼ ਕਹਿਣਾ ਚਾਹੁੰਦਾ ਹਾਂ । ਜੋ ਕੁਝ ਮੈਂ ਦੇਖਿਆ ਹੈ, ਜਿਸ ਗੱਲ ਨੂੰ ਮੈਂ ਸਹੀ ਤਰੀਕੇ ਨਾਲ ਜੱਜ ਕੀਤਾ ਹੈ ਉਹ ਮੈਂ ਇਕ ਐਮ. ਐਲ. ਏ. ਦੀ ਹੈਸੀਅਤ ਵਿੱਚ ਆਪ ਦੇ ਸਾਹਮਣੇ ਪੇਸ਼ ਕਰਦਾ ਹਾਂ । ਇਹ ਜਿਹੜੀ ਡੈਮੋਕਰੇਸੀ ਪੰਜਾਬ ਵਿੱਚ ਸੈਟ ਅਪ ਕੀਤੀ ਗਈ ਹੈ ਇਹ ਕੀ ਹੈ ? ਇਹ ਜਿਸ ਤਰੀਕੇ ਨਾਲ ਬਣਾਈ ਗਈ ਹੈ, ਮੇਰੇ ਲਫਜ਼ ਯਾਦ ਰਖਣਾ, ਇਸ ਦੀ ਫ਼ਾਊਂਡੇਸ਼ਨ ਕੱਚੀ ਹੈ ; ਬਿਲਕੁਲ ਕੱਚੀ ; ਰੇਤੇ ਦੀ "ਬਾਲੂ ਕੀ ਭੀਤ" ਦੀ ਤੇ ਇਸ ਤੇ ਜਿਹੜਾ ਮਹਿਲ ਉਸਾਰਿਆ ਗਿਆ ਹੈ ਉਹ ਨਿਰਾ ਕੱਚਾ । ਮੈਂ ਦ੍ਰਿਸ਼ਟਾਂਤ ਦੇ ਰਿਹਾ ਹਾਂ । ਮੇਰੇ ਵਰਡਜ਼ ਯਾਦ ਰੱਖਣੇ .....(ਵਿਘਨ)

ਸ਼੍ਰੀ ਬਿਸ਼ੰਬਰ ਨਾਥ ਮੱਕੜ (ਸਨਅਤ ਮੰਤਰੀ) : ਤੇ ਤੁਹਾਡੀ ਸਤ ਸਤੂਨੀ ਵਜ਼ਾਰਤ ਦੀ ਨੀਂਹ ਕਿਸ ਤੇ ਸੀ ? (ਹਾਸਾ)

Mr. Deputy Speaker : No interruptions please.

ਮੁੱਖ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੇਰੇ ਬੋਲਣ ਦਾ ਟਾਈਮ ਤੁਸੀਂ ਕਿਹੜਾ ਫਿਕਸ ਕੀਤਾ ਹੈ ? ਮੈਨੂੰ ਪਤਾ ਲਗ ਜਾਵੇ ਕਿਉਂਕਿ ਮੈਂ ਪਹਿਲਾਂ ਕਹਿ ਚੁੱਕਾ ਹਾਂ ਕਿ ਮੈਨੂੰ 45 ਮਿੰਟ ਟਾਈਮ ਚਾਹੀਦਾ ਹੈ ।

ਸ਼੍ਰੀ ਡਿਪਟੀ ਸਪੀਕਰ : ਤੁਹਾਡਾ ਟਾਈਮ ਇਸ ਤਰ੍ਹਾਂ ਫਿਕਸ ਕੀਤਾ ਹੈ ਕਿ ਸਰਦਾਰ ਗੁਰਨਾਮ ਸਿੰਘ ਨੂੰ 12—30 ਵਜੇ ਬੋਲਣ ਲਾ ਦੇਣਾ ਹੈ ਅੱਧੇ ਘੰਟੇ ਲਈ ਕਿਉਂਕਿ he is the Leader of the Opposition ਅਤੇ ਇਕ ਵਜੇ ਤੁਸੀਂ ਬੋਲਣਾ ਸ਼ੁਰੂ ਕਰ ਦੇਣਾ 1—45 ਤੇ ਵੋਟਿੰਗ ਕਰ ਲਈ ਜਾਵੇਗੀ ।...... (ਵਿਘਨ). (Sardar Gurnam Singh will begin his speech at 12—30 for half an hour because he is the Leader of the Opposition and at 1.00 p.m. the Chief Minister may start his speech. Voting will take place at 1—45 p.m. This is how the time has been fixed.) (*Interruptions*)

ਮੇਜਰ ਜਨਰਲ ਰਾਜਿੰਦਰ ਸਿੰਘ : ਮੈਂ ਤਾਂ ਡਿਪਟੀ ਸਪੀਕਰ ਸਾਹਿਬ ਆਪਣਾ ਟਾਈਮ ਸ਼ਾਰਟ ਨਹੀਂ ਹੋਣ ਦੇਣਾ । ਜਿੰਨਾ ਮਰਜ਼ੀ ਇਹ ਸ਼ੋਰ ਪਾ ਲੈਣ । ਤੁਸੀਂ ਬਾਕੀ ਦੇ ਮੈਂਬਰਾਂ ਨੂੰ ਤਾਂ 20 ਜਾਂ 25 ਮਿੰਟ ਦੇ ਦਿੱਤੇ ਪਰ ਮੇਰੇ ਲਈ ਤੁਹਾਡਾ ਹੁਕਮ ਇਹ ਹੈ ਕਿ ਜਲਦੀ ਖਤਮ

[ਮੇਜਰ ਜਨਰਲ ਰਾਜਿੰਦਰ ਸਿੰਘ]

ਕਰ ਦੇਵਾਂ । ਮੇਰੇ ਨਾਲ ਸੀ. ਐਮ. ਸਾਹਿਬ ਨੇ ਵੀ ਵਾਅਦਾ ਕੀਤਾ ਸੀ ਅਤੇ ਮੈਂ ਮੁਖਾਲਿਫ ਪੁਆਇੰਟ ਆਫ ਵਿਯੂ ਰਖਦਾ ਹਾਂ ਇਸ ਲਈ ਮੈਨੂੰ ਪੂਰਾ ਟਾਈਮ ਦਿੱਤਾ ਜਾਵੇ ।

ਸ਼੍ਰੀ ਡਿਪਟੀ ਸਪੀਕਰ : ਮੈਂ ਇਕ ਗੱਲ ਸਪੈਰੋ ਸਾਹਿਬ, ਮਿਸ ਅੰਡਰਸਟੈਂਡਿੰਗ ਦੀ ਦੂਰ ਕਰ ਦਿਆਂ ਕਿ ਜਿੰਨਾ ਜਿੰਨਾ ਟਾਈਮ ਦਿੱਤਾ ਜਾ ਰਿਹਾ ਹੈ ਉਹ ਮੈਂ ਨੋਟ ਕਰ ਰਿਹਾ ਹਾਂ ਕਿ ਕਿਸ ਮੈਂਬਰ ਨੇ ਕਿੰਨਾ ਟਾਈਮ ਲਿਆ ਹੈ ਅਤੇ ਉਸ ਦੇ ਮੁਤਾਬਿਕ ਹੀ ਟ੍ਰੈਯਰੀ ਬੈਂਚਾਂ ਨੂੰ ਟਾਈਮ ਦਿੱਤਾ ਜਾਣਾ ਹੈ । ਇਹ ਤੁਹਾਡੇ ਵੱਲੋਂ ਨਹੀਂ ਕਿਹਾ ਜਾ ਸਕਦਾ ਕਿ ਤੁਸੀ ਬੋਲਣਾ ਹੀ ਬੰਦ ਨਾ ਕਰੋਗੇ । 10 ਮਿੰਟ ਤੁਸੀ ਲੈ ਲਉ, 10 ਮਿੰਟ ਵਿੱਚ ਹੋਰ ਇਕ ਮੈਂਬਰ ਨੂੰ ਬੁਲਾ ਲਵਾਂਗਾ ਅਤੇ ਫਿਰ ਸਰਦਾਰ ਗੁਰਨਾਮ ਸਿੰਘ ਨੂੰ ਬੁਲਾ ਲੈਣਾ ਹੈ । (I may remove the misunderstanding of the hon. Member, I am noting down the time taken by each member and allocation of time will be made to the Treasury Benches accordingly. The hon. Member cannot say that he will not stop speaking. The hon. Member may take ten minutes and ten minutes will be given to another Member and then Sardar Gurnam Singh will start his speech.)

ਮੇਜਰ ਜਨਰਲ ਰਾਜਿੰਦਰ ਸਿੰਘ : ਇਨ੍ਹਾਂ ਗੱਲਾਂ ਵਿੱਚ ਹੀ ਤੁਸੀਂ ਮੇਰੇ ਪੰਜ ਮਿੰਟ ਲਗਾ ਦੇਣੇ ਹਨ ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਹੁਣ ਤੋਂ ਵਕਤ ਗਿਣ ਲੈਣਾ । (The hon. Member may take into account his time from now onwards.)

ਮੇਜਰ ਜਨਰਲ ਰਾਜਿੰਦਰ ਸਿੰਘ : ਪੰਜ ਮਿੰਟ ਤਾਂ ਗੱਲਾਂ ਬਾਤਾਂ ਵਿੱਚ ਤੁਸੀਂ ਲਗਾ ਦਿੱਤੇ ਹਨ । ਮੈਂ, ਡਿਪਟੀ ਸਪੀਕਰ ਸਾਹਿਬ, ਡੈਮੋਕਰੇਸੀ ਦੀ ਗੱਲ ਕਰ ਰਿਹਾ ਸੀ । ਡੈਮੋਕਰੇਸੀ ਦਾ ਜੋ ਖ਼ੂਨ ਅਤੇ ਅਤਿਆਚਾਰ ਇਥੇ ਹੋ ਰਿਹਾ ਹੈ ਹੋਰ ਕਿਤੇ ਨਹੀਂ ਹੋ ਰਿਹਾ । ਜਦ ਇਹ ਮਨਿਸਟਰੀ ਬਣੀ ਤਾਂ ਇਸ ਬਾਰੇ ਬਹੁਤ ਬਹਿਸ ਹੋਈ । ਇਸ ਦੀ ਲੀਗੈਲਿਟੀ ਤੇ ਚਰਚਾ ਹੋਈ । ਮੈਂ ਉਸ ਦੀ ਤਫਸੀਲ ਵਿੱਚ ਨਹੀਂ ਜਾਣਾ ਚਾਹੁੰਦਾ । ਹਾਊਸ ਨੂੰ ਸਭ ਪਤਾ ਹੈ । ਪ੍ਰਤੱਖ ਨੂੰ ਪ੍ਰਮਾਣ ਦੀ ਕੀ ਲੋੜ ਹੈ ? ਜੋ ਮਾਹੌਲ ਬਣਾਇਆ ਗਿਆ ਹੈ ਅਤੇ ਜਿਸ ਤਰੀਕੇ ਦੀ ਜਨਤਾ ਵਿੱਚ ਹਵਾ ਹੈ ਉਹ ਜਨਤਾ ਦਸ ਰਹੀ ਹੈ । ਇਸ ਬਾਰੇ ਬੋਲਣ ਦੀ ਲੋੜ ਨਹੀਂ । ਇਸ ਸਬੰਧ ਵਿੱਚ ਦੋ-ਤਿੰਨ ਗੱਲਾਂ ਚੀਫ ਮਨਿਸਟਰ ਨਾਲ ਸਬੰਧ ਰਖਦੀਆਂ ਹਨ । ਉਹ ਇਨ੍ਹਾਂ ਬਾਰੇ ਗੌਰ ਕਰਨ । ਇਸ ਵਾਸਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਪਹਿਲੀ ਗੱਲ ਤਾਂ ਇਹ ਕਿ ਪਰਗਰਾਮ ਤੇ ਕਾਫੀ ਝਗੜਾ ਰਿਹਾ, ਕਿ ਉਸ ਪਾਰਟੀ ਦਾ, ਜੋ ਨਵੀਂ ਬਣੀ ਹੈ, ਕੀ ਪਰੋਗਰਾਮ ਹੋਵੇ । ਇਸ ਸਬੰਧ ਵਿੱਚ ਚੌਧਰੀ ਕਰਤਾਰ ਸਿੰਘ ਵੀ ਬੋਲੇ ਹਨ । ਮੈਨੂੰ ਸਮਝ ਨਹੀਂ ਲਗਦੀ ਕਿ ਪਰੋਗਰਾਮ ਕਿਸ ਕਿਸਮ ਦਾ ਹੈ । ਇਨ੍ਹਾਂ ਦਾ 12 ਨੁਕਾਤੀ ਪਰੋਗਰਾਮ ਬਣਿਆ । ਅਜ ਤਕ ਸੀ. ਐਮ. ਸਾਹਿਬ ਇਹ ਕਹਿੰਦੇ ਰਹੇ ਸਨ ਕਿ ਮੇਰਾ ਅਕਾਲੀ ਪਰੋਗਰਾਮ ਹੈ। ਫਿਰ ਹੁਣ ਕਹਿੰਦੇ ਹਨ ਕਿ ਮੇਰਾ ਕਾਂਗ੍ਰਸ ਪਾਰਟੀ ਦਾ ਪਰੋਗਰਾਮ ਹੈ । ਅਜੇ ਤਕ ਇਨ੍ਹਾਂ ਦੀ ਪਾਰਟੀ ਦਾ ਪਰੋਗਰਾਮ ਹੀ ਕਲੀਅਰ ਨਹੀਂ । ਲੇਟਲੀ ਮੈਂ ਅਖਬਾਰਾਂ ਵਿੱਚ ਪੜ੍ਹਿਆ ਹੈ ਅਤੇ ਤੁਸੀਂ ਵੀ ਪੜ੍ਹਿਆ ਹੋਣਾ ਹੈ ਕਿ ਸੀ. ਐਮ. ਸਾਹਿਬ ਤੇ ਕਾਂਗ੍ਰਸ ਲੀਡਰ ਵਿੱਚ ਇਸੇ ਗੱਲ ਤੇ ਝਗੜਾ ਵੀ ਹੋਇਆ ਜਿਸ ਵਿੱਚ ਬਾਅਦ ਵਿੱਚ ਕੋਈ ਮਨਮਨੌਤ ਵੀ ਹੋਈ ।

(ਵਿਘਨ) ਇਹ ਮੈਂ ਨਹੀਂ ਕਹਿ ਰਿਹਾ, ਅਖਬਾਰਾਂ ਨੂੰ ਕੋਟ ਕਰ ਰਿਹਾ ਹਾਂ । ਗਿਆਨੀ ਜ਼ੈਲ ਸਿੰਘ ਹੋਰਾਂ ਸਮਝੌਤਾ ਕਰਾਇਆ । ਮੇਰੇ ਕਹਿਣ ਦਾ ਭਾਵ ਇਹ ਸੀ ਕਿ ਇਸ ਪਾਰਟੀ ਦਾ ਪਰੋਗਰਾਮ ਕਲੀਅਰ ਨਹੀਂ । ਜਿਸ ਪਾਰਟੀ ਦੀ ਇਨ੍ਹਾਂ ਨੂੰ ਸਪੋਰਟ ਸੀ ਉਸ ਦੇ ਲੀਡਰਾਂ ਨਾਲ ਇਨ੍ਹਾਂ ਦਾ ਝਗੜਾ ਹੈ ਤੇ ਜਨਤਾ ਦੀ ਤਰੱਕੀ ਲਈ ਕੌਣ ਸੋਚੇ, ਜੋ ਮਰਜ਼ੀ ਕਰੇ । ਹੁਣ ਤਕ ਜੋ ਇਨ੍ਹਾਂ ਦਾ ਪਰੋਗਰਾਮ ਰਿਹਾ ਉਹ ਜਨਤਾ ਦੇ ਸਾਹਮਣੇ ਹੈ । ਜਨਤਾ ਦੀ ਪੁਕਾਰ ਤੇ ਜਨਤਾ ਦੀਆਂ ਫੀਲਿੰਗਜ਼ ਨੂੰ ਕੌਣ ਸੁਣੇ । ਜਨਤਾ ਦੇ ਹਿੱਤ ਨੂੰ ਤਰੱਕੀ ਦੇਣ ਦੀ ਕੋਈ ਕੋਸ਼ਿਸ਼ ਇਸ ਸਰਕਾਰ ਨੇ ਨਹੀਂ ਕੀਤੀ। ਜੇ ਕੋਸ਼ਿਸ਼ ਕੀਤੀ ਹੁੰਦੀ ਤਾਂ ਜਨਤਾ ਇਨ੍ਹਾਂ ਦਾ ਕਾਲੇ ਝੰਡਿਆਂ ਨਾਲ ਸੁਆਗਤ ਨਾ ਕਰਦੀ । ਜਿਥੇ ਵੀ ਤੇ ਜਦੋਂ ਵੀ ਮਨਿਸਟਰ ਜਾਂਦੇ ਹਨ ਵਾਵੇਲਾ ਹੁੰਦਾ ਹੈ । ਇਨ੍ਹਾਂ ਦੇ ਖਿਲਾਫ ਡੀਮਾਂਸਟਰੇਸ਼ਨ ਹੁੰਦੀਆਂ ਹਨ । ਇਥੇ, ਡਿਪਟੀ ਸਪੀਕਰ ਸਾਹਿਬ, ਅੱਜ ਤਕ ਤੁਸੀਂ ਫ਼ਰੰਟ ਵੱਲੋਂ ਕੀਤੇ ਗਏ ਪੀਸਫੁਲ ਮੁਜ਼ਾਹਰੇ ਦੀ ਮਿਸਾਲ ਨਹੀਂ ਵੇਖੀ ਹੋਣੀ । ਕਿਤਨਾ ਡਿਸਿਪਲਿੰਡ ਸੀ ਉਹ ਮੁਜ਼ਾਹਰਾ। ਹਜ਼ਾਰਾਂ ਆਦਮੀ ਇਥੇ ਪਹੁੰਚੇ ਮੈਮੋਰੈਂਡਮ ਦੇਣ ਲਈ ਗਵਰਨਰ ਸਾਹਿਬ ਨੂੰ ਅਤੇ ਸਾਬਤ ਕਰ ਦਿੱਤਾ ਕਿ ਮੁਜ਼ਾਹਰੇ ਵਿੱਚ ਡਿਗਨੇਟੀ ਕੀ ਹੈ ਅਤੇ ਜਨਤਾ ਵਿੱਚ ਕਿੰਨੀ ਆਵਾਜ਼ ਹੈ ? ਇਸ ਪ੍ਰਕਾਰ ਆਪਣਾ ਰੋਸ ਜ਼ਾਹਰ ਕੀਤਾ ਗਿਆ । ਇਹ ਰੋਸ ਕਿਉਂ ਜ਼ਾਹਰ ਕੀਤਾ ? ਕੀ ਗੱਲ ਸੀ ? ਸਿਰਫ ਇਹ ਦੱਸਣ ਲਈ ਕਿ ਇਹ ਮੌਜੂਦਾ ਸਰਕਾਰ ਹਵਾਈ ਸਰਕਾਰ ਹੈ (ਹਾਸਾ)। ਉਤੇ ਨਾ ਥਲੇ, ਨਾ ਜੜ੍ਹਾਂ ਨਾ ਪਰੋਗਰਾਮ, ਨਾ ਹੋਰ ਕੁਝ । ਮੈਂ ਆਪ ਦੀ ਰਾਹੀਂ ਸਾਰੇ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿੱਥੇ ਜਿੱਥੇ ਸੀ. ਐਮ. ਗਏ, ਪੀ. ਡਬਲਿਊ. ਡੀ. ਮਨਿਸਟਰ ਗਏ ਬਲੈਕ ਫਲੈਗ ਦੇ ਮੁਜ਼ਾਹਰੇ ਕੀਤੇ ਗਏ, ਅਲੈਕਟੋਰੇਟ ਕਨਫਿਊਜ਼ਡ ਸਨ ਯਾਨੀ ਕਿ—

"ਕਬ ਸੇ ਪਾਬੰਦੇ ਕਫਸ ਹੂੰ, ਮੁਝੇ ਮਾਲੂਮ ਨਹੀਂ," (ਆਵਾਜ਼ਾਂ : ਵਾਹ ਵਾਹ)
ਚੋਟਾਂ ਦਿਲ ਦੀਆਂ ਜ਼ਾਹਰ ਕਰ ਰਹੇ ਹਾਂ, ਸੀ. ਐਮ. ਸਾਹਿਬ ।

(ਆਵਾਜ਼ਾਂ : ਮਰਹਬਾ)

ਯਾਨੀ ਕਿ ਮੂਵਿੰਗ ਗਰੇਵ ਵਾਂਗ ਜਨਤਾ ਦੀ ਹਾਲਤ ਹੈ । ਇਹ ਹਾਲਤ ਹੈ ਜਨਤਾ ਦੀ । ਫਿਰ ਲਾ ਐਂਡ ਜਸਟਿਸ ਦੀ ਹਾਲਤ ਅੱਗੋਂ ਇਹ ਹੋਵੇ ਕਿ ਥਾਂ-ਥਾਂ ਲਾਠੀ ਚਾਰਜ । ਮੈਂ ਆਪ ਅੱਖੀਂ ਵੇਖਿਆ, ਅੱਖਾਂ ਬੰਦ ਤਾਂ ਕਰ ਨਹੀਂ ਸਾਂ ਸਕਦਾ । ਜਿੱਥੇ ਵੀ ਇਹ ਮਨਿਸਟਰ ਜਾਣ ਡਾਂਗਾਂ ਚੱਲਣ । ਜਲੰਧਰ ਵਿੱਚ ਮੈਂ ਆਪ ਡਾਂਗਾਂ ਚਲਦੀਆਂ ਵੇਖੀਆਂ । ਜਲੰਧਰ ਹੋਵੇ, ਲੁਧਿਆਣਾ ਹੋਵੇ, ਖੰਨਾ ਹੋਵੇ, ਪਟਿਆਲਾ ਹੋਵੇ, ਮੋਗਾ ਹੋਵੇ, ਹਰ ਥਾਂ ਲਾਠੀ-ਚਾਰਜ ਹੋਏ । ਇਸ ਨੂੰ ਤੁਸੀਂ ਸੁਣੋ ਨਾ ਸੁਣੋ, ਮੰਨੋ ਨਾ ਮੰਨੋ ਪਰ ਹੈ ਇਹ ਹਕੀਕਤ । (ਵਿਘਨ) ਠੀਕ ਹੈ । ਹੋ ਸਕਦਾ ਹੈ, ਚੀਫ਼ ਮਨਿਸਟਰ ਸਾਹਿਬ, ਤੁਸੀਂ ਆਪ ਨਾ ਮਾਰੀਆਂ ਹੋਣ ਪਰ ਤੁਹਾਡੇ ਹੁਕਮ ਨਾਲ ਲਾਠੀ—ਚਾਰਜ ਹੋਇਆ । ਮੈਂ ਅਫਸੋਸ ਕਰ ਰਿਹਾ ਹਾਂ । (ਵਿਘਨ) (ਸਰਦਾਰ ਸਰਦਾਰ ਸਿੰਘ ਕੋਹਲੀ : ਜਿਹੜੀਆ ਤੁਸੀਂ ਅੱਗਾਂ ਲਾਈਆਂ ਉਹ ਵੀ ਦੱਸ ਦਿਉ) (ਵਿਘਨ)

ਮੇਰੀ ਗੱਲ ਸੁਣ ਲਉ ਇਸ ਤਰ੍ਹਾਂ ਵਿਘਨ ਨਾ ਪਾਉ । ਮੈਂ ਸਭ ਦਸ ਸਕਦਾ ਹਾ । ਪਰ ਟਾਈਮ ਥੋੜਾ ਹੈ ਤੇ ਡਿਪਟੀ ਸਪੀਕਰ ਸਾਹਿਬ ਨੇ ਵੀ ਘੜੀ ਨਧੀ ਹੋਈ ਹੈ । ਮੈਂ ਲਾ ਐਂਡ ਜਸਟਿਸ ਦੀ ਗੱਲ ਕਰ ਰਿਹਾ ਹਾਂ । ਕੋਈ ਵੀ, ਕਿਸੇ ਵੀ ਜਗ੍ਹਾ ਹੋਵੇ, ਮੈਂ ਵੇਖਿਆ ਕਿ ਮਨਿਸਟਰ ਕਿਸ ਤਰ੍ਹਾਂ ਜਾਂਦੇ ਹਨ, ਜਿਵੇਂ ਮੁਰਗੀਆਂ ਨੂੰ ਤਾੜ ਕੇ ਚੌਹਾਂ ਪਾਸੇ ਜਾਲੀ ਲਾ ਕੇ ਬੰਦ ਕੀਤਾ ਹੁੰਦਾ ਹੈ । ਮਨਿਸਟਰ ਚਾਰ ਚੁਫੇਰ ਤੋਂ ਬੰਦ ਕਾਰਾਂ ਵਿੱਚ ਪੁਲਿਸ

(ਮੇਜਰ ਜਨਰਲ ਰਾਜਿੰਦਰ ਸਿੰਘ)

ਦੀ ਛਾਂ ਹੇਠ ਜਾਂਦੇ ਹਨ । ਮੈਂ ਖੁਦ ਵੇਖਿਆ ਹੈ । ਐਨੀ ਛੋਟੀ ਜਿਹੀ ਜਾਨ ਮਨਿਸਟਰ ਦੀ ਅਤੇ ਐਨਾ ਵੱਡਾ ਔਪ੍ਰੇਸ਼ਨ-ਇੰਨੀ ਤਾਂ ਲੜਾਈ ਦੇ ਔਪ੍ਰੇਸ਼ਨ ਵਿੱਚ ਵੀ ਐਸਕਾਰਟ ਦੀ ਲੋੜ ਨਹੀਂ ਸੀ ਪੈਂਦੀ ਜਿੰਨੀ ਕਿ ਹੁਣ ਮਨਿਸਟਰਾਂ ਨੂੰ ਜਨਤਾ ਸਾਹਮਣੇ ਜਾਣ ਤੇ ਪੈ ਰਹੀ ਹੈ । ਇਸ ਤਰ੍ਹਾਂ ਘੇਰੇ ਵਿੱਚ ਜਾਂਦੇ ਹਨ ਕਿ ਅੱਗੇ ਪੁਲਿਸ ਦੀ ਲਾਰੀ ਪਿੱਛੇ ਪੁਲਿਸ ਦੀ ਲਾਰੀ, ਬੰਦੂਕਾਂ ਤੇ ਸੰਗੀਨਾਂ ਵਾਲੇ ਨਾਲ । ਇਹ ਹੈ ਆਜ਼ਾਦੀ ਤੇ ਡੈਮੋਕਰੇਸੀ ਦੀ ਹਾਲਤ । ਤੁਸੀਂ, ਡਿਪਟੀ ਸਪੀਕਰ ਸਾਹਿਬ, ਹੈਰਾਨ ਹੋ ਜਾਉਗੇ ਵੇਖ ਕੇ ਇਨ੍ਹਾਂ ਦੀ ਹਾਲਤ । ਜਲੰਧਰ ਵਿੱਚ ਮੈਂ ਦੇਖਿਆ ਕਿ ਸ਼ਹਿਰ ਵਿੱਚ ਰਸਤੇ ਰੋਕ ਦਿੱਤੇ ਗਏ । ਟ੍ਰੈਫਿਕ ਜਾਮ ਕਰ ਦਿੱਤਾ ਗਿਆ। ਚਾਰੋਂ ਤਰਫ ਡਾਂਗਾਂ ਦੀ ਛਾਂ । ਕੋਈ 2-4 ਹਜ਼ਾਰ ਆਦਮੀ ਪੁਲਿਸ ਤੇ ਪੀ. ਏ. ਪੀ. ਦਾ ਵੀ ਸ਼ਾਮਲ ਸੀ ਕਿਉਂਕਿ ਅੱਜ ਚੀਫ਼ ਮਨਿਸਟਰ ਸਾਹਿਬ ਨੇ ਆਉਣਾ ਸੀ । ਮੈਨੂੰ ਉਥੇ ਦੇ ਪੁਲਿਸ ਅਫ਼ਸਰ ਨੇ ਐਪ੍ਰੋਚ ਕੀਤਾ ਕਿ ਸੀ. ਐਮ. ਸਾਹਿਬ ਮੈਚ ਵੇਖਣ ਆ ਰਹੇ ਹਨ ਇਸ ਲਈ ਸ਼ੋਰ ਸ਼ਰਾਬਾ ਕੋਈ ਨਾ ਹੋਵੇ । ਮੈਂ ਉਨ੍ਹਾਂ ਨੂੰ ਕਿਹਾ ਕਿ ਜਨਤਾ ਕੋਈ ਖਰਾਬੀ ਨਹੀਂ ਕਰਦੀ । ਡਿਪਟੀ ਸਪੀਕਰ ਸਾਹਿਬ, ਤੁਸੀਂ ਹੈਰਾਨ ਹੋ ਜਾਉਗੇ ਜਦੋਂ ਮੀਲਾਂ ਦੇ ਮੀਲ ਡਾਂਗਾਂ ਵਾਲੇ ਜਾਂਦੇ ਪਏ ਡਾਂਗਾਂ ਵਰਸਾਂਦੇ ਸੀ । ਜਾਂ ਤਾਂ ਗੁਰੂ ਕੇ ਬਾਗ ਦੇ ਵਿਚ ਡਾਂਗਾਂ ਕਦੇ ਵਰਸੀਆਂ ਸੀ ਜਾਂ ਕਦੇ ਇਥੇ ਡਾਂਗਾਂ ਪਈਆਂ ਵਰ੍ਹਦੀਆਂ ਨਜ਼ਰ ਆਉਂਦੀਆਂ ਸਨ । ਕਲੀਅਰਲੀ ਦੋ ਐਮ. ਐਲ. ਏਜ਼. ਨੂੰ ਘਸੀਟ ਕੇ, ਖਿਚ ਕੇ ਲਿਜਾਇਆ ਗਿਆ ।

(ਘੰਟੀ ਦੀ ਆਵਾਜ਼)

ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਆਪਣੀਆਂ ਪੂਰੀਆਂ ਗੱਲਾਂ ਕਹਿਣ ਦਾ ਮੌਕਾ ਦਿਉ । ਮੈਂ ਸਾਬਕ ਚੀਫ਼ ਮਨਿਸਟਰ ਸਾਹਿਬ ਦੀ ਖਿਦਮਤ ਵਿਚ ਅਰਜ਼ ਕਰਾਂਗਾ ਕਿ ਉਹ ਬੇਸ਼ਕ ਘਟ ਵਕਤ ਲੈਣ ਪਰ ਮੈਨੂੰ ਆਪਣੇ ਟਾਈਮ ਵਿਚੋਂ 10 ਮਿੰਟ ਬੋਲ ਲੈਣ ਦੇਣ । ਮੈਂ ਇਕ ਗੱਲ ਹੋਰ ਦੱਸਾਂ ਕਿ ਜਦੋਂ ਗਾਂਧੀ ਜੀ ਕੈਦ ਹੁੰਦੇ ਸੀ, ਉਨ੍ਹਾਂ ਤੇ ਮੁਕਦਮੇ ਤੇ ਮੁਕਦਮੇ ਖੜੇ ਕੀਤੇ ਜਾਂਦੇ ਸੀ । ਮੈਂ ਹੈਰਾਨ ਸਾਂ ਇਸ ਤਰ੍ਹਾਂ ਦੀਆਂ ਕਿਵੇਂ ਗੱਲਾਂ ਹੁੰਦੀਆਂ ਹਨ । ਉਹ ਬਦੇਸ਼ੀ ਰਾਜ ਸੀ ਪਰ ਇਸ ਆਪਣੇ ਰਾਜ ਵਿਚ, ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਸੁਣਿਆ ਹੋਵੇਗਾ, ਅਤੇ ਮੈਂ ਵੀ ਸੁਣਿਆ ਹੈ ਇਕ ਇਕ ਆਦਮੀ ਤੇ 10, 10 ਕੇਸਿਜ਼ ਚਲਾਏ ਜਾ ਰਹੇ ਹਨ । ਉਹ ਇਕ ਦੇ ਵਿਚੋਂ ਨਿਕਲਦਾ ਹੈ, ਦੂਸਰਾ ਤਿਆਰ ਹੋ ਜਾਂਦਾ ਹੈ । ਅਦਾਲਤ ਕਹਿੰਦੀ ਹੈ ਕਿ ਛਡ ਦਿਉ ਪਰ ਇਹ ਕੇਸਿਜ਼ ਦੀ ਲਾਈਨ ਤਿਆਰ ਕਰੀ ਜਾਂਦੇ ਹਨ । ਜਿਹੜੇ ਸਾਥੀ ਠੀਕ ਵੀ ਕੰਮ ਕਰਦੇ ਹਨ ਉਨ੍ਹਾਂ ਆਫੀਸਰਜ਼ ਨੂੰ ਫੜਿਆ ਜਾ ਰਿਹਾ ਹੈ । ਬੜ ਹਾਈ ਰੈਂਕਸ ਦੇ ਆਫੀਸਰਜ਼ ਨੂੰ ਖਾਹ ਮਖਾਹ ਹੈਰਾਸ ਕੀਤਾ ਜਾ ਰਿਹਾ ਹੈ । ਮੇਰੇ ਪਾਸ ਇਕ ਬਰੀਗੇਡੀਅਰ, ਇੰਡੀਅਨ ਆਰਮੀ ਦਾ ਇਕ ਵਡਾ ਆਫੀਸਰ ਆਇਆ । ਇਹ ਉਸ ਦਿਨ ਦੀ ਗੱਲ ਹੈ ਜਦੋਂ 21 ਤਾਰੀਖ ਨੂੰ ਲੋਕਾਂ ਨੂੰ ਘੇਰ ਘੇਰ ਫੜਿਆ ਜਾ ਰਹਿਆ ਸੀ। ਬ੍ਰਿਗੇਡੀਅਰ ਰੈਂਕ ਦੇ ਆਫੀਸਰ ਨੇ ਮੇਰੇ ਪਾਸ ਆਕੇ ਸ਼ਿਕਾਇਤ ਕੀਤੀ ਕਿ ਕਿਸ ਤਰ੍ਹਾਂ ਉਸ ਨੂੰ ਫੜਿਆ ਗਿਆ ਅਤੇ ਬੇਇਜ਼ਤੀ ਕੀਤੀ ਗਈ । ਉਸ ਨੇ ਕੋਈ ਮਰਡਰ ਨਹੀਂ ਸੀ ਕੀਤਾ ਅਤੇ ਨਾ ਹੋਰ ਕੋਈ ਕਸੂਰ ਕੀਤਾ ਸੀ। ਉਸ ਨੂੰ ਹਥਕੜੀ ਤੱਕ ਲਗਾਈ ਗਈ । ਇਹ ਗੱਲ ਮੈਂ ਸਾਰਿਆਂ ਦੇ ਭਲੇ ਲਈ ਕਰ ਰਿਹਾ ਹਾਂ ਅਤੇ ਐਲਾਨੀਆਂ ਤੌਰ ਤੇ ਇਸ ਹਾਊਸ ਵਿਚ ਵਾਰਨਿੰਗ ਭੀ ਦੇਣਾ ਚਾਹੁੰਦਾ ਹਾਂ ਕਿ ਜੇ ਇਸ ਤਰ੍ਹਾਂ ਦੀਆਂ ਗੱਲਾਂ ਹੋਣ ਲੱਗ ਪਈਆਂ ਤਾਂ ਇਸ ਦਾ ਬਹੁਤ ਹੀ ਖਰਾਬ ਰੀਐਕਸ਼ਨ ਹੋ ਸਕਦਾ ਹੈ । ਉਹ ਇਹ ਖਬਰ ਅਖ਼ਬਾਰ ਨੂੰ ਦੇਣਾ ਚਾਹੁੰਦੇ ਸੀ ਪਰ ਮੈਂ ਉਨ੍ਹਾਂ ਨੂੰ ਇਹ ਕਹਿ ਕੇ ਬੰਦ ਕੀਤਾ, ਕਿ ਆਖਿਰ ਇਹ ਹਿੰਦੁਸਤਾਨ ਦਾ

ਸਵਾਲ ਹੈ । ਜੇ ਬਾਹਰਲੇ ਮੁਲਕਾਂ ਦੇ ਵਿਚ ਇਹ ਖਬਰ ਗਈ ਤਾਂ ਜਦੋਂ ਉਹ ਪੜ੍ਹਨਗੇ ਤਾਂ ਇਸ ਦਾ ਉਨ੍ਹਾਂ ਤੇ ਕੀ ਅਸਰ ਪਵੇਗਾ । ਤੁਸੀਂ ਵੇਖੋ ਇਕ ਕਲਾਸ I ਆਫੀਸਰ ਨੂੰ ਫੜਿਆ ਗਿਆ...

ਮੁੱਖ ਮੰਤਰੀ : ਇਸ ਦਾ ਮਤਲਬ ਹੈ ਕਿ ਕਲਾਸ I ਆਫੀਸਰ ਜੋ ਮਰਜ਼ੀ ਕਰੇ ।

ਮੇਜਰ ਜਨਰਲ ਰਾਜਿੰਦਰ ਸਿੰਘ : ਇਹੋ ਗੱਲ ਤਾਂ ਮੈਂ ਅਰਜ਼ ਕਰ ਰਿਹਾ ਹਾਂ ਕਿ ਜੇ ਕੋਈ ਕਸੂਰ ਹੈ ਤਾਂ ਬੇਸ਼ਕ ਫੜੋ । ਉਨ੍ਹਾਂ ਨੇ ਤਾਂ ਸਾਹਿਬ ਕੋਈ ਕਸੂਰ ਹੀ ਨਹੀਂ ਕੀਤਾ । ਐਡਾ ਵੱਡਾ ਲੀਡਰ ਹੋਵੇ, ਅਤੇ ਇਕ ਵਡਾ ਲੀਡਰ ਹੋਣ ਦੇ ਨਾਤੇ ਉਹ 21 ਤਾਰੀਖ ਨੂੰ ਚੰਡੀਗੜ੍ਹ ਨਾ ਪਹੁੰਚ ਸਕੇ । ਉਸ ਨੂੰ ਫੜ ਲਿਆ ਜਾਵੇ ਕਿਤਨੀ ਬੁਰੀ ਗੱਲ ਹੈ । ਨਾ ਉਸ ਦਾ ਕੋਈ ਕਸੂਰ ਹੈ ਅਤੇ ਨਾ ਹੀ ਉਸ ਨੇ ਕੋਈ ਐਸੀ ਗੱਲ ਹੀ ਕੀਤੀ ਹੈ । ਅਗਰ ਕੋਈ ਐਸੀ ਗੱਲ ਹੋਵੇ ਤਾਂ ਇਨਕੁਆਇਰੀ ਕਰਵਾਈ ਜਾ ਸਕਦੀ ਹੈ........

ਮੁੱਖ ਮੰਤਰੀ ; ਇਕ ਪਾਸੇ ਤੁਸੀਂ ਕਹਿੰਦੇ ਹੋ ਕਿ ਉਹ ਕਲਾਸ I ਆਫੀਸਰ ਹੈ ਦੂਸਰੇ ਪਾਸੇ ਕਹਿੰਦੇ ਹੋ ਕਿ ਉਹ ਇਕ ਬੜਾ ਲੀਡਰ ਹੈ । ਕਿਹੜੀ ਗੱਲ ਸਹੀ ਹੈ।

ਮੇਜਰ ਜਨਰਲ ਰਾਜਿੰਦਰ ਸਿੰਘ : ਮੈਂ ਇਕ ਗੱਲ ਸਮਝਾ ਦੇਵਾਂ ਕਿ ਉਹ ਸਬਸਟੈਂਟਿਵ ਰੈਂਕ ਦਾ ਇਕ ਬਰੀਗੇਡੀਅਰ ਹੈ ਪਰ ਇਸ ਵੇਲੇ ਉਹ ਲੀਡਰ ਵੀ ਹੈ । ਅਗਰ ਕਿਸੇ ਨੂੰ ਉਹ ਹਿਟ ਕਰਦਾ ਹੈ, ਜਾਂ ਕਤਲ ਕਰਦਾ ਹੈ, ਕੋਈ ਹੋਰ ਕਸੂਰ ਕਰਦਾ ਹੈ, ਕੋਈ ਹਰਜ ਨਹੀਂ ਬੇਸ਼ਕ ਉਸ ਨਾਲ ਕੋਈ ਸਲੂਕ ਵੀ ਕਰੋ ਭਾਵੇਂ ਉਹ ਪਰੈਜ਼ੀਡੈਂਟ ਕਿਉਂ ਨਾ ਹੋਵੇ ।

(ਘੰਟੀ ਦੀ ਆਵਾਜ਼)

ਡਿਪਟੀ ਸਪੀਕਰ ਸਾਹਿਬ, ਮੈਂ ਗੱਲਾਂ ਅੱਜ ਸਾਰੀਆਂ ਕਰਨੀਆਂ ਹਨ । ਮੈਂ ਤਾਂ ਅਜੇ ਹੁਣ ਬੋਲਣ ਹੀ ਲੱਗਾ ਹਾਂ । ਚੌਧਰੀ ਕਰਤਾਰ ਸਿੰਘ ਹੋਰੀਂ ਇਂਜ ਕਰਕੇ ਆਪ ਤੋਂ 6 ਵਾਰੀ ਟਾਈਮ ਲੈ ਗਏ । ਮੈਂ ਅਰਜ਼ ਕਰਦਾ ਸੀ ਕਿ ਜੋ ਹਾਲਾਤ ਪੰਜਾਬ ਦੇ ਅੱਜ ਵੇਖੇ ਜਾ ਰਹੇ ਹਨ, ਇਹ ਇਸ ਸੂਬੇ ਨੂੰ 50 ਸਾਲ ਪਿਛੇ ਲੈ ਗਏ ਹਨ । ਮੈਂ ਆਸ ਰਖਦਾ ਸੀ ਕਿ ਮੇਰੇ ਕੁਲੀਗ ਕਿਸੇ ਹੋਰ ਪਹਿਲੂ ਤੇ ਤਰੱਕੀ ਦੀਆਂ ਗੱਲਾਂ ਕਰਨਗੇ ਜਦੋਂ ਕਿ ਪਿਛਲੀ ਗਵਰਨਮੈਂਟ ਨੇ ਕਈ ਹੋਰ ਮਸਲਿਆਂ ਤੇ ਤਰੱਕੀ ਕਰਨ ਦੀ ਕੋਸ਼ਸ਼ ਕੀਤੀ । ਪਰ ਇਹ ਕਿਸੇ ਹੋਰ ਰਸਤੇ ਚਲ ਪਏ ਹਨ ।

ਜਿਥੇ ਹੋਰ ਮਸਲਿਆਂ ਤੇ ਵੀ ਇਥੇ ਗੱਲਾਂ ਹੋਈਆਂ ਐਗਰੀਕਲਚਰ ਤੇ ਵੀ ਹੋਈਆਂ, ਕਈ ਸੱਜਣਾਂ ਨੇ ਬੋਲਿਆ ਅਤੇ ਕਿਹਾ ਕਿ ਜੋ ਕੁਝ ਵੀ ਕੀਤਾ ਹੈ ਇਸ ਸਰਕਾਰ ਨੇ ਅੱਛਾ ਕੀਤਾ ਹੈ । ਕਿਆ ਅੱਛਾ ਆਈਡੀਆ ਹੈ । ਕਣਕ ਦੀ ਅਸੀਂ 17 ਲੱਖ ਏਕੜ ਦੀ ਬਿਜਾਈ ਕਰਵਾ ਦਿੱਤੀ । ਹੁਣ ਕੱਟੋਗੇ ਤੁਸੀਂ ਜਾ ਕੇ ? ਹਣ ਵਾਢੀ ਕਰਨ ਲਈ ਤੁਸੀਂ ਸਾਰੇ ਪਹੁੰਚੋ । ਪਰ ਇਹ ਕਿਸੇ ਨੇ ਨਹੀਂ ਕਹਿਣਾ ਕਿ ਇਹ ਕਣਕ ਮਹਿਜ਼ 6 ਹਫਤਿਆਂ ਦੇ ਵਿਚ ਉਗ ਪਈ ਹੈ ।

ਇਕ ਏਥੇ ਰੋਡ ਪਲੈਨਿੰਗ ਦੀ ਚਰਚਾ ਹੋਈ । (ਮੁੱਖ ਮੰਤਰੀ : ਕੀ ਅੱਛਾ ਖ਼ਿਆਲ ਹੈ) ਮੈਂ ਤੁਹਾਡੇ ਹੱਕ ਵਿਚ ਬੋਲਦਾ ਹਾਂ ਪਰ ਤੁਸੀਂ ਮੈਨੂੰ ਬੋਲਣ ਵੀ ਨਹੀਂ ਦਿੰਦੇ । ਬਿਲਕੁਲ ਏਸੇ ਤਰ੍ਹਾਂ ਜਿਸ ਤਰ੍ਹਾਂ ਕਣਕ ਇਕ ਆਦਮੀ ਨਹੀਂ ਉਗਾਂਦਾ ਰੋਡਜ਼ ਵੀ ਇਕਦਮ ਨਹੀਂ ਉਗਦੀਆਂ । ਏਥੇ ਫਗੂਵਾਲੀਆ ਜੀ ਨੇ ਅਤੇ ਦੂਸਰੇ ਸਾਥੀਆਂ ਨੇ ਗਿਆਤ ਕੀਤਾ ਸੀ ਕਿ ਪਹਿਲਾਂ ਉਹ ਸੜਕਾਂ ਪੂਰੀਆਂ ਕਰੋ ਜਿਨਾਂ ਤੇ ਮਿਟੀ ਪਈ ਹੈ। ਮੈਂ ਆਪਣੇ ਵੇਲੇ ਵੀ ਐਸੀਆਂ ਥਾਵਾਂ ਦੇ ਲਈ, ਜਿਥੇ ਕਿ ਬਿਲਕੁਲ ਵੀ ਕੋਈ ਐਪਰੋਚ ਰੋਡ ਨਹੀਂ ਹੈ, ਕੁਝ ਕਰਨਾ ਚਾਹੁੰਦਾ ਸੀ । ਪਰ ਉਹ ਗੱਲ ਕਿਸੇ ਕਾਰਨਾਂ ਕਰਕੇ

(ਮੇਜਰ ਜਨਰਲ ਰਾਜਿੰਦਰ ਸਿੰਘ)

ਰਹਿ ਗਈ । ਮਿਸਾਲ ਦੇ ਤੌਰ ਤੇ ਜਾਲੰਧਰ ਕੈਂਟ ਦੀ ਕਾਂਸਟੀਚੂਐਂਸੀ ਲੈ ਲਉ । ਇਹ 29 ਪਿੰਡ ਹਨ । ਇਨ੍ਹਾਂ ਵਿਚ ਕਿਤੇ ਵੀ ਐਪਰੋਚ ਰੋਡ ਨਹੀਂ ਹੈ । ਕਿਤੇ ਅਧ ਮੀਲ ਦਾ ਫਾਸਲਾ ਹੈ, ਕਿਤੇ ਇਕ ਮੀਲ ਦਾ ਫਾਸਲਾ ਹੈ । ਕੋਈ ਵੀ ਐਪਰੋਚ ਰੋਡ ਨਹੀਂ ਹੈ । ਮੈਂ ਇਹ ਗੱਲ ਇਸ ਲਈ ਅਰਜ਼ ਕਰ ਰਿਹਾ ਹਾਂ ਕਿ ਇਹ ਗੱਲ ਠੀਕ ਨਹੀਂ ਕਿ ਕਿਤੇ ਤਾਂ ਗੋਲ ਚੱਕਰ ਬਣ ਰਹੇ ਹਨ ਆਪਣੇ ਦੁਆਰ ਦੇ ਆਲੇ ਦੁਆਲੇ ਅਤੇ ਕਿਤੇ ਕੁਝ ਵੀ ਨਹੀਂ । ਇਹ ਆਈਡੀਆ ਗਲਤ ਹੈ ।

(ਘੰਟੀ ਦੀ ਆਵਾਜ਼)

ਡਿਪਟੀ ਸਪੀਕਰ ਸਾਹਿਬ, ਮੈਂ ਲੈਂਡ ਰੀਫਾਰਮ ਤੇ ਬੋਲਣਾ ਚਾਹੁੰਦਾ ਹਾਂ । ਇਹ ਇਕ ਬਹੁਤ ਹੀ ਅਹਿਮ ਪੁਆਇੰਟ ਹੈ । ਮੈਨੂੰ ਇਸ ਤੇ ਬੋਲਣ ਦਿਉ ।

ਸ੍ਰੀ ਡਿਪਟੀ ਸਪੀਕਰ : ਜਰਨੈਲ ਸਾਹਿਬ, ਤੁਸੀਂ ਹੋਰ ਜੋ ਕੁਝ ਕਹਿਣਾ ਹੋਵੇ ਉਹ ਬਜਟ ਤੇ ਬੋਲ ਲੈਣਾ । ਹੁਣ ਬੜਾ ਹੀ ਥੋੜਾ ਟਾਈਮ ਹੈ । (If the hon. Member wants to speak more he can do so during the discussion of the Budget. The time at our disposal is very short now).

ਮੇਜਰ ਜਨਰਲ ਰਾਜਿੰਦਰ ਸਿੰਘ : ਮੈਂ ਸਿਰਫ ਇਕ ਹੀ ਖਿਆਲ ਪੇਸ਼ ਕਰਨਾ ਚਾਹੁੰਦਾ ਹਾਂ ਕਿ ਰੈਵੇਨਿਊ ਡੀਪਾਰਟਮੈਂਟ ਨੇ ਕੁਝ ਬੁਕਸ ਰੀਗਾਰਡਿੰਗ ਪੈਜੈਂਟ ਕੁਲੈਕਟ ਕੀਤੀਆਂ ਹਨ, ਉਹ ਹੁਣ ਤੁਹਾਡੇ ਕੋਲ ਹਨ ।

ਮੁੱਖ ਮੰਤਰੀ : ਮੈਂ ਉਨ੍ਹਾਂ ਤੇ ਤੁਹਾਡੇ ਮਲਾਹਜ਼ੇ ਲਈ ਲਿਖਿਆ ਹੈ । (ਹਾਸਾ)

ਮੇਜਰ ਜਨਰਲ ਰਾਜਿੰਦਰ ਸਿੰਘ : ਤੁਹਾਨੂੰ ਸ਼ਾਇਦ ਪਤਾ ਨਹੀਂ ਕਿ ਮੈਂ ਕਿਹੜਾ ਜਗ੍ਹਾ ਤੇ ਖੜਾ ਹਾਂ (ਹਾਸਾ)

ਸ੍ਰੀ ਡਿਪਟੀ ਸਪੀਕਰ : ਮੈਂ ਬਹੁਤ ਦਫਾ ਕਹਿ ਚੁਕਾ ਹਾਂ ਕਿ ਤੁਹਾਡਾ ਹੁਣ ਟਾਈਮ ਹੋ ਗਿਆ ਹੈ । (I have time and again reminded the hon. Member that his time is over now.)

ਮੇਜਰ ਜਨਰਲ ਰਾਜਿੰਦਰ ਸਿੰਘ : ਲਉ ਜੀ ਹੁਣ ਕਾਹਲੀ ਪੈ ਗਈ ਹੈ । ਮੇਰੀ ਕੋਈ ਵੀ ਗਲ ਸੁਣਨ ਨੂੰ ਤਿਆਰ ਨਹੀਂ । ਆਖਿਰ ਵਿਚ ਡਿਪਟੀ ਸਪੀਕਰ ਸਾਹਿਬ ਇਕੋ ਗੱਲ ਫੌਜੀ ਨੁਕਤੇ ਤੇ ਕਹਿਕੇ ਮੈਂ ਬੈਠ ਜਾਂਦਾ ਹਾਂ । ਉਹ ਮੇਰਾ ਇਹ ਸਜੈਸ਼ਨ ਹੈ ਕਿ ਜਿਹੜਾ ਵੀ ਐਕਸ ਸਰਵਿਸ ਮੈਨ ਹੈ, ਜਿਸ ਦੇ ਕੋਲ ਭਾਵੇਂ ਇਕ ਏਕੜ ਜ਼ਮੀਨ ਹੈ, ਉਹ ਹਰੀਜਨ ਹੋਵੇ, ਸਿਖ ਹੋਵੇ ਭਾਵੇਂ ਹਿੰਦੂ ਹੋਵੇ ਅਤੇ ਭਾਵੇਂ ਉਹ ਕਰਿਸ਼ਚਨ ਹੋਵੇ, ਤੁਹਾਡੇ ਵਲੋਂ ਉਨ੍ਹਾਂ ਤੇ ਨਜ਼ਰੇ ਅਨਾਇਤ ਰਹਿਣੀ ਚਾਹੀਦੀ ਹੈ, ਕਿਉਂ:—

ਅਗਰ ਆਂ ਤੁਰਕੇ ਸ਼ੀਰਾਜ਼ੀ ਬਦਸਤ ਆਂ ਮਾ ਰਾ ਦਿਲੇ ਮਾ ਰਾ,
ਬਕਾਲੇ ਹਿੰਦੂ ਓ ਅਸ਼ ਬਖਸ਼ੰਦ ਸਮਰਕੰਦੋ ਬੁਖਾਰਾ ।

ਇਨ੍ਹਾਂ ਵਾਸਤੇ ਤਾਂ ਬਖਸ਼ਸ ਹੀ ਬਖਸ਼ਸ ਹੈ । ਇਕ ਗੱਲ ਮੈਂ ਫੌਜੀਆਂ ਦੇ ਵਾਸਤੇ ਹੋਰ ਕਹਾਂ ਕਿ ਫੌਜੀ ਆਫੀਸਰਜ਼ ਜੋ ਵੀ ਤਲਾਸ਼ਮੰਦ ਹਨ ਉਨ੍ਹਾਂ ਨੂੰ ਚਾਹੇ ਪ੍ਰਾਈਵੇਟ ਸੈਕਟਰ ਵਿਚ ਚਾਹੇ ਪਬਲਿਕ ਸੈਕਟਰ ਵਿਚ ਐਡਜਸਟ ਕਰੋ । ਸਾਨੂੰ ਇਤਰਾਜ਼ ਹੈ ਕਿ ਹੁਣ ਤਕ ਫੌਜੀ ਆਫੀਸਰਜ਼ ਨਿਗਲੈਕਟਿਡ ਰਹੇ ਹਨ । (ਵਿਘਨ ਸ਼ੋਰ)

ਆਖਿਰ ਵਿਚ ਇੰਡਸਟਰੀ ਤੇ ਬੜਾ ਰੌਲਾ ਪਾਇਆ ਗਿਆ ਹੈ । ਉਹ ਵੀ ਕਹਿ ਦੇਂਦਾ ਹਾਂ । (ਘੰਟੀ ਦੀ ਆਵਾਜ਼)

ਸ੍ਰੀ ਡਿਪਟੀ ਸਪੀਕਰ: ਤੁਸੀਂ ਇਸ ਤਰ੍ਹਾਂ ਬੋਲਦਿਆਂ ਬੋਲਦਿਆਂ ਪੂਰੇ 20 ਮਿੰਟ ਲੈ ਲਏ । ਹੁਣ ਤਹਾਨੂੰ ਬਜਟ ਤੇ ਟਾਇਮ ਦਿਤਾ ਜਾਵੇਗਾ । (The hon. Member has taken full twenty minutes while delivering his speech in this way. He will be given more time during the discussion of the Budget.)

ਮੇਜਰ ਜਨਰਲ ਰਾਜਿੰਦਰ ਸਿੰਘ : ਇਕ ਗੱਲ ਕਹੀ ਗਈ ਕਿ ਯੂਨਾਈਟਿਡ ਫਰੰਟ ਨੇ ਕਮਿਊਨਿਸਟਾਂ ਕੋਲੋਂ ਜ਼ਬਰਦਸਤੀ ਅੰਗੂਠੇ ਲਗਵਾਏ । (ਵਿਘਨ) ਬਸ ਜੀ ਮੈਂ ਇਕ ਹੀ ਲਫਜ਼ ਕਹਿਕੇ ਖ਼ਤਮ ਕਰ ਦਿੰਦਾ ਹਾਂ । ਉਹ ਇਹ ਕਿ ਉਸ ਵਕਤ ਸਟਰਾਈਕ ਕਿਸੇ ਨੇ ਨਹੀਂ ਕੀਤੀ ਸੀ ਬਲਕਿ ਹਾਲਾਤ ਕਾਬੂ ਵਿਚ ਰੱਖੇ ਗਏ । ਇਹ ਗੱਲ ਕਹਿ ਕੇ ਮੈਂ ਆਪਦਾ ਸ਼ੁਕਰੀਆ ਅਦਾ ਕਰਦਾ ਹਾਂ ।

ਸ੍ਰੀ ਡਿਪਟੀ ਸਪੀਕਰ : ਸਰਦਾਰ ਦਰਸ਼ਨ ਸਿੰਘ ਕੇ. ਪੀ. ਜੀ. ਤੁਸੀਂ ਸਿਰਫ ਪੰਜ ਮਿੰਟਾਂ ਵਿਚ ਖਤਮ ਕਰ ਦੇਣਾ । ਉਸ ਤੋਂ ਬਾਦ ਸਰਦਾਰ ਗੁਰਨਾਮ ਸਿੰਘ ਬੋਲਣਗੇ । (Sardar Darshan Singh K. P. may please wind up his speech in five minutes. After that Sardar Gurnam Singh will speak)

ਮੁੱਖ ਮੰਤਰੀ : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ ਇਹ ਤਾਂ ਠੀਕ ਹੈ ਕਿ ਆਪੋਜ਼ੀਸ਼ਨ ਦੇ ਲੀਡਰ ਨੂੰ ਜਿਤਨਾ ਟਾਈਮ ਦਿਤਾ ਜਾਵੇ ਚੰਗਾ ਹੈ ਪਰ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇ ਉਨ੍ਹਾਂ ਦੀ ਆਪਣੀ ਪਾਰਟੀ ਨੇ ਉਨ੍ਹਾਂ ਨਾਲ ਕੋਆਪ੍ਰੇਟ ਨਹੀਂ ਕੀਤਾ ਤਾਂ ਸਾਡਾ ਕੀ ਕਸੂਰ ਹੈ ? ਸਾਡੀ ਪਾਰਟੀ ਦੇ ਮੈਂਬਰਾਂ ਨੂੰ ਪੂਰਾ ਟਾਈਮ ਮਿਲਣਾ ਚਾਹੀਦਾ ਹੈ ।

ਸ੍ਰੀ ਡਿਪਟੀ ਸਪੀਕਰ : ਠੀਕ ਹੈ । (It is all right)

ਸਰਦਾਰ ਦਰਸ਼ਨ ਸਿੰਘ ਕੇ. ਪੀ. (ਜਮਸ਼ੇਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਇਕ ਨਵਾਂ ਆਦਮੀ ਐਮ. ਐਲ. ਏ. ਬਣਕੇ ਤੁਹਾਡੇ ਕੋਲ ਆਇਆ ਹਾਂ । ਇਸ ਤੋਂ ਪਹਿਲਾਂ ਮੈਂ ਬਲਾਕ ਸਮਿਤੀ ਦਾ ਮੈਂਬਰ ਰਿਹਾ ਹਾਂ ਅਤੇ ਜ਼ਿਲਾ ਪ੍ਰੀਸ਼ਦ ਦਾ ਮੈਂਬਰ ਵੀ ਰਿਹਾ ਹਾਂ । ਮੈਂ ਸਰਪੰਚ ਵੀ ਰਿਹਾ ਹਾਂ । ਮੈਂ ਇਥੇ ਬੜੀ ਦੇਰ ਤੋਂ ਮੈਂਬਰਾਂ ਦੇ ਵਿਚਾਰ ਸੁਣ ਰਿਹਾਂ ਹਾਂ । ਕੋਈ ਕਿਸੇ ਨੂੰ ਬੁਰਾ ਕਹਿੰਦਾ ਹੈ ਕੋਈ ਕਿਸੇ ਨੂੰ । ਮੈਂ ਕਹਿੰਦਾ ਹਾਂ ਕਿ ਜੋ ਦੂਸਰੇ ਨੂੰ ਬੁਰਾ ਕਹਿੰਦੇ ਹਨ ਜ਼ਰਾ ਆਪਣੇ ਵਲ ਤਾਂ ਦੇਖਣ (ਥੰਪਿੰਗ) ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਕਾਂਗਰਸ ਦੀ ਮਿਹਰਬਾਨੀ ਨਾਲ ਹੀ ਤੁਸੀਂ ਸਾਰੇ ਇਥੇ ਬੈਠੇ ਹੋ । ਕਾਂਗਰਸ ਨੇ ਹੀ ਲੜਾਈ ਲੜ ਕੇ ਅੰਗਰੇਜ਼ਾ ਨੂੰ ਕਢਿਆ ਸੀ ਅਤੇ ਦੇਸ਼ ਅਜ਼ਾਦ ਕਰਵਾਇਆ ਸੀ । ਪਰ ਇਨ੍ਹਾਂ ਨੇ ਪੰਜਾਬ ਮਿੱਟੀ ਵਿਚ ਮਿਲਾ ਦਿਤਾ ਹੈ ਅਪੋਜ਼ੀਸ਼ਨਾਂ ਬਣਾ ਬਣਾਕੇ । ਮੈਂ ਪੁਛਦਾ ਹਾਂ ਕਿ ਇਹ ਗੌਰਮਿੰਟ ਬਣੀ ਕਿਸ ਵਾਸਤੇ ਹੈ ਵੱਡੇ ਵੱਡੇ ਜ਼ਿਮੀਦਾਰਾਂ ਵਾਸਤੇ ਜਾਂ ਸਰਮਾਇਆਦਾਰਾਂ ਵਾਸਤੇ ਇਹ ਗੌਰਮਿੰਟ ਬਣੀ ਹੈ ਜਾਂ ਰੂਟ ਪਰਮਿਟ ਵਾਲਿਆਂ ਵਾਸਤੇ ਬਣੀ ਹੈ । ਗਰੀਬਾਂ ਵਾਸਤੇ ਇਹ ਗੌਰਮਿੰਟ ਨਹੀਂ ਬਣੀ । ਮੈ ਪੁਛਦਾ ਹਾਂ ਕਿ ਇਹ ਅਸੈਂਬਲੀ ਬਣਾਉਣ ਵਾਲਾ ਕੌਣ ਹੈ ਮਜ਼ਦੂਰ ਹੈ, ਲੇਬਰ ਹੈ । (ਥੰਪਿੰਗ) ਸਾਡੀਆਂ ਭੈਣਾਂ ਤੇ

[ਸਰਦਾਰ ਦਰਸ਼ਨ ਸਿੰਘ ਕੇ. ਪੀ.]

ਬੇਟੀਆਂ ਘਗਰੇ ਪਾਕੇ ਟੋਕਰੀਆਂ ਚੁਕਦੀਆਂ ਹਨ । ਇਨ੍ਹਾਂ ਨੂੰ ਬਣਾਉਣ ਵਾਲਾ ਮਜ਼ਦੂਰ ਹੈ । ਇਹ ਮਜ਼ਦੂਰ ਟੋਕਰੀ ਚੁਕਦਾ ਹੈ, ਉਹੀ ਗਰੀਬ ਮਜ਼ਦੂਰ ਕਾਰਖਾਨੇ ਵਿਚ ਕੰਮ ਕਰਦਾ ਹੈ । ਉਸੀ ਗਰੀਬ ਮਜ਼ਦੂਰ ਦਾ ਜੋ ਖੇਤਾਂ ਵਿਚ ਕੰਮ ਕਰਦਾ ਹੈ ਅਤੇ ਇਹ ਸਾਰੇ ਕੰਮ ਕਰਦਾ ਹੈ, ਕੋਈ ਖਿਆਲ ਨਹੀਂ ਕਰਦਾ । ਨਾ ਸਮਾਜ ਵਿਚ ਉਸ ਲਈ ਥਾਂ ਹੈ ਤੇ ਨਾ ਗੌਰਮਿੰਟ ਉਸ ਲਈ ਕੁਝ ਕਰਦੀ ਹੈ । ਮੈਂ ਪੁਛਦਾ ਹਾਂ ਕਿ ਇਹ ਗੌਰਮਿੰਟ ਬਣੀ ਕਿਸ ਵਾਸਤੇ ਹੈ । (ਥੰਪਿੰਗ) ਇਸ ਤਰ੍ਹਾਂ ਕੰਮ ਨਹੀਂ ਚਲ ਸਕਦਾ । ਇਹ ਕੀ ਤਮਾਸ਼ਾ ਹੈ । "ਯੇਹ ਰੇਤ ਕੀ ਕੰਧੇਂ ਹੈਂ, ਕਬ ਤਕ ਖੈਰ ਮਨਾਏਂਗੀ"। ਤੁਸੀਂ ਲੋਕਾਂ ਦੀ ਗੱਲ ਕਰਦੇ ਹੋ । ਤੁਸੀਂ ਗਰੀਬਾਂ ਵਾਸਤੇ ਕੀ ਕੀਤਾ ? ਤੁਸੀਂ ਚੰਦ ਆਦਮੀਆਂ ਵਾਸਤੇ ਕਰਦੇ ਰਹੇ । ਹਰੀਜਨ 20 ਸਾਲ ਤੋਂ ਜ਼ਮੀਨ ਵਾਸਤੇ ਕਹਿ ਰਹੇ ਹਨ । ਜ਼ਮੀਨ ਨਹੀਂ ਮਿਲ ਰਹੀ । ਜ਼ਮੀਨ ਆਖਿਰ ਆਸਮਾਨ ਤੋਂ ਤਾਂ ਨਹੀਂ ਆਉਣੀ । ਜ਼ਮੀਨ ਤਾਂ ਧਰਤੀ ਤੇ ਹੀ ਹੈ । ਪਰ ਅਸੀਂ ਮੰਗੀਏ ਤਾਂ ਮਿਲੇ । ਅਸੀਂ ਮੰਗ ਨਹੀਂ ਸਕਦੇ (ਸ਼ੋਰ) ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਅਸੀਂ ਮੰਗ ਨਹੀਂ ਸਕਦੇ । ਸਾਡੀ ਅਵਾਜ਼ ਖਰੀਦ ਲਈ ਜਾਂਦੀ ਹੈ । (ਵਿਰੋਧੀ ਬੈਂਚਾਂ ਵਲੋਂ ਥੰਪਿੰਗ) (ਸ਼ੋਰ) । ਮੈਂ ਠੀਕ ਕਹਿੰਦਾ ਹਾਂ ਕਿ ਅਮੀਰ ਆਦਮੀ ਗਰੀਬ ਦੀ ਅਵਾਜ਼ ਖ਼ਰੀਦ ਲੈਂਦਾ ਹੈ । (ਸ਼ੋਰ)। ਇਹ ਕਹਿੰਦੇ ਹਨ ਕਿ ਅਸੀਂ 4-5 ਮੀਲ ਸੜਕ ਬਣਾ ਦਿਤੀ । ਮੈਂ ਕਹਿੰਦਾ ਹਾਂ ਕਿ ਕਿਹੜੀ ਵਡੀ ਗੱਲ ਹੋਈ ਹੈ । ਜਦ ਮੈਂ ਬਲਾਕ ਸਮਿਤੀ ਤੇ ਜਿਲਾ ਪ੍ਰੀਸ਼ਦ ਦਾ ਮੈਂਬਰ ਰਿਹਾ ਹਾਂ ਤਾਂ ਮੈਂ ਵੀ ਸੜਕਾਂ ਬਣਵਾਉਂਦਾ ਰਿਹਾ ਹਾਂ । ਇਸ ਵਿਚ ਕੀ ਵਡੀ ਗਲ ਹੈ । (ਵਿਰੋਧੀ ਬੈਂਚਾਂ ਵਲੋਂ ਤਾਲੀਆਂ) ਫਿਰ ਕਹਿੰਦੇ ਹਨ ਕਿ ਅਸੀਂ ਪੰਜਾਬੀ ਲਾਗੂ ਕਰ ਦਿਤੀ । ਮੈਂ ਪੁੱਛਦਾ ਹਾਂ ਕਿ ਜੇ ਤੁਸੀਂ ਪੰਜਾਬੀ ਲਾਗੂ ਨਾ ਕਰਦੇ ਤਾਂ ਕਿ ਅਰਬੀ ਲਾਗੂ ਕਰਦੇ ? (ਥੰਪਿੰਗ) ਪੰਜਾਬ ਵਿਚ ਜੇ ਪੰਜਾਬੀ ਲਾਗੂ ਨਹੀਂ ਹੋਣੀ ਤਾਂ ਫ਼ਿਰ ਕੀ ਹੋਣਾ ਹੈ ? ਪੰਜਾਬੀ ਸੂਬਾ ਬਣਿਆ ਕਾਹਦੇ ਲਈ ਹੈ ?

(ਇਸ ਸਮੇਂ ਸ਼੍ਰੀ ਸਪੀਕਰ ਕੁਰਸੀ ਤੇ ਬਿਰਾਜਮਾਨ ਹੋਏ)

ਇਨ੍ਹਾਂ ਨੇ ਮੁਲਾਜ਼ਮਾ ਨੂੰ ਰੀਲੀਫ ਦਿਤੀ ਹੈ । ਮੈਂ ਕਹਿੰਦਾ ਹਾਂ ਖੇਤ ਵਿਚ ਕੰਮ ਕਰਨ ਵਾਲੇ ਨੂੰ ਕਿਉਂ ਪੈਸੇ ਵਧ ਨਹੀਂ ਦਿਤੇ ਜਾਂਦੇ । ਕਿਉਂ ਨਹੀਂ ਖੁਲੀ ਵੇਜਿਜ਼ ਵਾਲਿਆਂ ਵਲ ਧਿਆਨ ਦਿਤਾ ਜਾਂਦਾ ? ਸਪੀਕਰ ਸਾਹਿਬ, ਅਸੀਂ ਹਰੀਜਨ ਇਹ ਬਰਦਾਸ਼ਤ ਨਹੀਂ ਕਰਾਂਗੇ ਕਿ ਸਾਡੇ ਨਾਲ ਧੱਕਾ ਹੁੰਦਾ ਰਹੇ । (ਥੰਪਿੰਗ) । ਸਪੀਕਰ ਸਾਹਿਬ, ਇਹ ਗ਼ਰੀਬ ਹਰੀਜਨ ਨੂੰ 10 ਮਰਲੇ ਜ਼ਮੀਨ ਮਕਾਨ ਬਣਾਉਣ ਵਾਸਤੇ ਨਹੀਂ ਦੇ ਸਕਦੇ । ਹਾਲਤ ਇਹ ਹੈ ਗਰੀਬਾਂ ਦੀ ਕਿ ਉਨ੍ਹਾਂ ਕੋਲ ਰਹਿਣ ਲਈ ਮਕਾਨ ਨਹੀਂ । ਪਰ ਇਹ 10 ਮਰਲੇ ਵੀ ਉਨ੍ਹਾਂ ਨੂੰ ਨਹੀਂ ਦੇ ਸਕਦੇ । ਸਪੀਕਰ ਸਾਹਿਬ, ਮੈਂ ਨਵਾਂ ਆਦਮੀ ਹਾਂ । ਜੇ ਮੇਰੇ ਕੋਲੋਂ ਕੋਈ ਗਲਤੀ ਹੋ ਜਾਵੇ ਤਾਂ ਮਾਫ਼ ਕਰਨੀ । ਮੈਂ ਅਰਜ਼ ਕਰਦਾ ਹਾਂ ਕਿ ਸ਼ਹਿਰਾਂ ਵਿਚ ਤਰੱਕੀ ਵਾਸਤੇ ਇੰਮਪਰੂਵਮੈਂਟ ਟਰਸਟ ਬਣੇ ਹੋਏ ਹਨ ਪਰ ਪਿੰਡਾਂ ਵਿਚ ਕੀ ਹੈ ? ਕੋਈ ਗਰੀਬ 10 ਮਰਲੇ ਜ਼ਮੀਨ ਦਾ ਮਾਲਕ ਨਹੀਂ । ਮੈਂ ਅਰਜ਼ ਕਰਦਾ ਹਾਂ ਕਿ ਪਿੰਡਾਂ ਵਿਚ ਪਛੜੀਆਂ ਹੋਈਆਂ ਸ਼੍ਰੇਣੀਆਂ ਦੇ ਲੋਕਾਂ ਨੂੰ 5 ਮਰਲੇ ਜ਼ਮੀਨ ਖਰੀਦਣ ਦਾ ਹਕ ਨਹੀਂ ਸੀ । ਇਹ ਬਾਗੀ ਕਾਂਗਰਸੀਆਂ ਨੇ ਸਾਨੂੰ ਇਹ ਹਕ ਦਿਵਾਇਆ ਹੈ ਮੈਂ ਆਪ ਪਿੰਡ ਵਿਚ ਹੁਣ ਜਮੀਨ ਖਰੀਦੀ ਹੈ । ਮੈਂ ਟੇਲਰ-ਮਾਸਟਰ ਹਾਂ । ਪਹਿਲਾਂ ਤਾਂ ਕੋਈ ਪਿਛੜੀ ਜਾਤੀ ਦਾ ਆਦਮੀ ਜ਼ਮੀਨ ਖ਼ਰੀਦ ਲੈਂਦਾ ਸੀ ਤਾਂ ਉਹ ਉਸ ਦੇ ਨਾਉਂ ਤੇ ਬੈ ਨਹੀਂ ਸੀ ਹੋ ਸਕਦੀ । ਸਾਨੂੰ ਇਹ ਹੱਕ ਬਾਗੀ ਕਾਂਗਰਸੀਆਂ ਨੇ ਦਿਵਾਇਆ ਹੈ । ਮੈਨੂੰ ਇਕ ਗੱਲ ਯਾਦ ਆਈ ਹੈ । ਮੈਂ ਦਰਜ਼ੀ

ਦਾ ਕੰਮ ਕਰਦਾ ਹਾਂ । ਮੇਰੇ ਉਸਤਾਦ ਨੇ 9 ਏਕੜ ਜ਼ਮੀਨ ਲਈ । ਸਰਦਾਰ ਦਰਬਾਰਾ ਸਿੰਘ ਜੀ, ਜ਼ਰਾ ਧਿਆਨ ਨਾਲ ਸੁਣੋ ਤੁਹਾਡੀ ਗੱਲ ਕਰਨ ਲਗਾ ਹਾਂ । ਉਂਝ ਭਾਂਵੇ ਕਿਤਨਾ ਗੁਸੇ ਹੋਵੇ (ਸ਼ੋਰ) ਤੋਂ ਮੇਰੇ ਉਸਤਾਦ ਨੇ ਆਪਣੇ ਇਕ ਗਰੀਬ ਮੁਸਲਮਾਨ ਦੋਸਤ ਤੋਂ ਜ਼ਮੀਨ ਖਰੀਦ ਲਈ ਪਰ ਉਹ ਉਸ ਦੇ ਨਾਂ ਬੈ ਨਹੀਂ ਸੀ ਹੁੰਦੀ । ਸਰਦਾਰ ਦਰਬਾਰਾ ਸਿੰਘ ਉਸ ਵੇਲੇ ਜਲੰਧਰ ਕਾਂਗਰਸ ਦੇ ਜਨਰਲ ਸੈਕਟਰੀ ਸਨ । ਅਸੀਂ ਉਨ੍ਹਾਂ ਕੋਲ ਗਏ ਤਾਂ ਉਨ੍ਹਾਂ ਨੇ ਕਿਹਾ ਕਿ ਬਹੁਤ ਜਲਦੀ ਇਨਕਲਾਬ ਆਵੇਗਾ । 2-3 ਸਾਲ ਬਾਅਦ ਇਹ ਸਾਡੇ ਕੋਲ ਆਏ ਤੇ ਕਹਿਣ ਲਗੇ ਕਿ ਹਿੰਦੁਸਤਾਨ ਆਜ਼ਾਦ ਹੋ ਗਿਆ ਹੈ । ਸਾਰਿਆਂ ਨੂੰ ਹੁਣ ਹਕ ਮਿਲ ਗਿਆ ਹੈ ਕਿ ਉਹ ਜ਼ਮੀਨ ਖ਼ਰੀਦ ਲੈਣ ਤਾਂ ਉਹ ਜ਼ਮੀਨ ਮੇਰੇ ਉਸਤਾਦ ਦੇ ਨਾਂ ਬੈ ਹੋਈ ਸੀ ।

ਹੁਣ ਵੀ ਮੈਂ ਅਰਜ਼ ਕਰਦਾ ਹਾਂ ਕਿ ਗ਼ਰੀਬਾਂ ਵਲ ਧਿਆਨ ਦਿਉ । ਨਹੀਂ ਤੇ ਅਸੀਂ ਬਗਾਵਤ ਕਰ ਦਿਆਂਗੇ । (ਥੰਪਿੰਗ) ਜੇ ਸਾਨੂੰ ਰੋਟੀ ਨਾ ਮਿਲੇ ਤਾਂ ਹਿੰਦੁਸਤਾਨ ਵਿਚ ਰਹਿਣ ਦਾ ਕੀ ਫ਼ਾਇਦਾ ? (ਥੰਪਿੰਗ) ਹੁਣ ਇਹ ਹਾਲਤ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ । ਜੇ ਇਹ ਮੌਜੂਦਾ ਸਰਕਾਰ ਵੀ ਹਰੀਜਨਾਂ ਨਾਲ ਧੋਖਾ ਕਰੇਗੀ ਤਾਂ ਅਸੀਂ ਬਰਦਾਸਤ ਨਹੀਂ ਕਰਾਂਗੇ । ਮੈਂ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਸਾਨੂੰ ਜ਼ਮੀਨ ਦਿਉ । ਸਾਨੂੰ ਇੰਡਸਟਰੀ ਦਿਓ, ਸਾਨੂੰ ਕਾਰਖਾਨੇ ਦਿਓ । 2 ਮਹੀਨੇ ਪਿਛੋਂ ਸਰਕਾਰੀ ਨੌਕਰਾਂ ਦੀਆਂ ਤਨਖਾਹਾਂ ਵਿਚ ਵਾਧਾ ਡਿਕਲੇਅਰ ਕਰ ਦਿੰਦੇ ਹੋ । ਅਸੀਂ 7-7, 8-8 ਬਚਿਆਂ ਦੇ ਬਾਪ ਹਾਂ । ਸਾਡਾ ਗੁਜ਼ਾਰਾ 2-4 ਰੁਪਏ ਨਾਲ ਨਹੀਂ ਹੋ ਸਕਦਾ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਗ਼ਰੀਬਾਂ ਦੀ ਉਨਤੀ ਵਲ ਧਿਆਨ ਦਿਉ, ਨਹੀਂ ਤਾਂ ਅਸੀਂ ਬਗਾਵਤ ਕਰ ਦਿਆਂਗੇ, ਇਨਕਲਾਬ ਲੈ ਆਵਾਂਗੇ । ਇਤਨਾ ਕਹਿ ਕੇ ਮੈਂ ਬੈਠਦਾ ਹਾਂ । (ਥੰਪਿੰਗ)

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਮੈਂ ਦੋ ਦਿਨ ਤੋਂ ਸੁਣ ਰਿਹਾ ਸੀ ਇਸ ਡੀਬੇਟ ਨੂੰ ਔਰ ਮੈਂ ਬੜਾ ਡਿਸਅਪੁਆਂਇਟ ਹੋ ਗਿਆ ਸੀ । ਜੇ ਆਨਰੇਬਲ ਮੈਂਬਰ ਕੇ. ਪੀ. ਦਰਸ਼ਨ ਸਿੰਘ ਨਾ ਬੋਲਦੇ ਤਾਂ ਮੇਰੇ ਖਿਆਲ ਕੁਝ ਹੋਰ ਹੀ ਹੋਣੇ ਸੀ । ਜੋ ਖ਼ਿਆਲਾਤ ਗਰੀਬ ਆਦਮੀ ਲਈ ਇਨ੍ਹਾਂ ਨੇ ਪਰਗਟ ਕੀਤੇ ਹਨ ਉਹ ਬਹੁਤ ਸ਼ਲਾਘਾ ਯੋਗ ਹਨ ਔਰ ਜੋ ਕਾਂਗਰਸ ਪਾਰਟੀ ਦੀ ਸੋਸ਼ਲਿਜ਼ਮ ਦੀ ਨੀਤੀ ਸੀ ਉਹ ਦਰੁਸਤ ਨੀਤੀ ਸੀ ਪਰ ਮਗਰੋਂ ਰਾਜ ਪਰਬੰਧ ਚਲਾਉਣ ਵਾਲਿਆਂ ਨੇ ਉਹ ਨੀਤੀ ਚਲਾਈ ਨਹੀਂ ਜੋ ਪਹਿਲਾਂ ਬਣਾਈ ਗਈ ਸੀ । ਮੈਂ ਮੁਬਾਰਕਬਾਦ ਦਿੰਦਾ ਹਾਂ ਸਰਦਾਰ ਦਰਸ਼ਨ ਸਿੰਘ ਹੋਰਾਂ ਨੂੰ ਜਿਨ੍ਹਾਂ ਨੇ ਖੁਲ੍ਹ ਕੇ ਆਪਣੇ ਖਿਆਲਾਤ ਦਾ ਇਜ਼ਹਾਰ ਇਥੇ ਹਾਉਸ ਵਿਚ ਕੀਤਾ । ਬਦਕਿਸਮਤੀ ਹੈ ਕਿ ਕਾਂਗਰਸ ਪਾਰਟੀ ਨੇ ਇਹ ਗੌਰਮੈਂਟ ਬਣਾਈ । ਇਲਜ਼ਾਮ ਲਾਇਆ ਸਾਡੇ ਤੇ ਕਿ ਉਹ ਬਹੁ ਪਾਰਟੀ ਗੌਰਮੈਂਟ ਹੈ ਅਤੇ ਠੀਕ ਢੰਗ ਨਾਲ ਕੰਮ ਨਹੀਂ ਕਰ ਸਕਦੀ ਪਰ ਇਹ ਜੋ ਹੁਣ ਦੀ ਗੌਰਮੈਂਟ ਹੈ ਇਹ ਕੋਈ ਘੱਟ-ਪਾਰਟੀ ਗੌਰਮੈਂਟ ਹੈ ? ਹਰੀਜਨਾਂ ਦਾ ਇਸ ਦੇ ਵਿੱਚ ਕੋਈ ਹਿੱਸਾ ਨਹੀਂ ਔਰ ਉਹ ਜਿਹੜਾ ਫੰਡ ਹਰੀਜਨਾਂ ਲਈ ਇਸਤੇਮਾਲ ਹੋਣਾ ਸੀ ਉਸ ਬਾਰੇ ਜਿਹੜੇ ਹਰੀਜਨ ਮੈਂਬਰ ਨੇ ਉਨ੍ਹਾਂ ਨੇ ਐਲੀਗੇਸ਼ਨਜ਼ ਲਗਾਏ ਕਿ ਉਨ੍ਹਾਂ ਨੂੰ ਇਸ ਦਾ ਪੂਰਾ ਫਾਇਦਾ ਨਹੀਂ ਪਹੁੰਚਦਾ । ਜਦ ਮੈਂ ਮੁੱਖ ਮੰਤਰੀ ਸੀ, ਮੈਨੂੰ ਵੀ ਇਕ ਚੀਜ਼ ਕਹੀ ਗਈ ਸੀ ਅਤੇ ਮੈਂ ਵੀ ਗੌਰ ਕੀਤਾ ਸੀ । ਹੁਣ ਵੀ ਉਸੇ ਤਰ੍ਹਾਂ ਹੀ ਹੁੰਦਾ ਹੈ । ਕਾਂਗਰਸ ਨੂੰ ਇਹ ਕੰਮ ਜ਼ਰੂਰ ਕਰਨਾ ਚਾਹੀਦਾ ਸੀ ਤਾਂ ਜੋ ਹਰੀਜਨ ਮੈਂਬਰਾਂ ਦੇ ਮੂੰਹ ਵਿੱਚ ਵੀ ਬੁਰਕੀ ਪੈ ਜਾਂਦੀ । ਉਹ ਭੁਖੇ ਨਾ ਰਹਿਣ । ਮੈਂ ਇਹ ਸਪੀਚਾਂ ਸੁਣਦਾ ਰਿਹਾ ਹਾਂ । ਮੇਰਾ ਨਾ ਗਿੱਲ ਨਾਲ ਜ਼ਾਤੀ ਤੌਰ ਤੇ ਕੋਈ ਝਗੜਾ ਹੈ ਨਾ ਕਿਸੇ ਹੋਰ ਨਾਲ । ਮੈਂ ਸਮਝਦਾ ਹਾਂ ਐਡਰੈਸ ਅਸਲ ਵਿੱਚ ਗਵਰਨਰ ਵਲੋਂ ਸੀ ਪਰ

[ਸਰਦਾਰ ਗੁਰਨਾਮ ਸਿੰਘ]

ਜਿੰਨੇ ਵੀ ਮੈਂਬਰ ਜਨਤਾ ਪਾਰਟੀ ਵਲੋਂ ਉਠੇ ਜਾਂ ਕਾਂਗਰਸ ਪਾਰਟੀ ਵਲੋਂ ਉਠੇ ਉਨ੍ਹਾਂ ਨੇ ਇਸ ਐਡਰਸ ਨੂੰ ਗੌਰਮੈਂਟ ਦਾ ਐਡਰੈਸ ਹੀ ਸੰਬੋਧਨ ਕਰਕੇ ਬੋਲਿਆ ਅਤੇ ਜਿੰਨੀਆਂ ਵੀ ਫਰੰਟ ਵਲੋਂ ਸਪੀਚਾਂ ਹੋਈਆਂ ਕੋਈ ਮੈਂਬਰ ਨਹੀਂ ਬੋਲਿਆ ਬਲਕਿ ਇਨ੍ਹਾਂ ਨੇ ਮੋਨ ਧਾਰ ਲਿਆ। (ਸ਼ੋਰ) ਪਰਬੋਧ ਜੀ ਦਾ ਮੈਂ ਬੜਾ ਇਹਤਰਾਮ ਕਰਦਾ ਰਿਹਾ ਹਾਂ। (ਸ਼ੋਰ) ਜਿਹੜੀ ਹੁਣ ਦੀ ਵਜ਼ਾਰਤ ਹੈ ਇਸ ਬਾਰੇ ਕਈ ਮੈਂਬਰਾਂ ਨੂੰ ਕਹਿੰਦੇ ਸੁਣਿਆ ਕਿ ਗਿਲ ਸਾਹਿਬ, ਨੇ ਆਹ ਕੀਤਾ, ਉਹ ਕੀਤਾ ਪਰ ਮੈਂ ਕਹਿੰਦਾ ਹਾਂ ਬਾਕੀ ਦੇ ਮਨਿਸਟਰਾਂ ਨੇ ਕੀ ਕੀਤਾ ? ਇਨ੍ਹਾਂ ਨੇ ਸਵਾਏ ਤਫੈਲੀਏ ਦੇ ਕੰਮ ਕਰਨ ਦੇ ਹੋਰ ਕੁਝ ਨਹੀਂ ਕੀਤਾ। ਜਿਹੜੇ 16 ਹੋਰ ਵਜ਼ੀਰ ਹਨ ਉਨ੍ਹਾਂ ਤਫੈਲੀਆਂ ਨੇ ਕੀਤਾ ਹੀ ਕਝ ਨਹੀਂ। ਸਪੀਕਰ ਸਾਹਿਬ, ਇਹ ਵੀ ਠੀਕ ਹੈ ਕਿ ਜਿਸ ਤਰ੍ਹਾਂ ਦਾ ਆਰਡਰ ਹੋਵੇ ਉਸ ਤਰ੍ਹਾਂ ਹੀ ਕਰਨਾਂ ਚਾਹੀਦਾ ਹੈ। (ਸ਼ੋਰ)

ਇਹ ਨਵੇਂ ਮੁਸਲਮਾਨ ਹੋਏ ਨੇ (ਸ੍ਰੀ ਹਰਭਜ ਰਾਮ ਵਲ ਇਸ਼ਾਰਾ ਕਰਦੇ ਹੋਏ) ਇਨ੍ਹਾਂ ਨੂੰ ਜ਼ਿਆਦਾ ਸ਼ੌਕ ਹੈ। ਇਨਾਂ ਨੂੰ ਮੁਬਾਰਕ ਹੋਵੇ ਨਵੀ ਕੁਰਸੀ ਤੇ ਨਵੀਂ ਟੋਪੀ।

(ਸ਼ੋਰ)

Mr. Speaker : Do not waste time please.

(*Noise*)

ਮੁੱਖ ਮੰਤਰੀ : ਮੇਰਾ ਖਿਆਲ ਹੈ ਕਿ ਤੁਸੀਂ ਸੁਣੋ ਮੈਂ ਅਜੇ ਜਵਾਬ ਦੇਣਾ ਹੈ। ਤੁਸੀਂ ਮਗਰੋਂ ਕਹਿ ਦੇਣਾ।

ਸਰਦਾਰ ਗੁਰਨਾਮ ਸਿੰਘ ; ਮੈਂ ਤਾਂ ਇਹ ਇਕ ਈਡੀਅਮ ਦੇ ਤੌਰ ਤੇ ਕਿਹਾ ਸੀ। ਗਵਰਨਰ ਦਾ ਜਿਹੜਾ ਐਡਰੈਸ ਹੈ ਇਹ ਨੀਤੀ ਦਾ ਐਡਰੈਸ ਹੋਣਾ ਚਾਹੀਦਾ ਹੈ। ਲੇਕਿਨ ਇਸ ਵਿਚ ਜ਼ਿਆਦਾ ਨੀਤੀ ਦੀਆਂ ਗੱਲਾਂ ਨਹੀਂ ਜਿਸ ਦੇ ਬਾਰੇ ਕਲ ਡਾਕਟਰ ਬਲਦੇਵ ਪਰਕਾਸ਼ ਨੇ ਦਸ ਵੀ ਦਿੱਤਾ ਸੀ। ਬਹੁਤ ਕੁਝ ਸਾਡੇ ਖਿਲਾਫ ਕਿਹਾ ਗਿਆ। ਬਹੁਤ ਤਕਰੀਰਾਂ ਹੋਈਆਂ। ਇਹ ਮਾੜਾ ਕੰਮ ਹੈ। ਮੈਂ ਐਡਰੈਸ ਪੜ੍ਹਿਆ ਤੇ ਮੈਂ ਦੇਖਿਆ ਕਿ ਜੋ ਸਾਰੀਆਂ ਗੱਲਾਂ ਕਹੀਆਂ ਗਈਆਂ ਨੇ ਉਹ ਮੇਰੀ ਸਰਕਾਰ ਵੇਲੇ ਦੀਆਂ ਹੀ ਹੋਈਆਂ ਹੋਈਆਂ ਹਨ। ਪਹਿਲੀਆਂ ਗੱਲਾਂ ਤਾਂ ਲਿਖਣੀਆਂ ਹੀ ਨਹੀਂ ਚਾਹੀਦੀਆਂ ਸਨ। ਮੈਂ ਨਹੀਂ ਕਹਿਣਾ ਚਾਹੁੰਦਾ ਕਿ ਉਨ੍ਹਾਂ ਦੇ ਖਿਆਲ ਕੁਝ ਬਦਲਣ। ਉਹ ਜੁਆਇੰਟ ਮਨਿਸਟਰਜ਼ ਦੀ ਵਜ੍ਹਾ ਨਾਲ ਕੌਂਸਲ ਔਫ ਮਨਿਸਟਰਜ਼ ਦੇ ਡਿਸੀਜ਼ਨਜ਼ ਪੜ੍ਹਨ ਇਸ ਐਡਰੈਸ ਤੇ ਪਹਿਲੇ ਸਫੇ ਤੇ ਲਿਖਿਆ ਹੈ :—

I wish to stress that not withstanding such political changes, all Governmental activities are part of the continuous process of mobilising the resources of the State for the welfare of its people This is the basic aim of democracy and a fundamental measure of the success of any Government. Keeping this broad objective in view, I shall review some of the more important aspects of the previous year's performance and touch upon a few items of work that represent the essential continuity of our efforts from year to year.

ਜਿਹੜਾ ਇਸ ਸਬੰਧੀ ਐਡਰੈਸ ਵਿੱਚ ਜ਼ਿਕਰ ਹੈ ਉਹ ਸਾਰਾ ਯੂਨਾਈਟਿਡ ਫ਼ਰੰਟ ਨੇ ਕੀਤਾ। ਜਿਹੜਾ ਚੌਧਰੀ ਸਾਹਿਬ ਨੇ ਕਰਿਟੀਸਿਜ਼ਮ ਕੀਤਾ ਉਹ ਐਸ ਵੇਲੇ ਮੇਰੇ ਕੋਲ ਹੈ ਨਹੀਂ। ਉਹਦਾ ਜਵਾਬ ਮੈਂ ਫ਼ੇਰ ਕਿਸੇ ਵੇਲੇ ਦੇਵਾਂਗਾ।

ਪੰਜਾਬੀ ਚਾਲੂ ਹੋਣ ਬਾਰੇ ਦੁਸਾਂਝ ਸਾਹਿਬ ਨੇ ਬੜੀ ਤਾਰੀਫ਼ ਕੀਤੀ। ਪੰਜਾਬੀ ਤਾਂ ਲਾਗੂ ਹੋਣੀ ਹੀ ਸੀ। ਦੂਜੇ, ਉਸੇ ਸਫ਼ੇ ਤੇ ਹੈ—

It gives me great pleasure to say that a major break-through has been achieved in so far as agricultural production is concerned by the successful implementation of an ambitious programme of introduction of high-yielding varieties.

ਉਹ ਵੀ ਸਾਡੇ ਵੇਲੇ ਹੋਇਆ।

The State is now self-sufficient in so far as the requirements of hybrid bajra and hybrid maize seeds are concerned.

The Community Development Organisation continued to play its usual role. Emphasis is being laid to construct inter-village link roads. Construction of drains and paving of village-streets was completed on a fairly large scale.

During the past year the food situation in the State remained quite easy and prices were stable.

ਅਸੀਂ ਕੀਮਤਾਂ ਸਟੇਬਲ ਰਖੀਆਂ ਤੇ ਜੇ ਹੁਣ ਕੀਮਤਾਂ ਉਪਰ ਚੜ੍ਹ ਗਈਆਂ ਤਾਂ ਗਰੀਬਾਂ ਦੀ ਬਹੁਤ ਬੁਰੀ ਹਾਲਤ ਹੋ ਸਕਦੀ ਹੈ। ਇਸ ਦੀ ਜ਼ਿਮੇਂਵਾਰੀ ਇਨ੍ਹਾਂ ਦੀ ਹੈ। ਕੁਝ ਇਨ੍ਹਾਂ ਦੇ ਵਾਹੀਕਾਰ ਮੈਂਬਰ ਨੇ ਕੁਝ ਹੋਰ ਵੀ ਨੇ। ਸੋ ਝਗੜੇ ਦਾ ਵੀ ਡਰ ਹੈ। ਦੇਖੋ ਕੀ ਹੁੰਦਾ ਹੈ ਇਹਦੇ ਵਿੱਚ—

My Government anticipate substantial growth of industries at three focal growth points which have been located at Dhandari near Ludhiana, Rajpura and Mohali near Chandigarh.........

The immediate programme being studied covers major industrial projects, such as, Naptha based fertilizer, tractors, etc., etc.

ਇਹ ਪਹਿਲੀ ਚੀਫ਼ ਮਨਿਸਟਰਜ਼ ਕਾਨਫਰੰਸ ਵਿਚ ਹੋਇਆ ਜਿਥੇ ਮੈਂ ਤਿੰਨ ਡੀਮਾਂਡਜ਼ ਕੀਤੀਆਂ। ਜਿਸ ਦੇ ਵਿਚ ਮੈਂ ਫਰਟੇਲਾਈਜ਼ਰ ਦੀ ਫੈਕਟਰੀ ਮੰਗੀ ਟਰੈਕਟਰਜ਼ ਦੀ ਫੈਕਟਰੀ ਮਗੀ। ਇਸ ਦੇ ਵਿਚ ਜ਼ਿਆਦਾ ਮੰਗਿਆ ਕਿ ਜਿਹੜੇ ਲੋਕਾਂ ਦੇ ਰਿਸ਼ਤੇਦਾਰ ਬਾਹਰਲੇ ਮੁਲਕਾਂ ਵਿਚ ਹਨ ਉਨ੍ਹਾਂ ਨੂੰ ਫਰੀ ਆਫ਼ ਡਿਊਟੀ ਟਰੈਕਟਰਜ਼ ਭੇਜਣ ਦੀ ਇਜ਼ਾਜ਼ਤ ਦਿੱਤੀ ਜਾਵੇ। ਔਰ ਮੈਂ ਆਸ ਕਰਦਾ ਹਾਂ ਕਿ ਇਸ ਗੌਰਮਿੰਟ ਨੂੰ ਮੁਕੰਮਲ ਤਰੀਕੇ ਨਾਲ ਇਸ ਨੂੰ ਸਿਰੇ ਚੜ੍ਹਾਉਣਾ ਚਾਹੀਦਾ ਹੈ। ਇਸ ਦੇ ਵਿਚ ਕੋਈ ਦੋ ਰਾਇਆਂ ਨਹੀਂ ਹੋ ਸਕਦੀਆਂ ਕਿਉਂਕਿ ਜਿਥੇ ਅਸੀਂ 80% ਆਦਮੀ ਪਿੰਡਾਂ ਵਿਚ ਰਹਿਣ ਵਾਲੇ ਹਾਂ, ਜੇ ਪਿੰਡਾਂ ਦੇ ਲੋਕਾਂ ਦੀ ਤਰੱਕੀ ਨਾ ਹੋਵੇ ਤਾਂ ਇਹ ਸੂਬਾ ਵੀ ਗਰੀਬ ਹੋ ਜਾਵੇਗਾ ਔਰ ਹਿੰਦੁਸਤਾਨ ਵੀ ਗਰੀਬ ਰਹੇਗਾ। ਕਦੇ 5% ਅਮੀਰ ਆਦਮੀਆਂ ਨਾਲ ਅਮੀਰੀ ਨਹੀਂ ਆ ਸਕਦੀ ਇਸ ਦੇਸ਼ ਵਿਚ। ਇਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਚੌਧਰੀ ਸਾਹਿਬ ਨੇ ਕਿਹਾ ਹੈ ਕਿ ਇੰਡਸਟਰੀ ਨੂੰ ਮੈਂ ਕਮਿਉਨਿਸਟਾਂ ਦੇ ਕਹਿਣ ਤੇ ਅੰਗੂਠਾ ਕਾਗਜ਼ ਤੇ ਲਾ ਕੇ ਤਬਾਹ ਕਰ ਦਿੱਤਾ। ਮੈਂ ਇਥੇ ਇੰਡਸਟਰੀ ਦੇ ਮੁਤੱਲਕ ਥੋੜ੍ਹਾ ਜਿਹਾ ਪੜ੍ਹ ਦਿੰਦਾ ਹਾਂ। ਫਿਰ ਆਪ ਹੀ ਅੰਦਾਜ਼ਾ ਲਗਾ ਲੈਣਾ ਕਿ ਇਸ ਇੰਡਸਟਰੀ ਦੇ ਮੁਤੱਲਕ ਗਵਰਨਰ ਸਾਹਿਬ ਦਾ ਕੀ ਖਿਆਲ ਹੈ।

"Industrial Relations in the State during the year 1967 remained partially disturbed due to various agitations/demonstrations of the working class for enhancement of wages to meet the steep rise in prices. In order to meet the situation the State Government are contemplating urgent measures, through introduction of suitable legislation, if necessary, for effecting neutralization of the eroded value of minimum wages fixed since 1965.........".

[ਸਰਦਾਰ ਗੁਰਨਾਮ ਸਿੰਘ]

ਸੋ ਇਥੋਂ ਤਾਂ ਜ਼ਾਹਿਰ ਨਹੀਂ ਹੁੰਦਾ ਜਿਹੜਾ ਚੌਧਰੀ ਸਾਹਿਬ ਨੇ ਫ਼ਰਮਾਇਆ ਸੀ ਕਿ ਅਸੀਂ ਇੰਡਸਟਰੀ ਨੂੰ ਤਬਾਹ ਕਰ ਦਿਤਾ। ਗਵਰਨਰ ਸਾਹਿਬ ਦਾ ਐਡਰੈਸ ਦਸਦਾ ਹੈ ਕਿ ਇੰਡਸਟਰੀ ਦੀ ਲੇਬਰ ਦੇ ਵਿਚ ਅਨਰੈਸਟ ਇਸ ਕਰਕੇ ਆਈ ਕਿ ਉਸ ਸਟੱਬੇਲਾਈਜ਼ਡ ਪ੍ਰਾਈਸਜ਼ ਨੂੰ ਨਿਊਟਰਲਾਈਜ਼ ਕਰਨ ਲਈ ਗਰੀਬ ਤਬਕੇ ਨੇ ਵੇਜਿਜ਼ ਵਧਾਉਣ ਲਈ ਇਕ ਅਵਾਜ਼ ਉਠਾਈ। ਇਸ ਦਾ ਇਲਾਜ ਵੀ ਕੀਤਾ। ਅਸੀਂ ਆਪਣੀ ਕਮੇਟੀ ਵਿਚ ਪਾਸ ਕੀਤਾ ਕਿ 1965 ਵਿਚ ਜਿਹੜੇ ਵੇਜਿਜ਼ ਸਨ, ਨਿਊਟਰੇਲਾਈਜ਼ ਕਰਕੇ ਪਰਾਈਸਜ਼ ਦੇ ਹਿਸਾਬ ਨਾਲ ਇਥੇ ਲਿਆਂਦੇ ਜਾਣ। ਮੈਂ ਚੀਫ਼ ਮਨਿਸਟਰ ਨੂੰ ਬੜੀ ਦਿਆਨਤਦਾਰੀ ਨਾਲ ਕਹਿੰਦਾ ਹਾਂ ਅਤੇ ਇਥੇ ਇੰਡਸਟਰੀ ਮਨਿਸਟਰ ਵੀ ਬੈਠੇ ਹਨ ਮੈਂ ਉਨ੍ਹਾਂ ਨੂੰ ਵੀ ਕਹਿੰਦਾ ਹਾਂ ਕਿ ਜਿਨੇ ਮੈਨਆਵਰ ਸਾਡੇ ਰੈਜੀਮ ਵਿਚ ਘੱਟ ਲੂਜ਼ ਹੋਏ ਹਨ, ਇਸ ਦੇ ਕੌਰਸਪੌਂਡਿੰਗ ਪੀਰੀਅਡ ਵਿਚ ਪ੍ਰੀਵੀਅਸ ਗੌਰਮਿੰਟ ਦੇ ਵਿਚ ਬਹੁਤ ਜ਼ਿਆਦਾ ਲੂਜ਼ ਹੋਏ ਹਨ (ਤਾਲੀਆਂ) ਇਨ੍ਹਾਂ ਦੀਆਂ ਮੇਰੇ ਪਾਸ ਫਿਗਰਜ਼ ਹਨ। (ਵਿਘਨ)

ਮੁੱਖ ਮੰਤਰੀ : ਪ੍ਰੈਜ਼ੇਂਟ ਗੌਰਮਿੰਟ ਦਾ ਵੀ ਦੱਸ ਦਿਉ।

ਸਰਦਾਰ ਗੁਰਨਾਮ ਸਿੰਘ : ਅਗਰ ਕੋਈ ਇੰਡਸਟਰੀਅਲ ਅਨਰੈਸਟ ਨਹੀਂ ਹੋਈ, ਤਾਂ ਵੀ ਤੁਹਾਨੂੰ ਮੁਬਾਰਕ ਹੋਵੇ। ਚੌਧਰੀ ਕਰਤਾਰ ਸਿੰਘ ਨੇ ਜਿਹੜਾ ਓ.ਸੀ.ਐਮ. ਦਾ ਸਵਾਲ ਉਠਾਇਆ ਹੈ ਮੈਂ ਤਿੰਨ-ਚਾਰ ਮੀਟਿੰਗਾਂ ਓ.ਸੀ.ਐਮ. ਨਾਲ ਜਾ ਕੇ ਕੀਤੀਆਂ। ਉਨਾਂ ਨੇ ਬਿਲਕੁਲ ਗਲਤ ਗੱਲ ਕਹੀ ਹੈ ਕਿ ਐਸ. ਐਸ. ਪੀ. ਨੇ ਕਿਹਾ ਕਿ ਮੈਨੂੰ ਕਮਿਊਨਿਸਟ ਪਾਰਟੀ ਜਾਂ ਗੌਰਮਿੰਟ ਦਖਲ ਨਹੀਂ ਦੇਣ ਦਿੰਦੀ। ਓ. ਸੀ. ਐਮ. ਦੇ ਝਗੜੇ ਵਿਚ ਮੈਨੇਜਮੈਂਟ ਦਾ ਕਸੂਰ ਹੈ, ਲੇਬਰ ਦਾ ਕੋਈ ਕਸਰ ਨਹੀਂ। ਮੈਨੇਜਮੈਂਟ ਲੇਬਰ ਨੂੰ ਤੰਗ ਕਰ ਰਹੀ ਹੈ (ਥੰਪਿੰਗ) ਸਪੀਕਰ ਸਾਹਿਬ, ਇਹ ਇਕ ਬੜੀ ਅਜੀਬ ਗੱਲ ਹੈ ਕਿ 65 ਰੁਪਏ ਇਕ ਲੇਬਰ ਦੀ ਮਜ਼ਦੂਰੀ ਹੋਵੇ ਔਰ ਤੁਸੀਂ ਇਹ ਉਮੀਦ ਰਖੋ ਕਿ ਉਹ ਲੇਬਰ 65 ਰੁਪਏ ਲੈ ਕੇ ਬੈਠੇ ਰਹੇ ਜਦੋਂ ਕਿ ਇਕ ਐਗਰੀਕਲਚਰ ਦੇ ਵਿਚ ਵੀ ਅਗਰ ਲੇਬਰ ਗਿਣੋ ਤਾਂ ਉਹ ਵੀ 100 ਜਾਂ 150 ਰੁਪਏ ਤੇ ਚਲੀ ਜਾਂਦੀ ਹੈ। ਇੰਡਸਟਰੀ ਵਾਲੇ ਇਹ ਚਾਹੁੰਦੇ ਸੀ ਕਿ ਉਸ ਦੀ ਮਜ਼ਦੂਰੀ 65 ਰੁਪਏ ਤੋਂ ਨਾ ਵਧੇ। (ਵਿਘਨ)

ਮੁੱਖ ਮੰਤਰੀ : ਉਹ 135 ਰੁਪਏ ਸੀ ਜੀ।

ਸਰਦਾਰ ਗੁਰਨਾਮ ਸਿੰਘ : ਉਹ 65 ਰੁਪਏ ਸੀ ਜੀ, ਟੈਕਸਟਾਈਲ ਮਿੱਲ ਵਗੈਰਾ ਦੀ। ਓ.ਸੀ.ਐਮ. ਮਿਲ ਦੇ ਵਿਚ ਇਕ ਚਲਾਕੀ ਸੀ। ਉਨ੍ਹਾਂ ਨੇ ਡੇਲੀ ਵੇਜਿਜ਼ ਕਰਕੇ ਕੋਸ਼ਿਸ਼ ਕੀਤੀ ਪੀਸ ਰੇਟ ਤੇ ਕੰਮ ਦੇਣ ਦੀ। ਪੀਸ ਰੇਟ ਨੂੰ ਉਨ੍ਹਾਂ ਨੇ ਇਸ ਤਰ੍ਹਾਂ ਖਰਾਬ ਕੀਤਾ ਕਿ ਜਿਹੜੇ ਪਹਿਲੇ ਵੇਜਿਜ਼ ਮਿਲਦੇ ਸਨ ਮਜ਼ਦੂਰ ਨੂੰ, ਉਸ ਤੋਂ ਵੀ ਘਟ ਮਿਲਣ ਲਗ ਪਏ। ਔਰ ਇਸ ਦਾ ਆਰਬਿਟ੍ਰੇਟਰ ਸੈਕਟਰੀ ਲੇਬਰ ਨੂੰ ਮੁਕੱਰਰ ਕੀਤਾ ਔਰ ਉਨ੍ਹਾਂ ਨੇ ਉਸ ਨੂੰ ਐਵਾਇਡ ਕਰਨ ਦੀ ਕੋਸ਼ਿਸ਼ ਕੀਤੀ। ਪੀਸ ਰੇਟ ਦੇ ਵਿਚ ਲੇਬਰ ਦਾ ਦਾਅਵਾ ਸੀ ਔਰ ਲੇਬਰ ਠੀਕ ਕਹਿੰਦੇ ਸੀ ਕਿ ਪੀਸ ਰੇਟ ਦੇ ਵਿਚ ਪਹਿਲੇ ਨਾਲੋਂ ਲੇਬਰ ਦੀ ਕੀਮਤ ਘਟ ਗਈ ਹੈ। ਜੋ ਵੇਜਿਜ਼ ਉਸ ਨੂੰ ਪਹਿਲਾਂ ਮਿਲਦਾਸੀ......... (ਸ੍ਰੀ ਬਿਸੰਬਰ ਨਾਥ ਮੱਕੜ ਵਲੋਂ ਵਿਘਨ) ਮੱਕੜ ਸਾਹਿਬ, ਤੁਹਾਨੂੰ ਬਹੁਤ ਟਾਈਮ ਮਿਲ ਜਾਵੇਗਾ। ਤੁਸੀਂ ਫਿਰ ਕਹਿ ਲੈਣਾ ਜੋ ਕਹਿਣਾ

ਹੋਵੇ । ਬਹੁਤ ਸਾਰੀਆਂ ਗੱਲਾਂ ਚੌਧਰੀ ਸਾਹਿਬ ਨੇ ਕਹਿਆਂ ਹਨ । ਮੈਂ ਜ਼ਿਆਦਾ ਡੀਟੇਲ ਵਿਚ ਨਹੀਂ ਜਾਣਾ ਚਾਹੁੰਦਾ । ਮੈਂ ਇਕ ਗੱਲ ਹੀ ਉਨ੍ਹਾਂ ਦੀ ਬਹਾਦੁਰੀ ਦੀ ਦਸਣੀ ਚਾਹੁੰਦਾ ਹਾਂ ਕਿ ਜਿਸ ਵੇਲੇ ਇਕ ਪਾਰਟੀ ਨੇ ਸਿਖਸਤਾਨ ਦਾ ਨਾਹਰਾ ਲਾਇਆ ਤਾਂ ਇਨ੍ਹਾਂ ਨੇ ਤਾਂ ਪਹਿਲੇ ਦਿਨ ਹੀ ਬਿਆਨ ਦੇ ਦਿਤਾ ਕਿ ਮੈਂ ਤਾਂ ਉਸ ਵਿਚ ਇਕ ਐਡਵਾਈਜ਼ਰ ਹੀ ਸੀ ਔਰ ਮੈਂ ਮੈਂਬਰ ਨਹੀਂ ਸੀ । (ਥੰਪਿੰਗ) ਹੁਣ, ਸਪੀਕਰ ਸਾਹਿਬ, ਇਹ ਤਾਂ ਸੀ ਜਿੱਥੋਂ ਤੱਕ ਕਿ ਗਵਰਨਰ ਦੇ ਐਡਰੈਸ ਵਿਚ ਜੋ ਜੋ ਕੰਮ ਜਿਸ ਜਿਸ ਨੇ ਕੀਤੇ ਔਰ ਜਿਸ ਦੀ ਸ਼ਲਾਘਾ ਗਵਰਨਰ ਦੇ ਐਡਰੈਸ ਵਿਚ ਗੌਰਮਿੰਟ ਨੇ ਕੀਤੀ । ਦੋ ਤਿੰਨ ਗੱਲਾਂ ਮੈਂ ਹੋਰ ਕਹਿਣੀਆਂ ਚਾਹੁੰਦਾ ਹਾਂ । ਇਕ ਤਾਂ ਇਹ ਕਿ ਗਿੱਲ ਸਾਹਿਬ ਨੇ ਪੰਜਾਬੀ ਲਾਗੂ ਕਰ ਦਿਤੀ । ਇਹ ਬੜੀ ਭਾਰੀ ਗੱਲ ਕਰ ਦਿਤੀ ।

ਮੁੱਖ ਮੰਤਰੀ : ਕੀ ਇਹ ਮਾੜਾ ਕੰਮ ਕਰ ਦਿਤਾ ਹੈ ?

ਸਰਦਾਰ ਗੁਰਨਾਮ ਸਿੰਘ : ਨਹੀਂ, ਮੈਂ ਤਾਂ ਨਹੀਂ ਕਹਿੰਦਾ ਕਿ ਮਾੜਾ ਕੰਮ ਕੀਤਾ ਗਿਆ ਹੈ । ਮੈਂ ਤਾਂ ਕਹਿੰਦਾ ਹਾਂ ਕਿ ਬਹੁਤ ਅੱਛਾ ਕੀਤਾ ਹੈ । ਦੂਜਾ ਪੁਆਇੰਟ ਐਸਟੈਬਲਿਸ਼ ਕੀਤਾ ਕਿ Strong man of action ਹੈ । ਬੜੀ ਖੁਸ਼ੀ ਦੀ ਗੱਲ ਹੈ । (ਚੌਧਰੀ ਦਰਸ਼ਨ ਸਿੰਘ ਵਲੋਂ ਵਿਘਨ) । ਇਹ ਤਾਂ ਜਦੋਂ ਦਰਸ਼ਨ ਸਿੰਘ ਨੂੰ ਘਸੁੰਨ ਲੱਗਾ ਤਾ ਫ਼ਿਰ ਪਤਾ ਲੱਗੇਗਾ ਦਰਸ਼ਨ ਸਿੰਘ ਨੂੰ ਕਿ ਰੱਬ ਨੇੜੇ ਹੈ ਜਾਂ ਘਸੁੰਨ ਨੇੜੇ (ਥੰਪਿੰਗ)

ਚੌਧਰੀ ਦਰਸ਼ਨ ਸਿੰਘ : ਸਾਨੂੰ ਤਾਂ ਜਦੋਂ ਲੱਗੇਗਾ, ਵੇਖਿਆ ਜਾਵੇਗਾ ਪਰ ਤੁਹਾਨੂੰ ਤਾਂ ਲੱਗ ਗਿਆ ਹੈ ਨਾ (ਹਾਸਾ)

ਸਰਦਾਰ ਗੁਰਨਾਮ ਸਿੰਘ : ਜਿਥੋਂ ਤਕ ਲਾਅ ਐਂਡ ਆਰਡਰ ਮੇਨਟੇਨ ਕਰਨ ਦਾ ਤੁਅੱਲਕ ਹੈ । ਇਥੇ ਇਕ ਮੈਂਬਰ ਨੇ ਕਤਲਾਂ ਦਾ ਜ਼ਿਕਰ ਕੀਤਾ ਹੈ । ਉਸ ਨੂੰ ਹਰ ਇਕ ਸ਼ਹਿਰ ਵਿਚ, ਹਰ ਇਕ ਗਲੀ ਵਿਚ, ਹਰ ਇਕ ਮੁਹੱਲੇ ਵਿਚ ਤੇ ਹਰ ਇਕ ਪਿੰਡ ਵਿਚ ਕਤਲ ਹੀ ਕਤਲ ਨਜ਼ਰ ਆਏ ਹਨ । ਉਸ ਨੂੰ ਹੋਰ ਕੋਈ ਚੀਜ਼ ਨਜ਼ਰ ਨਹੀਂ ਆਈ ।

ਸ੍ਰੀ ਲਾਲ ਚੰਦ ਸਬੱਰਵਾਲ : ਉਸ ਨੂੰ ਗੁਸਲਖਾਨੇ ਦਾ ਕਤਲ ਨਜ਼ਰ ਨਹੀਂ ਆਇਆ ।

(ਹਾਸਾ)

ਸਰਦਾਰ ਗੁਰਨਾਮ ਸਿੰਘ : ਗਵਰਨਰ ਸਾਹਿਬ ਦਾ ਐਡਰੈਸ ਵੀ ਤਾਂ ਗੌਰਮਿੰਟ ਨੇ ਹੀ ਤਿਆਰ ਕੀਤਾ ਸੀ । ਉਸ ਵਿਚ ਲਿਖਿਆ ਹੈ ਕਿ ਲਾਅ ਐਂਡ ਆਰਡਰ ਬੜਾ ਮੇਨਟੇਨ ਕੀਤਾ ਗਿਆ । ਜਿਨ੍ਹਾਂ ਨੂੰ ਇਹ ਕਤਲ ਦਿਸਦੇ ਰਹੇ ਹਨ ਉਨ੍ਹਾਂ ਨੂੰ ਆਪਣੇ ਚਸ਼ਮੇ ਬਦਲ ਲੈਣੇ ਚਾਹੀਦੇ ਹਨ ।

"Law and Order situation in the State remained well under conrol during the year 1967."

ਹੁਣ ਮੈਂ ਚਲਦਾ ਹਾਂ ਪੰਜਾਬੀ ਵੱਲ । ਬੜੀ ਖੁਸ਼ੀ ਦੀ ਗੱਲ ਹੈ ਕਿ ਪੰਜਾਬੀ ਇਸ ਸੂਬੇ ਵਿਚ ਲਾਗੂ ਹੋ ਗਈ ਹੈ । ਇਹ ਕਿਸਨੇ ਲਾਗੂ ਕਰਵਾਈ ? ਕੌਣ ਜ਼ਿੰਮੇਂਵਾਰ ਹੈ ਲਾਗੂ ਕਰਨ ਦਾ ? ਕੌਣ ਲਾਗੂ ਨਹੀਂ ਸੀ ਹੋਣ ਦਿੰਦੇ ? ਕੀ ਇਨ੍ਹਾਂ ਨੇ ਲਾਗੂ ਕਰਵਾਈ ਹੈ ਜਿਨ੍ਹਾਂ ਨੇ 60 ਹਜ਼ਾਰ ਆਦਮੀ ਜੇਲ੍ਹਾਂ ਵਿਚ ਕੈਦ ਕਰ ਦਿਤੇ ? (ਥੰਪਿੰਗ) । ਸਰਦਾਰ ਦੁਸਾਂਝ ਜੀ ਨੇ ਮੇਰੇ ਤੇ ਇਲਜ਼ਾਮ ਲਗਾਇਆ ਹੈ ਕਿ ਮੈਂ ਜਨਸਘ ਦੀ ਗੋਦ ਵਿਚ ਬੈਠਾ ਹਾਂ । ਮੈਂ ਇਨ੍ਹਾਂ ਨੂੰ ਕਹਾਂਗਾ ਕਿ ਉਹ ਉਸ ਪਾਰਟੀ

[ਸਰਦਾਰ ਗੁਰਨਾਮ ਸਿੰਘ]

ਦੀ ਗੋਦ ਵਿਚ ਬੈਠੇ ਹਨ ਜਿਨ੍ਹਾਂ ਨੇ ਇਸ ਪੰਜਾਬੀ ਦੀ ਖਾਤਰ 60 ਹਜ਼ਾਰ ਆਦਮੀਆਂ ਨੂੰ ਕੈਦ ਕੀਤਾ (ਥੰਪਿੰਗ) ਮੈਂ ਉਨ੍ਹਾਂ ਨੂੰ ਕਹਾਂਗਾ ਕਿ ਜਨਸੰਘ ਜਿਸ ਵੇਲੇ ਯੂਨਾਈਟਿਡ ਫ਼ਰੰਟ ਵਿਚ ਆਇਆ ਤਾਂ ਆਪਣਾ ਮਨ ਸਾਫ਼ ਕਰਕੇ ਆਇਆ ? (ਥੰਪਿੰਗ) ਲੋਕਾਂ ਨੂੰ ਧੋਖਾ ਨਹੀਂ ਦਿਤਾ ਜਾ ਸਕਦਾ । ਇਨਸਾਨ ਝੂਠ ਬੋਲ ਸਕਦਾ ਹੈ ਪਰ ਵਾਕਿਆਤ ਕਿਸੇ ਨੂੰ ਝੂਠ ਨਹੀਂ ਬੋਲਣ

1.00 P.M. | ਦੇਣਗੇ । ਵਾਕਿਆਤ ਸੱਚੇ ਹੁੰਦੇ ਹਨ । ਇਸ ਕਰਕੇ ਪੰਜਾਬੀ ਲਾਗੂ ਕਰਵਾਈ ਉਨ੍ਹਾਂ ਆਦਮੀਆਂ ਦੀਆ ਕੁਰਬਾਨੀਆਂ ਨੇ ਜਿਨ੍ਹਾਂ ਆਦਮੀਆਂ ਨੇ ਜੇਲ੍ਹਾਂ ਕੱਟੀਆਂ, ਜਿਹੜੇ ਆਦਮੀ ਗੋਲੀਆਂ ਦਾ ਸ਼ਿਕਾਰ ਹੋਏ, ਜਿਨ੍ਹਾਂ ਦੀਆਂ ਜਾਇਦਾਦਾਂ ਨੀਲਾਮ ਹੋਈਆਂ । ਉਨ੍ਹਾਂ ਖ਼ਾਲਸਿਆਂ ਨੇ ਪੰਜਾਬੀ ਲਾਗੂ ਕਰਵਾਈ । ਔਰ ਮੈਂ ਪੁਛਣਾ ਚਾਹੁੰਦਾ ਹਾਂ ਇਨ੍ਹਾਂ ਬੋਲਣ ਵਾਲੇ ਸੱਜਨਾਂ ਨੂੰ ਕਿ ਆਖਿਰ ਪੰਜਾਬੀ ਸੂਬੇ ਦਾ ਮਤਲਬ ਕੀ ਹੈ ? ਨਹੀਂ ਤਾਂ ਹਰਿਆਣਾ ਔਰ ਪੰਜਾਬ ਇਕੱਠਾ ਹੀ ਸੀ । ਹਿੰਦੀ ਬੋਲਣ ਵਾਲਾ ਇਲਾਕਾ ਉਧਰ ਕਰ ਦਿੱਤਾ ਔਰ ਪੰਜਾਬੀ ਬੋਲਣ ਵਾਲਾ ਇਧਰ ਕਰ ਦਿਤਾ ਔਰ ਕੁਦਰਤੀ ਤੌਰ ਤੇ ਇਸ ਦੀ ਬੋਲੀ ਪੰਜਾਬੀ ਹੋ ਗਈ । ਇਹ ਜਿਹੜੀ ਗੱਲ ਉਨ੍ਹਾਂ ਨੇ ਬਣਾਈ ਹੈ ਇਹ ਐਸੀ ਹੈ ਹੀ ਨਹੀਂ ਸੀ । ਯਾਨੀ ਕਾਂਗਰਸ ਪਾਰਟੀ ਨੂੰ, ਮੈਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ, ਇਕ ਹੀ ਚੀਜ਼ ਲੱਭੀ ਕਿ ਪੰਜਾਬੀ ਲਾਗੂ ਹੋਈ ਔਰ ਇਹ ਉਹ ਪੰਜਾਬੀ ਹੈ ਜਿਸ ਦੀ ਇਸ ਪਾਰਟੀ ਨੇ 20 ਸਾਲ ਮੁਖਾਲਫ਼ਤ ਕੀਤੀ । ਇਨ੍ਹਾਂ ਨੂੰ ਹੋਰ ਕੋਈ ਚੀਜ਼ ਲੱਭੀ ਹੀ ਨਹੀਂ ਇਸ ਗੌਰਮੈਂਟ ਦੀ ਖ਼ਾਸੀਅਤ ਵਿਚੋਂ । ਕਾਂਗਰਸ ਪਾਰਟੀ ਦੇ ਸਪੀਕਰਾਂ ਨੇ, ਸਿਵਾਏ ਕੇ. ਪੀ. ਸਾਹਿਬ ਦੇ, ਅੱਵਲ ਦਰਜੇ ਦਾ ਪੁਆਇੰਟ ਇਹ ਕਹਿਆ ਕਿ ਇਸ ਗੌਰਮੈਂਟ ਨੇ ਪੰਜਾਬੀ ਲਾਗੂ ਕਰ ਦਿੱਤੀ ਔਰ ਪੰਜਾਬੀ ਲਾਗੂ ਕਰਨ ਵਾਲਿਆਂ ਨੇ ਫ਼ਰੰਟ ਰੈਂਕ ਲੀਡਰ ਉਰਦੂ ਵਿਚ ਬੋਲੇ ਪੰਜਾਬੀ ਦੀ ਤਾਰੀਫ਼ ਕਰਨ ਲਈ

ਸ੍ਰੀ ਸਪੀਕਰ : ਪੰਜ ਮਿੰਟ ਹੋਰ.... (Five minutes more please.)

ਸਰਦਾਰ ਗੁਰਨਾਮ ਸਿੰਘ : ਵਕਤ ਨਹੀਂ ਦੇਣਾ ਤਾਂ ਨਾ ਦਿਉ ।

ਸ੍ਰੀ ਸਪੀਕਰ : ਵਕਤ ਤਾਂ ਮੈਂ ਤੁਹਾਨੂੰ ਬੜਾ ਦਿੱਤਾ ਹੈ । ਹੁਣੇ ਅੱਧਾ ਘੰਟਾ ਹ ਜਾਣਾ ਹੈ ਤੁਹਾਨੂੰ ਬੋਲਦਿਆਂ । (ਵਿਘਨ) (I have given sufficient time to the hon. Member. It is going to be half an hour since he started delivering his speech.) (*Interruption*)

ਸਰਦਾਰ ਗੁਰਨਾਮ ਸਿੰਘ : ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਗਰ ਪੰਜਾਬੀ ਲਾਗੂ ਕਰਨ ਵਿਚ ਕੋਈ ਦੇਰ ਲਗੀ ਤਾਂ ਉਸ ਦੀ ਜ਼ਿੰਮੇਦਾਰੀ ਸਰਦਾਰ ਲਛਮਣ ਸਿੰਘ ਗਿੱਲ ਦੇ ਉਤੇ ਹੈ । ਮੈਂ ਸਾਫ਼ ਕਰ ਦੇਣਾ ਚਾਹੁੰਦਾ ਹਾਂ । ਉਸ ਦੀ ਵਜ੍ਹਾ ਇਹ ਹੈ ਕਿ ਪੰਜਾਬੀ ਲਾਗੂ ਕਰਨ ਲਈ ਮੈਂ ਇਕ ਕਮੇਟੀ ਬਣਾਈ ਸੀ ਜਿਸ ਦਾ ਪਰਮੀਨੈਂਟ ਮੈਂਬਰ ਬਤੌਰ ਐਜੂਕੇਸ਼ਨ ਮਨਿਸਟਰ ਇਹ ਆਪ ਸੀ । ਇਨ੍ਹਾਂ ਨੇ ਕੋਸ਼ਿਸ਼ ਕੀਤੀ ਕਿ ਉਸ ਕਮੇਟੀ ਦੀਆਂ ਮੀਟਿੰਗਾਂ ਨੂੰ ਅਟੈਂਡ ਹੀ ਨਾ ਕਰਨ ਤਾਕਿ ਪੰਜਾਬੀ ਦਾ ਫ਼ੈਸਲਾ ਹੀ ਨਾ ਹੋਵੇ । ਇਸ ਕਰਕੇ ਉਨ੍ਹਾਂ ਕੋਈ ਮੀਟਿੰਗ ਅਟੈਂਡ ਹੀ ਨਹੀਂ ਕੀਤੀ (ਸ਼ੋਰ) ਉਸ ਵੇਲੇ ਦੀ ਗੱਲ ਇਹੀ ਹੈ । ਇਹ ਮੰਨਣਗੇ ਹੁਣੇ । (ਸ਼ੋਰ) ਜੁਲਾਹੇ ਦੀ ਬਹੂ ਨੇ ਨਿਕਲ ਜਾਣਾ ਸੀ । ਉਹ ਕਹਿਣ ਲਗੀ ਕਿ ਕਲ ਨੂੰ ਸਾਡੇ ਵਿਚੋਂ ਇਕ ਨੇ ਨਹੀਂ ਰਹਿਣਾ (ਹਾਸਾ) ਇਨ੍ਹਾਂ ਨੇ ਨਿਕਲਣਾ ਸੀ । ਇਨ੍ਹਾਂ ਨੇ ਕੋਸ਼ਿਸ਼ ਕੀਤੀ.......

ਉਪ ਮੰਤਰੀ ਜੇਲਾਂ (ਸਰਦਾਰ ਕਰਨੈਲ ਸਿੰਘ ਮਰੜ੍ਹੀ) : ਆਨ ਏ ਪੁਆਇੰਟ ਆਫ਼ ਆਰਡਰ, ਸਰ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਜੁਲਾਹੇ ਦੀ ਲੜਕੀ ਬਾਰੇ ਕਹਿਣਾ ਠੀਕ ਹੈ ? ਇਹ ਜੁਲਾਹੇ ਦੀ ਲੜਕੀ ਬਾਰੇ ਇਨ੍ਹਾਂ ਨੇ ਇਥੇ ਕਿਉਂ ਕਿਹਾ ਹੈ ? ਇਹ ਲਫ਼ਜ਼ ਵਾਪਸ ਲੈਣ । ਗਰੀਬ ਹਰੀਜਨਾਂ ਦੀ ਲੜਕੀ ਬਾਰੇ ਕਿਉਂ ਕਿਹਾ ਹੈ ? ਇਹ ਲੀਡਰ ਹਨ ਲੀਡਰ . . . .

(ਸ਼ੋਰ)

ਸ੍ਰੀ ਸਪੀਕਰ : ਬੈਠ ਜਾਉ ਜੀ, ਬੈਠ ਜਾਉ । ਵਕਤ ਜ਼ਾਇਆ ਨਾ ਕਰੋ । ਤੁਹਾਡਾ ਹੀ ਵਕਤ ਹੈ (ਵਿਘਨ) ਉਹ ਆਪਣੇ ਆਪ ਜਵਾਬ ਦੇ ਲੈਣਗੇ । [Please take your seat. I request the hon. Members not to waste time. It is your time (*Interruptions*) He will reply himself.]

ਸਰਦਾਰ ਗੁਰਨਾਮ ਸਿੰਘ : ਸਰਦਾਰ ਲਛਮਣ ਸਿੰਘ ਗਿੱਲ ਨੇ ਫ਼ੈਸਲਾ ਕਰ ਲਿਆ ਹੋਇਆ ਸੀ ਕਿ ਇਹ ਪਾਰਟੀ ਤੋੜ ਕੇ ਕਾਂਗਰਸ ਪਾਰਟੀ ਦੇ ਸਿਰ ਤੇ ਜਾ ਕੇ ਚੀਫ਼ ਮਨਿਸਟਰ ਬਣਨਾ ਹੈ । ਇਨ੍ਹਾਂ ਨੇ ਹਰ ਮੁਮਕਿਨ ਕੋਸ਼ਿਸ਼ ਕੀਤੀ ਕਿ ਪੰਜਾਬੀ ਲਾਗੂ ਨਾ ਹੋ ਸਕੇ ਉਸ ਵੇਲੇ, ਕਿਉਂਕਿ ਉਸ ਵੇਲੇ ਤਾਂ ਆਰਡੀਨੈਂਸ ਹੀ ਹੋ ਸਕਦਾ ਸੀ ਔਰ ਪਹਿਲਾ ਮੌਕਾ ਪੰਜਾਬੀ ਲਾਗੂ ਕਰਨ ਦਾ ਨਵਬਰ ਦੇ ਸੈਸ਼ਨ ਵਿਚ ਹੀ ਆਉਣਾ ਸੀ । ਮੇਰੇ ਪਾਸ ਇਨ੍ਹਾਂ ਦਾ ਇਕ ਸਾਈਂਡ ਆਰਟੀਕਲ ਹੈ ਜਿਹੜਾ ਇਨ੍ਹਾਂ ਨੇ ਦਸਤਖਤ ਕਰਕੇ ਸਾਰੀਆਂ ਅਖਬਾਰਾਂ ਨੂੰ ਭੇਜਿਆ ਔਰ ਉਹ ਅਖਬਾਰਾਂ ਵਿਚ ਨਿਕਲਿਆ । ਇਨ੍ਹਾਂ ਨੇ 15 ਮਈ ਨੂੰ ਇਕ ਸੀਕਰਟ ਮੀਟਿੰਗ ਕੀਤੀ ਮਹੰਤ ਰਾਮਪ੍ਰਕਾਸ਼ ਦਾਸ ਦੇ ਘਰ ਜਿਸ ਦੇ ਵਿਚ ਇਨ੍ਹਾਂ ਨੇ ਫ਼ੈਸਲਾ ਕਰ ਲਿਆ ਕਿ ਗੌਰਮੈਂਟ ਤੋੜ ਦੇਣੀ ਹੈ । ਉਹ ਜਿਹੜਾ ਪੰਜਾਬੀ ਦੀਆਂ ਮੀਟਿੰਗਾਂ ਅਟੈਂਡ ਨਹੀਂ ਕਰਦੇ ਸੀ ਤਾਂ ਉਸ ਤੋਂ ਇਹ ਸਾਫ਼ ਜ਼ਾਹਿਰ ਸੀ ਕਿ ਇਹ ਨਹੀਂ ਚਾਹੁੰਦੇ ਸਨ ਕਿ ਪੰਜਾਬੀ ਨੂੰ ਲਾਗੂ ਕੀਤਾ ਜਾਵੇ. . . .

(ਵਿਘਨ)

ਸ੍ਰੀ ਅ. ਵਿਸ਼ਵਨਾਥਨ : ਸਪੀਕਰ ਸਾਹਿਬ, ਕੀ ਇਹ ਰਨਿੰਗ ਕਮੈਂਟਰੀ ਅਲਾਉਡ ਹੈ ? (ਵਿਘਨ)

ਸਰਦਾਰ ਗੁਰਨਾਮ ਸਿੰਘ ਮੈਂ ਤਾਂ ਕਦੇ ਬੋਲਿਆ ਨਹੀਂ । (ਵਿਘਨ) ਨਾ, ਨਾ ਕਹਿ ਲਉ । (ਵਿਘਨ)

ਸ੍ਰੀ ਸਪੀਕਰ : ਵਿਸ਼ਵਨਾਥਨ ਜੀ, ਤੁਸੀਂ ਆਪ ਹੀ ਕਦੇ ਇਧਰ ਹੋ ਜਾਂਦੇ ਹੋ ਕਦੇ ਉਧਰ ਹੋ ਜਾਂਦੇ ਹੋ (ਵਿਘਨ) ਆਰਾਮ ਨਾਲ ਸੁਣੋ, ਅਰਾਮ ਨਾਲ । [The hon. Member Shri A. Vishwanathan goes on changing sides. (*Interruptions*) Please listen patientey.]

ਸਰਦਾਰ ਗੁਰਨਾਮ ਸਿੰਘ : ਇਹ ਗਿੱਲ ਸਾਹਿਬ ਦਾ ਸਾਈਂਡ ਆਰਟੀਕਲ ਹੈ । ਇਸ ਵਿਚ ਕਿਹਾ ਹੈ— (Noise)

> It can be revealed that as early as on May 15, 1967, I and my friends were convinced that it could continue no longer nor could I function to the expectations of the people to deliver them the goods, etc. etc.... under United Front, held a first secret meeting at the residence of Mahant Ram Parkash Dass, the present Health Minister at Hoshiarpur and resolved to put an end to the into lerable state of affairs.........

[ਸਰਦਾਰ ਗੁਰਨਾਮ ਸਿੰਘ]

ਉਹ ਇੰਟਾਲਰੇਬਲ ਸਟੇਟ ਆਫ਼ ਅਫੇਅਰਜ਼ ਤਾਂ ਗਵਰਨਰ ਦੇ ਐਡਰੈਸ ਵਿਚ ਦਿਸਦੇ ਹਨ ਕਿ ਕਦੋਂ ਚੰਗੇ ਸੀ ਔਰ ਕਦੋ ਮਾੜੇ ਸੀ। (ਵਿਘਨ) ਇਹ ਆਰਟੀਕਲ 'ਟ੍ਰਿਬਿਊਨ' ਵਿਚ ਵੀ ਨਿਕਲਿਆ, 'ਪੰਜਾਬ ਮੇਲ' ਵਿਚ ਵੀ ਛਪਿਆ ਔਰ ਇਹ ਇਕ ਹੋਰ ਅਖਬਾਰ ਹੈ — 'ਨੈਸ਼ਨਲ ਸਾਲੀਡੈਰਿਟੀ'— ਇਹ ਮੇਰੇ ਖਿਆਲ ਵਿਚ ਕਾਂਗਰਸ ਪਾਰਟੀ ਦਾ ਅਖਬਾਰ ਹੈ। ਇਸ ਕਰਕੇ ਮੈਂ ਇਹ ਕੋਟ ਕੀਤੀ ਹੈ, ਨਹੀਂ ਤਾਂ ਮੈਂ 'ਟ੍ਰਿਬਿਊਨ' ਨੂੰ ਹੀ ਕੋਟ ਕਰ ਦਿੰਦਾ। ਮੈਂ ਤਾਂ ਕਹਿੰਦਾ ਹਾਂ ਕਿ ਜਿਹੜੇ ਬੜੇ ਪਾਰਟਨਰ ਹਨ ਉਹ ਇਨ ਫ਼ੈਕਟ ਛੋਟੇ ਨੇ — ਲਾ ਦੇ ਲਿਹਾਜ਼ ਨਾਲ ਵੱਡੇ ਨੇ। ਉਨ੍ਹਾਂ ਨੂੰ ਵੀ ਸੁਣ ਲੈਣਾ ਚਾਹੀਦਾ ਹੈ ਕਿ ਜਦ 15 ਮਈ ਨੂੰ ਹੀ ਇਨ੍ਹਾਂ ਦਾ ਇਹ ਫ਼ੈਸਲਾ ਹੋ ਗਿਆ ਤਾਂ ਪੰਜਾਬੀ ਨੂੰ ਕਦੋਂ ਲਾਗੂ ਕਰਦੇ ? ਆਖਿਰ ਲਾਗੂ ਕਰਨੀ ਕਿਸ ਨੇ ਸੀ ? ਤਾਲੀਮ ਦੇ ਵਜ਼ੀਰ ਨੇ। ਔਰ ਤਾਲੀਮ ਦਾ ਵਜ਼ੀਰ ਕੌਣ ਸੀ ? ਉਹ ਸੀ ਸਰਦਾਰ ਲਛਮਣ ਸਿੰਘ ਗਿੱਲ। ਇਸ ਕਰਕੇ ਪੰਜਾਬੀ ਕਿਸ ਤਰ੍ਹਾਂ ਲਾਗੂ ਹੋ ਸਕਦੀ ਸੀ ? ਇਸ ਲਈ ਇਹ ਇਤਨਾ ਸਾਦਾ ਮਾਮਲਾ ਨਹੀਂ। ਲੋਕਾਂ ਨੂੰ ਇਹ ਕਹਿ ਕੇ ਬੇਵਕੂਫ਼ ਨਹੀਂ ਬਣਾਇਆ ਜਾ ਸਕਦਾ ਕਿ 'ਅਜੀ ਸਾਹਿਬ, ਇਨ੍ਹੋਂ ਨੇ ਪੰਜਾਬੀ ਲਾਗੂ ਕਰ ਦੀ'। ਜਿਸ ਪੰਜਾਬੀ ਕੋ ਬੋਲਨੇ ਵਾਲੇ ਕਹਿਤੇ ਥੇ ਕਿ ਹਮ ਬੀਸ ਸਾਲ ਜਿਸ ਕੀ ਮੁਖਾਲਫ਼ਤ ਕਰਤੇ ਰਹੇ ਵੁਹ ਪੰਜਾਬੀ ਲਾਗੂ ਹੋ ਗਈ (ਅਪੋਜ਼ੀਸ਼ਨ ਦੀ ਤਰਫ਼ੋਂ ਥੰਪਿੰਗ) ਔਰ ਹਮ ਉਸ ਪੰਜਾਬੀ ਦੇ ਲੀਏ ਬੜੇ ਮਸ਼ਕੂਰ ਹੈਂ। ਯਿਹ ਪੰਜਾਬੀ ਕੇ ਦੁਸ਼ਮਣ ਜਿਨਹੋਂ ਨੇ ਪੰਜਾਬੀ ਕੋ ਨਾ ਲਾਨੇ ਕੇ ਲੀਏ ਲੋਗੋਂ ਪਰ ਗੋਲੀਆਂ ਚਲਾਈਂ ਯਿਹ ਕੈਸੇ ਬੋਲਨੇ ਕੀ ਹਿੰਮਤ ਰਖਤੇ ਹੈਂ ? (ਆਪੋਜ਼ੀਸ਼ਨ ਵਲੋਂ ਪ੍ਰਸੰਸਾ) ਔਰ ਫ਼ਿਰ ਇਨ੍ਹਾਂ ਨੇ ਹੀ ਹਿੰਦੀ ਲਈ ਲੜਾਈ ਕਰਾਈ। ਸਾਡੇ ਮਨ ਸਾਫ਼ ਸੀ, ਜਨਸੰਘ ਦਾ ਮਨ ਸਾਫ਼ ਸੀ। ਅਸੀਂ ਕਹਿੰਦੇ ਸੀ ਕਿ ਹਿੰਦੀ ਨੂੰ ਡਿਵੈਲਪ ਕਰਨਾ ਚਾਹੀਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਲਛਮਣ ਸਿੰਘ ਗੁੱਲ ਨੇ ਪੰਜਾਬੀ ਦੀ ਸੇਵਾ ਨਹੀਂ ਕੀਤੀ ਬਲਕਿ ਦੁਸ਼ਮਨੀ ਕੀਤੀ ਹੈ।

ਇਕ ਮਾਨਯੋਗ ਮੈਂਬਰ : ਗੁੱਲ ? (ਵਿਘਨ)

ਸਰਦਾਰ ਗੁਰਨਾਮ ਸਿੰਘ : ਮੈਂ ਮਾਫ਼ੀ ਮੰਗਦਾ ਹਾਂ। (ਵਿਘਨ)

ਮੁੱਖ ਮੰਤਰੀ : ਗੁੱਲ ਵੀ ਕਹਿਣਾ ਹੈ ਜੇ ਤਾਂ ਕਹਿ ਦਿਉ। ਕੋਈ ਗੱਲ ਨਹੀਂ।

ਸਰਦਾਰ ਗੁਰਨਾਮ ਸਿੰਘ : ਨਹੀਂ, ਨਹੀਂ ਮੈਂ ਕੋਈ ਐਸੀ ਗੱਲ ਨਹੀਂ ਕਹਿਣਾ ਚਾਹੁੰਦਾ।

ਸਰਦਾਰ ਪਰੇਮ ਸਿੰਘ 'ਪ੍ਰੇਮ' : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ "ਸਰਦਾਰ ਲਛਮਣ ਸਿੰਘ ਗੁਲ"। ਕੀ ਇਹ ਗੁੱਲ ਇਨ੍ਹਾਂ ਨੇ ਇਸ ਲਈ ਕਿਹਾ ਹੈ ਕਿ ਇਨ੍ਹਾਂ ਗੁੱਲ ਖਿਲਾ ਦਿਤਾ ਹੈ ? (ਹਾਸਾ)

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਗੁੱਲ ਇਸ ਕਰਕੇ ਕਿਹਾ ਹੈ ਕਿ ਮੈਨੂੰ ਤਾਂ ਇਹ ਗੁੱਲ ਹੀ ਜਾਪਦਾ ਹੈ ਚਾਹੇ ਚਲਾ ਗਿਆ ਹੈ। ਦੂਜੀ ਗੱਲ ਇਹ ਹੈ ਕਿ ਇਨ੍ਹਾਂ ਦਾ ਦੀਵਾ ਜਿਹੜੇ ਉਧਰ ਬੈਠੇ ਹੋਏ ਹਨ ਉਨ੍ਹਾਂ ਨੇ ਹੀ ਗੁੱਲ ਕਰਨਾ ਹੈ, ਜਿਸ ਦਿਨ ਕਰਨਾ ਹੈ। (ਹਾਸਾ) ਵਿਘਨ)

ਮੁੱਖ ਮੰਤਰੀ : ਮੇਰਾ ਦੀਵਾ ਗੁੱਲ ਹੋ ਗਿਆ ਤਾਂ ਤੁਹਾਡਾ ਫ਼ੇਰ ਵੀ ਨਹੀਂ ਜਲਣਾ। (ਵਿਘਨ)

ਸਰਦਾਰ ਗੁਰਨਾਮ ਸਿੰਘ : ਨਹੀਂ, ਨਹੀਂ, ਸਾਡਾ ਗੱਲ ਨਹੀਂ ਹੁੰਦਾ । (ਵਿਘਨ) Sir, I was submitting when I was interrupted by an hon. Member that I call this a significant achievement because after the reorganisation of the State on linguistic basis, the mother tongue of the majority of our people has naturally to be the medium of official business. ਇਹੀ ਝਗੜਾ ਪੰਜਾਬੀ ਸੂਬਾ ਬਣਾ ਕੇ ਮੁਕਾਇਆ ਸੀ ਕਿ ਪੰਜਾਬੀ ਹੀ ਸੂਬੇ ਦੀ ਵਾਹਦ ਬੋਲੀ ਹੈ। ਸਰਦਾਰ ਲਛਮਣ ਸਿੰਘ ਗਿੱਲ ਨੇ ਇਹੀ ਝਗੜਾ ਫ਼ੇਰ ਪਾ ਦਿੱਤਾ ਕਿ ਮੈਜਾਰਿਟੀ ਦੀ ਬੋਲੀ ਹੈ । ਇਨ੍ਹਾਂ ਨੇ ਝਗੜਾ ਪਾ ਦਿੱਤਾ ਹੈ ਕਿ ਪੰਜਾਬ ਬਾਈ-ਲਿੰਗੂਅਲ ਹੈ, ਪੰਜਾਬ ਦੀ ਇਕੱਲੀ ਬੋਲੀ ਪੰਜਾਬੀ ਨਹੀਂ ਔਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਗਰ ਇਹ ਝਗੜਾ ਜਾਰੀ ਕਰ ਦਿੱਤਾ ਗਿਆ ਤਾਂ ਪੰਜਾਬ ਨੂੰ ਅੱਗ ਲਗ ਜਾਏਗੀ ਔਰ ਸ਼ਾਇਦ ਇਨ੍ਹਾਂ ਦਾ ਭਾਵ ਭੀ ਇਹੀ ਹੈ ਕਿ ਇਸ ਤਰ੍ਹਾਂ ਦਾ ਝਗੜਾ ਪਾ ਕੇ ਫ਼ਿਰ ਸੂਬੇ ਵਿਚ ਅੱਗ ਲਗਾਈ ਜਾਵੇ (ਵਿਘਨ)

EXTENSION OF SITTING

ਮੁੱਖ ਮੰਤਰੀ : ਵਕਤ ਥੋੜਾ ਰਹਿ ਗਿਆ ਹੈ । ਐਕਸਟੈਂਡ ਕਰ ਦਿਉ....

ਸ਼੍ਰੀ ਸਪੀਕਰ : ਸਰਦਾਰ ਸਾਹਿਬ, ਸਿਰਫ਼ ਦੋ ਮਿੰਟ ਹੋਰ ਲੈ ਕੇ ਖਤਮ ਕਰ ਦਿਉ । (The hon. Member should please wind up within two minutes.

ਸਰਦਾਰ ਗੁਰਨਾਮ ਸਿੰਘ : ਮੈਨੂੰ ਜਦੋਂ ਕਹੋਗੇ ਮੈਂ ਬੈਠ ਜਾਵਾਂਗਾ ।

ਸ਼੍ਰੀ ਸਪੀਕਰ · ਦੋ ਮਿੰਟ ਵਿਚ, ਜੱਜ ਸਾਹਿਬ, (The hon. Member may wind up within two minutes.)

ਸਰਦਾਰ ਗੁਰਨਾਮ ਸਿੰਘ : ਦੋ ਮਿੰਟ ਵਿਚ ਤਾਂ ਖਤਮ ਹੋ ਹੀ ਨਹੀਂ ਸਕਦਾ । ਫ਼ੇਰ ਮੈਂ ਬੈਠ ਜਾਂਦਾ ਹਾਂ ।

ਸ਼੍ਰੀ ਸਪੀਕਰ : ਇਹ ਤਾਂ ਫ਼ੇਰ ਤੁਹਾਡੀ ਆਪਣੀ ਮਰਜ਼ੀ ਹੈ । (This is then the sweet will of the hon. Member please.)

ਸਰਦਾਰ ਗੁਰਨਾਮ ਸਿੰਘ : ਮੇਰੀ ਮਰਜ਼ੀ ਤਾਂ ਇਹ ਹੈ ਕਿ ਬਤੌਰ ਲੀਡਰ ਆਫ਼ ਦੀ ਆਪੋਜ਼ੀਸ਼ਨ ਦੇ ਮੇਰਾ ਰਾਈਟ ਹੈ ਕਿ ਮੈਂ ਆਪਣਾ ਵਿਊ ਪੁਆਇੰਟ ਪੁਟ ਕਰਾਂ ਔਰ ਅਗਰ ਤੁਸੀਂ ਇਜਾਜ਼ਤ ਨਹੀਂ ਦੇਣਾ ਚਾਹੁੰਦੇ ਤਾਂ....

ਸ਼੍ਰੀ ਸਪੀਕਰ : ਮੈਂ ਸਿਟਿੰਗ ਨੂੰ ਐਕਸਟੈਂਡ ਤਾਂ ਸਾਰੇ ਦਿਨ ਲਈ ਕਰ ਸਕਦਾ ਹਾਂ ਮਗਰ ਦੂਸਰੇ ਹਾਊਸ ਨੇ ਇਥੇ ਆਕੇ ਢਾਈ ਵਜੇ ਬੈਠਣਾ ਹੈ । (ਵਿਘਨ) Then we sit on up to 2.15 p. m. (I can extend the time of the sitting for the whole day but the Upper House is to meet here at 2.30 p.m. (*Interruptions*) Then we sit on up to 2.15 p.m.)

ਮੁੱਖ ਮੰਤਰੀ: ਇਹ ਆਪਣੇ ਆਪ ਕਿਸ ਤਰ੍ਹਾਂ ? ਅਸੀਂ ਮੂਵ ਕਰਨਾ ਹੈ । ਅਸੀਂ ਜਵਾਬ ਦੇਣਾ ਹੈ । (ਇਸ ਸਮੇਂ ਸ਼੍ਰੀ ਸਪੀਕਰ ਵੀ ਖੜੇ ਸੀ) ਤੁਸੀਂ ਤਸ਼ਰੀਫ਼ ਰਖੋ ਤਾਂ ਮੈਂ ਕ੍ਰਹਿੰਦਾ ਹਾਂ । ਮੈਂ ਆਪਣੀ ਗਲਤੀ ਮੰਨ ਲਈ । (ਇਸ ਸਮੇਂ ਸ਼੍ਰੀ ਸਪੀਕਰ

[ਮੁੱਖ ਮੰਤਰੀ]

ਆਪਣੀ ਕੁਰਸੀ ਤੇ ਬੈਠ ਗਏ।) ਮੈਂ ਸ਼ੁਰੂ ਤੋਂ ਕਹਿੰਦਾ ਆ ਰਿਹਾ ਹਾਂ ਅਤੇ ਮੈਂ ਪਹਿਲਾਂ ਲਿਖ ਦਿੱਤਾ ਸੀ ਕਿ ਮੈਨੂੰ 45 ਮਿੰਟ ਚਾਹੀਦੇ ਹਨ। ਸਪੀਕਰ ਸਾਹਿਬ, ਘੰਟਾ ਸਵਾ ਘੰਟਾ ਪਹਿਲਾਂ ਮੈਂ ਪੁਛਿਆ ਸੀ। (ਵਿਘਨ) ਦੋਬਾਰਾ ਦਰਖਾਸਤ ਕੀਤੀ ਕਿ ਮੈਨੂੰ 45 ਮਿੰਟ ਚਾਹੀਦੇ ਹਨ। ਮੈਨੂੰ ਕਦੋਂ ਵਕਤ ਦਿਉਗੇ ਉਸ ਵੇਲੇ ਡੇਢ ਘੰਟਾ ਰਹਿੰਦਾ ਸੀ। ਡਿਪਟੀ ਸਪੀਕਰ ਸਾਹਿਬ ਦਾ ਫੈਸਲਾ ਸੀ ਕਿ ਇਹ 20 ਮਿੰਟ ਬੋਲਣਗੇ। ਹੁਣ 30 ਮਿੰਟ ਤੋਂ ਵਧ ਹੋ ਗਏ ਹਨ।

ਸ਼੍ਰੀ ਸਪੀਕਰ : ਹੁਣ 30 ਮਿੰਟ ਹੋ ਗਏ ਹਨ ਇਨ੍ਹਾਂ ਨੂੰ ਬੋਲਦੇ ਹੋਏ। (The hon. Member has spoken for 30 minutes.)

ਸ਼੍ਰੀ ਬਲਰਾਮਜੀ ਦਾਸ ਟੰਡਨ : ਇਹ ਪਹਿਲਾ ਮੌਕਾ ਹੈ ਕਿ ਗਵਰਨਰ ਸਾਹਿਬ ਦੇ ਐਡਰੈਸ ਤੇ ਦੋ ਦਿਨ ਬਹਿਸ ਹੋਈ ਹੈ ਜਿਨ੍ਹਾਂ ਵਿਚ ਸਵਾਲ ਭੀ ਹੁੰਦੇ ਰਹੇ ਹਨ।

ਸ਼੍ਰੀ ਸਪੀਕਰ : ਪਿਛਲੇ ਸਾਲ 3 ਦਿਨ ਇਹ ਬਹਿਸ ਹੋਈ ਸੀ, ਉਦੋਂ ਆਦਮੀ ਜ਼ਿਆਦਾ ਸਨ। (ਵਿਘਨ) (The discussion on Governor's Address continued for three days last year. At that time the number of Members was larger. (*Interruption*)

DISCUSSION OF GOVERNOR'S ADDRESS
(Resumption)

ਸਰਦਾਰ ਗੁਰਨਾਮ ਸਿੰਘ : ਦੂਜਾ ਨੁਕਤਾ ਜੋ ਕਾਂਗਰਸ ਬੈਂਚਾਂ ਤੋਂ ਉਠਾਇਆ ਗਿਆ ਹੈ ਇਹ ਸੀ ਕਿ ਗਿੱਲ ਇਕ ਬੜਾ ਸਟਰਾਂਗ ਮੈਨ ਆਫ਼ ਐਕਸ਼ਨ ਹੈ। ਠੀਕ ਹੈ ਇਸਤੋਂ ਕੌਣ ਡੀਨਾਈ ਕਰਦਾ ਹੈ? ਜਿਨ੍ਹਾਂ ਨੇ ਇਨ੍ਹਾਂ ਦੀ ਪੁਲੀਸ ਦੀਆਂ ਡਾਂਗਾਂ ਖਾਧੀਆਂ ਹਨ, ਜਿਨ੍ਹਾਂ ਤੇ ਟੀਅਰ ਗੈਸ ਛਡੀ ਗਈ, ਜਿਨ੍ਹਾਂ ਨੂੰ ਇਨ੍ਹਾਂ ਨੇ ਜੇਲ੍ਹ ਵਿੱਚ ਪਾਇਆ ਉਹ ਕਹਿਣਗੇ ਕਿ ਹਾਂ ਗਿੱਲ ਸਟਰਾਂਗ ਮੈਨ ਹੈ। ਮੈਂ ਕਿਸੇ ਡਿਸਰਿਸਪੈਕਟ ਨਾਲ ਨਹੀਂ ਕਹਿਦਾ, ਅਗਰ ਇਹੀ ਆਰਗੂਮੈਂਟ ਹੈ ਤਾਂ ਡਾਕੂ ਮਾਨ ਸਿੰਘ ਨੂੰ ਪ੍ਰਾਈਮ ਮਨਿਸਟਰ ਆਫ਼ ਇੰਡੀਆ ਬਣਾ ਦੇਣਾ ਚਾਹੀਦਾ ਹੈ। ਕਿਉਂਕਿ ਉਸ ਤੋਂ ਸਟਰਾਂਗ ਮੈਨ ਹੋਰ ਕਿਹੜਾ ਹੈ? (ਤਾੜੀਆਂ) ਵਿਦਾਊਟ ਡਿਸਰਿਸਪੈਕਟ ਮੈਂ ਕਾਂਗਰਸ ਪਾਰਟੀ ਨੂੰ ਮਸ਼ਵਰਾ ਦਿਆਂਗਾ ਕਿ ਅਗਰ ਸਟਰਾਂਗਮੈਨ ਹੀ ਚਾਹੀਦਾ ਹੈ ਤਾਂ ਆਪ ਪ੍ਰਾਈਮ ਮਨਿਸਟਰ ਕਿਸੇ ਡਾਕੂ ਨੂੰ ਬਣਾ ਦਿਉ ਤਾਂ ਕਿ ਉਹ ਸਾਰਿਆਂ ਨੂੰ ਸਿਧਾ ਕਰ ਦੇਵੇ।

ਪੰਜਾਬ ਦੀ ਕੀ ਹਾਲਤ ਹੈ? ਮਨਿਸਟਰ ਸਾਹਿਬ ਬੋਲੇ ਕਿ ਸਾਨੂੰ ਕਾਲੀਆਂ ਝੰਡੀਆਂ ਨਾ ਦਿਖਾਉ। ਮੈਂ ਪੁਛਦਾ ਹਾਂ ਭਲਾ ਤੁਹਾਨੂੰ ਕੌਣ ਕਾਲੇ ਝੰਡੇ ਦਿਖਾ ਸਕਦਾ ਹੈ? ਤੁਸੀਂ ਪੰਜਾਬ ਦੀ ਇਤਨੀ ਸੇਵਾ ਕੀਤੀ ਹੈ, ਲੋਕਾਂ ਲਈ ਇੰਨੇ ਚੰਗੇ ਕੰਮ ਕੀਤੇ ਹਨ, ਪੰਜਾਬ ਨੂੰ ਬਹਿਸ਼ਤ ਬਣਾ ਦਿਤਾ ਹੈ। ਐਸੀ ਸਰਕਾਰ ਨੂੰ ਭਲਾ ਕਾਲੀਆਂ ਝੰਡੀਆਂ ਕੌਣ ਦਿਖਾ ਸਕਦਾ ਹੈ? (ਵਿਘਨ) ਇਹ ਇੰਨੇ ਹਰਦਿਲ ਅਜ਼ੀਜ਼ ਹੋ ਗਏ ਹਨ ਸਾਰੇ ਮਨਿਸਟਰ ਕਿ ਜਦ ਤਕ ਹਜ਼ਾਰਾਂ ਦੀ ਤਾਦਾਦ ਵਿਚ ਇਨ੍ਹਾਂ ਦੇ ਇਰਦ ਗਿਰਦ ਪੁਲਿਸ ਨਾ ਹੋਵੇ ਇਹ ਮੂਵ ਨਹੀਂ ਕਰ ਸਕਦੇ। ਮੈਨੂੰ ਇਕ ਪੁਲਿਸ ਦੇ ਅਫ਼ਸਰ ਨੇ ਦਸਿਆ—ਐਵੇਂ ਕੁਦਰਤੀ ਹੀ ਦਸ ਬਠਾ—ਹੁਣ ਇਹ ਅੰਦਾਜ਼ਾ ਲਗਾਉਣਗੇ ਕਿ ਉਹ ਕੌਣ ਹੋ ਸਕਦਾ ਹੈ। ਉਸ ਨੇ ਮੈਨੂੰ ਦਸਿਆ ਕਿ ਜਦ ਤਕ ਇਨ੍ਹਾਂ ਦੇ ਇਰਦ ਗਿਰਦ ਤਿਹਰਾ ਤਿਹਰਾਂ ਪਹਿਰਾ ਨਾ ਹੋਵੇ। ਇਕ ਅੰਦਰ, ਫਿਰ ਉਸ ਤੋਂ ਬਾਹਰ

ਅਤੇ ਫਿਰ ਉਸ ਤੋਂ ਵੀ ਬਾਹਰ– ਤਦ ਤਕ ਇਨ੍ਹਾਂ ਨੂੰ ਨੀਂਦ ਨਹੀਂ ਆਉਂਦੀ । ਇਕ ਹੋਰ ਅਜੀਬ ਗੱਲ ਹੈ ਕਿ ਇਹ ਜਿਥੇ ਵੀ ਕਿਸੇ ਸ਼ਹਿਰ ਵਿੱਚ ਜਾਂਦੇ ਹਨ ਤਾਂ ਟੈਕਸ ਦੇਣ ਵਾਲੇ ਲੋਕਾਂ ਦਾ ਲੱਖਾਂ ਰੁਪਿਆ ਖਰਚ ਹੁੰਦਾ ਹੈ । ਕਿੰਨਾ ਚੰਗਾ ਕੰਮ ਕਰ ਰਹੀ ਹੈ ਕਾਂਗਰਸ ਪਾਰਟੀ ਇਨ੍ਹਾਂ ਨੂੰ ਸਪੋਰਟ ਦੇਕੇ ।

ਇਕ ਆਵਾਜ਼ : ਦਿੱਲੀ ਕੀ ਲੈਣ ਗਏ ਸੀ ।

ਸਰਦਾਰ ਗੁਰਨਾਮ ਸਿੰਘ : ਇਹ ਝੂਠੀ ਗੱਲ ਹੈ, ਜੇਕਰ ਇਹ ਇਸ ਤਰ੍ਹਾਂ ਸਮਝਦੇ ਹਨ ਕਿ ਮੈਂ ਇਨ੍ਹਾਂ ਦੀ ਸਪੋਰਟ ਲੈਣ ਲਈ ਦਿੱਲੀ ਗਿਆ ਸਾਂ । ਮੈਂ ਨਹੀਂ ਗਿਆ । ਇਹ ਮੈਂ ਸਾਫ ਕਹਿ ਦਿੰਦਾ ਹਾਂ । (ਤਾੜੀਆਂ) ਮਗਰ ਇਨ੍ਹਾਂ ਦਾ ਸਚਾਈ ਨਾਲ ਤੱਲਕ ਨਹੀਂ । ਇਹ ਜਿਹੜੇ ਮਨਿਸਟਰ ਸਾਹਿਬ ਬੋਲੇ, ਇਨ੍ਹਾਂ ਨੇ ਇਕ ਬਿਆਨ ਦਿਤਾ ਸੀ ਕਿ ਅਸੀਂ ਤੋੜ ਦੇਣੀ ਹੈ ਸ਼ਰੋਮਣੀ ਕਮੇਟੀ, ਕਿਉਂਕਿ ਹੁਣ ਸਰਕਾਰ ਸਾਡੇ ਹੱਥ ਆ ਗਈ ਹੈ । ਜਦ ਫ਼ੈਸਲਾ ਹੋ ਗਿਆ ਤਾਂ ਕਹਿਣ ਲਗੇ ਮੈਂ ਤਾਂ ਮਖੌਲ ਕੀਤਾ ਸੀ । (ਹਾਸਾ) ਇਸ ਤਰ੍ਹਾਂ ਦੇ ਇਹ ਆਦਮੀ ਹਨ । ਇਨ੍ਹਾਂ ਦੀ ਗੱਲ ਕੀ ਕੋਈ ਮੰਨੇ ? ਮੈਂ ਦਿਲੀ ਇਨ੍ਹਾਂ ਦੀ ਹਮਾਇਤ ਲੈਣ ਲਈ ਨਹੀਂ ਸੀ ਗਿਆ ਕਿ ਮੈਨੂੰ ਚੀਫ ਮਨਿਸਟਰ ਬਣਾ ਦਿਉ ਅਗਰ ਮੈਂ ਚੀਫ ਮਨਿਸਟਰ ਬਣਨਾ ਹੈ ਤਾਂ ਆਪਣੇ ਕੰਮ ਕਰਕੇ ਅਤੇ ਆਪਣੀ ਪਾਰਟੀ ਦੇ ਬੱਲਬੋਤੇ ਬਣਨਾ ਹੈ । ਕਿਸੇ ਦੇ ਰਹਿਮ ਤੇ ਨਹੀਂ ਜੀਣਾ ਜਿਸ ਤਰ੍ਹਾਂ ਕਿ ਇਹ 15–16 ਮੈਂਬਰ ਕਾਂਗਰਸ ਦੇ ਰਹਿਮ ਤੇ ਜੀਂਦੇ ਹਨ । ਉਹ ਪਾਰਟੀ ਜਦੋਂ ਚਾਹੇ ਇਸਨੂੰ ਭੁੰਜੇ ਲਾਹ ਸਕਦੀ ਹੈ । ਜਿਵੇਂ ਕਿ ਡਾਕਟਰ ਬਲਦੇਵ ਪ੍ਰਕਾਸ਼ ਹੋਰਾਂ ਨੇ ਦਸਿਆ ਕਿ ਮਿੰਨਤਾਂ ਕਰਨ ਲਈ ਇਨ੍ਹਾਂ ਨੂੰ ਸਰਦਾਰ ਗਿਆਨ ਸਿੰਘ ਰਾੜੇਵਾਲਾ ਨੂੰ ਰਾਤ ਭਰ ਜਗਾਉਣਾ ਪਿਆ ਕਿ ਰਬ ਦਾ ਵਾਸਤਾ ਜੇ ਮੇਰੀ ਹਮਾਇਤ ਕਰੋ । ਇਹ ਹਾਲਤ ਹੋ ਗਈ ਹੈ ਇਨ੍ਹਾਂ ਦੀ ।

WALK OUT

ਸ਼੍ਰੀ ਸਪੀਕਰ : ਸਰਦਾਰ ਗੁਰਨਾਮ ਸਿੰਘ, ਮੈਂ ਤੁਹਾਨੂੰ ਹੁਣ ਕਾਫ਼ੀ ਵਕਤ ਦੇ ਚੁੱਕਾ ਹਾਂ । ਹੁਣ ਬਸ ਕਰੋ । (ਸ਼ੋਰ) 15 ਮਿੰਟ ਐਕਸਟੈਂਡ ਵੀ ਕੀਤਾ ਜਾਵੇ ਤਾਂ ਵੀ ਇਨ੍ਹਾਂ ਨੂੰ ਕਾਫ਼ੀ ਸਮਾਂ ਮਿਲ ਚੁਕਾ ਹੈ । (ਵਿਘਨ) । ਬਜਟ ਤੇ ਹੋਰ ਬੋਲ ਲੈਣਾ, ਜਿੰਨਾਂ ਮਰਜ਼ੀ ਟਾਈਮ ਲੈ ਲੈਣਾ । (ਵਿਘਨ) (Addressing Sardar Gurnam Singh : I have given the hon. Member enough time Please wind up now. (*Noise.*) Keeping in view that I extended the time of Sitting of the House for fifteen minutes even then the Hon'ble Member has taken sufficient time. (*Interruptions*) you may have as much time as you like during the discussion of the budget.) (*Interruption*)

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ ਪੰਜਾਬ ਇਕ ਪੁਲੀਸ ਸਟੇਟ ਬਣ ਚੁਕੀ ਹੈ......

ਸ਼੍ਰੀ ਸਪੀਕਰ : ਇਹ ਸਾਰੇ ਹੀ ਕਹਿ ਚੁਕੇ ਹਨ ਹੁਣ ਰਹਿਣ ਦਿਉ । (This has been stated by so many hon. Members. now please resume your seat.)

ਸਰਦਾਰ ਗੁਰਨਾਮ ਸਿੰਘ : ਤੁਸੀਂ ਮੈਨੂੰ ਨਹੀਂ ਬੋਲਣ ਦੇਣਾ ਤਾਂ ਨਾ ਦਿਉ ਅਧਾ ਟਾਈਮ ਤਾਂ ਤੁਸੀਂ ਵੇਸਟ ਕਰ ਦਿਤਾ ਹੈ (ਵਿਘਨ) ਮਾਫ਼ ਕਰੋ....(ਸ਼ੋਰ) ਆਪ ਹਮੇਸ਼ਾਂ ਕਨਫਿਊਯਨ ਕਰੀਏਟ ਕਰਦੇ ਹੋ——(ਸ਼ੋਰ) ਦੋਹਾਂ ਪਾਸਿਉਂ ਸ਼ੇਮ, ਸ਼ੇਮ) ਹਮੇਸ਼ਾ ਗਵਰਨਮੈਂਟ ਦੀ ਰਿਆਇਤ ਕਰਦੇ ਹੋ (ਵਿਘਨ) ਇਹ ਆਪ ਦਾ ਫ਼ਰਜ਼ ਨਹੀਂ ਹੈ । (ਸ਼ੋਰ)।

ਸ੍ਰੀ **ਲਾਲ ਚੰਦ ਸੱਬਰਵਾਲ** : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਇਹ ਕਾਂਗਰਸ ਵਾਲੇ ਚਾਹੁੰਦੇ ਹਨ ਕਿ ਗਿੱਲ ਨੂੰ ਬੋਲਣ ਨਾ ਦੇਈਏ (ਸ਼ੋਰ) ਤੇ ਹਾਊਲਿੰਗ ਕਰੋ । (ਸ਼ੋਰ) ਸ਼ਰਮ ਨਹੀਂ ਆਉਂਦੀ ਸ਼ੇਮ ਸ਼ੇਮ ਕਹਿੰਦੇ । (ਵਿਘਨ) ।

ਸ੍ਰੀ **ਅ. ਵਿਸ਼ਵਾਨਾਥਨ** : ਤੁਸੀਂ ਇੰਟਰਪਸ਼ਨਜ਼ ਕਿਉਂ ਨਹੀਂ ਰੋਕਦੇ, ਇਸ ਤਰ੍ਹਾਂ ਵਕਤ ਜ਼ਾਇਆ ਹੋਇਆ ਹੈ । (ਸ਼ੋਰ)

ਸ੍ਰੀ **ਸਪੀਕਰ** : ਮੈਂ ਤਾਂ ਬੜਾ ਰੋਕਿਆ ਹੈ । (I have tried my best to check the members from making interruptions.)

ਸਰਦਾਰ ਗੁਰਨਾਮ ਸਿੰਘ : ਆਪ ਸਪੀਕਰ ਸਾਹਿਬ, ਆਰਾਮ ਨਾਲ ਚਲਣ ਹੀ ਨਹੀਂ ਦਿੰਦੇ (ਸ਼ੋਰ) ਇਹ ਪਹਿਲੀ ਦਫ਼ਾ ਹੈ ਕਿ ਲੀਡਰ ਆਫ਼ ਦੀ ਆਪੋਜ਼ੀਸ਼ਨ ਨੂੰ ਪੂਰਾ ਕੇਸ ਪੁਟ ਨਹੀਂ ਕਰਨ ਦਿਤਾ ਗਿਆ (ਵਿਘਨ) ਆਪ ਪਹਿਲੇ ਸਪੀਕਰ ਹੋ ਜਿਨ੍ਹਾਂ ਨੇ ਐਸੀ ਗੱਲ ਕੀਤੀ ਹੈ (ਵਿਘਨ) ਇਸ ਤਰ੍ਹਾਂ ਇਹ ਗੱਲ ਚਲਣੀ ਨਹੀਂ ।

ਸ੍ਰੀ **ਸਪੀਕਰ** : ਹੋ ਸਕਦਾ ਹੈ ਕਿ ਮੈਂ ਪਹਿਲਾ ਹੀ ਸਪੀਕਰ ਹੋਵਾਂਗਾ ਜਿਸ ਨੇ ਇਜਾਜ਼ਤ ਨਹੀਂ ਦਿਤੀ । ਪਰ ਤੁਹਾਨੂੰ ਅਧਾ ਘੰਟਾ ਮਿਲਿਆ ਸੀ, ਉਹ ਵਕਤ ਪੂਰਾ ਦਿਤਾ ਹੈ, ਬਲਕਿ 35 ਮਿੰਟ ਹੋ ਗਏ ਹਨ । (It is just possible that I may be the first Speaker who has not permitted the Leader of the Opposition to put his view-points in detail but I have given the Leader of the Opposition full time allotted to him. Rather he has spoken for 35 minutes.) (*Interruption*)

ਸਰਦਾਰ ਗੁਰਨਾਮ ਸਿੰਘ : ਪਤਾ ਨਹੀਂ ਆਪ ਦੀ ਘੜੀ ਕਿਹੜੀ ਹੈ ।

Mr. Speaker : Now I call upon Chief Minister to speak.

(ਇਸ ਸਮੇਂ ਸਾਰੀ ਆਪੋਜ਼ੀਸ਼ਨ ਵਾਕ ਆਊਟ ਕਰ ਗਈ, ਹਾਊਸ ਵਿੱਚ ਬਹੁਤ ਸ਼ੋਰ ਸੀ ।)

DISCUSSION OF THE GOVERNOR'S ADDRESS
(Resumption)

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿੱਲ) : ਸੁਣ ਤਾਂ ਲਉ ਜ਼ਰਾ (ਵਿਘਨ) ਦਿਲ ਹੋਣਾ ਚਾਹੀਦਾ ਹੈ ।

(ਟਰੇਜ਼ਰੀ ਬੈਂਚਾਂ ਵਲੋਂ ਥੰਪਿੰਗ)

ਸਪੀਕਰ ਸਾਹਿਬ, ਸਾਡੇ ਸਤਿਕਾਰਯੋਗ ਗਵਰਨਰ ਸਾਹਿਬ ਨੇ ਜੋ ਐਡਰੈਸ ਇਥੇ ਪੜ੍ਹਿਆ ਉਸ ਲਈ ਉਨ੍ਹਾਂ ਦਾ ਧੰਨਵਾਦ ਕਰਨ ਲਈ ਸਾਡੇ ਸਤਿਕਾਰਯੋਗ ਮੈਂਬਰ ਪ੍ਰਬੋਧ ਚੰਦਰ ਜੀ ਨੇ ਇਕ ਮਤਾ ਰਖਿਆ ਅਤੇ ਉਸ ਦੀ ਤਾਈਦ ਸਰਦਾਰ ਅਮਰ ਸਿੰਘ ਦੋਸਾਂਝ ਹੋਰਾਂ ਨੇ ਕੀਤੀ । ਇਸ

ਸਿਲਸਿਲੇ ਵਿੱਚ ਜੋ ਕੁਝ ਦੋਹਾਂ ਪਾਸਿਉਂ ਮੈਂਬਰ ਬੋਲੇ ਅਤੇ ਜੋ ਪੁਆਇੰਟ ਮੈਂ ਨੋਟ ਕੀਤੇ ਹਨ, ਉਨ੍ਹਾਂ ਦਾ ਜਵਾਬ ਦੇਣ ਤੋਂ ਪਹਿਲਾਂ ਇਹ ਮੁਨਾਸਬ ਲਗਦਾ ਹੈ ਕਿ ਸਰਕਾਰ ਦੀਆਂ ਪਾਲ-ਸੀਆਂ ਬਾਰੇ ਮੈਂ ਕੁਝ ਰੋਸ਼ਨੀ ਪਾਵਾਂ। ਸਾਡੇ ਦੋਸਤ ਜਿਹੜੇ ਪੰਜਾਬ ਨੂੰ ਚੰਗਾ ਦੇਖਣ ਦੇ ਸੁਪਨੇ ਲੈਂਦੇ ਹਨ ਉਹ ਜਦੋਂ ਵੀ ਅਸੀਂ ਕੋਈ ਚੰਗਾ ਕੰਮ ਕਰਨ ਲਗਦੇ ਹਾਂ ਤਾਂ ਉਹ ਉਸ ਵਿੱਚ ਹਿਸਾ ਪਾਉਣ ਲਈ ਤਿਆਰ ਨਹੀਂ ਹੁੰਦੇ। ਆਪੋਜ਼ੀਸ਼ਨ ਦਾ ਫ਼ਰਜ਼ ਬਣਦਾ ਹੈ ਕਿ ਘਟੋ ਘਟ ਦੇਸ਼ ਦੀ ਡਿਵੈਲਪਮੈਂਟ ਦੇ ਕੰਮਾਂ ਵਿੱਚ ਤਾਂ ਸਰਕਾਰ ਨਾਲ ਸਹਿਯੋਗ ਕਰੇ।

ਸਭ ਤੋਂ ਪਹਿਲਾਂ ਪੰਜਾਬੀ ਦਾ ਜ਼ਿਕਰ ਆਇਆ। ਮੈਂ ਬਹੁਤਾ ਵਕਤ ਨਹੀਂ ਲੈਂਦਾ। ਇਥੇ ਕਾਫ਼ੀ ਦੇਰ ਆਪਸੀ ਖਿਚੋਤਾਣ ਮਗਰੋਂ ਕਾਂਗਰਸ ਵਰਕਿੰਗ ਕਮੇਟੀ ਨੇ ਇਕ ਰੈਜ਼ੋਲਿਊਸ਼ਨ ਪਾਸ ਕੀਤਾ ਅਤੇ ਇਸ ਗੱਲ ਨੂੰ ਤਸਲੀਮ ਕਰ ਲਿਆ ਕਿ ਜਿਥੇ ਜਿਥੇ ਪੰਜਾਬੀ ਬੋਲੀ ਜਾਂਦੀ ਹੈ, ਉਸਦਾ ਸੂਬਾ ਅਡ ਬਣਾ ਦਿਤਾ ਜਾਵੇ। ਇਕ ਗੱਲ ਮੈਂ ਕਹਾਂਗਾ ਅਤੇ ਤੁਸੀਂ ਸਹਿਮਤ ਹੋਵੋਗੇ ਕਿ ਪੰਜਾਬੀ ਸੂਬਾ ਬਣਾਉਣ ਵਾਲੇ ਅਸੀਂ ਲੋਕ ਆਪਣੇ ਕੇਸ ਦੀ ਚੰਗੀ ਵਕਾਲਤ ਨਹੀਂ ਕਰ ਸਕੇ। ਬਜਾਏ ਇਸ ਦੇ ਕਿ ਅਸੀਂ ਜਿਹੜੇ ਖਿਤੇ ਕਹਿੰਦੇ ਸਾਂ ਉਹੀ ਡੀਮਾਂਡ ਕਰਦੇ ਅਸੀਂ ਹਿਮਾਚਲ ਅਤੇ ਹਰਿਆਣੇ ਦੀ ਵੀ ਰੱਟ ਲਾਉਣੀ ਸ਼ੁਰੂ ਕਰ ਦਿਤੀ। ਸੋ ਲਾਜ਼ਮੀ ਗੱਲ ਸੀ ਕਿ ਜਦੋਂ ਪੰਜਾਬੀ ਸੂਬਾ ਮੰਗਣ ਵੇਲੇ ਅਸੀਂ ਵਡਾ ਮੰਗਿਆ ਤਾਂ ਸੂਬਾ ਘਟ ਹੋਣਾ ਹੀ ਸੀ। ਔਰ ਸੂਬਾ ਮੰਗਣ ਵਾਲਿਆਂ ਦਾ ਪਹਿਲਾ ਫ਼ਰਜ਼ ਸੀ ਕਿ ਉਹ ਉਸ ਜਗ੍ਹਾ ਨੂੰ ਉਲੀਕ ਕੇ ਸਰਕਾਰ ਨੂੰ ਦਿਖਾਉਂਦੇ ਜਿਥੇ ਜਿਥੇ ਕਿ ਲੋਕ ਪੰਜਾਬੀ ਬੋਲਦੇ ਸੀ। ਪਰ ਇਸ ਤਰ੍ਹਾਂ ਨਹੀਂ ਕੀਤਾ ਗਿਆ। ਦੂਜੀ ਲੀਡਰਸ਼ਿਪ ਦੀ ਬਦਕਿਸਮਤੀ ਇਹ ਸੀ ਕਿ ਉਨ੍ਹਾਂ ਨੇ ਇਸ ਗੱਲ ਤੇ ਕਮਿਸ਼ਨ ਬਿਠਾਣਾ ਮੰਨ ਲਿਆ। ਅਤੇ ਫਿਰ ਜਦ ਕਮਿਸ਼ਨਰ ਨੇ ਹੱਦਾਂ ਨਖੇੜ ਕੇ ਫੈਸਲਾ ਦੇ ਦਿਤਾ ਤਾਂ ਹਾਰੇ ਹੋਏ ਜੁਆਰੀਏ ਵਾਂਗ ਗੱਲ ਕਰ ਦਿਤੀ। ਇਸ ਦੀ ਆਪੋਜ਼ੀਸ਼ਨ ਕਰਨ ਵਾਲੀ ਇਹ ਸਰ-ਕਾਰ ਹੈ ਜੋ ਅਜ ਇਸ ਪਾਸੇ ਬੈਠੀ ਹੈ। ਇਹ ਸਰਕਾਰ ਬਣਾਈ ਹੀ ਇਸ ਗੱਲ ਕਰਕੇ ਗਈ ਹੈ ਅਤੇ ਇਸ ਵਿੱਚ ਮੇਰੇ ਦੂਜੇ ਦੋਸਤਾਂ ਨੇ ਸਹਾਇਤਾ ਕੀਤੀ ਜੋ ਵਾਜਬ ਸੀ। ਜੋ ਗੱਲ ਕਾਂਗਰਸ ਵਰਕਿੰਗ ਕਮੇਟੀ ਨੇ ਮੰਨੀ ਅਤੇ ਮੈਨੂੰ ਸਪੋਰਟ ਦਿਤੀ। ਜਦ ਮੈਂ ਕਾਂਗਰਸ ਕਮੇਟੀ ਦਾ ਜ਼ਿਕਰ ਕਰਦਾ ਹਾਂ ਤਾਂ ਮੈਂ ਸਮਝਦਾ ਹਾਂ ਕਿ ਉਹ ਦੇਸ਼ ਦੇ ਬਹਤਰੀਨ ਲੋਕ ਹਨ ਉਹ ਇਕੋ ਜੇਹੀ ਨਿਗਾਹ ਨਾਲ ਹਰ ਇਕ ਨੂੰ ਦੇਖਣਾ ਚਾਹੁੰਦੇ ਨੇ। ਉਨ੍ਹਾਂ ਨੇ ਇਸ ਗੱਲ ਦਾ ਅਹਿਸਾਸ ਕੀਤਾ ਕਿ ਉਸ ਘੜੀ ਜੋ ਗੱਲਾਂ ਰਹਿ ਗਈਆਂ ਸਨ ਉਨ੍ਹਾਂ ਨੂੰ ਦਰੁੱਸਤ ਕੀਤਾ ਜਾਵੇ। ਅਤੇ ਉਨ੍ਹਾਂ ਗੱਲਾਂ ਨੂੰ ਦਰੁੱਸਤ ਕਰਨ ਵਾਸਤੇ ਹੀ ਇਹ ਸਰਕਾਰ ਬਣਾਈ ਹੈ।

ਕਿਸੇ ਵੀ ਸਰਕਾਰ ਦਾ ਇੰਤਜ਼ਾਮ ਕਰਦਿਆਂ ਪਹਿਲੇ ਜ਼ਿਕਰ ਲੈਂਗੁਏਜ ਦਾ ਆਉਂਦਾ ਹੈ। ਪੰਜਾਬ ਦੀ ਆਫ਼ੀਸ਼ਲ ਲੈਂਗੁਏਜ ਕੀ ਹੋਵੇ। ਮੇਰਾ ਰੋਸ ਇਸੇ ਗੱਲ ਤੇ ਪਹਿਲੀ ਸਰਕਾਰ ਨਾਲ ਸੀ ਕਿ ਸਰਕਾਰ ਆਫ਼ੀਸ਼ਲ ਲੈਂਗੁਏਜ ਪੰਜਾਬੀ ਨੂੰ ਲਾਗੂ ਨਹੀਂ ਸੀ ਕਰ ਸਕੀ। ਮੈਂ ਤਾਂ ਦੁਨੀਆਂ ਦਾ ਹਰ ਕਮਿਸ਼ਨ ਬਿਠਾਣ ਲਈ ਤਿਆਰ ਹਾਂ ਕਿ ਜੋ ਪਹਿਲਾਂ ਫ਼ਰੰਟ ਦੀ ਸਰਕਾਰ ਬਣਾਈ ਸੀ ਉਹ ਕਿਸ ਨੇ ਬਣਾਈ ਸੀ। ਉਹ ਵੀ ਤਾਂ ਗਿੱਲ ਨੇ ਹੀ ਬਣਾਈ ਸੀ। ਸਰਕਾਰ ਬਣਾਉਣ ਦਾ ਇਕੋ ਹੀ ਮਕਸਦ ਸਾਹਮਣੇ ਸੀ ਕਿ ਦੇਸ਼ ਦੀ ਆਜ਼ਾਦੀ ਜਿਨ੍ਹਾਂ ਲੋਕਾਂ ਨੇ ਲਈ ਅਤੇ ਲਿਆਂਦੀ, ਪਿਛਲਾ ਇਤਿਹਾਸ ਸਾਡੇ ਸਾਹਮਣੇ ਹੈ, ਉਨ੍ਹਾਂ ਤੇ ਦੇਸ਼ ਮਾਣ ਅਤੇ ਸਤਿਕਾਰ ਕਰਦਾ ਹੈ। ਉਨ੍ਹਾਂ ਲੋਕਾਂ ਦੀਆਂ ਕੁਰਬਾਨੀਆਂ ਦਾ ਸਦਕਾ ਅਜ ਇਹ ਸਟੇਟ ਪੰਜਾਬੀ ਸੂਬੇ ਦੀ ਬਣਾਈ ਗਈ। ਔਰ ਅਗਰ ਅਜ 20 ਸਾਲ ਬਾਅਦ ਆਪਣੀ ਕਿਸਮ ਦੀ ਇਹ ਸਰਕਾਰ ਬਣਾਉਣ

[ਮੁੱਖ ਮੰਤਰੀ]

ਦੀ ਕੋਸ਼ਿਸ਼ ਇਸ ਸਟੇਟ ਵਿਚ ਕੀਤੀ ਗਈ ਇਸ ਕਰਕੇ ਕਿ ਇਹ ਪੁਰਾਣੇ ਸੇਵਕ ਸ਼ਾਇਦ ਨਵੇਂ ਪੰਜਾਬੀ ਸੂਬੇ ਦੀ ਵਧ ਚੜ੍ਹ ਕੇ ਸੇਵਾ ਕਰਨਗੇ। ਪਰ ਜਦ ਫ਼ਰੰਟ ਦੀ ਸਰਕਾਰ ਵਿਚ ਘਟੀਆ ਤੇ ਨਿਕੰਮੀਆਂ ਗੱਲਾਂ ਹੋਣੀਆਂ ਸ਼ੁਰੂ ਹੋਈਆਂ ਤੇ ਲਾਜ਼ਮੀ ਤੌਰ ਤੇ ਤਸ਼ਵੀਸ਼ ਹੋਈ ਕਿਉਂਕਿ ਸੂਬਾ ਬਣਾਉਣ ਵਾਲਿਆਂ ਨੇ ਅਤੇ ਇਹ ਸਰਕਾਰ ਬਣਾਉਣ ਵਾਲਿਆਂ ਨੇ ਜਦ ਆਪਣੀ ਖਿਲਗਨ ਵਿਚ ਅੱਗ ਲਗਦੀ ਵੇਖੀ ਤਾਂ ਇਸ ਨੂੰ ਬਰਦਾਸ਼ਤ ਨਾ ਕਰ ਸਕੇ। ਤਿਲਮਲਾ ਉਠੇ। ਕਾਂਗਰਸ ਨੇ ਇਸੇ ਕਰਕੇ ਮੌਜੂਦਾ ਸਰਕਾਰ ਨੂੰ ਸਹਾਇਤਾ ਦਿਤੀ।

ਕਿਸੇ ਸੂਬੇ ਦੀ ਬੋਲੀ ਨੂੰ ਜਦ ਤਕ ਲਾਗੂ ਨਾ ਕਰ ਦਿਤਾ ਜਾਵੇ ਉਹ ਸੂਬਾ ਤਰੱਕੀ ਨਹੀਂ ਕਰ ਸਕਦਾ। ਬੋਲੀ ਨੂੰ ਲਾਗੂ ਕਰਨ ਵਾਸਤੇ ਜਦ ਗੱਲ ਕੀਤੀ ਜਾ ਰਹੀ ਸੀ ਤਾਂ ਉਸ ਵਿਚ ਦੋ ਵੱਡੀਆਂ ਰੁਕਾਵਟਾਂ ਸਨ। ਪਹਿਲੀ ਰੁਕਾਵਟ ਜੋ ਸੀ ਉਸ ਦਾ ਜ਼ਿਕਰ ਮੈਂ 12 ਨਵੰਬਰ, 1967 ਨੂੰ ਜਲੰਧਰ ਕਾਨਫ਼ਰੰਸ ਵਿਚ ਕੀਤਾ ਅਤੇ ਕਿਹਾ ਕਿ ਜੇਕਰ ਇਹ ਗੌਰਮਿੰਟ ਇਸ ਸੈਸ਼ਨ ਵਿੱਚ ਪੰਜਾਬੀ ਬੋਲੀ ਦਾ ਬਿਲ ਨਾ ਲਿਆ ਸਕੀ ਤਾਂ ਮੈਂ ਮੰਤਰੀ ਨਹੀਂ ਰਹਾਂਗਾ। ਫਿਰ 17 ਤਰੀਕ ਨੂੰ ਪਟਿਆਲੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਤੇ ਇਹ ਦਾਅਵਾ ਕੀਤਾ ਕਿ ਅਗਰ ਇਸ ਸਰਕਾਰ ਨੇ ਇਸ ਗੱਲ ਤੇ ਅਮਲ ਨਾ ਕੀਤਾ ਤਾਂ ਮੈਂ ਸਰਕਾਰ ਵਿੱਚ ਨਹੀਂ ਰਹਾਂਗਾ। ਮੇਰੇ ਦੋਸਤ ਜਾਣਦੇ ਸੀ ਕਿ ਜੇਕਰ ਮੈਂ ਸਰਕਾਰ ਵਿਚ ਨਾ ਰਿਹਾ ਤਾਂ ਗੁਰਨਾਮ ਸਿੰਘ ਜਾਂ ਉਨ੍ਹਾਂ ਦੀ ਸਰਕਾਰ ਰਹਿ ਨਹੀਂ ਸਕਦੀ, ਚਲ ਨਹੀਂ ਸਕਦੀ। ਅਪੋਜ਼ੀਸ਼ਨ ਪਾਰਟੀਆਂ ਜਾਣਦੀਆਂ ਸਨ ਕਿ ਜੇਕਰ ਗਿੱਲ ਚਲਾ ਗਿਆ ਤਾਂ ਉਸੇ ਮਿੰਟ ਸਰਕਾਰ ਟੁਟ ਜਾਵੇਗੀ ਕਿਉਂਕਿ ਸਰਕਾਰ ਬਣਾਉਣ ਵਾਲਿਆਂ ਦੀ ਬਹੁ ਗਿਣਤੀ ਉਨ੍ਹਾਂ ਨਾਲ ਨਹੀਂ ਸੀ ਬਹੁ ਗਿਣਤੀ ਇਨ੍ਹਾਂ ਨਾਲ ਸੀ ਜੋ ਅਜ ਇਸ ਪਾਸੇ ਬੈਠੇ ਹਨ। ਪੰਜਾਬੀ ਦੇ ਮੁਤਾਲਿਕ ਜਦ ਗੱਲ ਆਉਂਦੀ ਸੀ ਕਿ ਸੈਸ਼ਨ ਵਿਚ ਬਿਲ ਲਿਆਂਦਾ ਜਾਵੇ ਤਾਂ ਸਾਜ਼ਸ਼ਾਂ ਹੁੰਦੀਆਂ ਸਨ। ਫਿਰ 60 ਹਜ਼ਾਰ ਪੰਜਾਬੀ ਇਸ ਨੂੰ ਲਾਗੂ ਕਰਨ ਦੇ ਹੱਕ ਵਿੱਚ ਕੈਦ ਹੋਏ। ਉਨ੍ਹਾਂ ਦਾ ਵੀ ਇਥੇ ਰੋਣਾ ਦਿਤਾ ਗਿਆ ਪਰ ਸਾਜ਼ਸ਼ਾਂ ਇਸ ਕੁਰਬਾਨੀ ਦੇ ਉਲਟ ਕਰਦੇ ਰਹੇ।

ਇਸ ਪੰਜਾਬੀ ਬੋਲੀ ਦਾ ਮੁਦੱਈ ਸੰਨ 1950 ਤੋਂ 1955 ਤਕ ਇਕ ਹਿੱਸਾ ਰਿਹਾ ਤੇ 1955 ਤੋਂ ਬਾਅਦ ਦੂਜਾ ਹਿੱਸਾ ਰਿਹਾ। ਉਸ ਵਿਚ ਨੁਮਾਇਆਂ ਹਿੱਸਾ ਕਿਸ ਦਾ ਸੀ? ਕੀ ਅਜ ਅਪੋਜ਼ੀਸ਼ਨ ਲੀਡਰ ਇਹ ਕਹਿ ਸਕਦਾ ਹੈ ਕਿ ਸੂਬੇ ਦੀ ਮੂਵਮੈਂਟ ਦਾ ਇਸ ਨੂੰ ਉਸ ਸਮੇਂ ਪਤਾ ਕੀ ਸੀ? ਇਸ ਨੇ ਉਸ ਮੂਵਮੈਂਟ ਵਿੱਚ ਕੁਝ ਹਿੱਸਾ ਪਾਇਆ ਸੀ? ਕੀ ਇਨ੍ਹਾਂ ਨੂੰ ਪਤਾ ਸੀ ਕਿ ਪੰਜਾਬੀ ਸੂਬੇ ਲਈ ਕਿਨ੍ਹਾਂ ਲੋਕਾਂ ਨੂੰ ਕਟਣਾ ਮਰਨਾ ਪਿਆ ਤੇ ਕੁਰਬਾਨੀਆਂ ਦੇਣੀਆਂ ਪਈਆਂ। ਉਨ੍ਹਾਂ ਲੋਕਾਂ ਨੇ ਕੁਰਬਾਨੀਆਂ ਦੇ ਕੇ ਲੀਡਰਸ਼ਿਪ ਬਣਾਈ ਸੀ। (ਪ੍ਰਸ਼ੰਸਾ) ਤੇ ਫਿਰ ਉਸ ਲੀਡਰਸ਼ਿਪ ਨੇ ਕੀ ਕੀਤਾ? ਜਦ ਪੰਜਾਬੀ ਬੋਲੀ ਦਾ ਬਿੱਲ ਇਸ ਅਸੈਂਬਲੀ ਵਿਚ ਲਿਆਂਦਾ ਜਾ ਰਿਹਾ ਸੀ ਤਾਂ ਉਹ ਲੀਡਰਸ਼ਿਪ ਤੇ ਅੱਜ ਦੇ ਅਪੋਜ਼ੀਸਨ ਲੀਡਰ ਚਿਹ ਮੇ ਗੋਈਆਂ ਕਰਦੇ ਸਨ ਅਤੇ ਕਾਬਲੇ ਯਾਦ ਹਨ ਇਨ੍ਹਾਂ ਦੇ ਲਫਜ਼ ਕਿ 'ਅੱਜ ਗਿੱਲ ਮਰੇਗਾ', ਜੇਕਰ ਇਸਨੇ ਅਸੈਂਬਲੀ ਵਿਚ ਪੰਜਾਬੀ ਬੋਲੀ ਦਾ ਬਿੱਲ ਨਾ ਲਿਆਂਦਾ ਤਾਂ ਲੋਕ ਨਾਰਾਜ਼ ਹੋਣਗੇ ਅਤੇ ਇਹ ਗਿੱਲ ਦੀ ਸਰਕਾਰ ਟੁਟ ਜਾਵੇਗੀ। ਜੇਕਰ ਲਿਆਂਦਾ ਤਾਂ ਅਸੈਂਬਲੀ ਦੇ ਮੈਂਬਰਾਂ ਵਿਚ ਆਪਸ ਵਿਚ ਫੁਟ ਪੈ ਜਾਵੇਗੀ ਅਤੇ ਪੰਜਾਬੀ ਦਾ ਬਿੱਲ ਸਿਰੇ ਨਹੀਂ ਚੜ੍ਹੇਗਾ। ਮੈਂ ਇਮਾਨਦਾਰੀ ਨਾਲ ਕਹਿੰਦਾ ਹਾਂ ਕਿ ਲੀਡਰ ਉਹ ਹੈ ਜੋ ਆਪਣੇ ਮਨ ਦੀ ਆਵਾਜ਼ ਨੂੰ ਸਮਝੇ, ਜੋ ਆਵਾਜ਼ ਅੰਦਰੋਂ ਆਵੇ ਨਬਜ਼ ਤੇ ਹੱਥ ਰਖ ਕੇ ਸਮਝ ਜਾਵੇ ਤੇ ਉਸ ਅਨੁਸਾਰ ਕੰਮ ਕਰੇ। ਇਹ ਅਸੂਲ ਦੀ ਗੱਲ ਸੀ। ਪਾਸ ਮੇਰੇ ਕੋਈ ਲਫ਼ਜ਼ ਨਹੀਂ ਜਿਸ ਨਾਲ

ਮੈਂ ਉਸ ਪਾਰਟੀ ਦਾ ਧੰਨਵਾਦ ਕਰਾਂ ਜਿਸ ਨੇ ਮੈਨੂੰ ਸਹਾਇਤਾ ਦਿੱਤੀ, ਜਿਨ੍ਹਾਂ ਨੇ ਹਕੀਕੀ ਤੌਰ ਤੇ ਪੰਜਾਬੀ ਅਵਾਮ ਦੀ ਮੰਗ ਨੂੰ ਸਪੋਰਟ ਦਿੱਤੀ । ਪੰਜਾਬੀ ਦੇ ਮਸਲੇ ਨੂੰ ਹੱਲ ਕੀਤਾ । (ਪ੍ਰਸ਼ੰਸਾ) ਉਨ੍ਹਾਂ ਵਿਚੋਂ ਜਿਹੜੇ ਸਾਥੀ ਸ੍ਰੀ ਫ਼ਕੀਰ ਚੰਦ, ਸ੍ਰੀ ਬਿਸ਼ੰਬਰ ਨਾਥ ਮੱਕੜ ਤੇ ਮਹੰਤ ਰਾਮ ਪ੍ਰਕਾਸ਼ ਦਾਸ ਹਨ ਉਨ੍ਹਾਂ ਦੀ ਮੈਂ ਕਿਸ ਮੂੰਹ ਨਾਲ ਇਜ਼ਤ ਕਰਾਂ । ਮੇਰੇ ਪਾਸ ਲਫ਼ਜ਼ ਨਹੀਂ ਜਿਨ੍ਹਾਂ ਨਾਲ ਉਨ੍ਹਾਂ ਦਾ ਸ਼ੁਕਰੀਆ ਅਦਾ ਕਰਾਂ ਕਿ ਉਹ ਫਿਰਕਾਪ੍ਰਸਤੀ ਅੱਗੇ ਝੁਕੇ ਨਹੀਂ । (ਪ੍ਰਸ਼ੰਸਾ) ਅਖਬਾਰਾਂ ਦੇ ਕੁਝ ਮਾਲਕਾਂ ਨੇ ਅਤੇ ਫਿਰਕਾਪ੍ਰਸਤਾਂ ਨੇ ਉਨ੍ਹਾਂ ਦੇ ਅੱਗੇ ਘੁਟਨੇ ਟੇਕ ਦਿੱਤੇ ਅਤੇ ਉਨ੍ਹਾਂ ਦੇ ਘਰਾਂ ਵਿੱਚ ਜਾ ਕੇ ਕਿਹਾ ਕਿ ਜੇਕਰ ਪੰਜਾਬੀ ਬੋਲੀ ਦਾ ਬਿੱਲ ਪਾਸ ਹੋ ਗਿਆ ਤਾਂ ਗਿੱਲ ਨੇ ਤੁਹਾਨੂੰ ਪੰਜਾਬ ਵਿੱਚ ਨਹੀਂ ਰਹਿਣ ਦੇਣਾ । ਮੈਂ ਇਕ ਵੇਰ ਫਿਰ ਉਨ੍ਹਾਂ ਸਾਥੀਆਂ ਨੂੰ ਸਿਜਦਾ ਕਰਦਾ ਹਾਂ ਜਿਨ੍ਹਾਂ ਨੇ ਫਿਰਕਾਪ੍ਰਸਤੀ ਤੋਂ ਉਪਰ ਉਠ ਕੇ, ਸੂਬੇ ਦਾ ਦਰਦ ਸਾਹਮਣੇ ਰਖਿਆ ਤੇ ਬੋਲੀ ਦੀ ਹਮਾਇਤ ਕੀਤੀ ਕਿਉਂਕਿ ਉਹ ਸਮਝਦੇ ਹਨ ਕਿ ਪੰਜਾਬੀ ਬੋਲੀ ਕਿਸੇ ਮਜ਼੍ਹਬੋ ਮਿਲਤ ਦੀ ਜਾਂ ਫ਼ਿਰਕੇ ਦੀ ਨਹੀਂ ਸਗੋਂ ਪੰਜਾਬ ਵਿੱਚ ਵਸਦੇ ਸਾਰੇ ਲੋਕਾਂ ਦੀ ਹੈ । ਇਨ੍ਹਾਂ ਮੇਰੇ ਦੋਸਤਾਂ ਨੇ ਉਤਾਂਹ ਉਠਕੇ ਵੇਖਿਆ । ਮੇਰੇ ਵਾਸਤੇ ਇਹ ਜ਼ੇਬ ਨਹੀਂ ਦੇਂਦਾ ਕਿ ਮੈਂ ਉਹ ਕੁਝ ਹਾਊਸ ਵਿਚ ਦੱਸਾਂ ਜੋ ਕੈਬਨਿਟ ਵਿਚ ਹੁੰਦਾ ਰਿਹਾ ਕਿਉਂਕਿ ਸੀਕਰੇਸੀ ਦੀ ਮੈਂ ਸਹੁੰ ਚੁਕੀ ਹੋਈ ਹੈ । ਪਰ ਜੋ ਰੇਜ਼ਲਟ ਹੁੰਦਾ ਹੈ ਉਸ ਨੂੰ ਮੈਂ ਛੁਪਾ ਨਹੀਂ ਸਕਦਾ, ਲੋਕਾਂ ਦੇ ਸਾਹਮਣੇ ਆਉਣ ਤੋਂ ਰੋਕਿਆ ਨਹੀਂ ਜਾ ਸਕਦਾ ।

ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਜਿਸ ਦਿਨ ਪੰਜਾਬ ਵਿੱਚ ਪੰਜਾਬੀ ਲਾਗੂ ਕਰ ਦਿੱਤੀ ਗਈ, ਜਿਸ ਬੋਲੀ ਦਾ ਸਾਰੇ ਪੰਜਾਬ ਨਾਲ ਤੁਅੱਲਕ ਸੀ ਉਸ ਦਿਨ ਪੰਜਾਬ ਦੇ ਮੰਦਰਾਂ ਤੇ ਮਸਜੱਦਾਂ ਵਿੱਚ ਲਾਈਟਸ ਕੀਤੀਆਂ ਗਈਆਂ ਤੇ ਜਿਸ ਲੀਡਰਸ਼ਿਪ ਦੀ ਖਾਤਰ ਅਸੀਂ ਮਰਦੇ ਰਹੇ, ਜਿਸ ਪਿੱਛੇ ਐਨੀ ਮਹਾਨ ਕੁਰਬਾਨੀ ਦਿੱਤੀ ਗਈ ਸੀ, ਉਸ ਲੀਡਰਸ਼ਿਪ ਨੇ ਜਿਸ ਨੂੰ ਮੁਦੱਈ ਹੋਣਾ ਚਾਹੀਦਾ ਸੀ ਤੇ ਮੁਈ ਸੀ ਉਸ ਨੇ ਠੀਕ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਖੁਲ੍ਹੇ ਰਖੇ । ਕੋਈ ਲਾਇਟਸ ਨਹੀਂ ਕੀਤੀਆਂ । ਪੰਜਾਬ ਦੇ ਸਭ ਦਫਤਰ ਬੰਦ ਸਨ । ਪੰਜਾਬੀ ਦੇ ਉਹ ਮੁਦੱਈ ਸੀ। ਸਭ ਜਾਣਦੇ ਹਨ ਕਿ ਪੰਜਾਬੀ ਨਾਲ ਕਿਸ ਨੂੰ ਪਿਆਰ ਹੈ । ਕਦੀ ਇਹੋ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਉਨ੍ਹਾਂ ਦੇ ਕਬਜ਼ੇ ਵਿੱਚ ਹੁੰਦੀ ਸੀ ਜਿਨ੍ਹਾਂ ਨੇ ਪੰਜਾਬ ਵਿਚ ਮਹਾਨ ਦੇਸ਼-ਭਗਤਾਂ ਨੂੰ ਜਨਮ ਦਿਤਾ, ਰੋਸ਼ਨੀ ਦਿੱਤੀ ਅੱਜ ਉਹ ਦੇਸ਼–ਭਗਤ ਇਥੇ ਮੇਰੇ ਨਾਲ ਬੈਠੇ ਹਨ । ਜੱਥੇਦਾਰ ਮੋਹਨ ਸਿੰਘ, ਜੱਥੇਦਾਰ ਸੋਹਨ ਸਿੰਘ ਜਲਾਲਉਸਮਾਂ ਹੋਰ । ਦੋਸਤਾਂ ਨੇ, ਸਰਦਾਰ ਦਰਬਾਰਾ ਸਿੰਘ ਨੇ (ਵਿਘਨ ਸ੍ਰ: ਦਰਬਾਰਾ ਸਿੰਘ ਵਲੋਂ) ਮੈਂ ਸਰਦਾਰ ਦਰਬਾਰਾ ਸਿੰਘ ਦਾ ਨਾਮ ਇਸ ਲਈ ਲਿਆ ਹੈ ਕਿ ਉਹ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਉਨ੍ਹਾਂ ਇਸੇ ਥਾਂ ਤੋਂ ਲਾਈਟ ਲਈ। ਉਸ ਵੇਲੇ ਦੀਆਂ ਦੇਸ਼-ਭਗਤਾਂ ਦੀਆਂ ਗੱਲਾਂ ਨੂੰ ਸਾਹਮਣੇ ਰਖਿਆ ਜਿਨ੍ਹਾਂ ਨੇ ਇਤਹਾਸ ਦੇ ਪੰਨੇ ਬਦਲ ਦਿੱਤੇ ਇਨ੍ਹਾਂ ਨੇ ਕਾਂਗਰਸ ਵਿੱਚ ਜਾ ਕੇ ਦੇਸ਼ ਦੀ ਆਜ਼ਾਦੀ ਦਾ ਰਾਗ ਅਲਾਪਿਆ ਤਾਂ ਉਨ੍ਹਾਂ ਦੀ ਮਾਰਫਤ ਅਲਾਪਿਆ ਜਿਨ੍ਹਾਂ ਨੇ ਗੁਰਦੁਆਰਾ ਮੂਵਮੈਂਟ ਵਿੱਚ ਮਹਾਨ ਹਿੱਸਾ ਪਾਇਆ ਤੇ ਕੁਰਬਾਨੀਆਂ ਦਿੱਤੀਆਂ । ਅਤੇ ਫਿਰ ਉਸ ਸਤਾ ਤੇ ਹਿੱਸਾ ਪਾਇਆ ਜਿਥੇ ਤੁਸੀਂ ਕੀ ਮੱਥਾ ਟੇਕਦੇ ਹੋ। ਹਰੇਕ ਨੂੰ ਮੱਥਾ ਟੇਕਣ ਵਾਸਤੇ ਤਿਆਰ ਰਹਿਣਾ ਚਾਹੀਦਾ ਹੈ । ਉਸ ਥਾਂ ਦੇ ਬੰਦਿਆਂ ਨੇ ਇੱਕ ਬੱਤੀ ਤਕ ਉਸ ਦਿਨ ਨਹੀਂ ਜਲਾਈ ਅਤੇ ਮਾਤਮ ਕੀਤਾ । ਸਾਰੇ ਦਫਤਰ ਐਸ. ਜੀ. ਪੀ. ਸੀ. ਦੇ ਖੁਲ੍ਹੇ ਰਖੇ । ਇਹ ਗਿੱਲ ਹੀ ਸੀ ਜਿਸਨੇ ਬਤੌਰ ਜਨਰਲ ਸੈਕਟਰੀ ਦੇ ਇਸ ਧੱਕੇ ਨੂੰ ਬਰਦਾਸ਼ਤ ਕੀਤਾ । ਕਿਸੇ ਹੋਰ ਦੀ ਜ਼ਾਤ ਸ਼ਾਇਦ ਇਸ ਨੂੰ ਬਰਦਾਸ਼ਤ ਨਾ ਕਰਦੀ । ਫਿਰ ਇਥੇ ਵਕੀਲ ਦੀ ਤਰ੍ਹਾਂ ਭਾਵੇਂ ਲਫ਼ਜ਼ਾਂ ਨੂੰ ਇਧਰ ਉਧਰ ਮੋੜ ਤਰੋੜ ਲਿਆ ।

[ਮੁੱਖ ਮੰਤਰੀ]

ਪਰ ਇਹ ਹਾਲਾਤ ਨਾ ਹੁੰਦੇ । ਪੰਜਾਬ ਦੀ ਜਨਤਾ ਜਾਣਦੀ ਹੈ ਕਿ ਕਾਂਗਰਸ ਆਰਗੇਨਾਈਜ਼ੇਸ਼ਨ ਕੀ ਹੈ ਤੇ ਜਨਤਾ ਪਾਰਟੀ ਕੀ ਹੈ । ਇਨ੍ਹਾਂ ਨੇ ਰਲ ਕੇ ਇਕ ਸੁਰ ਹੋਕੇ ਆਪਸੀ ਝਗੜੇ ਖਤਮ ਕਰਕੇ ਪੰਜਾਬ ਵਿੱਚ ਪੰਜਾਬੀ ਲਾਗੂ ਕਰ ਦਿੱਤੀ ਅਤੇ ਲੋਕਾਂ ਦੇ ਸਾਰੇ ਤੌਖਲੇ ਮਿਟਾ ਦਿੱਤੇ । ਜਿੱਥੇ ਤੱਕ ਹਿੰਦੀ ਦਾ ਸਵਾਲ ਹੈ ਹਿੰਦੀ ਦੇ ਦੋਸਤਾਂ ਨੇ ਅਖਬਾਰਾਂ ਵਿੱਚ ਦੇਖਿਆ ਹੋਣਾ ਹੈ ਕਿ ਮੈਂ ਕਈ ਦਫ਼ਾ ਕਿਹਾ ਹੈ ਕਿ ਹਿੰਦੀ ਪ੍ਰੇਮੀ ਜਿੰਨੇ ਹਨ ਅਤੇ ਜਿੰਨੇ ਅਖਬਾਰਾਂ ਵਾਲਿਆਂ ਨੇ ਉਨ੍ਹਾਂ ਵਿੱਚ ਹਿੰਦੀ ਲਿਖਣ ਵਾਲਾ ਚੰਗਾ ਕੋਈ ਨਹੀਂ ! ਹਿੰਦੀ ਦੀਆਂ ਬੁਕਸ ਲਿਖਣ ਵਾਲਾ ਇਥੇ ਕੋਈ ਨਹੀਂ । ਹਿੰਦੀ ਅਖ਼ਬਾਰਾਂ ਕੱਢਣ ਵਾਲਾ ਕੋਈ ਨਹੀਂ । ਮੇਰੀ ਤਵੱਜੋ ਇਸ ਪਾਸੇ ਗਈ ਹੈ ਅਤੇ ਹਿੰਦੀ ਦੀ ਤਰੱਕੀ ਲਈ ਮੈਂ ਇਕ ਕਮੇਟੀ ਬਣਾ ਦਿੱਤੀ ਹੈ ਤਾਂਕਿ ਉਹ ਖੁਸ਼ ਅਸਲੂਬੀ ਨਾਲ ਸਾਰੇ ਕੰਮ ਨੂੰ ਨਜਿੱਠਣ । ਇਸ ਕਮੇਟੀ ਵਿਚ 90% ਉਹ ਬੰਦੇ ਲਏ ਹਨ ਜਿਨ੍ਹਾਂ ਨੂੰ ਹਿੰਦੀ ਨਾਲ ਪਿਆਰ ਹੈ ਅਤੇ ਹਿੰਦੀ ਦੇ ਲਵਰ ਹਨ ਭਾਵੇਂ ਉਹ ਮੇਰੀਆਂ ਨੀਤੀਆਂ ਦੇ ਅਪੋਨੈਂਟ ਹਨ, ਤਾਂ ਜੋ ਹਿੰਦੀ ਦੀ ਤਰੱਕੀ ਹੋ ਸਕੇ (ਪ੍ਰਸ਼ੰਸਾ) ।

ਮੇਰੇ ਹਿੰਦੀ ਬਾਰੇ ਤਵੱਜੋ ਦੇਣ ਦਾ ਵਾਕਿਆਤ ਤੋਂ ਪਤਾ ਲਗਦਾ ਹੈ । ਐਜੂਕੇਸ਼ਨ ਮਨਿਸਟਰਾਂ ਦੀ ਜੋ ਕਾਨਫਰੰਸ ਸਾਰੇ ਇੰਡੀਆ ਦੀ ਦਿੱਲੀ ਵਿੱਚ ਹੋਈ ਉਸ ਵਿੱਚ ਮੈਂ ਹੀ ਪਹਿਲਾ ਐਜੂਕੇਸ਼ਨ ਮਨਿਸਟਰ ਸਾਂ ਜਿਸਨੇ ਕਿਹਾ ਸੀ ਕਿ ਹਰ ਸੂਬੇ ਦੀਆਂ ਦੋ ਬੋਲੀਆਂ ਹੋਣੀਆਂ ਚਾਹੀਦੀਆਂ ਹਨ । ਆਪਣੇ ਸੂਬੇ ਵਿੱਚ ਆਪਣੀ ਬੋਲੀ ਤੇ ਸੂਬੇ ਤੋਂ ਬਾਹਰ ਹਿੰਦੁਸਤਾਨ ਦੀ ਬੋਲੀ ਹਿੰਦੀ । ਤੇ ਇਹ ਗੱਲ ਸੁਣ ਕੇ, ਮੈਂ ਆਪਣੀ ਤਾਰੀਫ ਨਾ ਕਰਾਂ, ਇਨ੍ਹਾਂ ਜਨਸੰਘ ਵਾਲਿਆਂ ਦੇ ਮਹਾਨ ਲੀਡਰ ਸ੍ਰੀ ਬਲਰਾਜ ਮਧੋਕ ਨੇ ਕਿਹਾ ਸੀ ਕਿ ਗਿੱਲ ਤੂੰ ਅਜਿਹੀ ਸੋਹਣੀ ਗੱਲ ਕੀਤੀ ਹੈ ਕਿ ਦਿਲ ਕਰਦਾ ਤੇਰਾ ਮੂੰਹ ਚੁੰਮ ਲਵਾਂ ।

ਚੌਧਰੀ ਬਲਬੀਰ ਸਿੰਘ : ਫਿਰ ਚੁੰਮਿਆ ਕਿ ਨਹੀਂ । (ਹਾਸਾ)

ਮੁੱਖ ਮੰਤਰੀ : ਇਸ ਹਾਊਸ ਨੇ ਹੀ ਰੈਜ਼ੋਲਿਊਸ਼ਨ ਪਾਸ ਕੀਤਾ ਸੀ । ਜੇ ਕੋਈ ਵਾਕਿਆਤ ਤੋਂ ਹੀ ਅੱਖਾਂ ਤੇ ਪੱਟੀ ਬੰਨ੍ਹ ਲਏ ਤਾਂ ਕੀ ਇਲਾਜ ? ਇਸ ਅਸੈਂਬਲੀ ਨੇ ਮੰਨਿਆ ਸੀ ਕਿ ਪਜਾਬੀ ਸੂਬਾ ਪੰਜਾਬੀ ਬੋਲੀ ਦੇ ਅਧਾਰ ਤੇ ਹੋਏਗਾ ਜਿਵੇਂ ਕਿ ਹੋਰ ਸੂਬੇ ਬਣੇ ਹਨ । ਪਰ ਉਸ ਸਮੇਂ ਦੇ ਸੀ. ਐਮ. ਨੇ ਕਿਹਾ ਸੀ ਕਿ ਪੰਜਾਬੀ ਬੋਲਦੇ ਇਲਾਕੇ ਸਮੇਤ ਚੰਡੀਗੜ੍ਹ ਪੰਜਾਬੀ ਸੂਬੇ ਵਿੱਚ ਸ਼ਾਮਲ ਹੋਣੇ ਚਾਹੀਦੇ ਹਨ । ਆਪਣੇ ਖਿਆਲਾਤ ਦੀ ਤਰਜਮਾਨੀ ਕੀਤੀ ਪਰ ਜਦ ਪੰਜਾਬੀ ਲਾਗੂ ਕਰਨ ਦਾ ਸਵਾਲ ਆਇਆ । ਆਪਣੇ ਜਜ਼ਬਾਤ ਨੂੰ ਕਾਬੂ ਨਾ ਰਖ ਸਕੇ । ਇਸ ਲਈ ਮੈਂ ਕਹਿੰਦਾ ਹਾਂ ਕਿ ਹੁਣ ਅਮਲੀ ਤੌਰ ਤੇ ਹਿੰਦੀ ਦੀ ਜਿੰਨੀ ਵੱਧ ਤੋਂ ਵੱਧ ਤਰੱਕੀ ਹੋ ਸਕੀ ਕੀਤੀ ਜਾਵੇਗੀ । (ਪ੍ਰਸ਼ੰਸਾ) ਜੋ ਸੁਜੈਸ਼ਨਜ਼ ਕਮੇਟੀ ਦੇਵੇਗੀ ਉਨ੍ਹਾਂ ਨੂੰ ਮੰਨਾਂਗੇ । ਮੈਂ ਇਹ ਜਦ ਕਹਿੰਦਾ ਹਾਂ ਤਾਂ ਬਿਲਕੁਲ ਸਪਸ਼ਟ ਰੂਪ ਵਿੱਚ ਕਿ ਪੰਜਾਬੀ ਤਾਂ ਸਾਰੇ ਪੰਜਾਬ ਦੀ ਬੋਲੀ ਸੀ ਉਸ ਲਈ ਬਿਲ ਬਣ ਗਿਆ ਸੀ ਉਸ ਨੂੰ ਲਾਗੂ ਕਰਨ ਤੋਂ ਰੋਕ ਨਹੀਂ ਸੀ ਸਕਦੇ, ਅਮਲ ਹੋਣਾ ਚਾਹੀਦਾ ਸੀ । ਪਰ ਕੋਈ ਵਜਹ ਨਹੀਂ ਕਿ ਹਿੰਦੀ ਪ੍ਰੇਮੀਆਂ ਨੂੰ ਕੋਈ ਗਲਤ ਫਹਿਮੀ ਹੋਣ ਦਿੱਤੀ ਜਾਵੇ । ਹਿੰਦੀ ਪ੍ਰੇਮੀਆਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਖਲੂਸ ਦਿਲੀ ਨਾਲ ਜਿਸ ਤਰ੍ਹਾਂ ਵੀ ਵੱਧ ਤੋਂ ਵੱਧ ਹਿੰਦੀ ਦੀ ਸੇਵਾ ਹੋ ਸਕਦੀ ਹੋਵੇਗੀ ਕੀਤੀ ਜਾਵੇਗੀ ।

ਅਸੀਂ ਹਰ ਤਰ੍ਹਾਂ ਨਾਲ ਉਨ੍ਹਾਂ ਲੋਕਾਂ ਨੂੰ ਸਤਕਾਰਿਆ ਜਿਹੜੇ ਇਸ ਮੁੱਲਕ ਨੂੰ ਉੱਚਾ ਚੁੱਕਣ ਦੀ ਕੋਸ਼ਸ਼ ਕਰਦੇ ਰਹੇ ਹਨ । ਜਦੋਂ ਵੀ ਇਸ ਮੁੱਲਕ ਤੇ ਬਿਪਤਾ ਆਈ ਤਾਂ ਇਸ ਸੂਬੇ

ਦੇ ਕਵੀਆਂ ਨੇ, ਨਾਮਾ ਨਿਗਾਰਾਂ ਨੇ ਅਤੇ ਲਿਖਾਰੀਆਂ ਨੇ ਜਨਤਾ ਨੂੰ ਮੌਕੇ ਦੇ ਮੁਤਾਬਿਕ ਤਿਆਰ ਕੀਤਾ । ਜਿੱਥੇ ਕਿਸੇ ਕੰਮ ਨੂੰ ਹਜ਼ਾਰਾਂ ਬੰਦੇ ਨਹੀਂ ਕਰ ਸਕਦੇ ਉਥੇ ਇਕ ਕਵੀ ਦਾ ਲੇਖ ਉਨ੍ਹਾਂ ਨੂੰ ਆਸਮਾਨ ਤੇ ਚੁੱਕ ਕੇ ਲੈ ਜਾ ਸਕਦਾ ਹੈ । ਮੇਰੀ ਸਰਕਾਰ ਨੇ ਇਹ ਮੁਕੰਮਲ ਇਰਾਦਾ ਬਣਾ ਲਿਆ ਹੈ ਕਿ ਇਨ੍ਹਾਂ ਕਵੀਆਂ ਨੂੰ, ਲਿਖਾਰੀਆਂ ਨੂੰ ਅਤੇ ਨਾਮਾ-ਨਿਗਾਰਾਂ ਨੂੰ ਇਕ ਮਹਾਨ ਜਗ੍ਹਾ ਦੇਵੇਗੀ । 1,25,000 ਰੁਪਿਆ ਟੋਕਨ ਗਰਾਂਟ ਦੇ ਤੌਰ ਤੇ ਐਪਰੀਸੀਏਸ਼ਨ ਦੇ ਤੌਰ ਤੇ ਉਨ੍ਹਾਂ ਲੋਕਾਂ ਦੀ ਹੌਸਲਾ-ਅਫਜ਼ਾਈ ਦੇ ਵਾਸਤੇ ਦਿੱਤਾ ਹੈ । ਇਹ ਕੋਈ ਉਸ ਮਿਹਨਤ ਦਾ ਮੁੱਲ ਨਹੀਂ ਦਿੱਤਾ ਜਾ ਸਕਦਾ ਜਿਸ ਨਾਲ ਕਿ ਉਨ੍ਹਾਂ ਆਪਣੀ ਕਲਮ ਵਾਹ ਕੇ ਮੁਲਕ ਦੀ ਕਿਸਮਤ ਬਣਾਈ ਹੈ। ਇਨ੍ਹਾਂ ਤੋਂ ਕੌਮ ਹੁਣ ਵੀ ਇਹੋ ਆਸ ਕਰਦੀ ਹੈ ਕਿ ਉਹ ਆਪਣੀ ਕਲਮ ਰਾਹੀਂ ਅੱਛੀਆਂ ਤੋਂ ਅੱਛੀਆਂ ਪਲੈਨਜ਼ ਲਿਆਉਣ ਤਾਂ ਜੋ ਇਸ ਦੇਸ਼ ਦੇ ਇਤਿਹਾਸ ਨੂੰ ਹੋਰ ਉਚਾ ਚੁਕਿਆ ਜਾ ਸਕੇ । ਅਸੀਂ ਉਨ੍ਹਾਂ ਨੂੰ ਹਾਊਸ ਬਣਾਉਣ ਵਿੱਚ ਇਮਦਾਦ ਦੇਵਾਂਗੇ ਅਤੇ ਕਾਲੋਨੀਜ਼ ਬਣਾਵਾਂਗੇ ਅਤੇ ਹਰ ਤਰ੍ਹਾਂ ਦੀ ਰਿਆਇਤ ਦੇਣ ਵਿੱਚ ਅਸੀਂ ਕੋਈ ਕਸਰ ਨਹੀਂ ਰਹਿਣ ਦੇਵਾਂਗੇ । ਇਨ੍ਹਾਂ ਲਈ ਜ਼ਮੀਨ ਐਕੁਆਇਰ ਕੀਤੀ ਜਾ ਰਹੀ ਹੈ ।

ਸਰਕਾਰ ਦਾ ਆਖਿਰ ਕੋਈ ਅਸੂਲ ਹੋਣਾ ਚਾਹੀਦਾ ਹੈ ਅਤੇ ਮੈਂ ਉਸ ਅਸੂਲ ਦਾ ਕਾਇਲ ਹਾਂ ਜੋ ਚਾਰ ਆਦਮੀ ਬੈਠ ਕੇ ਮੰਨ ਲੈਣ । ਗੌਰਮਿੰਟ ਐਂਪਲਾਈਜ਼ ਦਾ ਸਵਾਲ ਆਇਆ ਕਿ ਇਸ ਮਹਿੰਗਾਈ ਦੇ ਜ਼ਮਾਨੇ ਵਿੱਚ ਉਨ੍ਹਾਂ ਵੱਲ ਤਵੱਜੋ ਦਿੱਤੀ ਜਾਵੇ । ਗੌਰਮਿੰਟ ਐਂਪਲਾਈ ਇਸ ਸਰਕਾਰ ਦਾ ਬੇਹਤਰੀਨ ਰੁਕਨ ਹੈ ਜਿਹੜਾ 24 ਘੰਟੇ ਆਪਣੀ ਡਿਊਟੀ ਦੇਣ ਲਈ ਗਾਮਜ਼ਨ ਰਹਿੰਦਾ ਹੈ । ਉਸ ਦੀਆਂ ਮੁਸ਼ਕਲਾਤ ਨੂੰ ਵੇਖਦੇ ਹੋਏ ਮੇਰੀ ਸਰਕਾਰ ਨੇ ਇਸ ਨੂੰ ਸੈਂਟਰਲ ਗੌਰਮੈਂਟ ਦੇ ਟੀ. ਏ., ਡੀ. ਏ. ਦੇ ਲੈਵਲ ਤੇ ਲਿਆਂਦਾ । ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੇ ਇਸ ਸਟੇਟ ਦੇ ਬਣਾਉਣ ਦੇ ਵਿੱਚ ਭਾਰਾ ਹਿੱਸਾ ਪਾਇਆ ਹੈ, ਅਗੋਂ ਲਈ ਵੀ ਅਸੀਂ ਉਨ੍ਹਾਂ ਦੇ ਇਸ ਅਸੂਲ ਨੂੰ ਮੰਨਿਆ ਕਿ ਜਿਉਂ ਜਿਉਂ ਸੈਂਟਰਲ ਸਰਕਾਰ ਦੇ ਅਲਾਊਂਸਿਜ਼ ਵਧਦੇ ਜਾਣਗੇ, ਸਾਡੀ ਸਰਕਾਰ ਵੀ ਵਧਾਉਂਦੀ ਹੀ ਜਾਵੇਗੀ । ਇਸ ਪ੍ਰਪਜ਼ ਵਾਸਤੇ ਅਸੀਂ 12 ਕਰੋੜ ਰੁਪਿਆ ਰੱਖਿਆ ਹੈ ।

ਇਸ ਤੋਂ ਇਲਾਵਾ ਟੀਚਰ ਵੀ ਇਸ ਮੁਲਕ ਦੇ ਬਣਾਉਣ ਵਾਲਿਆਂ ਵਿੱਚ ਇਕ ਬੜਾ ਜ਼ਰੂਰੀ ਭਾਗ ਹਨ । ਅੰਗਰੇਜ਼ਾਂ ਨੇ ਆਪਣੇ ਅਹਿਦ ਵਿੱਚ ਜੋ ਸਭ ਤੋਂ ਵੱਡਾ ਗੁਨਾਹ ਕੀਤਾ ਸੀ ਉਹ ਇਹੋ ਸੀ ਕਿ ਉਨ੍ਹਾਂ ਨੇ ਇਸ ਦੇਸ਼ ਦੇ ਟੀਚਰਾਂ ਦੇ ਸਟੇਟਸ ਨੂੰ ਉਚਾ ਨਹੀਂ ਉਠਣ ਦਿੱਤਾ। ਉਨ੍ਹਾਂ ਦਾ ਸਟੇਟਸ ਬਣਨ ਹੀ ਨਹੀਂ ਦਿੱਤਾ । ਉਹ ਸਾਡੀ ਸੁਸਾਇਟੀ ਦਾ ਇਕ ਜ਼ਰੂਰੀ ਅੰਗ ਹਨ । ਉਹ ਇਕ ਪੜ੍ਹੀ ਲਿਖੀ ਕੌਮ ਤਿਆਰ ਕਰਦੇ ਹਨ। ਦੇਸ਼ ਦੇ ਲੋਕਾਂ ਨੂੰ ਗਲਤ ਰਾਹ ਜਾਣ ਤੋਂ ਬਚਾਉਂਦੇ ਹਨ । ਕਿਸੇ ਦੇਸ਼ ਦਾ ਟੀਚਰ ਹੀ ਉਸ ਦੇਸ਼ ਦਾ ਡਾਕਟਰ ਹੁੰਦਾ ਹੈ । ਉਨ੍ਹਾਂ ਦੇ ਸਾਹਮਣੇ ਮੇਰੀ ਸਰਕਾਰ ਨੇ ਸਰ ਖ਼ਮ ਕੀਤਾ ਹੈ । ਜਿਤਨੀ ਵੀ ਇਮਦਾਦ ਉਨ੍ਹਾਂ ਦੀ ਇਹ ਸਰਕਾਰ ਕਰ ਸਕਦੀ ਸੀ ਉਹ ਕੀਤੀ ਹੈ । ਇਨ੍ਹਾਂ ਦੀ ਇਮਦਾਦ ਕਰਨ ਲਈ ਸਰਕਾਰ ਨੇ ਕੁਠਾਰੀ ਕਮਿਸ਼ਨ ਮੁਕੱਰਰ ਕੀਤਾ । ਇਹ ਮੰਗਾਂ ਦੇ ਮਨਵਾਉਣ ਲਈ ਅੱਜ ਦਿੱਲੀ ਦੇ ਟੀਚਰਾਂ ਨੇ ਐਜੀਟੇਸ਼ਨ ਕੀਤਾ ਹੋਇਆ ਹੈ । ਸੈਂਟਰਲ ਗੌਰਮਿੰਟ ਨੇ ਇਸ ਰਿਪੋਟ ਨੂੰ ਅਜੇ ਤੱਕ ਪੜ੍ਹਿਆ ਵੀ ਨਹੀਂ, ਪਰ ਅਸੀਂ ਪੰਜਾਬ ਵਿੱਚ ਕੁਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਇਨ ਟੋਟੋ ਮੰਨਿਆ ਹੈ । (ਤਾੜੀਆਂ) ਕਈ ਗੱਲਾਂ ਐਸੀਆਂ ਕਰਕੇ ਇਨ੍ਹਾਂ ਦੇ ਸਟੇਟਸ ਨੂੰ ਅੱਗੇ ਲੈ ਗਏ ਹਾਂ ਜਿਹੜੀਆਂ ਕਿ ਕੁਠਾਰੀ ਕਮਿਸ਼ਨ ਦੇ ਵਿੱਚ ਵੀ ਨਹੀਂ ਹਨ । ਬਾਕੀ ਟੀਚਰ ਜਿਹੜੇ ਵੀ ਇਸ ਵਿੱਚ ਪੂਰੀ ਤਰ੍ਹਾਂ ਜੇਕਰ ਨਹੀਂ ਆਉਣਗੇ, ਇਸ ਰਿਪੋਟ ਅਨੁਸਾਰ ਜੋ ਕੋਈ ਲੈਕੂਨਾ ਰਹਿ ਜਾਵੇ ਅਤੇ ਉਹ ਸਰਕਾਰ ਨੂੰ ਕਨਵਿੰਸ ਕਰਾ ਦਿੱਤਾ ਜਾਵੇ ਤਾਂ ਉਨ੍ਹਾਂ ਦੀ ਹਰ ਮੁਮਕਿਨ ਇਮਦਾਦ ਕੀਤੀ ਜਾਵੇਗੀ ।

[ਮੁੱਖ ਮੰਤਰੀ]

ਤੁਹਾਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਪ੍ਰਾਈਵੇਟ ਟੀਚਰਜ਼ ਅਤੇ ਪ੍ਰਾਈਵੇਟ ਕਾਲਜਿਜ਼, ਦੇ ਮੁਤਾਲਿਕ ਵੀ ਅਸੀਂ ਉਸੇ ਅਸੂਲ ਨੂੰ ਮੰਨ ਲਿਆ ਹੈ ਜਿਹੜਾ ਕਿ ਸਰਕਾਰੀ ਟੀਚਰਾਂ ਅਤੇ ਸਰਕਾਰੀ ਕਾਲਜਿਜ਼ ਦੇ ਮੁਤਾਲਿਕ ਅਸੀਂ ਮੰਨਿਆ ਹੈ । ਪਰ ਮੈਂ ਆਪਣੇ ਦੋਸਤਾਂ ਨੂੰ ਇਹ ਗੱਲ ਕਹਿ ਦੇਣੀ ਚਾਹੁੰਦਾ ਹਾਂ ਕਿ ਮੇਰੇ ਦੋਸਤਾਂ ਨੂੰ ਕਿ ਉਨ੍ਹਾਂ ਤੋਂ ਬਚਣਾ ਚਾਹੀਦਾ ਹੈ ਜਿਹੜੇ ਸਟਰਾਈਕਾਂ ਦੀ ਤਰਫ ਲੈ ਜਾਂਦੇ ਹਨ । ਜਤੋਂ ਮੈਂ ਇਕ ਅਸੂਲ ਨੂੰ ਮੰਨਦਾ ਹਾਂ ਤਾਂ ਕੋਈ ਵਜਾਹ ਨਹੀਂ ਕਿ ਕੋਈ ਕਿਸੇ ਬੰਦੇ ਨੂੰ ਸਟਰਾਈਕ ਦੇ ਪਾਸੇ ਵੱਲ ਲੈ ਜਾਵੇ । ਐਡਮਨਿਸਟਰੇਸ਼ਨ ਦਾ ਕੰਮ ਹੈ ਕਿ ਸਟਰਾਈਕਾਂ ਤੋਂ ਹਮੇਸ਼ਾਂ ਬਚਿਆ ਜਾਵੇ ਕਿਉਂਕਿ ਇਸ ਨਾਲ ਫਾਇਦਾ ਕੋਈ ਨਹੀਂ ਹੁੰਦਾ ਸਗੋਂ ਮੁਸ਼ਕਲਾਤ ਵਧਦੀਆਂ ਹਨ। ਹਾਂ ਜੇ ਕੋਈ ਇੰਪਲੀਮੈਂਟ ਕਰਨ ਦੇ ਵਿੱਚ ਕੋਈ ਦੇਰੀ ਹੁੰਦੀ ਹੈ, ਜਾਂ ਫਿਰਕੇਦਾਰੀ ਦੀ ਵਜਾਹ ਨਾਲ ਕੋਈ ਆਪਣੀ ਫਰਜ਼ਸ਼ਨਾਸ਼ੀ ਨਹੀਂ ਸਮਝਦਾ, ਮੈਂ ਇਨ੍ਹਾਂ ਨੂੰ ਰਿਆਇਤ ਮੁਨਾਸਿਬ ਸਜ਼ਾ ਦੇਵਾਂਗਾ । ਪਰ ਇਸ ਦੇ ਨਾਲ ਹੀ ਮੈਂ ਉਨ੍ਹਾਂ ਨੂੰ ਇਸ ਗੱਲ ਤੋਂ ਵਾਰਨ ਵੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਕੂਹਣੀਮਾਰਾਂ ਤੋਂ ਬਚੋ । ਉਨ੍ਹਾਂ ਨੂੰ ਨਾ ਲੇਬਰ ਨਾਲ ਹਮਦਰਦੀ ਹੈ ਅਤੇ ਨਾ ਹੀ ਮੁਲਾਜ਼ਮਾਂ ਨਾਲ । ਉਹ ਲੀਡਰੀ ਦੇ ਨਸ਼ੇ ਵਿੱਚ ਆਕੇ ਆਪਣੇ ਆਪ ਨੂੰ ਲੇਬਰ ਦੇ ਨੁਮਾਇੰਦੇ ਕਹਾਉਣ ਦੇ ਵਿੱਚ ਖੁਸ਼ੀ ਮਹਿਸੂਸ ਕਰਦੇ ਹਨ । ਜਿਥੇ ਵੀ ਕਿਤੇ ਜੇ ਕਿਸੇ ਨਾਲ ਜ਼ਿਆਦਤੀ ਹੁੰਦੀ ਹੈ ਮੈਂ ਉਸ ਨੁਕਤੇ-ਨਿਗਾਹ ਨਾਲ ਸੋਚਦਾ ਹੋਇਆ ਹਰ ਸ਼ੋਬੇ ਦੇ ਵਿੱਚ ਹੈਲਪ ਕਰਨ ਲਈ ਤਿਆਰ ਹਾਂ । ਅੱਛੀ ਸਰਕਾਰ ਦਾ ਇਹ ਵੀ ਮਤਲਬ ਨਹੀਂ ਕਿ ਜੇ ਕਿਸੇ ਨੇ ਸਟਰਾਈਕ ਕਰ ਦਿੱਤੀ ਤਾਂ ਸਾਰੀ ਗੱਲ ਤੇ ਪਹੁੰਚੇ ਬਿਨਾਂ ਹੀ ਗੱਲ ਮੰਨ ਲਵਾਂ ਜਾਂ ਜੇ ਜਾਇਜ਼ ਹੋਵੇ ਤਾਂ ਇਨਕਾਰ ਕਰ ਦੇਵਾਂ । ਮੈਂ ਇਸ ਅਸੂਲ ਦਾ ਹਾਮੀ ਹਾਂ ਕਿ ਹਰ ਜਾਇਜ਼ ਮੰਗ ਨੂੰ ਜਿੱਥੋਂ ਤੱਕ ਰੀਸੋਰਸਿਜ਼ ਨੇ ਇਜਾਜ਼ਤ ਦਿੱਤੀ ਮੰਨਣ ਦੀ ਕੋਸ਼ਸ਼ ਕੀਤੀ ਜਾਵੇਗੀ । ਇਹ ਗੱਲ ਮੈਂ ਫੇਰ ਦੁਹਰਾਉਂਦਾ ਹਾਂ ਕਿ ਲਾਲੈਸਨੈਸ ਹਰਗਿਜ਼ ਨਹੀਂ ਹੋਣ ਦਿੱਤੀ ਜਾਵੇਗੀ ।

ਪੰਜਾਬ ਰੋਡਵੇਜ਼ ਵਾਲਿਆਂ ਨੂੰ ਹੜਤਾਲ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਐਸੋਸੀਏਸ਼ਨ ਨੂੰ ਦੋਸਤਾਨਾ ਤੌਰ ਤੇ ਸਮਝਾਇਆ ਕਿ ਉਨ੍ਹਾਂ ਦੀ ਵਾਜਬ ਗੱਲ ਮੰਨਣ ਤੋਂ ਮੈਨੂੰ ਕੋਈ ਇਨਕਾਰ ਨਹੀਂ । ਉਨ੍ਹਾਂ ਨੂੰ ਕਿਹਾ ਕਿ ਦੋਸਤਾਨਾ ਤਰੀਕੇ ਨਾਲ ਤੁਸੀਂ ਸਾਰੀ ਗੱਲ ਜੇ ਨਿਪਟਾ ਲਵੋ ਤਾਂ ਇਸ ਤੋਂ ਚੰਗੀ ਗੱਲ ਕੋਈ ਹੋਰ ਨਹੀਂ । ਪੰਜਾਬ ਦੀ ਜਨਤਾ ਇਹ ਰੋਜ਼ ਰੋਜ਼ ਦੇ ਝਗੜਿਆਂ ਤੋਂ ਤੰਗ ਆ ਚੁੱਕੀ ਹੈ । ਮੈਂ ਉਨ੍ਹਾਂ ਨੂੰ ਕਿਹਾ ਕਿ ਇਸ ਤਰ੍ਹਾਂ ਦਾ ਜੋ ਉਨ੍ਹਾਂ ਦਾ ਕੋਈ ਝਗੜਾ ਹੈ ਉਹ ਮਿਲ ਬੈਠ ਕੇ ਨਜਿਠਿਆ ਜਾ ਸਕਦਾ ਹੈ । ਜਦੋਂ ਬੋਨਸ ਦੇ ਮੁਤਾਲਿਕ ਹਰਿਆਣੇ ਵਾਲਿਆਂ ਵੱਲੋਂ ਕੋਈ ਅਵਾਰਡ ਹੋਇਆ ਨਹੀਂ ਸੀ ਮੈਂ ਉਨ੍ਹਾਂ ਨੂੰ ਕਿਹਾ ਸੀ ਕਿ 4% ਬੋਨਸ ਦੇ ਦਿਆਂਗਾ ਫੇਰ ਜੋ ਹਰਿਆਣੇ ਵਾਲਿਆਂ ਨੇ ਦਿੱਤਾ ਉਹ ਦੇਵਾਂਗੇ । ਹੁਣ ਹਰਿਆਣੇ ਵਾਲਿਆਂ ਨੇ 3½% ਦੇਣਾ ਮੰਨਿਆ ਹੈ । ਪਰ ਮੇਰੀ ਇਨ੍ਹਾਂ ਨਾਲ 4% ਤੇ ਗੱਲ ਹੋਈ ਸੀ ਉਸ ਤੇ ਮੈਂ ਅੱਜ ਵੀ ਕਾਇਮ ਹਾਂ ਪਰ ਇਨ੍ਹਾਂ ਦੇ ਲੀਡਰ ਫਿਰ ਗਏ ਅਤੇ ਹੁਣ ਇਹ ਕਹਿੰਦੇ ਹਨ ਕਿ 6% ਦੇ ਹਿਸਾਬ ਨਾਲ ਬੋਨਸ ਵਰਕਰਜ਼ ਨੂੰ ਦਿੱਤਾ ਜਾਵੇ । ਸਵਾਏ ਇਸ ਦੇ ਕਿ ਚੰਦ ਬੰਦੇ ਲਾ ਐਂਡ ਆਰਡਰ ਨੂੰ ਖਰਾਬ ਕਰਨ ਤੇ ਤੁਲੇ ਹੋਏ ਹਨ ਹੋਰ ਕੋਈ ਗੱਲ ਨਹੀਂ ਹੈ । ਪਰ ਅਸੀਂ ਐਸੇ ਬੰਦਿਆਂ ਦੇ ਖਿਲਾਫ ਜੋ ਕਾਨੂੰਨ ਇਜਾਜ਼ਤ ਦਿੰਦਾ ਹੈ ਜ਼ਰੂਰ ਕਾਰਵਾਈ ਕਰਾਂਗੇ, ਬਗੈਰ ਕਿਸੇ ਹੀਲੋ ਹੁਜਤ ਦੇ । ਲਾ ਐਂਡ ਆਰਡਰ ਬਰਕਰਾਰ ਰਖਣ ਲਈ ਇਸ ਸਰਕਾਰ ਵੱਲੋਂ ਹਰ ਮੁਮਕਨ ਕੋਸ਼ਸ਼ ਕੀਤੀ ਜਾਵੇਗੀ । ਮੈਂ ਲੁਧਿਹਾਣੇ ਦੀ ਰੀਪੋਰਟ ਪੇਸ਼ ਕਰ ਸਕਦਾ ਹਾਂ । ਮੈਂ ਸਮਝਦਾ ਹਾਂ ਕਿ ਉਸ ਸਰਕਾਰ ਨੂੰ ਕਦੇ ਜਨਤਾ ਮੁਆਫ ਨਹੀਂ ਕਰ ਸਕਦੀ ਜਿਸ ਦੇ ਅਹਿਦ ਵਿੱਚ ਲੁਧਿਹਾਣੇ ਦੇ ਉਸ ਬਾਜ਼ਾਰ ਵਿੱਚ

ਫੋਹਸ਼ ਅਤੇ ਗੰਦੀਆਂ ਗਾਲਾਂ ਨੌਜਵਾਨ ਬੱਚੇ ਬੱਚੀਆਂ ਵਿੱਚ ਕਢੀਆਂ ਜਾਣ, ਖਾਸ ਤੌਰ ਤੇ ਉਸ ਸੜਕ ਤੇ ਜਿਥੋਂ ਦੀ ਕਿ ਵੇਲੇ ਦੀ ਸਰਕਾਰ ਦੇ ਚੀਫ ਮਨਿਸਟਰ ਦਾ ਰੋਜ਼ ਦਾ ਆਉਣਾ ਜਾਣਾ ਹੋਵੇ । ਇਸ ਤਰ੍ਹਾਂ ਦੀਆਂ ਗੱਲਾਂ ਕਦੇ ਵੀ ਨਹੀਂ ਹੋਣ ਦੇਵਾਂਗੇ । ਕਿਸੇ ਦੀ ਧੀ ਭੈਣ ਜੋ ਕਾਲਜ ਜਾਂ ਸਕੂਲ ਵਿੱਚ ਪੜ੍ਹਨ ਜਾਂਦੀ ਹੈ ਅਸੀਂ ਆਪਣੇ ਵੱਲੋਂ ਪੂਰੀ ਕੋਸ਼ਸ਼ ਕਰਾਂਗੇ ਕਿ ਉਹ ਬਿਲਾ ਖੌਫ, ਆਜ਼ਾਦੀ ਦੇ ਨਾਲ ਜਿਥੇ ਵੀ ਪਹੁੰਚਣਾ ਚਾਹੇ ਜਾ ਸਕੇ । ਸਰਕਾਰ ਮੁਹਾਫਜ਼ ਦਾ ਪੂਰੀ ਇਮਾਨਦਾਰੀ ਨਾਲ ਆਪਣਾ ਫਰਜ਼ ਨਿਭਾਏਗੀ । ਅਸੀਂ ਤਾਂ ਉਸ ਅਸੂਲ ਦੇ ਕਾਇਲ ਹਾਂ ਕਿ ਕਾਨੂੰਨ ਦੇ ਮੁਤਾਬਿਕ ਜਿਵੇਂ ਜੱਜ ਨੂੰ ਆਪਣੇ ਪੁਤਰ ਨੂੰ ਵੀ ਕਟਹਿੜੇ ਦੇ ਵਿੱਚ ਖੜਾ ਕਰਨਾ ਪੈਂਦਾ ਹੈ ਅਸੀਂ ਉਸੇ ਤਰ੍ਹਾਂ ਹੀ ਇਕ ਮੁਨਸਫ ਦੇ ਤੌਰ ਤੇ ਕਾਨੂੰਨ ਦੀ ਪਾਲਣਾ ਕਰਾਂਗੇ । ਜੇ ਕਿਸੇ ਨੇ ਵੀ ਕਿਸੇ ਦੀ ਧੀ ਭੈਣ ਤੇ ਹਥ ਉਠਾਇਆ ਤਾਂ ਉਸ ਦਾ ਸਿਰ ਭਨ ਦਿੱਤਾ ਜਾਵੇਗਾ । ਤਿੰਨ ਮਹੀਨੇ ਦੇ ਅਰਸੇ ਦੇ ਵਿੱਚ ਅਜੇ ਤੱਕ ਇਕ ਵੀ ਵਾਕਿਆ ਨਹੀਂ ਹੋਇਆ । ਸਿਰਫ ਇਕ ਵਾਕਿਆ ਹੋਇਆ ਸੀ । ਉਸ ਲੜਕੀ ਦੀ ਉਮਰ 16 ਸਾਲ ਸੀ । ਤੁਸੀਂ ਆਪਣੇ ਕਲੇਜੇ ਤੇ ਹੱਥ ਰਖਕੇ ਕਹੋ ਕਿ ਜੇ ਉਹ ਲੜਕੀ ਤੁਹਾਡੀ ਹੁੰਦੀ ਤਾਂ ਤੁਹਾਡੇ ਨਾਲ ਕਿਸ ਤਰ੍ਹਾਂ ਬੀਤਦੀ । ਮੈਂ ਐਸ. ਪੀ. ਨੂੰ ਕਿਹਾ ਕਿ ਲੜਕੀ ਤਿੰਨ ਵਜੇ ਤਕ ਮਿਲ ਜਾਣੀ ਚਾਹੀਦੀ ਹੈ ਨਹੀਂ ਤਾਂ ਚੰਡੀਗੜ੍ਹ ਆਕੇ ਹਾਜ਼ਰੀ ਦਿਉ । ਮੈਨੂੰ ਤਾਂ ਉਹ ਐਸ. ਪੀ. ਚਾਹੀਦਾ ਹੈ ਜੋ ਕਿ ਲੋਕਾਂ ਦਾ ਮੁਹਾਫਜ਼ ਹੋਵੇ ਅਤੇ ਲਾ ਐਂਡ ਆਰਡਰ ਕਾਇਮ ਰਖੇ ।

ਫਿਰ ਪੀ. ਸੀ. ਐਸ. ਦੇ ਬਾਰੇ ਜ਼ਿਕਰ ਆਇਆ ਹੈ । ਉਸ ਵਾਸਤੇ ਅਸੀਂ ਪੇ ਕਮਿਸ਼ਨ ਬਣਵਾਇਆ ਹੈ । ਕੇਸ ਉਸ ਦੇ ਕੋਲ ਪੇਸ਼ ਹੋਣਾ ਹੈ । ਪਰ ਮੈਂ ਮਹਿਸੂਸ ਕਰਦਾ ਹਾਂ ਕਿ ਕਈ ਕੇਸ ਹਨ ਜਿਨ੍ਹਾਂ ਵਲ ਫੌਰੀ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ । ਮੈਂ ਇੰਜਨੀਅਰਾਂ ਅਤੇ ਡਾਕਟਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਦਿਲ ਵਿੱਚ ਤੁਹਾਡੇ ਵਾਸਤੇ ਬੜਾ ਸਤਿਕਾਰ ਹੈ । ਮੈਂ ਤਾਂ ਕਹਿ ਚੁੱਕਾ ਹਾਂ ਕਿ ਈਸ਼ਵਰ ਤੋਂ ਬਾਅਦ ਟੀਚਰ ਅਤੇ ਉਸ ਤੋਂ ਬਾਅਦ ਡਾਕਟਰ ਹਨ । ਇਸ ਤੋਂ ਤੁਸੀਂ ਮੇਰੇ ਜਜ਼ਬਾਤ ਦਾ ਅੰਦਾਜ਼ਾ ਲਗਾ ਸਕਦੇ ਹੋ । ਮੈਂ ਕਮਿਸ਼ਨ ਦੇ ਜੱਜ ਸਾਹਿਬ ਨੂੰ ਵੀ ਮਿਲਿਆ ਸਾਂ । ਸ਼ਾਇਦ ਉਹ ਕੁਝ ਅੰਤਰਮ ਰਲੀਫ ਵੀ ਦੇਣ । ਸੋ ਅਸੀਂ ਉਨ੍ਹਾਂ ਦੇ ਸਟੇਟਸ ਨੂੰ ਸਾਹਮਣੇ ਰੱਖ ਕੇ ਉਨ੍ਹਾਂ ਬਾਰੇ ਫੈਸਲਾ ਕਰਾਂਗੇ ।

ਕੈਪਟਨ ਰਤਨ ਸਿੰਘ : ਮੈਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ **ਜੁਡੀਸ਼ਰੀ ਦੇ ਪੀ. ਸੀ. ਐਸ. ਐਗਜ਼ੇਕਟਿਵ ਨਾਲੋਂ ਵਖ ਹਨ ?**

ਮੁੱਖ ਮੰਤਰੀ : ਜੀ ਹਾਂ । ਐਗਜ਼ੇਕਟਿਵ ਦੇ ਪੀ. ਸੀ. ਐਸ. ਅਤੇ ਜੁਡੀਸ਼ਰੀ ਦੇ ਪੀ. ਸੀ. ਐਸ. ਅਫ਼ਸਰਾਂ ਦੀਆਂ ਤਨਖਾਹਾਂ ਵਿਚ ਫਰਕ ਹੈ ।

ਸਪੀਕਰ ਸਾਹਿਬ, ਮੈਨੂੰ ਅਫ਼ਸੋਸ ਹੈ ਕਿ ਮੇਰੇ ਦੋਸਤ ਚਲੇ ਗਏ ਹਨ । ਉਨ੍ਹਾਂ ਵਿਚ ਹੌਂਸਲਾ ਹੋਣਾ ਚਾਹੀਦਾ ਸੀ ਦੂਜੇ ਦੀ ਗੱਲ ਸੁਨਣ ਦਾ । ਮੈਂ ਖੇਤੀ ਬਾੜੀ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਇਸ ਦੀ ਤਰੱਕੀ ਤੋਂ ਬਿਨਾਂ ਪੰਜਾਬ ਤਰੱਕੀ ਦੇ ਰਾਹ ਤੇ ਗਾਮਜ਼ਨ ਨਹੀਂ ਹੋ ਸਕਦਾ ਕਿਉਂਕਿ 60 ਫੀ ਸਦੀ ਅਬਾਦੀ ਇਸ ਤੇ ਨਿਰਭਰ ਹੈ । ਉਨ੍ਹਾਂ ਨੂੰ ਚੰਗਾ ਬੀਜ ਅਤੇ ਚੰਗੀ ਖਾਦ ਮਿਲਣੀ ਚਾਹੀਦੀ ਹੈ । ਉਨ੍ਹਾਂ ਦੀ ਪਰੋਡਕਸ਼ਨ ਦੀ ਪੂਰੀ ਪੂਰੀ ਕੀਮਤ ਮਿਲਣੀ ਚਾਹੀਦੀ ਹੈ । ਕਿਉਂ ਨਾ ਮਿਲੇ ਉਸ ਆਦਮੀ ਨੂੰ ਜੋ ਇਤਨੀ ਮਿਹਨਤ ਕਰਦਾ ਹੈ ? ਪਰ ਕੀ ਕਹਾਂ ਆਪਣੇ ਦੋਸਤ ਨੂੰ । ਇਸ ਨੇ ਮੈਨੂੰ ਕਹਿਣਾ ਕਿ ਗਿਲ ਅੰਦਰ ਚੰਗੀ ਤਰ੍ਹਾਂ ਲੜੀਂ ਜ਼ਿਮੀਂਦਾਰਾਂ ਵਾਸਤੇ । ਪਰ ਅੰਦਰ ਜ਼ਾਕੇ ਕਹਿ ਦਿੰਦਾ ਸੀ ਕਿ ਬਸ 50–55 ਰੁਪਏ ਠੀਕ

[ਮੁੱਖ ਮੰਤਰੀ]

ਹੈ । ਸਪੀਕਰ ਸਾਹਿਬ, ਮੈਂ ਮਰੋੜੀ ਨਾ ਦਿੰਦਾ ਤਾਂ ਕਣਕ ਦਾ ਭਾਹ 72 ਤੋਂ 80 ਰੁਪਏ ਕਦੇ ਨਾ ਹੁੰਦਾ (ਥੰਪਿੰਗ) ਮੈਂ ਮਰੋੜੀ ਦਿਤੀ ਤਾਂ ਇਹ ਕੀਮਤ ਵਧੀ । ਚਾਹੀਦਾ ਤਾਂ ਇਹ ਸੀ ਕੀ ਇਹ ਕਾਂਗਰਸ ਨਾਲੋਂ ਵਧ ਰਲੀਫ ਦਿੰਦੇ । ਇਸ ਬਾਰੇ ਮੈਂ ਕਾਂਗਰਸ ਦੀ ਤਾਰੀਫ ਕਰਦਾ ਹਾਂ ਕਿ ਉਹ ਇਸ 8 ਮਹੀਨੇ ਦੇ ਦੌਰਾਨ ਸਾਡੇ ਰਸਤੇ ਵਿਚ ਨਹੀਂ ਆਏ । ਭਾਵੇਂ ਉਹ 20 ਸਾਲ ਹਕੂਮਤ ਤੇ ਕਾਬਜ਼ ਰਹੇ ਪਰ ਉਨ੍ਹਾਂ ਨੇ ਕਦੇ ਸਾਡੇ ਰਾਹ ਵਿਚ ਰੋੜਾ ਨਹੀਂ ਅਟਕਾਇਆ। ਉਹ ਇਹ ਸਮਝਦੇ ਸਨ ਕਿ ਇਹ ਤਿੰਨ ਵੱਖੋ ਵਖਰੀਆਂ ਆਡਿਆਲੋਜੀ ਵਾਲੇ ਲੋਕ ਇਕੱਠੇ ਹੋਏ ਹਨ । ਇਹ ਹਮੇਸ਼ਾਂ ਇਕੱਠੇ ਨਹੀਂ ਰਹਿ ਸਕਦੇ । ਸਪੀਕਰ ਸਾਹਿਬ, ਇਹ ਗੱਲ ਠੀਕ ਸੀ । ਸਾਨੂੰ ਤਾਂ 10 ਮਈ ਨੂੰ ਇਹ ਅੰਦਾਜ਼ਾ ਹੋ ਗਿਆ ਸੀ ਕਿ ਹੁਣ ਇਕੱਠੇ ਰਹਿਣਾ ਮੁਸ਼ਕਲ ਹੈ ਜਦ ਕਿ ਅੰਮ੍ਰਿਤਸਰ ਵਿਚ ਲੇਬਰ ਦਾ ਝਗੜਾ ਸੀ । ਮੈਂ ਉਥੇ ਗਿਆ ਉਥੇ ਹੀ ਐਸ. ਪੀ. ਸੀ ਜਿਹੜਾ ਕਿ ਹੁਣ ਹੈ। ਮੈਂ ਉਸ ਨੂੰ ਪੁਛਿਆ ਕਿ ਇਸ ਗੜਬੜ ਦਾ ਕੀ ਕਾਰਣ ਹੈ ਤਾਂ ਉਸ ਨੇ ਜਵਾਬ ਦਿਤਾ ਕਿ ਜਨਾਬ ਕਮਿਊਨਿਸਟ ਵਜ਼ੀਰ ਆਇਆ ਸੀ ਤਾਂ ਉਸ ਨੇ ਇਹ ਹੁਕਮ ਦਿਤਾ ਸੀ ਕਿ 'ਜੋ ਹਾਥ ਇਨ ਪਰ ਉਠੇਗਾ ਵੋਹ ਤੋੜ ਦੀਆ ਜਾਏਗਾ' । ਫਿਰ ਜਨ ਸੰਘ ਜੋ ਕਿ ਇੰਡਸਟਰੀ ਦਾ ਪੁੱਤਰ ਹੈ (ਹਾਸਾ) ਮੈਂ ਠੀਕ ਕਿਹਾ ਹੈ, ਇਹ ਪਾਰਟੀ ਇੰਡਸਟਰੀਅਲਿਸਟ ਨੇ ਬਣਾਈ ਸੀ। ਪਰ, ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਪ੍ਰਬੰਧ ਕਰ ਦਿਤਾ ਹੈ। ਇਹ ਵੀ ਹੁਣ ਗਿੱਲ ਨੂੰ ਸਦੀਆਂ ਤਕ ਯਾਦ ਰਖਣਗੇ । ਮੈਂ ਇਕ ਵਪਾਰੀ ਨੂੰ ਲਿਆ ਅਤੇ ਇਕ ਇੰਡਸਟਰੀਅਲਿਸਟ ਨੂੰ ਲਿਆ ਤੇ ਕਿਹਾ ਕਿ ਤੁਹਾਡੇ ਨਾਲ ਜਨ ਸੰਘ ਨੇ ਕੀ ਵਰਤਾਰਾ ਕੀਤਾ ਹੈ । ਸੋ ਮੈਂ ਅਰਜ਼ ਕਰ ਰਿਹਾ ਸਾਂ ਕਿ ਜਦ ਜਨ ਸੰਘੀ ਵਜ਼ੀਰ ਗਏ ਤਾਂ ਇਨ੍ਹਾਂ ਨੇ ਕਿਹਾ ਕਿ 'ਤੁਹਾਡੇ ਹੱਥ ਕੋਈ ਨਹੀਂ ਭੰਨ ਸਕਦਾ ।' ਤੇ ਜਦ ਚੀਫ ਮਨਿਸਟਰ ਗਿਆ ਤਾਂ ਐਸ. ਪੀ. ਨੇ ਕਿਹਾ ਕਿ ਦੋ ਵਖ ਵਖ ਪਾਰਟੀਆਂ ਦੇ ਵਜ਼ੀਰ ਵਖ ਵਖ ਹੁਕਮ ਕਰਦੇ ਹਨ ਤਾਂ ਉਸ ਨੇ ਕਿਹਾ ਕਿ ਕੋਈ ਤੀਜਾ ਰਸਤਾ ਕਢ ਲਉ (ਹਾਸਾ) ਜਦ ਕਿਸੇ ਅਫਸਰ ਨੂੰ ਇਹ ਇਜਾਜ਼ਤ ਦੇ ਦਿਤੀ ਕਿ ਤੀਸਰਾ ਰਸਤਾ ਕਢ ਲਓ ਤਾਂ ਇਸ ਦਾ ਮਤਲਬ ਇਹ ਹੋਇਆ ਕਿ ਸਾਰੀ ਵਾਗ ਡੋਰ ਇਸ ਦੇ ਹਥ ਵਿਚ ਦੇ ਦਿਤੀ । ਮੈਂ ਇਹ ਆਪਣਾ ਫਰਜ਼ ਸਮਝਦਾ ਹਾਂ ਕਿ ਐਸਾ ਨਾ ਹੋਣ ਦਿਆਂ । ਮੈਂ ਵੀ ਮਾਸਿਜ਼ ਵਿਚੋਂ ਆਇਆ ਹਾਂ, ਕਿਸੇ ਰਾਜੇ ਮਹਾਰਾਜੇ ਦੇ ਘਰ ਨਹੀਂ ਸੀ ਜੰਮਿਆਂ। ਬੜੀ ਮੁਦਤ ਤੋਂ ਪੁਲੀਟੀਕਲ ਪਾਰਟੀਆਂ ਵਿਚ ਰਿਹਾ ਹਾਂ । ਆਪਣੀ ਜ਼ਿੰਦਗੀ ਦਾ ਬਿਹਤਰੀਨ ਹਿੱਸਾ ਕਾਂਗਰਸ ਵਿਚ ਲੰਘਾਇਆ ਹੈ । ਮੈਂ ਮਾਸਿਜ਼ ਦੀ ਗੱਲ ਸਮਝਦਾ ਹਾਂ । ਇਹ ਅਜ ਕਹਿੰਦੇ ਹਨ ਕਿ ਪੁਲਸ ਦਾ ਰਾਜ ਹੈ ਮੈਂ ਇਹ ਗੱਲ ਫ਼ਖਰ ਨਾਲ ਕਹਿ ਸਕਦਾ ਹਾਂ ਕਿ ਪੰਜਾਬ ਵਿਚ ਕਿਧਰੇ ਦਫ਼ਾ 144 ਨਹੀਂ ਲਗੀ, ਗੋਲੀ ਨਹੀਂ ਚਲੀ, ਟੀਅਰਗੈਸ ਨਹੀਂ ਚਲੀ, ਲਾਠੀ ਨਹੀਂ ਚਲੀ (ਥੰਪਿੰਗ) ਮੈਂ ਸਮਝਦਾ ਹਾਂ ਕਿ ਡੈਮੋਕਰੇਸੀ ਵਿਚ ਹਰ ਆਦਮੀ ਨੂੰ ਹਕ ਹੈ ਕਿ ਉਹ ਆਪਣਾ ਵਿਚਾਰ ਪ੍ਰਗਟ ਕਰੇ । ਇਨ੍ਹਾਂ ਨੇ ਮੁਜ਼ਾਹਰਾ ਕੀਤਾ । ਮੈਂ ਤਾਂ ਇਹ ਇੰਸਟ੍ਰਕਸ਼ਨਜ਼ ਕੀਤੀਆਂ ਸਨ ਕਿ ਕੁਰਸੀਆਂ ਲੈ ਜਾਵੋ । ਜਦ ਮੁਜ਼ਾਹਰੇ ਵਾਲੇ ਥਕ ਜਾਣ ਤਾਂ ਬਿਠਾ ਦਿਉ। ਸੋਡਾ ਲੈ ਜਾਉ, ਚਾਹ ਲੈ ਜਾਵੋ । ਸਪੀਕਰ ਸਾਹਿਬ, ਉਹ ਕਹਿੰਦੇ ਸਨ ਕਿ ਦੋ ਲਖ ਆਦਮੀ ਕਠਾ ਕਰਾਂਗੇ । ਜੇ ਕਿਧਰੇ ਵੀ ਪਾਬੰਦੀ ਨਾ ਲਗੀ ਹੋਣ ਦੇ ਬਾਵਜੂਦ ਆਦਮੀ ਇਕੱਠੇ ਨਾ ਹੋਣ ਤਾਂ ਇਹ ਮੇਰਾ ਕਸੂਰ ਤਾਂ ਨਹੀਂ ਹੈ । ਇਹ ਜਿਹੜੇ ਦਾਅਵੇ ਕਰਦੇ ਸਨ ਕਿ ਗਿੱਲ ਗੌਰਮਿੰਟ ਇਸ ਤਰ੍ਹਾਂ ਖ਼ਤਮ ਹੋ ਜਾਵੇਗੀ ਉਸ ਤਰ੍ਹਾਂ ਖ਼ਤਮ ਹੋ ਜਾਵੇਗੀ ਇਨ੍ਹਾਂ ਨੇ ਜਿਤਨਾ ਆਦਮੀ ਇਕੱਠਾ ਕੀਤਾ ਉਹ ਦਸਦਿਆਂ ਵੀ ਸ਼ਰਮ ਆਉਂਦੀ ਹੈ । ਉਹ ਤਾਂ ਮਰਾਸੀ ਦੇ ਘਰ ਬਰਾਤ ਵਾਲੀ ਗੱਲ ਹੈ । (ਹਾਸਾ) ਕੇਵਲ 3,700 ਲੋਕ ਆਏ ਸਨ । ਫਿਰ ਇਨ੍ਹਾਂ ਨੇ ਕਿਹਾ ਕਿ ਗਿੱਲ ਮਨਿਸਟਰੀ ਦੇ

ਖ਼ਿਲਾਫ਼ ਤੂਫਾਨ ਪੈਦਾ ਕਰ ਦਿਤਾ ਜਾਵੇਗਾ । ਰੈਲੀਆਂ ਹੋਣਗੀਆਂ । ਪਰ ਉਨ੍ਹਾਂ ਰੈਲੀਆਂ ਦੇ ਮਲਾਹ ਹੀ ਇਕ ਨੁਕਰ ਲਗ ਕੇ ਬੈਠ ਗਏ ਤਾਂ ਰੈਲੀਆਂ ਕਿਸ ਕਰਨੀਆਂ ਸਨ । ਉਹ ਮਲਾਹ ਹਨ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ । ਸਪੀਕਰ ਸਾਹਿਬ, ਸਾਡੇ ਤੋਂ ਵਧ ਕਿਸੇ ਮਜ਼ਹਬ ਦੀ ਇੱਜ਼ਤ ਕੋਈ ਨਹੀਂ ਕਰ ਸਕਦਾ । ਮੈਂ ਇਨ੍ਹਾਂ ਥਾਵਾਂ ਦਾ ਇਹਤਰਾਮ ਕਰਦਾ ਹਾਂ ਪਰ ਜਿਸ ਤਰ੍ਹਾਂ ਉਥੇ ਅਜ ਰੋਡਵੇਜ਼ ਦੇ ਵਰਕਰਾਂ ਦੀ ਮੀਟਿੰਗ ਹੋ ਰਹੀ ਹੈ, ਉਸ ਨੂੰ ਵੇਖ ਕੇ ਲੋਕ ਸਮਝਣਗੇ ਕਿ ਸਾਰੇ ਭਗੋੜੇ ਉਥੇ ਜਾ ਲੁਕੇ ਹਨ । ਕਲ੍ਹ ਨੂੰ ਕੋਈ ਕਤਲ ਕਰਕੇ ਉਥੇ ਜਾ ਲੁਕੇਗਾ । ਮੈਂ ਪੰਜਾਬ ਦੇ ਲੋਕਾਂ ਨੂੰ, ਲੈਜਿਸਲੇਟਰਾਂ ਨੂੰ ਅਰਜ਼ ਕਰਦਾ ਹਾਂ ਕਿ ਉਹ ਉਨ੍ਹਾਂ ਨੂੰ ਸਮਝਾਉਣ । ਕਈ ਸੰਤ ਫਤਿਹ ਸਿੰਘ, ਗੁਰਨਾਮ ਸਿੰਘ, ਗਿੱਲ ਆਏ ਤੇ ਚਲੇ ਗਏ (ਥੰਪਿੰਗ) ਪਰ ਇਨ੍ਹਾਂ ਥਾਵਾਂ ਦੀ ਪਵਿਤਰਤਾ ਕਾਇਮ ਰਖਣੀ ਚਾਹੀਦੀ ਹੈ । ਇਨ੍ਹਾਂ ਦੀ ਪਵਿਤਰਤਾ ਕਾਇਮ ਰਖਣ ਲਈ ਜੇ ਸਾਨੂੰ ਜਾਨਾਂ ਵੀ ਦੇਣੀਆਂ ਪਈਆਂ ਤਾਂ ਅਸੀਂ ਦੇ ਦਿਆਂਗੇ । ਇਸ ਮਨਿਸਟਰੀ ਦੀ ਕਿਹੜੀ ਗੱਲ ਹੈ? ਮੈਂ ਉਨ੍ਹਾਂ ਲੋਕਾਂ ਅਗੇ ਜੋ ਉਥੇ ਲੁਕੇ ਬੈਠੇ ਹਨ ਇਹ ਅਰਦਾਸ ਕਰਦਾ ਹਾਂ ਕਿ ਭਾਵੇਂ ਤੁਸੀਂ ਇਕ ਮੈਂਬਰ ਦੀ ਥਾਂ 10-15 ਮੈਂਬਰਾਂ ਨੂੰ ਦੂਸ਼ਨ ਲਾਕੇ ਕੱਢ ਦਿਉ ਪਰ ਉਨ੍ਹਾਂ ਸਥਾਨਾ ਦੀ ਪਵਿਤਰਤਾ ਕਾਇਮ ਰਖੋ ਜਿਨ੍ਹਾਂ ਵਾਸਤੇ ਗੁਰੂ ਸਾਹਿਬਾਨ ਨੇ ਕੁਰਬਾਨੀਆਂ ਦਿਤੀਆਂ ਹਨ । ਉਥੇ ਬੈਠ ਕੇ ਗੌਰਮਿੰਟ ਦੇ ਖਿਲਾਫ ਸਾਜ਼ਿਸ਼ਾਂ ਨਾ ਬਣਾਉ । ਇਕ ਸਰਕਾਰ ਨਾ ਸਹੀ, ਦੂਜੀ ਸਹੀ, ਦੂਜੀ ਨਾ ਸਹੀ ਤੀਜੀ ਸਹੀ, ਆਖਿਰ ਕੋਈ ਨਾ ਕੋਈ ਗੌਰਮਿੰਟ ਇਨ੍ਹਾਂ ਨੂੰ ਸਹਾਰਨ ਤੋਂ ਨਾਂਹ ਕਰ ਦੇਵੇਗੀ । ਸਾਨੂੰ ਅਜੇ ਮਹੰਤ ਨਰੈਣੂ ਦਾ ਵਾਕਾ ਨਹੀਂ ਭੁਲਿਆ, ਜਿਸ ਨੇ ਨਨਕਾਣੇ ਦਾ ਵਾਕਾ ਕੀਤਾ ਸੀ ।

ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਥੇ ਭੂਲੀ ਭਠਿਆਰੀ ਦਾ ਰਾਜ ਨਹੀਂ ਹੋਣ ਦਿਤਾ ਜਾਵੇਗਾ (ਹਾਸਾ) ਸ਼ਾਇਦ ਤੁਹਾਨੂੰ ਇਸ ਕਿੱਸੇ ਦਾ ਪਤਾ ਨਾ ਹੋਵੇ । ਦਿੱਲੀ ਵਿ ਹਾਲੇ ਵੀ ਉਸ ਦਾ ਇਕ ਮਹਿਲ ਹੈ । ਇਸ ਦੇ ਨਾਲ ਹੀ ਇਕ ਟੈਂਕ ਹੈ । ਬਾਦਸ਼ਾਹ ਰੋਜ਼ ਉਸ ਨੂੰ ਪਿਆਰਨ ਸਤਿਕਾਰਨ ਉਸ ਦੀ ਭੱਠੀ ਤੇ ਜਾਂਦੇ ਸਨ ਤੇ ਉਥੇ ਉਸ ਭੂਲੀ ਭਠਿਆਰਿਨ ਦਾ ਰਾਜ ਹੁੰਦਾ ਸੀ । (ਹਾਸਾ) ਉਹ ਹਾਲਤ ਇਥੇ ਨਹੀਂ ਹੋਣ ਦਿਤੀ ਜਾਵੇਗੀ । ਇਥੇ ਤਾਂ ਉਹ ਗੌਰਮਿੰਟ ਚਲ ਸਕਦੀ ਹੈ, ਜਿਹੜੀ ਕਿ ਗਲਤ ਗੱਲ ਕਰਨ ਵਾਲੇ ਨੂੰ ਗਰਦਨ ਤੋਂ ਫੜ ਲਵੇ ਭਾਵੇਂ ਉਹ ਕਿਤਨਾ ਵਡਾ ਆਦਮੀ ਹੋਵੇ । (ਥੰਪਿੰਗ) ਮੈਂ ਯਕੀਨ ਦਿਵਾਉਂਦਾ ਹਾਂ ਕਿ ਜੇ ਕਿਸੇ ਗਰੀਬ ਨੂੰ ਇਨਸਾਫ਼ ਦਿਵਾਉਣ ਵਾਸਤੇ ਕਿਸੇ ਦੀ ਗਰਦਨ ਤੇ ਹੱਥ ਰਖਣਾ ਪਿਆ ਤਾਂ ਮੈਂ ਗੁਰੇਜ਼ ਨਹੀਂ ਕਰਾਂਗਾ । (ਥੰਪਿੰਗ)

ਫਿਰ ਮੈਂ ਹਰੀਜਨਾਂ ਬਾਰੇ ਕੁਝ ਅਰਜ਼ ਕਰਨੀ ਚਾਹੁੰਦਾ ਹਾਂ । ਮਹਾਤਮਾਂ ਗਾਂਧੀ ਜੀ ਨੇ ਜਿਹੜਾ ਪੈਗੰਬਰਾਂ ਵਾਲਾ, ਰਹਿਬਰਾਂ ਵਾਲਾ ਕੰਮ ਕੀਤਾ ਹੈ ਉਹ ਹਰੀਜਨ ਭਰਾਵਾਂ ਨੂੰ ਉਪਰ ਚੁਕਣ ਦਾ ਹੈ । ਸਾਡਾ ਧਰਮ ਵੀ ਇਹੋ ਸਿਖਾਉਂਦਾ ਹੈ ਕਿ ਜੇ ਅਸੀਂ ਕਿਸੇ ਆਦਮੀ ਦੀ ਇੱਜ਼ਤ ਨਹੀਂ ਕਰ ਸਕਦੇ ਤਾਂ ਅਸੀਂ ਭਗਤੀ ਵੀ ਨਹੀਂ ਕਰ ਸਕਦੇ ।

ਗੁਰੂ ਨਾਨਕ ਦੀ ਤਾਲੀਮ ਦਾ ਇਕੋ ਮਕਸਦ ਹੈ ਕਿ ਈਸ਼ਵਰ ਦੀ ਪੂਜਾ ਕਰਨੀ ਚਾਹੀਦੀ ਹੈ ਅਤੇ ਉਸ ਪੂਜਾ ਲਈ ਬੰਦੇ ਦੀ ਪੂਜਾ ਕਰੋ । "To serve Mankind is the best way to worship God" । ਇਹ ਹਮਦਰਦੀ ਰਖਦੇ ਨੇ ਹਰੀਜਨਾਂ ਲਈ ਪਰ ਇਨ੍ਹਾਂ ਲਈ ਇਹ ਇਕ ਲਫਜ਼ ਵੀ ਨਹੀਂ ਸੁਣ ਸਕਦੇ । ਗੱਲ ਬਾਤ ਨਾਲ ਕੰਮ ਨਹੀਂ ਚਲਣਾ । ਇਨ੍ਹਾਂ ਦਾ ਸਟੇਟਸ ਉਚੱਾ ਕਰਨਾ ਪੈਣਾਂ ਹੈ । ਇਨ੍ਹਾਂ ਨੂੰ ਇਕ ਹਜ਼ਾਰ, ਦੋ ਹਜ਼ਾਰ ਕਰਜ਼ਾ

(ਮੁੱਖ ਮੰਤਰੀ)

ਦੇਣ ਨਾਲ ਮਸਲਾ ਹੱਲ ਨਹੀਂ ਹੋਣਾ । ਮੈਂ ਨਿਹਾਇਤ ਈਮਾਨਦਾਰੀ ਨਾਲ ਕਹਿੰਦਾ ਹਾਂ ਕਿ ਅਸੀਂ ਇਸ ਗਲ ਦਾ ਧਿਆਨ ਰਖੀਏ ਕਿ ਇਨ੍ਹਾਂ ਦੇ ਬਚਿਆਂ ਲਈ ਸਕੂਲਾਂ ਵਿਚ ਪੜ੍ਹਨ ਦਾ ਮੁਕੰਮਲ ਇੰਤਜ਼ਾਮ ਕੀਤਾ ਜਾਵੇ । ਇਨ੍ਹਾਂ ਲਈ ਮਕਾਨ ਬਣਾਏ ਜਾਣ, ਇਨ੍ਹਾਂ ਲਈ ਹੋਰ ਕਿਸਮ ਦੀਆਂ ਸਹੂਲੀਆਤ ਮੁਹੱਈਆ ਕੀਤੀਆਂ ਜਾਣ । (ਪ੍ਰਸ਼ੰਸਾ—ਥੰਪਿੰਗ) ।

ਸਾਡੇ ਬਾਰਡਰ ਤੇ ਪਿੰਡਾਂ ਦਾ ਜਿਹੜਾ ਇਲਾਕਾ ਹੈ ਉਥੇ ਦੇ ਬੰਦਿਆਂ ਦਾ ਹੌਸਲਾ ਵਧਾਉਣ ਵਾਸਤੇ ਇਹ ਫੈਸਲਾ ਕੀਤਾ ਕਿ ਕੈਬਨਿਟ ਮੀਟਿੰਗਜ਼ ਉਸ ਏਰੀਆ ਵਿਚ ਰਖਿਆ ਕਰੀਏ । ਇਹ ਏਰੀਆ ਹੈ ਅੰਮ੍ਰਿਤਸਰ, ਫਿਰੋਜ਼ਪੁਰ ਤੇ ਗੁਰਦਾਸਪੁਰ ਦਾ । ਐਤਕੀਂ 14 ਤਰੀਕ ਨੂੰ ਜਦੋਂ ਅਸੀਂ ਮੀਟਿੰਗ ਫ਼ਿਰੋਜ਼ਪੁਰ ਕੀਤੀ ਤਾਂ 50 ਲਖ ਰੁਪਿਆ ਡਿਵੈਲਪਮੈਂਟ ਵਾਸਤੇ ਉਨ੍ਹਾਂ ਨੂੰ ਦਿਤਾ ਜਦੋਂ ਤਕ ਸਰਕਾਰ ਉਥੇ ਮਕਾਨ ਨਾ ਬਣਾਏ ਉਦੋਂ ਤਕ ਕੋਈ ਵੀ ਮਕਾਨ ਨਹੀਂ ਬਣਾਉਂਦਾ । ਸਾਨੂੰ ਇਹ ਇਲਾਕਾ ਚੰਗੀ ਤਰ੍ਹਾਂ ਨਾਲ ਆਬਾਦ ਕਰਨਾ ਚਾਹੀਦਾ ਹੈ । ਅੱਜ ਦੇ ਅਕਾਲੀ ਕੁਝ ਮੇਰੇ ਦੋਸਤ ਸਾਡੇ ਖਿਲਾਫ ਲਿਖਦੇ ਨੇ ਮੈਂ ਐਸੀ ਸੀਟ ਤੇ ਹਾਂ ਕਿ ਮੈਂ ਕੁਝ ਕਹਿ ਨਹੀਂ ਸਕਦਾ ।

(**ਅਵਾਜ਼ਾਂ** : ਰਹਿਣ ਦਿਉ ਜੀ ।)

ਜਿਥੋਂ ਤਕ ਪੰਜਾਬੀ ਦਾ ਤਅੱਲੁਕ ਹੈ ਇਹ ਜਨ ਸੰਘ ਵਾਲੇ ਦੋਸਤ ਪਛਤਾਂਦੇ ਹਨ ਜਦੋਂ ਇਨ੍ਹਾਂ ਨੇ ਫਰੰਟ ਸਰਕਾਰ ਵਿਚ ਹੋਣ ਕਾਰਨ ਇਸਦੇ ਹੱਕ ਵਿਚ ਕਹਿ ਦਿੱਤਾ ਕਿ ਪੰਜਾਬੀ ਸਾਰੇ ਪੰਜਾਬ ਦੀ ਬੋਲੀ ਹੈ ।

ਜਿਥੋਂ ਤਕ ਚੰਡੀ ਗੜ੍ਹ ਦਾ ਸਵਾਲ ਹੈ ਇਸ ਬਾਰੇ ਆਰਬਿਟਰੇਸ਼ਨ ਰਾਹੀਂ ਹਲ ਕਢਨ ਦਾ ਫ਼ੈਸਲਾ ਹੋ ਚੁਕਾ ਹੈ । ਇਹ ਆਰਬਿਟ੍ਰੇਸ਼ਨ ਹਰਿਆਣੇ ਦੇ ਚੁਨਾਉ ਦੇ ਬਾਦ ਹੋਵੇਗੀ ਜਿਨ੍ਹਾਂ ਵੀ ਜਲਦੀ ਹੋ ਸਕੇਗਾ ਚੰਡੀ ਗੜ੍ਹ ਨੂੰ ਪੰਜਾਬ ਵਿਚ ਸ਼ਾਮਲ ਕਰਨ ਵਿਚ ਅਸੀਂ ਬਹੁਤ ਉਤਾਵਲੇ ਹਾਂ ।

ਸ੍ਰੀ ਸਪੀਕਰ : ਜੇ ਤੁਸੀਂ ਅਜਿਹੀਆਂ ਗਲਾਂ ਬਹਿਸ ਵਿਚ ਲਿਆਉਣਾ ਚਾਹੁੰਦੇ ਹੋ ਤਾਂ ਜਿਸ ਤਰ੍ਹਾਂ ਤੁਸੀਂ ਮੁਨਾਸਿਬ ਸਮਝੋਂ ਕਰ ਲਵੋ । (If the hon. Chief Minister wants to bring in such topics then I leave it to his sweet will.)

ਮੁੱਖ ਮੰਤਰੀ : ਚਲੋ ਬਜਟ ਤੇ ਕਰਾਂਗੇ ਸੋ ਗਲਾਂ ਤਾਂ ਬਹੁਤ ਮੇਰੇ ਦੋਸਤਾਂ ਨੇ ਕੀਤੀਆਂ ਔਰ ਇਹ ਵੀ ਗੱਲ ਨਹੀਂ ਜਚਦੀ । ਮੈਂ ਫਿਰ ਪੁਰਜ਼ੋਰ ਲਫ਼ਜਾਂ ਨਾਲ ਇਹ ਬੇਨਤੀ ਕਰਾਂਗਾ ਕਿ ਸਭ ਕੁਝ ਜੋ ਕੁਝ ਗਵਰਨਰ ਸਾਹਿਬ ਨੇ ਐਥੇ ਆਕੇ ਪੜ੍ਹਿਆ ਉਸ ਲਈ ਜੋ ਧੰਨਵਾਦ ਦਾ ਮਤਾ ਰਖਿਆ ਗਿਆ ਹੈ ਉਸ ਨੂੰ ਹੂਬਹੂ ਉਸੇ ਤਰ੍ਹਾਂ ਪਾਸ ਕਰ ਦਿਤਾ ਜਾਵੇ ।

(ਥੰਪਿੰਗ)

2.00 p.m.] **Mr. Speaker** Now I will put the amendments to the Governor's Address to the vote of the House.

Mr. Speaker: Question is—

That in the motion, the following be *added* at the end, namely,—

"but regret that no mention has been made in the Address about the categorical declaration that his Government would link wages of industrial workers with cost of living index and in fact is virtually silent about the need and problems of the working class."

The motion was lost.

Mr. Speaker : Question is—

That in the motion, the following be added at the end, namely,—

"but regret that no mention has been made in the Address—

(1) about the distribution of evacuee land among Scheduled Caste people. The address in fact neglects and is virtually silent about the need for special measures for the uplift of the people belonging to Scheduled castes and backward classes;

(2) about the fact that his Government has converted Punjab into a virtual police State in which any political worker can be illegally detained any time, in which political opponents have been and are being involved in false cases, in which the most elementary right of peaceful demonstration has been sought to be negated altogether through illegal means etc.;

(3) about the new legislative measures which his Government may be intending to bring before this Session of the Assembly, even in relation to such urgently needed new legislative measures as a new Municipal Bill, Bills to amend the existing Panchayat Acts and the existing Zila Parishad and Samitis Act, Price Neutralization Bill to neutralize the eroded value of wages of industrial workers due to steep rise in prices, etc."

The motion was lost.

Mr. Speaker: Question is—

That in the motion, the following be added at the end, namely,—

"but regret that the Address refers to Punjabi as mother tongue of the majority of people whereas in fact Punjabi is the mother tongue of all Punjabi people."

The Motion was lost

Mr. Speaker : Question is—

That in the motion, the following be added at the end, namely,—

"but regret that the Address is silent about the steps proposed to be taken by the Government to make Hindi, the language of communication between Punjab and Centre as well as between Punjab and Hindi speaking States of India as also between Punjab and such non-Hindi speaking States as may agree to have Hindi as the link language."

The motion was lost

Mr. Speaker: Question is

That in the Motion, the following be added at the end, namely,—

"but regret that the Governor's Address is silent about inclusion of Chandigarh and Punjabi speaking areas out of Punjab, in the present State of Punjab."

The motion was lost.

Mr. Speaker: Question is—

That in the motion, the following be added at the end, namely,—

"but regret that—

(i) the Address is silent about the steps proposed to be taken by the Punjab Government regarding getting some amendment made in the Hindu Sucession Act, with a view to check the further fragmentation of holdings in Punjab;

(ii) the Address is silent abovc the steps proposed to be taken by the Government regarding Crop Insurance Scheme;

(iii) no motion has been made in the Governor's Address about any efforts being made by Punjab Government regarding inclusion af Chandigarh and areas of Sirsa and Goohla Tehsils in present Punjab State; and

(iv) the Address is silent about the starting of manufacture of small tractors in Punjab with a view to get more production by mechanizing the farming in Punjab."

The motion was lost.

Mr. Speaker : Question is—

That an Address be presented to the Governor in the following terms :—

"That the members of the Vidhan Sabha assembled in this Session are deeply grateful to the Governor for the Address which he has been pleased to delivear to both the Houses of the State Legislature assembled together on the 22nd February, 1968."

The motion was carried.

Mr. Speaker: The House stands adjourned till 9.00 A. M. tomorrow.

2.05 P. M.

(The Sabha then adjourned till 9.00 a.m. on Friday, the 1st March, 1968).

808—3-10-68—306—Copies—Pb. Govt. Press, Patiala,

PUNJAB VIDHAN SABHA

DEBATES

1st March, 1968.

Vol. 1—No. 5

OFFICIAL REPORT

CONTENTS

Pages

Friday the 1st March, 1968—

Starred Questions and Answers ... (5)1

Question of Privilege/Call Attention Notices ... (5)12

Starred Questions and Answers (*Contd.*) .. (5)1

Presentation of Budget for the year 1968-69 ... (5)27

Walk out— ... (5)28

Presentation of Budget for the year 1968-69 (Resumption) ... (5)28

Punjab Vidhan Sabha Secretariat, Chandigarh.

Price..... Rs. 2.00

ERRATA

To

Punjab Vidhan Sabha Debates

Vol. I No. 5 Dated the 1st March, 1968.

Read	For	Page	Line
Applause	Appalause	(5) 5	10th from below
Engineering	Engeering	(5) 6	5
Shri Balramji	Shri Balramji		
Das Tandon	Das Tandonn	(5) 16	8
ਗੱਡੀ	ਛੱਡੀ	(5) 23	4
ਸ਼੍ਰੀ ਹਰਬੰਸ ਲਾਲ ਖੰਨਾ	ਸ਼੍ਰੀ ਹਰਬੰਸ ਲਾਲ ਖੰਨ	(5) 24	5
Mr. Speaker	Mr. Speeker	(5) 25	1
ਸ਼੍ਰੀ ਸਤਪਾਲ ਡਾਂਗ	ਸ਼੍ਰੀ ਸਤਪਾਲ ਡਗ	(5) 26	3 d from below
ਖਰਚ	ਖਰਬ	(5) 31	2
ਵਿੱਤ ਮੰਤਰੀ	ਵਿਤ ਸੰਤਰੀ	(5) 32	1
1964-65	1664-65	(5) 34	20
1960-61 ਅਤੇ	19 0-61 ਅਤੇ		
1961-62	1961- 2	(5) 34	4th from below
ਉਤਪਾਦਨ	ਉਪਪਾਦਨ	(5) 35	16
1968-69	1968-68	(5) 37	Heading
ਮਿਥਿਆ	ਸਿਖਿਆ	(5) 37	20
ਮਿਥਿਆ	ਮਿਖਿਆ	(5) 37	4th from below
1968-69	19 8-69	(5) 38	7
1967-68	19 -68	(5) 42	10th from below
1968-69	1968- 9	(5) 44	9
1967-68	1967- 8	(5) 44	18
35 ਕਰੋੜ	3 ਕਰੋੜ	(5) 47	10
1967	19 7	(5) 55	10th from below
ਸੀਮਤ ਹੈ	ਸੀਮਤ	(5) 57	10
13	1	(5) 61	8th from below
ਆਰਥਕਤਾ	ਆਰਫਕਤਾ	(5) 62	13
ਵੀ	ਵਿ	(5) 62	5th from below
Congratulate	Congraduate	(5) 65	4th from below

PUNJAB VIDHAN SABHA

Friday, the 1st, March, 1968.

The Sabha met in the Punjab Vidhan Bhavan, Sector 1, Chandigarh at 9.00 A.M. of the Clock. Mr. Speaker (Lt. Col. Joginder Singh Mann) in the Chair.

STARRED QUESTIONS AND ANSWERS

STRIKE BY STUDENTS OF ENGINEERING COLLEGES IN THE STATE

* 885. **Comrade Harkishan Singh Surjeet** (Put by Comrade Dalip Singh Tapiala) : Will the Minister of State for Public works be pleased to state :

(a) whether he is aware of the fact that the students of the engineering colleges in the State have gone on strike, if, so, the reason thereof : and

(b) whether the Government has taken or proposes to take any step to meet their just demands, if so, what ?

Shri Bishamber Nath Makkar : (Industries Minister)

(a) Yes. The students have put in certain demands.

(b) The demands are under active consideration of Govt. of India/State Government.

ਕਾਮਰੇਡ ਦਲੀਪ ਸਿੰਘ ਟਪਿਆਲਾ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਗੌਰਮਿੰਟ ਇੰਜੀਨਿਅਰਾਂ ਦੀਆਂ ਮੰਗਾਂ ਬਾਰੇ ਕੀ ਕਰ ਰਹੀ ਹੈ ?

ਉਦਯੋਗ ਮੰਤਰੀ : ਅਸੀਂ ਸੈਂਟਰਲ ਗੌਰਮਿੰਟ ਨੂੰ ਮਾਮਲਾ ਭੇਜਿਆ ਹੋਇਆ ਹੈ।

श्री प्रबोध चन्द्र : क्या मन्त्री साहिब बताएंगे कि यह स्ट्राईक जो है क्या यह आल इंडिया पैटर्न पर है ? क्या इन्जीनियर्ज़ की डिमाण्ड्ज़ सैण्ट्रल गवर्नमैंट ने सैटिस्फाई करनी हैं या स्टेट गवर्नमैंट ने ?

ਉਦਯੋਗ ਮੰਤਰੀ : ਇਹ ਸਟਰਾਈਕ ਸਾਰੇ ਹਿੰਦੁਸਤਾਨ ਵਿਚ ਇਕ ਜੈਸੀ ਹੈ।

ਸ੍ਰੀ ਬਲਰਾਮਜੀ ਦਾਸ ਟੰਡਨ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਉਨ੍ਹਾਂ ਦੀਆਂ ਡਿਮਾਂਡਜ਼ ਲਈ ਗੌਰਮਿੰਟ ਕੀ ਕਰ ਰਹੀ ਹੈ ?

ਮੰਤਰੀ : ਮੈਂ ਪਹਿਲਾਂ ਹੀ ਕਿਹਾ ਹੈ ਕਿ ਇਸ ਬਾਰੇ ਸੈਂਟਰਲ ਗੌਰਮਿੰਟ ਨੂੰ ਲਿਖਿਆ ਹੋਇਆ ਹੈ ।

ਸ੍ਰੀ ਬਲਰਾਮਜੀ ਦਾਸ ਟਡਨ : ਕੀ ਮੰਤਰੀ ਸਾਹਿਬ ਦੱਸਣਗੇ ਕਿ ਜਿਥੋਂ ਤਕ ਇੰਜੀਨੀਅਰਜ਼ ਦੀ ਡਿਮਾਂਡਜ਼ ਦਾ ਤੁਅੱਲਕ ਹੈ, ਅਤੇ ਉਨ੍ਹਾਂ ਦੀ ਐਂਮਪਲਾਇਮੈਂਟ ਦਾ ਤੁਅੱਲਕ ਹੈ, ਕੀ ਸਰਕਾਰ ਇੰਜੀਨੀਅਰਿੰਗ ਅਤੇ ਟੈਕਨੀਕਲ ਕਾਲਿਜਾਂ ਵਿਚ ਸੀਟਾਂ ਦੀ ਗਿਣਤੀ ਘੱਟ ਨਹੀਂ ਕਰ ਸਕਦੀ ਤਾਂ ਕਿ ਅੱਗੇ ਨਿਕਲਣ ਵਾਲੇ ਸਟੂਡੈਂਟਸ ਘੱਟ ਹੋਣ ਅਤੇ ਐਂਮਪਲਾਇਮੈਂਟ ਐਕਸਚੇਂਜ ਵਿਚ ਨੌਕਰੀ ਲੈਣ ਵਾਲਿਆਂ ਦੀ ਗਿਣਤੀ ਵੀ ਘਟ ਜਾਵੇ ।

ਮੰਤਰੀ : ਗੌਰਮਿੰਟ ਇਸ ਗੱਲ ਤੇ ਵਿਚਾਰ ਕਰ ਰਹੀ ਹੈ ਕਿ ਹੋਰ ਨਵੇਂ ਕਾਲਿਜ ਨਾ ਖੋਲੇ ਜਾਣ ਅਤੇ ਕਾਲਿਜਾਂ ਵਿਚ ਸੀਟਾਂ ਵੀ ਘੱਟ ਕੀਤੀਆਂ ਜਾਣ ।

श्री प्रबोध चन्द्र : क्या सरकार इस बात पर गौर करेगी कि जिन टैकनीकल हैंडज़ की रिटायरमैंट एज की लिमिट 55 से बढ़ा कर 58 कर दी थी अब उस को कम कर दिया जाय ।

ਮੰਤਰੀ : ਇੰਜੀਨਿਅਰਜ਼ ਕਿਉਂਕਿ ਟੈਕਨੀਕਲ ਹੈਂਡਜ਼ ਹੁੰਦੇ ਹਨ, ਇਸ ਵਾਸਤੇ ਉਨ੍ਹਾਂ ਦੀ ਏਜ ਲਿਮਿਟ 58 ਸਾਲ ਕਰ ਦਿੱਤੀ ਗਈ ਸੀ । ਇਸ ਤੋਂ ਅਗਾਂਹ ਐਕਸਟੈਂਨਸ਼ਨ ਨਹੀਂ ਕੀਤੀ ਜਾਵੇਗੀ । 55 ਸਾਲ ਤੋਂ ਬਾਅਦ ਜਿੰਨੀ ਜ਼ਿਆਦਾ ਸਰਵਿਸ ਹੋ ਜਾਵੇ ਉਤਨੇ ਹੀ ਉਹ ਜ਼ਿਆਦਾ ਮੈਚਿਉਰ ਹੋ ਜਾਂਦੇ ਹਨ ।

श्री प्रबोध चन्द्र : वजीर साहिब ने बताया है कि इन्जीनियर्ज़ 55 साल के बाद काबिल हो जाते हैं । क्या यह ठीक नहीं है कि वे साइन्स और टैकनालोजी को नई टैकनीकस में इतने माहिर नही होते जितने कि यंग इन्जीनियर्ज़ होते हैं । इस लिए उन को रिटायरमैंट एज 58 से 55 कर देने के बारे में सरकार का क्या ख्याल है ।

ਮੰਤਰੀ : ਉਨ੍ਹਾਂ ਨੂੰ 30 ਸਾਲ ਦਾ ਤਜਰਬਾ ਵੀ ਤਾਂ ਹੁੰਦਾ ਹੈ ।

ਕਾਮਰੇਡ ਭਾਨ ਸਿੰਘ ਭੌਰਾ : ਕੀ ਗੌਰਮਿੰਟ ਇਸ ਪਾਸੇ ਵੱਲ ਵੀ ਧਿਆਨ ਦੇਵੇਗੀ ਕਿ ਪ੍ਰਾਈਵੇਟ ਇੰਡਸਟਰੀਆਂ ਵਾਲਿਆਂ ਨੂੰ ਕਿਹਾ ਜਾਵੇ ਕਿ ਉਹ ਇੰਜੀਨਿਅਰਜ਼ ਦੀਆਂ ਸੇਵਾਵਾਂ ਲੈਣ, ਤਾਂ ਕਿ ਕੁਝ ਹੱਦ ਤੱਕ ਉਨ੍ਹਾਂ ਨੂੰ ਐਮਪਲਾਇਮੈਂਟ ਦਿੱਤੀ ਜਾ ਸਕੇ ।

ਉਦਯੋਗ ਮੰਤਰੀ : ਇਹ ਜ਼ੇਰੇ ਗੌਰ ਹੈ ।

ਸ਼੍ਰੀ ਹਰਬੰਸ ਲਾਲ ਖੰਨਾ : ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਇੰਜੀਨਿਅਰਜ਼ ਦੀ ਐਕਸਟੈਂਸ਼ਨ ਬੰਦ ਹੋ ਜਾਵੇਗੀ । ਪਰ ਇਸ ਨਾਲ ਵੀ ਸਾਰੇ ਇੰਜੀਨਿਅਰਜ਼ ਦੀ ਐਮਪਲਾਇਮੈਂਟ ਦਾ ਮਸਲਾ ਹੱਲ ਨਹੀਂ ਹੋਵੇਗਾ । ਇਸ ਬਾਰੇ ਸਰਕਾਰ ਕੀ ਕਰ ਰਹੀ ਹੈ ।

ਮੁੱਖ ਮੰਤਰੀ : ਗੱਲ ਇਹ ਹੈ ਕਿ ਹਰ ਇੰਜੀਨਿਅਰ ਜੋ ਕਾਲਿਜ ਵਿਚੋਂ ਨਿੱਕਲਦਾ ਹੈ, ਉਹ ਪ੍ਰਾਈਵੇਟ ਸਰਵਿਸਿਜ਼ ਪਸੰਦ ਨਹੀਂ ਕਰਦਾ । ਉਹ ਗੌਰਮਿੰਟ ਸਰਵਿਸ ਵਿਚ ਆਉਣਾ ਚਾਹੁੰਦੇ ਹਨ । ਉਨ੍ਹਾਂ ਦੀ ਵਿਚਾਰ ਧਾਰਾ ਹੀ ਕੁਝ ਐਸੀ ਹੈ । ਉਹ ਚਾਹੁੰਦੇ ਹਨ ਕਿ ਬਗੈਰ ਮਿਹਨਤ ਤੋਂ ਹੀ ਉਨ੍ਹਾਂ ਨੂੰ ਪੈਸੇ ਮਿਲਦੇ ਜਾਣ । ਦੂਜੀ ਗੱਲ ਇਹ ਹੈ ਕਿ ਜਿਹੜੇ ਮਕਾਨ ਬਣਦੇ ਹਨ ਉਸ ਦੇ ਵਿਚ ਇੰਜੀਨਿਅਰਜ਼ ਦੀ ਮੱਦਦ ਨਹੀਂ ਲਈ ਜਾਂਦੀ । ਇਨ੍ਹਾਂ ਗੱਲਾਂ ਨੂੰ ਵੇਖਦੇ ਹੋਏ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜਿਸ ਕੰਟਰੈਕਟਰ ਕੋਲ ਲੱਖ ਰੁਪਏ ਦਾ ਕੰਮ ਹੋਵੇ ਉਹ ਇਕ ਕੁਆਲੀਫਾਈਡ ਅਸਿਸਟੈਂਟ ਇੰਜੀਨੀਅਰ ਜ਼ਰੂਰ ਰੱਖੇ, ਵਰਨਾ ਉਸ ਨੂੰ ਰਜਿਸਟਰਡ ਨਹੀਂ ਕੀਤਾ ਜਾਵੇਗਾ । ਜਿਸ ਕੰਟਰੈਕਟਰ ਕੋਲ 1 ਲੱਖ ਤੋਂ 5 ਲੱਖ ਦਾ ਕੰਮ ਹੋਵੇ ਉਹ ਇਕ ਕੁਆਲੀਫ਼ਾਈਡ ਇੰਜੀਨਿਅਰ ਜ਼ਰੂਰ ਰੱਖੇ । ਅਸੀਂ ਇੰਡਸਟਰੀ ਵਾਲੇ ਪਾਸੇ ਵੀ ਕੋਸ਼ਿਸ਼ ਕਰ ਰਹੇ ਹਾਂ ਜਿਸ ਤਰ੍ਹਾਂ ਕਿ ਭੌਰਾ ਸਾਹਿਬ ਨੇ ਕਿਹਾ ਹੈ । ਅਸੀਂ ਹਰ ਮੁਮਕਿਨ ਕੋਸ਼ਿਸ਼ ਕਰਾਂਗੇ ਕਿ ਕੋਈ ਵੀ ਇੰਜੀਨਿਅਰ ਬੇਕਾਰ ਨਾ ਰਹੇ ।

ਸ਼੍ਰੀ ਸਤਪਾਲ ਡਾਂਗ : ਕਈ ਮਿਊਂਸਪਲ ਕਮੇਟੀਆਂ ਵਿਚ ਅਨਕੁਆਲੀਫਾਈਡ ਬੰਦੇ ਰੱਖੇ ਹੋਏ ਹਨ । ਕੀ ਸਰਕਾਰ ਇਸ ਪਾਸੇ ਧਿਆਨ ਦੇਵੇਗੀ ਕਿ ਇਹ ਕੰਪਲਸਰੀ ਕਰ ਦਿੱਤਾ ਜਾਵੇ ਕਿ ਉਹ ਕੁਆਲੀਫਾਈਡ ਇੰਜੀਨਿਅਰ ਰੱਖਣ ?

ਮੰਤਰੀ : ਇਸ ਤੇ ਵੀ ਗੌਰ ਕੀਤਾ ਜਾਵੇਗਾ ।

ਸ਼੍ਰੀ ਸਤਪਾਲ ਡਾਂਗ : ਕੀ ਸਰਕਾਰ ਇਸ ਗੱਲ ਵੱਲ ਧਿਆਨ ਦੇਵੇਗੀ ਕਿ ਅੱਜ ਜਦੋਂ ਕਿ ਮੁਲਕ ਵਿਚ ਇੰਡਸਟਰੀਅਲ ਵਿਚ ਭਾਰੀ ਰੀਸੈਸ਼ਨ ਹੋਈ ਹੈ ਔਰ ਮੁਲਕ ਦੀ ਇੰਡਸਟਰੀਅਲ ਡਿਵੈਲਪਮੈਂਟ ਵਿਚ ਭਾਰੀ ਰੁਕਾਵਟ ਪੈ ਗਈ ਹੈ, ਕੀ ਉਹ ਇੰਜੀਨਿਅਰਾਂ ਨੂੰ ਠੀਕ ਤਰੀਕੇ ਨਾਲ ਐਮਪਲਾਇਮੈਂਟ ਦੇਣ ਵਾਸਤੇ ਜਾਂ ਉਨ੍ਹਾਂ ਲਈ ਕੋਈ ਹੋਰ ਪ੍ਰਬੰਧ ਕਰਨ ਬਾਰੇ ਸੋਚੇਗੀ ?

ਉਦਯੋਗ ਮੰਤਰੀ : ਸਰਕਾਰ ਤਾਂ ਧਿਆਨ ਦੇਵੇਗੀ ਪਰ ਤੁਸੀਂ ਕਿਰਪਾ ਕਰੋ ।

आचार्य पृथ्वी सिंह आज़ाद : क्या सरकार गौर करेगी कि लोकल बाडीज़ में जो इन्जीनियर रखे जाते हैं वे भी कुआलीफाइड रखे जाएं ।

ਮੰਤਰੀ : ਇਹ ਗਲਾਂ ਅੰਡਰ ਕਨਸਿਡਰੇਸ਼ਨ ਹਨ । ਜਦੋਂ ਫੈਸਲਾ ਹੋ ਜਾਵੇਗਾ ਤਾਂ ਪਤਾ ਲੱਗ ਜਾਵੇਗਾ ।

ਸ਼੍ਰੀ ਪ੍ਰਬੋਧ ਚੰਦਰ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਫ਼ਰਮਾਇਆ ਹੈ ਕਿ ਜਿਨ੍ਹਾਂ ਕੰਟਰੈਕਟਰਜ਼ ਦਾ ਕੰਮ ਇਕ ਲੱਖ ਰੁਪਏ ਤੋਂ ਉਤੇ ਦਾ ਹੈ ਉਨ੍ਹਾਂ ਲਈ ਇਹ ਜ਼ਰੂਰੀ ਹੋਵੇਗਾ ਕਿ ਉਹ ਕੁਆਲੀਫਾਈਡ ਇੰਜੀਨਿਅਰ ਰਖਣ। ਮੈਂ ਅਰਜ਼ ਕਰਦਾ ਹਾਂ ਕਿ ਇਹ ਪਰਪੋਜ਼ਲ ਸ਼ਾਇਦ ਸਿਰੇ ਨਾ ਚੜ੍ਹੇ ਕਿਉਂਕਿ It is against the fundamental rights provided to citizens in the constitutions. ਗਵਰਨਮੈਂਟ, ਕੰਟਰੈਕਟਰਜ਼ ਉਤੇ ਪਾਬੰਦੀ ਨਹੀਂ ਲਗਾ ਸਕਦੀ ਕਿ ਉਹ ਸਟਾਫ਼ ਰਖਣ ਤਦ ਹੀ ਉਨ੍ਹਾਂ ਨੂੰ ਠੇਕੇ ਦਿੱਤੇ ਜਾ ਸਕਦੇ ਹਨ ਨਾ ਰਖੱਣ ਤਾਂ ਨਹੀਂ ਦਿੱਤੇ ਜਾ ਸਕਦੇ। ਸ਼ਾਇਦ ਇਹ ਚੀਜ਼ ਪ੍ਰੈਕਟੀਕੇਬਲ ਨਾ ਹੋਵੇ।

ਮੁੱਖ ਮੰਤਰੀ : ਪ੍ਰਬੋਧ ਜੀ ਦੀ ਗਿਆਤਾ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹੋ ਸਿਸਟਮ ਗਵਰਮੈਂਟ ਆਫ ਇੰਡੀਆ ਵਿਚ ਹੈ। ਮਿਲਟਰੀ ਵਿਚ ਵੀ ਹੈ। ਦੋਹਾਂ ਜਗਾਹਾਂ ਤੇ ਇਹ ਜ਼ਰੂਰੀ ਸ਼ਰਤ ਹੈ ਕਿ ਜਦ ਤਕ ਇਨਜਿਨਿਅਰਜ਼ ਨਹੀਂ ਹੋਣਗੇ ਉਹ ਅੱਛਾ ਵਰਕ ਕਰ ਹੀ ਨਹੀਂ ਸਕਣਗੇ। ਉਸੇ ਪੈਟਰਨ ਨੂੰ ਅਸੀਂ ਇਥੇ ਲਿਆ ਰਹੇ ਹਾਂ।

ਸ਼੍ਰੀ ਬਲਰਾਮਜੀ ਦਾਸ ਟੰਡਨ : ਕੀ ਮੁਖ ਮੰਤਰੀ ਸਾਹਿਬ ਦਸੱਣਗੇ ਕਿ ਇਸ ਗੱਲ ਦੇ ਮੱਦੇਨਜ਼ਰ ਕਿ ਇਨਜੀਨਿਅਰਜ਼ ਵਿਚ ਇਸ ਵਕਤ ਬਹੁਤ ਗਲਟ ਹੈ, ਬਾਕੀ ਦੀਆਂ ਟੈਕਨੀਕਲ ਕਲਾਸਿਜ਼ ਮੈਡੀਕਲ ਔਰ ਦੂਸਰੀਆਂ ਬਾਰੇ ਵੀ ਗੌਰਮਿੰਟ ਸੋਚ ਰਹੀ ਹੈ ਕਿ ਕੁਝ ਕੀਤਾ ਜਾਵੇ ਤਾਂਕਿ ਉਨ੍ਹਾਂ ਵਿਚ ਵੀ ਇਸ ਤਰ੍ਹਾਂ ਦਾ ਗਲਟ ਨਾ ਆ ਜਾਵੇ ?

ਮੰਤਰੀ : ਬਾਕੀਆਂ ਦੇ ਮੁਤਅੱਲਕ ਤਾਂ ਗੌਰਮਿੰਟ ਦੇ ਨੋਟਿਸ ਵਿਚ ਨਹੀਂ ਆਇਆ ਜਿਸ ਵਕਤ ਆਇਆ ਜ਼ਰੂਰ ਵਿਚਾਰ ਕਰਾਂਗੇ।

ਸ਼੍ਰੀ ਸਪੀਕਰ : ਅਗਰ ਮੈਨੂੰ ਇਜਾਜ਼ਤ ਦਿਓ ਤਾਂ ਇਸ ਦੇ ਮੁਤਅਲੱਕ ਥੋੜੀ ਜਿਹੀ ਮੈਂ ਵੀ ਤਜਵੀਜ਼ ਦੇਣੀ ਚਾਹੁੰਦਾ ਹਾਂ। ਬਾਹਰਲੇ ਮੁਲਕਾਂ ਵਿਚ ਵੀ ਇਹ ਚੀਜ਼ ਹੈ ਕਿ ਉਹ ਜਿਹੜੇ ਇੰਜੀਨਿਅਰਜ਼ ਔਰ ਡਾਕਟਰ ਵਗੈਰਾ ਪ੍ਰੋਡਿਊਸ ਕਰਦੇ ਹਨ ਜ਼ਰੂਰੀ ਨਹੀਂ ਕਿ ਗਵਰਨਮੈਂਟ ਉਨ੍ਹਾਂ ਨੂੰ ਨੌਕਰੀਆਂ ਦੇਵੇ ਔਰ ਉਨ੍ਹਾਂ ਦੇ ਵਾਸਤੇ ਜ਼ਰੂਰ ਪ੍ਰੋਵੀਜ਼ਨ ਕਰੇ। ਇਹ ਸਿਰਫ਼ ਸਾਡੇ ਮੁਲਕ ਵਿਚ ਹੀ ਐਸੀ ਚੀਜ਼ ਹੈ ਕਿ ਅਸੀਂ ਗੌਰਮਿੰਟ ਨੂੰ ਮਜਬੂਰ ਕਰਦੇ ਹਾਂ ਕਿ ਨੌਕਰੀਆਂ ਲਈ ਉਹ ਪ੍ਰਬੰਧ ਕਰੇ। ਤੁਸੀਂ ਜਾਣਦੇ ਹੋ ਕਿ ਸਾਡੇ ਮੁਲਕ ਵਿਚੋਂ ਬਹੁਤ ਸਾਰੀਆਂ ਚੀਜ਼ਾਂ ਐਕਸਪੋਰਟ ਹੁੰਦੀਆਂ ਹਨ ਲੇਕਿਨ ਉਹ ਪੂਰੇ ਪੈਮਾਨੇ ਦੀਆਂ ਔਰ ਪੂਰੀ ਤਰਾਂ ਨਾਲ ਸਪੈਸੀਫੀਕੇਸ਼ਂਜ਼ ਦੇ ਮੁਤਾਬਿਕ ਨਹੀਂ ਹੁੰਦੀਆਂ ਜਿਸਦਾ ਨਤੀਜਾ ਇਹ ਹੋ ਰਿਹਾ ਹੈ ਕਿ ਐਕਸਪੋਰਟ ਬਹੁਤ ਘਟ ਹੋ ਗਈ ਹੈ। ਅਗਰ ਗਵਰਨਮੈਂਟ ਇਜਨੀਅਰਜ਼ ਨੂੰ ਕੁਛ ਰਕਮ ਬਤੌਰ ਲੋਨ ਜਾਂ ਸਬਸਿਡੀ ਦੇ ਦੇਵੇ ਔਰ ਉਹ

ਆਪਣੀਆਂ ਛੋਟੀਆਂ ਛੋਟੀਆਂ ਵਰਕਸ਼ਾਪਾਂ ਲਗਾ ਕੇ ਚੰਗੀਆਂ ਸਪੈਸੀਫੀਕੇਸ਼ੰਜ਼ ਦੇ ਮੁਤਾਬਿਕ ਚੀਜ਼ਾਂ ਬਨਾਉਣ ਔਰ ਐਕਸਪੋਰਟ ਕਰਨ ਤਾਂ ਮੁਲਕ ਨੂੰ ਵੀ ਫ਼ਾਇਦਾ ਹੋਵੇਗਾ ਔਰ ਉਨ੍ਹਾਂ ਦੀ ਵੀ ਇਜ਼ੱਤ ਵਧੇਗੀ ਉਨ੍ਹਾਂ ਨੂੰ ਕੰਮ ਲਈ ਇਧਰ ਉਧਰ ਨਹੀਂ ਭਟਕਣਾ ਪਵੇਗਾ। ਬਜਾਇ ਇਸ ਦੇ ਕਿ ਉਹ ਨਿਰਾ ਕੁਰਸੀ ਤੇ ਬੈਠਣ, ਜਿਹੜੇ ਇੰਜਨੀਅਰਜ਼ ਹਨ ਉਨ੍ਹਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਮੁਲਕ ਲਈ ਕੁਛ ਕੰਮ ਕਰਨ ਨਾ ਕਿ ਮੁਲਕ ਉਤੇ ਭਾਰਾ ਬੋਝ ਬਣ ਕੇ ਬੈਠ ਜਾਣ। ਸੋ ਇਹ ਤਜਵੀਜ਼ ਮੈਂ ਹਾਊਸ ਦੇ ਸਾਹਮਣੇ ਪੇਸ਼ ਕਰਦਾ ਹਾਂ ਕਿ ਮੇਹਰਬਾਨੀ ਕਰਕੇ ਨਵੇਂ ਇੰਜਨੀਅਰਜ਼ ਨੂੰ ਤੁਸੀਂ ਕਹੋ ਕਿ ਉਹ ਛੋਟੀਆਂ ਛੋਟੀਆਂ ਵਰਕਸ਼ਾਪਾਂ ਖੋਲਣ ਔਰ ਗਵਰਨਮੈਂਟ ਉਨ੍ਹਾਂ ਨੂੰ ਇਸ ਮਕਸਦ ਲਈ ਲੋਨ ਦੇਵੇ ਤਾਕਿ ਉਹ ਚੰਗੇ ਚੰਗੇ ਪੁਰਜ਼ੇ ਔਰ ਚੰਗੀਆਂ ਚੰਗੀਆਂ ਮਸ਼ੀਨਾਂ ਬਣਾ ਕੇ ਮੁਲਕ ਦੀ ਤਰੱਕੀ ਵਿਚ ਹਿੱਸਾ ਪਾਉਣ। (ਤਾੜੀਆਂ)

(If you permit me I would like to make a suggestion to the Government in this behalf. I have seen in foreign countries that it is not incumbent on the Government to provide jobs for the Engineers and the Doctors etc. produced by them. It is only in our country that we compel the Government to provide jobs for such persons. The Hon. Members are already aware that the things which we export do not fall in conformity with the specifications and it has resulted in the decline in our exports. If the Government decides to arrange for them subsidy and loans, our Engineers can start small workshops to manufacture things according to the specifications. It would not only add to the national income but it would also help them to get themselves adjusted and add to their prestige. It is the duty of the Engineer to do something useful in the service of the country instead of hanckering after office work and becoming a burden on the State. I would therefore make a suggestion to the House that the Government should dissuade Engineers to start their own small workshops in the manufacture of spare parts and small machines and should also give them loans for that purpose so that in this way they may contribute for the development of the country. (appalause)

ਸ੍ਰੀ ਸਤਪਾਲ ਡਾਂਗ : ਇੰਜੀਨੀਅਰ ਦੀ ਵੀ ਇਹੀ ਮੰਗ ਹੈ।

ਮੁੱਖ ਮੰਤਰੀ : ਤੁਹਾਡੀ ਤਜਵੀਜ਼ ਬੜੀ ਮਾਕੂਲ ਹੈ, ਇਸ ਨੂੰ ਬੜੀ ਕਦਰ ਨਾਲ ਦੇਖਾਂਗੇ ਔਰ ਮੈਂ ਤੁਹਾਨੂੰ ਯਕੀਨ ਦਿਵਾਂਦਾ ਹਾਂ ਕਿ ਇਸ ਤੇ ਪੂਰੀ ਗੌਰ ਕਰਾਂਗੇ। (ਵਿਘਨ)

ਸ੍ਰੀ ਪ੍ਰਬੋਧ ਚੰਦਰ : ਸਪੀਕਰ ਸਾਹਿਬ, ਮੈਂ ਤੁਹਾਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਤੁਸੀਂ ਪਹਿਲੀ ਵੇਰ ਇਕ ਚੰਗੀ ਤਜਵੀਜ਼ ਦਿੱਤੀ ਹੈ।

Demands of Engineering Students of Chandigarh.

*953. **Shri Balramji Dass Tandon** : Will the Minister of State for **Public Works** be pleased to state :

(a) whether the students of Engineering College Chandigarh have

(Shri Balramji Dass Tandon)

submitted any demands to the State Government ; if so, the details thereof and the action if any, taken thereon ?

Shri Bishamber Nath Makkar (Industries Minister) : After the reorganisation of Punjab (i. e. 1st Novemeber, 1966) Engeering College Chandigarh falls under the purview of Union Territory, Administration Chandigarh, administrative authorities for Union Territory Chandigarh may be aware of the demands of students if any submitted by them. Neither the Principal of College nor the students of Engineering College, Chandigarh have submitted their demands to Technical Education Department, Punjab.

Nanakpura Abadi in village Kot khalsa District Amritsar.

*930 **Shri Satya Pal Dang** : Will the Minister of State for public works be pleased to state :

(a) whether he is aware of the fact that new abadi known as Nanakpura has developed in village Kot Khalsa, Verka Block of District Amritsar ; if so, the approximate number of houses therein :

(b) whether he is aware of the fact that the said abadi is not connected with any of the main roads ;

(c) whether there has been a proposal under the consideration of the Government to acquire some land with a view to provide at least a kacha link road for the said abadi, if so, the total estimated expenditure proposed to be incurred thereon ?

Sardar Narinder Singh :

(a) Yes. Approximately 325 houses.

(b) Yes.

(c) Yes, about Rs. Seven Thousand:

ਕਾਮਰੇਡ ਸਤਪਾਲ ਡਾਂਗ : ਇਹ ਕੰਮ ਕਦ ਤਕ ਪੂਰਾ ਹੋ ਜਾਣ ਦੀ ਉਮੀਦ ਹੈ ?

ਮੁਖ ਮੰਤਰੀ : ਉਮੀਦ ਤੇ ਦੁਨੀਆਂ ਕਾਇਮ ਹੈ ।

Tours by Ministers

*955.**Shri Balramji Dass Tandon** : Will the Chief Minister be pleased to state the number of days each Minister remained out of head-quarters

while on tour after the December Session of the Assembly held in 1967 uptodate together with the amount of T.A. drawn by each ?

ਸਰਦਾਰ ਲਛਮਣ ਸਿੰਘ ਗਿੱਲ : ਲੋੜੀਂਦੀ ਸੂਚਨਾ ਸਭਾ ਦੇ ਸਾਮ੍ਹਣੇ ਪੇਸ਼ ਹੈ।

[The requisite information is laid on the Table of the House.]

STATEMENT

S. No.	Name of Minister	No. of days remained out of head-quarter.	Amount of T.A. drawn.	Particulars supplied in col. Nos. 3 & 4 upto.
1	2	3	4	5
1.	Shri Lachhman Singh Gill Chief Minister	38	1793-50	30.1.68
2.	Shri Mahant Ram Parkash Dass Minister	9	187-50	2.1.68
3.	Shri Parkash Singh Majitha ,,	5	100-00	27.12.67
4.	Shri B. N. Makkar ,,	32	1576-80	2.2.68
5.	Shri Jagjit Singh ,,	23	362-50	29.1.68
6.	Shri Harbhajan Singh ,,	28	500-00	30.1 68
7.	Shri Faqir Chand ,,	29	612-50	29.1.68
8,	Shri Piara Ram Dhanowali ,,	23	475-00	29.1.68
9.	Shri Kartar Singh ,,	25	550-00	26.1.68

श्री बलरामजी दास टंडन : क्या मुख्य मन्त्री महोदय बतायेंगे कि जो इन्फरमेशन इन्होंने मन्त्रियों के टूर के बारे मे दी है उसमे चीफ मनिसटर साहिब का दौरा 30-1-1968 तक 38 दिन का लिखा है। यहां पर 19 दिसम्बर को हाऊस का सैशन खत्म हुआ था और उस दिन से लेकर 30-1-1968 तक वैसे भी 39 या 40 दिन होते हैं। क्या सरकार या चीफ मनिस्टर साहिब सारे दिन चंडीगढ़ से बाहर ही रह कर दौरा करते रहे और दिल्ली की सड़कें नापते रहे।

ਮੁੱਖ ਮੰਤਰੀ : ਦਿੱਲੀ ਦੀਆਂ ਸੜਕਾਂ ਨਹੀਂ ਤੁਹਾਡੀਆਂ ਦਿਲ ਦੀਆਂ ਧੜਕਨਾ ਨਾਪਦਾ ਰਿਹਾ। ਤੁਸੀਂ ਜਿੱਥੇ ਜਿੱਥੇ ਗਏ ਤੁਹਾਡੇ ਮਗਰ ਮਗਰ ਚਲਦਾ ਰਿਹਾ ਤੁਹਾਡਾ ਜਨਾਜ਼ਾ ਕਢਣ ਲਈ।

श्री बलराम जी दास टंडन : क्या मुख्य मन्त्री साहिब बताएंगे कि इन सारे दिनों में जो यह कैपीटल से बाहर रहे इस की वजह क्या है ?

ਮੁਖ ਮੰਤਰੀ : ਵਜਾਹ ਮੈਂ ਦਸ ਦਿੱਤੀ ਹੈ। ਸਟੇਟ ਵਿਚ ਤੁਸੀਂ ਅਨਰੈਸਟ ਕਰਨਾ ਚਾਹੁੰਦੇ ਸੀ, ਗਲਤ ਫਹਿਮੀਆਂ ਫੈਲਾਉਣਾ ਚਾਹੁੰਦੇ ਸੀ, ਅੱਗ ਲਗਾਉਣਾ ਚਾਹੁੰਦੇ ਸੀ, ਡਿਸਟਰਬੈਂਸ ਕਰਨਾ ਚਾਹੁੰਦੇ ਸੀ। ਅਸਾਂ ਸਟੇਟ ਵਿਚ ਪੀਸ, ਅਮਨ, ਸ਼ਾਂਤੀ ਕਾਇਮ ਕਰਨੀ ਸੀ ਸਟੇਟ ਨੂੰ ਅੱਗੇ ਲੈ ਜਾਣ ਵਾਸਤੇ ਦੌਰੇ ਕੀਤੇ।

ਸ਼੍ਰੀ ਬਲਰਾਮ ਜੀ ਦਾਸ ਟੰਡਨ : ਜਿਥੋਂ ਤਕ ਇਸ ਗੱਲ ਦਾ ਤਅਲੁੱਕ ਹੈ, ਮੈਂ ਇਸ ਨੂੰ ਸਟਰਾਂਗਲੀ ਰੀਪੂਡੀਏਟ ਕਰਦਾ ਹਾਂ। ਚੀਫ਼ ਮਨਿਸਟਰ ਸਾਹਿਬ ਨੂੰ ਇਥੇ ਆਪਣੇ ਇਹ ਰੀਮਾਰਕਸ ਵਾਪਸ ਲੈਣੇ ਚਾਹੀਦੇ ਹਨ ਨਹੀਂ ਤਾਂ ਸਾਬਤ ਕਰਨ ਕਿ ਕੌਣ ਅੱਗ ਲਗਾਉਣਾ ਚਾਹੁੰਦਾ ਸੀ, ਕੌਣ ਕੁਝ ਕਰਨਾ ਚਾਹੁੰਦਾ ਸੀ ਜਿਹੜਾ ਇਹ ਫਾਇਰ ਬ੍ਰਿਗੇਡ ਦਾ ਇੰਜਨ ਲੈਕੇ ਦੌਰੇ ਤੇ ਫਿਰਦੇ ਰਹੇ। (ਸ਼ੋਰ)

ਸਰਦਾਰ ਗੁਰਨਾਮ ਸਿੰਘ : ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਇਨ੍ਹਾਂ ਦਾ ਜਨਾਜ਼ਾ ਕਢਣ ਲਈ ਬਾਹਰ ਗਏ ਸੀ। ਕੀ ਇਹ ਸ਼ਾਂਤੀ ਲਿਆਉਣ ਵਾਲੀ ਗੱਲ ਸੀ ਜੋ ਲੋਕਾਂ ਦਾ ਜਨਾਜ਼ਾ ਕਢਣ ਲਈ ਗਏ ? ਦੂਸਰੀ ਗੱਲ ਇਹ ਹੈ ਕਿ ਇਹ ਵੀ ਦੱਸ ਦੇਣ ਕਿ ਇਨ੍ਹਾਂ ਦਾ ਕਦੋਂ ਨਿਕਲਣਾ ਹੈ ?

ਮੁੱਖ ਮੰਤਰੀ : ਆਖਰਕਾਰ ਜਿਹੜਾ ਜਿਹੜਾ ਆਦਮੀ ਬਣਿਆ ਹੈ ਉਸ ਦਾ ਜਨਾਜ਼ਾ ਤਾਂ ਇਕ ਦਿਨ ਨਿਕਲਣਾ ਹੀ ਹੈ। ਤੁਹਾਡਾ ਨਿਕਲਿਆ ਹੋਇਆ ਹੈ ਸਾਡਾ ਜਦੋਂ ਨਿਕਲੇਗਾ ਦੁਨੀਆਂ ਦੇਖ ਲਵੇਗੀ। (ਹਾਸਾ)

ਸ਼੍ਰੀ ਸਤਪਾਲ ਡਾਂਗ : ਕੀ ਚੀਫ਼ ਮਨਿਸਟਰ ਸਾਹਿਬ ਦਸਣਗੇ ਕਿ ਪਿਛਲੀ ਵਜ਼ਾਰਤ ਵੇਲੇ ਜਿਹੜਾ ਇਥੇ ਹਾਉਸ ਵਿੱਚ ਚੀਫ ਮਨਿਸਟਰ ਸਾਹਿਬ ਨੇ ਬਿਆਨ ਦਿੱਤਾ ਸੀ ਕਿ ਮਨਿਸਟਰ ਸਾਹਿਬਾਨ ਸਿਰਫ਼ ਸਨਿਚਰਵਾਰ ਅਤੇ ਐਤਵਾਰ ਟੂਰ ਕਰਿਆ ਕਰਨਗੇ। ਉਹ ਪਾਲਿਸੀ ਕਾਇਮ ਹੈ ਜਾਂ ਬਦਲ ਦਿੱਤੀ ਹੈ ?

ਮੁੱਖ ਮੰਤਰੀ : ਬਦਲ ਦਿੱਤੀ ਹੈ। ਜੈਸਾ ਜ਼ਰੂਰਤ ਦੇ ਮੁਤਾਬਿਕ ਸਮਝਾਂਗੇ ਕਰ ਲਵਾਂਗੇ ਕੋਈ ਆਰਾਮ ਤਲਬੀ ਨਹੀਂ ਕਰਨਾ ਚਾਹੁੰਦੇ। (ਵਿਘਨ)

M.L.As. Arrested On 21st December, 1967 in Jullundur City.

*** 843. Shri Lal Chand Suberwal :** Will the Chief Minister be pleased to state :

(a) the names of M.L.As. arrested on 21st December, 1967 in Jullundur City in connection with the black flag demonstration held against the Chief Minister.

(b) the nature of offences under which they were arrested ;

(c) the time when they were arrested and the time when they were released ;

(d) the names of places where they were kept in detention by the police ?

ਸਰਦਾਰ ਲਛਮਣ ਸਿੰਘ ਗਿੱਲ :

(ੳ) 21.12.67 ਨੂੰ ਜਲੰਧਰ ਵਿੱਚ ਮੁੱਖ ਮੰਤਰੀ ਵਿਰੁਧ ਕਾਲੀਆਂ ਝੰਡੀਆਂ ਨਾਲ ਕੀਤੇ ਵਖਾਵੇ ਦੇ ਸਬੰਧ ਵਿੱਚ ਗਰਿਫਤਾਰ ਕੀਤੇ ਵਿਧਾਨ ਸਭਾ ਦੇ ਮੈਂਬਰਾਂ ਦੇ ਨਾਂ ਇਹ ਹਨ :—ਸਰਵ-ਸ੍ਰੀ ਲਾਲ ਚੰਦ ਸਭਰਵਾਲ, ਮਨਮੋਹਨ ਕਾਲੀਆ ।

(ਅ) ਵਿਧਾਨ ਸਭਾ ਦੇ ਮੈਂਬਰ, 25 ਹੋਰ ਆਦਮੀਆਂ ਸਮੇਤ, ਟਰੈਫਕ ਵਿੱਚ ਰੁਕਾਵਟ ਪਾਉਣ ਕਾਰਨ ਪੁਲਿਸ ਐਕਟ ਦੀ ਧਾਰਾ 32 ਦੇ ਅਧੀਨ, ਗਰਿਫਤਾਰ ਕੀਤੇ ਗਏ ।

(ੲ) ਉਨ੍ਹਾਂ ਨੂੰ ਲਗਭਗ 4.00 ਵਜੇ ਸ਼ਾਮੀ ਗਰਿਫਤਾਰ ਕੀਤਾ ਗਿਆ ਅਤੇ ਉਸੇ ਦਿਨ 9.30 ਰਾਤੀ ਰਿਹਾ ਕਰ ਦਿੱਤਾ ਗਿਆ ।

(ਸ) ਸ੍ਰੀ ਲਾਲ ਚੰਦ ਸਭਰਵਾਲ ਨੂੰ ਨਕੋਦਰ ਦੇ ਥਾਨੇ ਵਿੱਚ ਪੁਲਿਸ ਦੀ ਹਿਰਾਸਤ ਵਿੱਚ ਰਖਿਆ ਗਿਆ ਅਤੇ ਸ੍ਰੀ ਮਨਮੋਹਨ ਨੂੰ ਜਲੰਧਰ ਸ਼ਹਿਰ ਪੀ. ਐਸ. ਨੰ: 4 ਦੇ ਥਾਣੇ ਵਿੱਚ ਰਖਿਆ ਗਿਆ ।

(a) The names of M.L.As. who were arrested in connection with the black flag demonstration against the Chief Minister at Jullundur on 21st December, 1967 are S/Shri Lal Chand Sabharwal & Manmohan Kalia ;

(b) The M.L.As. were arrested alongwith 24 others u/s 32 of the police Act for causing obstruction to traffic.

(c) They were arrested at about 4.00 P.M. and released at about 9.30 P.M. the same day.

(d) Shri Lal Chand was kept in police custody at police station Nakodar while Shri Manmohan Kalia was kept in P.P. No. 4 P.S. Jullundur City.

ਸ੍ਰੀ ਲਾਲ ਚੰਦ ਸੱਭਰਵਾਲ : ਕੀ ਮੁੱਖ ਮੰਤਰੀ ਜੀ ਦਸਣਗੇ ਕਿ ਜਿਹੜੀ ਉਨ੍ਹਾਂ ਨੇ ਦਫ਼ਾ 32 ਕਹੀ ਹੈ, ਇਸ ਵਿੱਚ ਕੇਸ ਕਾਬਲੇ ਦਸਤ ਅੰਦਾਜ਼ੀ ਪੁਲਿਸ ਨਹੀਂ ਹੁੰਦਾ, ਉਸ ਦੇ ਵਿਚ ਕਿਸੇ

ਆਦਮੀ ਨੂੰ ਅਰੈਸਟ ਨਹੀਂ ਕੀਤਾ ਜਾ ਸਕਦਾ । ਕੀ ਉਹ ਦਸਣਗੇ ਕਿ ਕਿਹੜੇ ਕਾਨੂੰਨ ਦੇ ਤਹਿਤ ਅਰੈਸਟ ਕੀਤਾ ਗਿਆ ?

ਇਹ ਕੇਸ ਬਿਲਕੁਲ ਪੁਲਿਸ ਦੀ ਦਸਤ ਅੰਦਾਜ਼ੀ ਤੋਂ ਬਾਹਰ ਦਾ ਕੇਸ ਸੀ । (ਵਿਘਨ) ਉਹ ਦਫ਼ਾ 34 ਹੁੰਦੀ ਹੈ ਜਦ ਕਿ ਇਥੇ ਦਫ਼ਾ 32 ਲਾਈ ਗਈ (ਵਿਘਨ)

ਮੁੱਖ ਮੰਤਰੀ : ਇਹ ਰੁਕਾਵਟ ਪਾਉਂਦੇ ਰਹੇ ।

ਸ਼੍ਰੀ ਲਾਲ ਚੰਦ ਸਬੱਰਵਾਲ : ਅਰੈਸਟ ਕੀਤਾ ਹੀ ਨਹੀਂ ਜਾ ਸਕਦਾ ਦਫ਼ਾ 32 ਹੇਠਾਂ, ਤਾਂ ਜਮਾਨਤ ਦਾ ਕੀ ਸਵਾਲ ਹੈ । (ਵਿਘਨ) ਐਲ. ਆਰ. ਸਾਹਿਬ, ਕਿਸੇ ਨੇ ਜ਼ਮਾਨਤ ਨਹੀਂ ਦਿਤੀ । (ਵਿਘਨ) ਉਸ ਵਿੱਚ ਅਰੈਸਟ ਹੀ ਨਹੀਂ ਕੀਤਾ ਜਾ ਸਕਦਾ ......(ਵਿਘਨ) ਮੁੱਖ ਮੰਤਰੀ ਦੇ ਥਾਂ ਜਾ ਬੈਠਾ ...... (ਵਿਘਨ) ਸਪੀਕਰ ਸਾਹਿਬ, ਦਫ਼ਾ 32 ਹੇਠਾਂ ਅਰੈਸਟ ਨਹੀਂ ਕੀਤਾ ਜਾ ਸਕਦਾ । ਅਗਰ ਐਮ. ਐਲ. ਏ. ਨੂੰ ਇਸ ਦਫ਼ਾ ਦੇ ਤਹਿਤ ਅਰੈਸਟ ਕਰਨਾ ਗਲਤੀ ਸੀ ਤਾਂ ਇਨ੍ਹਾਂ ਇਸ ਬਾਰੇ ਕੀ ਐਕਸ਼ਨ ਲਿਆ ?

ਕੈਪਟਨ ਰਤਨ ਸਿੰਘ : On a point of order Sir, ਸਪੀਕਰ ਸਾਹਿਬ, ਆਨਰੇਬਲ ਮੈਂਬਰ ਦਾ ਨਾਂ ਚੌਧਰੀ ਦਰਸ਼ਨ ਸਿੰਘ ਹੈ । ਇਨ੍ਹਾਂ ਨੂੰ ਐਲ. ਆਰ. ਕਿਸ ਨੇ ਬਣਾਇਆ ਹੈ । ਆਪ ਵੀ ਇਨ੍ਹਾਂ ਨੂੰ ਐਲ. ਆਰ. ਹੀ ਕਹਿੰਦੇ ਹੋ । (ਹਾਸਾ)

ਸ਼੍ਰੀ ਸਪੀਕਰ : ਇਹ ਹਾਊਸ ਨੇ ਹੀ ਬਣਾਇਆ ਹੈ ਅਤੇ ਇਧਰ ਵਾਲੇ ਦੋਸਤ ਕੁਝ ਪੁਛਣਾ ਹੋਵੇ ਤਾਂ ਪੁਛ ਲੈਂਦੇ ਹਨ । (The House had made him L.R. the friends on this side consult him, if need be (laughter).

ਚੌਧਰੀ ਦਰਸ਼ਨ ਸਿੰਘ : ਇਹ ਗੱਲ ਠੀਕ ਹੈ, ਮੈਂ ਇਧਰ ਵਾਲੇ ਬੈਂਚਿਜ਼ ਦਾ ਐਲ. ਆਰ. ਕਿਹਾ ਜਾ ਸਕਦਾ ਹਾਂ ਪਰ ਉਨ੍ਹਾਂ ਦਾ ਐਲ. ਆਰ. ਤਾਂ ਫਗੂਵਾਲੀਆ ਜੀ ਹੋਰੀ ਹਨ । (ਹਾਸਾ)

ਸ਼੍ਰੀ ਲਾਲ ਚੰਦ ਸੱਬਰਵਾਲ : ਇਨ੍ਹਾਂ ਨੂੰ L.R. ਨਾਂ ਕਹੋ ਹਾਊਸ ਦੇ ਹਾਫਜ਼ ਕਹੋ ।

ਮੁੱਖ ਮੰਤਰੀ : ਮੇਰੇ ਪਾਸ ਜੋ ਇਨਫਰਮੇਸ਼ਨ ਹੈ, ਉਹ ਇਹ ਹੈ ਕਿ ਇਹ ਅਤੇ ਇਨ੍ਹਾਂ ਦੇ ਸਾਥੀ ਟ੍ਰੈਫਿਕ ਵਿੱਚ ਰੁਕਾਵਟ ਪਾਉਂਦੇ ਸਨ, ਪੁਲਿਸ ਨੇ ਇਨ੍ਹਾਂ ਨੂੰ ਵਾਰਨ ਕੀਤਾ, ਪਰ ਇਨ੍ਹਾਂ ਪਰਵਾਹ ਨਾ ਕੀਤੀ, ਇਸ ਲਈ ਇਸ ਸੈਕਸ਼ਨ ਹੇਠਾਂ ਪਕੜਿਆਂ ਅਗਰ ਕੋਈ ਖਿਲਾਫ਼ ਕਾਨੂੰਨ ਗੱਲ ਹੋਈ ਹੈ ਤਾਂ ਲਿਖ ਕੇ ਦੇਣ, ਮੈਂ ਦੇਖ ਲਵਾਂਗਾ ।

ਸ਼੍ਰੀ ਲਾਲ ਚੰਦ ਸੱਬਰਵਾਲ : ਦਫ਼ਾ 32 (5) ਤਾਂ ਪੁਲਿਸ ਦਾ ਇਸ਼ਾਰਾ ਨਾ ਮੰਨਣਾ ਹੁੰਦਾ ਹੈ । ਰੁਕਾਵਟ ਪਾਉਣਾ ਤਾਂ ਨਹੀਂ ਹੁੰਦਾ । ਦਫ਼ਾ 32 ਬਿਲਕੁਲ ਦਸਤ ਅੰਦਾਜ਼ੀ ਪੁਲਿਸ ਹੈ ਹੀ ਨਹੀਂ । ਉਨ੍ਹਾਂ ਨੂੰ ਗ੍ਰਿਫ਼ਤਾਰ ਕਿਵੇਂ ਕੀਤਾ ਗਿਆ ?

ਮੁੱਖ ਮੰਤਰੀ : ਮੇਰੇ ਪਾਸ ਇਹੀ ਇਨਫਰਮੇਸ਼ਨ ਹੈ। ਤੁਸੀਂ ਤਵਜੁਹ ਦਿਲਾਈ ਹੈ, ਮੈਂ ਇਨਕਵਾਇਰੀ ਕਰ ਲਵਾਂਗਾ।

ਕਾਮਰੇਡ ਭਾਨ ਸਿੰਘ ਭੌਰਾ : ਇਕ ਤਾਂ ਇਹ ਦਸੋ ਕਿ ਕਾਲੀਆਂ ਝੰਡੀਆਂ ਦਿਖਾਉਣੀਆਂ ਕਿਸ ਦਫ਼ਾ ਦੇ ਖਿਲਾਫ਼ ਹਨ ਤੇ ਦੂਜੇ ਉਨ੍ਹਾਂ ਨੂੰ ਜਲੰਧਰ ਪਕੜਿਆ ਤੇ ਨਕੋਦਰ ਕਿਉਂ ਲੈ ਗਏ।

ਮੁੱਖ ਮੰਤਰੀ : ਇਹ ਇਕ ਇੰਤਜ਼ਾਮੀਆਂ ਮਾਮਲਾ ਹੈ। ਨਾਲੇ ਜਿਥੇ ਪੂਰੀਆਂ ਸਹੂਲਤਾਂ ਪਹੁੰਚਾ ਸਕਦੇ ਸੀ, ਉਥੇ ਲੈ ਗਏ।

ਕਾਮਰੇਡ ਜੰਗੀਰ ਸਿੰਘ ਜੋਗਾ : ਸਪੀਕਰ ਸਾਹਿਬ ਇਹ ਮਾਮਲਾ ਪ੍ਰਿਵਿਲਿਜਿਜ਼ ਕਮੇਟੀ ਨੂੰ ਜਾਣਾ ਚਾਹੀਦਾ ਹੈ। ਜਦ ਦਫ਼ਾ 32 ਹੇਠਾਂ ਪੁਲਿਸ ਨੂੰ ਇਖਤਿਆਰ ਹੀ ਨਹੀਂ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਿਵੇਂ ਕੀਤਾ ਗਿਆ। ਜਾਂ ਤਾਂ 34 ਦਫ਼ਾ ਲਾਉਂਦੀ। ਪੁਲਿਸ ਜ਼ਿਆਦਤੀਆਂ ਕਰਦੀ ਹੈ, ਇਹ ਮਾਮਲਾ ਪ੍ਰਿਵਿਲਿਜਿਜ਼ ਕਮੇਟੀ ਦੇ ਸਪੁਰਦ ਕੀਤਾ ਜਾਵੇ।

श्री बलरामजी दास टंडन : स्पीकर साहिब यह हाऊस के प्रिविलिजिज़ का स्वाल है ऐसा कई जगह होता है कि इस ऐवान के मैम्बरों को बिना किसी वैलिड रीज़न के और गलत कानून के तहत अरैस्ट कर लिया जाता है, नाजायज़ हरास्त में रखा जाता है। यह सिलसर केस है। दफा 32 नाकाबले दस्त अदाज़ी पुलिस है जिस के तहत एक मुअज़्ज़ज एम. एल. ए. को 5 घन्टे हरासत में रखा और फिर नकोदर में ले गए जो उस जगह की ज्युरिसडिक्शन में नहीं आता। यह इस हाऊस की हत्तक की गई है। यह मामला प्रिविलिजिज़ कमेटी को रैफर होना चाहिए।

ਚੌਧਰੀ ਦਰਸ਼ਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ ਸਰ। ਸਪੀਕਰ ਸਾਹਿਬ ਇਹ ਕਿਹਾ ਗਿਆ ਹੈ ਕਿ ਦਫ਼ਾ 32 ਦੇ ਹੇਠਾਂ ਇਕ ਮੈਂਬਰ ਨੂੰ ਨਾਜਾਇਜ਼ ਪਕੜਿਆ ਗਿਆ ਇਸ ਲਈ ਇਹ ਮਾਮਲਾ ਪ੍ਰਿਵਿਲਿਜਿਜ਼ ਕਮੇਟੀ ਦੇ ਸਪੁਰਦ ਕੀਤਾ ਜਾਵੇ। ਲੀਡਰ ਆਫ਼ ਦੀ ਹਾਊਸ ਨੇ ਦਸਿਆ ਕਿ ਪੁਲਿਸ ਨੇ ਉਨ੍ਹਾਂ ਨੂੰ ਦਫ਼ਾ 32 ਦੇ ਹੇਠਾਂ ਪਕੜਿਆ। ਦੋਵੇਂ ਕੇਸ ਅਦਾਲਤ ਵਿੱਚ ਪੈਂਡਿੰਗ ਹਨ ਮੈਟਰ ਸਬਜੁਡਿਸ ਹੈ। (Voices from Opposition Benches : No, No. Members are on bail.) ਇਸ ਲਈ ਮਾਮਲਾ ਪ੍ਰਿਵਿਲਿਜਿਜ਼ ਕਮੇਟੀ ਨੂੰ ਰੈਫਰ ਕਰਨ ਦਾ ਸਵਾਲ ਹੀ ਨਹੀਂ ਹੈ।

ਸ਼੍ਰੀ ਮਨਮੋਹਨ ਕਾਲੀਆ : ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕਿਸੇ ਗ਼ਲਤ ਦਫ਼ਾ ਦੇ ਤਹਿਤ ਅਰੈਸਟ ਕੀਤਾ ਗਿਆ ਇਹ ਮਾਮਲਾ ਕਿਸੇ ਕੋਰਟ ਵਿੱਚ ਪੈਂਡਿੰਗ ਨਹੀਂ ਹੈ। ਦਫ਼ਾ 32 ਹੇਠਾਂ ਅਰੈਸਟ ਨਹੀਂ ਹੋ ਸਕਦੀ ਇਸ ਲਈ ਅਰੈਸਟ ab-initio ਹੀ ਗ਼ਲਤ ਹੈ।

ਸ਼੍ਰੀ ਲਾਲ ਚੰਦ ਸੱਭਰਵਾਲ : ਇਹ ਕਿਸੇ ਕੋਰਟ ਵਿੱਚ ਪੈਂਡਿੰਗ ਨਹੀਂ, ਨਾ ਕੋਈ ਬੇਲ ਹੀ ਹੋਈ ਹੈ। ਹਾਫਜ਼ ਜੀ ਨੇ ਗ਼ਲਤ ਰਾਏ ਦਿੱਤੀ ਹੈ।

ਮੁੱਖ ਮੰਤਰੀ : ਇਹ ਪਰਸਨਲ ਬੌਂਡ ਤੇ, ਮੁਚਲਕੇ ਤੇ ਹੋਣਗੇ।

ਸ੍ਰੀ ਮਨਮੋਹਨ ਕਾਲੀਆ : ਮੈਂ ਕੋਈ ਪਰਸਨਲ ਬਾਂਡ ਨਹੀਂ ਦਿਤਾ।

ਮੁੱਖ ਮੰਤਰੀ : ਇਹ ਇਕ ਨੇਚੁਰਲ ਗੱਲ ਹੈ। ਪੁਲਿਸ ਨੇ ਅਰੈਸਟ ਕੀਤਾ ਹੋਵੇਗਾ ਪਰ ਚੂੰਕਿ ਮੁਅਜ਼ਜ਼ ਸਾਹਿਬਾਨ ਹਨ ਇਸ ਲਈ ਪਰਸਨਲ ਬੌਂਡ ਤੇ ਰਿਹਾ ਕਰ ਦਿਤਾ ਹੋਵੇਗਾ ਅਤੇ ਹੋ ਸਕਦਾ ਹੈ ਕਿ ਦਫਾ 32 ਦੇ ਨਾਲ ਕੋਈ ਹੋਰ ਸੈਕਸ਼ਨ ਵੀ ਹੋਵੇ। ਅਗਰ ਮੁਨਾਸਬ ਸਮਝੋ ਤਾਂ ਕੁੱਝ ਵਕਤ ਦੇ ਦਿਉ, ਇਨਫਰਮੇਸ਼ਨ ਲੈ ਕੇ ਹਾਊਸ ਨੂੰ ਦਸ ਦੇਵਾਂਗਾ।

ਸ੍ਰੀ ਸਪੀਕਰ : ਹਾਂ ਠੀਕ ਹੈ। (That is right)

ਸ੍ਰੀ ਪ੍ਰਬੋਧ ਚੰਦਰ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਜਿਸ ਵੇਲੇ ਸ੍ਰੀ ਲਾਲ ਚੰਦ ਜੀ ਨੂੰ ਗ੍ਰਿਫਤਾਰ ਕੀਤਾ ਗਿਆ ਉਸ ਵੇਲੇ ਪੁਲਿਸ ਵਲੋਂ ਕੋਈ ਸਖਤੀ ਕੀਤੀ ਗਈ ਜਿਸ ਕਰਕੇ ਇਨ੍ਹਾਂ ਨੂੰ ਜ਼ਖਮ ਆਏ। (ਵਿਘਨ)

ਸ੍ਰੀ ਲਾਲ ਚੰਦ ਸੱਬਰਵਾਲ : ਸਟਾਂ ਲਗੀਆਂ ਸਨ ਰਿਪੋਰਟ ਨਹੀਂ ਕੀਤੀ।

Question of Privilege/Call Attention Notices

ਸ੍ਰੀ ਸਤਪਾਲ ਡਾਂਗ : On a point of order, Sir ਸਪੀਕਰ ਸਾਹਿਬ ਇਹ ਪੁਆਇੰਟ ਜੋ ਇਥੇ ਪੈਦਾ ਹੋਇਆ ਹੈ ਇਹ ਪ੍ਰਿਵਿਲਿਜਿਜ਼ ਕਮੇਟੀ ਪਾਸ ਜਾਣਾ ਚਾਹੀਦਾ ਹੈ। ਇਸ ਸਿਲਸਿਲੇ ਵਿੱਚ ਮੈਂ ਲਿਖ ਕੇ ਪ੍ਰਿਵਲਿਜ਼ ਮੋਸ਼ਨ ਭੇਜ ਦਿੱਤੀ ਹੈ, ਉਸ ਦਾ ਫ਼ੈਸਲਾ ਆਪ ਨੇ ਹੁਣ ਦੇਣਾ ਹੈ ਜਾਂ ਫਿਰ ਦੇਣਾ ਹੈ। ਉਨ੍ਹਾਂ ਬੜੀ ਕੈਟੇਗੋਰੀਕਲ ਸਟੇਟਮੈਂਟ ਦਿੱਤੀ ਹੈ : ਕੋਈ ਤਰੀਕ ਨਹੀਂ, ਮੁਚਲਕਾ ਨਹੀਂ। ਅਗਰ ਕੋਈ ਚਾਲਾਨ ਹੋਇਆ ਜਿਵੇਂ ਕਿ ਸਾਈਕਲ ਵਾਲੀਆਂ ਦਾ ਹੁੰਦਾ ਹੈ ਤਾਂ ਉਸ ਦਾ ਕੋਈ ਸਵਾਲ ਨਹੀਂ ਹੈ। ਉਹ ਇਕ ਨਾਨ ਕਾਗਨੀਜ਼ੇਬਲ ਸੈਕਸ਼ਨ ਸੀ, ਉਸ ਦੇ ਨਾਲ ਪੁਲਿਸ ਨੇ ਕਾਨੂੰਨ ਆਪਣੇ ਹਥ ਵਿੱਚ ਲੈ ਕੇ ਦੋ ਐਮ. ਐਲ. ਏਜ਼. ਨੂੰ ਨਾਜ਼ਾਇਜ਼ ਤੌਰ ਤੇ ਗ੍ਰਿਫਤਾਰ ਕੀਤਾ। ਅਗਰ ਕੋਈ ਮੁਕਦਮਾ ਹੋਇਆ ਤਾਂ ਉਹ ਸਾਨੂੰ ਨਹੀਂ ਪਤਾ, ਸਾਡੇ ਸਾਹਮਣੇ ਨਹੀਂ ਹੈ, ਵੈਸੇ ਮੁਕਦਮੇ ਦਾ ਕੋਈ ਕੇਸ ਨਜ਼ਰ ਨਹੀਂ ਆਉਂਦਾ। ਤਰੀਕ, ਮੁਕਦਮਾ, ਜ਼ਮਾਨਤ, ਮੁਚਲਕਾ ਕੋਈ ਨਹੀਂ ਹੈ। ਇਸ ਲਈ ਇਸ ਦਾ ਫ਼ੈਸਲਾ ਆਪ ਨੇ ਕਰਨਾ ਹੈ। ਮੋਸ਼ਨ ਮੈਂ ਲਿਖ ਕੇ ਭੇਜ ਦਿੱਤੀ ਹੈ, ਇਹ ਮਾਮਲਾ ਪ੍ਰਿਵਿਲਿਜਿਜ਼ ਕਮੇਟੀ ਨੂੰ ਸਪੁਰਦ ਹੋਣਾ ਚਾਹੀਦਾ ਹੈ ਜੋ ਦੇਖੇ ਕਿ ਐਮ. ਐਲ. ਏਜ਼. ਨੂੰ ਇਕ ਨਾਨਕਾਗਨੀਜ਼ੇਬਲ ਸੈਕਸ਼ਨ ਦੇ ਤਹਿਤ ਹਵਾਲਾਤ ਵਿੱਚ ਕਿਵੇਂ ਬੰਦ ਕੀਤਾ ਗਿਆ।

ਮੁੱਖ ਮੰਤਰੀ : ਮੈਂ ਅਰਜ਼ ਕਰਦਾ ਹਾਂ ਕਿ ਸਪੀਕਰ ਸਾਹਿਬ ਕਿ ਮੈਨੂੰ ਮੌਕਾ ਦਿੱਤਾ ਜਾਵੇ ਸਾਰੀ ਇਨਫਰਮੇਸ਼ਨ ਲੈ ਲਵਾਂ ਫਿਰ ਤੁਸੀਂ ਜੋ ਫ਼ੈਸਲਾ ਮੁਨਾਸਿਬ ਸਮਝੋ ਕਰ ਲੈਣਾ। ਅਜੇ ਇਸ ਪ੍ਰਿਵਿਲਿਜ਼ ਮੋਸ਼ਨ ਨੂੰ ਪਿਆ ਰਹਿਣ ਦਿਤਾ ਜਾਵੇ। (ਵਿਘਨ)

ਸ਼੍ਰੀ ਲਾਲ ਚੰਦ ਜੀ ਸੱਬਰਵਾਲ, ਦਾ ਮੈਂ ਬਹੁਤ ਸਤਿਕਾਰ ਕਰਦਾ ਹਾਂ, ਉਹ ਜਨਸੰਘ ਦੇ ਪਧਾਨ ਨੇ ਕੀ ਕੋਈ ਅਫ਼ਸਰ ਜ਼ੁਰਅਤ ਕਰ ਸਕਦਾ ਹੈ ਉਨ੍ਹਾਂ ਨਾਲ ਨਾਮਲੂਕੀ ਕਰੇ। ਅੱਛਾ ਹੀ ਸਲੂਕ ਹੋਇਆ ਹੋਵੇਗਾ।

ਸ਼੍ਰੀ ਪ੍ਰਬੋਧ ਚੰਦਰ : ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਅਖਬਾਰਾਂ ਵਿੱਚ ਛਪਿਆ ਸੀ ਕਿ ਸੱਬਰਵਾਲ ਸਾਹਿਬ ਜ਼ਖ਼ਮੀ ਕੀਤੇ ਗਏ ਸਨ, ਕੀ ਇਹ ਠੀਕ ਹੈ ਤੇ ਕੀ ਇਨ੍ਹਾਂ ਕੋਈ ਸ਼ਿਕਾਇਤ ਕੀਤੀ ?

ਸ਼੍ਰੀ ਲਾਲ ਚੰਦ ਸੱਬਰਵਾਲ : ਲਾਠੀਆਂ ਜ਼ਰੂਰ ਮੈਨੂੰ ਲਗੀਆਂ ਸਨ ਪਰ ਮੈਂ ਕੋਈ ਸ਼ਿਕਾਇਤ ਨਹੀਂ ਸੀ ਕੀਤੀ।

STARRED QUESTIONS AND ANSWERS (Contd.)

LATHI CHARGE RESORTED TO BY THE POLICE AT KHANNA ON 26-1-68.

*901. **Shri Harbans Lal Khanna** : Will the Chief Minister be pleased to state :

(a) whether it is a fact that there was a police lathi charge on 26-1-68 at Khanna ; if so, the persons responsible for the same ;

(b) the reasons for ordering the said lathi charge ;

(c) whether any action has been taken against the concerned person ; if not, the reasons therefor ?

ਸਰਦਾਰ ਲਛਮਨ ਸਿੰਘ ਗਿੱਲ : (ੳ) ਨਹੀਂ ਜੀ। 26-1-68 ਨੂੰ ਖੰਨੇ ਵਿੱਚ ਪੁਲਿਸ ਵਲੋਂ ਕੋਈ ਲਾਠੀ ਚਾਰਜ ਨਹੀਂ ਹੋਇਆ ਪਰ ਪੰਜਾਬ ਸਾਂਝਾ ਮੋਰਚਾ ਦੀਆਂ ਪਾਰਟੀਆਂ ਨਾਲ ਸਬੰਧ ਰਖਣੇ ਵਾਲੇ ਮੁਜ਼ਾਹਰਾ ਕਰਨ ਵਾਲੇ ਕੁਝ ਲੋਕ ਸ਼੍ਰੀ ਸਰਦਾਰਾ ਸਿੰਘ ਕੋਹਲੀ, ਉਪ ਮੰਤਰੀ ਦੁਆਰਾ ਮੁਖਾਤਿਬ ਪਬਲਿਕ ਜਲਸੇ ਵਿੱਚ ਖਲਬਲੀ ਪੈਦਾ ਕਰਨਾ ਚਾਹੁੰਦੇ ਸਨ, ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਣ ਲਈ ਪੁਲਿਸ ਨੇ ਉਨ੍ਹਾਂ ਨੂੰ ਪਿਛੇ ਧਕਿਆ ਅਤੇ ਕੁੱਝ ਕੁ ਗਰਿਫਤਾਰੀਆਂ ਵੀ ਕੀਤੀਆਂ।

(ਅ) ਅਤੇ (ੲ) ਸਵਾਲ ਪੈਦਾ ਨਹੀਂ ਹੁੰਦਾ।

(a) No. There was no lathi charge by police at Khanna on 26-1-68, but some demonstrations belonging to P. U. F. parties who tried to disturb a public meeting addressed by Sh. Sardara Singh Kohli, Deputy Minister, were pushed back and arrested by the Police to stop them from disturbing the meeting ;

(b) & (c) Questions do not arise.

ਸ਼੍ਰੀ ਹਰਬੰਸ ਲਾਲ ਖੰਨਾ : ਕੀ ਮੁੱਖ ਮੰਤਰੀ ਦੱਸਣਗੇ ਕਿ ਖੰਨੇ ਵਿੱਚ ਬਤੌਰ ਪ੍ਰੋਟੈਸਟ ਦੇ ਲਾਠੀ ਚਾਰਜ ਦੇ ਬਾਰੇ ਬਜ਼ਾਰ ਬੰਦ ਰਹੇ ? ਕੀ ਉਹ ਪੁਲਿਸ ਦੀ ਰਕਸ਼ਾ ਲਈ ਬਜ਼ਾਰ ਬੰਦ ਸਨ ?

ਮੁੱਖ ਮੰਤਰੀ : ਮੇਰੇ ਪਾਸ ਐਸੀ ਕੋਈ ਇਨਫਰਮੇਸ਼ਨ ਨਹੀਂ । ਜੋ ਇਨਫਰਮੇਸ਼ਨ ਮਹਿਕਮੇ ਦੀ ਆਈ ਹੈ ਉਸ ਵਿੱਚ ਇਹ ਹੈ ਕਿ ਖੰਨੇ ਵਿਚ ਕੋਈ ਲਾਠੀ ਚਾਰਜ ਨਹੀਂ ਹੋਇਆ । (ਵਿਘਨ) (ਸ਼ੋਰ)

ਸ਼੍ਰੀ ਬਲਰਾਮਜੀ ਦਾਸ ਟੰਡਨ : ਕੀ ਸੀ. ਐਮ. ਸਾਹਿਬ ਨੂੰ ਪਤਾ ਹੈ ਕਿ 20 ਤਰੀਕ ਨੂੰ ਖੰਨੇ ਵਿੱਚ ਲ ਠੀ ਚਾਰਜ ਹੋਇਆ ?

ਮੁੱਖ ਮੰਤਰੀ : ਮੇਰੀ ਇਤਲਾਹ ਤਾਂ ਇਹ ਹੈ ਕਿ ਲਾਠੀ ਚਾਰਜ ਨਹੀਂ ਹੋਇਆ ।

ਸਰਦਾਰ ਗੁਰਨਾਮ ਸਿੰਘ : ਕੀ ਚੀਫ ਮਨਿਸਟਰ ਸਾਹਿਬ ਨੂੰ ਪਤਾ ਹੈ ਕਿ ਬਹੁਤ ਸਾਰੇ ਲੋਕਾਂ ਨੂੰ ਇਸ ਲਾਠੀ ਚਾਰਜ ਵਿੱਚ ਸੱਟਾਂ ਲਗੀਆਂ ਤੇ ਉਨ੍ਹਾਂ ਨੂੰ ਤਿਬੱਈ ਮੁਆਇਨੇ ਲਈ ਹਸਪਤਾਲ ਵਿੱਚ ਲਿਜਾਇਆ ਗਿਆ ?

ਮੁੱਖ ਮੰਤਰੀ : ਐਸੀ ਕੋਈ ਇਨਫਰਮੇਸ਼ਨ ਸਰਕਾਰ ਪਾਸ ਨਹੀਂ । (ਵਿਘਨ) (ਸ਼ੋਰ)

ਸ਼੍ਰੀ ਸਤਪਾਲ ਡਾਂਗ : ਕੀ ਡਿਪਟੀ ਮਨਿਸਟਰ ਸਾਹਿਬ ਨੇ ਸਟੇਜ ਤੇ ਪੁਲਿਸ ਨੂੰ ਲਾਠੀ ਚਾਰਜ ਵਾਸਤੇ ਨਹੀਂ ਕਿਹਾ ? (ਵਿਘਨ)

ਮੁੱਖ ਮੰਤਰੀ : ਮੇਰੇ ਪਾਸ ਕੋਈ ਇਤਲਾਹ ਨਹੀਂ । (ਵਿਘਨ) (ਸ਼ੋਰ)

CASES OF THEFT AND MURDER

*926. **Shri Harbans Lal Khanna** : Will the Chief Minister be pleased to state :—

"the total number of cases of thefts and murders that took place in the State during the period from November, 1966 to 20th February, 1967 and from November, 1967 to 20th February, 1968, district-wise ?

ਸਰਦਾਰ ਲਛਮਣ ਸਿੰਘ ਗਿੱਲ : ਸਟੇਟਮੈਂਟ ਸਭਾ ਦੇ ਸਾਹਮਣੇ ਪੇਸ਼ ਹੈ ।

(Statement laid on the table of the House.)

Distt.	from 1.11.66 to 20.2.1967		from 1.11.1967 to 20.2.1968	
	Theft	Murder	Theft	Murder
Hoshiarpur	43	5	60	3
Jullundur	92	7	105	9

Ludhiana	184	10	222	8
Kapurthala	34	2	44	—
Ferozepore	117	35	149	36
Amritsar	333	25	320	32
Gurdaspur	56	6	73	4
Patiala	98	6	141	3
Sangrur	57	12	36	11
Bhatinda	49	22	63	13
Rupar	36	4	23	--
	1099	134	1246	116

ਸ੍ਰੀ ਹਰਬੰਸ ਲਾਲ ਖੰਨਾ : ਕੀ ਮੁੱਖ ਮੰਤਰੀ ਦੱਸਣਗੇ ਕਿ ਤਿੰਨਾਂ ਮਹੀਨਿਆਂ ਵਿੱਚ ਚੋਰੀਆਂ ਦੀ ਗਿਣਤੀ ਵਧ ਕੇ 147 ਹੋ ਗਈ ਹੈ ? ਇਸ ਦੇ ਕੀ ਕਾਰਨ ਹਨ ?

ਮੁੱਖ ਮੰਤਰੀ : ਕਿਉਂਕਿ ਫਰੰਟ ਦੀ ਸਰਕਾਰ ਨੇ ਕਿਸੇ ਨੂੰ ਮੌਕਾ ਨਹੀਂ ਦਿੱਤਾ ਕਿ ਥਾਣੇ ਵਿੱਚ ਜਾ ਕੇ ਕੰਪਲੇਂਟ ਦਰਜ ਕਰਵਾ ਸਕਣ ।

(ਆਵਾਜ ਬੱਲੇ ਓ ਤੇਰੇ)

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਕੀ ਮੁੱਖ ਮੰਤਰੀ ਸਾਹਿਬ ਦੱਸਣ ਦੀ ਕਿਰਪਾ ਕਰਨਗੇ ਕਿ 1-11-66 ਤੋਂ 20-2-67 ਤਕ 134 ਕਤਲ ਹੋਏ ਸਨ ਤੇ 1-11-67 ਤੋਂ 20-2-68 ਤਕ 116 ਕਤਲ ਹੋਏ ਹਨ । ਇਸ ਅੰਤਰ ਦਾ ਕੀ ਕਾਰਨ ਹੈ । ਇਹ ਘਟ ਕਿਉਂ ਹੋਏ ਹਨ ?

ਮੁੱਖ ਮੰਤਰੀ : ਇਹ ਸਾਫ਼ ਜਾਹਰ ਹੈ ਕਿ 1-11-66 ਤੋਂ 20-2-67 ਤਕ 134 ਕਤਲ ਹੋਏ ਸੀ ਤੇ 1-11-67 ਤੋਂ 20-2-68 ਤਕ ਘਟ ਹੋਏ ਹਨ ਕਿਉਂਕਿ ਪਹਿਲਾਂ ਲਾਲੈਸਨੈਸ ਸੀ ਤੇ ਹਣ ਅਮਨ ਹੈ ।

ਸ੍ਰੀ ਹਰਬੰਸ ਲਾਲ ਖੰਨਾ : ਕੀ ਮੁੱਖ ਮੰਤਰੀ ਦਸਣਗੇ, ਕਿ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪਹਿਲਾਂ 25 ਕਤਲ ਹੋਏ ਸੀ ਤੇ ਤੁਹਾਡੇ ਰਾਜ ਵਿੱਚ 32 ? ਇਹ ਕਿਉਂ ?

ਮੁੱਖ ਮੰਤਰੀ : ਤੁਸੀਂ ਆਪ ਜ਼ਿਲ੍ਹੇ ਵਿੱਚ ਰਹਿੰਦੇ ਹੋ ਤੁਸੀਂ ਆਪ ਜਾਣਦੇ ਹੋ ਜੇਕਰ ਤੁਸੀਂ ਅਮਨ ਪਸੰਦ ਹੁੰਦੇ ਤਾਂ ਰੋਕ ਲੈਂਦੇ ਪਰ ਤੁਸੀਂ ਤਾਂ ਉਕਸਾਨ ਵਾਲਿਆਂ ਵਿੱਚ ਹੋ । ਰੋਕਦਾ ਕੌਣ ।

ਕਾਮਰੇਡ ਭਾਨ ਸਿੰਘ ਭੌਰਾ : ਕੀ ਇਨ੍ਹਾਂ ਚੋਰੀਆਂ ਦੀ ਲਿਸਟ ਵਿੱਚ ਇਹ ਚੋਰੀ ਵੀ ਸ਼ਾਮਲ ਹੈ ਕਿ ਤੁਸੀਂ ਸ੍ਰੀ ਹਰਭਜ ਰਾਮ ਨੂੰ ਚੁਰਾ ਕੇ ਲੈ ਗਏ ?

ਮੁੱਖ ਮੰਤਰੀ : ਇਹ ਤਾਂ ਚੋਰੀ ਨਹੀਂ ਆਪਣੀ ਚੀਜ਼ ਵਾਪਸ ਲਿਆਏ ਹਾਂ । (ਹਾਸਾ)

ਸ੍ਰੀ ਸਤਪਾਲ ਡਾਂਗ : ਕੀ ਚੋਰੀਆਂ ਇਸ ਲਈ ਵਧ ਗਈਆਂ ਹਨ ਕਿ ਸਾਰੀ ਪੁਲਿਸ ਤਾਂ ਮਨਿਸਟਰਾਂ ਦੇ ਦੌਰੇ ਤੇ ਨਾਲ ਜਾਂਦੀ ਹੈ ਤੇ ਲੋਕਾਂ ਦੇ ਮਾਲ ਦੀ ਹਿਫਾਜ਼ਤ ਵਲ ਘਟ ਧਿਆਨ ਦੇਂਦੀ ਹੈ ।

ਮੁੱਖ ਮੰਤਰੀ : ਨਹੀਂ ਜੀ, ਇਹ ਗਲ ਨਹੀਂ । ਕਤਲ ਤਾਂ ਸਾਰੇ ਪੰਜਾਬ ਵਿਚ ਘਟ ਗਏ ਹਨ ।

PERSONS ARRESTED AT RAILWAY STATION ON 20-1-1968.

*9 4. **Shri Balramji Das Tadonn :** Will the Chief Minister be pleased to state :—

(a) whether it is a fact that some persons were arrested at different Railway stations in the State on the night of 20th January, 1968 ; if so, the number of those arrested stationwise together with the reasons therefor :

(b) whether it is also a fact that some others were also pervented from boarding the trains outside the stations if so, the reasons therefor ?

ਸਰਦਾਰ ਲਛਮਣ ਸਿੰਘ ਗਿੱਲ : (ੳ) ਅਤੇ (ਅ) 20 ਜਨਵਰੀ, 1968 ਦੀ ਰਾਤ ਨੂੰ ਨਾ ਤਾਂ ਕਿਸੇ ਨੂੰ ਰੇਲਵੇ ਸਟੇਸ਼ਨ ਤੇ ਗ੍ਰਿਫਤਾਰ ਹੀ ਕੀਤਾ ਗਿਆ ਸੀ ਅਤੇ ਨਾ ਹੀ ਗੱਡੀਆਂ ਤੇ ਚੜ੍ਹਣ ਤੋਂ ਸਟੇਸ਼ਨਾ ਤੋਂ ਬਾਹਰ ਕਿਸੇ ਨੂੰ ਰੋਕਿਆ ਗਿਆ ਸੀ ।

[(a) & (b) Neither any one was arrested at the railway stations in the state nor prevented from boarding the trains outside the stations on the night of 20th January, 1968.]

ਸ੍ਰੀ ਬਲਰਾਮਜੀ ਦਾਸ ਟੰਡਨ : ਸਪੀਕਰ ਸਾਹਿਬ, ਅਸੀਂ ਤੁਹਾਡਾ ਤਹੱਫਜ਼ ਚਾਹੁੰਦੇ ਹਾਂ ਕਿ ਸੀ. ਐਮ. ਸਾਹਿਬ ਐਨੀ ਗਲਤ ਬਿਆਨੀ ਕਰ ਰਹੇ ਹਨ । ਉਸ ਦਿਨ ਰਾਤ ਨੂੰ ਸੈਂਕੜੇ ਬੰਦੇ ਮਕਾਨਾਂ 'ਚੋਂ ਫੜੇ ਗਏ ਤੇ ਫਿਰ ਇਸ ਅਸੈਂਬਲੀ ਤੋਂ ਪਵਿੱਤਰ ਜਗਹ ਡੈਮੋਕਰੇਸੀ ਵਿਚ ਕੀ ਹੋ ਸਕਦੀ ਹੈ, ਜਿਥੇ ਇਸ ਤਰ੍ਹਾਂ ਦਾ ਝੂਠਾ ਬਿਆਨ ਦਿਤਾ ਜਾ ਰਿਹਾ ਹੈ । 21 ਤਾਰੀਖ ਨੂੰ ਚੰਡੀਗੜ੍ਹ ਵਿਖੇ ਡੀਮਾਨਸਟ੍ਰੇਸ਼ਨ ਸੀ ਤੇ 25 ਤਾਰੀਖ ਨੂੰ ਰਾਤ ਨੂੰ ਰੇਲਵੇ ਸਟੇਸ਼ਨ ਅੰਮ੍ਰਿਤਸਰ ਤੇ ਲੋਕਾਂ ਨੂੰ ਰੋਕਿਆ ਗਿਆ । ਗਡੀਆਂ ਚੋਂ ਬਾਹਰ ਕਢਿਆ ਗਿਆ ਤੇ ਸੀ. ਐਮ. ਸਾਹਿਬ ਇਥੇ ਕਹਿੰਦੇ ਨੇ ਕਿ ਇਕ ਬੰਦੇ ਨੂੰ ਨਹੀਂ ਪਕੜਿਆ ਗਿਆ । ਐਨਾ ਝੂਠ, ਐਨੀ ਝੂਠ ਬਿਆਨੀ । ਮੈਨੂੰ ਸਮਝ ਨਹੀਂ ਆਉਂਦੀ । ਸਭ ਜਾਣਦੇ ਹਨ ਕਿ ਇਕ ਸਾਬਕ ਮਨਿਸਟਰ ਦੀ ਬੀਵੀ ਨੂੰ ਅਰੈਸਟ ਕੀਤਾ ਗਿਆ

ਰੇਲਵੇ ਸਟੇਸ਼ਨ ਤੇ (ਸ਼ੇਮ ਸ਼ੇਮ) ਤੁਹਾਨੂੰ, ਸਪੀਕਰ ਸਾਹਿਬ, ਆਪ ਇਨ੍ਹਾਂ ਨੂੰ ਰੋਕਣਾ ਚਾਹੀਦਾ ਹੈ ਕਿ ਇਸ ਤਰ੍ਹਾਂ ਦੀ ਗਲਤ ਬਿਆਨੀ ਨਾ ਕਰਨ।

Mr. Speaker : Let me hear him.

ਮੁੱਖ ਮੰਤਰੀ : ਸਪੀਕਰ ਸਾਹਿਬ, ਆਪ ਨੂੰ ਚਾਹੀਦਾ ਹੈ ਕਿ ਇਥੇ ਲਫਜ਼ ਝੂਠ ਕਈ ਵੇਰ ਵਰਤਿਆ ਗਿਆ ਹੈ ਅਤੇ ਇਹ ਅਨਪਾਰਲੀਮੈਂਟਰੀ ਹੈ। ਇਨ੍ਹਾਂ ਨੂੰ ਰੋਕਣਾ ਚਾਹੀਦਾ ਹੈ ਅਤੇ ਵਾਪਸ ਲੈਣ ਲਈ ਕਹਿਣਾ ਚਾਹੀਦਾ ਹੈ। (ਵਿਘਨ)। ਭਲੀ ਪਰਕਾਰ ਆਪ ਜਾਣਦੇ ਹੋ ਕਿ ਜੋ ਇਨਫਰਮੇਸ਼ਨ ਸਰਕਾਰ ਦੀ ਹੈ ਉਹ ਦੇ ਦਿੱਤੀ ਗਈ ਹੈ। ਜੇਕਰ ਇਨ੍ਹਾਂ ਪਾਸ ਇਸ ਦੇ ਬਰਖ਼ਲਾਫ਼ ਕੋਈ ਇਨਫਰਮੇਸ਼ਨ ਹੈ ਤੇ ਇਨ੍ਹਾਂ ਨੇ ਕਹੀ ਹੈ ਉਹ ਬਰਅਕਸ ਹੈ ਤਾਂ ਸਰਕਾਰ ਤੋਂ ਪਤਾ ਕਰ ਲਿਆ ਜਾਵੇਗਾ।

ਸਰਦਾਰ ਗੁਰਨਾਮ ਸਿੰਘ : ਇਸ ਦਾ ਮਤਲਬ ਇਹ ਹੈ ਕਿ ਸਰਕਾਰ ਤੁਹਾਡੀ ਨਹੀਂ, ਪੁਲਿਸ ਸਰਕਾਰ ਹੋਈ (ਵਿਘਨ) ਇਹ ਗੱਲਾਂ ਪੰਜਾਬ ਵਿਚ ਟਾਲਰੇਟ ਨਹੀਂ ਕੀਤੀਆਂ ਜਾਣਗੀਆਂ। (ਵਿਘਨ, ਸ਼ੋਰ)।

ਮੁੱਖ ਮੰਤਰੀ : ਮੈਂ ਅਜਿਹੀਆਂ ਧਮਕੀਆਂ ਨੂੰ ਹਰ ਜਗਹ ਅਜ਼ਮਾਉਣ ਨੂੰ ਤਿਆਰ ਹਾਂ, ਮੈਂ ਜਾਣਦਾ ਹਾਂ ਤੈਨੂੰ। (ਵਿਘਨ ਸ਼ੋਰ)।

ਸਰਦਾਰ ਗੁਰਨਾਮ ਸਿੰਘ : ਮੈਂ ਵੀ ਜਾਣਦਾ ਹਾਂ। ਇਸ ਤਰ੍ਹਾਂ ਦੀ ਗਲਤ ਬਿਆਨੀ ਨਹੀਂ ਚਲਣ ਦਿੱਤੀ ਜਾਵੇਗੀ।

ਮੁੱਖ ਮੰਤਰੀ : ਮੈਂ ਤੈਨੂੰ ਹਰ ਥਾਂ ਅਜ਼ਮਾਉਣ ਨੂੰ ਤਿਆਰ ਹਾਂ, ਤੂੰ ਕੀ ਕਰ ਸਕਦਾ ਹੈਂ ? (ਵਿਘਨ ਸ਼ੋਰ)

ਸਰਦਾਰ ਗੁਰਨਾਮ ਸਿੰਘ : ਮੈਂ ਵੀ ਜਾਣਦਾ ਤੈਨੂੰ। (ਵਿਘਨ) (ਬਹੁਤ ਸ਼ੋਰ)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਇਹ ਲੈਂਗੂਏਜ਼ ਤਾਂ ਠੀਕ ਵਰਤਣ। ਚੀਫ਼ ਮਨਿਸਟਰ ਤੂੰ ਤੂੰ ਕਹੀ ਜਾ ਰਹੇ ਹਨ। (ਵਿਘਨ, ਸ਼ੋਰ)

ਸਰਦਾਰ ਗੁਰਚਰਨ ਸਿੰਘ (ਬਾਘਾ ਪੁਰਾਣਾ) : ਸ਼ਟ ਅਪ, ਤੂੰ ਤੂੰ ਕਰੀ ਜਾਂਦਾ ਹੈ।

ਮੁੱਖ ਮੰਤਰੀ : ਤੈਨੂੰ ਹੱਥ ਨਹੀਂ ਲਗੇ ਮੇਰੇ। (ਵਿਘਨ ਸ਼ੋਰ)

ਸਰਦਾਰ ਗੁਰਚਰਨ ਸਿੰਘ (ਬਾਘਾ ਪੁਰਾਣਾ) : ਤੂੰ ਖਾ ਜਾਏਂਗਾ ? ਵੇਖਿਆ ਤੈਨੂੰ। (ਵਿਘਨ)

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਤੁਸੀਂ ਕੰਟ੍ਰੋਲ ਕਰੋ । ਚੀਫ਼ ਮਨਿਸਟਰ ਤੂੰ ਤੂੰ ਕਿਉਂ ਕਹੇ ਕਿਸੇ ਮੈਂਬਰ ਨੂੰ . . . (ਵਿਘਨ ਸ਼ੋਰ)

ਮੁੱਖ ਮੰਤਰੀ : ਇਨ੍ਹਾਂ ਨੂੰ ਵੀ ਕਿਹਾ ਜਾਵੇ ਕਿ ਵੈਲ ਬੀਹੇਵ ਕਰਨ । (ਵਿਘਨ)

(ਸਰਦਾਰ ਗੁਰਚਰਨ ਸਿੰਘ ਵਲੋਂ ਵਿਘਨ)

ਮੁੱਖ ਮੰਤਰੀ : ਅਸੀਂ ਦੱਸਾਂਗੇ ਤੈਨੂੰ । ਮੈਂ ਜਾਣਦਾ ਤੈਨੂੰ । (ਵਿਘਨ)

ਸਰਦਾਰ ਗੁਰਚਰਨ ਸਿੰਘ (ਬਾਘਾ ਪੁਰਾਣਾ) : ਮੈਂ ਵੀ ਜਾਣਦਾ ਤੈਨੂੰ । ਤੂੰ ਕੀ ਦਸੇਂਗਾ ? ਜੋ ਗੁੰਡਾ ਗਰਦੀ ਕੀਤੀ ਹੈ ਤੂੰ.........(ਵਿਘਨ) (ਸ਼ੋਰ)

ਸ੍ਰੀ ਸਪੀਕਰ : ਤੂੰ ਤੂੰ ਨਹੀਂ ਕਹਿਣਾ ਚਾਹੀਦਾ । ਇਜ਼ਤ ਨਾਲ ਬੋਲਣਾ ਬੋਲਾਣਾ ਚਾਹੀਦਾ ਹੈ । (The hon. Members should not use ਤੂੰ ਤੂੰ" for each other. They should speak in a dignified manner.)

ਮੁੱਖ ਮੰਤਰੀ : ਮੈਂ ਤਾਂ ਆਪ ਚਾਹੁੰਦਾ ਹਾਂ ਕਿ ਮੋਸਟ ਰਿਸਪੈਕਟਫੁਲੀ ਬੁਲਾਇਆ ਜਾਵੇ ਪਰ ਗੱਲ ਇਨ੍ਹਾਂ ਵਲੋਂ ਸ਼ੁਰੂ ਕੀਤੀ ਗਈ ਹੈ । ਇਨ੍ਹਾਂ ਸਵਾਲ ਕੀਤਾ ਮੈਂ ਜੋ ਇਨਫਰਮੇਸ਼ਨ ਸੀ ਜਵਾਬ ਦੇ ਦਿਤਾ । ਇਹ ਜੇਕਰ ਇਨਫਰਮੇਸ਼ਨ ਗਲਤ ਸੀ ਤਾਂ ਇਹ ਹੋਰ ਕਿਸੇ ਤਰੀਕੇ ਨਾਲ ਪੁਛ ਲੈਂਦੇ । ਮੈਂ ਕਹਿ ਹੀ ਦਿਤਾ ਸੀ ਕਿ ਜੇਕਰ ਇਹ ਹੋਰ ਕੁਝ ਇਨਫਰਮੇਸ਼ਨ ਦਿੰਦੇ ਹਨ ਤਾਂ ਮੈਂ ਇਨਕੁਆਇਰ ਕਰਨ ਨੂੰ ਤਿਆਰ ਹਾਂ ।

ਡਾਕਟਰ ਬਲਦੇਵ ਪ੍ਰਕਾਸ਼ : ਆਨ ਏ ਪੁਆਇੰਟ ਆਫ ਅਰਡਰ, ਸਰ । ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਸ ਵਿਧਾਨ ਸਭਾ ਦਾ ਇਕ ਪਵਿੱਤਰ ਫੋਰਮ ਹੈ । ਕੋਈ ਵੀ ਗਲ ਇਥੇ ਕਹੀ ਜਾਵੇ ਉਹ ਫੈਕਟਸ ਦੇ ਉਤੇ ਕਿਸੇ ਕਾਰਨ ਦੇ ਆਧਾਰ ਤੇ ਹੁੰਦੀ ਹੈ । ਇਹ ਗੱਲ ਚਾਹੇ ਗੌਰਮਿੰਟ ਦੇ ਵਲੋਂ ਆਵੇ ਚਾਹੇ ਚੀਫ ਮਨਿਸਟਰ ਦੇ ਵਲੋਂ ਆਵੇ ਜਾਂ ਕਿਸੇ ਮੈਂਬਰ ਵਲੋਂ ਵੀ ਕਹੀ ਜਾਵੇ, ਜੇ ਕੋਈ ਗੱਲ ਕਹੀ ਜਾਵੇ, ਜੇ ਉਹ ਐਸੀ ਹੋਵੇ ਜੋ ਇਸ ਹਾਊਸ ਦੇ ਅਨੁਕੂਲ ਨਹੀਂ ਤਾਂ ਇਹ ਅਨਪਾਰਲੀਮੈਂਟਰੀ ਆਪ ਦੇ ਵਲੋਂ ਡੀਕਲੇਅਰ ਹੋਣੀ ਚਾਹੀਦੀ ਹੈ । ਚਾਹੇ ਉਹ ਝੂਠ ਸ਼ਬਦ ਕਿਹਾ ਹੋਵੇ ਜਾਂ ਕੁਝ ਹੋਰ ਹੋਵੇ । ਸਪੀਕਰ ਸਾਹਿਬ, ਜੋ ਕੁਝ ਵੀ ਇਸ ਹਾਊਸ ਦੇ ਵਿਚ ਚੀਫ ਮਨਿਸਟਰ ਸਾਹਿਬ ਦੇ ਵਲੋਂ ਕਿਹਾ ਜਾ ਰਿਹਾ ਹੈ ਉਹ ਇਸ ਹਾਊਸ ਦੇ ਅਨੁਕੂਲ ਨਹੀਂ । ਤੁਸੀਂ ਆਪ ਹੀ ਦੱਸੋ ਸਪੀਕਰ ਸਾਹਿਬ, ਜਿਸ ਤਰ੍ਹਾਂ ਦੀਆਂ ਗੱਲਾਂ ਏਥੇ ਹੋ ਰਹੀਆਂ ਹਨ ਕੀ ਉਹ ਇਸ ਵਿਧਾਨ ਸਭਾ ਦੀ ਨੀਤੀ ਅਨੁਸਾਰ ਹਨ ? ਏਥੇ ਚੀਫ ਮਨਿਸਟਰ ਨੇ ਓਪਨਲੀ ਕਿਹਾ ਕਿ ਕਿਤੇ ਵੀ ਕੋਈ ਲਾਠੀ ਚਾਰਜ਼ ਨਹੀਂ ਹੋਇਆ । ਏਥੋਂ ਚੀਫ ਮਨਿਸਟਰ ਜੇ ਇਸ ਤਰ੍ਹਾਂ ਦੀਆਂ ਗੱਲਾਂ ਕਹਿੰਦਾ ਹੈ ਜਿਸ ਨੂੰ ਕਿ 2 ਕਰੋੜ ਪੰਜਾਬ ਦੀ ਜਨਤਾ ਜਾਣਦੀ ਹੈ ਇਥੋਂ ਦਾ ਬੱਚਾ ਬੱਚਾ ਜਾਣਦਾ ਹੈ ਕਿ ਕਿਵੇਂ ਪੁਲਿਸ ਲਾਠੀ ਚਾਰਜ ਕਰ ਰਹੀ ਹੈ ਇਹ ਸਰੀਹਨ ਕਹਿੰਦੇ ਹਨ ਕੁਝ ਨਹੀਂ

ਹੋ ਰਿਹਾ, ਇਸ ਦਾ ਕੀ ਮਤਲਬ ਹੈ। ਜੇ ਇਸ ਸਟੇਟ ਦਾ ਚੀਫ਼ ਮਨਿਸਟਰ ਵਿਧਾਨ ਸਭਾ ਦੇ ਵਿਚ ਕਹੇ ਕਿ ਸਾਡੀ ਸਟੇਟ ਦੇ ਵਿਚ ਕੋਈ ਲਾਠੀ ਚਾਰਜ ਨਹੀਂ ਹੋਇਆ ਅਤੇ ਅਸੀਂ ਕਹੀਏ ਕਿ ਇਹ ਬਿਲਕੁਲ ਝੂਠ ਹੈ ਤਾਂ ਫੇਰ ਇਹ ਅਨਪਾਰਲੀਮੈਂਟਰੀ ਕਿਵੇਂ ਹੋਇਆ ਜੇ ਤੁਸੀਂ ਵੀ ਕਹੋ ਕਿ ਅਨ-ਪਾਰਲੀਮੈਂਟਰੀ ਹੈ, ਇਸ ਤਰ੍ਹਾਂ ਤਾਂ ਅਸੀਂ ਪਾਰਲੀਮੈਂਟਰੀ ਕਨਵੈਨਸ਼ਨਜ਼ ਦੇ ਆਧਾਰ ਤੇ ਚਲਦੇ ਹੋਏ ਆਪਣੇ ਹਿਤਾਂ ਦੀ ਰਾਖੀ ਨਹੀਂ ਕਰ ਸਕਦੇ। ਜੇ ਇਸ ਤਰ੍ਹਾਂ ਦੀਆਂ ਗੱਲਾਂ ਇਸ ਹਾਊਸ ਦੇ ਵਿਚ ਹੋਣਗੀਆਂ ਤਾਂ ਫੇਰ ਸਿਵਾਏ ਇਸ ਗੱਲ ਦੇ ਕੋਈ ਗੱਲ ਨਹੀਂ ਕਹੀ ਜਾ ਸਕਦੀ ਕਿ ਝੂਠ ਦਾ ਜਵਾਬ ਝੂਠ ਦੇ ਨਾਲ ਹੀ ਦਿੱਤਾ ਜਾਵੇ। ਇਹ ਤਾਂ ਫੇਰ ਟਿਟ ਫਾਰ ਟੈਟ ਦੀ ਗੱਲ ਹੀ ਹੋਵੇਗੀ। ਵਿਧਾਨ ਸਭਾ ਦੀ ਰਕਸ਼ਾ ਇਥੇ ਨਹੀਂ ਹੋਵੇਗੀ। ਮੈਂ ਇਹ ਗੱਲ ਓਪਨਲੀ ਕਹਿੰਦਾ ਹਾਂ ਕਿ ਪੰਜਾਬ ਦੀ 2 ਕਰੋੜ ਜਨਤਾ ਤੇ ਇਸ ਵਕਤ ਲਾਠੀ ਚਾਰਜ ਹੋ ਰਿਹਾ ਹੈ ਇਹ ਗੱਲ ਮੈਂ ਹੀ ਨਹੀਂ ਕਹਿੰਦਾ ਪੰਜਬ ਦੇ ਲੱਖਾਂ ਲੋਕ ਕਹਿੰਦੇ ਹਨ। ਪਰ ਇਸ ਸਟੇਟ ਦਾ ਚੀਫ਼ ਮਨਿਸਟਰ ਏਥੇ ਬੈਠਾ ਕਹਿੰਦਾ ਹੈ ਕਿ ਲਾਠੀ ਚਾਰਜ ਨਹੀਂ ਹੋਇਆ, ਇਸ ਦਾ ਕੀ ਮਤਲਬ ਹੈ ? ਤੁਸੀਂ ਆਪ ਦੱਸੋ ਕਿ ਸਟੇਟ ਵਿਚ ਲਾਠੀ ਚਾਰਜ਼ ਹੋਇਆ ਹੈ ਜਾਂ ਨਹੀਂ ਹੋਇਆ। ਇਨ੍ਹਾਂ ਨੇ ਇਹ ਕੀ ਮਖੌਲ ਬਣਾਇਆ ਹੈ ? ਇਹ ਵਿਧਾਨ ਸਭਾ ਹੈ ਜਾਂ ਕੋਈ ਮਖੌਲ ਹੋ ਰਿਹਾ ਹੈ ? ਉਹ ਕਮ ਅਜ਼ ਕਮ ਇਹ ਤਾਂ ਕਹਿਣ ਕਿ ਮੈਂ ਲਾਠੀ ਚਾਰਜ ਕਰਵਾਇਅ ਹੈ।

ਮੁੱਖ ਮੰਤਰੀ : (ਸ਼ੋਰ)........(ਵਿਘਨ) ਤੁਸੀਂ ਮੇਰੀ ਗੱਲ ਤਾਂ ਸੁਣੋ। (ਵਿਘਨ) ਮੈਂ ਜਵਾਬ ਦੇਣਾ ਚਾਹੁੰਦਾ ਹਾਂ ਤੁਸੀਂ ਸੁਣੋ ਤਾਂ ਸਹੀ। ਜੋ ਰਿਪੋਟਸ ਮੇਰੇ ਪਾਸ ਆਈਆਂ ਹਨ ਮੈਂ ਉਨ੍ਹਾਂ ਦੇ ਆਧਾਰ ਤੇ ਕਿਹਾ ਹੈ ਕਿ ਕੋਈ ਲਾਠੀ ਚਾਰਜ ਨਹੀਂ ਹੋਇਆ ਅਤੇ ਨਾ ਹੀ ਕੋਈ ਮੁਜਾਹਰਾ ਹੋਇਆ ਹੈ। ਦਰਅਸਲ ਗੱਲ ਤਾਂ ਇਹ ਸੀ ਕਿ ਜਿੱਥੇ ਡਿਪਟੀ ਮਨਿਸਟਰ ਸਾਹਿਬ ਬੋਲਣਾ ਚਾਹੁੰਦੇ ਸੀ ਉਥੇ ਇਕ ਗਰੁਪ ਦੇ ਲੋਕਾਂ ਨੇ ਦਖਲ-ਅੰਦਾਜ਼ੀ ਕੀਤੀ ਪੁਲਿਸ ਨੂੰ ਧਕੇਲਣ ਤੱਕ ਗਏ, ਜਿਸ ਦੇ ਕਾਰਨ ਕੁਝ ਗ਼ਰਿਫਤਾਰੀਆਂ ਕੀਤੀਆਂ। ਇਹੋ ਸਾਰੀ ਗੱਲ ਹੈ ਜਿਹੜੀ ਕਿ ਮੈਂ ਇਮਾਨਦਾਰੀ ਦੇ ਨਾਲ ਕਹਿੰਦਾ ਹਾਂ। ਇਹ ਸਵਾਲ ਖੰਨੇ ਦੇ ਬਾਰੇ ਹੋ ਰਿਹਾ ਹੈ ਅਤੇ ਮੈਂ ਉਥੋਂ ਦਾ ਹੀ ਜਵਾਬ ਦਿੱਤਾ ਹੈ। ਅਜੇ ਤੱਕ ਦੇ ਨਤੀਜੇ ਮੈਂ ਉਨ੍ਹਾਂ ਨੂੰ ਦੱਸੇ ਹਨ. ਇਸ ਤੇ ਮੈਂ ਮਜ਼ੀਦ ਇਨਕੁਆਇਰੀ ਕਰ ਰਿਹਾ ਹਾਂ। ਇਹ ਸਾਰਾ ਮੁਆਮਲਾ ਖੰਨੇ ਦੇ ਮੁਤਾਲਿਕ ਹੈ।

ਸ੍ਰੀ ਬਲਰਾਮਜੀ ਦਾਸ ਟੰਡਨ : ਸਪੀਕਰ ਸਾਹਿਬ. ਹੁਣ ਤਾਂ ਤੁਸੀਂ ਉਨ੍ਹਾਂ ਦੀ ਸਪੀਚ ਵੀ ਸੁਣ ਲਈ ਹੈ ਹੁਣ ਤੁਸੀਂ ਆਪ ਹੀ ਦੱਸੋ, ਅਸੀਂ ਸਾਰੀ ਗੱਲ ਤੁਹਾਡੇ ਤੇ ਹੀ ਛਡਦੇ ਹਾਂ ਕਿ ਕੀ ਹੋਇਆ। ਇਹ ਗੱਲ ਰੋਜ਼ਾਨਾਂ ਅਖਬਾਰਾਂ ਦੇ ਵਿਚ ਆ ਰਹੀ ਹੈ ਕਿ ਉਥੇ ਲਾਠੀ ਚਾਰਜ ਹੋਇਆ, ਫਲਾਂ ਥਾਂ ਪੁਲਿਸ ਨੇ ਤਸਦ ਕੀਤਾ, ਜਾਂ ਤਾਂ ਇਹ ਸਾਰੀਆਂ ਖਬਰਾਂ ਬਿਲਕੁਲ ਹੀ ਗ਼ਲਤ ਨਿਕਲੀਆਂ ਹਨ ਜਾਂ ਇਹ ਗ਼ਲਤ ਕਹਿੰਦੇ ਹਨ। ਤੁਸੀਂ ਰੋਜ਼ ਅਖਬਾਰਾਂ ਪੜ੍ਹਦੇ ਹੋ ਤੁਸੀਂ ਆਪ ਦੱਸੋ ਕਿ ਜੋ ਤਕਰੀਰ ਚੀਫ਼ ਮਨਿਸਟਰ ਨੇ ਹੁਣ ਏਥੇ ਕੀਤੀ ਕਿ ਸਾਰੇ ਪੰਜਾਬ ਵਿਚ ਕੁਝ ਨਹੀਂ ਹੋਇਆ, ਇਹ ਕਿਥੋਂ ਤੱਕ ਸੱਚ ਹੈ ਅਸੀਂ ਤੁਹਾਡੀ ਜਜਮੈਂਟ ਸੁਣਨਾ ਚਾਹੁੰਦੇ ਹਾਂ।

ਸ੍ਰੀ ਸਪੀਕਰ : ਇਹਦੇ ਲਈ ਤਾਂ ਇਕੋ ਚੀਜ਼ ਹੈ ਕਿ ਅਗਰ ਕੋਈ ਐਸੀ ਗੱਲ ਹੈ ਤਾਂ ਤੁਸੀਂ ਨੋ ਕਾਨਫੀਡੈਂਸ ਮੋਸ਼ਨ ਹਾਊਸ ਦੇ ਵਿਚ ਲੈ ਆਓ, ਆਈ ਵਿਲ ਐਡਮਿਟ ਦੈਟ। (The only way out is that you can bring in a no-confidence motion in the House, if there is any such thing I will admit that.)

ਡਾਕਟਰ ਬਲਦੇਵ ਪ੍ਰਕਾਸ਼ : ਹਰ ਗੱਲ ਚਾਹੇ ਕੋਈ ਸੱਚ ਹੋਵੇ ਜਾਂ ਕੋਈ ਝੂਠ ਉਸ ਦਾ ਅਸੀਂ ਨੋ ਕਾਨਫੀਡੈਂਸ ਮੋਸ਼ਨ ਹੀ ਲਿਆਈਏ ਤਾਂ ਮੁਕੇਗੀ ? ਇਹ ਕਹਿੰਦੇ ਹਨ ਕਿ ਕੋਈ ਲਾਠੀ ਚਾਰਜ ਨਹੀਂ ਹੋਇਆ ਤੁਸੀਂ ਆਪਣੇ ਦਿਲ ਤੇ ਹਥ ਰੱਖ ਕੇ ਦੱਸੋ ਕਿ ਇਸ ਵੇਲੇ ਪੰਜਾਬ ਦੇ ਵਿਚ ਕੁਝ ਨਹੀਂ ਹੋ ਰਿਹਾ ? ਇਜ਼ ਇਟ ਦੀ ਪ੍ਰੈਸੀਡੈਂਸ ਆਫ ਦੀ ਹਾਊਸ। ਇਕ ਪਾਸੇ ਅਸੀਂ ਤੁਹਾਡੇ ਸਾਹਮਣੇ ਜਨਤਾ ਦੀ ਦੁਹਾਈ ਪਾ ਰਹੇ ਹਾਂ ਦੂਸਰੇ ਪਾਸੇ ਚੀਫ਼ ਮਨਿਸਟਰ ਇਹ ਕਹਿ ਰਿਹਾ ਹੈ ਕਿ ਲਾਠੀ ਚਾਰਜ ਹੋਇਆ ਹੀ ਨਹੀਂ। ਇਹ ਇਸ ਹਾਊਸ ਦੀ ਡਿਗਨਟੀ ਅਤੇ ਡੈਕੋਰਮ ਦਾ ਸਵਾਲ ਹੈ ਅਗਰ ਇਸ ਦੇ ਵਿਚ ਕੋਈ ਲੈਕੂਨਾ ਹੈ ਤਾਂ ਇਹ ਮੇਰੇ ਤੇ ਜ਼ਿਮੇਵਾਰੀ ਨਹੀਂ, ਕਿਸੇ ਮੈਂਬਰ ਤੇ ਨਹੀਂ, ਇਹ ਤੁਹਾਡੇ ਤੇ ਆਏਗੀ ਜੇ ਇਸ ਤਰ੍ਹਾਂ ਦੀਆਂ ਗੱਲਾਂ ਇਸ ਹਾਊਸ ਦੇ ਵਿਚ ਹੁੰਦੀਆਂ ਰਹੀਆਂ। (ਵਿਘਨ—ਸ਼ੋਰ)

(ਬਹੁਤ ਸਾਰੇ ਮਾਨਯੋਗ ਮੈਂਬਰ ਬੋਲਣ ਦਾ ਯਤਨ ਕਰਨ ਲਗੇ)

ਸ੍ਰੀ ਸਪੀਕਰ : I cannot hear anything. ਇਸ ਹਾਊਸ ਦਾ ਤਾਂ ਐਨਾ ਕੁ ਹੀ ਡੈਕੋਰਮ ਹੈ ਕਿ ਮੈਂ ਖੜਾ ਹਾਂ ਅਤੇ ਚਾਰ ਚਾਰ ਆਦਮੀ ਇੱਕਠੇ ਬੋਲਦੇ ਪਏ ਹਨ। (ਵਿਘਨ) (I cannot hear anything. Just see the decorum of the House being maintained by you. There are four members speaking at a time when I am also standing.)

ਚੌਧਰੀ ਕਰਤਾਰ ਸਿੰਘ : ਆਨ ਏ ਪੁਆਇੰਟ ਆਫ ਆਰਡਰ ਸਰ, ਸਪੀਕਰ ਸਾਹਿਬ ਮੈਂ ਆਪਦੀ ਖਿਦਮਤ ਵਿਚ ਇਹ ਪੁਆਇੰਟ ਆਫ ਆਰਡਰ ਅਰਜ਼ ਕਰਨ ਲਈ ਖੜਾ ਹੋਇਆ ਹਾਂ ਸਾਰਾ ਝਗੜਾ ਸ੍ਰੀ ਬਲਰਾਮਜੀ ਦਾਸ ਟੰਡਨ ਦੇ ਕਹਿਣ ਤੇ ਹੋਇਆ ਹੈ ਜਦੋਂ ਉਨ੍ਹਾਂ ਨੇ ਇਹ ਕਿਹਾ ਕਿ ਝੂਠ ਹੈ। ਸਰਦਾਰ ਗੁਰਨਾਮ ਸਿੰਘ ਨੇ ਗੁੱਸੇ ਵਿਚ ਆ ਕੇ ਕਿਹਾ ਹੈ ਕਿ ਅਸੀਂ ਹੁਣ ਵਾਕ ਆਊਟ ਹੀ ਨਹੀਂ ਕਰਾਂਗੇ। ਇਸ ਤੋਂ ਬਾਅਦ ਸਰਦਾਰ ਗੁਰਚਰਨ ਸਿੰਘ ਨੇ ਜੋ ਕੁਝ ਕਿਹਾ ਉਹ ਮੈਂ ਦੁਹਰਾਉਣਾ ਨਹੀਂ ਚਾਹੁੰਦਾ ਮੈਂ ਆਪਦੀ ਖਿਦਮਤ ਦੇ ਵਿਚ ਅਰਜ਼ ਕਰਾਂਗਾ ਕਿ ਗੁੱਸਾ ਤਾਂ ਜਾਣ ਬੁਝ ਕੇ ਹੈ। ਇਹ ਤਰੀਕਾ ਠੀਕ ਨਹੀਂ ਮੈਂ ਅਰਜ਼ ਕਰਾਂਗਾ ਕਿ ਜੇ ਕੋਈ ਐਸੀ ਗੱਲ ਹੈ ਤਾਂ ਉਹ ਕੋਈ ਸਬਸਟੈਂਟਿਵ ਮੋਸ਼ਨ ਲੈ ਆਉਣ, ਵੋਟ ਆਫ ਨੋ ਕਾਨਫੀਡੈਂਸ ਲੈ ਆਉਣ, ਜਾਂ ਭਰਾਵਾਂ ਦੀ ਤਰ੍ਹਾਂ ਬੈਠ ਕੇ ਕੋਈ ਫ਼ੈਸਲਾ ਕਰ ਲੈਣ, ਇਸ ਤਰ੍ਹਾਂ ਜੋ ਕੋਈ ਗ਼ਲਤ ਇਨਫਰਮੇਸ਼ਨ ਕਿਸੇ ਪਾਸੇ ਤੋਂ ਵੀ ਆਉਂਦੀ ਹੈ ਤਾਂ ਉਸ ਦਾ ਨਿਪਟਾਰਾ ਨਹੀਂ ਹੋ ਸਕਦਾ। ਇਸ ਤਰਾਂ ਦੇ ਮਾਹੌਲ ਨਾਲ ਤਾਂ ਪਾਰਲੀਮੈਂਟਰੀ ਕਨਵੈਨਸ਼ਨ ਹੀ ਖਰਾਬ ਹੋ ਰਹੀ ਹੈ। ਕੋਈ ਵੀ ਮੈਂਬਰ ਜਿਹੜਾ ਅਨਪਾਰਲੀਮੈਂਟਰੀ ਸ਼ਬਦ ਇਸਤੇਮਾਲ ਕਰਦਾ ਹੈ ਉਹ ਵਿਦਡਰਾ ਹੋਣੇ

ਚਾਹੀਦੇ ਹਨ । ਇਸ ਤਰ੍ਹਾਂ ਤਾਂ ਸਾਰਿਆਂ ਦੀ ਪੁਜ਼ੀਸ਼ਨ ਬੜੀ ਖਰਾਬ ਹੋ ਜਾਵੇਗੀ । ਮੈਂ ਆਪਦੀ ਖਿਦਮਤ ਦੇ ਵਿਚ ਬੇਨਤੀ ਕਰਾਂਗਾ ਕਿ ਤੁਸੀਂ ਲੀਡਰ ਆਫ ਦੀ ਹਾਊਸ ਅਤੇ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਬੁਲਾ ਕੇ ਸਮਝਾਓ ਕਿ ਇਹ ਰੋਜ਼ ਰੋਜ਼ ਦੀ ਗੱਲ ਠੀਕ ਨਹੀਂ, ਇਹ ਦੇ ਨਾਲ ਪਬਲਿਕ ਤੇ ਅੱਛਾ ਅਸਰ ਨਹੀਂ ਪੈਂਦਾ । ਮਿਹਰਬਾਨੀ ਕਰਕੇ ਹਾਊਸ ਦੀ ਡਿਗਨਟੀ ਨੂੰ ਬਰਕਰਾਰ ਰਖਣ ਲਈ ਮੁਨਾਸਬ ਸਟੈਪਸ ਲਉ । ਇਸ ਤਰ੍ਹਾਂ ਪੂਰੇ ਸਵਾਲਾਂ ਦੇ ਜਵਾਬ ਹੀ ਨਹੀਂ ਮਿਲਦੇ, ਉਹ ਰਹਿ ਜਾਂਦੇ ਹਨ । ਹਰ ਰੋਜ਼ 5-10 ਸਵਾਲ ਰਹਿ ਜਾਂਦੇ ਹਨ । ਮਿਹਰਬਾਨੀ ਕਰਕੇ ਇਹ ਨੂੰ ਕੰਟਰੋਲ ਕਰੋ ।

ਸ਼੍ਰੀ ਸਤਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ ਸਰ । ਮੈਂ ਅਰਜ਼ ਕਰਾਂਗਾ, ਸਪੀਕਰ ਸਾਹਿਬ, ਝਗੜਾ ਜਿਥੋਂ ਸ਼ੁਰੂ ਹੋਇਆ ਹੈ ਉਹ ਲਫਜ਼ ਝੂਠ ਤੋਂ ਨਹੀਂ ਹੋਇਆ, ਇਹ ਝਗੜਾ ਸ਼ੁਰੂ ਹੋਇਆ ਹੈ ਅੰਮ੍ਰਿਤਸਰ ਬਾਰੇ ਹੋਈ ਗੱਲ ਤੋਂ । ਇਹ ਇਸ ਹਾਊਸ ਦਾ ਇਕ ਪ੍ਰੈਜ਼ੀਡੈਂਟ ਹੈ ਕਿ ਜਦੋਂ ਖੰਨੇ ਵਿਚ ਲਾਠੀ ਚਾਰਜ ਹੋਇਆ, ਤੁਸੀਂ ਖੁਦ ਖੰਨੇ ਤਸ਼ਰੀਫ ਲੈ ਗਏ । ਤੁਸੀਂ ਖੁਦ ਜਾ ਕੇ ਸਾਰੀ ਪੁਛ ਪੜਤਾਲ ਕੀਤੀ ਸੀ । ਮੈਂ ਆਪਦੀ ਖਿਦਮਤ ਵਿਚ ਅਰਜ਼ ਕਰਾਂਗਾ ਕਿ ਕਲ ਹਾਊਸ ਵਿਚ ਛੁੱਟੀ ਹੈ, ਤੁਸੀਂ ਮੇਰੇ ਨਾਲ ਅੰਮ੍ਰਿਤਸਰ ਚੱਲੋ । ਅੰਮ੍ਰਿਤਸਰ ਰੇਲਵੇ ਸਟੇਸ਼ਨ ਦੇ ਸਾਰੇ ਸਟਾਫ ਨੂੰ ਪੁਛੋ, ਉਨ੍ਹਾਂ ਦੇ ਬੁਕਿੰਗ ਕਲਰਕਸ ਨੂੰ, ਚੈਕਿੰਗ ਆਫੀਸਰਜ਼ ਨੂੰ ਹੋਰ ਜਿਤਨੇ ਵੀ ਉਥੇ ਕੰਮ ਕਰਦੇ ਹਨ ਤੁਸੀਂ ਕੁਲੀਆਂ ਤੱਕ ਨੂੰ ਪੁਛੋ ਕਿ ਰਾਤ ਨੂੰ ਜਿਸ ਦਿਨ ਕਿ ਅਗਲੇ ਦਿਨ ਚੰਡੀਗੜ੍ਹ ਮੁਜ਼ਾਹਰਾ ਹੋਣਾ ਸੀ, ਜਦੋਂ ਕਾਲਕਾ ਮੇਲ ਆਈ, ਕਿਵੇਂ ਉਥੇ ਹਫੜਾ ਦਫੜੀ ਪਈ ਹੋਈ ਸੀ । ਹਰ ਥਾਉਂ ਪੁਲਿਸ ਦਾ ਪਹਿਰਾ ਸੀ ਜਾਂ ਨਹੀਂ ਸੀ । ਸਾਰਾ ਝਗੜਾ ਮੁਜ਼ਾਹਰੇ ਤੇ ਆਉਣ ਵਾਲਿਆਂ ਨਾਲ ਸੀ । ਤੁਸੀਂ ਪਤਾ ਕਰੋ ਕਿ ਸਾਰਿਆਂ ਨੂੰ ਪੁਲਿਸ ਫੜਦੀ ਸੀ ਕਿ ਨਹੀਂ ਫੜਦੀ । ਸਟੇਸ਼ਨ ਦੇ ਅੰਦਰ ਪੁਲਿਸ ਸੀ, ਪਲੇਟਫਾਰਮ ਤੇ ਪੁਲਿਸ ਸੀ ਜਾਂ ਨਹੀਂ ਸੀ । ਇਸ ਗਲ ਦੀ ਇਮਪਾਰਸ਼ਲ ਇਨਕੁਆਇਰੀ ਕਰਵਾਈ ਜਾਵੇ । ਚੀਫ ਮਨਿਸਟਰ ਸਾਹਿਬ ਨੇ ਇਥੇ ਕਹਿ ਦਿਤਾ ਕਿ ਕੋਈ ਲਾਠੀ ਨਹੀਂ ਚਲੀ, ਕੋਈ ਗ੍ਰਿਫਤਾਰੀ ਨਹੀਂ ਹੋਈ, ਤਾਂ ਇਹ ਠੀਕ ਨਹੀਂ ਹੈ, ਇਹ ਗਲਤ ਹੈ । ਹਰ ਗੱਲ ਨੋ ਕਾਨਫੀਡੈਂਸ ਮੋਸ਼ਨ ਨਾਲ ਨਹੀਂ ਲਿਆਈ ਜਾ ਸਕਦੀ । ਕਾਂਗਰਸ ਪਾਰਟੀ ਦੇ 43 ਮੈਂਬਰ ਹਨ । ਉਨ੍ਹਾਂ ਦੀ ਮੈਜਾਰਿਟੀ ਹੈ । ਕੀ ਉਨ੍ਹਾਂ ਨੂੰ ਇਹ ਇਜ਼ਾਜ਼ਤ ਹੈ ਕਿ ਉਹ ਆਪਣੀ ਮੈਜਾਰਿਟੀ ਕਰਕੇ ਜੋ ਮਰਜ਼ੀ ਕਰਨ, ਜਮਹੂਰੀਅਤ ਨੂੰ ਕੁਚਲ ਦੇਣ । (ਵਿਘਨ)

ਇਕ ਅਵਾਜ਼ : ਤੁਸੀਂ ਜਮਹੂਰੀਅਤ ਵਿਚ ਵਿਸ਼ਵਾਸ ਕਦ ਤੋਂ ਕਰਨ ਲਗ ਪਏ ? ਹੋ

ਸ਼੍ਰੀ ਸਤਪਾਲ ਡਾਂਗ : ਇਹ ਇਸ ਲਈ ਕਰ ਰਹੇ ਹਨ ਕਿ ਲੋਕਾਂ ਦੇ ਮੋਰੈਲ ਨੂੰ ਖਤਮ ਕਰ ਦਿੱਤਾ ਜਾਵੇ । (ਸ਼ੋਰ)

ਸ਼੍ਰੀ ਮਨਮੋਹਨ ਕਾਲੀਆ : ਸਪੀਕਰ ਸਾਹਿਬ, ਤੁਸੀਂ ਇਹ ਕਿਹਾ ਹੈ ਕਿ ਜੋ ਕੁਝ ਚੀਫ ਮਨਿਸਟਰ ਨੇ ਸਟੇਟਮੈਂਟ ਦਿੱਤੀ ਹੈ ਉਸ ਉਤੇ ਜੋ ਟੰਡਨ ਜੀ ਨੇ ਇਲਜ਼ਾਮ ਲਗਾਏ ਹਨ ਕਿ ਇਹ

(ਸ੍ਰੀ ਮਨਮੋਹਨ ਕਾਲੀਆ]

ਝੂਠ ਹੈ ਔਰ ਗਲਤ ਹੈ ਇਸ ਤੇ ਸਬਸਟਾਂਟਿਵ ਮੋਸ਼ਨ ਲੈ ਆਉ । ਚੌਧਰੀ ਕਰਤਾਰ ਸਿੰਘ ਨੇ ਵੀ ਇਹੋ ਕਿਹਾ ਹੈ ਕਿ ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਕੋਈ ਵਿਅਕਤੀ ਜਾਂ ਪਾਰਟੀ ਜਦ ਮਰਜ਼ੀ ਹੋਵੇ ਗਲਤ ਤੇ ਝੂਠ ਬੋਲ ਸਕਣ ਦੀ ਅਧਿਕਾਰੀ ਹੈ ? (ਸ਼ੋਰ)

ਸ੍ਰੀ ਸਪੀਕਰ : ਸਾਰੇ ਮੈਂਬਰਾਂ ਨੇ ਤੇ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ...(ਵਿਘਨ) (All the hon. members including Ministers have said that...)

ਡਾਕਟਰ ਬਲਦੇਵ ਪ੍ਰਕਾਸ਼ : ਮੈਂਬਰਾਂ ਦੀ ਗਲ ਛਡੋ, ਤੁਸੀਂ ਆਪ ਦੱਸੋ ।

ਸ੍ਰੀ ਬਲਰਾਮਜੀ ਦਾਸ ਟੰਡਨ : ਤੁਸੀਂ ਸਾਡੇ ਨਾਲ ਆਪ ਅੰਮ੍ਰਿਤਸਰ ਚਲੋ । (ਸ਼ੋਰ) (ਵਿਘਨ)

ਸ੍ਰੀ ਸਪੀਕਰ : ਉਨ੍ਹਾਂ ਨੇ ਕਿਹਾ ਹੈ ਕਿ ਇਨਕੁਆਇਰੀ ਕਰਕੇ ਹੋਰ ਦੱਸਾਂਗੇ । (ਸ਼ੋਰ) (He has stated that he would inform the House after some more enquiry.)

ਸ੍ਰੀ ਮਨਮੋਹਨ ਕਾਲੀਆ : ਸਪੀਕਰ ਸਾਹਿਬ, ਇਕ ਗਲਤ ਬਿਆਨ ਹਾਊਸ ਵਿਚ ਦੇਣਾ ਜੁਰਮ ਹੈ, ਪਰ ਇਹ ਹਾਊਸ ਵਿਚ ਗਲਤ ਬਿਆਨ ਦੇ ਰਹੇ ਹਨ ।

(ਇਸ ਵੇਲੇ ਆਪੋਜ਼ੀਸ਼ਨ ਦੇ ਕਈ ਮੈਂਬਰ ਸਾਹਿਬਾਨ ਖੜੇ ਹੋ ਕੇ ਬੋਲ ਰਹੇ ਸਨ ।)

ਸ੍ਰੀ ਸਾਧੂ ਰਾਮ : ਪਹਿਲਾਂ ਇਹ ਤਾਂ ਸਲਾਹ ਕਰ ਲਓ ਕਿ ਕਿਸ ਨੇ ਬੋਲਣਾ ਹੈ ।

ਸ੍ਰੀ ਹਰਬੰਸ ਲਾਲ ਖੰਨਾ : ਸਪੀਕਰ ਸਾਹਿਬ, ਮੈਂ ਤੁਹਾਡੇ ਨੋਟਿਸ ਵਿਚ ਇਹ ਗਲ ਲਿਆਉਣੀ ਚਾਹੁੰਦਾ ਹਾਂ ਕਿ ਚੀਫ਼ ਮਨਿਸਟਰ ਨੇ ਜੋ ਸਟੇਟਮੈਂਟ ਦਿਤੀ ਹੈ ਇਹ ਬਿਲਕੁਲ ਹੀ ਗਲਤ ਹੈ । ਮੈਂ ਇਸ ਨੂੰ ਚੈਲੇਂਜ ਕਰਦਾ ਹਾਂ । ਮੈਂ ਆਪ ਉਥੇ ਹਾਜ਼ਰ ਸਾਂ । ਤੁਸੀਂ ਕਿਹਾ ਹੈ ਕਿ ਲਿਖ ਕੇ ਦਿਓ, ਮੈਂ ਹੁਣੇ ਇਸ ਵਾਸਤੇ ਤਿਆਰ ਹਾਂ ।......(ਵਿਘਨ) (ਸ਼ੋਰ)

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਤੁਸੀਂ ਦੇਖਿਆ ਕਿ ਹਾਊਸ ਵਿਚ, ਮਦਰਾਸ ਵਿਚ, ਬੰਗਾਲ ਵਿਚ ਕਿਸ ਤਰ੍ਹਾਂ ਦੇ ਹਾਲਾਤ ਹਨ । ਅਸੀਂ ਇਹ ਕੋਸ਼ਿਸ਼ ਕੀਤੀ ਹੈ ਕਿ ਇਥੇ ਇਹ ਹਾਲਾਤ ਪੈਦਾ ਹੋਣ ਤੋਂ ਰੋਕੇ ਜਾਣ ਤੇ ਸ਼ਾਂਤੀ ਕਾਇਮ ਰਖੀ ਜਾਵੇ । ਪਰ ਜੇ ਹੁਣ ਕੋਈ ਗੜਬੜ ਹੋਈ ਤਾਂ ਇਸ ਦੀ ਜ਼ਿੰਮੇਵਾਰੀ ਸਰਦਾਰ ਲਛਮਣ ਸਿੰਘ ਗਿੱਲ ਤੇ ਹੋਵੇਗੀ । (ਵਿਘਨ)

ਮੁੱਖ ਮੰਤਰੀ : ਤੁਸੀਂ ਜੋ ਕਰਨਾ ਹੈ ਕਰ ਲਓ । ਮੈਂ ਆਪੇ ਵੇਖ ਲਵਾਂਗਾ । (ਵਿਘਨ) (ਸ਼ੋਰ)

ਸਰਦਾਰ ਗੁਰਨਾਮ ਸਿੰਘ : ਇਸ ਚੀਫ਼ ਮਨਿਸਟਰ ਵਿਚ ਇਤਨੀ ਮਾਰੇਲ ਕਰੇਜ ਨਹੀਂ ਹੈ ਕਿ ਇਹ ਸਹੀ ਬਿਆਨ ਦੇ ਸਕੇ । ਪੁਲਿਸ ਨੇ ਲੋਕਾਂ ਨੂੰ ਗੱਡੀ ਵਿਚੋਂ ਖਿਚ ਖਿਚ ਕੇ ਕਢਿਆ । ਇਸ ਹਾਊਸ ਦੇ ਇਕ ਮੈਂਬਰ ਸਾਹਿਬ ਨੂੰ ਕਢਿਆ ਗਿਆ । ਸਾਡੇ ਇਕ ਫਾਰਮਰ ਵਜ਼ੀਰ ਸਾਹਿਬ ਦੀ ਵਾਈਫ਼ ਨੂੰ ਛੱਡੀ ਵਿਚੋਂ ਕਢਿਆ ਗਿਆ । ਕਿਤਨੇ ਅਫ਼ਸੋਸ ਦੀ ਗੱਲ ਹੈ ਕਿ ਚੀਫ਼ ਮਨਿਸਟਰ ਵਿਚ ਇਤਨਾ ਮਾਰੇਲ ਕਰੇਜ ਨਹੀਂ ਕਿ ਉਹ ਇਸ ਗੱਲ ਨੂੰ ਮੰਨ ਲਵੇ । (ਵਿਘਨ) (ਸ਼ੋਰ) ਅਜ ਪੰਜਾਬ ਦੀ ਇਹ ਹਾਲਤ ਬਣਾ ਦਿਤੀ ਹੈ ਕਿ ਲਾ ਐਂਡ ਆਰਡਰ ਕੋਈ ਮਤਲਬ ਨਹੀਂ ਰਖਦਾ ।

(ਇਸ ਵੇਲੇ ਸ੍ਰੀ ਹਰਬੰਸ ਲਾਲ ਖੰਨਾ ਕੁਝ ਬੋਲਣ ਲਈ ਖੜੇ ਹੋਏ)

ਸ੍ਰੀ ਸਪੀਕਰ : ਹਰਬੰਸ ਲਾਲ ਜੀ, ਤੁਸੀਂ ਬੈਠ ਜਾਓ । ਕੋਈ ਸਟੇਟਮੈਂਟ ਨਾ ਦਿਉ । (I would request Shri Harbans Lal to resume his seat and not to make any statement.)

ਸਰਦਾਰ ਗੁਰਨਾਮ ਸਿੰਘ : ਕਿਉਂ ਸਟੇਟਮੈਂਟ ਨਾ ਦੇਣ । ਇਸ ਚੀਫ਼ ਮਨਿਸਟਰ ਨੇ ਇਕ ਗਲਤ ਸਟੇਟਮੈਂਟ ਹਾਊਸ ਵਿਚ ਦਿੱਤੀ ਹੈ । ਮੈਂਬਰ ਸਾਹਿਬ ਆਪ ਉਥੇ ਮੌਜੂਦ ਸਨ । ਉਹ ਹਾਊਸ ਨੂੰ, ਆਪ ਨੂੰ ਸਾਰੀ ਗੱਲ ਦੱਸਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਬੋਲਣ ਕਿਉਂ ਨਹੀਂ ਦਿੱਤਾ ਜਾਂਦਾ ?

ਸ੍ਰੀ ਸਪੀਕਰ : ਮੈਂ ਸੁਣ ਲਈ ਹੈ, ਸਾਰੀ ਗਲ । (I have listened to all what he has said.)

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਸਾਰੀ ਗਲ ਸੁਣ ਕੇ ਤੁਹਾਨੂੰ ਆਪ ਇਨਕੁਆਇਰੀ ਕਰਨੀ ਚਾਹੀਦੀ ਹੈ । ਲਾ ਐਂਡ ਆਰਡਰ ਦਾ ਪੰਜਾਬ ਵਿਚ ਗੌਰਮਿੰਟ ਵਲੋਂ ਜਨਾਜ਼ਾ ਕਢ ਦਿੱਤਾ ਗਿਆ ਹੈ । (ਸ਼ੋਰ) (ਵਿਘਨ)

ਮੁਖ ਮੰਤਰੀ : ਤੁਹਾਡਾ ਜਨਾਜ਼ਾ ਨਿਕਲਦਾ ਤਾਂ ਦੁਨੀਆਂ ਨੇ ਦੇਖ ਲਿਆ ਹੈ । (ਸ਼ੋਰ) (ਵਿਘਨ)

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਇਹ ਹਾਊਸ ਹੈ ਕਿ ਵਿਸਾਖੀ ਦਾ ਮੇਲਾ । (ਹਾਸਾ) (ਸ਼ੋਰ) ਜਿਸ ਦੀ ਮਰਜ਼ੀ ਹੁੰਦੀ ਹੈ ਤੁਹਾਡੇ ਹੁਕਮ ਤੋਂ ਬਿਨਾਂ ਉਠ ਕੇ ਬੋਲਣਾ ਸ਼ੁਰੂ ਕਰ ਦਿੰਦਾ ਹੈ । ਮੈਨੂੰ ਤਾਂ ਤਰਸ ਆਉਂਦਾ ਹੈ ਸਰਦਾਰ ਗੁਰਨਾਮ ਸਿੰਘ ਤੇ ਕਿ ਉਨ੍ਹਾਂ ਨੂੰ ਰਿਟਾਇਰ ਹੋਣ ਤੋਂ ਬਾਅਦ ਅਰਾਮ ਦੀ ਜ਼ਿੰਦਗੀ ਬਿਤਾਉਣੀ ਚਾਹੀਦੀ ਸੀ । (ਵਿਘਨ) (ਸ਼ੋਰ)

ਸ੍ਰੀ ਸਪੀਕਰ : ਕਪਤਾਨ ਸਾਹਿਬ ਤੁਹਨੂੰ ਗਲਤੀ ਲਗੀ ਹੈ । ਮੈਂ ਕਿਸੇ ਨੂੰ ਵੀ

ਇਜ਼ਾਜ਼ਤ ਤੋਂ ਬਗੈਰ ਬੋਲਣ ਦੀ ਇਜ਼ਾਜ਼ਤ ਨਹੀਂ ਦਿੱਤੀ । ਆਈ ਡੂ ਨਾਟ ਅਲਾਓ ਐਨੀ ਬਾਡੀ। (Addressing Capt. Rattan Singh : You have misunderstood me. I have not permitted any one to speak without permission. I do not allow anybody.)

ਸ਼੍ਰੀ ਹਰਬੰਸ ਲਾਲ ਖੰਨ : ਸਪੀਕਰ ਸਾਹਿਬ, ਮੈਂ ਤੁਹਾਡੇ ਨੋਟਿਸ ਵਿਚ ਅਤੇ ਤਹਾਡੇ ਰਾਹੀਂ ਇਸ ਹਾਊਸ ਦੇ ਨੋਟਿਸ ਵਿਚ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਡੈਮੋਕਰੇਸੀ ਦੀ ਸੈਟਅਪ ਵਿਚ ਲੋਕਾਂ ਨਾਲ ਕੀ ਸਲੂਕ ਹੁੰਦਾ ਹੈ । 20 ਤਾਰੀਖ ਦੀ ਰਾਤ ਨੂੰ ਪੁਲਿਸ ਦੇ ਅਫ਼ਸਰ ਨੇ ਜਿਨ੍ਹਾਂ ਦੀ ਗਿਣਤੀ ਦੋ ਸੌ ਸੀ, ਜਿਨ੍ਹਾਂ ਵਿਚ ਐਸ. ਪੀ. ਅਤੇ ਡੀ. ਐਸ ਪੀ. ਵੀ ਸਨ ਸਟੇਸ਼ਨ ਤੇ ਹਾਜ਼ਰ ਸਨ । ਪਹਿਲਾਂ ਦੇ ਪ੍ਰੋਗਰਾਮ ਅਨੁਸਾਰ ਕਾਲਕਾ ਮੇਲ ਜਿਹੜੀ ਕਿ ਸਾਢੇ ਅਠ ਵਜੇ ਪਲੇਟਫਾਰਮ ਤੇ ਪਹੁੰਚਣੀ ਚਾਹੀਦੀ ਸੀ, ਉਸ ਨੂੰ 11.00 ਵਜੇ ਪਲੇਟਫਾਰਮ ਤੇ ਲਿਆਂਦਾ ਗਿਆ ਤਾਂ ਕਿ ਲੋਕਾਂ ਨੂੰ ਕਨਫਿਊਜ਼ਨ ਵਿਚ ਪਾਇਆ ਜਾਵੇ । ਹਰ ਡਬੇ ਵਿਚ ਪੁਲਿਸ ਟਿਕਟ ਚੈਕ ਕਰ ਰਹੀ ਸੀ । ਜਿਸ ਕੋਲ ਵੀ ਚੰਡੀਗੜ੍ਹ ਦਾ ਟਿਕਟ ਹੁੰਦਾ ਸੀ, ਉਸ ਨੂੰ ਫੜ ਕੇ ਬਾਹਰ ਲੈ ਜਾਂਦੀ ਸੀ ਭਾਵੇਂ ਉਹ ਮੁਜ਼ਾਹਰੇ ਵਿਚ ਸ਼ਾਮਲ ਹੋਣਾ ਚਾਹੁੰਦਾ ਸੀ ਜਾਂ ਕਿਸੇ ਪ੍ਰਾਈਵੇਟ ਕੰਮ ਚੰਡੀਗੜ੍ਹ ਜਾਣਾ ਚਾਹੁੰਦਾ ਸੀ । ਇਹ ਕਹਿੰਦੇ ਹਨ ਕਿ ਅਸੀਂ ਕਿਸੇ ਨੂੰ ਨਹੀਂ ਕਢਿਆ । ਮੈਂ ਕੁਝ ਨਾਮ ਕੋਟ ਕਰਨਾ ਚਾਹੁੰਦਾ ਹਾਂ ਤਾਂ ਕਿ ਪਤਾ ਲਗੇ ਕਿ ਪੁਲਿਸ ਨੇ ਕਿਨ੍ਹਾਂ ਕਿਨ੍ਹਾਂ ਬੰਦਿਆਂ ਨੂੰ ਕਢਿਆ ਸੀ । ਸਭ ਤੋਂ ਪਹਿਲਾਂ ਸ੍ਰੀ ਸੋਮ ਦੱਤ ਜੀ ਹਨ ਜੋ ਕਿ ਸਾਡੇ ਉਥੇ ਦੇ ਜਨਸੰਘ ਦੇ ਪ੍ਰਧਾਨ ਹਨ । ਉਨ੍ਹਾਂ ਨੂੰ ਫੜ ਕੇ ਗਡੀ ਵਿਚੋਂ ਕਢਿਆ ਗਿਆ ਸੀ । ਫਿਰ ਲਾਲਾ ਬਨਾਰਸੀ ਦਾਸ ਜੀ ਹਨ ਜੋ ਕਿ ਉਥੇ ਦੇ ਜਨਸੰਘ ਦੇ ਜਨਰਲ ਸੈਕਟਰੀ ਹਨ । ਉਨ੍ਹਾਂ ਨੂੰ ਵੀ ਕਢਿਆ ਗਿਆ ਸੀ । ਉਨ੍ਹਾਂ ਨੇ ਅਦਾਲਤ ਵਿਚ ਮੁਕਦਮਾ ਵੀ ਕੀਤਾ ਹੋਇਆ ਹੈ ਕਿ ਮੇਰੇ ਕੋਲ ਚੰਡੀਗੜ੍ਹ ਦਾ ਟਿਕਟ ਸੀ ਪਰ ਮੈਨੂੰ ਉਸ ਨੂੰ ਯੂਜ਼ ਨਹੀਂ ਕਰਨ ਦਿੱਤਾ ਗਿਆ । ਮੈਂ ਅਰਜ਼ ਕਰਦਾ ਹਾਂ ਕਿ ਤੁਸੀਂ ਇਸ ਗੱਲ ਦੀ ਇਨਕੁਆਇਰੀ ਕਰ ਲਓ । ਮੈਂ ਤੁਹਾਡੀ ਹੈਲਪ ਕਰਾਂਗਾ । (ਸ਼ੋਰ) (ਵਿਘਨ)

ਸ਼੍ਰੀ ਬਲਰਾਮਜੀ ਦਾਸ ਟੰਡਨ : ਸਪੀਕਰ ਸਾਹਿਬ ਚੀਫ਼ ਮਨਿਸਟਰ ਦਾ ਬਿਆਨ ਗਲਤ ਹੈ । ਤੁਸੀਂ ਆਪ ਇਨਕੁਆਇਰੀ ਕਰ ਲਓ । ਉਥੇ ਇਹ ਮੈਂਬਰ ਸਾਹਿਬ ਵੀ ਹਾਜ਼ਰ ਸਨ । ਇਸ ਗੱਲ ਦੀ ਇਨਕੁਆਇਰੀ ਜ਼ਰੂਰ ਹੋਣੀ ਚਾਹੀਦੀ ਹੈ ।

ਸ਼੍ਰੀ ਸਪੀਕਰ : ਚੀਫ਼ ਮਨਿਸਟਰ ਨੇ ਕਿਹਾ ਹੈ ਕਿ ਮੈਂ ਹੋਰ ਇਨਕੁਆਇਰੀ ਕਰਕੇ ਦਸ ਦਿਆਂਗਾ । (The Chief Minister has stated that he would inform the House after conducting further enquiry.)

ਸ਼੍ਰੀ ਬਲਰਾਮਜੀ ਦਾਸ ਟੰਡਨ : ਇਹ ਕਦੋਂ ਦੱਸਣਗੇ । ਕੀ ਇਹ ਸੋਮਵਾਰ ਦਸ ਦੇਣਗੇ ?

ਮੁੱਖ ਮੰਤਰੀ : ਮੇਰਾ ਜਵਾਬ ਤਾਂ ਸੋਮਵਾਰ ਵੀ ਇਹੀ ਹੋਵੇਗਾ। (ਸ਼ੋਰ)

Mr. Speeker : Now the question hour is over, Since the Budget is to be presented to-day, according to the practice no other business can be taken up to-day.

ਸ਼੍ਰੀ ਬਲਰਾਮਜੀ ਦਾਸ ਟੰਡਨ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਤੁਸੀਂ ਕਿਹਾ ਹੈ ਕਿ ਰੂਲਜ਼ ਦੇ ਮੁਤਾਬਕ ਕੋਈ ਐਡਜਰਨਮੈਂਟ ਮੋਸ਼ਨ, ਕਾਲ ਅਟੈਨਸ਼ਨ ਮੋਸ਼ਨ ਜਾਂ ਪ੍ਰਿਵਿਲਿਜ ਮੋਸ਼ਨ ਬਜਟ ਵਾਲੇ ਦਿਨ ਨਹੀਂ ਲਿਆ ਸਕਦੇ ਪਰ ਮੈਂ ਇਕ ਗਲ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਿਸ ਕਿਸਮ ਦੇ ਹਾਲਾਤ ਇਸ ਸਰਕਾਰ ਨੇ ਸਟੇਟ ਵਿਚ ਪੈਦਾ ਕਰ ਦਿਤੇ ਹਨ, ਜਿਸ ਤਰ੍ਹਾਂ ਵਿਧਾਨ ਸਭਾ ਵਿਚ ਜਾਂ ਬਾਹਰ ਕੁਝ ਹੋ ਰਿਹਾ ਹੈ ਉਹ ਹਾਲਾਤ ਮੰਗ ਕਰਦੇ ਹਨ ਇਹ ਗਲ ਹਾਊਸ ਵਿਚ ਲਿਆਂਦੀ ਜਾਵੇ। ਇਹ ਹਾਊਸ, ਇਹ ਰੂਲਜ਼ ਲੋਕਾਂ ਤੋਂ ਉਪਰ ਨਹੀਂ ਹਨ।

ਸ਼੍ਰੀ ਸਪੀਕਰ : ਤੁਸੀਂ ਵੀ ਤਾਂ ਰੂਲਜ਼ ਜਾਣਦੇ ਹੋ। (The hon. member is also quite conversant with the Rules.)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਰੂਲਜ਼ ਜਨਤਾ ਤੋਂ ਉਪਰ ਨਹੀਂ। ਇਹ ਰੂਲਜ਼ ਜਨਤਾ ਵਾਸਤੇ ਹਨ। (ਸ਼ੋਰ) (ਵਿਘਨ)

ਆਵਾਜ਼ਾਂ : ਬੈਠ ਜਾਓ, ਬੈਠ ਜਾਓ।

ਸ਼੍ਰੀ ਸਪੀਕਰ : ਡਾਕਟਰ ਸਾਹਿਬ ਤੁਸੀਂ ਬੈਠ ਜਾਓ। (I would request Doctor Sahib to resume his seat.)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਇਹ ਗਲ ਤਾਂ ਤੁਹਾਨੂੰ ਸੁਣਨੀ ਪਏਗੀ। (ਵਿਘਨ) (ਸ਼ੋਰ)

10.00 a.m. ਸਪੀਕਰ ਸਾਹਿਬ ਮੈਂ ਤਾਂ ਆਪਣੀ ਗਲ ਕਹਿਣੀ ਹੈ ਮੇਰੀ ਗਲ ਸੁਣ ਲਉ।

ਸ਼੍ਰੀ ਮਨਮੋਹਨ ਕਾਲੀਆ : ਇਹ ਇਕ ਬੜਾ ਗੰਭੀਰ ਮਾਮਲਾ ਹੈ।

ਡਾਕਟਰ ਬਲਦੇਵ ਪ੍ਰਕਾਸ਼ : (ਸ਼ੋਰ) ਸ਼੍ਰੀ ਰੂਪ ਲਾਲ ਜੀ ਨੂੰ ਬੁਲਾਇਆ ਜਾਵੇ, ਪੁਲਿਸ ਵਲੋਂ ਅਤੇ ਹਵਾਲਾਤ ਵਿੱਚ ਉਨ੍ਹਾਂ ਨੂੰ ਮਾਰਿਆ ਜਾਵੇ, ਇਹ ਕਿਥੇ ਦਾ ਲਾ ਐਂਡ ਆਰਡਰ ਹੈ। (ਸ਼ੋਰ) ਸਪੀਕਰ ਸਾਹਿਬ, ਮੈਂ ਇਕ ਗਲ ਕਹਾਂਗਾ। ਚੀਫ਼ ਮਨਿਸਟਰ ਸਾਹਿਬ ਹਾਊਸ ਵਿਚ ਐਸ਼ੋਰੈਂਸ ਦੇਣ ਕਿ ਇਸ ਦੀ ਤਹਿਕੀਕਾਤ ਹੋਵੇਗੀ, ਫ਼ੇਰ ਠੀਕ ਹੈ।

ਮੁੱਖ ਮੰਤਰੀ : ਇਹ ਮੋਗੇ ਦਾ ਸਵਾਲ ਹੈ। (ਸ਼ੋਰ) ਇਹ ਇਨ੍ਹਾਂ ਦੀ ਪਾਲਿਸੀ ਦੇ ਮੁਤਾਬਕ ਇਕ ਪ੍ਰਾਪੇਗੰਡਾ ਹੈ। (ਸ਼ੋਰ) ਲਿਖ ਕੇ ਦੇ ਦੇਣ ਇਨਕੁਆਇਰੀ ਕਰਾ ਲਵਾਂਗੇ।

ਸ਼੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ (ਸ਼ੋਰ) ਹੀ ਹੈਜ਼ ਅਲਾਊਡ ਮੀ ।

ਸ਼੍ਰੀ ਸਪੀਕਰ : I have not allowed anybody. ਉਨ੍ਹਾਂ ਨੇ ਕਹਿ ਦਿਤਾ ਕਿ ਲਿਖ ਕੇ ਦੇ ਦੇਣ ਐਨਕੁਆਇਰੀ ਕਰਾ ਲਵਾਂਗੇ । (I have not allowed any body. He has stated that he would hold an enquiry if hon. members send him in writing.)

ਸ਼੍ਰੀ ਮਨਮੋਹਨ ਕਾਲੀਆ : ਹਾਊਸ ਕਿਸ ਵਾਸਤੇ ਹੁੰਦਾ ਹੈ ? ਇਨ੍ਹਾਂ ਨੂੰ ਪਤਾ ਹੀ ਨਹੀਂ ?

ਸ਼੍ਰੀ ਲਾਲ ਚੰਦ ਸੱਬਰਵਾਲ : ਤੁਹਾਡਾ ਮਤਲਬ ਹੈ ਕਿ ਚੀਫ਼ ਮਨਿਸਟਰ ਨੂੰ ਲਿਖ ਕੇ ਦੇ ਦਿਉ । ਅਸੀਂ ਥਾਣੇਦਾਰ ਨੂੰ ਲਿਖ ਕੇ ਦੇ ਦੇਈਏ । (ਸ਼ੋਰ)

ਮੁੱਖ ਮੰਤਰੀ : ਨੋਟਿਸ ਵਿਚ ਲਿਆਉਣ ਦਾ ਮਤਲਬ ਹੈ ਜਿਵੇਂ ਮਰਜ਼ੀ ਨੋਟਿਸ ਵਿੱਚ ਲਿਆਉ, ਲਿਖ ਕੇ ਲਿਆਉ ਐਨਕੁਆਇਰੀ ਕਰ ਲਈ ਜਾਵੇਗੀ ।

ਸ਼੍ਰੀ ਸਤਪਾਲ ਡਾਂਗ : ਆਨ ਏ ਪੁਆਇੰਟ ਆਫ਼ ਆਰਡਰ ਸਰ । ਸਪੀਕਰ ਸਾਹਿਬ, ਅਸੀਂ ਸਵੇਰੇ ਤੁਹਾਨੂੰ ਤੁਹਾਡੇ ਚੈਂਬਰ ਵਿੱਚ ਮਿਲੇ ਔਰ ਜੋ ਕੁਝ ਮੋਗੇ ਵਿਚ ਹੋਇਆ ਉਸ ਬਾਰੇ ਤੁਹਾਨੂੰ ਖੋਲ੍ਹ ਕੇ ਦੱਸਿਆ । (ਸ਼ੋਰ)

Mr Speaker : I would request Shri Satya Pal not to disturb the House. (ਸ਼ੋਰ)

ਸ਼੍ਰੀ ਸਤਪਾਲ ਡਾਂਗ : ਤੁਸੀਂ ਵਾਇਦਾ ਕੀਤਾ ਸੀ ਚੈਂਬਰ ਵਿੱਚ ਕਿ ਹੇਠਾਂ ਜਾ ਕੇ ਜਵਾਬ ਦਿਵਾਵਾਂਗੇ । (ਸ਼ੋਰ)

ਸ਼੍ਰੀ ਸਪੀਕਰ : ਸਤਪਾਲ ਜੀ ਮੈਂ ਤੁਹਾਨੂੰ ਕਿਹਾ ਸੀ ਕਿ ਅੱਜ ਇਹ ਨਹੀਂ ਹੋ ਸਕਦਾ । ਤੁਹਾਡੇ ਫੇਰ ਵੀ ਇਨਸਿਸਟ ਕਰਨ ਤੇ ਮੈਂ ਕਿਹਾ ਸੀ ਕਿ ਉਥੇ ਚਲ ਕੇ ਦੇਖਾਂਗੇ ।

(Addressing Shri Satya Pal : I told you that it cannot be taken up today but you insisted and I told you that I will see to it in the House.)

ਸ਼੍ਰੀ ਸਤਪਾਲ ਡਾਂਗ : ਜੁਡੀਸ਼ਲ ਇਨਕੁਆਇਰੀ ਹੋਣੀ ਚਾਹੀਦੀ ਹੈ ।

ਮੁੱਖ ਮੰਤਰੀ : ਕਹਿ ਤਾਂ ਦਿਤਾ ਹੈ ਕਿ ਇਨਕੁਆਇਰੀ ਕਰਾਂਗੇ । ਉਹ ਕਾਗਜ਼ ਮੇਰੇ ਕੋਲ ਭੇਜ ਦੇਣ ਮੈਂ ਇਨਕੁਆਇਰੀ ਕਰ ਲਵਾਂਗਾ ।

— —

PRESENTATION OF BUDGET FOR THE YEAR 1968-69

(ਡਾਕਟਰ ਜਗਜੀਤ ਸਿੰਘ ਬਜਟ ਸਪੀਚ ਪੜ੍ਹਨ ਲਈ ਖੜੇ ਹੋਏ—ਬਹੁਤ ਸ਼ੋਰ)

Mr. Speaker : Doctor Sahib, p ease proceed with your Budget.

ਵਿੱਤ ਮੰਤਰੀ (ਡਾਕਟਰ ਜਗਜੀਤ ਸਿੰਘ) : (ਸ਼ੋਰ)

ਆਰੰਭਕ

ਸ਼੍ਰੀਮਾਨ ਜੀ,

ਮੈਂ ਸਾਲ 1968-69 ਦੇ ਬਜਟ ਅਨੁਮਾਨ ਪੇਸ਼ ਕਰਨ ਲਈ ਹਾਜ਼ਰ ਹੋਇਆ ਹਾਂ। ਇਹ ਅਨੁਮਾਨ 1966-67 ਦੇ ਲੇਖਿਆਂ ਅਤੇ ਸਾਲ 1967-68 ਦੇ ਸੋਧੇ ਹੋਏ ਅਨੁਮਾਨਾਂ ਦੇ ਆਧਾਰ ਤੇ ਰਾਜ ਦੀ ਮਾਲੀ ਹਾਲਤ ਉਤੇ ਵੀ ਚਾਨਣਾ ਪਾਉਂਦੇ ਹਨ। (ਆਪੋਜ਼ੀਸ਼ਨ ਵਲੋਂ ਸ਼ੋਰ)

2. 1966-67 ਦੇ ਲੇਖੇ 1966-67 ਦੇ ਲੇਖੇ ਅਰਥਾਤ ਅਕਾਊਂਟ ਸਾਂਝੇ ਪੰਜਾਬ ਦੇ ਪੁਨਰਗਠਨ ਤੋਂ ਪਹਿਲਾਂ ਦੇ ਸਮੇਂ ਦੀ ਅਤੇ ਨਵੇਂ ਪੰਜਾਬ ਰਾਜ ਦੇ ਰਹਿੰਦੇ ਸਮੇਂ ਦੀ ਆਮਦਨ ਅਤੇ ਖਰਚ ਨਾਲ ਸੰਬੰਧਤ ਹਨ। (ਸ਼ੋਰ) ਪੰਜਾਬ ਪੁਨਰਗਠਨ ਐਕਟ, 1966 ਦੀ ਧਾਰਾ 49 ਵਿੱਚ ਕੀਤੇ ਗਏ ਉਪਬੰਧ ਅਨੁਸਾਰ ਨਿਸ਼ਚਿਤ ਦਿਨ ਤੋਂ ਤੁਰੰਤ ਪਹਿਲਾਂ ਸਾਰੇ ਖਜ਼ਾਨਿਆਂ ਵਿਚਲੀ ਬਕਾਇਆ ਨਕਦੀ ਅਤੇ ਰੀਜ਼ਰਵ ਬੈਂਕ ਆਫ਼ ਇੰਡੀਆ ਵਿੱਚ ਜ਼ਮ੍ਹਾਂ ਬਕਾਏ, ਦੋਹਾਂ ਉਤਰ-ਅਧਿਕਾਰੀ ਰਾਜਾਂ ਵਿੱਚ ਆਬਾਦੀ ਦੀ ਨਿਸਬਤ ਅਨੁਸਾਰ ਵੰਡੇ ਗਏ ਸਨ। ਇਸ ਤਰ੍ਹਾਂ ਪੰਜਾਬ ਦੇ ਨਵੇਂ ਰਾਜ ਦਾ ਖਾਤਾ 1 ਨਵੰਬਰ, 1966, ਨੂੰ ਮਨਫ਼ੀ 1 ਕਰੋੜ 43 ਲੱਖ ਰੁਪਏ ਨਾਲ ਸ਼ੁਰੂ ਹੋਇਆ। ਮਗਰੋਂ ਕੀਤੇ ਗਏ ਲੈਣ ਦੇਣ ਦੇ ਸਿੱਟੇ ਵਜੋਂ ਸੋਧੇ ਹੋਏ ਅਨੁਮਾਨਾਂ ਵਿੱਚ ਦਰਸਾਏ 4 ਕਰੋੜ 39 ਲੱਖ ਰੁਪਏ ਦੇ ਅਨੁਮਾਨਤ ਅੰਤਮ ਬਕਾਏ ਦੇ ਮੁਕਾਬਲੇ ਵਿੱਚ ਇਹ ਸਾਲ 6 ਕਰੋੜ 39 ਲੱਖ ਦੇ ਨਕਦ ਬਕਾਏ ਨਾਲ ਖਤਮ ਹੋਇਆ। ਇਸ ਫਰਕ ਦਾ ਪੂਰਾ ਵੇਰਵਾ ਵਿੱਤ ਸਕੱਤਰ ਦੇ ਯਾਦ ਪੱਤਰ ਵਿੱਚ ਦਿਤਾ ਗਿਆ ਹੈ।

ਸਰਦਾਰ ਗੁਰਚਰਨ ਸਿੰਘ (ਬਾਘਾ ਪੁਰਾਣਾ) : ਆਨ ਏ ਪੁਆਇੰਟ ਆਫ਼ ਆਰਡਰ। ਆਨ ਏ ਪੁਆਇੰਟ ਆਫ ਆਰਡਰ ਸਰ। (ਬਹੁਤ ਸ਼ੋਰ)

3. 1967-68 ਦੇ ਸੋਧੇ ਅਨੁਮਾਨ **ਵਿੱਤ ਮੰਤਰੀ :** ਸਾਲ 1967-68 ਦੇ ਬਜਟ ਅਨੁਮਾਨ ਵਿਚ ਅੰਤਮ ਬਕਾਇਆ ਮਨਫ਼ੀ 3 ਕਰੋੜ 60 ਲੱਖ ਰੁਪਏ ਵਿਖਾਇਆ ਗਿਆ

ਸੀ । ਇਸ ਦੇ ਮੁਕਾਬਲੇ ਤੇ ਸੋਧੇ ਹੋਏ ਅਨੁਮਾਨਾਂ ਵਿੱਚ ਹਾਲਤ ਕਾਫ਼ੀ ਬੇਹਤਰ ਹੈ, ਜਿਸ ਦੇ ਸਿੱਟੇ ਵਜੋਂ, ਆਸ ਕੀਤੀ ਜਾਂਦੀ ਹੈ ਕਿ ਇਸ ਸਾਲ ਦਾ ਅੰਤ 96 ਲੱਖ ਰੁਪਏ ਦੇ ਨਕਦ ਬਕਾਏ ਨਾਲ ਹੋਵੇਗਾ । (ਸ਼ੋਰ)

WALK OUT

ਡਾਕਟਰ ਬਲਦੇਵ ਪ੍ਰਕਾਸ਼ : ਆਨ ਏ ਪੁਆਇੰਟ ਆਫ਼ ਆਰਡਰ । (ਸ਼ੋਰ)

ਇਹਦਾ ਮਤਲਬ ਇਹ ਨਹੀਂ ਕਿ ਜਨਤਾ ਨੂੰ ਕੁਟਾਇਆ ਜਾਵੇ । (ਸ਼ੋਰ)

ਆਪੋਜ਼ੀਸ਼ਨ ਵਲੋਂ ਆਵਾਜ਼ਾਂ : "ਅਸੀਂ ਪ੍ਰੋਟੈਸਟ ਦੇ ਤੌਰ ਤੇ ਵਾਕ ਆਊਟ ਕਰਦੇ ਹਾਂ ।" (ਸ਼ੋਰ)

(ਇਸ ਸਮੇਂ ਆਪੋਜ਼ੀਸ਼ਨ ਵਾਕ ਆਊਟ ਕਰ ਗਈ) ।

PRESENTATION OF THE BUDGET FOR THE YEAR 1968-69 (RESUMPTION)

ਵਿੱਤ ਮੰਤਰੀ : ਮਾਲ ਖਾਤੇ ਖ਼ਰਚ ਦਾ ਅਨੁਮਾਨ ਪਹਿਲਾਂ 90 ਕਰੋੜ 79 ਲੱਖ ਰੁਪਏ ਲਾਇਆ ਗਿਆ ਸੀ । ਇਸ ਸਾਲ ਦੇ ਦੌਰਾਨ ਰਾਜ ਸਰਕਾਰ ਨੇ 13 ਕਰੋੜ 50 ਲੱਖ ਰੁਪਏ ਦੀ ਹੋਰ ਆਵਰਤਕ ਜ਼ਿੰਮੇਵਾਰੀ ਲੈ ਲਈ ਹੈ ਜਿਹੜੀ ਕਿ ਕੇਂਦਰੀ ਸਰਕਾਰ ਦੇ ਦਰਾਂ ਤੇ ਆਪਣੇ ਕਰਮਚਾਰੀਆਂ ਨੂੰ ਮਹਿੰਗਾਈ ਭੱਤਾ ਦੇਣ ਅਤੇ ਕੋਠਾਰੀ ਕਮਿਸ਼ਨ ਅਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਸਕੂਲਾਂ ਅਤੇ ਕਾਲਜਾਂ ਦੇ ਅਧਿਆਪਕਾਂ ਦੇ ਤਨਖ਼ਾਹ-ਸਕੇਲਾਂ ਨੂੰ ਸੋਧਣ ਅਤੇ ਗ਼ੈਰ-ਸਰਕਾਰੀ ਪ੍ਰਬੰਧ ਹੇਠਲੇ ਸਕੂਲਾਂ ਅਤੇ ਕਾਲਜਾਂ ਨੂੰ ਸਹਾਇਤੀ-ਗਰਾਂਟਾਂ ਦੀ ਅਦਾਇਗੀ ਦਾ ਨਤੀਜਾ ਹੈ । ਪਰ ਕੁਝ ਹੋਰਨਾਂ ਵਾਧਿਆਂ ਘਾਟਿਆਂ ਦੇ ਕਾਰਨ ਮਾਲ ਖਾਤੇ ਖ਼ਰਚ ਵਿੱਚ ਕੇਵਲ 4 ਕਰੋੜ 77 ਲੱਖ ਰੁਪਏ ਦਾ ਹੀ ਵਾਧਾ ਹੋਇਆ ਹੈ ਅਤੇ ਹੁਣ ਇਹ ਰਕਮ 95 ਕਰੋੜ 56 ਲੱਖ ਰੁਪਏ ਬਣ ਗਈ ਹੈ । ਇਨ੍ਹਾਂ ਅਨੁਮਾਨਾਂ ਦੇ ਇਸੇ ਹਿਸਾਬ ਨਾਲ ਨਾ ਵਧਣ ਦਾ ਕਾਰਨ ਇਹ ਹੈ ਕਿ ਬਜਟ ਅਨੁਮਾਨਾਂ ਦੇ ਪੇਸ਼ ਕੀਤੇ ਜਾ ਚੁਕਣ ਮਗਰੋਂ ਯੋਜਨਾ ਦੇ ਆਕਾਰ ਵੱਚ ਕੁਝ ਤਬਦੀਲੀ ਕੀਤੀ ਗਈ ਸੀ, ਜਿਸ ਨਾਲ ਇਸ ਵਾਧੂ ਖ਼ਰਚ ਦਾ ਕੁਝ ਹਿੱਸਾ ਪੂਰਾ ਹੋ ਗਿਆ ਸੀ ।

ਬਜਟ ਅਨੁਮਾਨਾਂ ਵਿੱਚ ਮਾਲ ਖਾਤੇ ਆਮਦਨ 95 ਕਰੋੜ 53 ਲੱਖ ਰੁਪਏ ਦੱਸੀ ਗਈ ਸੀ । ਮੈਥੋਂ ਪਹਿਲੇ ਵਿੱਤ ਮੰਤਰੀ ਨੇ ਆਪਣੇ ਬਜਟ ਭਾਸ਼ਣ ਵਿੱਚ ਟੈਕਸਾਂ ਸਬੰਧੀ ਜੋ ਰਿਆਇਤਾਂ ਦੇਣ ਦਾ ਐਲਾਨ ਕੀਤਾ ਸੀ, ਉਨ੍ਹਾਂ ਕਾਰਨ ਮਾਲ ਖਾਤੇ ਦੀ ਆਮਦਨ ਵਿੱਚ 2 ਕਰੋੜ 46 ਲੱਖ ਰੁਪਏ ਦੀ ਕਮੀ ਹੋ ਗਈ । ਫਿਰ ਵੀ, ਸਾਲ

ਦੇ ਦੌਰਾਨ ਆਬਕਾਰੀ-ਨੀਤੀ ਨੂੰ ਬਦਲਣ, ਦੱਸੇ ਸਾਮਾਨ ਦੇ ਵਿਕਰੀ-ਕਰ ਦੇ ਦਰਾਂ ਨੂੰ ਵਧਾਉਣ, ਖ਼ੁਰਾਕ-ਬੋਨਸ ਵਸੂਲ ਕਰਨ, ਜਿਨਸਾਂ ਦੀ ਬਰਾਮਦ ਤੇ ਉਪ-ਕਰ ਲਾਉਣ ਵਰਗੇ ਵਿਸ਼ੇਸ਼ ਉਪਾਵਾਂ ਦੇ ਨਤੀਜੇ ਦੇ ਤੌਰ ਤੇ ਬਜਟ ਵਿੱਚ ਦੱਸੀਆਂ ਵਸੂਲੀਆਂ ਨਾ ਕੇਵਲ ਕਾਇਮ ਹੀ ਰਖੀਆਂ ਗਈਆਂ, ਸਗੋਂ ਇਨ੍ਹਾਂ ਵਿਚ 8 ਕਰੋੜ 46 ਲੱਖ ਰੁਪਏ ਦਾ ਵਾਧਾ ਵੀ ਕੀਤਾ ਗਿਆ। ਸੋਧੇ ਹੋਏ ਅਨੁਮਾਨਾ ਵਿੱਚ 103 ਕਰੋੜ 99 ਲੱਖ ਰੁਪਏ ਦੀ ਰਕਮ ਰਖੀ ਗਈ ਹੈ।

ਇਸੇ ਤਰ੍ਹਾਂ, ਸੋਧੇ ਹੋਏ ਅਨੁਮਾਨਾਂ ਵਿੱਚ ਪੂੰਜੀਗਤ ਖ਼ਰਚਾ 11 ਕਰੋੜ 24 ਲੱਖ ਰੁਪਏ ਤੋਂ ਵਧ ਕੇ 12 ਕਰੋੜ 98 ਲਖ ਰੁਪਏ ਹੋ ਗਿਆ ਹੈ। ਇਸ ਦਾ ਕਾਰਨ ਮੁਖ ਤੌਰ ਤੇ ਇਹ ਹੈ ਕਿ ਭਾਰਤ ਸਰਕਾਰ ਦੁਆਰਾ ਐਲੋਕੇਸ਼ਨ ਆਰਜ਼ੀ ਤੌਰ ਤੇ ਕੀਤੀ ਗਈ ਸੀ, ਜਿਸ ਦੇ ਨਤੀਜੇ ਵਜੋਂ ਬਿਆਸ ਪ੍ਰਾਜੈਕਟ ਉਤੇ ਰਾਜ ਸਰਕਾਰ ਦੇ ਹਿੱਸੇ ਦਾ ਖ਼ਰਚ ਵਧ ਗਿਆ ਅਤੇ ਅਨਾਜਾਂ ਦੀ ਖ਼ਰੀਦ ਤੇ ਵੀ ਜ਼ਿਆਦਾ ਖ਼ਰਚਾ ਕਰਨਾ ਪਿਆ। ਦੂਜੇ ਪਾਸੇ, ਕਰਜ਼ੇ ਅਤੇ ਪੇਸ਼ਗੀਆਂ ਦੇ ਸਬੰਧ ਵਿੱਚ 29 ਕਰੋੜ 36 ਲੱਖ ਰੁਪਏ (ਖ਼ਾਲਸ) ਦੇ ਬਜਟ ਉਪਬੰਧ ਦੇ ਮੁਕਾਬਲੇ ਵਿੱਚ ਸੋਧੇ ਹੋਏ ਅਨੁਮਾਨਾਂ ਅਨੁਸਾਰ ਖ਼ਰਚ ਵਿੱਚ 2 ਕਰੋੜ 81 ਲੱਖ ਰੁਪਏ ਦੀ ਕਮੀ ਹੋਣ ਦੀ ਉਮੀਦ ਹੈ। ਇਹ ਕਮੀ ਵਧੇਰੇ ਕਰਕੇ ਇਸ ਲਈ ਆਈ ਹੈ ਕਿ ਸਰਕਾਰ ਨੇ ਖਾਦਾਂ ਲਈ ਤਕਾਵੀ ਕਰਜ਼ੇ ਦੇਣ ਦੀ ਥਾਂ ਸਹਿਕਾਰੀ ਸੰਸਥਾਵਾਂ ਰਾਹੀਂ ਜ਼ਰਾਇਤੀ ਕਰਜ਼ੇ ਦੇਣ ਦੀ ਨੀਤੀ ਅਪਣਾ ਲਈ ਹੈ।

ਸਰਕਾਰੀ ਕਰਜ਼ਿਆਂ ਦੀ ਮੱਦ ਅਧੀਨ ਖ਼ਾਲਸ ਜਮ੍ਹਾਂ ਖਾਤੇ ਵਿੱਚ 17 ਕਰੋੜ 85 ਲੱਖ ਰੁਪਏ ਦੀ ਕਮੀ ਵੀ ਹੋਈ ਹੈ। ਇਸ ਦੇ ਕਾਰਨ ਇਹ ਹਨ ; (i) ਰੀਜ਼ਰਵ ਬੈਂਕ ਆਫ਼ ਇੰਡੀਆ ਦੀ ਸਲਾਹ ਅਨੁਸਾਰ ਲੋਕਾਂ ਪਾਸੋਂ ਘੱਟ ਕਰਜ਼ੇ ਲਏ ਗਏ ; (ii) ਖਾਦਾਂ ਦੀ ਵਿਕਰੀ ਲਈ ਵਧੇਰੇ ਕਰਕੇ ਸਹਿਕਾਰੀ ਕਰਜਿਆਂ ਦੀ ਵਰਤੋਂ ਕੀਤੀ ਗਈ ਜਿਸ ਕਰਕੇ ਭਾਰਤ ਸਰਕਾਰ ਪਾਸੋਂ ਘੱਟ ਕਰਜ਼ੇ ਪ੍ਰਾਪਤ ਕੀਤੇ ਗਏ ; (iii) ਯੋਜਨਾ ਦੇ ਆਕਾਰ ਵਿੱਚ ਤਬਦੀਲੀ ਹੋ ਜਾਣ ਦੇ ਕਾਰਨ ਰਾਜ ਦੀਆਂ ਯੋਜਨਾਂ-ਸਕੀਮਾਂ ਲਈ ਕੇਂਦਰੀ ਸਹਾਇਤਾ ਦੀ ਮਿਕਦਾਰ ਘੱਟ ਗਈ ਅਤੇ (iv) ਭਾਖੜਾ-ਨੰਗਲ ਪ੍ਰਾਜੈਕਟ ਦੇ ਕਰਜ਼ੇ ਦੀ ਦੇਣਦਾਰੀ ਵਿੱਚ ਰਾਜ ਸਰਕਾਰ ਦਾ ਹਿੱਸਾ ਵੱਧ ਜਾਣ ਕਾਰਨ ਸਾਨੂੰ ਭਾਰਤ ਸਰਕਾਰ ਨੂੰ ਕਰਜ਼ੇ ਦੀ ਵਡੇਰੀ ਰਕਮ ਅਦਾ ਕਰਨੀ ਪਈ। ਫੇਰ ਵੀ ਅਚੇਤ ਅਰਥਾਤ ਕਨਟਿਨਜੈਂਨਸੀ ਫੰਡ, ਫੰਡ ਰਹਿਤ ਕਰਜ਼ਿਆਂ, ਜਮ੍ਹਾਂ ਰਕਮਾਂ ਅਤੇ ਪੇਸ਼ਗੀਆਂ ਅਤੇ ਭੇਜੀਆਂ ਜਾਣ ਵਾਲੀਆਂ ਰਕਮਾਂ ਦੀਆਂ ਮਦਾਂ ਅਧੀਨ ਹੋਏ ਲੈਣ ਦੇਣ ਰਾਹੀਂ 15 ਕਰੋੜ 65 ਲੱਖ ਰੁਪਏ ਵਧ ਜਮ੍ਹਾਂ ਹੋਏ ਹਨ।

ਇਨ੍ਹਾਂ ਘਾਟੇ ਵਾਧਿਆਂ ਦੇ ਵਿਸਥਾਰ ਅਤੇ ਕਾਰਨ, ਮਾਨਯੋਗ ਮੈਂਬਰ, ਵਿੱਤ ਸਕੱਤਰ ਦੇ ਯਾਦ-ਪੱਤਰ ਵਿਚੋਂ ਵੇਖ ਸਕਦੇ ਹਨ।

1968-69 ਦੇ ਬਜਟ ਅਨੁਮਾਨ

4. 96 ਲੱਖ ਰੁਪਏ ਦੇ ਨਕਦ ਬਕਾਏ ਨਾਲ ਸ਼ੁਰੂ ਹੋ ਕੇ ਸਾਲ 1968-69 ਦੇ ਆਮਦਨ ਅਤੇ ਖ਼ਰਚ ਦੇ ਅਨੁਮਾਨ ਨਿਮਨ ਦਰਜ ਲੈਣ ਦੇਣ ਦੇ ਆਧਾਰ ਤੇ, ਇਹ ਦਰਸਾਉਂਦੇ ਹਨ ਕਿ ਇਹ ਸਾਲ ਮਨਫ਼ੀ 10 ਕਰੋੜ 41 ਲੱਖ ਰੁਪਏ ਦੇ ਨਕਦ ਬਕਾਏ ਨਾਲ ਸਮਾਪਤ ਹੋਵੇਗਾ :—

(i) ਮੁੱਢਲਾ ਬਕਾਇਆ	... 0 ਕਰੋੜ 96 ਲੱਖ ਰੁ.	
(ii) ਮਾਲ ਖਾਤਾ—		
ਆਮਦਨ	... 111 ,, 39 ,,	
ਖ਼ਰਚ	... 113 ,, 41 ,,	
ਘਾਟਾ	... —2 ,, 02 ,,	
(iii) ਪੂੰਜੀਗਤ ਅਰਥਾਤ ਕੈਪੀਟਲ ਖ਼ਰਚ (ਖ਼ਾਲਸ)	... 14 ,, 21 ,,	
(iv) ਸਰਕਾਰੀ ਕਰਜ਼ੇ—		
ਲਏ ਕਰਜ਼ੇ	... 49 ,, 03 ,,	
ਮੋੜੇ ਕਰਜ਼ੇ	... 39 ,, 31 ,,	
ਖ਼ਾਲਸ	... +9 ,, 72 ,,	
(v) ਕਰਜ਼ੇ ਅਤੇ ਪੇਸ਼ਗੀਆਂ—		
ਪੇਸ਼ਗੀਆਂ	... 28 ,, 81 ,,	
ਵਸੂਲੀਆਂ	... 13 ,, 35 ,,	
ਖ਼ਾਲਸ	...—15 ,, 46 ,,	
(vi) ਫੰਡ-ਰਹਿਤ ਕਰਜ਼ਾ (ਖ਼ਾਲਸ)	... +70 ,,	
(vii) ਜਮ੍ਹਾਂ ਰਕਮਾਂ ਅਤੇ ਪੇਸ਼ਗੀਆਂ (ਖ਼ਾਲਸ)	... +9 ,, 40 ,,	
(viii) ਭੇਜੀਆਂ ਰਕਮਾਂ (ਖ਼ਾਲਸ)	... +50 ,,	
(ix) ਅੰਤਮ ਬਕਾਇਆ	...—10 ,, 41 ,,	

ਮਾਲ ਖਾਤੇ ਆਮਦਨ 111 ਕਰੋੜ 39 ਲੱਖ ਰੁਪਏ ਅਤੇ ਮਾਲ ਖਾਤੇ ਖ਼ਰਚ 113 ਕਰੋੜ 41 ਲੱਖ ਰੁਪਏ ਵਿਖਾਇਆ ਗਿਆ ਹੈ, ਜਿਸ ਤੋਂ ਕਿ 2 ਕਰੋੜ 2 ਲੱਖ ਰੁਪਏ ਦਾ ਘਾਟਾ ਪਰਗਟ ਹੁੰਦਾ ਹੈ।

ਕੈਪੀਟਲ ਅਕਾਊਂਟ ਵਿੱਚ, ਖ਼ਰਚ 29 ਕਰੋੜ 67 ਲੱਖ ਰੁਪਏ ਬਣਦਾ ਹੈ ਜਿਸ ਵਿਚ ਪੂੰਜੀਗਤ ਖ਼ਰਚ 14 ਕਰੋੜ 21 ਲੱਖ ਰੁਪਏ (ਖ਼ਾਲਸ) ਅਤੇ ਕਰਜ਼ਿਆਂ ਅਤੇ ਪੇਸ਼ਗੀਆਂ ਅਧੀਨ 15 ਕਰੋੜ 46 ਲੱਖ ਰੁਪਏ ਡੈਬਿਟ ਖਾਤੇ ਦੀ ਰਕਮ ਸ਼ਾਮਲ ਹੈ। ਇਹ ਖ਼ਰਚ ਭਾਰਤ ਸਰਕਾਰ ਅਤੇ ਹੋਰ ਸੰਸਥਾਵੀ ਸਾਧਨਾਂ ਤੋਂ ਪ੍ਰਾਪਤ ਕੀਤੇ ਜਾਣ ਵਾਲੇ ਕਰਜ਼ਿਆਂ (9 ਕਰੋੜ 72 ਲੱਖ ਰੁਪਏ) ਅਤੇ ਜਮ੍ਹਾਂ ਰਕਮਾਂ, ਫੰਡ ਰਹਿਤ ਕਰਜ਼ਿਆਂ ਅਤੇ ਭੇਜੀਆਂ ਰਕਮਾਂ (10 ਕਰੋੜ 60 ਲੱਖ ਰੁਪਏ) ਦੇ ਬਕਾਇਆ ਤੋਂ ਪੂਰਾ ਕਰਨ ਦੀ ਤਜਵੀਜ਼ ਹੈ।

ਇਨ੍ਹਾਂ ਸਾਧਨਾਂ ਤੋਂ ਕੁੱਲ 20 ਕਰੋੜ 32 ਲੱਖ ਰੁਪਏ ਬਣ ਜਾਂਦੇ ਹਨ ਅਤੇ 9 ਕਰੋੜ 35 ਲੱਖ ਰੁਪਏ ਦਾ ਖੱਪਾ ਬਾਕੀ ਰਹਿ ਜਾਂਦਾ ਹੈ। ਇਸ ਵਿੱਚ ਮਾਲ ਖਾਤੇ ਦਾ 2 ਕਰੋੜ 2 ਲੱਖ ਰੁਪਏ ਦਾ ਘਾਟਾ ਜਮ੍ਹਾਂ ਕਰਨ ਉਪਰੰਤ ਕੁਲ ਖੱਪਾ 11 ਕਰੋੜ 37 ਲੱਖ ਰੁਪਏ ਬਣਦਾ ਹੈ। ਇਸ ਵਿਚੋਂ 95 ਲੱਖ ਰੁਪਏ ਤਕ ਦਾ ਖੱਪਾ ਨਕਦ ਬਕਾਏ ਵਿਚੋਂ ਰਕਮ ਕਢਾ ਕੇ ਪੂਰਾ ਕੀਤਾ ਜਾਵੇਗਾ। ਬਾਕੀ ਖੱਪੇ ਨੂੰ ਪੂਰਾ ਕਰਨ ਸਬੰਧੀ ਉਪਾਵਾਂ ਬਾਰੇ ਮੈਂ ਆਪਣੇ ਸੁਝਾ ਬਾਦ ਵਿੱਚ ਪੇਸ਼ ਕਰਾਂਗਾ।

1968-69 ਦੀ ਸਲਾਨਾ ਯੋਜਨਾ

5. ਇਸ ਗੱਲ ਦਾ ਅਨੁਮਾਨ ਕਰਦੇ ਹੋਏ ਕਿ 1968-69 ਦੀ ਸਾਲਾਨਾ ਯੋਜਨਾ ਵਿਚ ਵਾਧਾ ਹੋਵੇਗਾ, ਯੋਜਨਾ ਕਮਿਸ਼ਨ ਨੂੰ ਤਜਵੀਜ਼ਾਂ ਦਾ ਜੋ ਖਰੜਾ ਪੇਸ਼ ਕੀਤਾ ਗਿਆ ਸੀ ਉਸ ਵਿੱਚ ਵੱਖ ਵੱਖ ਸੈਕਟਰਾਂ ਲਈ ਕੁੱਲ 53 ਕਰੋੜ ਰੁਪਏ ਦੀ ਰਕਮ ਰਖੀ ਗਈ ਸੀ। ਇਹ ਤਜਵੀਜ਼ਾਂ ਲਗਾਤਾਰ ਆਰਥਕ ਤਰੱਕੀ ਨੂੰ ਯਕੀਨੀ ਬਣਾਉਣ ਲਈ ਵਿਕਾਸ ਦੀਆਂ ਘਟ ਤੋਂ ਘਟ ਲੋੜਾਂ, ਵਿਸ਼ੇਸ਼ ਕਰਕੇ ਪਹਿਲਾਂ ਤੋਂ ਹੀ ਚਲ ਰਹੀਆਂ ਸਕੀਮਾਂ ਦੀਆਂ ਲੋੜਾ, ਨੂੰ ਮੁੱਖ ਰਖ ਕੇ ਬਣਾਇਆਂ ਗਈਆਂ ਸਨ। ਖਿਆਲ ਕੀਤਾ ਗਿਆ ਸੀ ਕਿ ਭਾਰਤ ਸਰਕਾਰ ਵਲੋਂ ਦਿੱਤੀ ਜਾਣ ਵਾਲੀ ਕੇਂਦਰੀ ਸਹਾਇਤਾ ਚਾਲੂ ਸਾਲ ਦੀ ਸਹਾਇਤਾ (16 ਕਰੋੜ ਰੁਪਏ) ਨਾਲੋਂ ਜ਼ਿਆਦਾ ਹੋਵੇਗੀ ਕਿਉਂਕਿ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਨੂੰ ਦਿਤੀਆਂ ਗਈਆਂ ਰਿਆਇਤਾਂ ਦੇ ਲਾਜ਼ਮੀ ਨਤੀਜੇ ਵਜੋਂ ਅਸੀਂ ਆਪਣੇ ਰਾਜ ਦੇ ਕਰਮਚਾਰੀਆਂ ਨੂੰ ਜੋ ਰਿਆਇਤਾਂ ਦਿਤੀਆਂ ਅਤੇ ਸਿੰਚਾਈ ਅਤੇ ਬਿਜਲੀ ਸੈਕਟਰ ਦੇ ਪੁਰਾਣੇ ਕਰਜ਼ਿਆਂ ਸਬੰਧੀ (27.60 ਕਰੋੜ ਰੁਪਏ ਦੀ) ਜੋ ਭਾਰੀ ਅਦਾਇਗੀ ਕੀਤੀ, ਉਨ੍ਹਾਂ ਕਾਰਣ ਰਾਜ ਦੇ ਸਾਧਨਾਂ ਵਿੱਚ ਕਮੀ ਹੋ ਗਈ ਸੀ। ਇਸ ਰਕਮ ਵਿੱਚ ਇੱਕਲੇ ਭਾਖੜਾ-ਨੰਗਲ ਪ੍ਰਾਜੈਕਟ ਦੇ ਕਰਜ਼ੇ ਦੀ ਨਿਰੀ ਮੂਲ ਰਕਮ ਹੀ 11.34 ਕਰੋੜ ਰੁਪਏ ਬਣਦੀ ਹੈ ਜਦ ਕਿ 1967-68 ਵਿੱਚ ਇਹ 7.37 ਕਰੋੜ ਰੁਪਏ ਸੀ। ਇਹ ਬੜੇ ਅਫ਼ਸੋਸ ਦੀ ਗੱਲ ਹੈ ਕਿ ਭਾਵੇਂ ਸਾਰੇ ਰਾਜਾਂ ਲਈ ਕੇਂਦਰੀ ਸਹਾਇਤਾ ਉਸੇ ਆਧਾਰ ਅਨੁਸਾਰ (590 ਕਰੋੜ ਰੁਪਏ) ਰਖੀ ਗਈ ਜਿਵੇਂ ਕਿ ਸਾਲ 1967-68 ਲਈ ਰਖੀ ਗਈ ਸੀ, ਪਰੰਤੂ ਪੰਜਾਬ ਦੀ

[ਵਿਤ ਮੰਤਰੀ]

ਸੂਰਤ ਵਿਚ ਇਹ ਸਹਾਇਤਾ ਸਾਲ 1967-68 ਦੇ 16 ਕਰੋੜ ਰੁਪਏ ਤੋਂ ਘਟਾ ਕੇ ਸਾਲ 19 8-69 ਲਈ 14.3 ਕਰੋੜ ਰੁਪਏ ਕਰ ਦਿਤੀ ਗਈ ਹੈ। ਇਸ ਵਿੱਚ ਰਾਜ ਦੇ ਸਾਧਨਾਂ ਤੋਂ ਪ੍ਰਾਪਤ 15.23 ਕਰੋੜ ਰੁਪਏ ਦੀ ਰਕਮ ਸ਼ਾਮਲ ਕਰ ਕੇ ਵੀ 29.53 ਕਰੋੜ ਰੁਪਏ ਦੀ ਯੋਜਨਾ ਬਿਲਕੁਲ ਅਸੰਭਵ ਜਿਹੀ ਬਣ ਜਾਂਦੀ ਹੈ। ਇਸ ਲਈ ਵੱਖ ਵੱਖ ਸੈਕਟਰਾਂ ਵਿੱਚ ਰਖੀ ਗਈ ਰਕਮ ਦੀ ਬੜੇ ਧਿਆਨ ਨਾਲ ਦੋਬਾਰਾ ਪੜਤਾਲ ਕੀਤੀ ਗਈ ਅਤੇ ਵੇਖਿਆ ਗਿਆ ਕਿ ਜੇਕਰ ਭਾਖੜਾ ਅਤੇ ਬਿਆਸ ਪ੍ਰਾਜੈਕਟਾਂ ਲਈ ਯੋਜਨਾ ਕਮਿਸ਼ਨ ਦੁਆਰਾ ਦੱਸੇ ਗਏ ਖ਼ਰਚ ਦੇ ਪੱਧਰ, ਅਰਥਾਤ 10.03 ਕਰੋੜ ਰੁਪਏ ਨੂੰ ਬਰਕਰਾਰ ਰਖਿਆ ਜਾਣਾ ਹੈ ਤਾਂ 1968-69 ਦੀ ਪੰਜਾਬ ਯੋਜਨਾ ਦਾ ਖ਼ਰਚ ਕਿਸੇ ਵੀ ਸੂਰਤ ਵਿੱਚ 37 ਕਰੋੜ ਰੁਪਏ ਤੋਂ ਨਹੀਂ ਘਟਾਇਆ ਜਾ ਸਕਦਾ। ਬਾਕੀ ਰਹਿੰਦੀ ਰਕਮ ਨਾਲ ਰਾਜ ਸਰਕਾਰ ਉਹ ਖ਼ਰਚ ਵੀ ਪੂਰੇ ਨਹੀਂ ਕਰ ਸਕੇਗੀ ਜਿਨ੍ਹਾਂ ਲਈ ਹੋਰ ਚਾਲੂ ਸਕੀਮਾਂ ਦੇ ਸਬੰਧ ਵਿੱਚ ਉਹ ਪਹਿਲੇ ਹੀ ਬਚਨਬੱਧ ਹੈ। ਇਸ ਲਈ, ਯੋਜਨਾ ਕਮਿਸ਼ਨ ਨੂੰ ਸੂਚਤ ਕੀਤਾ ਗਿਆ ਹੈ ਕਿ 1968-69 ਦੀ ਯੋਜਨਾ ਦਾ ਬਜਟ 37 ਕਰੋੜ ਰੁਪਏ ਰਖਿਆ ਗਿਆ ਹੈ। ਰਾਜ ਸਰਕਾਰ ਅਧਿਕ ਸਾਧਨ ਜੁਟਾਉਣ ਲਈ ਆਪਣੀ ਪੂਰੀ ਕੋਸ਼ਿਸ਼ ਕਰੇਗੀ, ਪਰ ਇਸ ਦੇ ਨਾਲ ਕੇਂਦਰੀ ਸਹਾਇਤਾ ਵਿਚ ਵੀ ਤਾ ਉੱਨਾ ਹੀ ਵਾਧਾ ਹੋਣਾ ਚਾਹੀਦਾ ਹੈ। ਇਸ ਪੱਖ ਤੋਂ ਕਈ ਗੱਲਾਂ ਕਰਕੇ ਪੰਜਾਬ ਦਾ ਵਧੇਰੇ ਹੱਕ ਬਣਦਾ ਹੈ ਜਿਵੇਂ ਕਿ (i) ਭਾਖੜਾ ਅਤੇ ਬਿਆਸ ਦੇ ਬਹੁ-ਮੰਤਵੀ ਪ੍ਰਾਜੈਕਟਾਂ ਲਈ ਬਹੁਤੇ ਫ਼ੰਡਾਂ ਦੀ ਲੋੜ ਹੈ; (ii) ਹੋਰਨਾਂ ਥਾਵਾਂ ਦੇ ਮੁਕਾਬਲੇ ਤੇ ਜ਼ਰਾਇਤੀ ਪੈਦਾਵਾਰ ਦੇ ਵਧਣ ਦੀ ਸਭ ਤੋਂ ਵਧ ਸੰਭਾਵਨਾ ਇਥੇ ਹੀ ਹੈ; (iii) ਕੇਂਦਰੀ ਪ੍ਰਾਜੈਕਟ ਸਥਾਪਤ ਕਰਨ ਵਿੱਚ ਇਸ ਰਾਜ ਨੂੰ ਲਗਭਗ ਉੱਕਾ ਹੀ ਕੋਈ ਹਿੱਸਾ ਨਹੀਂ ਦਿੱਤਾ ਗਿਆ ਜਿਹੜੇ ਕਿ ਦੂਜੇ ਰਾਜਾਂ ਦੀ ਆਮਦਨ ਵਿੱਚ ਅਤੇ ਰੋਜ਼ਗਾਰ ਦੇ ਮੌਕਿਆਂ ਵਿਚ ਚੋਖਾ ਵਾਧਾ ਕਰਦੇ ਹਨ ਅਤੇ (iv) ਪਾਕਿਸਤਾਨੀ ਹਮਲੇ ਕਾਰਨ ਰਾਜ ਦੀ ਆਰਥਕਤਾ ਨੂੰ ਕਾਫ਼ੀ ਨੁਕਸਾਨ ਪੁੱਜਾ ਹੈ। ਕੇਂਦਰੀ ਸਹਾਇਤਾ ਦੀ ਵੰਡ ਵਿੱਚ ਖਾਸ ਧਿਆਨ ਪ੍ਰਾਪਤ ਕਰਨ ਲਈ, ਫੌਜੀ ਦ੍ਰਿਸ਼ਟੀਕੋਣ ਤੋਂ ਅਹਿਮ ਹੋਰ ਰਾਜ਼ਾਂ ਨਾਲੋਂ ਪੰਜਾਬ ਦਾ ਹੱਕ ਕਿਸੇ ਤਰ੍ਹਾਂ ਵੀ ਘਟ ਨਹੀਂ।

ਇਕ ਹੋਰ ਗੱਲ ਜਿਹੜੀ ਰਾਜ ਦੇ ਹਿੱਤਾਂ ਦੇ ਉਲਟ ਗਈ ਹੈ, ਉਹ ਇਹ ਹੈ ਕਿ ਭਾਵੇਂ, ਕੇਂਦਰੀ ਸਹਾਇਤਾ ਦੇ ਮੌਜੂਦਾ ਢੰਗ ਅਨੁਸਾਰ, ਬਹੁ-ਮੰਤਵੀ ਪ੍ਰਜੈਕਟਾਂ ਲਈ 100 ਫ਼ੀ ਸਦੀ ਕਰਜ਼ੇ ਦੀ ਸਹਾਇਤਾ ਮਿਲਦੀ ਹੈ ਅਤੇ, ਅਸਲ, ਵਿੱਚ ਦੂਜੇ ਸਬੰਧਤ ਰਾਜਾਂ ਨੂੰ 1967- 8 ਵਿੱਚ ਇਨ੍ਹਾਂ ਪ੍ਰਾਜੈਕਟਾਂ ਲਈ ਪ੍ਰਵਾਨਤ ਖ਼ਰਚ ਦੇ

ਮੁਕਾਬਲੇ ਵਿੱਚ ਪੂਰੀ ਕੇਂਦਰੀ ਸਹਾਇਤਾ ਹੀ ਦਿਤੀ ਗਈ ਹੈ, ਪੰਜਾਬ ਦੀ ਸੂਰਤ ਵਿੱਚ, ਭਾਖੜਾ ਅਤੇ ਬਿਆਸ ਪ੍ਰਾਜੈਕਟਾਂ ਲਈ ਪ੍ਰਵਾਨਤ 11.24 ਕਰੋੜ ਰੁਪਏ ਦੇ ਮੁਕਾਬਲੇ ਵਿੱਚ ਕੇਵਲ 5.85 ਕਰੋੜ ਰੁਪਏ ਦੀ ਕੇਂਦਰੀ ਸਹਾਇਤਾ ਹੀ ਦਿਤੀ ਗਈ ਜਿਹੜੀ ਕਿ ਪ੍ਰਵਾਨਤ ਖ਼ਰਚ ਨਾਲੋਂ 5.39 ਕਰੋੜ ਰੁਪਏ ਘੱਟ ਬਣਦੀ ਹੈ ।

ਇਸ ਦਾ ਕਾਰਨ ਇਹ ਹੈ ਕਿ 5.39 ਕਰੋੜ ਰੁਪਏ ਦੇ ਗ੍ਰਾਂਟ ਵਾਲੇ ਹਿੱਸੇ ਨੂੰ ਸ਼ਾਮਲ ਕਰਨ ਉਪਰੰਤ, ਕੁਲ ਕੇਂਦਰੀ ਸਹਾਇਤਾ (16 ਕਰੋੜ ਰੁਪਏ) ਦੇ ਕਰਜ਼ੇ ਵਾਲੇ ਹਿੱਸੇ ਲਈ ਬਚਿਆ ਬਕਾਇਆ, ਬਹੁ-ਮੰਤਵੀ ਪ੍ਰਾਜੈਕਟਾਂ ਅਤੇ ਸਿੰਜਾਈ ਤੇ ਬਿਜਲੀ ਦੇ ਉਨ੍ਹਾਂ ਪ੍ਰੋਗਰਾਮਾਂ ਜਿਹੜੇ ਸੌ ਫ਼ੀ ਸਦੀ ਕਰਜ਼ਿਆਂ ਨਾਲ ਚਲਦੇ ਹਨ, ਜਿਵੇਂ ਛੋਟੇ ਸਿੰਜਾਈ ਕਾਰਜ, ਹੜ੍ਹਾਂ ਨੂੰ ਕਾਬੂ ਕਰਨ ਅਤੇ ਪਿੰਡਾਂ ਤਕ ਬਿਜਲੀ ਪਹੁੰਚਾਉਣ ਲਈ ਕਾਫ਼ੀ ਨਹੀਂ । ਭਾਰਤ ਸਰਕਾਰ ਨੂੰ ਅਸੀਂ ਬੇਨਤੀ ਕੀਤੀ ਹੈ ਕਿ ਇਸ ਦਾ ਠੀਕ ਇਲਾਜ ਇਹ ਹੈ ਕਿ ਉਹ ਕੇਂਦਰੀ ਸਹਾਇਤਾ ਵਧਾਵੇ ਤਾਂ ਜੋ ਪ੍ਰਵਾਨਤ ਢੰਗ ਅਨੁਸਾਰ ਸਿੰਜਾਈ ਅਤੇ ਬਿਜਲੀ ਦੇ ਪ੍ਰੋਗਰਾਮਾਂ ਲਈ ਕਰਜ਼ੇ ਦੀ ਸੌ ਫ਼ੀ ਸਦੀ ਸਹਾਇਤਾ ਮਿਲੇ ਅਤੇ ਹੋਰ ਪ੍ਰੋਗਰਾਮਾਂ ਲਈ ਵੀ ਕੇਂਦਰੀ ਸਹਾਇਤਾ ਪ੍ਰਾਪਤ ਹੋਵੇ, ਜਿਸ ਵਿਚ ਗ੍ਰਾਂਟ ਦਾ ਯੋਗ ਹਿੱਸਾ ਵੀ ਸ਼ਾਮਲ ਹੋਵੇ । ਅਸੀਂ ਭਾਰਤ ਸਰਕਾਰ ਨੂੰ ਸੂਚਤ ਕਰ ਦਿੱਤਾ ਹੈ ਕਿ ਭਾਵੇਂ ਯੋਜਨਾ ਕਮਿਸ਼ਨ ਵੱਲੋਂ ਤਜਵੀਜ਼ ਕੀਤੀ ਲਾਗਤ ਦੀ ਰਕਮ ਬਜਟ ਵਿਚ ਰਖ ਦਿੱਤੀ ਗਈ ਹੈ ਤਾਂ ਵੀ ਇਨ੍ਹਾਂ ਲਈ ਅਸਲ ਰਕਮ ਉੱਨੀ ਹੀ ਦਿੱਤੀ ਜਾਵੇਗੀ, ਜਿੰਨੀ ਲਈ ਕਿ ਪ੍ਰਵਾਨਤ ਪ੍ਰੋਗਰਾਮ ਅਨੁਸਾਰ ਕੇਂਦਰੀ ਸਹਾਇਤਾ ਮਿਲੇਗੀ ।

1969-74 ਲਈ ਚੌਥੀ ਪੰਜ ਸਾਲਾ ਯੋਜਨਾ ਤਿਆਰ ਕਰਨ ਦਾ ਕੰਮ ਪਹਿਲਾਂ ਹੀ ਸ਼ੁਰੂ ਕੀਤਾ ਜਾ ਚੁਕਾ ਹੈ । ਪਹਿਲੀ ਅਤੇ ਬਹੁਤ ਹੀ ਮਹੱਤਵਪੂਰਣ ਕਾਰਵਾਈ ਵਜੋਂ, ਉਨ੍ਹਾਂ ਸਾਧਨਾਂ ਬਾਰੇ ਅੰਦਾਜ਼ਾ ਲਾਇਆ ਜਾ ਰਿਹਾ ਹੈ ਜਿਹੜੇ ਸਰਕਾਰ ਜਨਤਾ ਪਾਸੋਂ ਕਰਾਂ, ਛੋਟੀਆਂ ਬਚਤਾਂ ਅਤੇ ਕਰਜ਼ਿਆਂ ਰਾਹੀਂ ਇਕੱਠੇ ਕਰ ਸਕਦੀ ਹੈ । 1968-69 ਦੇ ਅੰਤ ਤਕ ਪ੍ਰਾਪਤ ਕੀਤੇ ਜਾਣ ਵਾਲੇ ਸੰਭਾਵੀ ਵਿਕਾਸ ਦੀ ਪੱਧਰ ਨੂੰ ਬਰਕਰਾਰ ਰਖਣ ਲਈ, ਜਿਹੜੇ ਫ਼ੰਡ ਪ੍ਰਵਾਨਤ ਖਰਚ ਨੂੰ ਪੂਰਾ ਕਰਨ ਦੇ ਮੰਤਵ ਨਾਲ ਵੱਖਰੇ ਲੋੜੀਂਦੇ ਹਨ, ਉਨ੍ਹਾਂ ਸਬੰਧੀ ਜਾਣਕਾਰੀ ਬਹੁਤ ਸਾਰੇ ਵਿਭਾਗਾਂ ਪਾਸੋਂ ਪ੍ਰਾਪਤ ਕਰ ਲਈ ਗਈ ਹੈ ਤਾਂ ਜੋ ਅੰਦਾਜ਼ਾ ਲਾਇਆ ਜਾ ਸਕੇ ਕਿ ਕਰਾਂ ਦੀ ਵਰਤਮਾਨ ਪਧਰ ਉਤੇ ਯੋਜਨਾ ਵਿੱਚ ਲਾਉਣ ਲਈ ਕਿੰਨੀ ਰਕਮ ਮਿਲ ਸਕੇਗੀ । ਖ਼ਰਚ ਵਿੱਚ ਕਮੀ ਕਰਨ ਅਤੇ ਸਾਧਨ ਜੁਟਾਉਣ ਲਈ ਜਨਤਾ ਪਾਸੋਂ ਆਮ ਕਰਕੇ ਅਤੇ ਅਰਥ-ਵਿਗਿਆਨੀਆਂ ਪਾਸੋਂ ਖਾਸ ਕਰਕੇ, ਸੁਝਾ ਪ੍ਰਾਪਤ ਕਰਨ ਲਈ "ਆਪਣ ਵਿਚਾਰ ਵੇਚੋ" ਸਕੀਮ ਸ਼ੁਰੂ ਕੀਤੀ ਗਈ ਹੈ । ਉਨ੍ਹਾਂ ਸੁਝਾਵਾਂ ਲਈ ਜਿਹੜੇ ਕਿ

[ਵਿਤ ਮੰਤਰੀ]

ਲਾਹੇਵੰਦ ਤੇ ਅਮਲਯੋਗ ਸਮਝੇ ਜਾਣਗੇ, 1000 ਰੁਪਏ ਜਾਂ ਇਸ ਤੋਂ ਵੱਧ ਰਕਮ ਦਾ ਇਨਾਮ ਦੇਣ ਦੀ ਪੇਸ਼ਕਸ਼ ਕੀਤੀ ਗਈ ਹੈ । ਸੰਸਦ ਵਿਚ ਪਹਿਲਾਂ ਹੀ ਐਲਾਨ ਹੋ ਚੁਕਾ ਹੈ ਕਿ ਕੇਂਦਰੀ ਕਰਾਂ ਦੀ ਅਸਲ ਰਕਮ ਨੂੰ ਯੂਨੀਅਨ ਅਤੇ ਰਾਜਾਂ ਵਿਚ ਦੁਬਾਰਾ ਵੰਡਣ ਅਤੇ ਅਜਿਹੀ ਰਕਮ ਵਿਚ ਹਰੇਕ ਰਾਜ ਦੇ ਹਿੱਸੇ ਆਉਂਦੀ ਅਗਲੀ ਐਲੋਕੇਸ਼ਨ ਕਰਨ ਲਈ ਪੰਜਵਾਂ ਵਿੱਤ ਕਮਿਸ਼ਨ ਸਥਾਪਤ ਕੀਤਾ ਜਾ ਰਿਹਾ ਹੈ । ਆਸ ਕੀਤੀ ਜਾਂਦੀ ਹੈ ਕਿ ਇਹ ਕਮਿਸ਼ਨ ਆਮਦਨ ਦੇ ਵਧੇਰੇ ਅਨੁਕੂਲਣਯੋਗ ਅਰਥਾਤ ਇਲਾਸਟਕ ਸਾਧਨਾਂ ਵਿਚੋਂ ਕੁਝ ਕੁ ਨੂੰ ਕੇਂਦਰੀ ਸੂਚੀ ਵਿਚੋਂ ਕਢ ਕੇ ਰਾਜ ਸੂਚੀ ਵਿੱਚ ਸ਼ਾਮਲ ਕਰਨ ਦੇ ਨਜ਼ਰੀਏ ਨਾਲ ਕੇਂਦਰ ਅਤੇ ਰਾਜਾਂ ਦੇ ਸਮੁੱਚੇ ਵਿੱਤ-ਸਬੰਧਾਂ ਦੇ ਸਵਾਲ ਤੇ ਵੀ ਵਿਚਾਰ ਕਰੇਗਾ । ਇਹ ਵੀ ਆਸ ਕੀਤੀ ਜਾਂਦੀ ਹੈ ਕਿ ਇਹ ਕਮਿਸ਼ਨ ਕੇਂਦਰੀ ਕਰਜ਼ਿਆਂ ਦੀ ਵਾਪਸੀ, ਜੋ ਸਾਡੇ ਰਾਜ ਉਤੇ ਬਹੁਤ ਵੱਡਾ ਭਾਰ ਪਾਉਂਦੀ ਰਹੀ ਹੈ, ਦੀ ਨਵੀਂ ਸਮਾਂ-ਸੂਚੀ ਬਣਾਉਣ ਸਬੰਧੀ ਵੀ ਵਿਚਾਰ ਕਰੇਗਾ ।

ਆਰਥਕ ਹਾਲਤ

6. ਮਾਨਯੋਗ ਮੈਂਬਰਾਂ ਅੱਗੇ ਬਜਟ ਦਾ ਮੋਟਾ ਜਿਹਾ ਵੇਰਵਾ ਰਖਣ ਪਿਛੋਂ ਮੈਂ ਹੁਣ ਆਪਣੇ ਰਾਜ ਦੀ ਆਰਥਕ ਹਾਲਤ ਦਾ ਜਾਇਜ਼ਾ ਲੈਣਾ ਚਾਹੁੰਦਾ ਹਾਂ ।

ਰਾਜ ਦੀ ਆਰਥਕਤਾ 1965-66 ਵਿਚ ਕੁਝ ਪਤਲੀ ਪੈ ਗਈ ਸੀ, ਅਤੇ 1966-67 ਵਿਚ ਸੁਧਰਨੀ ਸ਼ੁਰੂ ਹੋ ਗਈ ਸੀ । ਸਾਲ 1967-68 ਦੇ ਦੌਰਾਨ ਇਸ ਵਿਚ ਸੁਧਾਰ ਦੇ ਹੋਰ ਚਿੰਨ੍ਹ ਪਰਗਟ ਹੋਏ । ਪਹਿਲੇ ਅਨੁਮਾਨ ਗ਼ਲਤ ਸਾਬਤ ਹੋਏ ਅਤੇ ਸਾਲ 1966-67 ਵਿਚ ਰਾਜ ਦੀ ਜ਼ਰਾਇਤੀ ਪੈਦਾਵਾਰ ਵਿੱਚ ਪਹਿਲੇ ਸਾਲਾਂ ਨਾਲੋਂ ਅਹਿਮ ਵਾਧਾ ਹੋਇਆ, ਇਥੋਂ ਤਕ ਕਿ ਇਹ 1664-65 ਦੇ ਸਿਖਰ ਸਾਲ ਵਿੱਚ ਪ੍ਰਾਪਤ ਕੀਤੇ ਟੀਚੇ ਨੂੰ ਵੀ ਪਾਰ ਕਰ ਗਈ । ਅਨੁਕੂਲ ਮੌਸਮੀ ਹਾਲਾਤ ਕਰਕੇ ਅਤੇ ਮੱਕੀ, ਬਾਜਰੇ, ਧਾਨ ਅਤੇ ਕਣਕ ਦੇ ਬੀਜਾਂ ਦੀਆਂ ਵਧ ਝਾੜ ਦੇਣ ਵਾਲੀਆਂ ਕਿਸਮਾਂ ਅਤੇ ਰਸਾਇਣਕ ਖਾਦਾਂ ਵਰਗੀਆਂ ਖੇਤੀ ਲਈ ਲੋੜੀਂਦੀਆਂ ਵਸਤਾਂ ਦੀ ਵਧੇਰੇ ਸਪਲਾਈ ਅਤੇ ਜ਼ੋਰਦਾਰ ਪ੍ਰਬੰਧਕਾਂ ਯਤਨਾਂ ਸਦਕਾ ਸਾਲ 1967-68 ਵਿਚ ਜ਼ਰਾਇਤੀ ਪੈਦਾਵਾਰ ਵਿਚ ਅਸਲੀ ਇਨਕਲਾਬ ਆ ਜਾਣ ਦੀ ਸੰਭਾਵਨਾ ਹੈ । ਜੇ 1959-60, 1960-61 ਅਤੇ 1961-62 ਦੇ ਸਾਲਾਂ ਨੂੰ ਅਧਾਰ ਮੰਨ ਕੇ ਔਸਤ ਪੈਦਾਵਾਰ ਦਾ ਅੰਕ 100 ਹੋਵੇ ਤਾਂ ਇਹ ਅੰਕ ਜੋ ਕਿ 1961-62 ਵਿਚ 103, 1964-65 ਵਿਚ 128 ਅਤੇ 1965-66 ਵਿਚ 114 ਸੀ, ਚਾਲੂ ਸਾਲ ਵਿਚ 150 ਨੂੰ ਵੀ ਟਪ ਜਾਵੇਗਾ । (ਪ੍ਰਸੰਸਾ)

ਸਾਲ 1966-67 ਵਿਚ ਉਦਯੋਗਕ ਉਤਪਾਦਨ 1965-66 ਦੇ ਸਾਲ ਜਿੰਨਾ ਹੀ ਹੋਇਆ। ਆਮ ਧਾਗੇ ਦੀਆਂ ਕੀਮਤਾਂ ਵਿਚ ਵਾਧੇ ਕਾਰਨ ਕਪੜੇ ਦੀ ਸਨਅਤ ਵਿਚ ਕਾਫ਼ੀ ਮੰਦਾ ਰਿਹਾ। ਇਸੇ ਤਰ੍ਹਾਂ ਗੰਨੇ ਦੀ ਬਿਜਾਈ ਦਾ ਰਕਬਾ ਘਟ ਜਾਣ ਕਾਰਨ ਖੰਡ ਉਦਯੋਗ ਉਤੇ ਵੀ ਬੜਾ ਭੈੜਾ ਅਸਰ ਪਿਆ। ਰੇਲਾਂ ਦੇ ਵਧੇ ਹੋਏ ਭਾੜੇ ਕਾਰਨ ਫੌਲਾਦ ਦੀਆਂ ਰੀ-ਰੋਲਿੰਗ ਮਿਲਾਂ ਨੂੰ ਵੀ ਪਿੱਛੇ ਜਿਹੇ ਮਦਵਾੜੇ ਦਾ ਸਾਮ੍ਹਣਾ ਕਰਨਾ ਪਿਆ। ਬਿਜਲੀ-ਖੱਡੀ (ਨਕਲੀ ਰੇਸ਼ਮ ਅਤੇ ਸਟੇਪਲ) ਰਾਜ ਦੀ ਇਕ ਹੋਰ ਸਨਅਤ ਹੈ ਜਿਸ ਉੱਤੇ ਰੁਪਏ ਦੀ ਮੁੱਲ-ਘਟਾਈ ਅਰਥਾਤ ਡੀਵੈਲਯੁਏਸ਼ਨ ਦਾ ਅਤੇ ਭਾਰਤ ਸਰਕਾਰ ਦੁਆਰਾ ਬਰਾਮਦ ਨੂੰ ਉਤਸ਼ਾਹ ਦੇਣ ਦੀ ਸਕੀਮ ਖਤਮ ਕਰ ਦੇਣ ਦਾ ਬੜਾ ਮਾੜਾ ਪ੍ਰਭਾਵ ਪਿਆ ਹੈ। ਸਮੁੱਚੇ ਭਾਰਤ ਵਿਚ ਵਿਆਪਕ ਮੰਦਵਾੜੇ ਦਾ ਅਸਰ ਮਸ਼ੀਨੀ ਸੰਦਾ, ਸਾਈਕਲ ਅਤੇ ਸਾਈਕਲ ਦੇ ਪੁਰਜ਼ਿਆਂ ਦੀ ਸਨਅਤ ਤੇ ਖਾਸ ਕਰਕੇ ਪਿਆ ਹੈ। ਪਰ ਹੁਣ ਅਜੇਹੇ ਚਿੰਨ੍ਹ ਨਜ਼ਰ ਆ ਰਹੇ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਛੋਟੇ ਪੈਮਾਨੇ ਦੀਆਂ ਸਨਅਤਾਂ ਦਾ ਸੈਕਟਰ ਇਸ ਮੰਦਵਾੜੇ ਵਿਚੋਂ ਬਚ ਨਿਕਲੇਗਾ। ਇਸ ਤੋਂ ਛੁੱਟ ਕੁਝ ਵਿਸ਼ੇਸ਼ ਸੈਕਟਰਾਂ ਦੇ ਉਤਪਾਦਨ ਵਿਚ ਤੇਜ਼ੀ ਲਗਾਤਾਰ ਜਾਰੀ ਰਹੀ। ਹੌਜ਼ਰੀ ਦੀ ਸਨਅਤ ਦਾ ਉਤਪਾਦਨ 7 ਕਰੋੜ 32 ਲੱਖ ਰੁਪਏ ਤੋਂ 8 ਕਰੋੜ 33 ਲੱਖ ਰੁਪਏ ਤਕ ਪੁੱਜ ਗਿਆ। ਏਸੇ ਸਮੇਂ ਵਿਚ ਖੇਡਾਂ ਦੇ ਸਮਾਨ ਦਾ ਉਪਪਾਦਨ ਵੀ 1 ਕਰੋੜ 45 ਲੱਖ ਰੁਪਏ ਤੋਂ ਵਧ ਕੇ 2 ਕਰੋੜ ਰੁਪਏ ਹੋ ਗਿਆ। ਸਿਲਾਈ ਮਸ਼ੀਨਾਂ ਦਾ ਉਤਪਾਦਨ 72 ਹਜ਼ਾਰ ਤੋਂ 76 ਹਜ਼ਾਰ ਅਤੇ ਸਾਈਕਲਾਂ ਦਾ ਉਤਪਾਦਨ 3 ਲੱਖ 20 ਹਜ਼ਾਰ ਤੋਂ 3 ਲੱਖ 58 ਹਜ਼ਾਰ ਤਕ ਵਧ ਗਿਆ। ਮੰਦਵਾੜੇ ਦੇ ਬਾਵਜੂਦ, ਸਮੁੱਚੇ ਤੌਰ ਤੇ ਛੋਟੇ ਪੈਮਾਨੇ ਦੀਆਂ ਸਨਅਤਾਂ ਵਿੱਚ ਵਾਧਾ ਹੁੰਦਾ ਰਿਹਾ ਹੈ ਅਤੇ ਸਾਈਕਲ ਅਤੇ ਸਾਈਕਲ ਦੇ ਪੁਰਜ਼ੇ, ਸਿਲਾਈ ਮਸ਼ੀਨਾਂ, ਦਸਤੀ ਔਜ਼ਾਰਾਂ ਅਤੇ ਮਸ਼ੀਨੀ ਔਜ਼ਾਰਾਂ ਵਰਗੇ ਇੰਜੀਨੀਅਰੀ ਦੇ ਸਮਾਨ ਦੀ ਬਰਾਮਦ ਚੌਗੁਣੀ ਹੋ ਗਈ ਹੈ। ਹੌਜ਼ਰੀ ਦੇ ਸਮਾਨ ਦੀ ਬਰਾਮਦ ਵੀ ਲਗਭਗ 4 ਕਰੋੜ ਰੁਪਏ ਤਕ ਪੁੱਜ ਗਈ ਹੈ।

ਰਾਜ ਵਿੱਚ ਸਾਲ 1967-68 ਦੇ ਦੌਰਾਨ ਕੀਮਤਾਂ ਵਿੱਚ ਵਾਧਾ ਉਸ ਹਦ ਤਕ 'ਨਹੀਂ' ਹੋਇਆ ਜਿਸ ਹਦ ਤਕ 1966-67 ਵਿਚ ਹੋਇਆ ਸੀ। ਇਸ ਦਾ ਮੁਖ ਕਾਰਨ ਇਹ ਸੀ ਕਿ ਇਕ—ਰਾਜੀ ਖੁਰਾਕ ਜ਼ੋਨ ਬਣ ਜਾਣ ਦੇ ਸਿੱਟੇ ਵਜੋਂ ਅਪਰੈਲ, 1967 ਤੋਂ ਅਨਾਜ ਦੀਆਂ ਕੀਮਤਾਂ ਫ਼ਸਲ ਡਿੱਗ ਗਈਆਂ। ਹਾੜ੍ਹੀ ਦੀ ਬਹੁਤ ਚੰਗੀ ਫ਼ਸਲ ਅਤੇ ਸਾਉਣੀ ਦੀ ਸੰਭਾਵਤ ਭਰਵੀਂ ਫ਼ਸਲ ਕਾਰਨ, ਪਿਛਲੇ ਸਾਲ ਦੇ ਮੁਕਾਬਲੇ ਰਾਜ ਵਿੱਚ, ਕੀਮਤਾਂ ਦਾ ਆਮ ਪੱਧਰ ਹੋਰ ਵੀ ਘਟ ਜਾਣ ਦੀ ਆਸ ਹੈ। ਕੁਝ ਵੀ ਹੋਵੇ ਰਾਜ ਸਰਕਾਰ ਨੂੰ ਚੌਕਸ

[ਵਿਤ ਮੰਤਰੀ]

ਰਹਿਣਾ ਪਵੇਗਾ, ਤਾਂ ਜੋ ਖ਼ਰੀਦਾਰਾਂ ਲਈ ਕੀਮਤਾਂ ਅਸਾਧਾਰਣ ਤੌਰ ਤੇ ਨਾ ਵਧ ਜਾਣ ਅਤੇ ਨਾ ਹੀ ਇੰਨੀਆਂ ਘਟ ਜਾਣ ਕਿ ਕਿਸਾਨਾਂ ਲਈ ਘਾਟੇਵੰਦੀਆਂ ਬਣ ਜਾਣ ।

ਰਾਜ ਦੀ ਆਰਥਿਕ ਸਥਿਤੀ ਵਿਚ ਤਰੱਕੀ ਦੀ ਰਫ਼ਤਾਰ ਦਾ ਪਤਾ ਸਥਿਰ ਕੀਮਤਾਂ ਦੇ ਆਧਾਰ ਤੇ ਰਾਜ ਦੀ ਆਮਦਨ ਵਿਚ ਵਾਧੇ ਤੋਂ ਲਗਦਾ ਹੈ, ਜਿਹੜਾ ਕਿ ਕੀਮਤਾਂ ਦੇ ਪ੍ਰਭਾਵ ਤੋਂ ਮੁਕਤ ਹੁੰਦਾ ਹੈ ਅਤੇ ਸਮਾਨ ਅਤੇ ਸੇਵਾਵਾਂ ਦੇ ਉਤਪਾਦਨ ਵਿਚ ਹੋਣ ਵਾਲੀਆਂ ਤਬਦੀਲੀਆਂ ਦਾ ਨਾਪ ਹੁੰਦਾ ਹੈ । ਸਥਿਰ ਕੀਮਤਾਂ (1952-53=100) ਦੇ ਆਧਾਰ ਤੇ ਰਾਜ ਦੀ ਆਮਦਨ ਦੇ, ਜਿਹੜੀ 1965-66 ਵਿੱਚ 521.44 ਕਰੋੜ ਰੁਪਏ ਸੀ, ਫ਼ੌਰੀ ਤੌਰ ਤੇ ਤਿਆਰ ਕੀਤੇ ਗਏ ਅਨੁਮਾਨਾਂ ਅਨੁਸਾਰ 1966-67 ਵਿਚ 570.89 ਕਰੋੜ ਰੁਪਏ ਹੋ ਜਾਣ ਦੀ, ਅਰਥਾਤ 9 ਫ਼ੀ ਸਦੀ ਵਧ ਜਾਣ, ਦੀ ਆਸ ਹੈ । ਚਾਲੂ ਸਾਲ ਦੇ ਦੌਰਾਨ ਜ਼ਰਾਇਤੀ ਪੈਦਾਵਾਰ ਵਿੱਚ, ਜਿਹੜੀ ਕਿ ਰਾਜ ਦੀ ਆਰਥਕਤਾ ਦਾ ਮੁਖ ਆਧਾਰ ਹੈ, ਅਸੀਂ ਜਿਸ ਵਾਧੇ ਦੀ ਆਸ ਕਰਦੇ ਹਾਂ ਉਸ ਨਾਲ ਰਾਜ ਦੀ ਆਮਦਨ ਵਿਚ ਚੋਖਾ ਵਾਧਾ ਹੋਣ ਦੀ ਸੰਭਾਵਨਾ ਹੈ । ਪਰੰਤੂ ਸਾਲ 1966-67 ਦੇ ਦੌਰਾਨ ਸਥਿਰ ਕੀਮਤਾਂ ਦੇ ਆਧਾਰ ਤੇ ਜੀਅ ਪ੍ਰਤੀ ਆਮਦਨ ਵਿਚ ਇਸੇ ਹਿਸਾਬ ਨਾਲ ਵਾਧਾ ਨਹੀਂ ਹੋ ਸਕਿਆ: ਕਿਉਂਕਿ ਰਾਜ ਦੀ ਵਧੀ ਹੋਈ ਆਮਦਨ ਦਾ ਇਕ ਭਾਗ ਤੇਜ਼ੀ ਨਾਲ ਵਧ ਰਹੀ ਆਬਾਦੀ ਦੇ ਹੀ ਪੇਟੇ ਪੈ ਗਿਆ । ਰਾਜ ਸਰਕਾਰ ਤੇਜ਼ੀ ਨਾਲ ਵਧ ਰਹੀ ਆਬਾਦੀ ਦੇ ਅਟਕਾ-ਪਾਊ ਪ੍ਰਭਾਵ ਤੋਂ ਚੰਗੀ ਤਰ੍ਹਾਂ ਸੁਚੇਤ ਹੈ ਅਤੇ ਇਸ ਸਮਸਿਆ ਦੇ ਹੱਲ ਲਈ ਸਾਰੇ ਰਾਜ ਵਿਚ ਪਰਿਵਾਰ ਨਿਯੋਜਨ ਦੀ ਮੁਹਿੰਮ ਬੜੇ ਵੱਡੇ ਪੈਮਾਨੇ ਤੇ ਚਲਾਈ ਜਾ ਚੁਕੀ ਹੈ ।

7. ਵਿਸ਼ੇਸ਼ ਪੱਖ ਸਰਕਾਰ ਦੇ ਵੱਖ ਵੱਖ ਵਿਭਾਗਾਂ ਦੀਆਂ ਸਰਗਰਮੀਆਂ ਪੰਜਾਬ ਉੱਨਤੀ ਦੀ ਰਾਹ ਤੇ ਨਾਮੀ ਪੁਸਤਕਾਂ ਵਿਚ ਵੇਰਵੇ ਨਾਲ ਬਿਆਨ ਕੀਤੀਆਂ ਗਈਆਂ ਹਨ, ਜੋ ਕਿ ਮਾਨਯੋਗ ਮੈਂਬਰਾਂ ਨੂੰ ਬਜਟ ਦੇ ਹੋਰ ਕਾਗਜ਼ਾਂ ਨਾਲ ਦਿਤੀ ਗਈ ਹੈ । ਇਸ ਲਈ ਮੈਂ ਕੇਵਲ ਉਨ੍ਹਾਂ ਵਿਸ਼ੇਸ਼ ਸਰਗਰਮੀਆਂ ਬਾਰੇ ਹੀ ਇਥੇ ਜ਼ਿਕਰ ਕਰਨਾ ਚਾਹੁੰਦਾ ਹਾਂ ਸਬੰਧੀ ਮਾਨਯੋਗ ਮੈਂਬਰਾਂ ਨੂੰ ਦਿਲਚਸਪੀ ਹੋ ਸਕਦੀ ਹੈ ।

ਜ਼ਰਾਇਤੀ ਉਪਜ

8. ਵਧ ਝਾੜ ਦੇਣ ਵਾਲੀਆਂ ਕਿਸਮਾਂ ਦੇ ਬੀਜਾਂ ਨੂੰ ਵਰਤਣ ਦੇ ਵਿਸ਼ਾਲ ਪ੍ਰੋਗਰਾਮਾਂ ਨੂੰ ਸਫਲਤਾ ਪੂਰਬਕ ਅਮਲ ਵਿਚ ਲਿਆਉਣ ਨਾਲ ਪੰਜਾਬ ਦੀ ਜ਼ਰਾਇਤੀ ਪੈਦਾਵਾਰ ਵਿਚ ਜ਼ਬਰਦਸਤ ਵਾਧਾ ਹੋ ਗਿਆ ਹੈ । ਪੰਜਾਬ ਵਿਚ ਵਾਹੀਯੋਗ ਰਕਬਾ ਪਹਿਲਾਂ ਹੀ ਵਾਹੀ ਅਧੀਨ ਸੀ । ਇਸ ਕਰਕੇ, ਪਹਿਲਾਂ ਖ਼ਿਆਲ ਕੀਤਾ ਜਾਂਦਾ

ਸੀ ਕਿ ਉਪਜ ਵਿਚ ਕੇਵਲ ਨਾਂ ਮਾਤਰ ਵਾਧਾ ਹੀ ਹੋ ਸਕਦਾ ਹੈ। ਦੇਸ਼ ਦੇ ਹੋਰ ਭਾਗਾਂ ਦੀ ਤਰ੍ਹਾਂ ਸਾਲ 1965-66 ਦੇ ਦੌਰਾਨ ਰਾਜ ਵਿਚ ਸਖ਼ਤ ਸੋਕੇ ਕਾਰਨ ਜ਼ਰਾਇਤੀ ਉਪਜ ਕਾਫ਼ੀ ਘਟ ਹੋਈ ਸੀ। ਪਰ ਤਾਂ ਵੀ ਸਾਲ 1966-67 ਦੇ ਦੌਰਾਨ ਰਾਜ ਵਿਚ ਅਨਾਜ ਦੀ ਉਪਜ 41 ਲੱਖ ਮੀਟਰਕ ਟਨ ਹੋਈ ਜੋ ਕਿ ਵੱਧ ਤੋਂ ਵੱਧ ਪੈਦਾਵਾਰ ਵਾਲੇ ਸਾਲ ਅਰਥਾਤ 1964-65 ਦੀ 40 ਲੱਖ ਮੀਟਰਕ ਟਨ ਪੈਦਾਵਾਰ ਨਾਲੋਂ ਵਧ ਸੀ। ਇਸ ਤਰ੍ਹਾਂ, ਇਹ ਪੈਦਾਵਾਰ 1965-66 ਨਾਲੋਂ 21 ਫ਼ੀ ਸਦੀ ਵਧ ਸੀ, ਜਦ ਕਿ ਇਸ ਦੇ ਉਲਟ ਭਾਰਤ ਦੇ ਹੋਰ ਹਿੱਸਿਆਂ ਵਿਚ ਸਾਲ 1966-67 ਦੀ ਪੈਦਾਵਾਰ 1964-65 ਨਾਲੋਂ 15.6 ਫ਼ੀ ਸਦੀ ਘੱਟ ਹੋਈ ਸੀ। ਹਾੜ੍ਹੀ ਦੀ ਖੜੀ ਫ਼ਸਲ ਤੋਂ ਭਰਵੀਂ ਉਪਜ ਪ੍ਰਾਪਤ ਹੋਣ ਦੀ ਆਸ ਹੈ ਅਤੇ ਅਨੁਮਾਨ ਹੈ ਕਿ 1967-68 ਵਿਚ ਖ਼ੁਰਾਕ ਦੀ ਪੈਦਾਵਾਰ 49 ਲੱਖ ਮੀਟਰਕ ਟਨ ਤੋਂ ਵੀ ਵਧ ਜਾਵੇਗੀ। (ਪ੍ਰਸ਼ੰਸਾ) ਇਸ ਵਿਚ ਸਿਰਫ਼ ਕਣਕ ਦੀ ਪੈਦਾਵਾਰ 32 ਲੱਖ ਮੀਟਰਕ ਟਨ ਹੋਵੇਗੀ। ਇਹ ਪੈਦਾਵਾਰ ਅੱਜ ਤਕ ਵਧ ਤੋਂ ਵਧ ਹੋਈ ਪੈਦਾਵਾਰ ਨਾਲੋਂ ਵੀ 19.7 ਫ਼ੀ ਸਦੀ ਦਾ ਮਹਾਨ ਵਾਧਾ ਦਰਸਾਉਂਦੀ ਹੈ। (ਪ੍ਰਸ਼ੰਸਾ) ਇਸ ਤਰ੍ਹਾਂ, ਇਹ ਰਾਜ ਸਾਰੇ ਦੇਸ਼ ਵਿਚ ਆਪਣੇ ਰਕਬੇ ਦੇ ਲਿਹਾਜ਼ ਨਾਲ ਪੰਜ ਗੁਣਾਂ ਅਨਾਜ ਪੈਦਾ ਕਰੇਗਾ। 1968-69 ਲਈ ਪੂਰੇ ਭਰੋਸੇ ਨਾਲ ਮਿਥਿਆ ਸਾਡਾ ਟੀਚਾ 54 ਲੱਖ ਮੀਟਰਕ ਟਨ ਹੈ। (ਪ੍ਰਸ਼ੰਸਾ)।

1966-67 ਵਿਚ ਕਪਾਹ ਦੀ ਪੈਦਾਵਾਰ 731 ਲੱਖ ਗੰਢਾਂ ਸੀ। 1967-68 ਵਿਚ ਇਹ ਪੈਦਾਵਾਰ 900 ਲੱਖ ਗੰਢਾਂ ਤਕ ਵਧ ਜਾਣ ਦੀ ਆਸ ਹੈ, ਅਰਥਾਤ ਇਸ ਵਿਚ 23 ਫ਼ੀ ਸਦੀ ਦਾ ਵਾਧਾ ਹੋਵੇਗਾ। 1968-69 ਲਈ ਮਿਥਿਆ ਟੀਚਾ 940 ਲੱਖ ਗੰਢਾਂ ਹੈ। ਸਾਰੇ ਦੇ ਸਾਰੇ ਰਕਬੇ ਵਿਚ ਅਮਰੀਕਨ ਕਪਾਹ ਦੀ ਕਾਸ਼ਤ ਹੀ ਕੀਤੀ ਜਾਵੇਗੀ। ਗੰਨੇ (ਗੁੜ) ਦੀ ਪੈਦਾਵਾਰ 1966-67 ਵਿੱਚ 4 ਲੱਖ ਮੀਟਰਕ ਟਨ ਸੀ, ਜਿਹੜੀ ਕਿ 1965-66 ਦੀ ਪੈਦਾਵਾਰ ਨਾਲੋਂ 24 ਫ਼ੀ ਸਦੀ ਘਟ ਸੀ। ਇਸ ਦਾ ਵੱਡਾ ਕਾਰਨ ਇਹ ਸੀ ਕਿ ਗੰਨੇ ਦੀ ਕੀਮਤ ਲਾਭਦਾਇਕ ਨਾ ਹੋਣ ਕਰਕੇ ਇਸ ਹੇਠ ਰਕਬਾ ਕਾਫ਼ੀ ਘਟ ਗਿਆ ਸੀ, ਪਰ ਆਸ ਹੈ ਕਿ 1967-68 ਵਿੱਚ ਗੰਨੇ (ਗੁੜ) ਦੀ ਪੈਦਾਵਾਰ ਲਗਭਗ 6 ਲੱਖ ਮੀਟਰਕ ਟਨ ਸੀ, ਜਿਹੜੀ ਕਿ 1966-67 ਦੀ ਪੈਦਾਵਾਰ ਨਾਲੋਂ 33 ਫ਼ੀ ਸਦੀ ਵਧ ਹੋਵੇਗੀ। 1968-69 ਲਈ ਮਿਥਿਆ ਟੀਚਾ 6 ਲੱਖ ਮੀਟਰਕ ਟਨ ਹੈ।

ਜ਼ਰਾਇਤੀ ਮੋਰਚੇ ਤੇ ਸਾਨੂੰ ਜੋ ਜਿੱਤ ਪ੍ਰਾਪਤ ਹੋਈ ਹੈ ਉਹ ਵਧੇਰੇ ਕਰਕੇ ਸੁਧਰੇ ਹੋਏ ਵਾਹੀ-ਢੰਗਾਂ ਨੂੰ ਅਪਣਾਉਣ, ਰਸਾਇਣਿਕ ਖਾਦਾਂ ਦੀ ਬਹੁਤੀ ਵਰਤੋਂ ਕਰਨ ਅਤੇ ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ ਦੇ ਉਚੇ ਦਾਈਏ ਵਾਲੇ ਪ੍ਰੋਗਰਾਮ ਨੂੰ

[ਵਿੱਤ ਮੰਤਰੀ]

ਸਫਲਤਾ ਪੂਰਬਕ ਨੇਪਰੇ ਚੜ੍ਹਾਉਣ ਕਰਕੇ ਹੀ ਹੋਈ ਹੈ। ਇਸ ਦੇ ਨਾਲ ਹੀ ਮੁਆਫ਼ਕ ਮੌਸਮੀ ਹਾਲਾਤ ਅਤੇ ਸਾਡੇ ਰਾਜ ਦੇ ਕਾਠੇ ਕਿਸਾਨਾਂ ਦੀ ਪ੍ਰਸ਼ੰਸਾ ਯੋਗ ਹਿੰਮਤ ਨੇ ਵੀ ਇਸ ਵਿਚ ਸ਼ਾਨਦਾਰ ਹਿੱਸਾ ਪਾਇਆ ਹੈ। ਸਾਲ 1967-68 ਵਿਚ ਵਧੇਰੇ ਝਾੜ ਦੇਣ ਵਾਲੀਆਂ ਫ਼ਸਲਾਂ ਦਾ ਰਕਬਾ 17.5 ਲੱਖ ਤੋਂ ਵੀ ਵਧ ਸੀ ਜਦ ਕਿ ਪਿਛਲੇ ਸਾਲ ਇਹ ਰਕਬਾ 1.9 ਲੱਖ ਏਕੜ ਦੇ ਕਰੀਬ ਹੀ ਸੀ। ਵਧ ਝਾੜ ਦੇਣ ਵਾਲੀਆਂ ਕਿਸਮਾਂ ਦੀ ਬਿਜਾਈ ਦੇ ਪ੍ਰੋਗਰਾਮ ਨੂੰ 19 8-69 ਦੇ ਦੌਰਾਨ ਹੋਰ ਵੀ ਅੱਗੇ ਵਧਾਇਆ ਜਾਵੇਗਾ। ਹੁਣ ਇਹ ਤਜਵੀਜ਼ ਹੈ ਕਿ 22.5 ਲੱਖ ਏਕੜ ਵਿੱਚ ਕਣਕ, 1.5 ਲੱਖ ਏਕੜ ਵਿਚ ਦੋਗਲੀ ਮੱਕੀ, 2 ਲੱਖ ਏਕੜ ਵਿਚ ਦੋਗਲਾ ਬਾਜਰਾ ਅਤੇ 75.000 ਏਕੜਾਂ ਵਿਚ ਚੌਲਾਂ ਦੀਆਂ ਟੀ. ਐਨ. ਆਈ. ਅਤੇ ਆਈ. ਆਰ. 8, ਕਿਸਮਾਂ ਬੀਜੀਆਂ ਜਾਣ। ਉਮੀਦ ਕੀਤੀ ਜਾਂਦੀ ਹੈ ਕਿ ਇੱਕਲੀਆਂ ਵਧ ਝਾੜ ਦੇਣ ਵਾਲੀਆਂ ਕਿਸਮਾਂ ਦੀ ਵਰਤੋਂ ਨਾਲ ਹੀ ਲਗਭਗ 5.3 ਲੱਖ ਮੀਟਰਕ ਟਨ ਵਧੀਕ ਅਨਾਜ ਪੈਦਾ ਹੋਵੇਗਾ। (ਪ੍ਰਸ਼ੰਸਾ)

ਵਧ ਝਾੜ ਦੇਣ ਵਾਲੀਆਂ ਕਿਸਮਾਂ ਦੀ ਖੇਤੀ ਦੀ ਸਫ਼ਲਤਾ ਪਾਣੀ ਦੀ ਨਿਸਚਿਤ ਸਪਲਾਈ ਅਤੇ ਰਸਾਇਣਿਕ ਖਾਦਾਂ ਤੇ ਨਿਰਭਰ ਕਰਦੀ ਹੈ। ਇਸ ਲਈ, 1967-68 ਦੇ ਦੌਰਾਨ ਕਿਸਾਨਾਂ ਨੂੰ ਖੂਹ, ਟਿਊਬਵੈੱਲ ਅਤੇ ਪੰਪਿੰਗ ਸੈਟ ਲਾਉਣ ਲਈ 3.85 ਕਰੋੜ ਰੁਪਏ ਦੀ ਰਕਮ ਕਰਜ਼ਿਆਂ ਦੇ ਰੂਪ ਵਿਚ ਦਿੱਤੀ ਗਈ ਹੈ। ਰਾਜ ਦੇ ਭਿੰਨ ਭਿੰਨ ਇਲਾਕਿਆਂ ਲਈ ਖੇਤੀਬਾੜੀ ਰੀਫ਼ਾਈਨੈਂਸ-ਕਾਰਪੋਰੇਸ਼ਨ ਦੀ ਸਹਾਇਤਾ ਨਾਲ ਛੋਟੇ ਸਿੰਜਾਈ ਸਾਧਨਾਂ ਨੂੰ ਵਿਕਸਿਤ ਕਰਨ ਲਈ ਇੱਕ ਵੱਡਾ ਪ੍ਰੋਗਰਾਮ ਬਣਾਇਆ ਗਿਆ ਹੈ। ਪੰਜਾਬ ਰਾਜ ਬਿਜਲੀ ਬੋਰਡ 1966-67 ਦੇ ਕੇਵਲ 5,000 ਟਿਊਬਵੈੱਲਾਂ ਦੇ ਮੁਕਾਬਲੇ ਵਿਚ ਇਸ ਸਾਲ 16,000 ਟਿਊਬਵੈੱਲਾਂ ਨੂੰ ਬਿਜਲੀ ਦੇਵੇਗਾ। ਇਸ ਤੋਂ 96,000 ਏਕੜ ਦਾ ਹੋਰ ਰਕਬਾ ਸਿੰਜਾਈ ਅਧੀਨ ਆ ਜਾਣ ਦੀ ਉਮੀਦ ਹੈ। ਇਸ ਪ੍ਰੋਗਰਾਮ ਨੂੰ 1968-69 ਦੇ ਦੌਰਾਨ ਰਾਜ ਦੀਆਂ ਛੋਟੀਆਂ ਸਿੰਜਾਈ ਸਕੀਮਾਂ ਲਈ 4.88 ਕਰੋੜ ਰੁਪਏ ਦਾ ਉਪਬੰਧ ਕਰਕੇ ਹੋਰ ਵੀ ਤੇਜ਼ ਕੀਤਾ ਜਾਵੇਗਾ। (ਪ੍ਰਸ਼ੰਸਾ) ਇਸ ਵਿੱਚ ਰੀਫ਼ਾਈਨੈਂਸ ਕਾਰਪੋਰੇਸ਼ਨ ਤੋਂ ਪ੍ਰਾਪਤ ਹੋਣ ਵਾਲੀ 2.75 ਕਰੋੜ ਰੁਪਏ ਦੀ ਰਕਮ ਵੀ ਸ਼ਾਮਲ ਹੈ। ਦਸੰਬਰ 1967 ਦੇ ਅੰਤ ਤਕ 4 ਲੱਖ ਮੀਟਰਕ ਟਨ ਰਸਾਇਣਿਕ ਖਾਦਾਂ ਵੰਡੀਆਂ ਗਈਆਂ ਸਨ ਅਤੇ ਆਸ ਹੈ ਕਿ ਪਿਛਲੇ ਸਾਲ ਦੇ 2.3 ਲੱਖ ਮੀਟਰਕ ਟਨ ਹੋ ਜਾਵੇਗੀ। ਅਨੁਮਾਨ ਲਾਇਆ ਗਿਆ ਹੈ ਕਿ 1968-69 ਦੇ ਦੌਰਾਨ 14 ਲੱਖ ਮੀਟਰਕ ਟਨ ਰਸਾਇਣਿਕ ਖਾਦ ਦੀ ਲੋੜ ਪਵੇਗੀ। ਲਗਭਗ 70 ਫ਼ੀ ਸਦੀ ਰਸਾਇਣਿਕ ਖਾਦ-ਕਰਜ਼ੇ ਰਾਹੀਂ ਵੇਚੀ ਜਾਵੇਗੀ ਅਤੇ ਇਸ ਮੰਤਵ ਲਈ

ਲੋੜੀਂਦੇ 37 ਕਰੋੜ ਰੁਪਏ ਦੇ ਕਰਜ਼ਿਆਂ ਦਾ ਪ੍ਰਬੰਧ ਸਹਿਕਾਰੀ ਸੈਕਟਰ ਵਿਚ ਕੀਤਾ ਗਿਆ ਹੈ ।

ਸਘਣੀ ਖੇਤੀ ਤੇ ਵਧੇਰੇ ਜ਼ੋਰ ਦੇਣ ਨਾਲ ਪੌਦਿਆਂ ਦੀ ਸੁੱਰਖਿਆ ਦਾ ਕੰਮ ਬਹੁਤ ਅਹਿਮ ਹੋ ਜਾਂਦਾ ਹੈ । 1967-68 ਦੇ ਦੌਰਾਨ ਫਸਲ ਵਾਲੀ 60 ਲੱਖ ਏਕੜ ਜ਼ਮੀਨ ਨੂੰ ਪੌਦਿਆਂ ਦੀ ਰਖਿਆ ਦੇ ਪ੍ਰੋਗਰਾਮ ਅਧੀਨ ਲਿਆਂਦਾ ਜਾਵੇਗਾ । ਪਿਛਲੇ ਸਾਲ ਦੇ ਸਿਰਫ਼ 13,000 ਏਕੜਾਂ ਤੋਂ ਕੁਝ ਵਧ ਰਕਬੇ ਦੇ ਮੁਕਾਬਲੇ ਤੇ ਮੂੰਗਫਲੀ ਦੀ ਖੜੋਤੀ ਫ਼ਸਲ ਤੇ 1.3 ਲੱਖ ਏਕੜ ਰਕਬੇ ਤੇ ਹਵਾਈ ਜਹਾਜ਼ ਰਾਹੀਂ ਦਵਾਈ ਛਿੜਕੀ ਗਈ । ਹਵਾਈ ਜਹਾਜ਼ ਰਾਹੀਂ ਮੂੰਗਫਲੀ ਉਤੇ ਦਵਾਈ ਛਿੜਕਣ ਦਾ ਇਹ ਪਹਿਲਾ ਮੌਕਾ ਸੀ । ਆਸ ਹੈ ਕਿ ਹੁਣ 3 ਲੱਖ ਏਕੜ ਤੋਂ ਵਧ ਰਕਬੇ ਨੂੰ ਇਸ ਪ੍ਰੋਗਰਾਮ ਅਧੀਨ ਲੈ ਆਂਦਾ ਜਾਵੇਗਾ ।

ਵਧੀਆ ਕਿਸਮ ਦੇ ਬੀਜ ਸਮੇਂ ਸਿਰ ਵੰਡਣ ਦੇ ਪ੍ਰਬੰਧ ਕਰਨ ਵੱਲ ਸਰਕਾਰ ਦਾ ਪੂਰਾ ਧਿਆਨ ਹੈ । ਰਾਜ ਵਿਚ 3,000 ਏਕੜਾਂ ਤੋਂ ਵਧ ਰਕਬੇ ਵਿਚ ਦੋਗਲੀ ਮੱਕੀ ਦਾ ਬੀਜ ਤਿਆਰ ਕੀਤਾ ਗਿਆ ਹੈ । ਅਗਲੇ ਸਾਲ ਇਸ ਸਬੰਧੀ ਰਾਜ ਦੀਆਂ ਸਾਰੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਸੰਭਵ ਹੋ ਜਾਵੇਗਾ ਅਤੇ ਇਸ ਤੋਂ ਇਲਾਵਾ ਹੋਰਨਾਂ ਰਾਜਾਂ ਨੂੰ ਵੀ ਇਹ ਬੀਜ ਭੇਜਿਆ ਜਾ ਸਕੇਗਾ । ਜ਼ਿਲ੍ਹਾ ਲੁਧਿਆਣਾ ਵਿਚ 2,500 ਏਕੜਾਂ ਦਾ ਇਕ ਬੀਜ ਫਾਰਮ ਕਾਇਮ ਕੀਤਾ ਗਿਆ ਹੈ ਜਿਹੜਾ ਕਿ ਰਾਜ ਦੀਆਂ ਲੋੜਾਂ ਨੂੰ ਬਹੁਤ ਹਦ ਤਕ ਪੂਰਾ ਕਰਨ ਵਿਚ ਸਹਾਈ ਹੋਵੇਗਾ ।

ਪੁਨਰਗਠਨ ਤੋਂ ਬਾਦ ਕੇਵਲ 3.7 ਫ਼ੀ ਸਦੀ ਜੰਗਲਾਤ ਵਾਲਾ ਰਕਬਾ ਪੰਜਾਬ ਦੇ ਹਿੱਸੇ ਆਇਆ । ਇਸ ਵਿੱਚ ਉਪਜਾਊ ਅਤੇ ਰਾਖਵੇਂ, ਦੋਵੇਂ ਕਿਸਮ ਦੇ ਜੰਗਲ ਹਨ । ਨਤੀਜੇ ਵਜੋਂ, ਕਾਗਜ਼ ਬਣਾਉਣ ਰੇਆਨ ਤਿਆਰ ਕਰਨ, ਖੇਡਾਂ ਦਾ ਸਾਮਾਨ ਬਣਾਉਣ ਤੇ ਚਮੜਾਸਾਜ਼ੀ ਆਦਿ ਦੀਆਂ ਸਨਅਤਾਂ ਲਈ ਲੋੜੀਂਦੀ ਲਕੜੀ ਅਤੇ ਕਚੇ ਮਾਲ ਦੀ ਕਿੱਲਤ ਹੋ ਗਈ । ਇਸ ਲਈ ਅਗਲੇ ਸਾਲ ਦੇ ਦੌਰਾਨ 40 ਲੱਖ ਦੇ ਕਰੀਬ ਦਰਖ਼ਤ ਲਾਉਣ ਦੀਆਂ ਵਿਸ਼ੇਸ਼ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ । ਇਹ ਦਰਖ਼ਤ ਪੰਚਾਇਤ ਦੀ ਬੰਜਰ ਜ਼ਮੀਨ ਸੜਕਾਂ ਦੇ ਨਾਲ ਨਾਲ, ਦਰਿਆਵਾਂ ਦੇ ਕੰਢਿਆਂ ਤੇ ਅਤੇ ਹੋਰ ਪ੍ਰਾਪਤ ਸਰਕਾਰੀ ਤੇ ਗ਼ੈਰ-ਸਰਕਾਰੀ ਥਾਵਾਂ ਤੇ ਲਾਏ ਜਾਣਗੇ ।

ਸੰਘਣੀ ਕਾਸ਼ਤ ਕਾਰਨ ਖਾਦਾਂ ਪਹਿਲਾਂ ਨਾਲੋਂ ਕਈ ਗੁਣਾਂ ਵਧ ਪਾਈਆਂ ਜਾਣ ਲਗ ਪਈਆਂ ਹਨ । ਇਸ ਲਈ ਸਹਿਕਾਰੀ ਸੈਕਟਰ ਨੂੰ ਸ਼ਕਤੀਸ਼ਾਲੀ ਬਣਾਉਣਾ

[ਵਿਤ ਮੰਤਰੀ]

ਪਿਆ ਹੈ ਤਾਂ ਜੋ ਖਾਦਾਂ ਸਮੇਂ ਸਿਰ ਮਿਲ ਸਕਣ ਅਤੇ ਜਿਥੇ ਲੋੜ ਹੋਵੇ, ਉਧਾਰ ਵੀ ਦਿਤੀਆਂ ਜਾਣ।

ਸਹਿਕਾਰੀ ਸਭਾਵਾਂ ਪਿੰਡਾਂ ਦੇ ਲੋਕਾਂ ਦੇ ਧਨ ਨੂੰ ਵਿਕਾਸ ਦੇ ਕੰਮਾਂ ਵਿਚ ਲਾਉਣ ਦਾ ਵੀ ਕੰਮ ਕਰਦੀਆਂ ਹਨ। 30 ਜੂਨ, 1967 ਨੂੰ ਇਨ੍ਹਾਂ ਸਭਾਵਾਂ ਕੋਲ ਕੁਲ 27.84 ਕਰੋੜ ਰੁਪਏ ਜਮ੍ਹਾਂ ਸਨ।

ਇਸ ਤੋਂ ਇਲਾਵਾ, ਇਹ ਵੀ ਜ਼ਰੂਰੀ ਹੈ ਕਿ ਜ਼ਰਾਇਤੀ ਸੈਕਟਰ ਵਿਚ ਬਹੁਤੀ ਉਪਜ ਕਾਰਨ ਹੋਏ ਵਾਧੇ ਨੂੰ ਮੁੜ ਇਸੇ ਹੀ ਸੈਕਟਰ ਵਿਚ ਲਾਉਣਾ ਯਕੀਨੀ ਬਣਾਇਆ ਜਾਵੇ। ਇਸ ਮਨੋਰਥ ਨੂੰ ਸਾਮ੍ਹਣੇ ਰਖਦਿਆਂ, ਸਾਰੇ ਪਿੰਡਾਂ ਨੂੰ ਸਹਿਕਾਰੀ ਜ਼ਰਾਇਤੀ-ਕਰਜ਼ਾ ਅਤੇ ਸੇਵਾ-ਸਭਾਵਾਂ ਦੇ ਘੇਰੇ ਵਿਚ ਲਿਆਂਦਾ ਗਿਆ ਹੈ। 1967 ਦੀ ਸਾਉਣੀ ਦੀ ਫ਼ਸਲ ਤੋਂ ਫ਼ਸਲਾਂ ਉਤੇ ਕਰਜ਼ੇ ਦੇਣ ਦੀ ਸਕੀਮ ਸ਼ੁਰੂ ਹੋ ਜਾਣ ਨਾਲ ਹੁਣ ਇਹ ਸਭਾਵਾਂ ਜ਼ਰਾਇਤੀ ਲੋੜਾਂ ਜਿਹਾ ਕਿ ਰਸਾਇਣਿਕ ਖਾਦਾਂ ਬੀਜਾਂ ਕੀੜੇ ਮਾਰ ਦਵਾਈਆਂ ਆਦਿ ਲਈ ਆਪਣੇ ਮੈਂਬਰਾਂ ਦੀਆਂ ਕਰਜ਼ੇ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਦੀਆਂ ਹਨ। ਪੰਜਾਬ ਰਾਜ ਸਹਿਕਾਰੀ ਸਪਲਾਈ ਅਤੇ ਮਾਰ-ਕੀਟਿੰਗ ਫੈਡਰੇਸ਼ਨ ਦੀਆਂ ਸਰਗਰਮੀਆਂ ਵਿਚ ਵਾਧਾ ਕੀਤਾ ਗਿਆ ਹੈ ਤਾਂ ਜੋ ਉਹ ਕੇਂਦਰੀ ਇਲਾਕਿਆਂ ਵਿਚ ਸਥਿਤ 105 ਮਾਰਕੀਟਿੰਗ ਸੁਸਾਇਟੀਆਂ ਰਾਹੀਂ ਜ਼ਰਾਇਤੀ ਉਪਜ ਨੂੰ ਇਕੱਤਰ ਕਰਨ ਅਤੇ ਸਪਲਾਈ ਕਰਨ ਦਾ ਕੰਮ ਸੰਭਾਲ ਸਕਣ। ਸਰਕਾਰ 1968-69 ਦੇ ਦੌਰਾਨ ਕੇਂਦਰੀ ਸਹਿਕਾਰੀ ਬੈਂਕਾਂ ਵਿਚ ਹਿੱਸਾ-ਪੂੰਜੀ ਵਜੋਂ 2.75 ਕਰੋੜ ਰੁਪਏ ਅਤੇ ਐਪੈਕਸ ਬੈਂਕ ਵਿਚ 1 ਕਰੋੜ ਰੁਪਏ ਲਾ ਕੇ ਸਹਿਕਾਰੀ ਸੈਕਟਰ ਦੀ ਸਹਾਇਤਾ ਕਰੇਗੀ। ਸਰਕਾਰ ਭੋਂ-ਰਹਿਨ ਬੈਂਕ ਦੇ ਚਾਲੀ ਲੱਖ ਰੁਪਏ ਦੇ ਹਿੱਸੇ ਅਤੇ 1 ਕਰੋੜ ਰੁਪਏ ਦੇ ਰਿਣਪੱਤਰ ਵੀ ਖ਼ਰੀਦੇਗੀ। ਇਸ ਨਾਲ ਇਹ ਬੈਂਕ ਰੀਜ਼ਰਵ ਬੈਂਕ ਤੋਂ ਆਪਣੇ ਕਰਜ਼ੇ ਦੀ ਹੱਦ ਨੂੰ, ਜਿਹੜੀ ਕਿ ਹੁਣ 25 ਕਰੋੜ ਰੁਪਏ ਹੈ 1968-69 ਵਿਚ ਲਗਭਗ 45 ਕਰੋੜ ਰੁਪਏ ਤਕ ਵਧਾਉਣ ਦੇ ਯੋਗ ਹੋ ਜਾਣਗੇ। ਫ਼ਸਲਾਂ ਲਈ ਕਰਜ਼ੇ ਦੇਣ ਦੀ ਸਮਰਥਾ 30 ਕਰੋੜ ਰੁਪਏ ਤੋਂ ਵਧ ਕੇ 50 ਕਰੋੜ ਰੁਪਏ ਤੋਂ ਵੀ ਜ਼ਿਆਦਾ ਹੋ ਜਾਵੇਗੀ।

ਪਸ਼ੂ-ਧਨ ਦਾ ਸੁਧਾਰ

9. ਰਾਜ ਦੇ ਪੁਨਰਗਠਨ ਕਾਰਨ ਹਰਿਆਣਵੀ ਗਊਆਂ ਅਤੇ ਮੁੱਰ੍ਹਾਂ ਨਸਲ ਦੀਆਂ ਮੱਝਾਂ ਪਾਲਣ ਵਾਲਾ ਇਲਾਕਾ ਹਰਿਆਣੇ ਵਿਚ ਚਲੇ ਜਾਣ ਦੇ ਬਾਵਜੂਦ ਪਸ਼ੂ-ਧਨ ਵਿਚ ਸੁਧਾਰ ਦਾ ਕੰਮ ਤੇਜ਼ ਰਫ਼ਤਾਰ ਨਾਲ ਚਲ ਰਿਹਾ ਹੈ ਅਤੇ ਚੰਗੇ ਸਿੱਟੇ ਪ੍ਰਾਪਤ ਕਰਨ ਵਾਸਤੇ ਇਸ ਦਾ ਪਸਾਰ ਕੀਤਾ ਜਾ ਰਿਹਾ ਹੈ। ਇਕ ਔਸਤ ਪੰਜਾਬੀ

ਲਈ ਪਸ਼ੂਆਂ ਤੋਂ ਪ੍ਰਾਪਤ ਹੋਣ ਵਾਲੀ ਪਰੋਟੀਨ ਦੀਆਂ ਲੋੜਾਂ ਨੂੰ ਮੁਖ ਰਖਦੇ ਹੋਏ ਅਤੇ ਬੱਚਿਆਂ ਦੀ ਨਰੋਈ ਸਿਹਤ ਲਈ ਚੋਖਾ ਅਤੇ ਚੰਗੇਰਾ ਦੁਧ ਸਪਲਾਈ ਕਰਨ ਵਾਸਤੇ ਸਾਲ 1968-69 ਦੇ ਦੌਰਾਨ ਪਸ਼ੂਆਂ ਦੇ ਵਿਕਾਸ ਦਾ ਇਕ ਵਿਸ਼ੇਸ਼ ਪ੍ਰੋਗਰਾਮ ਸ਼ੁਰੂ ਕੀਤਾ ਜਾਵੇਗਾ, ਜਿਸ ਲਈ ਬਜਟ ਅਨੁਮਾਨਾਂ ਵਿਚ 20 ਲੱਖ ਰੁਪਏ ਦਾ ਹੋਰ ਪ੍ਰਬੰਧ ਕੀਤਾ ਗਿਆ ਹੈ। ਕਿਉਂਕਿ ਸਾਹੀਵਾਲ ਗਊਆਂ ਬਹੁਤ ਜ਼ਿਆਦਾ ਦੁਧ ਦੇਂਦੀਆਂ ਹਨ ਇਸ ਲਈ ਇਸ ਪ੍ਰੋਗਰਾਮ ਵਿਚ ਇਸ ਨਸਲ ਨੂੰ ਵਧਾਉਣ ਅਤੇ ਪਾਲਣ ਦੇ ਕੰਮ ਲਈ ਪਟਿਆਲੇ ਦੇ ਭੂਪਿੰਦਰਾ ਪਸ਼ੂ ਪਾਲਣ ਫ਼ਾਰਮ ਨੂੰ ਵਧਾਉਣ ਦਾ ਕੰਮ ਵੀ ਸ਼ਾਮਲ ਕੀਤਾ ਗਿਆ ਹੈ। ਹੁਣੇ ਜਿਹੇ ਰਾਜ ਨੇ ਜਰਸੀ ਅਤੇ ਬ੍ਰਾਊਨ ਸਵਿਸ ਨਸਲ ਦੇ ਦੋ ਦਰਜਨ ਬਦੇਸ਼ੀ ਪਸ਼ੂ ਪ੍ਰਾਪਤ ਕੀਤੇ ਹਨ। ਪਸ਼ੂ ਪਾਲਣ ਵਿਭਾਗ ਇਨ੍ਹਾਂ ਪਸ਼ੂਆਂ ਨੂੰ ਬੇਨਸਲੇ ਪਸ਼ੂਆਂ ਨਾਲ ਮੇਲ ਕੇ ਨਸਲ ਕਸ਼ੀ ਦਾ ਕੰਮ ਵੱਡੇ ਪੈਮਾਨੇ ਤੇ ਕਰ ਸਕੇਗਾ। ਮਸਨੂਈ ਵੀਰਜ ਸਿੰਜਣ ਦੁਆਰਾ ਇਸ ਨਸਲ ਕਸ਼ੀ ਦੇ ਕੰਮ ਦੇ ਖੇਤਰ ਵਿਚ ਪਸਾਰ ਕਰਨ ਲਈ ਲੁਧਿਆਣਾ, ਜਲੰਧਰ ਅਤੇ ਪਟਿਆਲਾ ਵਿਖੇ ਤਿੰਨ ਵੀਰਜ ਬੈਂਕ ਸਥਾਪਤ ਕੀਤੇ ਜਾਣਗੇ। ਵੱਖ ਵੱਖ ਫ਼ਾਰਮਾਂ ਅਤੇ ਕੇਂਦਰਾਂ ਵਿਚ ਰੱਖੇ ਗਏ ਪਸ਼ੂਆਂ ਲਈ ਚਾਰੇ ਦੀ ਸਪਲਾਈ ਦੇ ਸਬੰਧ ਵਿਚ ਮੌਜੂਦਾ ਪ੍ਰਬੰਧਾਂ ਉਤੇ ਕੁਝ ਵਧੇਰੇ ਖ਼ਰਚ ਆਉਂਦਾ ਹੈ। ਇਨ੍ਹਾਂ ਪਸ਼ੂਆਂ ਲਈ ਚਾਰੇ ਦੀ ਸਸਤੀ ਅਤੇ ਲਗਾਤਾਰ ਸਪਲਾਈ ਦਾ ਪ੍ਰਬੰਧ ਕਰਨ ਲਈ ਉਕਤ ਥਾਵਾਂ ਤੇ ਚਾਰਾ ਬੈਂਕ ਵੀ ਖੋਲ੍ਹੇ ਜਾਣਗੇ। ਇਸ ਤੋਂ ਇਲਾਵਾ ਨਸਲ ਕਸ਼ੀ ਲਈ ਪੰਜ ਹੀਫ਼ਰ ਪਰੋਡਕਸ਼ਨ ਯੂਨਿਟ ਅਤੇ ਇਕ ਕੈਟਲ ਫ਼ੀਡ ਪਲਾਂਟ ਯੂਨਿਟ ਜਿਸ ਦੀ ਰੋਜ਼ਾਨਾ ਉਪਜ ਸਮਰਥਾ 50 ਤੋਂ 75 ਮੀਟਰਕ ਟਨ ਤਕ ਹੋਵੇਗੀ, ਵੀ ਸਥਾਪਤ ਕੀਤੇ ਜਾਣਗੇ।

ਪਿਛਲੇ ਕਈ ਸਾਲਾਂ ਵਿਚ ਮੁਰਗੀ-ਪਾਲਣ ਦੀ ਸਨਅਤ ਵਲ ਦਿੱਤੇ ਗਏ ਵਿਸ਼ੇਸ਼ ਧਿਆਨ ਦੇ ਫਲ ਰੂਪ ਇਸ ਵਿਚ ਬੜੀ ਤੇਜ਼ੀ ਨਾਲ ਤਰੱਕੀ ਹੋਈ ਹੈ। ਸਰਕਾਰੀ ਅਤੇ ਗੈਰ-ਸਰਕਾਰੀ ਦੋਹਾਂ ਸੈਕਟਰਾਂ ਵਿਚ, ਚੂਚੇ ਕਢਣ ਦੀ ਸਮਰੱਥਾ ਹੁਣ 3 ਲੱਖ ਤੋਂ ਵਧ ਗਈ ਹੈ। ਸਾਲ 1966-67 ਦੇ ਦੌਰਾਨ ਸਰਕਾਰੀ ਮੁਰਗੀ-ਫਾਰਮਾਂ ਜਾਂ ਕੇਂਦਰਾਂ ਵਿਚ ਅੰਡਿਆਂ ਦੀ ਪੈਦਾਵਾਰ ਕੋਈ 10 ਲੱਖ ਅਤੇ ਗੈਰਸਰਕਾਰੀ ਮੁਰਗੀਖ਼ਾਨਿਆਂ ਵਿਚ 3 ਲੱਖ ਸੀ। ਸਾਲ 1967-68 ਦੇ ਅੰਤ ਤਕ ਪੰਜਾਬ ਮੁਰਗੀਪਾਲਣ ਕਾਰਪੋਰੇਸ਼ਨ ਦੁਆਰਾ 30 ਲੱਖ ਰੁਪਏ ਦੀ ਮੁਰਗੀਆਂ ਦੀ ਖ਼ੁਰਾਕ ਅਤੇ 5 ਲੱਖ ਰੁਪਏ ਦੇ ਅੰਡਿਆਂ ਦੀ ਵਿਕਰੀ ਹੋ ਜਾਣ ਦੀ ਆਸ ਹੈ। ਇਸੇ ਤਰਾਂ ਇਸ ਕਾਰਪੋਰੇਸ਼ਨ ਨੇ ਡੇਰੀ ਫਾਰਮਾਂ ਦੇ ਪਸ਼ੂਆਂ ਲਈ ਵੀ ਖ਼ੁਰਾਕ ਤਿਆਰ ਕਰਨ ਦੀ ਤਜਵੀਜ਼ ਬਣਾਈ ਹੈ।

10 ਜਿਵੇਂ ਕਿ ਮਾਨਯੋਗ ਮੈਂਬਰਾਂ ਨੂੰ ਪਤਾ ਹੀ ਹੈ, ਭਾਖੜਾ ਨੰਗਲ ਸਿੰਜਾਈ ਪ੍ਰਾਜੈਕਟ ਦੇ ਪ੍ਰਸ਼ਾਸਨ, ਸੰਭਾਲ ਅਤੇ ਸੰਚਾਲਨ ਲਈ ਭਾਰਤ ਸਰਕਾਰ ਨੇ ਪੰਜਾਬ ਅਤੇ ਪੁਨਰਗਠਨ ਐਕਟ, 1966 ਦੀ ਧਾਰਾ 79 ਅਨੁਸਾਰ ਭਾਖੜਾ ਪ੍ਰਬੰਧ ਬੋਰਡ ਬਣਾਇਆ ਬਿਜਲੀ

[ਵਿਤ ਮੰਤਰੀ]

ਹੋਇਆ ਹੈ । ਇਸੇ ਤਰ੍ਹਾਂ, ਬਿਆਸ ਪ੍ਰਾਜੈਕਟ ਨੂੰ ਸਿਰੇ ਚਾੜ੍ਹਣ ਲਈ ਉਕਤ ਐਕਟ ਦੀ ਧਾਰਾ 80 ਅਧੀਨ ਬਿਆਸ ਉਸਾਰੀ ਬੋਰਡ ਬਣਾਇਆ ਗਿਆ ਹੈ । ਇਨ੍ਹਾਂ ਪ੍ਰਾਜੈਕਟਾਂ ਦੇ ਕੰਟਰੋਲ ਅਤੇ ਉਸਾਰੀ ਦਾ ਕੰਮ ਪੰਜਾਬ ਸਰਕਾਰ ਕੋਲ ਹੋਣਾ ਚਾਹੀਦਾ ਹੈ ਜਿਵੇਂ ਕਿ ਪੁਨਰ ਗਠਨ ਤੋਂ ਪਹਿਲਾਂ ਸੀ । ਇਸ ਮੰਤਵ ਦੀ ਪੂਰਤੀ ਲਈ ਹਰ ਪਖੋਂ ਮੁਕੰਮਲ ਅਤੇ ਮਜ਼ਬੂਤ ਕੇਸ ਤਿਆਰ ਕੀਤਾ ਜਾ ਰਿਹਾ ਹੈ । ਇਸ ਸੰਬੰਧ ਵਿਚ ਸਾਡੀ ਸਰਕਾਰ ਭਾਰਤ ਦੇ ਪ੍ਰਧਾਨ ਮੰਤਰੀ ਜੀ ਨੂੰ ਆਪਣਾ ਸਾਲਸੀ ਨਿਰਣਾ ਛੇਤੀ ਦੇਣ ਦੀ ਬੇਨਤੀ ਪਹਿਲਾਂ ਵੀ ਕਰਦੀ ਰਹੀ ਹੈ । ਪੰਜਾਬ ਪੁਨਰਗਠਨ ਐਕਟ ਦੀ ਧਾਰਾ 79 ਅਧੀਨ ਰੋਪੜ, ਹਰੀਕੇ ਅਤੇ ਫਿਰੋਜ਼ਪੁਰ ਦੇ ਹੈਡ ਵਰਕਸ ਦੇ ਪ੍ਰਬੰਧ, ਸੰਭਾਲ ਅਤੇ ਸੰਚਾਲਨ ਦਾ ਕੰਮ ਵੀ ਭਾਖੜਾ ਪ੍ਰਬੰਧ ਬੋਰਡ ਨੂੰ ਸੌਂਪ ਦਿੱਤਾ ਗਿਆ ਹੈ । ਇਹ ਹੈਡ ਵਰਕਸ ਕੇਵਲ ਪੰਜਾਬ ਰਾਜ ਨੂੰ ਹੀ ਪਾਣੀ ਦਿੰਦੇ ਹਨ ਅਤੇ ਇਨ੍ਹਾਂ ਦਾ, ਮੇਨ ਭਾਖੜਾ ਨੰਗਲ ਪ੍ਰਾਜੈਕਟ ਨਾਲ ਕੋਈ ਸਬੰਧ ਨਹੀਂ । ਇਸ ਲਈ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਗਈ ਹੈ ਕਿ ਇਨ੍ਹਾਂ ਦਾ ਕੰਟਰੋਲ ਪੰਜਾਬ ਰਾਜ ਦੇ ਹਵਾਲੇ ਕਰ ਦਿਤਾ ਜਾਵੇ ਭਾਵੇਂ ਅਜਿਹਾ ਕਰਨ ਲਈ ਪੁਨਰਗਠਨ ਐਕਟ ਦੀ ਤਰਮੀਮ ਵੀ ਕਿਉਂ ਨਾ ਕਰਨੀ ਪਵੇ ।

ਭਾਵੇਂ ਭਾਖੜਾ ਪ੍ਰਬੰਧ ਬੋਰਡ ਅਤੇ ਬਿਆਸ ਉਸਾਰੀ ਬੋਰਡ ਖੁਦ ਮੁਖ਼ਤਾਰ ਸੰਸਥਾਵਾਂ ਹਨ, ਜਿਹੜੀਆਂ ਕਿ ਭਾਰਤ ਸਰਕਾਰ ਨੂੰ ਜਵਾਬ ਦੇਹ ਹਨ, ਫਿਰ ਵੀ ਇਸ ਗੱਲ ਦਾ ਧਿਆਨ ਰਖਦੇ ਹੋਏ ਕਿ ਸ਼ਤਿਕਾਰਯੋਗ ਮੈਂਬਰਾਂ ਨੂੰ ਇਹ ਪ੍ਰਾਜੈਕਟ ਤੇਜੀ ਨਾਲ ਨੇਪਰੇ ਚਾੜ੍ਹਨ ਵਿਚ ਡੂੰਘੀ ਦਿਲਚਸਪੀ ਹੈ, ਪ੍ਰਾਜੈਕਟ ਅਧਿਕਾਰੀਆਂ ਦੁਆਰਾ ਸ਼ੁਰੂ ਕੀਤੇ ਕੰਮਾਂ ਬਾਰੇ ਕੁਝ ਵਿਚਾਰ ਕਰ ਲੈਣੀ ਜ਼ਰੂਰੀ ਹੋਵੇਗੀ । ਸੱਜੇ ਪਾਸੇ ਦੇ ਪਾਵਰ ਹਾਊਸ ਦੇ ਚਾਰ ਯੂਨਿਟ ਸਾਲ 196‍—68 ਵਿਚ ਪਹਿਲਾਂ ਹੀ ਚਾਲੂ ਕੀਤੇ ਜਾ ਚੁਕੇ ਹਨ, ਪੰਜਵਾਂ ਅਤੇ ਆਖਰੀ ਯੂਨਿਟ ਮੁਕੰਮਲ ਹੋਣ ਵਾਲਾ ਹੀ ਹੈ ਅਤੇ ਆਸ ਹੈ ਕਿ ਇਹ ਛੇਤੀ ਹੀ ਚਾਲੂ ਹੋ ਜਾਵੇਗਾ । ਭਾਖੜੇ ਅਤੇ ਲੁਧਿਆਣੇ ਵਿਚਕਾਰ 86 ਕਿਲੋਮੀਟਰ ਲੰਮੀਆਂ 220 ਕੇ ਵੀ .ਲਾਈਨਾਂ ਨੂੰ ਬਿਜਲੀ ਦੇਣ ਅਤੇ ਲੁਧਿਆਣੇ ਵਿਖੇ 220 ਕੇ. ਵੀ. ਆਰਜ਼ੀ ਸਬ ਸਟੇਸ਼ਨਾਂ ਨੂੰ ਚਾਲੂ ਕਰਨ ਦਾ ਕੰਮ ਵੀ ਮੁਕੰਮਲ ਹੋ ਚੁਕਾ ਹੈ । ਲੁਧਿਆਣਾ-ਸੰਗਰੂਰ ਅਤੇ ਸੰਗਰੂਰ--ਹਿਸਾਰ 220 ਕੇ. ਵੀ. ਸੰਚਾਰ ਲਾਈਨਾਂ ਉਤੇ ਵੀ ਕੰਮ ਦੀ ਪ੍ਰਗਤੀ ਤਸੱਲੀਬਖਸ਼ ਹੈ । ਬਸਤੀਆਂ ਵਰਕਸ਼ਾਪਾਂ, ਪਲਾਂਟਾਂ, ਬਿਜਲੀ ਸੰਚਾਰ ਅਤੇ ਵੰਡ, ਬਿਆਸ-ਸਤਲੁਜ ਲਿੰਕ-ਯੂਨਿਟ I ਤਕ ਪਹੁੰਚਣ ਲਈ ਲੋੜੀਂਦੀਆਂ ਸੜਕਾਂ ਬਣਾਉਣ ਦਾ ਕੰਮ ਵੀ ਠੀਕ ਰਫਤਾਰ ਨਾਲ ਹੋ ਰਿਹਾ ਹੈ । ਡੈਮਾਂ, ਸੁਰੰਗਾਂ ਅਤੇ ਇਸ ਯੂਨਿਟ ਦੇ ਹਾਈਡਲ ਚੈਨਲਾਂ ਦੀ ਖੁਦਾਈ ਦਾ ਕੰਮ ਸ਼ੁਰੂ ਕਰ ਦਿਤਾ ਗਿਆ ਹੈ ।

ਉਸਾਰੀ ਯੋਜਨਾ ਦੇ ਵਰਤਮਾਨ ਪ੍ਰੋਗਰਾਮ ਅਨੁਸਾਰ, ਇਸ ਯੂਨਿਟ ਦੀ ਉਸਾਰੀ ਦਾ ਮੁਖ ਕੰਮ ਦਸੰਬਰ, 1971 ਤਕ ਮੁਕੰਮਲ ਹੋ ਜਾਣਾ ਹੈ ਤਾਂ ਜੋ ਬਿਜਲੀ—ਪਲਾਂਟ ਤੋਂ ਪਹਿਲਾ ਯੂਨਿਟ ਮਾਰਚ, 1972 ਵਿਚ ਚਾਲੂ ਕੀਤਾ ਜਾ ਸਕੇ।ਮੁਕੇਰੀਆਂ ਤੋਂ ਤਲਵਾੜਾ ਤਕ ਦੀ ਰੇਲ ਲਾਈਨ, ਬਿਜਲੀ ਪੈਦਾ ਕਰਨ ਵਾਲਾ ਥਰਮਲ ਡੀਜ਼ਲ ਪਲਾਂਟ, ਪੁਲਾਂ ਅਤੇ ਵਰਕਸ਼ਾਪਾਂ ਵਰਗੇ ਮੁਖ ਕਾਰਜਾਂ ਦੀ ਉਸਾਰੀ ਅਤੇ ਪੈਰਾ-ਯੂਨਿਟ 11 ਵਿਖੇ ਬਿਆਸ ਡੈਮ ਪ੍ਰਾਜੈਕਟ ਦੀਆਂ ਮੋੜ-ਸੁਰੰਗਾਂ ਅਤੇ ਜੈਨ-ਸਟਾਕ ਸੁਰੰਗਾਂ ਦੀ ਖੁਦਾਈ ਦਾ ਕੰਮ ਪਹਿਲਾਂ ਹੀ ਮੁਕੰਮਲ ਹੋ ਚੁਕਾ ਹੈ। ਇਸੇ ਤਰ੍ਹਾਂ ਸਪਿਲਵੇ, ਚੈਨਲ਼ ਅਤੇ ਮੋੜ ਸੁਰੰਗਾਂ ਦੀ ਖੁਦਾਈ ਅਤੇ ਕੰਕਰੀਟ ਪਾਉਣ ਦਾ ਕੰਮ ਸੰਤੋਖਜਨਕ ਤਰੀਕੇ ਨਾਲ ਚਲ ਰਿਹਾ ਹੈ। ਸਾਧਾਰਨ ਤੌਰ ਤੇ ਬਿਆਸ ਡੈਮ 1970—71ਤਕ ਮੁਕੰਮਲ ਹੋ ਜਾਣਾ ਚਾਹੀਦਾ ਹੈ ਜਦੋਂਕਿ ਭਾਰਤ-ਪਾਕਿਸਤਾਨ ਮੁਆਹਿਦੇ ਅਧੀਨ ਭਾਰਤ ਬਿਆਸ ਦੇ ਪਾਣੀ ਦੀ ਪੂਰੀ ਵਰਤੋਂ ਕਰਨ ਦਾ ਹਕਦਾਰ ਹੋ ਜਾਵੇਗਾ। ਐਧੱਰ ਫ਼ੰਡ ਕਾਫ਼ੀ ਨਾ ਹੋਣ ਕਰਕੇ ਅਤੇ ਬਦੇਸ਼ੀ ਮੁਦਰਾ ਦੀਆਂ ਔਕੜਾਂ ਕਾਰਨ, ਤਜਵੀਜ਼ ਇਹ ਬਣਾਈ ਗਈ ਹੈ ਕਿ ਡੈਮ ਜਨਵਰੀ 1972 ਤਕ ਮੁਕੰਮਲ ਕੀਤਾ ਜਾਵੇ ਤਾਂ ਜੋ ਇਸ ਦੇ ਬਿਜਲੀ ਪਲਾਂਟ ਦਸੰਬਰ, 1974 ਤਕ ਚਾਲੂ ਹੋ ਜਾਣ।

ਜ਼ਿਲ੍ਹਾ ਜਲੰਧਰ ਦੇ ਸ਼ਾਹਕੋਟ ਬਲਾਕ ਵਿਚ ਸਿੰਜਾਈ ਦੀਆਂ ਸਹੂਲਤਾਂ ਮੁਹੱਈਆ ਕਰਨ ਲਈ 4 ਲੱਖ ਰੁਪਏ ਦੀ ਲਾਗਤ ਨਾਲ 96 ਟਿਊਬਵੈਲ ਲਾਉਣ ਦੀ ਇਕ ਸਕੀਮ ਸ਼ੁਰੂ ਕੀਤੀ ਗਈ ਹੈ। ਮੁਕੰਮਲ ਹੋਣ ਤੇ ਇਹ ਟਿਊਬਵੈਲ 71,000 ਏਕੜ ਰਕਬੇ ਦੀ ਸਿੰਜਾਈ ਕਰਨਗੇ। ਇਸ ਵੇਲੇ, ਅਪਰ ਬਾਰੀ ਦੁਆਬ ਨਹਿਰ ਰਾਹੀਂ ਪਾਣੀ ਦੀ ਸਪਲਾਈ ਕਾਫ਼ੀ ਨਹੀਂ। ਇਸ ਵਿਚ 300 ਕਿਊਬਿਕ ਦਾ ਹੋਰ ਵਾਧਾ ਕਰਨ ਲਈ ਇਸ, ਨਹਿਰ ਦੇ ਦੋਵੇਂ ਪਾਸੇ 120 ਲੱਖ ਰੁਪਏ ਦੀ ਅਨੁਮਾਨਤ ਲਾਗਤ ਤੇ 150ਡੂੰਘੇ ਟਿਊਬਵੈਲ ਲਾਉਣ ਦੀ ਮਨਜ਼ੂਰੀ ਦਿਤੀ ਗਈ ਹੈ। ਇਸ ਨਾਲ ਲਗਭਗ ਇਕ ਲੱਖ ਏਕੜ ਰਕਬੇ ਨੂੰ ਲਾਭ ਪਹੁੰਚੇਗਾ। ਚਾਲੂ ਸਾਲ ਦੇ ਦੌਰਾਨ ਲਗਭਗ 32 ਲੱਖ ਰੁਪਏ ਦੀ ਲਾਗਤ ਨਾਲ ਜੋ ਕਈ ਛੋਟੀਆਂ ਸਿੰਜਾਈ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ, ਉਹ ਵੀ ਸਾਲ 1968—69 ਦੇ ਦੌਰਾਨ ਮੁਕੰਮਲ ਹੋ ਜਾਣਗੀਆਂ ਅਤੇ ਇਨ੍ਹਾਂ ਨਾਲ 43,000 ਏਕੜ ਰਕਬੇ ਨੂੰ ਲਾਭ ਹੋਵੇਗਾ।

ਪੰਜਾਬ ਦੀ ਵਿਕਾਸ ਕਰ ਰਹੀ ਜ਼ਰਾਇਤੀ ਆਰਥਕਤਾ ਲਈ ਪਿੰਡਾਂ ਨੂੰ ਬਿਜਲੀ ਦੇਣ ਦਾ ਕੰਮ ਵਿਸ਼ੇਸ਼ ਮਹੱਤਤਾ ਰਖਦਾ ਹੈ। ਜਿਥੇ ਇਹ ਇਕ ਸਹੂਲਤ ਹੈ ਅਤੇ ਕਿਸਾਨਾਂ ਦੇ ਦ੍ਰਿਸ਼ਟੀਕੋਣ ਵਿਚ ਨਵੀਨਤਾ ਲਿਆਉਂਦੀ ਹੈ, ਉਥੇ ਇਸ ਉਤੇ ਸਿੰਜਾਈ ਦਾ ਬਾਕਾਇਦਾ ਅਤੇ ਯਕੀਨੀ ਹੋਣਾ ਵੀ ਨਿਰਭਰ ਹੈ ਜਿਹੜਾ ਕਿ ਬਹੁਤਾ

[ਵਿਤ ਮੰਤਰੀ]

ਝਾੜ ਦੇਣ ਵਾਲੀਆਂ ਫਸਲਾਂ ਦੇ ਪ੍ਰੋਗਰਾਮ ਨੂੰ ਕਾਮਯਾਬ ਬਣਾਉਣ ਵਾਸਤੇ ਬਹੁਤ ਜ਼ਰੂਰੀ ਹੈ । ਉਮੀਦ ਹੈ ਕਿ ਕੇਵਲ ਸਾਲ 1967-68 ਵਿਚ ਹੀ ਪੰਜਾਬ ਰਾਜ ਬਿਜਲੀ ਬੋਰਡ ਲਗਭਗ 16,000 ਟਿਊਬਵੈਲਾਂ ਨੂੰ ਬਿਜਲੀ ਦੇ ਦੇਵੇਗਾ । ਸਾਲ 1968-69 ਵਿਚ, ਹੋਰ 20,000 ਟਿਊਬਵੈਲਾਂ ਨੂੰ ਬਿਜਲੀ ਦੇਣ ਦੀ ਤਜਵੀਜ਼ ਹੈ । (ਪ੍ਰਸ਼ੰਸਾ) ਟੀਊਬਵੈਲਾਂ ਨੂੰ ਬਿਜਲੀ ਦੇਣ ਦੇ ਕੰਮ ਨੂੰ ਜੋ ਤਰਜੀਹ ਦਿੱਤੀ ਗਈ ਹੈ, ਉਸ ਕਾਰਣ, ਭਾਵੇਂ ਬੋਰਡ ਦੀ ਪਿੰਡਾਂ ਨੂੰ ਬਿਜਲੀ ਦੇਣ ਦੀ ਸਮੱਰਥਾ ਘੱਟ ਗਈ ਹੈ, ਪਰ ਤਾਂ ਵੀ ਇਸ ਸਾਲ ਰਾਜ ਵਿਚ 50 ਪਿੰਡਾ ਨੂੰ ਬਿਜਲੀ ਦੀਆਂ ਮੇਨ ਲਾਈਨਾਂ ਨਾਲ ਜੋੜਿਆ ਗਿਆ ਹੈ (ਪ੍ਰਸ਼ੰਸਾ) ਅਤੇ 1968- 9 ਵਿਚ 200 ਹੋਰ ਪਿੰਡਾਂ ਨੂੰ ਬਿਜਲੀ ਦੇਣ ਦਾ ਟੀਚਾ ਹੈ (ਪ੍ਰਸ਼ੰਸਾ) । ਇਸ ਟੀਚੇ ਨੂੰ ਪ੍ਰਾਪਤ ਕਰ ਲੈਣ ਨਾਲ 1968-69 ਦੇ ਅਖੀਰ ਤਕ ਇਸ ਰਾਜ ਦੇ ਇਕ ਤਿਹਾਈ ਤੋਂ ਵੱਧ ਪਿੰਡਾਂ ਵਿਚ ਬਿਜਲੀ ਪਹੁੰਚ ਜਾਵੇਗੀ । (ਪ੍ਰਸ਼ੰਸਾ)

ਕਿਸੇ ਵੀ ਬਿਜਲੀ ਸਿਸਟਮ ਨੂੰ ਆਰਥਕ ਦ੍ਰਿਸ਼ਟੀ ਤੋਂ ਸਫ਼ਲਤਾ ਨਾਲ ਚਲਾਉਣ ਲਈ ਬਿਜਲੀ ਦੇ ਸੰਚਾਰ ਅਤੇ ਵੰਡ ਲਈ ਲਾਈਨਾਂ ਦਾ ਪੂਰਾ ਜਾਲ ਵਿਛਿਆ ਹੋਣਾ ਜ਼ਰੂਰੀ ਹੈ ਕਿਉਂਕਿ ਬਿਜਲੀ ਦੇ ਸੰਚਾਰ ਤੇ ਲਗਿਆ ਸਰਮਾਇਆ ਅਤਿ ਲੋੜੀਂਦੀ ਵਧੀਕ ਬਿਜਲੀ-ਸਮਰੱਥਾ ਨੂੰ ਵਰਤੋਂ ਵਿਚ ਲਿਆ ਕੇ, ਬਿਜਲੀ ਪੈਦਾ ਕਰਨ ਦੇ ਖ਼ਰਚ ਨੂੰ ਕਾਫ਼ੀ ਘਟਾਉਂਦਾ ਹੈ । ਇਸ ਮਨੋਰਥ ਨੂੰ ਸਾਮ੍ਹਣੇ ਰਖ ਕੇ ਸਾਲ 1967- 8 ਦੇ ਦੌਰਾਨ ਮੌਜੂਦਾ ਸਬ-ਸਟੇਸ਼ਨਾਂ ਅਤੇ ਬਿਜਲੀ ਸੰਚਾਰ ਲਾਈਨਾਂ ਦਾ ਪਸਾਰ ਕੀਤਾ ਗਿਆ ਹੈ । ਲੁਧਿਆਣੇ ਅਤੇ ਫਗਵਾੜੇ ਵਿਚਕਾਰਲੀਆਂ 132 ਕੇ. ਵੀ. ਸੰਚਾਰ ਲਾਈਨਾਂ ਪਟਿਆਲੇ ਅਤੇ ਸੰਗਰੂਰ ਵਿਚਕਾਰਲੀਆਂ 66 ਕੇ. ਵੀ. ਲਾਈਨਾਂ ਅਤੇ ਕਪੂਰਥਲੇ ਤੇ ਸੁਲਤਾਨਪੁਰ ਵਿਚਕਾਰਲੀਆਂ 33 ਕੇ. ਵੀ. ਲਾਈਨਾਂ ਮੁਕੰਮਲ ਕਰ ਲਈਆਂ ਗਈਆਂ ਹਨ । ਇਨ੍ਹਾਂ ਨਾਲ ਬਿਜਲੀ ਸਪਲਾਈ ਦੀ ਹਾਲਤ ਵਿਚ ਚੋਖਾ ਸੁਧਾਰ ਹੋਇਆ ਹੈ । ਨਤੀਜੇ ਦੇ ਤੌਰ ਤੇ, ਅੰਮ੍ਰਿਤਸਰ, ਜਲੰਧਰ, ਲੁਧਿਆਣਾ ਫਗਵਾੜਾ, ਹੁਸ਼ਿਆਰਪੁਰ, ਕਪੂਰਥਲਾ, ਮੋਗਾ ਅਤੇ ਮੁਕੇਰੀਆਂ ਵਿਚ ਰਾਤ ਨੂੰ ਬਿਜਲੀ ਵਰਤਣ ਬਾਰੇ ਲਾਈਆਂ ਗਈਆਂ ਪਾਬੰਦੀਆਂ ਖ਼ਤਮ ਕਰ ਦਿੱਤੀਆਂ ਗਈਆਂ ਹਨ । (ਪ੍ਰਸ਼ੰਸਾ) ਆਟੇ ਦੀਆਂ ਚੱਕੀਆਂ ਤੇ ਲਾਈਆਂ ਗਈਆਂ ਪਾਬੰਦੀਆ ਵੀ ਸਾਰੇ ਰਾਜ ਵਿਚ ਖ਼ਤਮ ਕਰ ਦਿੱਤੀਆਂ ਗਈਆਂ ਹਨ । (ਪ੍ਰਸ਼ੰਸਾ) ਬਿਜਲੀ ਤਕਸੀਮ ਕਰਨ ਦੇ ਨਾਕਾਰਾ ਹੋ ਚੁਕੇ ਸਿਸਟਮ ਨੂੰ ਠੀਕ ਕਰਨ ਅਤੇ ਇਸ ਵਿਚ ਵਾਧਾ ਕਰਨ ਲਈ ਸਾਲ 1968-69 ਲਈ ਇਕ ਵਿਸ਼ਾਲ ਵਿਉਂਤ ਬਣਾਈ ਗਈ ਹੈ, ਤਾਂ ਜੋ ਬਿਜਲੀ ਦੇ ਘਟਣ ਵਧਣ, ਘੱਟ ਵੋਲਟੇਜ ਅਤੇ ਬਾਰ ਬਾਰ ਬੰਦ ਹੋ ਜਾਣ ਦੇ ਨੁਕਸਾਨ ਨੂੰ ਦੂਰ ਕੀਤਾ

ਜਾ ਸਕੇ ਅਤੇ ਖਪਤਕਾਰਾਂ ਨੂੰ ਲਗਾਤਾਰ ਅਤੇ ਇਕਸਾਰ ਮਾਤਰਾ ਵਿਚ ਬਿਜਲੀ ਮਿਲ ਸਕੇ। ਇਸ ਦੇ ਨਾਲ ਹੀ ਪਿਛਲੇ ਹੀ ਸਾਲ ਬਣਾਏ ਗਏ ਨਵੇਂ ਪੰਜਾਬ ਬਿਜਲੀ ਬਿਜਲੀ ਬੋਰਡ ਨੇ ਅਪਣੇ ਕੰਮਕਾਰ ਦੇ ਢੰਗ ਨੂੰ ਠੀਕ ਕਰਨ ਅਤੇ ਬਿਜਲੀ ਲੈਣ ਵਾਸਤੇ ਇਕਠੀਆਂ ਹੋਈਆਂ ਅਰਜ਼ੀਆਂ ਦਾ ਛੇਤੀ ਭੁਗਤਾਨ ਕਰਨ ਅਤੇ ਬਿਜਲੀ ਕਾਰਜਾਂ ਨੂੰ ਤੇਜ਼ੀ ਨਾਲ ਮੁਕੰਮਲ ਕਰਨ ਲਈ ਬਹੁਤ ਸਾਰੀਆਂ ਕਾਰਵਾਈਆਂ ਕੀਤੀਆਂ ਹਨ।

ਉਦਯੋਗ ਵਿਕਾਸ

11. ਪੰਜਾਬ ਦੇ ਉਦਯੋਗ ਕੁਝ ਦੇਰ ਤੋਂ ਹਾਲਾਤ ਦੀ ਗਰਦਸ਼ ਦਾ ਸ਼ਿਕਾਰ ਰਹੇ ਹਨ। ਪਾਕਿਸਤਾਨ ਨਾਲ 1965 ਵਿਚ ਹੋਈ ਜੰਗ ਕਾਰਨ ਪੁੱਜੇ ਨੁਕਸਾਨ ਤੋਂ ਇਲਾਵਾ, ਪੁਨਰਗਠਨ ਕਾਰਨ ਦਿੱਲੀ ਦੇ ਆਸਪਾਸ ਲੱਗੇ ਕਾਰਖਾਨਿਆਂ ਦੇ ਵਿਸ਼ਾਲ ਕੇਂਦਰ ਵੀ ਰਾਜ ਤੋਂ ਖੁੱਸ ਗਏ। ਵਿਆਪਕ ਮੰਦਵਾੜੇ ਅਤੇ ਇਸ ਦੇ ਨਾਲ ਹੀ ਪੈਦਾ ਹੋਈਆਂ ਮਾਇਕ ਔਕੜਾਂ, ਵਿਦੇਸ਼ੀ ਸਿੱਕੇ ਅਤੇ ਕੱਚੇ ਮਾਲ ਦੀ ਕਿੱਲਤ ਅਤੇ ਤਿਆਰ ਮਾਲ ਦੇ ਇਕੱਠਾ ਹੋ ਜਾਣ ਕਾਰਨ, ਉਦਯੋਗਕ ਸੈਕਟਰ ਵਿਚ ਤਰੱਕੀ ਦੀਆਂ ਸਰਗਰਮੀਆਂ ਹੋਰ ਵੀ ਢਿੱਲੀਆਂ ਪੈ ਗਈਆਂ। ਇਨ੍ਹਾਂ ਮੁਸ਼ਕਲਾਂ ਅਤੇ ਰੁਕਾਵਟਾਂ ਦੇ ਬਾਵਜੂਦ, ਪੰਜਾਬ ਸਰਕਾਰ ਨੇ ਨਾ ਸਿਰਫ ਕਈ ਅਹਿਮ ਫੈਸਲੇ ਕੀਤੇ ਸਗੋਂ ਤੇਜ਼ੀ ਅਤੇ ਫੁਰਤੀ ਨਾਲ ਇਨ੍ਹਾਂ ਨੂੰ ਅਮਲੀ ਜਾਮਾ ਵੀ ਪਹਿਨਾਇਆ, ਤਾਂ ਜੋ ਰਾਜ ਦੇ ਸਨਅਤੀ ਢਾਂਚੇ ਲਈ ਮਜ਼ਬੂਤ ਨੀਹਾਂ ਉਸਾਰੀਆਂ ਜਾ ਸਕਣ।

ਇਸ ਸਬੰਧ ਵਿਚ ਕੀਤੀਆਂ ਗਈਆਂ ਕਾਰਵਾਈਆਂ ਵਿੱਚੋਂ ਇਕ ਅਹਿਮ ਕਾਰਵਾਈ ਇਹ ਹੈ ਕਿ ਰਾਜਪੁਰਾ, ਲੁਧਿਆਣੇ ਲਾਗੇ ਢੰਡਾਰੀ ਅਤੇ ਚੰਡੀਗੜ੍ਹ ਲਾਗੇ ਮੁਹਾਲੀ ਵਿਖੇ ਉਦਯੋਗਕ ਵਿਕਾਸ ਦੇ ਤਿੰਨ ਕੇਂਦਰ ਕਾਇਮ ਕੀਤੇ ਗਏ। ਢੰਡਾਰੀ ਵਿਚ 100, ਰਾਜਪੁਰੇ ਵਿਚ 30 ਅਤੇ ਮੁਹਾਲੀ ਵਿਚ 60 ਸਨਅਤੀ ਪਲਾਟ ਹੋਣਗੇ ਅਤੇ ਇਨ੍ਹਾਂ ਦਾ ਰਕਬਾ ਇਕ ਚੁਥਾਈ ਏਕੜ ਤੋਂ 10 ਏਕੜ ਤਕ ਹੋਵੇਗਾ। ਇਨ੍ਹਾਂ ਕੇਂਦਰਾਂ ਵਿਚ ਹੇਠ ਲਿਖੀਆਂ ਰਿਆਇਤਾਂ ਦਿੱਤੀਆਂ ਗਈਆਂ ਹਨ :-

(i) ਜ਼ਮੀਨ ਦੀ ਕੀਮਤ 8 ਸਾਲ ਵਿਚ, ਕਿਸ਼ਤਾਂ ਵਿਚ ਵਸੂਲ ਕੀਤੀ ਜਾਵੇਗੀ ਅਤੇ ਸ਼ੁਰੂ ਵਿਚ ਕੀਮਤ ਦਾ ਸਿਰਫ਼ ਦਸਵਾਂ ਭਾਗ ਹੀ ਨਕਦ ਅਦਾ ਕਰਨਾ ਪਵੇਗਾ।

(ii) ਪੰਜਾਂ ਸਾਲਾਂ ਲਈ ਵਿਕਰੀ ਟੈਕਸ, ਖ਼ਰੀਦ ਟੈਕਸ, ਅੰਤਰ ਰਾਜੀ ਵਿਕਰੀ ਟੈਕਸ, ਚੁੰਗੀ ਅਤੇ ਬਿਜਲੀ ਦੇ ਮਸੂਲਾਂ ਦੀ ਪੂਰੀ ਪੂਰੀ ਛੋਟ ਹੋਵੇਗੀ।

(iii) ਪਬਲਿਕ ਲਿਮਿਟਿਡ ਕੰਪਨੀਆਂ ਦੇ ਅਦਾ ਸ਼ੁਦਾ ਸਰਮਾਏ ਦੇ 20 ਫ਼ੀ ਸਦੀ ਤਕ ਦੇ ਹਿੱਸੇ ਖ਼ਰੀਦਣ ਦਾ ਜ਼ਿੰਮਾ ਲਿਆ ਜਾਵੇਗਾ।

[ਵਿਤ ਮੰਤਰੀ]

(iv) ਸਰਕਾਰ ਸਾਮਾਨ ਖ਼ਰੀਦਣ ਲਗਿਆਂ ਵਡੇ ਪੈਮਾਨੇ ਦੀਆਂ ਸਨਅਤਾਂ ਨੂੰ $7\frac{1}{2}$ ਫ਼ੀ ਸਦੀ ਅਤੇ ਛੋਟੇ ਪੈਮਾਨੇ ਦੀਆਂ ਸਨਅਤਾਂ ਨੂੰ $17\frac{1}{2}$ ਫ਼ੀ ਸਦੀ ਤਕ ਕੀਮਤਾਂ ਵਿਚ 10 ਸਾਲ ਲਈ ਤਰਜੀਹ ਦੇਵੇਗੀ।

(v) ਉਦਯੋਗਾਂ ਸਬੰਧੀ ਅਧਿਐਨ ਤੇ ਕੀਤੇ ਗਏ ਖ਼ਰਚ ਦਾ 50 ਫ਼ੀ ਸਦੀ ਹਿੱਸਾ ਸਰਕਾਰ ਦੇਵੇਗੀ।

(vi) ਜੈਨਰੇਟਿੰਗ ਸੈੱਟ ਦੀ ਪੂਰੀ ਲਾਗਤ ਦੇ ਬਰਾਬਰ ਵਿਆਜ-ਰਹਿਤ ਕਰਜ਼ਾ ਦਿੱਤਾ ਜਾਵੇਗਾ ਅਤੇ ਇਸ ਦੇ 20 ਫ਼ੀ ਸਦੀ ਹਿਸੇ ਨੂੰ ਸਹਾਇਤਾ ਸਮਝਿਆ ਜਾਵੇਗਾ । (ਪ੍ਰਸੰਸਾ)

ਤਕਨੀਕੀ ਯੋਗਤਾਵਾਂ ਰੱਖਣ ਵਾਲੇ ਸਨਅਤਕਾਰਾਂ ਨੂੰ ਉਨ੍ਹਾਂ ਦੁਆਰਾ ਲਾਈ ਗਈ ਰਕਮ ਦੇ 10 ਗੁਣਾਂ ਤਕ ਕਰਜ਼ੇ ਬਿਨਾਂ ਮਾਰਜਿਨ ਦਿੱਤੇ ਜਾਣਗੇ ਅਤੇ ਜਦੋਂ ਜ਼ਮੀਨ ਸਰਕਾਰ ਦੁਆਰਾ ਕਿਸ਼ਤਾਂ ਤੇ ਵੇਚੀ ਗਈ ਹੋਵੇ ਤਾਂ ਕਰਜ਼ੇ ਵਿਚੋਂ ਕੇਵਲ 20 ਫ਼ੀ ਸਦੀ ਰਕਮ ਮਾਰਜਿਨ ਵਜੋਂ ਰੱਖੀ ਜਾਵੇਗੀ।

ਇਹ ਸਾਰੀਆਂ ਰਿਆਇਤਾਂ ਉਨ੍ਹਾਂ ਭਾਰਤੀਆਂ ਨੂੰ ਵੀ, ਜਿਹੜੇ ਭਾਰਤ ਤੋਂ ਬਾਹਰ ਰਹਿੰਦੇ ਹਨ, ਅਤੇ ਇਨ੍ਹਾਂ ਕੇਂਦਰਾਂ ਤੋਂ ਬਾਹਰ ਲਾਏ ਯੂਨਿਟਾਂ ਲਈ ਵੀ ਦਿੱਤੀਆਂ ਜਾਣਗੀਆਂ।

ਇਹ ਸਾਰੀਆਂ ਰਿਆਇਤਾਂ ਦੇਣ ਦੇ ਮੰਤਵ ਲਈ ਅੰਮ੍ਰਿਤਸਰ, ਬਟਾਲਾ ਅਤੇ ਫ਼ੀਰੋਜ਼ਪੁਰ ਨੂੰ ਵੀ 'ਫ਼ੋਕਲ ਪੁਆਇੰਟ' ਸਮਝਣ ਦਾ ਫੈਸਲਾ ਕੀਤਾ ਗਿਆ ਹੈ ਅਤੇ ਇਸ ਤੋਂ ਇਲਾਵਾ, ਮੌਜੂਦਾ ਸਨਅਤਾਂ ਨੂੰ ਵੀ ਪੰਜ ਸਾਲਾਂ ਦੇ ਖ਼ਰੀਦ ਅਤੇ ਵਿਕਰੀ ਕਰਾਂ ਅਤੇ ਮਸੂਲ ਚੁੰਗੀ ਦਾ 50 ਫ਼ੀ ਸਦੀ ਹਿੱਸਾ ਵਾਪਸ ਲੈਣ ਦਾ ਹੱਕ ਦਿੱਤਾ ਗਿਆ। ਮੈਨੂੰ ਇਹ ਦੱਸਣ ਵਿਚ ਬੜੀ ਖੁਸ਼ੀ ਹੈ ਕਿ ਸਨਅਤਕਾਰਾਂ ਨੇ ਇਨ੍ਹਾਂ ਸਕੀਮਾਂ ਸਬੰਧੀ ਬਹੁਤ ਉਤਸ਼ਾਹ ਵਿਖਾਇਆ ਹੈ ਅਤੇ ਹੁਣ ਤਕ ਕੋਈ 400 ਚਿੱਠੀਆਂ ਆ ਚੁਕੀਆਂ ਹਨ। (ਪ੍ਰਸ਼ੰਸਾ)

ਅਸੀਂ ਪੂਰੀ ਤਰ੍ਹਾਂ ਅਨੁਭਵ ਕਰਦੇ ਹਾਂ ਕਿ ਛੋਟੀਆਂ ਸਨਅਤਾਂ ਦਾ ਸੈਕਟਰ. ਜਿਸ ਨੇ ਕਿ ਹੁਣ ਤਕ ਕੁਝ ਤਰੱਕੀ ਕੀਤੀ ਹੈ, ਤਾਂ ਹੀ ਵਿਕਾਸ ਕਰ ਸਕਦਾ ਹੈ ਅਤੇ ਆਪਣੇ ਆਪ ਨੂੰ ਕਾਇਮ ਰਖ ਸਕਦਾ ਹੈ ਜੇ ਉਹ ਵੱਡੀਆਂ ਸਨਅਤਾਂ ਦੇ ਸੈਕਟਰ ਦੇ ਸਹਾਇਕ ਵਜੋਂ ਕੰਮ ਕਰੇ। ਇਸ ਲਈ, ਰਾਜ ਵਿਚ ਵੱਡੇ ਸਨਅਤੀ ਪ੍ਰਾਜੈਕਟਾਂ ਦੀ

ਸਥਾਪਨਾ ਦੀ ਅਤਿਅੰਤ ਲੋੜ ਹੈ। ਇਸੇ ਕਰਕੇ, ਵੱਡੇ ਪੈਮਾਨੇ ਦੀਆਂ ਸਨਅਤਾਂ ਲਾਉਣ ਦੀਆਂ ਸਕੀਮਾਂ ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ, ਅਤੇ 1968-69 ਵਿਚ ਸਨਅਤਾਂ ਲਈ ਕੀਤੇ 1.9 ਕਰੋੜ ਦੇ ਕੁਲ ਉਪਬੰਧ ਦਾ ਲਗਭਗ ਤੀਜਾ ਹਿੱਸਾ, ਇਸ ਸੈਕਟਰ ਵਾਸਤੇ ਰਾਖਵਾਂ ਕੀਤਾ ਜਾ ਰਿਹਾ ਹੈ। ਇਸ ਦੀ ਪ੍ਰਾਪਤੀ ਵਾਸਤੇ ਸਰਕਾਰ ਨੇ ਇਕ ਮਹੱਤਵਪੂਰਨ ਸੰਸਥਾ, ਪੰਜਾਬ ਉਦਯੋਗ ਵਿਕਾਸ, ਕਾਰਪੋਰੇਸ਼ਨ ਕਾਇਮ ਕੀਤੀ ਹੈ ਜੋ ਇਕ ਸਰਕਾਰੀ ਸਨਅਤੀ ਅਦਾਰਾ ਹੈ। ਇਹ ਕਾਰਪੋਰੇਸ਼ਨ ਗ਼ੈਰ ਸਰਕਾਰੀ ਸੈਕਟਰ ਦੇ ਸਹਿਯੋਗ ਨਾਲ ਸਨਅਤੀ ਪ੍ਰਾਜੈਕਟ ਕਾਇਮ ਕਰੇਗੀ। ਇਸ ਨੇ ਰਸਾਇਣਿਕ ਖਾਦਾਂ, ਟਰੈਕਟਰਾਂ, ਗਰੇ ਆਇਰਨ ਫੌਂਡਰੀ ਪਰਸੀਜ਼ਨ ਔਜ਼ਾਰਾਂ ਅਤੇ ਅਲਾਏ ਸਟੀਲ ਦੇ ਮਹੱਤਵਪੂਰਨ ਪ੍ਰਾਜੈਕਟ ਸ਼ੁਰੂ ਕੀਤੇ ਹਨ। ਇਕੱਲੇ ਰਸਾਇਣਿਕ ਖਾਦ ਪ੍ਰਾਜੈਕਟ ਤੇ ਹੀ 35 ਕਰੋੜ ਰੁਪਏ ਦੀ ਪੂੰਜੀਗਤ ਲਾਗਤ ਆਵੇਗੀ ਅਤੇ ਦੂਜੇ ਪ੍ਰਾਜੈਕਟਾਂ ਤੇ 15 ਕਰੋੜ ਰੁਪਏ ਖ਼ਰਚ ਹੋਣਗੇ।

ਰਾਜ ਵਿਚ ਸਰਮਾਏ ਨੂੰ ਵਧਾਉਣ ਲਈ ਪੰਜਾਬ ਵਿੱਚ ਕਾਰਪੋਰੇਸ਼ਨ ਕਰਜ਼ੇ ਦੇਣ ਦੇ ਆਪਣੇ ਵਰਤਮਾਨ ਪ੍ਰੋਗਰਾਮ ਤੋਂ ਇਲਾਵਾ, ਨਵੇਂ ਉਦਯੋਗਾਂ ਦੇ ਪੂੰਜੀਹਿੱਸਿਆਂ ਸਬੰਧੀ ਜ਼ਿੰਮੇਵਾਰੀ ਵੀ ਲੈ ਰਹੀ ਹੈ। ਸਰਕਾਰ ਇਸ ਨਵੇਂ ਕੰਮ ਲਈ ਕਾਰਪੋਰੇਸ਼ਨ ਨੂੰ ਲੋੜੀਂਦੇ ਫ਼ੰਡ ਦੇ ਰਹੀ ਹੈ।

ਜਿਥੋਂ ਤਕ ਵੱਡੇ ਉਦਯੋਗਾਂ ਦਾ ਸਬੰਧ ਹੈ, ਮੈਂ ਇਹ ਕਹੇ ਬਿਨਾਂ ਨਹੀਂ ਰਹਿ ਸਕਦਾ ਕਿ ਕੇਂਦਰੀ ਸਰਕਾਰ ਨੇ ਕੇਂਦਰੀ ਪ੍ਰਾਜੈਕਟਾਂ ਵਿੱਚ ਸਾਨੂੰ ਸਾਡਾ ਬਣਦਾ ਹਿੱਸਾ ਨਹੀਂ ਦਿੱਤਾ। ਚੌਥੀ ਯੋਜਨਾ ਦੇ ਪ੍ਰਾਜੈਕਟਾਂ ਦੀ ਮੌਜੂਦਾ ਰੂਪ-ਰੇਖਾ ਤੋਂ ਇਹ ਪਤਾ ਲਗਦਾ ਹੈ ਕਿ ਚੌਥੀ ਯੋਜਨਾ ਦੇ ਅੰਤ ਤਕ ਭਾਰਤ ਸਰਕਾਰ ਸਨਅਤੀ ਪ੍ਰਾਜੈਕਟਾਂ ਤੇ ਲਗਭਗ 6,000 ਕਰੋੜ ਰੁਪਏ ਲਾ ਚੁਕੀ ਹੋਵੇਗੀ ਅਤੇ ਇਸ ਵਿਚੋਂ ਪੰਜਾਬ ਨੂੰ 30 ਕਰੋੜ ਰੁਪਏ ਦੀ ਪੂੰਜੀਗਤ ਲਾਗਤ ਵਾਲਾ, ਨੰਗਲ ਖਾਦ-ਫੈਕਟਰੀ ਦਾ ਕੇਵਲ ਇਕੋ ਇਕ ਪ੍ਰਾਜੈਕਟ ਦਿਤਾ ਗਿਆ ਹੈ ਅਤੇ ਹੁਣ ਤਕ ਦੀ ਸੂਚਨਾ ਅਨੁਸਾਰ ਚੌਥੀ ਯੋਜਨਾ ਵਿਚ ਵੀ ਪੰਜਾਬ ਨੂੰ ਕੋਈ ਹੋਰ ਪ੍ਰਾਜੈਕਟ ਅਲਾਟ ਨਹੀਂ ਕੀਤਾ ਗਿਆ। ਇਸ ਤਰ੍ਹਾਂ ਸਾਨੂੰ ਬਹੁਤ ਹੀ ਘੱਟ ਹਿੱਸਾ ਮਿਲਿਆ ਹੈ ਜੋ ਕਿ ਸਾਰੇ ਭਾਰਤ ਦੀ ਕੁਲ ਉਦਯੋਗਕ ਲਾਗਤ ਦੇ ਅੱਧ ਫ਼ੀ ਸਦੀ ਨਾਲੋਂ ਵੀ ਘਟ ਹੈ। ਅਸੀਂ ਰਸਾਇਣਿਕ ਖਾਦ ਪ੍ਰਾਜੈਕਟ ਨੂੰ ਕੇਂਦਰੀ ਸਰਕਾਰੀ ਸੈਕਟਰ ਵਿੱਚ ਲਿਆਉਣ ਲਈ ਅਤੇ ਪਰਮਾਣੂ-ਸ਼ਕਤੀ ਸਟੇਸ਼ਨ, ਟੈਲੀਫੋਨ ਸਨਅਤ ਦੇ ਨਵੇਂ ਯੂਨਿਟ ਅਤੇ ਇਲੈਕਟ੍ਰਾਨਿਕ ਯੂਨਿਟ ਪੰਜਾਬ ਵਿਚ ਸਥਾਪਤ ਕਰਨ ਲਈ ਜ਼ੋਰ ਦੇ ਰਹੇ ਹਾਂ।

ਦੇਸ਼ ਭਰ ਵਿਚ ਆਏ ਮੰਦਵਾੜੇ ਕਾਰਨ ਛੋਟੀਆਂ ਸਨਅਤਾਂ ਦੇ ਸੈਕਟਰ ਨੂੰ ਧੱਕਾ ਲੱਗਾ। ਬਟਾਲੇ ਦੇ ਮਸ਼ੀਨੀ ਔਜ਼ਾਰ ਉਦਯੋਗ ਨੂੰ ਖਾਸ ਤੌਰ ਤੇ ਬਹੁਤਾ

[ਵਿੱਤ ਮੰਤਰੀ]

ਨੁਕਸਾਨ ਹੋਇਆ। ਰਾਜ ਸਰਕਾਰ ਕਰਜ਼ਾ ਪ੍ਰਾਪਤੀ ਦੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਇਸ ਸਨਅਤ ਲਈ ਆਸਾਨ ਸ਼ਰਤਾਂ ਤੇ ਫੌਰੀ ਕਰਜ਼ੇ ਦਿੱਤੇ ਜਾ ਰਹੇ ਹਨ। ਇਨ੍ਹਾਂ ਦੁਆਰਾ ਤਿਆਰ ਕੀਤੇ ਮਾਲ ਨੂੰ ਵੇਚਣ ਲਈ, ਪੰਜਾਬ ਰਾਜ ਛੋਟੇ-ਉਦਯੋਗ-ਕਾਰਪੋਰੇਸ਼ਨ ਬੰਬਈ ਬੰਗਲੌਰ ਅਤੇ ਮਦਰਾਸ ਵਿਚ ਪ੍ਰਦਰਸ਼ਨ ਤੇ ਵਿਕਰੀ ਕੇਂਦਰ ਸਥਾਪਤ ਕਰ ਰਹੀ ਹੈ। ਭਿਨ ਭਿੰਨ ਕਿਸਮ ਦਾ ਮਾਲ ਤਿਆਰ ਕਰਨ ਲਈ ਇਸ ਸਨਅਤ ਨੂੰ ਤਕਨੀਕੀ ਸਹਾਇਤਾ ਦਿਤੀ ਜਾ ਰਹੀ ਹੈ। ਹੋਰ ਤਕਨੀਕੀ ਸੇਵਾਵਾਂ ਵੀ ਵਧਾਈਆਂ ਜਾ ਰਹੀਆਂ ਹਨ। ਬਟਾਲੇ ਵਿਚ ਇਕ ਹੀਟ ਟ੍ਰੀਟਮੈਂਟ ਕੇਂਦਰ ਖੋਲ੍ਹਿਆ ਜਾ ਰਿਹਾ ਹੈ। ਸਨਅਤ ਨੂੰ ਕਰਜ਼ੇ ਦੇਣ ਲਈ ਸਾਲ 1968-69 ਵਿਚ 84.75 ਲੱਖ ਰੁਪਏ ਦੀ ਰਕਮ ਰਖੀ ਗਈ ਹੈ। ਗੁਰਦਾਸਪੁਰ, ਅੰਮ੍ਰਿਤਸਰ ਅਤੇ ਫ਼ੀਰੋਜ਼ਪੁਰ ਦੇ ਸਰਹੱਦੀ ਇਲਾਕਿਆਂ ਦੇ ਉਦਯੋਗਾਂ ਲਈ ਦਿੱਤੇ ਜਾਣ ਵਾਲੇ ਕਰਜ਼ਿਆਂ ਤੇ ਵਿਆਜ ਦੇ ਰਿਆਇਤੀ ਦਰ ਲਾਗੂ ਹੋਣਗੇ। 25 ਹਜ਼ਾਰ ਰੁਪਏ ਤਕ ਦੇ ਕਰਜ਼ਿਆਂ ਤੇ ਵਿਆਜ ਦਾ ਦਰ 2 ਫ਼ੀ ਸਦੀ ਅਤੇ 50 ਹਜ਼ਾਰ ਰੁਪਏ ਤਕ ਦੇ ਕਰਜ਼ਿਆਂ ਤੇ ਵਿਆਜ ਦਾ ਦਰ 3 ਫ਼ੀ ਸਦੀ ਹੋਵੇਗਾ। ਇਨ੍ਹਾਂ ਇਲਾਕਿਆਂ ਵਿਚ ਨਵੇਂ ਅਤੇ ਵਧਾਏ ਜਾ ਰਹੇ ਯੂਨਿਟਾਂ ਨੂੰ ਬਿਜਲੀ ਡਿਊਟੀ ਤੋਂ ਪੂਰਨ ਛੋਟ ਦਿੱਤੀ ਜਾਵੇਗੀ। (ਪ੍ਰਸੰਸਾ)

ਰਾਜ ਦੇ ਤਿੰਨ ਅਹਿਮ ਉਦਯੋਗਾਂ, ਅਰਥਾਤ ਇੰਜੀਨੀਅਰੀ ਅਤੇ ਮਸ਼ੀਨੀ ਔਜ਼ਾਰਾਂ, ਖੁਰਾਕ ਪ੍ਰਾਸੈਸਿੰਗ ਟੈਕਨਾਲੋਜੀ ਅਤੇ ਊਨੀ-ਹੌਜ਼ਰੀ ਦੇ ਸਬੰਧ ਵਿਚ ਲੁਧਿਆਣੇ ਵਿਖੇ ਬਹੁਤ ਵੱਡੇ ਪੈਮਾਨੇ ਤੇ ਇਕ ਖੋਜ ਅਤੇ ਵਿਕਾਸ ਕੇਂਦਰ ਸਥਾਪਤ ਕੀਤਾ ਜਾ ਰਿਹਾ ਹੈ। ਕੇਂਦਰੀ ਮਕੈਨੀਕਲ ਇੰਜਨੀਅਰੀ ਖੋਜ ਸੰਸਥਾ, ਦੁਰਗਾਪੁਰ, ਜੋ ਕਿ ਰਾਸ਼ਟਰੀ ਪ੍ਰਯੋਗਸ਼ਾਲਾਵਾਂ ਵਿਚੋਂ ਇਕ ਹੈ, ਦੇ ਸਹਿਯੋਗ ਨਾਲ ਇੰਜੀਨੀਅਰੀ ਗਰੁੱਪ ਦੇ ਉਦਯੋਗਾਂ ਦਾ ਇਕ ਡੀਜ਼ਾਇਨ ਅਤੇ ਵਿਕਾਸ ਕੇਂਦਰ ਕਾਇਮ ਕੀਤਾ ਗਿਆ ਹੈ ਅਤੇ ਇਸ ਨੂੰ ਵਧਾਇਆ ਜਾ ਰਿਹਾ ਹੈ। ਕੇਂਦਰੀ ਖੁਰਾਕ ਟੈਕਨਾਲੋਜੀ ਖੋਜ ਸੰਸਥਾ, ਮੈਸੂਰ, ਦੇ ਸਹਿਯੋਗ ਨਾਲ ਨਵੀਂ ਖ਼ੁਰਾਕ ਪ੍ਰਾਸੈਸਿੰਗ ਤਕਨੀਕ ਵਿਕਸਿਤ ਕਰਨ ਲਈ ਇਕ ਕੇਂਦਰ ਖੋਲ੍ਹਿਆ ਜਾ ਰਿਹਾ ਹੈ। ਇਸ ਸਕੀਮ ਦਾ ਮਨੋਰਥ ਇਹ ਹੈ ਕਿ ਜ਼ਰਾਇਤੀ ਯੂਨੀਵਰਸਿਟੀ, ਖੁਰਾਕ ਟੈਕਨਾਲੋਜੀ ਕੇਂਦਰ ਅਤੇ ਇੰਜੀਨੀਅਰੀ ਕੇਂਦਰ ਨੂੰ ਅਨਾਜ ਪੈਦਾ ਕਰਨ, ਖੁਰਾਕ-ਵਸਤਾਂ ਬਣਾਉਣ ਸਬੰਧੀ ਤਕਨੀਕਾਂ ਵਿਕਸਿਤ ਕਰਨ ਅਤੇ ਖੁਰਾਕ-ਵਸਤਾਂ ਲਈ ਸਾਜ਼ ਸਾਮਾਨ ਤਿਆਰ ਕਰਨ ਦਾ ਕੰਮ ਆਪਸੀ ਮਿਲਵਰਤਣ ਨਾਲ ਕਰਨ ਅਤੇ ਇਸ ਦੇ ਨਾਲ ਹੀ ਖ਼ੁਰਾਕ ਉਦਯੋਗਾਂ ਅਤੇ ਇਸ ਖੇਤਰ ਵਿਚ ਕੁੱਦਣ ਵਾਲੇ ਨਵੇਂ ਵਿਅਕਤੀਆਂ ਨੂੰ ਇਕੋ ਹੀ ਥਾਂ ਤੇ ਸਾਰੀਆਂ ਸਹੂਲਤਾਂ ਮਿਲ ਸਕਣ। ਇਸੇ ਤਰ੍ਹਾਂ, ਅੰਤਰਰਾਸ਼ਟਰੀ ਊੱਨ ਸਕੱਤਰੇਤ ਦੇ ਸਹਿਯੋਗ

ਨਾਲ, ਉੱਨ ਨੂੰ ਸੰਵਾਰਣ ਅਤੇ ਵਰਤਣ ਵਾਸਤੇ ਨਵੀਨਤਮ ਢੰਗ ਦਾ ਪ੍ਰਬੰਧ ਕਰਨ ਲਈ ਇਕ ਕੇਂਦਰ ਕਾਇਮ ਕੀਤਾ ਜਾਵੇਗਾ ।

ਸੜਕਾਂ

12. ਸਾਲ 1968-69 ਦੇ ਦੌਰਾਨ ਸੜਕਾਂ ਦੀ ਯੋਜਨਾ ਅਧੀਨ 1.75 ਕਰੋੜ ਰੁਪਏ ਦੀ ਰਕਮ ਰਖੀ ਗਈ ਹੈ ਜਿਸ ਨਾਲ ਰਾਜ ਵਿਚ 200 ਮੀਲ ਹੋਰ ਨਵੀਆਂ ਸੜਕਾਂ ਬਣ ਸਕਣਗੀਆਂ । ਰਾਜ ਵਿਚ ਬਹੁਤ ਸਾਰੀਆਂ ਸੜਕਾਂ ਘੱਟ ਚੌੜੀਆਂ ਹਨ ਜਿਨ੍ਹਾਂ ਨੂੰ ਆਵਾਜਾਈ ਦੀਆਂ ਨਿਤ ਵਧਦੀਆਂ ਲੋੜਾਂ ਦੀ ਪੂਰਤੀ ਲਈ ਚੌੜਾ ਕਰਨਾ ਜ਼ਰੂਰੀ ਹੈ । ਇਨ੍ਹਾਂ ਤੋਂ ਇਲਾਵਾ, ਹੜ੍ਹਾਂ ਕਾਰਨ ਖ਼ਰਾਬ ਹੋਈਆਂ ਬਹੁਤ ਸਾਰੀਆਂ ਸੜਕਾਂ ਨੂੰ ਮਜ਼ਬੂਤ ਬਣਾਉਣ ਅਤੇ ਠੀਕ ਕਰਨ ਦੀ ਲੋੜ ਹੈ । ਦਰਜੇਬੱਧ ਪ੍ਰੋਗਰਾਮ ਅਨੁਸਾਰ 19 8- 9 ਦੇ ਦੌਰਾਨ ਖ਼ਰਾਬ ਹੋਈਆਂ 40 ਮੀਲ ਸੜਕਾਂ ਨੂੰ ਠੀਕ ਕਰਨ ਅਤੇ ਮੌਜੂਦਾ ਘਟ ਚੌੜੀਆਂ ਸੜਕਾਂ ਵਿਚੋਂ 115 ਮੀਲ ਲੰਮੀਆਂ ਸੜਕਾਂ ਨੂੰ ਚੌੜਾ ਕਰਨ ਦੀ ਤਜਵੀਜ਼ ਹੈ । ਨੀਮ ਪਹਾੜੀ ਇਲਾਕਿਆਂ ਵਿਚੋਂ ਲੰਘਦੀਆਂ ਸੜਕਾਂ ਉਤੇ ਪੁਲ ਬਣਾਉਣ ਅਤੇ ਉਨ੍ਹਾਂ ਦੀ ਮੁਰੰਮਤ ਕਰਨ ਲਈ 20 ਲੱਖ ਰੁਪਏ ਦੀ ਰਕਮ ਦਾ ਉਪਬੰਧ ਵੀ ਕੀਤਾ ਜਾ ਰਿਹਾ ਹੈ । (ਪ੍ਰਸੰਸਾ)

ਆਵਾਜ਼ਾਂ : ਬਹੁਤ ਅੱਛੇ Very Good

ਵਿੱਤ ਮੰਤਰੀ : ਦਿਹਾਤੀ ਇਲਾਕਿਆਂ ਵਿਚ ਕਾਫ਼ੀ ਖੁਸ਼ਹਾਲੀ ਆ ਜਾਣ ਕਾਰਨ ਪਿੰਡਾਂ ਨੂੰ ਪੱਕੀਆਂ ਸੜਕਾਂ ਨਾਲ ਜੋੜਨ ਦੀ ਮੰਗ ਬਹੁਤ ਜ਼ੋਰ ਫੜ ਗਈ ਹੈ । ਇਸ ਮੰਗ ਦਾ ਕਾਰਨ ਕੇਵਲ ਸਹੂਲਤਾਂ ਪ੍ਰਾਪਤ ਕਰਨਾ ਹੀ ਨਹੀਂ, ਸਗੋਂ ਇਹ ਇਕ ਅਜਿਹੀ ਆਰਥਕ ਲੋੜ ਦਾ ਪ੍ਰਗਟਾਵਾ ਹੈ ਜਿਸ ਵਿਚ ਵਿਕਾਸ ਅਤੇ ਆਰਥਕ ਪ੍ਰਗਤੀ ਦੀਆਂ ਕਈ ਸੰਭਾਵਨਾਵਾਂ ਲੁਕੀਆਂ ਹੋਈਆਂ ਹਨ । ਇਸ ਗੱਲ ਤੋਂ ਪੂਰੀ ਤਰ੍ਹਾਂ ਸੁਚੇਤ ਹੋਣ ਕਾਰਨ ਕਿ ਸੜਕਾਂ ਅਤੇ ਆਵਾਜਾਈ ਦੇ ਹੋਰ ਸਾਧਨ ਰਾਜ ਦੇ ਹੋਣ ਵਾਲੇ ਵਿਕਾਸ ਵਿਚ ਇਕ ਅਹਿਮ ਹਿੱਸਾ ਅਦਾ ਕਰ ਸਕਦੇ ਹਨ, ਪੰਜਾਬ ਸਰਕਾਰ ਨੇ ਪਿੰਡਾਂ ਲਈ ਲਿੰਕ-ਸੜਕਾਂ ਬਣਾਉਣ ਦਾ ਕਰੈਸ਼-ਪ੍ਰੋਗਰਾਮ ਪਹਿਲਾਂ ਹੀ ਸ਼ੁਰੂ ਕਰ ਦਿੱਤਾ ਹੈ । ਇਸ ਸਬੰਧੀ ਕੀਤੇ ਗਏ ਸਰਵੇਖਣ ਅਨੁਸਾਰ ਰਾਜ ਵਿਚ ਲਗਭਗ ਸੱਤ ਹਜ਼ਾਰ ਅਜਿਹੇ ਪਿੰਡ ਹਨ ਜੋ ਪੱਕੀਆਂ ਸੜਕਾਂ ਤੋਂ ਦੋ ਮੀਲ ਨਾਲੋਂ ਵੱਧ ਦੂਰੀ ਤੇ ਵਾਕਿਆ ਹਨ । ਇਨ੍ਹਾਂ ਪਿੰਡਾਂ ਨੂੰ ਸੜਕਾਂ ਨਾਲ ਜੋੜਨ ਲਈ ਲਗਭਗ 1 ਕਰੋੜ ਰੁਪਏ ਦੀ

11-00 A.M.

ਲਾਗਤ ਨਾਲ 26 ਸੌ ਮੀਲ ਲੰਮੀਆਂ ਸੰਪਰਕ-ਸੜਕਾਂ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ । (ਪ੍ਰਸੰਸਾ) ਸੜਕਾਂ ਬਣਾਉਣ ਦੇ ਖ਼ਰਚ ਨੂੰ ਘਟਾਉਣ ਲਈ ਖ਼ਰਚ ਦਾ 25 ਫ਼ੀ ਸਦੀ ਹਿੱਸਾ ਪਿੰਡਾਂ ਦੇ ਲੋਕਾਂ ਵਲੋਂ ਪਾਏ ਜਾਣ ਵਾਲੇ ਹਿੱਸੇ ਤੋਂ ਪੂਰਾ ਕੀਤਾ ਜਾਵੇਗਾ । ਇਸ ਲਾਗਤ ਦਾ ਅਨੁਮਾਨ ਰਿਵਾਜੀ ਤਰੀਕੇ ਦੇ ਆਧਾਰ

ਤੇ ਲਾਇਆ ਗਿਆ ਹੈ, ਪਰ ਸਾਨੂੰ ਵਿਸ਼ਵਾਸ ਹੈ ਕਿ ਸੜਕਾਂ ਬਣਾਉਣ ਦੇ ਨਵੀਨ ਤਰੀਕੇ ਅਪਨਾ ਕੇ, ਸਥਾਨਕ ਸਮਗਰੀ ਦੀ ਵਧੇਰੇ ਵਰਤੋਂ ਕਰ ਕੇ ਅਤੇ ਇਸ ਪ੍ਰੋਗਰਾਮ ਲਈ ਪਿੰਡ-ਵਾਸੀਆਂ ਦੁਆਰਾ ਵਿਖਾਏ ਗਏ ਉਤਸ਼ਾਹ ਤੋਂ ਪੂਰਾ ਲਾਭ ਉਠਾ ਕੇ ਸੜਕਾਂ ਤਿਆਰ ਕਰਨ ਦੇ ਖ਼ਰਚ ਵਿਚ ਚੋਖੀ ਕਮੀ ਕਰਨੀ ਸੰਭਵ ਹੋ ਸਕੇਗੀ। ਇਸ ਪ੍ਰੋਗਰਾਮ ਨੂੰ ਅਮਲੀ ਰੂਪ ਦੇਣ ਲਈ ਯੋਜਨਾ ਵਿਚ ਰਖੀ ਵੱਧ ਤੋਂ ਵੱਧ ਰਕਮ ਤੋਂ ਇਲਾਵਾ, ਸਾਲ 1968-69 ਦੇ ਬਜਟ ਵਿਚ 3 ਕਰੋੜ ਰੁਪਏ ਦੀ ਰਕਮ ਦਾ ਹੋਰ ਉਪਬੰਧ ਕੀਤਾ ਗਿਆ ਹੈ। (ਪ੍ਰਸੰਸਾ)

ਸਿਹਤ

13 ਰਾਜ ਦੇ ਦਿਹਾਤੀ ਅਤੇ ਸ਼ਹਿਰੀ ਦੋਹਾਂ ਇਲਾਕਿਆਂ ਵਿਚ ਬੀਮਾਰੀਆਂ ਦੀ ਰੋਕਥਾਮ ਅਤੇ ਇਲਾਜ ਲਈ ਡਾਕਟਰੀ ਸੇਵਾਵਾਂ ਜਾਰੀ ਰਖੀਆਂ ਗਈਆਂ। ਸਾਲ 1967-68 ਵਿਚ ਸੰਗਰੂਰ, ਕਪੂਰਥਲਾ ਅਤੇ ਹੁਸ਼ਿਆਰਪੁਰ ਦੇ ਤਿੰਨ ਜ਼ਿਲ੍ਹਾ ਹਸਪਤਾਲਾਂ ਵਿਚ ਮਾਹਿਰਾਂ ਦੀਆਂ ਸੇਵਾਵਾਂ ਦਾ ਪ੍ਰਬੰਧ ਕੀਤਾ ਗਿਆ। ਫਗਵਾੜੇ ਸਮਾਣੇ, ਬਠਿੰਡੇ ਅਤੇ ਨਾਭੇ ਦੇ ਤਸੀਲ-ਪੱਧਰ ਦੇ ਹਸਪਤਾਲਾਂ ਨੂੰ ਹੋਰ ਚੰਗੇਰਾ ਬਣਾਇਆ ਗਿਆ ਅਤੇ ਤਿੰਨ ਪ੍ਰਾਈਮਰੀ ਹੈਲਥ ਸੈਂਟਰ ਅਤੇ ਚਾਰ ਡਿਸਪੈਂਸਰੀਆਂ ਖੋਲ੍ਹੀਆਂ ਗਈਆਂ। ਆਉਣ ਵਾਲ ਸਾਲ ਵਿਚ 15 ਡਿਸਪੈਂਸਰੀਆਂ ਹੋਰ ਖੋਲ੍ਹਣ ਦੀ ਤਜਵੀਜ਼ ਹੈ। ਰਾਜ ਦੇ ਸਾਰੇ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿਚ ਹੋਰ ਚੰਗੇਰੀਆਂ ਸਹੂਲਤਾਂ ਮੁਹੱਈਆ ਕਰਨ ਲਈ ਸਾਲ 1968-69 ਦੇ ਦੌਰਾਨ 50 ਲੱਖ ਰੁਪਏ ਦਾ ਅਧਿਕ ਉਪਬੰਧ ਕੀਤਾ ਗਿਆ ਹੈ, ਤਾਂ ਜੋ ਦਵਾਈਆਂ ਅਤੇ ਹੋਰ ਸਹੂਲਤਾਂ ਦਿੱਤੀਆਂ ਜਾ ਸਕਣ (ਪ੍ਰਸੰਸਾ) ਜਿਸ ਨਾਲ ਸਿਹਤ ਸਬੰਧੀ ਮੌਜੂਦਾ 5 ਰੁਪਏ ਦੇ ਜੀਅ ਪ੍ਰਤੀ ਖ਼ਰਚ ਵਿਚ ਚੋਖਾ ਵਾਧਾ ਹੋ ਜਾਵੇਗਾ। ਇਸ ਨਾਲ ਰਾਜ ਵਿਚ ਹੁਣ ਕੰਮ ਕਰ ਰਹੀਆਂ 491 ਡਾਕਟਰੀ ਅਤੇ ਸਿਹਤ ਸੰਸਥਾਵਾਂ ਅਤੇ 181 ਆਯੁਰਵੈਦਿਕ ਅਤੇ ਯੂਨਾਨੀ ਸੰਸਥਾਵਾਂ ਦੁਆਰਾ ਕੀਤੇ ਜਾਂਦੇ ਕੰਮ ਦਾ ਘੇਰਾ ਵੀ ਵਧ ਜਾਏਗਾ।

ਪਰਿਵਾਰ-ਨਿਯੋਜਨ ਪ੍ਰੋਗਰਾਮ ਵਿਚ ਲਗਾਤਾਰ ਉੱਨਤੀ ਹੁੰਦੀ ਰਹੀ ਹੈ। ਪਰਿਵਾਰ ਨਿਯੋਜਨ ਖੇਤਰ ਵਿਚ ਨੱਸਬੰਦੀ ਅਤੇ ਲੂਪ ਲਾਉਣ ਸਬੰਧੀ ਸਭ ਤੋਂ ਚੰਗਾ ਕੰਮ ਕਰਨ ਲਈ, ਪੰਜਾਬ ਰਾਜ ਨੂੰ ਸਾਲ 1965-66 ਅਤੇ 1966-67 ਦੇ ਰਾਸ਼ਟਰੀ ਇਨਾਮ ਪ੍ਰਦਾਨ ਕੀਤੇ ਗਏ। (ਪ੍ਰਸੰਸਾ) ਪਰਿਵਾਰ ਨਿਯੋਜਨ ਦੇ ਜ਼ੋਰਦਾਰ ਪ੍ਰੋਗਰਾਮ ਅਤੇ ਵਧੀਆਂ ਹੋਈਆਂ ਡਾਕਟਰੀ ਤੇ ਸਿਹਤ ਸਬੰਧੀ ਸਹੂਲਤਾਂ ਕਾਰਨ ਰਾਜ ਦਾ ਜਨਮ-ਦਰ 1961 ਵਿਚ 1,000 ਪਿਛੇ 33.50 ਦੇ ਟਾਕਰੇ ਤੇ 1966 ਵਿਚ 29.3 ਹੋ ਗਿਆ ਅਤੇ ਔਸਤ ਉਮਰ 47 ਸਾਲ ਤੋਂ ਵਧਕੇ 52 ਸਾਲ ਹੋ ਗਈ ਹੈ। (ਪ੍ਰਸੰਸਾ)

ਸਿਖਿਆ

14. ਸਰਕਾਰ ਦੁਆਰਾ ਸਿਖਿਆ ਸਬੰਧ ਕੀਤੇ ਜਾ ਰਹੇ ਖ਼ਰਚ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਸੰਯੁਕਤ ਪੰਜਾਬ ਵਿਚ ਸਾਲ 1960-61 ਦੇ ਦੌਰਾਨ 11 ਕਰੋੜ ਰੁਪਏ ਦੇ ਉਪਬੰਧ ਦੇ ਮੁਕਾਬਲੇ ਤੇ ਸਾਲ 1968-69 ਲਈ ਪੰਜਾਬ ਰਾਜ ਵਿਚ ਪਲਾਨ ਅਤੇ ਨਾਨ-ਪਲਾਨ ਦੇ ਇਹ ਉਪਬੰਧ ਵਧ ਕੇ 23 ਕਰੋੜ ਰੁਪਏ ਹੋ ਗਏ ਹਨ। (ਪ੍ਰਸੰਸਾ) ਇਸ ਵਾਧੇ ਦਾ ਮੁੱਖ ਕਾਰਨ ਸਿਖਿਆ ਦਾ ਵਿਸਤਾਰ ਤੇ ਸੁਧਾਰ ਅਤੇ ਸਰਕਾਰੀ ਤੇ ਗ਼ੈਰ ਸਰਕਾਰੀ ਸਿਖਿਆ ਸੰਸਥਾਵਾਂ ਦੇ ਅਧਿਆਪਕਾਂ ਦੇ ਤਨਖਾਹ-ਸਕੇਲਾਂ ਵਿਚ ਕੀਤੀ ਗਈ ਸੋਧ ਹੈ।

ਸਾਲ 1967-68 ਵਿਚ, ਰਾਜ ਸਰਕਾਰ ਨੇ ਸਕੂਲਾਂ ਅਤੇ ਕਾਲਜਾਂ ਦੇ ਅਧਿਆਪਕਾਂ ਸਬੰਧੀ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਅਤੇ ਕੋਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ ਪ੍ਰਵਾਨ ਕਰ ਕੇ 3 ਕਰੋੜ ਰੁਪਏ ਤੋਂ ਵੱਧ ਖ਼ਰਚ ਦੀ ਵੱਡੀ ਜ਼ਿੰਮੇਵਾਰੀ ਚੁਕ ਲਈ। ਮੇਰੇ ਸਤਿਕਾਰਯੋਗ ਸਾਬਕਾ ਵਿੱਤ ਮੰਤਰੀ ਨੇ ਸਾਲ 1967-68 ਦੇ ਆਪਣੇ ਬਜਟ-ਭਾਸ਼ਣ ਵਿਚ ਇਹ ਵਚਨ ਦਿੱਤਾ ਸੀ ਕਿ ਪੰਜਾਬ ਸਰਕਾਰ ਇਸ ਗੱਲ ਬਾਰੇ ਪੂਰਾ ਵਿਚਾਰ ਕਰੇਗੀ ਕਿ ਰਾਜ ਦੀਆਂ ਗ਼ੈਰਸਰਕਾਰੀ ਸਿਖਿਆ ਸੰਸਥਾਵਾਂ ਦੇ ਸਬੰਧ ਵਿਚ ਦਿੱਲੀ ਪੈਟਰਨ ਨੂੰ ਕਿਥੋਂ ਤੱਕ ਅਪਣਾਇਆ ਜਾ ਸਕਦਾ ਹੈ। ਮਾਨਯੋਗ ਮੈਂਬਰਾਂ ਨੂੰ ਇਹ ਦੱਸਣ ਵਿਚ ਮੈਨੂੰ ਬੜੀ ਖੁਸ਼ੀ ਹੈ ਕਿ ਸਾਡੀ ਸਰਕਾਰ ਨੇ ਦਿੱਲੀ ਪੈਟਰਨ ਅਨੁਸਾਰ ਗ਼ੈਰਸਰਕਾਰੀ ਸਕੂਲਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਲਗਭਗ 2 ਕਰੋੜ ਰੁਪਏ ਪ੍ਰਤੀ ਸਾਲ ਦੀ ਵੱਡੀ ਮਾਲੀ ਸਹਾਇਤਾ ਦੇਣੀ ਸਵੀਕਾਰ ਕਰ ਲਈ ਹੈ (ਪ੍ਰਸੰਸਾ) ਤਾਂ ਜੋ ਅਜਿਹੀਆਂ ਸੰਸਥਾਵਾਂ ਦੇ ਅਧਿਆਪਕਾਂ ਦੇ ਤਨਖ਼ਾਹ-ਸਕੇਲਾਂ ਵਿਚ ਸੋਧ ਦੇ ਕਾਰਨ ਵਧਿਆ ਖ਼ਰਚ ਪੂਰਾ ਕੀਤਾ ਜਾ ਸਕੇ। ਇਸੇ ਤਰ੍ਹਾਂ ਗ਼ੈਰਸਰਕਾਰੀ ਕਾਲਜਾਂ ਦੇ ਅਧਿਆਪਕਾਂ ਸਬੰਧੀ ਕੋਠਾਰੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਵੀ ਪ੍ਰਵਾਨ ਕਰ ਲਈਆਂ ਗਈਆਂ ਹਨ। ਇਸ ਨਾਲ 14 ਲੱਖ ਰੁਪਏ ਪ੍ਰਤੀ ਸਾਲ ਦਾ ਹੋਰ ਖ਼ਰਚ ਹੋਵੇਗਾ। ਮੈਂ ਇਹ ਗੱਲ ਬਜਾ ਤੌਰ ਤੇ ਫ਼ਖ਼ਰ ਨਾਲ ਕਹਿ ਸਕਦਾ ਹਾਂ ਕਿ ਪੰਜਾਬ ਭਾਰਤ ਦਾ ਸ਼ਾਇਦ ਪਹਿਲਾ ਰਾਜ ਹੈ ਜਿਸ ਨੇ ਸਰਕਾਰੀ ਅਤੇ ਗ਼ੈਰਸਰਕਾਰੀ ਸਿਖਿਆ ਸੰਸਥਾਵਾਂ ਦੇ ਅਧਿਆਪਕਾਂ ਦੇ ਤਨਖਾਹ-ਸਕੇਲਾਂ ਵਿਚਲਾ ਫ਼ਰਕ ਖ਼ਤਮ ਕਰ ਦਿੱਤਾ ਹੈ।

ਰਾਜ ਦੇ ਸਿਖਿਆ-ਮਿਆਰਾਂ ਨੂੰ ਗਿਣਤੀ ਅਤੇ ਗੁਣ ਦੇ ਪੱਖੋਂ ਯੋਜਨਾਬੱਧ ਤੇ ਇਕਸਾਰ ਢੰਗ ਨਾਲ ਉਚੇਰਾ ਕਰਨ ਵਾਸਤੇ 1968-69 ਤੋਂ 1988-89 ਤਕ ਆਉਣ ਵਾਲੇ 20 ਸਾਲਾਂ ਲਈ ਇਕ ਵਿਸ਼ਾਲ ਤੇ ਦੂਰਦਰਸ਼ੀ ਯੋਜਨਾ ਬਣਾਈ ਜਾ ਰਹੀ ਹੈ। ਸਿਖਾਈ ਦੇ ਵੱਖ ਵੱਖ ਪੱਧਰਾਂ ਲਈ ਨਿੱਯਤ ਸਿਲੇਬਸਾਂ ਅਤੇ ਪੜ੍ਹਾਈ ਦੇ ਕੋਰਸਾਂ ਦੀ ਕਈ ਵਾਰ ਇਸ ਕਾਰਨ ਨੁਕਤਾਚੀਨੀ ਕੀਤੀ ਜਾਂਦੀ ਜਾਂਦੀ ਹੈ ਕਿ ਇਨ੍ਹਾਂ

ਵਿਚ ਪੁਰਾਣੇ ਘਸੇ ਪਿਟੇ ਅਤੇ ਮੁੜ ਮੁੜ ਦੁਹਰਾਏ ਜਾਣ ਵਾਲੇ ਵਿਸ਼ੇ ਹੁੰਦੇ ਹਨ। ਇਸ ਲਈ, ਪਾਠ-ਪੁਸਤਕਾਂ ਨੂੰ ਚੰਗੇਰਾ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ ਤਾਂ ਜੋ ਉਨ੍ਹਾਂ ਨੂੰ ਇਕ ਆਜ਼ਾਦ ਤੇ ਸੁਤੰਤਰ ਦੇਸ਼ ਦੇ ਆਦਰਸ਼ਾਂ ਦਾ ਅਨੁਸਾਰੀ ਬਣਾਇਆ ਜਾ ਸਕੇ। ਸਾਰੇ ਪੱਧਰਾਂ ਤੇ ਸਾਇੰਸ ਦੀ ਪੜ੍ਹਾਈ ਵਿਚ ਸੁਧਾਰ ਕਰਨ ਅਤੇ ਅਮਲੀ ਹੁਨਰਾਂ ਰਾਹੀਂ ਤਕਨੀਕੀ ਰੁਚੀ ਪੈਦਾ ਕਰਨ ਲਈ ਵੀ ਕਈ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ ਅਤੇ ਇਨ੍ਹਾਂ ਲਈ 1968-69 ਦੇ ਦੌਰਾਨ 20 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਲੁਧਿਆਣੇ ਜ਼ਿਲ੍ਹੇ ਵਿਚ ਜਗਰਾਓਂ ਵਿਖੇ ਸਾਇੰਸ ਦੀ ਪੜ੍ਹਾਈ ਅਤੇ ਖੋਜ ਲਈ ਇਕ ਕਾਲਜ ਖੋਲ੍ਹਿਆ ਗਿਆ ਹੈ ਜਿਸ ਵਿਚ ਅਸਾਧਾਰਣ ਲਿਆਕਤ ਵਾਲੇ ਵਿਦਿਆਰਥੀਆਂ ਨੂੰ ਖੋਜ-ਡਿਗਰੀ ਦੀ ਪੱਧਰ ਤਕ ਸਾਇੰਸ ਪੜ੍ਹਨ ਲਈ ਸਾਰੀਆਂ ਸਹੂਲਤਾਂ ਅਤੇ ਸਰਕਾਰੀ ਵਜ਼ੀਫ਼ੇ ਦਿਤੇ ਜਾਣਗੇ। ਇਹ ਕਾਲਜ ਅਗਲੇ ਵਿਦਿਅਕ ਸੈਸ਼ਨ ਤੋਂ ਚਾਲੂ ਹੋ ਜਾਵੇਗਾ। ਸਿਖਿਆ ਅਧੀਨ ਹੋਰ ਮਹੱਤਵ-ਪੂਰਨ ਸਕੀਮਾਂ ਵਿਚ ਪੰਜਾਬੀ ਯੂਨੀਵਰਸਿਟੀ ਦੇ ਵਿਕਾਸ ਲਈ 85 ਲਖ ਰੁਪਏ ਦੀ ਗ੍ਰਾਂਟ ਅਤੇ 20 ਲਖ ਰੁਪਏ ਦੀ ਲਾਗਤ ਨਾਲ ਸਕੂਲਾਂ ਦੀਆਂ ਇਮਾਰਤਾਂ ਦੀ ਮੁਰੰਮਤ ਅਤੇ ਉਨ੍ਹਾਂ ਨੂੰ ਠੀਕ ਠਾਕ ਕਰਨਾ ਸ਼ਾਮਲ ਹੈ।

ਖੁਰਾਕ

15. ਰਾਜ ਦੀ ਆਰਥਕਤਾ ਦਾ ਇਹ ਇਕ ਵਿਸ਼ੇਸ਼ ਲੱਛਣ ਰਿਹਾ ਹੈ ਕਿ ਨਵੀਂ ਫ਼ਸਲ ਦੇ ਸ਼ੁਰੂ ਹੁੰਦਿਆਂ ਹੀ ਕੀਮਤਾਂ ਡਿਗ ਜਾਂਦੀਆਂ ਹਨ ਅਤੇ ਕਮੀ ਵਾਲੇ ਮਹੀਨਿਆਂ ਵਿਚ ਬਹੁਤ ਜ਼ਿਆਦਾ ਚੜ੍ਹ ਜਾਂਦੀਆਂ ਹਨ। ਇਸ ਗੱਲ ਦੇ ਬਾਵਜੂਦ ਕਿ 1967-68 ਦੇ ਦੌਰਾਨ ਰਾਜ ਵਿਚ ਅਨਾਜ ਦੀ ਉਪਜ ਸਾਡੀਆਂ ਆਪਣੀਆਂ ਲੋੜਾਂ ਤੋਂ ਵਧੇਰੇ ਸੀ ਅਤੇ ਰਾਜ ਸਰਕਾਰ ਨੇ ਕੇਂਦਰੀ ਭੰਡਾਰ ਲਈ 6 ਲੱਖ ਮੀਟਰਕ ਟਨ ਅਨਾਜ ਪ੍ਰਾਪਤ ਕਰਨ ਦਾ ਇਕਰਾਰ ਕੀਤਾ ਸੀ ਅਤੇ ਇਸ ਤੋਂ ਇਲਾਵਾ ਰਾਜ ਦੇ ਰਾਖਵੇਂ ਭੰਡਾਰ ਵਾਸਤੇ 27.5 ਲਖ ਮੀਟਰਕ ਟਨ ਕਣਕ ਖ਼ਰੀਦਣ ਦਾ ਟੀਚਾ ਮਿਥਿਆ ਸੀ, ਕੀਮਤਾਂ ਸਥਿਰ ਅਤੇ ਕਾਬੂ ਵਿਚ ਰਹੀਆਂ ਹਨ। ਕਿਸਾਨਾਂ ਅਤੇ ਖਰੀਦਾਰਾਂ ਦੇ ਹਿੱਤਾਂ ਨੂੰ ਵੀ ਯੋਗ ਤੌਰ ਤੇ ਸੁਰੱਖਿਅਤ ਰੱਖਿਆ ਗਿਆ ਹੈ। 15 ਜਨਵਰੀ, 1968 ਤਕ ਲਗਭਗ 3 ਲੱਖ ਮੀਟਰਕ ਟਨ ਕਣਕ ਸਵਾ ਲੱਖ ਮੀਟਰਕ ਟਨ ਮੱਕੀ ਅਤੇ ਡੇਢ ਲੱਖ ਮੀਟਰਕ ਟਨ ਚੌਲ ਦੂਜੇ ਰਾਜਾਂ ਨੂੰ ਭੇਜੇ ਜਾ ਚੁਕੇ ਹਨ। ਅਗਲੇ ਸਾਲ ਦੇ ਦੌਰਾਨ, ਪ੍ਰਾਂਤਕ ਰੀਜ਼ਰਵ ਲਈ 34.85 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ 4 ਲਖ ਮੀਟਰਕ ਟਨ ਅਨਾਜ ਪ੍ਰਾਪਤ ਕਰਨ ਦੀ ਤਜ਼ਵੀਜ ਹੈ।

1968-69 ਦੇ ਦੌਰਾਨ ਆਸ ਕੀਤੀ ਜਾਂਦੀ ਭਰਵੀਂ ਫ਼ਸਲ ਦੇ ਸਿੱਟੇ ਵਜੋਂ ਵਧੇਰੇ ਵਾਫ਼ਰ ਅਨਾਜ ਮੰਡੀਆਂ ਵਿਚ ਭੇਜਿਆ ਜਾ ਸਕੇਗਾ। ਸਰਕਾਰੀ ਗੁਦਾਮਾਂ ਦੀ ਥੁੜ ਨੂੰ ਮੁੱਖ ਰਖਦੇ ਹੋਏ, 1968-69 ਦੇ ਦੌਰਾਨ 80 ਲੱਖ ਰੁਪਏ ਦੀ ਅਨੁ-ਮਾਨਤ ਲਾਗਤ ਨਾਲ ਹੋਰ ਆਨਾਜ-ਗੁਦਾਮ ਬਣਾਉਣ ਦੀ ਤਜਵੀਜ਼ ਹੈ। (ਪ੍ਰਸੰਸਾ)

16. ਪਹਿਲਾਂ ਵਾਂਗ ਐਤਕਾਂ ਵੀ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਦੇ ਲੋਕਾਂ ਦੀ ਸਮਾਜਕ, ਆਰਥਕ ਹਾਲਤ ਸੁਧਾਰਨ ਲਈ ਕੋਈ ਕਸਰ ਬਾਕੀ ਨਹੀਂ ਛਡੀ ਗਈ। ਇਨ੍ਹਾਂ ਸ਼ਰੇਣੀਆਂ ਦੇ ਲੋਕਾਂ ਦੇ ਵਿਦਿਅਕ ਮਿਆਰ ਨੂੰ ਉਚੇਰਾ ਕਰਨ ਲਈ ਜਿਸ ਸਕੀਮ ਉਤੇ ਪਹਿਲਾਂ ਤੋਂ ਹੀ ਅਮਲ ਕੀਤਾ ਜਾ ਰਿਹਾ ਹੈ, ਉਹ ਇਹ ਹੈ ਕਿ ਇਨ੍ਹਾਂ ਸ਼ਰੇਣੀਆਂ ਦੇ ਵਿਦਿਆਰਥੀਆਂ ਨੂੰ ਵਜ਼ੀਫ਼ੇ ਦਿੱਤੇ ਜਾਂਦੇ ਹਨ ਅਤੇ ਉਨ੍ਹਾਂ ਦੀਆਂ ਫੀਸਾਂ ਵਾਪਸ ਕੀਤੀਆਂ ਜਾਂਦੀਆਂ ਹਨ। ਇਸ ਮਨੋਰਥ ਲਈ ਸਾਲ 1967-68 ਵਿਚ 1 ਕਰੋੜ ਰੁਪਏ ਤੋਂ ਵਧ ਰਕਮ ਖ਼ਰਚ ਕੀਤੀ ਗਈ ਸੀ (ਪ੍ਰਸੰਸਾ) ਅਤੇ 1968-69 ਲਈ 1.20 ਕਰੋੜ ਰੁਪਏ ਦੀ ਰਕਮ ਰਖੀ ਗਈ ਹੈ। (ਪ੍ਰਸੰਸਾ) ਇਨ੍ਹਾਂ ਸ਼ਰੇਣੀਆਂ ਦੇ ਲੋਕਾਂ ਨੂੰ ਜ਼ਰਾਇਤੀ ਜ਼ਮੀਨ ਖਰੀਦਣ ਵਿਚ ਸਹਾਇਤਾ ਦੇਣ ਲਈ, ਚਾਲੂ ਮਾਲੀ ਸਾਲ ਦੇ ਦੌਰਾਨ 3 ਲੱਖ ਰੁਪਏ ਦੀ ਰਕਮ ਖ਼ਰਚ ਕੀਤੀ ਗਈ ਹੈ ਅਤੇ ਆਉਂਦੇ ਸਾਲ ਲਈ ਵੀ ਇਤਨੀ ਰਕਮ ਦਾ ਉਪਬੰਧ ਕੀਤਾ ਗਿਆ ਹੈ। ਸਾਲ 1967-68 ਵਿਚ ਹਰੀਜਨ ਕਲਿਆਨ ਫੰਡ ਵਿਚੋਂ 27 ਲੱਖ ਰੁਪਏ ਦੀ ਹੋਰ ਰਕਮ ਇਸ ਮੰਤਵ ਲਈ ਦਿੱਤੀ ਗਈ ਸੀ ਕਿ ਇਨ੍ਹਾਂ ਸ਼ਰੇਣੀਆਂ ਦੇ ਲੋਕਾਂ ਨੂੰ ਜ਼ਮੀਨਾਂ ਉਤੇ ਆਬਾਦ ਹੋਣ ਲਈ ਅਤੇ ਵੱਖ ਵੱਖ ਕਿੱਤਿਆਂ ਵਿਚ ਪੈਰ ਜਮਾਉਣ ਲਈ ਕਰਜ਼ੇ ਦਿਤੇ ਜਾਣ ਅਤੇ ਉਦਯੋਗਕ ਸਿਖਲਾਈ ਪ੍ਰਾਪਤ ਕਰ ਰਹੇ ਸਿਖਿਆਰਥੀਆਂ ਨੂੰ ਵਜ਼ੀਫ਼ੇ ਦਿੱਤੇ ਜਾਣ।

ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਦੀ ਭਲਾਈ

ਸਾਲ 1968-69 ਦੀ ਯੋਜਨਾ ਦਾ ਆਕਾਰ ਘੱਟ ਜਾਣ ਦੇ ਸਿੱਟੇ ਵਜੋਂ ਹੋਰਨਾਂ ਪ੍ਰੋਗਰਾਮਾਂ ਉਤੇ ਸਾਨੂੰ ਜੋ ਕਟੌਤੀਆਂ ਲਾਉਣੀਆਂ ਪਈਆਂ, ਉਨ੍ਹਾਂ ਦੇ ਬਾਵਜੂਦ, ਅਨੁ-ਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਦੇ ਲੋਕਾਂ ਦੀ ਭਲਾਈ ਦੀਆਂ ਸਕੀਮਾਂ ਲਈ ਪਲਾਨ ਦੇ ਉਪਬੰਧਾਂ ਵਿਚ ਚਾਲੂ ਮਾਲੀ ਸਾਲ ਜਿਤਨੀ ਰਕਮ ਹੀ ਰਖੀ ਗਈ ਹੈ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ। ਨਾਨ-ਪਲੈਨ ਵਿਚ ਚਾਲੂ ਸਾਲ ਲਈ 27 ਲੱਖ ਰੁਪਏ ਦੀ ਰਕਮ ਰਖੀ ਗਈ ਹੈ ਇਸ ਤੋਂ ਇਲਾਵਾ ਹਰੀਜਨ ਕਲਿਆਨ ਫੰਡ ਵਿਚੋਂ 63 ਲੱਖ ਰੁਪਏ ਦੀ ਰਕਮ ਵੱਖਰੀ ਰਖੀ ਜਾ ਰਹੀ ਹੈ। (ਪ੍ਰਸ਼ੰਸਾ) ਜਿਸ ਵਿਚੋਂ 25 ਲੱਖ ਰੁਪਏ ਨਾਲ ਇਕ ਕਾਰਪੋਰੇਸ਼ਨ ਕਾਇਮ ਕੀਤੀ ਜਾਵੇਗੀ ਜਿਹੜੀ ਕਿ ਵਿਸ਼ੇਸ਼ ਤੌਰ ਤੇ ਇਨ੍ਹਾਂ ਸ਼ਰੇਣੀਆਂ ਦੇ ਹਿੱਤਾਂ ਦਾ ਖਿਆਲ ਰਖੇਗੀ। ਇਨ੍ਹਾਂ ਸ਼ਰੇਣੀਆਂ ਦੇ ਲੋਕਾਂ ਨੂੰ 16 ਲੱਖ ਰੁਪਏ ਦੇ ਕਰਜ਼ ਦਿੱਤੇ ਜਾਣਗੇ ਤਾਂ ਜੋ ਉਹ ਲਾਹੇਵੰਦ ਧੰਦੇ ਅਤੇ ਕਿੱਤੇ ਸ਼ੁਰੂ ਕਰ ਸਕਣ। ਇਨ੍ਹਾਂ ਦੇ ਸਮਾਜਕ ਅਤੇ ਆਰਥਕ ਵਿਕਾਸ ਦੀ ਰਫ਼ਤਾਰ ਨੂੰ ਹੋਰ ਤੇਜ਼ ਕਰਨ ਲਈ ਬਾਕੀ ਰਹਿੰਦੀ 22 ਲੱਖ ਰੁਪਏ ਦੀ ਸਮੁੱਚੀ ਰਕਮ ਨਵੀਆਂ ਸਕੀਮਾਂ ਤਿਆਰ ਕਰਨ ਜਾਂ ਸਾਲ 1968-69 ਦੇ ਦੌਰਾਨ ਚਲ ਰਹੀਆਂ ਸਕੀਮਾਂ ਦਾ ਘੇਰਾ ਵਧਾਉਣ ਲਈ ਰਖੀ ਗਈ ਹੈ। ਉਚੇਚੇ ਤੌਰ ਤੇ

[ਵਿੱਤ ਮੰਤਰੀ]

ਕੀਤੇ ਇਨ੍ਹਾਂ ਖਰਚਾਂ ਦੇ ਬਾਦ ਵੀ ਹਰੀਜਨ ਕਲਿਆਨ ਫੰਡ ਵਿਚ 42 ਲੱਖ ਰੁਪਏ ਦੀ ਰਕਮ ਬਾਕੀ ਜਮਾਂ ਰਹੇਗੀ ।

ਸ਼ਹਿਰੀ ਵਿਕਾਸ 17 ਲਗਭਗ ਪਿਛਲੇ ਦੋ ਦਹਾਕਿਆਂ ਦੇ ਦੌਰਾਨ ਯੋਜਨਾਬੱਧ ਆਰਥਕ ਵਿਕਾਸ ਰਾਹੀਂ ਆਈ ਆਰਥਕ ਖੁਸ਼ਹਾਲੀ ਕਾਰਨ ਰਾਜ ਵਿਚ ਸ਼ਹਿਰਾਂ ਦੇ ਵਿਕਾਸ ਦੀ ਰਫ਼ਤਾਰ ਤੇਜ਼ ਹੋ ਗਈ ਹੈ । ਇਸ ਲਈ ਸਥਾਨਕ ਸੰਸਥਾਵਾਂ ਨੂੰ ਗ੍ਰਾਂਟਾਂ ਤੇ ਕਰਜ਼ੇ ਦੇਣ ਲਈ ਸਾਲ 1968-69 ਵਿਚ 25 ਲੱਖ ਰੁਪਏ ਦੀ ਰਕਮ ਵੱਖਰੀ ਰੱਖੀ ਗਈ ਹੈ, ਤਾਂ ਜੋ ਇਹ ਸੰਸਥਾਵਾਂ ਸਫ਼ਾਈ, ਸੜਕਾਂ, ਬੰਦ ਨਾਲਿਆਂ ਦਾ ਪ੍ਰਬੰਧ ਕਰਨ, ਕੂੜੇ ਆਦਿ ਨੂੰ ਥਾਂ ਸਿਰ ਪਹੁੰਚਾਉਣ, ਸਿਹਤ ਸੇਵਾਵਾਂ, ਅੱਗ-ਬੁਝਾਊ ਸੇਵਾਵਾਂ, ਆਦਿ ਜਿਹਿਆਂ ਮੁੱਢਲੀਆਂ ਸ਼ਹਿਰੀ ਸਹੂਲਤਾਂ ਨੂੰ ਚੰਗੇਰੇ ਬਣਾਉਣ ਲਈ ਆਪਣੀਆਂ ਸ਼ਹਿਰੀ ਵਿਕਾਸ ਦੀਆਂ ਸਕੀਮਾਂ ਨੂੰ ਨੇਪਰੇ ਚਾੜ੍ਹ ਸਕਣ । ਸਾਲ 1967-68 ਦੇ ਦੌਰਾਨ 17 ਨਗਰਪਾਲਕਾਵਾਂ ਨੂੰ ਕਰਜ਼ੇ ਵਜੋਂ 20 ਲੱਖ ਰੁਪਏ ਦੀ ਸਹਾਇਤਾ ਦਿਤੀ ਗਈ ਸੀ ਅਤੇ ਦੋ ਨਗਰਪਾਲਕਾਵਾਂ ਨੂੰ ਆਪਣੇ ਇਲਾਕਿਆਂ ਵਿਚ ਜਲ-ਸਪਲਾਈ ਅਤੇ ਸਫ਼ਾਈ ਸਕੀਮਾਂ ਨੂੰ ਨੇਪਰੇ ਚਾੜ੍ਹਨ ਲਈ ਇਕ ਲੱਖ ਰੁਪਏ ਦੀ ਗ੍ਰਾਂਟ ਦਿੱਤੀ ਗਈ । ਇਨ੍ਹਾਂ ਸਕੀਮਾਂ ਲਈ ਲੋੜੀਂਦਾ ਧਨ ਪ੍ਰਾਪਤ ਕਰਨ ਵਾਸਤੇ ਭਾਰਤ ਜੀਵਨ ਬੀਮਾਂ ਕਾਰਪੋਰੇਸ਼ਨ ਤੋਂ 2 ਕਰੋੜ ਰੁਪਏ ਦਾ ਕਰਜ਼ਾ ਲੈਣ ਬਾਰੇ ਵੀ ਗੱਲਬਾਤ ਚਲ ਰਹੀ ਹੈ ।

ਅਗਲੇ ਦੋ ਦਹਾਕਿਆਂ ਦੌਰਾਨ ਵਧ ਜਾਣ ਵਾਲੀ ਆਬਾਦੀ ਲਈ ਲੜੀਂਦੇ ਮਕਾਨਾਂ ਦਾ ਪ੍ਰਬੰਧ ਕਰਨ ਵਾਸਤੇ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਦੀਆਂ ਅੰਤਰਮ "ਮਾਸਟਰ ਪਲਾਨਾਂ" ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਪਟਿਆਲੇ ਲਈ ਇਹ ਯੋਜਨਾ ਤਿਆਰੀ ਅਧੀਨ ਹੈ । ਇਸ ਤਰ੍ਹਾਂ, ਭਾਰਤ-ਪਾਕਿਸਤਾਨ ਦੇ ਸਰਹੱਦੀ ਇਲਾਕੇ ਅਤੇ ਅਨੰਦਪੁਰ ਸਾਹਿਬ ਜਿਹੀਆਂ ਤੀਰਥਯਾਤਰਾ ਦੀਆਂ ਥਾਵਾਂ ਲਈ ਵੀ "ਮਾਸਟਰ ਪਲਾਨ" ਬਣਾਏ ਗਏ ਹਨ । ਇਕ ਨਵਾਂ ਨਗਰ ਯੋਜਨਾ ਡਵੀਜ਼ਨ ਸਥਾਪਤ ਕੀਤਾ ਜਾ ਚੁੱਕਾ ਹੈ ਜਿਸ ਦਾ ਸਦਰਮੁਕਾਮ ਪਠਾਨਕੋਟ ਵਿਖੇ ਹੈ, ਤਾਂ ਜੋ ਸਰਹੱਦੀ ਕਸਬਿਆਂ ਦੀ ਯੋਜਨਾਬੰਦੀ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਸਕੇ । ਖੇਮਕਰਨ ਕਸਬੇ, ਜਿਸ ਨੂੰ ਕਿ ਸਤੰਬਰ, 1965 ਵਿਚ ਭਾਰਤ ਪਾਕਿਸਤਾਨ ਯੁੱਧ ਦੇ ਦੌਰਾਨ ਭਾਰਾ ਨੁਕਸਾਨ ਪੁੱਜਾ ਸੀ, ਦੀ ਪੁਨਰ-ਉਸਾਰੀ ਲਈ ਵੀ ਸਕੀਮ ਤਿਆਰ ਕੀਤੀ ਗਈ ਹੈ । ਹਰਮੰਦਰ ਸਾਹਿਬ ਅਤੇ ਜਲ੍ਹਿਆਂਵਾਲਾ ਬਾਗ ਨੂੰ ਜਾਣ ਵਾਲੀ ਸੜਕ ਚੌੜੀ ਕਰਨ ਦੀ ਇਕ ਸਕੀਮ ਬਣਾਈ ਗਈ ਹੈ । (ਪ੍ਰਸ਼ੰਸਾ) ਜਿਸ ਨੂੰ ਕਿ ਅੰਮ੍ਰਿਤਸਰ ਨਗਰ ਸੁਧਾਰ ਟ੍ਰਸਟ ਦੁਆਰਾ ਅਮਲੀ ਰੂਪ ਦਿਤਾ ਜਾ ਰਿਹਾ ਹੈ । ਰਾਜ ਦੇ ਅੰਦਰਲੇ ਇਲਾਕੇ ਉਦਯੋਗਕ ਬਸਤੀਆਂ ਦੇ ਵਿਕਾਸ ਲਈ, ਉਦਯੋਗਕ ਵਿਕਾਸ ਦੇ ਚੋਣਵੇਂ ਮੁੱਖ ਕੇਂਦਰਾਂ ਅਰਥਾਤ ਢੰਡਾਰੀ ਕਲਾਂ (ਲੁਧਿਆਣਾ), ਮੁਹਾਲੀ (ਚੰਡੀਗੜ੍ਹ)

ਅਤੇ ਰਾਜਪੁਰਾ ਵਿਖੇ ਤਿੰਨ ਸਨਅਤੀ-ਤੇ-ਰਿਹਾਇਸ਼ੀ ਬਸਤੀਆਂ ਸਥਾਪਤ ਕੀਤੀਆਂ ਗਈਆਂ ਹਨ।

ਸਰਕਾਰੀ ਕਰਮ-ਚਾਰੀਆਂ ਨੂੰ ਰੀਲੀਫ਼

18 ਪਿਛਲੀ ਜੁਲਾਈ ਵਿਚ, ਸਰਕਾਰ ਨੇ ਇਕ-ਮੈਂਬਰੀ ਤਨਖ਼ਾਹ-ਕਮਿਸ਼ਨ, ਜਿਸ ਦਾ ਕੰਮ ਜਸਟਿਸ ਹਰਬੰਸ ਸਿੰਘ ਨੂੰ ਸੌਂਪਿਆ ਗਿਆ ਨਿਯੁਕਤ ਕਰਨ ਦਾ ਐਲਾਨ ਕੀਤਾ ਸੀ। ਇਸ ਕਮਿਸ਼ਨ ਦਾ ਕੰਮ ਰਾਜ ਸਰਕਾਰ ਨੇ ਨਿਯਮ ਬਣਾਉਣ ਦੇ ਕੰਟਰੋਲ ਅਧੀਨ ਤਨਖਾਹ ਦੇ ਵੱਖ ਵੱਖ ਸਕੇਲਾਂ ਦੇ ਮੌਜੂਦਾ ਢਾਂਚੇ, ਮਹਿੰਗਾਈ ਭੱਤੇ ਅਤੇ ਹੋਰ ਪੂਰਕ ਰਿਆਇਤਾਂ ਦਾ ਪੂਰਾ ਜਾਇਜ਼ਾ ਲੈਣਾ ਅਤੇ ਉਨ੍ਹਾਂ ਦੇ ਤਨਖਾਹ-ਸਕੇਲਾਂ ਦੇ ਢਾਂਚੇ ਵਿਚ ਅਜਿਹੀਆਂ ਤਬਦੀਲੀਆਂ ਜਾਂ ਬਦਲੇ ਹਾਲਾਤ ਅਨੁਸਾਰ ਸੁਧਾਈ ਕਰਨ ਦੀ ਸਿਫ਼ਾਰਸ਼ ਕਰਨਾ ਸੀ, ਜੋ ਕਿ ਲੋੜੀਂਦੀਆਂ ਅਤੇ ਉਚਿਤ ਹੋਣ। ਆਸ ਹੈ ਕਿ ਕਮਿਸ਼ਨ ਆਉਣ ਵਾਲੇ ਵਿੱਤੀ ਸਾਲ ਦੇ ਅੱਧ ਤਕ ਆਪਣੀ ਰਪੋਟ ਮੁਕੰਮਲ ਕਰ ਲਵੇਗਾ।

ਇਸ ਮੰਤਵ ਨੂੰ ਧਿਆਨ ਵਿਚ ਰਖਦੇ ਹੋਏ ਕਿ ਤਨਖ਼ਾਹ ਸਬੰਧੀ ਫੈਸਲੇ ਛੇਤੀ ਕੀਤੇ ਜਾਣ, ਪੰਜਾਬ ਸਰਕਾਰ ਤਨਖ਼ਾਹ-ਕਮਿਸ਼ਨ ਨੂੰ ਬੇਨਤੀ ਕਰ ਰਹੀ ਹੈ ਕਿ ਸਰਕਾਰੀ ਕਰਮਚਾਰੀਆਂ ਦੀਆਂ ਕੁਝ ਇਕ ਸ਼ਰੇਣੀਆਂ ਸਬੰਧੀ, ਜਿਵੇਂ ਕਿ ਇੰਜਨੀਅਰਾਂ, ਡਾਕਟਰਾਂ, ਪੁਲੀਸ ਦੇ ਡਿਪਟੀ ਸੁਪਰਡੈਂਟਾਂ, ਬਲਾਕ ਡੀਵੈਲਪਮੈਂਟ ਅਫ਼ਸਰਾਂ ਆਦਿ ਦੇ ਤਨਖ਼ਾਹ ਸਕੇਲਾਂ ਨੂੰ ਸੋਧਨ ਬਾਰੇ ਉਹ ਆਪਣੀਆਂ ਸਿਫਾਰਸ਼ਾਂ ਤੁਰਤ ਦੇਵੇ।

ਤਨਖ਼ਾਹ-ਕਮਿਸ਼ਨ ਨਿਯੁਕਤ ਕਰਨ ਦੇ ਨਾਲ ਨਾਲ, ਸਰਕਾਰ, ਵੱਧ ਰਹੇ ਕੀਮਤਾਂ ਦੇ ਸੂਚਕ-ਅੰਕ ਦੇ ਸਿੱਟੇ ਵਜੋਂ ਕਰਮਚਾਰੀਆਂ ਨੂੰ ਫ਼ੌਰੀ ਰੀਲੀਫ਼ ਦੇਣ ਦੇ ਸਵਾਲ ਤੇ ਸਮੇਂ ਸਮੇਂ ਵਿਚਾਰ ਕਰਦੀ ਰਹੀ ਹੈ। ਇਹ ਮਹਿਸੂਸ ਕੀਤਾ ਗਿਆ ਸੀ ਕਿ ਮਹਿੰਗਾਈ ਭੱਤੇ ਦੇ ਦਰ, ਜਿਥੋਂ ਤਕ ਸੰਭਵ ਹੋ ਸਕੇ, ਕੇਂਦਰੀ ਸਰਕਾਰ ਦੁਆਰਾ ਪ੍ਰਵਾਨਤ ਦਰਾਂ ਦੇ ਮੁਤਾਬਿਕ ਹੋਣੇ ਚਾਹੀਦੇ ਹਨ। ਇਸੇ ਅਨੁਸਾਰ ਪਹਿਲੀ ਮਈ, 1967 ਤੋਂ ਉਕਤ ਦਰਾਂ ਵਿਚ ਕਾਫ਼ੀ ਜ਼ਿਆਦਾ ਵਾਧਾ ਕੀਤਾ ਗਿਆ ਸੀ ਤਾਂ ਜੋ ਉਨ੍ਹਾਂ ਨੂੰ ਕੇਂਦਰੀ ਸਰਕਾਰ ਦੇ ਪਰਚਲਤ ਦਰਾਂ ਦੇ ਬਰਾਬਰ ਲਿਆਂਦਾ ਜਾ ਸਕੇ ਅਜਿਹਾ ਕਰਨ ਨਾਲ 6 ਕਰੋੜ ਰੁਪਏ ਦਾ ਸਲਾਨਾ ਖ਼ਰਚ ਵੱਧ ਗਿਆ। ਸਰਕਾਰ ਉਦੋਂ ਤੋਂ ਹੀ ਭਾਰਤ ਸਰਕਾਰ ਦੁਆਰਾ ਪ੍ਰਵਾਨਤ ਦਰਾਂ ਅਨੁਸਾਰ ਆਪਣੇ ਕਰਮ-ਚਾਰੀਆਂ ਨੂੰ ਵਧੇਰੇ ਮਹਿੰਗਾਈ ਭੱਤਾ ਦੇਣ ਦੀ ਨੀਤੀ ਅਪਣਾਉਂਦੀ ਆ ਰਹੀ ਹੈ, ਜਿਸ ਦੇ ਸਿੱਟੇ ਵਜੋਂ, ਵਿੱਤੀ ਸਾਲ 1967-68 ਦੇ ਦੌਰਾਨ, 10.20 ਕਰੋੜ ਰੁਪਏ ਪ੍ਰਤੀ ਸਾਲ ਦੀ ਜ਼ਿਮੇਵਾਰੀ, ਕੇਵਲ ਮਹਿੰਗਾਈ ਭੱਤੇ ਵਿਚ ਵਾਧਾ ਹੋਣ ਕਾਰਨ ਹੀ ਲੈ ਲਈ ਗਈ ਸੀ।

1960 ਵਿਚ ਨਰਸਿੰਗ ਸਟਾਫ਼ ਨੂੰ ਕੁਝ ਰਿਆਇਤਾਂ ਦਿੱਤੀਆਂ ਗਈਆਂ ਸਨ ਅਤੇ ਇਸ ਦੇ ਸਿੱਟੇ ਵਜੋਂ ਉਨ੍ਹਾਂ ਦਾ ਮਹਿੰਗਾਈ ਭੱਤਾ ਘਟਾ ਕੇ ਅੱਧਾ ਕਰ ਦਿਤਾ ਗਿਆ

ਸੀ । ਅਜਿਹੀ ਕਟੌਤੀ, ਮਹਿੰਗਾਈ ਭੱਤੇ ਵਿਚ ਬਾਦ ਵਿਚ ਕੀਤੇ ਗਏ ਸਾਰੇ ਵਾਧਿਆਂ ਤੇ ਵੀ ਲਾਗੂ ਹੁੰਦੀ ਰਹੀ । ਉਨ੍ਹਾਂ ਨਾਲ ਇਹ ਇਕ ਕਿਸਮ ਦੀ ਜ਼ਿਆਦਤੀ ਹੀ ਸੀ ਜਿਸ ਨੂੰ ਅਨੁਭਵ ਕਰਦਿਆਂ ਹੋਇਆਂ, ਸਰਕਾਰ ਨੇ ਉਨ੍ਹਾਂ ਨੂੰ 1960 ਤੋਂ ਪਿਛੋਂ ਮਹਿੰਗਾਈ ਤਨਖ਼ਾਹ ਨੂੰ ਛਡ ਕੇ, ਮਹਿੰਗਾਈ ਭੱਤੇ ਵਿਚ ਪ੍ਰਵਾਨ ਕੀਤੇ ਵਾਧੇ ਦਾ ਪੂਰਾ ਲਾਭ ਦੇ ਦਿੱਤਾ ਹੈ ।

ਅਧਿਆਪਕਾਂ ਦੇ ਤਨਖ਼ਾਹ-ਸਕੇਲਾਂ ਵਿਚ ਸੋਧ ਕਰਨ ਦੇ ਸਿੱਟੇ ਵਜੋਂ ਸਿਖਿਆ ਵਿਭਾਗ ਦੇ ਲਾਇਬਰੇਰੀਅਨਾਂ ਦੇ ਤਨਖ਼ਾਹ-ਸਕੇਲਾਂ ਨੂੰ ਅਧਿਆਪਕਾਂ ਦੇ ਸੋਧੇ ਹੋਏ ਤਨਖ਼ਾਹ-ਸਕੇਲਾਂ ਨਾਲ ਸਬੰਧਤ ਕਰਦੇ ਹੋਏ, ਉਨ੍ਹਾਂ ਵਿਚ ਵੀ ਉਚਿਤ ਸੋਧ ਕੀਤੀ ਗਈ ਹੈ । ਸੋਧੇ ਤਨਖ਼ਾਹ-ਸਕੇਲ ਸੰਚਿਤ ਅਰਥਾਤ ਕਨਸਾਲੀਡੇਟਿਡ ਸਕੇਲ ਹਨ, ਅਰਥਾਤ ਇਨ੍ਹਾਂ ਵਿਚ ਮਹਿੰਗਾਈ ਤਨਖ਼ਾਹ ਵੀ ਸ਼ਾਮਲ ਹੈ ।

ਪੰਜਾਬ ਰੋਡਵੇਜ਼ ਦੇ ਤਕਨੀਕੀ ਅਮਲੇ ਦੀਆਂ ਵੱਖ ਵੱਖ ਸ਼੍ਰੇਣੀਆਂ ਦੇ ਤਨਖਾਹ-ਸਕੇਲ ਵੀ ਪਹਿਲੀ ਜਨਵਰੀ, 1967 ਤੋਂ ਸੋਧੇ ਗਏ ਹਨ ।

ਸਾਰੇ ਸੇਵਾਦਾਰਾਂ ਨੂੰ, ਅਫ਼ਸਰਾਂ ਨਾਲ ਲਗੇ ਸੇਵਾਦਾਰਾਂ ਦੇ ਬਰਾਬਰ ਲਿਆਉਣ ਲਈ, ਇਹ ਫੈਸਲਾ ਕੀਤਾ ਗਿਆ ਹੈ ਕਿ ਰਾਜ ਦੇ ਸਾਰੇ ਸੇਵਾਦਾਰਾਂ ਨੂੰ ਵਰਤਮਾਨ ਸਕੇਲ ਅਨੁਸਾਰ ਗਰਮੀਆਂ ਦੀਆਂ ਵਰਦੀਆਂ ਦਿਤੀਆਂ ਜਾਣ ।

ਰਾਜ ਦੇ ਪੈਨਸ਼ਨੀਆਂ ਨੂੰ ਸਰਕਾਰੀ ਹਸਪਤਾਲਾਂ ਅਤੇ ਦਵਾਖ਼ਾਨਿਆਂ ਵਿਚੋਂ ਮੁਫ਼ਤ ਡਾਕਟਰੀ ਇਲਾਜ ਕਰਾਵਾਉਣ ਦੀ ਆਗਿਆ ਦੇ ਦਿਤੀ ਗਈ ਹੈ । (ਪ੍ਰਸ਼ੰਸਾ)

ਮਾਲੀ ਨੀਤੀ

19. ਪਿਛਲੇ ਸਾਲਾਂ ਵਿਚ, ਪੰਜਾਬ ਰਾਜ ਨੇ ਵਿਕਾਸ ਦੇ ਮਹਾਨ ਕੰਮ ਨੂੰ ਸਫਲਤਾ ਨਾਲ ਨਜਿੱਠਿਆ ਹੈ ਅਤੇ ਆਮ ਲੋਕਾਂ ਦੇ ਜੀਵਨ ਮਿਆਰ ਅਤੇ ਆਮਦਨ ਵਿਚ ਕਾਫ਼ੀ ਵਾਧਾ ਹੋਇਆ ਹੈ । ਉਨ੍ਹਾਂ ਦੀ ਆਰਥਕ ਹਾਲਤ ਵਿਚ ਸੁਧਾਰ ਅਤੇ ਜੀਅ-ਪ੍ਰਤੀ ਆਮਦਨ ਵਿਚ ਹੋਏ ਵਾਧੇ ਤੋਂ ਵੀ ਇਹ ਗੱਲ ਪ੍ਰਤੱਖ ਹੈ, ਜੋ ਕਿ ਵਧੀਆਂ ਕੀਮਤਾਂ ਦੇ ਅਸਰ ਨੂੰ ਧਿਆਨ ਵਿਚ ਨਾ ਰਖਦੇ ਹੋਏ 1960-61 ਵਿਚ 380 ਰੁਪਏ ਤੋਂ ਵਧ ਕੇ 1965-66 ਵਿਚ 408 ਰੁਪਏ ਹੋ ਗਈ ਸੀ । ਵਿਕਾਸ ਦੇ ਵੱਖ ਵੱਖ ਖੇਤਰਾਂ ਵਿਚ ਹੋਈ ਤੇਜ਼ ਪ੍ਰਗਤੀ ਦੇ ਬਾਵਜੂਦ, ਨਿਰਸੰਦੇਹ ਅਜੇ ਬਹੁਤ ਕੁਝ ਕਰਨਾ ਬਾਕੀ ਹੈ । ਲਗਾਤਾਰ ਦੋ ਸੋਕਿਆਂ ਅਤੇ ਉਦਯੋਗਕ ਖੇਤਰ ਵਿਚ ਮੰਦਵਾੜੇ ਕਾਰਨ, ਰਾਜ ਦੀ ਆਰਥਕਤਾ ਉਤੇ ਕਾਫ਼ੀ ਬੋਝ ਪਿਆ । ਅਨਾਜ ਦੀ ਪੈਦਾਵਾਰ ਵਿਚ ਤੇਜ਼ੀ ਨਾਲ ਅਤੇ ਲਗਾਤਾਰ ਵਾਧਾ ਕਰਨਾ, ਉਦਯੋਗੀਕਰਣ ਅਤੇ ਸਮਾਜਕ ਸੇਵਾਵਾਂ ਦਾ ਪਸਾਰ, ਅਜਿਹਾ ਮਹਾਨ ਕਾਰਜ ਹੈ, ਜਿਸ ਲਈ ਯੋਜਨਾਬੰਦੀ ਦੀ ਕਾਰਜਵਿਧੀ ਅਤੇ

ਯੋਜਨਾ ਨੂੰ ਨੇਪਰੇ ਚਾੜ੍ਹਨ ਦੇ ਕੰਮ ਨੂੰ ਲਗਾਤਾਰ ਪਕੇਰਾ ਤੇ ਵਿਸ਼ਾਲ ਰੂਪ ਦੇਣਾ ਪਵੇਗਾ ਕੋਈ ਵੀ ਵਿਸਤ੍ਰਿਤ ਵਿਕਾਸ ਪ੍ਰੋਗਰਾਮ ਉਦੋਂ ਤਕ ਸ਼ੁਰੂ ਨਹੀਂ ਕੀਤਾ ਜਾ ਸਕਦਾ ਅਤੇ ਉਸ ਲਈ ਲੋੜੀਂਦੇ ਮਾਇਕ ਸਾਧਨਾਂ ਦਾ ਪ੍ਰਬੰਧ ਨਹੀਂ ਹੋ ਸਕਦਾ ਜਦੋਂ ਤਕ ਕਿ ਜਨਤਾ ਵਿਚੋਂ ਹਰ ਤਬਕੇ ਦੇ ਲੋਕ ਕੁਝ ਨਾ ਕੁਝ ਕੁਰਬਾਨੀ ਨਾ ਕਰਨ। ਦਰਅਸਲ, ਯੋਜਨਾਬੱਧ ਆਰਥਕ ਵਿਕਾਸ ਦਾ ਅਰਥ ਹੀ, ਹੋਰ ਪੂੰਜੀ ਲਾਉਣ ਦੇ ਮੰਤਵ ਲਈ ਆਮ ਲੋਕਾਂ ਦੇ ਮੌਜੂਦਾ ਸਾਧਨਾਂ ਨੂੰ ਜੁਟਾਉਣਾ ਹੈ। ਵਿਕਾਸ ਦੀਆਂ ਲੋੜਾਂ ਦੀ ਪੂਰਤੀ ਲਈ ਇਹ ਜ਼ਰੂਰੀ ਹੈ ਕਿ ਲਗੇ ਸਰਮਾਏ ਦੀ ਮਿਕਦਾਰ ਵਿਚ ਲਗਾਤਾਰ ਵਾਧਾ ਹੁੰਦਾ ਰਹੇ। ਇਸ ਅਮਲ ਵਿਚ ਛੋਟੀਆਂ ਬੱਚਤਾਂ ਜਿਹੇ ਸਵੈ-ਇੱਛਤ ਯਤਨਾਂ ਅਤੇ ਪ੍ਰੋਗਰਾਮਾਂ ਤੇ ਬਹੁਤ ਜ਼ਿਆਦਾ ਜ਼ੋਰ ਦਿਤਾ ਗਿਆ ਹੈ, ਪਰ ਮੌਜੂਦਾ ਹਾਲਤ ਵਿਚ, ਇਨ੍ਹਾਂ ਦੀ ਗੁੰਜਾਇਸ਼ ਵੀ ਸੀਮਤ ਹੈ। ਇਸ ਲਈ, ਟੈਕਸਾਂ ਅਤੇ ਟੈਕਸਾਂ ਤੋਂ ਬਿਨਾਂ ਹੋਰ ਵਸੂਲੀਆਂ ਦੇ ਸਾਧਨ ਜੁਟਾਉਣ ਤੋਂ ਬਗੈਰ ਕੋਈ ਚਾਰਾ ਬਾਕੀ ਨਹੀਂ ਰਹਿੰਦਾ।

ਸਾਧਨ ਜੁਟਾਉਣ ਸਮੇਂ, ਸਾਡੀ ਨੀਤੀ ਇਹ ਹੈ ਕਿ ਅਜਿਹਾ ਕਰਨ ਨਾਲ ਪੈਣ ਵਾਲਾ ਅਧਿਕ ਭਾਰ, ਜਿਥੋਂ ਤਕ ਸੰਭਵ ਹੋ ਸਕੇ, ਕਮਜ਼ੋਰ ਅਤੇ ਗ਼ਰੀਬ ਲੋਕਾਂ ਤੇ ਨਾ ਪਵੇ। ਇਸ ਲਈ, ਸ਼ਹਿਰੀ ਅਤੇ ਦਿਹਾਤੀ ਦੋਹਾਂ ਖੇਤਰਾਂ ਵਿਚ ਘੱਟ ਆਮਦਨ ਵਾਲੇ ਗਰੁਪਾਂ ਨੂੰ ਰੀਲੀਫ਼ ਦੇਣ ਲਈ, ਚਾਲੂ ਸਾਲ ਦੇ ਦੌਰਾਨ ਬੋਝਲ ਸਮਝੇ ਜਾਂਦੇ ਕੁਝ ਕੁ ਟੈਕਸਾਂ ਨੂੰ ਖ਼ਤਮ ਕਰਨ ਲਈ ਕਦਮ ਉਠਾਏ ਗਏ ਸਨ। ਅਜਿਹੀ ਕਾਰਵਾਈ ਕਰਨ ਨਾਲ ਆਮਦਨ ਵਿਚ ਹੋਈ ਕਮੀ ਤੋਂ ਇਲਾਵਾ, ਸਕੂਲਾਂ ਅਤੇ ਕਾਲਜਾਂ ਦੇ ਅਧਿਆਪਕਾਂ ਦੇ ਤਨਖਾਹ-ਸਕੇਲਾਂ ਵਿਚ ਸੋਧ ਕੀਤੇ ਜਾਣ ਅਤੇ ਕਰਮਚਾਰੀਆਂ ਨੂੰ ਕੇਂਦਰੀ ਦਰਾਂ ਤੇ ਮਹਿੰਗਾਈ-ਭੱਤਾ ਦੇਣ ਕਾਰਨ ਖਜ਼ਾਨੇ ਤੇ ਅਧਿਕ ਆਵਰਤਕ ਦੇਣਦਾਰੀਆਂ ਦਾ ਹੋਰ ਭਾਰ ਪੈ ਗਿਆ ਹੈ। ਸਮੁੱਚੇ ਤੌਰ ਤੇ, 1967-68 ਦੇ ਦੌਰਾਨ ਇਨ੍ਹਾਂ ਦੇਣਦਾਰੀਆਂ ਵਿਚ 14 ਕਰੋੜ ਰੁਪਏ ਦਾ ਅਧਿਕ ਆਵਰਤਕ ਖ਼ਰਚ ਸ਼ਾਮਲ ਹੈ। ਐਪਰ, ਕੁਝ ਕੁ ਹੋਰ ਟੈਕਸ ਲਾਉਣ, ਨਾਨ ਪਲਾਨ ਆਮਦਨ ਦੇ ਬਜਟ ਵਿਚ 4 ਫ਼ੀ ਸਦੀ ਕਟੌਤੀ ਕਰਨ, ਰਾਜ ਦੀ ਆਬਕਾਰੀ ਨੀਤੀ ਨੂੰ ਬਦਲਣ, ਅਨਾਜ ਦੀ ਬਰਾਮਦ ਤੇ ਉਪ ਕਰ ਲਾਉਣ ਅਤੇ ਖੁਰਾਕ ਬੋਨਸ ਦੀ ਵਸੂਲੀ ਕਾਰਨ ਪ੍ਰਾਪਤ ਹੋਈ ਅਧਿਕ ਆਮਦਨ ਨਾਲ ਕੇਵਲ ਮੁੱਢਲਾ ਘਾਟਾ ਅਤੇ ਉਕਤ ਦਰਸਾਈਆਂ ਅਧਿਕ ਦੇਣਦਾਰੀਆਂ ਦੇ ਸਿੱਟੇ ਵਜੋਂ ਆਮਦਨ ਵਿਚ ਹੋਈ ਕਮੀ ਹੀ ਪੂਰੀ ਹੋ ਸਕੀ। ਇਸ ਦਾ ਸਿੱਟਾ ਇਹ ਨਿਕਲਿਆ ਕਿ ਯਜਨਾ ਲਈ ਚੋਖੇ ਸਾਧਨ ਮੁਹੱਈਆ ਨਾ ਕੀਤੇ ਜਾ ਸਕੇ। ਇਸ ਤਰ੍ਹਾਂ ਕੁਦਰਤੀ ਤੌਰ ਤੇ 1967-68 ਦੀ ਯੋਜਨਾ ਤੇ ਪੈਸੇ ਲਾਉਣ ਲਈ ਰਾਜ ਨੂੰ ਸੰਕੋਚ ਤੋਂ ਕੰਮ ਲੈਣਾ ਪਿਆ ਅਤੇ ਵਧੇਰੇ ਕੇਂਦਰੀ ਸਹਾਇਤਾ ਪ੍ਰਾਪਤ ਨਾ ਹੋਣ ਦੀ ਸੂਰਤ ਵਿਚ, ਉਕਤ ਯੋਜਨਾ ਦਾ ਖ਼ਰਚ 53 ਕਰੋੜ ਤੋਂ ਘਟਾ ਕੇ 44 ਕਰੋੜ ਰੁਪਏ ਕਰਨਾ ਪਿਆ। ਮੌਜੂਦਾ ਸਾਧਨਾਂ ਦੇ ਆਧਾਰ ਤੇ ਯੋਜਨਾ ਕਮਿਸ਼ਨ ਦੇ ਅਨੁਮਾਨ ਅਨੁਸਾਰ, 1968-69 ਲਈ ਪੰਜਾਬ ਯੋਜਨਾ ਦਾ ਆਕਾਰ 29.5 ਕਰੋੜ ਰੁਪਏ ਤੋਂ ਵਧ ਨਹੀਂ ਬਣਦਾ। ਫਿਰ, ਵੀ ਪਹਿਲਾਂ ਹੀ ਚਲ ਰਹੀਆਂ ਸਕੀਮਾਂ ਅਤੇ ਵਿਕਾਸ ਦੀਆਂ ਘੱਟੋ ਘੱਟ ਲੋੜਾਂ

[ਵਿਤ ਮੰਤਰੀ]

ਨੂੰ ਮੁਖ ਰਖਦੇ ਹੋਏ, ਇਹ ਅਤਿਅੰਤ ਜ਼ਰੂਰੀ ਹੈ ਕਿ ਯੋਜਨਾ ਨੂੰ ਘੱਟੋ ਘੱਟ 37 ਕਰੋੜ ਰੁਪਏ ਦੀ ਪੱਧਰ ਤਕ ਰਖਿਆ ਜਾਵੇ। ਇਸ ਆਕਾਰ ਦੀ ਯੋਜਨਾ ਨਾਲ ਵੀ 7.5 ਕਰੋੜ ਰੁਪਏ ਦਾ ਖੱਪਾ ਰਹਿ ਜਾਵੇਗਾ। ਇਸ ਲਈ, ਸਰਕਾਰ ਪਾਸ ਅਗਲੇ ਵਿੱਤੀ ਸਾਲ ਦੇ ਦੌਰਾਨ ਹੋਰ ਸਾਧਨ ਪੈਦਾ ਕਰਨ ਦੇ ਸਿਵਾ ਕੋਈ ਹੋਰ ਚਾਰਾ ਨਹੀਂ।

ਸਾਧਨ ਪੈਦਾ ਕਰਨ ਵਾਸਤੇ ਕਾਰਵਾਈਆਂ ਸੋਚਣ ਸਮੇਂ ਇਸ ਗੱਲ ਦਾ ਬਹੁਤ ਧਿਆਨ ਰਖਿਆ ਗਿਆ ਹੈ ਕਿ ਆਮ ਜਨਤਾ ਤੇ ਆਮ ਤੌਰ ਤੇ, ਅਤੇ ਗਰੀਬ ਲੋਕਾਂ ਤੇ ਖ਼ਾਸ ਤੌਰ ਤੇ, ਘੱਟ ਤੋਂ ਘੱਟ ਬੋਝ ਪਾਇਆ ਜਾਵੇ। ਇਸ ਲਈ, ਕਿਸੇ ਚੀਜ਼ ਤੋਂ ਫਾਇਦਾ ਉਠਾਉਣ ਵਾਲੇ ਲੋਕਾਂ ਤੋਂ ਸਰਕਾਰ ਨੂੰ ਹੋਣ ਵਾਲੀ ਗ਼ੈਰ-ਟੈਕਸ ਵਸੂਲੀ ਤੇ ਜ਼ਿਆਦਾ ਜ਼ੋਰ ਦਿਤਾ ਗਿਆ ਹੈ, ਜਿਸ ਦਾ ਬੋਝ ਕੁਦਰਤੀ ਤੌਰ ਤੇ ਉਨ੍ਹਾਂ ਲੋਕਾਂ ਤੇ ਹੀ ਪਵੇਗਾ ਜਿਹੜੇ ਅਸਲ ਵਿਚ ਉਸ ਚੀਜ਼ ਨੂੰ ਵਰਤਦੇ ਹਨ। ਜਿਥੋਂ ਤਕ ਕਿ ਟੈਕਸ ਲਾਉਣ ਸਮੇਂ, ਇਹ ਕੋਸ਼ਿਸ਼ ਕੀਤੀ ਗਈ ਹੈ ਕਿ ਉਸ ਨੂੰ ਕਿਸੇ ਅਜਿਹੇ ਨਿਸ਼ਚਿਤ ਪ੍ਰੋਗਰਾਮ ਨਾਲ ਜੋੜ ਦਿਤਾ ਜਾਵੇ ਜਿਸ ਨੂੰ ਪੂਰਾ ਕਰਨ ਲਈ ਆਮ ਜਨਤਾ ਪਹਿਲਾਂ ਹੀ ਬੜੀ ਚਾਹਵਾਨ ਹੈ।

ਹੇਠ ਲਿਖਿਆਂ ਕਾਰਵਾਈਆਂ ਕਰਨ ਦੀ ਤਜਵੀਜ਼ ਹੈ :—

(1) ਪੰਜਾਬ ਦਾ ਸਿੰਜਾਈ ਅਧੀਨ ਅਸਲ ਰਕਬਾ 60 ਫ਼ੀ ਸਦੀ ਹੈ, ਜਦੋਂ ਕਿ ਇਸ ਦੇ ਮੁਕਾਬਲੇ ਵਿਚ ਦੇਸ਼ ਦਾ ਔਸਤ ਸਿੰਜਾਈ ਅਧੀਨ ਰਕਬਾ 19 ਫ਼ੀ ਸਦੀ ਹੈ। ਸਿੰਜਾਈ ਦਾ ਵੱਡਾ ਸਾਧਨ ਨਹਿਰਾਂ ਹਨ। ਰਾਜ ਨੂੰ ਇਸ ਸਮੇਂ ਆਬਿਆਨੇ ਤੋਂ ਹੋਣ ਵਾਲੀ ਆਮਦਨ ਇੰਨੀ ਘੱਟ ਹੈ ਕਿ ਉਸ ਨਾਲ ਨਹਿਰਾਂ ਦੀ ਸੰਭਾਲ ਉਨ੍ਹਾਂ ਨੂੰ ਚਲਾਉਣ ਅਤੇ ਲੱਗੀ ਪੂੰਜੀ ਦਾ ਵਿਆਜ ਵੀ ਪੂਰਾ ਨਹੀਂ ਹੁੰਦਾ ਅਤੇ ਜਿਸ ਦੇ ਫਲ ਸਰੂਪ ਸਰਕਾਰ ਨੂੰ ਲਗਭਗ 2 ਕਰੋੜ ਰੁਪਏ ਸਾਲਾਨਾ ਨੁਕਸਾਨ ਹੁੰਦਾ ਹੈ। ਉਂਜ ਭੀ ਇਹ ਦਰ ਦੇਸ਼ ਭਰ ਵਿਚ ਸਭ ਤੋਂ ਘੱਟ ਹਨ, ਇਥੋਂ ਤਕ ਕਿ ਨਾਲ ਲਗਦੇ ਰਾਜ ਉਤਰ ਪ੍ਰਦੇਸ਼ ਵਿਚ ਇਹ 100 ਫ਼ੀ ਸਦੀ ਅਤੇ ਰਾਜਸਥਾਨ ਵਿਚ 50 ਫ਼ੀ ਸਦੀ ਵਧ ਹਨ। ਸਿੰਜਾਈ ਉਤੇ ਲਗਿਆ ਆਬਿਆਨਾ ਸਪਲਾਈ ਕੀਤੇ ਪਾਣੀ ਅਤੇ ਕੀਤੀਆਂ ਸੇਵਾਵਾਂ ਲਈ ਇਕ ਪ੍ਰਕਾਰ ਦੀ ਕੀਮਤ ਹੀ ਹੈ। ਇਸ ਲਈ ਸਰਕਾਰ ਵਾਜਬ ਨਹੀਂ ਸਮਝਦੀ ਕਿ ਉਸ ਦੇ ਸਾਧਨਾਂ ਨੂੰ ਇਸ ਤਰ੍ਹਾਂ ਦਾ ਘਾਟਾ ਪੈਂਦਾ ਰਹੇ। ਇਸ ਲਈ ਇਹ ਜ਼ਰੂਰੀ ਹੈ ਕਿ ਇਸ ਵੇਲੇ ਪ੍ਰਚਲਤ ਆਸਾਵੀਂ ਹਾਲਤ ਨੂੰ ਠੀਕ ਕੀਤਾ ਜਾਵੇ ਜਿਸ ਵਿਚ ਕਿ ਅਣਸਿੰਜੇ ਇਲਾਕਿਆਂ ਦੇ

ਗਰੀਬ ਕਿਸਾਨਾਂ ਨੂੰ ਅਤੇ ਉਨ੍ਹਾਂ ਆਮ ਲੋਕਾਂ ਨੂੰ, ਜੋ ਰਾਜ ਦੀ ਆਮ ਆਮਦਨ ਵਿੱਚ ਹਿੱਸਾ ਪਾਉਂਦੇ ਹਨ, ਅਮੀਰ ਕਿਸਾਨਾਂ ਦੀ ਸਹਾਇਤਾ ਕਰਨੀ ਪੈਂਦੀ ਹੈ। ਮਈ, 1967 ਵਿੱਚ ਹੋਈ ਰਾਜਾਂ ਦੇ ਸਿੰਜਾਈ ਅਤੇ ਬਿਜਲੀ ਮੰਤਰੀਆਂ ਦੀ ਤੀਜੀ ਕਾਨਫਰੰਸ ਨੇ ਵੀ ਇਹ ਸਿਫਾਰਸ਼ ਕੀਤੀ ਸੀ ਕਿ ਹੋਰ ਸਾਧਨ ਲੱਭਣ ਦੀ ਸਖ਼ਤ ਜ਼ਰੂਰਤ ਨੂੰ ਸਾਹਮਣੇ ਰਖਦੇ ਹੋਏ ਨਿਜਲਿੰਗਗੱਪਾ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ, ਆਬਿਆਨਾ ਉਚਿਤ ਤੌਰ ਤੇ ਨਿਸ਼ਚਿਤ ਕੀਤਾ ਜਾਵੇ, ਤਾਂ ਜੋ ਘੱਟੋ ਘੱਟ ਵਿਆਜ ਅਤੇ ਸਿੰਜਾਈ ਕਾਰਜਾਂ ਦੀ ਸੰਭਾਲ ਦੇ ਖ਼ਰਚ ਨੂੰ ਤਾਂ ਪੂਰਾ ਕੀਤਾ ਜਾ ਸਕੇ। ਭਾਵੇਂ ਇਸ ਆਧਾਰ ਤੇ ਇਸ ਗੱਲ ਦਾ ਧਿਆਨ ਰਖਦੇ ਹੋਏ ਕਿ ਮੌਜੂਦਾ ਦਰ ਕਾਫ਼ੀ ਦੇਰ ਤੋਂ ਚਾਲੂ ਹਨ, ਇਨ੍ਹਾਂ ਦਰਾਂ ਵਿਚ 100 ਫੀਸਦੀ ਵਾਧਾ ਕਰਨਾ ਵੀ ਜਾਇਜ਼ ਬਣਦਾ ਹੈ, ਅਗਲੇ ਵਿੱਤੀ ਸਾਲ ਤੋਂ ਆਬਿਆਨਾ 50 ਫੀਸਦੀ ਵਧਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਨਾਲ 1 ਕਰੋੜ 50 ਲੱਖ ਰੁਪਏ ਦੀ ਹੋਰ ਆਮਦਨ ਹੋਵੇਗੀ।

(2) ਸਿੰਜਾਈ ਦੇ ਮੰਤਵਾਂ ਲਈ ਰਾਜ ਵਿਚ ਬਹੁਤ ਸਾਰੇ ਟਿਊਬਵੈਲ ਲਾਏ ਗਏ ਹਨ। ਟਿਊਬਵੈਲਾਂ ਦੇ ਪਾਣੀ ਤੋਂ ਲਾਭ ਉਠਾਉਣ ਵਾਲੇ ਜ਼ਿਮੀਦਾਰਾਂ ਪਾਸੋਂ ਆਬਿਆਨੇ ਦੇ ਦਰਾਂ ਤੇ ਰਕਮ ਵਸੂਲ ਕੀਤੀ ਜਾਂਦੀ ਹੈ, ਜਿਸ ਨਾਲ ਟਿਊਬਵੈਲਾਂਨੂੰ ਚਲਾਉਣ ਦੇ ਖ਼ਰਚ ਵੀ ਪੂਰੇ ਨਹੀਂ ਹੁੰਦੇ। ਇਨ੍ਹਾਂ ਟਿਊਬਵੈਲਾਂ ਨੂੰ ਚਲਾਉਣ ਨਾਲ 1964-65 ਤੋਂ 1966-67 ਦੇ ਸਾਲਾਂ ਦੇ ਦੌਰਾਨ 30 ਤੋਂ 35 ਲੱਖ ਰੁਪਏ ਦਾ ਸਾਲਾਨਾ ਘਾਟਾ ਪੈਂਦਾ ਰਿਹਾ ਹੈ। ਇਸ ਘਾਟੇ ਨੂੰ ਪੂਰਾ ਕਰਨ ਤੇ ਬਿਜਲੀ ਜ਼ਾਇਆ ਨਾ ਕਰਨ ਅਤੇ ਟਿਊਬਵੈਲਾਂ ਦੇ ਪਾਣੀ ਦੀ ਅੰਧਾ-ਧੁੰਦ ਵਰਤੋਂ ਨੂੰ ਰੋਕਣ ਲਈ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਯੂਨਿਟ-ਦਰ ਪ੍ਰਣਾਲੀ ਲਾਗੂ ਕਰ ਦਿਤੀ ਜਾਵੇ ਅਤੇ ਵਰਤੀ ਗਈ ਬਿਜਲੀ ਤੇ 25 ਪੈਸੇ ਫ਼ੀ ਯੂਨਿਟ ਦੇ ਦਰ ਨਾਲ ਰਕਮ ਵਸੂਲ ਕੀਤੀ ਜਾਵੇ। ਇਸ ਨਾਲ ਟਿਊਬਵੈਲ ਸਿੰਜਾਈ ਸਬੰਧੀ ਆਮਦਨ ਵਿਚਲਾ ਘਾਟਾ ਬਿਲਕੁਲ ਪੂਰਾ ਹੋ ਜਾਵੇਗਾ।

(3) ਪੰਜਾਬ ਸਰਕਾਰ ਸਿਖਿਆ ਉਤੇ ਆਪਣੇ ਬਜਟ ਦਾ ਬਹੁਤ ਵਡਾ ਭਾਗ ਖ਼ਰਚ ਕਰਦੀ ਰਹੀ ਹੈ। ਕੋਠਾਰੀ ਕਮਿਸ਼ਨ ਅਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ ਕਰਕੇ, ਰਾਜ-ਸਰਕਾਰ ਦੇ ਸਿਖਿਆ ਸਬੰਧੀ ਖ਼ਰਚ ਵਿਚ ਚੋਖਾ ਵਾਧਾ ਹੋ ਗਿਆ ਹੈ। ਰਾਜ ਸਰਕਾਰ ਦੀ, ਰਾਜ ਦੇ ਲੋਕਾਂ ਨੂੰ ਦਿਤੀ ਜਾਣ ਵਾਲੀ ਸਿਖਿਆ

ਸਬੰਧੀ ਨਾ ਕੇਵਲ ਮਾਤਰਾ ਦੇ ਪਖੋਂ ਹੀ ਸੁਧਾਰ ਕਰਨ ਦੀ ਤਜਵੀਜ਼ ਹੈ, ਸਗੋਂ ਇਸ ਦੇ ਮਿਆਰ ਨੂੰ ਵੀ ਉਚੇਰਾ ਕਰਨ ਦੀ ਤਜਵੀਜ਼ ਹੈ। ਇਸ ਲਈ ਛੇਵੀਂ ਤੋਂ ਅਠਵੀਂ ਸ਼ਰੇਣੀ ਦੇ ਵਿਦਿਆਰਥੀਆਂ ਪਾਸੋਂ ਫ਼ੀਸ ਵਸੂਲ ਕਰਨ ਦਾ ਫੈਸਲਾ ਕੀਤਾ ਗਿਆ ਹੈ, ਜਿਸ ਨਾਲ 1 ਕਰੋੜ 20 ਲੱਖ ਰਪਏ ਦੀ ਵਧੀਕ ਆਮਦਨ ਹੋਵੇਗੀ। ਪਰ ਗਰੀਬ ਅਤੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਰਿਆਇਤਾਂ ਪਹਿਲਾਂ ਵਾਂਗ ਹੀ ਮਿਲਦੀਆਂ ਰਹਿਣਗੀਆਂ।

(ਇਕ ਆਵਾਜ਼ : ਸ਼ੇਮ, ਸ਼ੇਮ।)

(4) ਰਾਜ ਨੇ 16 ਕਰੋੜ ਰੁਪਏ ਦੀ ਲਾਗਤ ਨਾਲ ਪਿੰਡਾਂ ਨੂੰ ਜਾਣ ਵਾਲੀਆਂ 2600 ਮੀਲ ਲੰਮੀਆਂ ਸੜਕਾਂ ਬਣਾਉਣ ਲਈ ਇਕ "ਕਰੈਸ਼-ਪ੍ਰੋਗਰਾਮ" ਸ਼ੁਰੂ ਕੀਤਾ ਹੈ। ਸਾਡੇ ਖੇਤਾਂ ਅਤੇ ਫੈਕਟਰੀਆਂ ਵਿਚੋਂ ਵਧੇਰੇ ਉਪਜ ਮਿਲਣ ਨਾਲ, ਇਹ ਜ਼ਰੂਰੀ ਹੈ, ਕਿ ਰਾਜ ਦੇ ਸਾਰੇ ਪਿੰਡਾਂ ਨੂੰ ਮਾਰਕੀਟਿੰਗ ਅਤੇ ਵੰਡ-ਕੇਂਦਰਾਂ ਨਾਲ ਮਿਲਾਉਣ ਲਈ ਸੜਕਾਂ ਠੀਕ ਠਾਕ ਹੋਣ ਤਾਂ ਜੋ ਥੋੜੇ ਤੋਂ ਥੋੜੇ ਸਮੇਂ ਵਿਚ ਇਕ ਥਾਂ ਤੋਂ ਦੂਜੀ ਥਾਂ ਤੇ ਮਾਲ ਅਤੇ ਖਾਸ ਕਰਕੇ ਜ਼ਰਾਇਤੀ ਪੈਦਾਵਾਰ ਪਹੁੰਚਾਈ ਜਾ ਸਕੇ। ਇਸ ਲਾਗਤ ਦੇ ਇਕ ਭਾਗ ਨੂੰ ਪੂਰਾ ਕਰਨ ਲਈ, ਇਹ ਫੈਸਲਾ ਕੀਤਾ ਗਿਆ ਹੈ ਕਿ ਸੌ ਰੁਪਏ ਪਿਛੇ 40 ਪੈਸੇ ਦੀ ਮੰਡੀ ਫ਼ੀਸ ਨੂੰ ਵਧਾ ਕੇ ਇਕ ਰੁਪਿਆ ਕਰ ਦਿਤਾ ਜਾਵੇ। ਸੌ ਰੁਪਏ ਪਿਛੇ 60 ਪੈਸੇ ਦੇ ਇਸ ਵਾਧੇ ਕਾਰਨ ਅੰਦਾਜ਼ਾ ਹੈ ਕਿ ਪ੍ਰਤੀ ਸਾਲ 1 ਕਰੋੜ 20 ਲੱਖ ਰੁਪਏ ਦੀ ਰਕਮ ਪ੍ਰਾਪਤ ਹੋਵੇਗੀ ਅਤੇ ਇਹ ਰਕਮ ਪਿੰਡਾਂ ਨੂੰ ਜਾਣ ਵਾਲੀਆਂ ਸੜਕਾਂ ਬਣਾਉਣ ਲਈ ਵਰਤੀ ਜਾਵੇਗੀ।

(5) ਆਰਥਕ ਵਿਕਾਸ ਦੀਆਂ ਵਡੀਆਂ ਜ਼ਿੰਮੇਵਾਰੀਆਂ ਨੂੰ ਸੰਭਾਲਣ ਦੇ ਨਾਲ ਨਾਲ, ਸਰਕਾਰ ਕਾਫ਼ੀ ਸਮਾਜਕ ਸੇਵਾਵਾਂ ਅਤੇ ਮੂਲ ਸਹੂਲਤਾਂ ਦਾ ਪ੍ਰਬੰਧ ਕਰਨ ਲਈ ਤਾਂਘਦੀ ਰਹੀ ਹੈ। ਇਸ ਲਈ ਸਿਖਿਆ ਤੋਂ ਬਾਦ ਸਿਹਤ ਅਤੇ ਡਾਕਟਰੀ ਇਲਾਜ ਤੇ ਬਹੁਤ ਹੀ ਜ਼ਿਆਦਾ ਜ਼ੋਰ ਦਿਤਾ ਜਾ ਰਿਹਾ ਹੈ। ਰਾਸ਼ਟਰੀ ਸਿਹਤ ਕੌਂਸਲ ਨੇ 1967 ਵਿਚ ਸਿਫ਼ਾਰਸ਼ ਕੀਤੀ ਸੀ ਕਿ ਆਊਟ ਡੋਰ ਰੋਗੀਆਂ ਤੇ ਹਸਪਤਾਲ ਆਉਣ ਸਮੇਂ ਹਰ ਵਾਰੀ 10 ਪੈਸੇ ਅਤੇ ਹਸਪਤਾਲ ਵਿਚ ਦਾਖਲ ਹੋਏ ਰੋਗੀਆਂ ਤੇ 25 ਪੈਸੇ ਰੋਜ਼ਾਨਾ ਦਾ ਸਿਹਤ ਉਪ ਕਰ ਲਾਇਆ

ਜਾਵੇ । ਇਸ ਤਰ੍ਹਾਂ ਉਗਰਾਹੀ ਰਕਮ ਨੂੰ ਮਰੀਜ਼ਾਂ ਲਈ ਦਵਾਈਆਂ ਖਰੀਦਣ ਅਤੇ ਡਾਕਟਰੀ ਸਹੂਲਤਾਂ ਨੂੰ ਹੋਰ ਬਿਹਤਰ ਬਣਾਉਣ ਲਈ ਵਰਤਿਆ ਜਾਵੇਗਾ । ਰਾਸ਼ਟਰੀ ਸਿਹਤ ਕੌਂਸਲ ਦੀ ਇਸ ਸਿਫਾਰਸ਼ ਨੂੰ ਮੰਨ ਲੈਣ ਦਾ ਫੈਸਲਾ ਕੀਤਾ ਗਿਆ ਹੈ, ਜਿਸ ਨਾਲ ਆਮਦਨ ਵਿਚ 20 ਲੱਖ ਰੁਪਏ ਦਾ ਵਾਧਾ ਹੋਵੇਗਾ ।

(6) ਅਜਿਹੇ ਸੰਸਾਰ ਵਿਚ, ਜਿਸ ਵਿਚ ਇਖ਼ਲਾਕੀ ਕਦਰਾਂ ਵਿਚ ਤੇਜ਼ੀ ਨਾਲ ਪਰਿਵਰਤਨ ਆ ਰਿਹਾ ਹੈ, ਜ਼ਰੂਰੀ ਜਾਪਦਾ ਹੈ ਕਿ ਲੋਕਾਂ ਦੀ ਜੁਆਰੀਆ ਬਿਰਤੀ ਨੂੰ ਲਾਭਦਾਇਕ ਕੰਮਾਂ ਵੱਲ ਲਾਇਆ ਜਾਵੇ । ਸੰਸਾਰ ਦੇ ਕਈ ਦੇਸ਼ਾਂ ਵਿਚ, ਸਰਕਾਰਾਂ ਆਪ ਲਾਟਰੀਆ ਚਲਾਉਂਦੀਆਂ ਹਨ ਅਤੇ ਇਸ ਸਾਧਨ ਤੋਂ ਪ੍ਰਾਪਤ ਹੋਈ ਆਮਦਨ ਲੋਕਾਂ ਨੂੰ ਵਧੇਰੇ ਸਹੂਲਤਾਂ ਦੇਣ ਲਈ ਵਰਤੀ ਜਾਂਦੀ ਹੈ । ਕੇਰਲ ਸਰਕਾਰ ਨੇ ਵੀ ਹੁਣੇ ਜਿਹੇ ਹੀ ਸਰਕਾਰੀ ਲਾਟਰੀਆਂ ਦੀ ਸਕੀਮ ਸ਼ੁਰੂ ਕੀਤੀ ਹੈ । ਪੰਜਾਬ ਸਰਕਾਰ ਨੇ ਵੀ ਅਗਲੇ ਸਾਲ ਤੋਂ ਇਸ ਸਕੀਮ ਨੂੰ ਅਪਨਾਉਣ ਦਾ ਫੈਸਲਾ ਕੀਤਾ ਹੈ, ਜਿਸ ਨਾਲ 45 ਲੱਖ ਰੁਪਏ ਦੀ ਆਮਦਨ ਹੋਵੇਗੀ । (ਪ੍ਰਸ਼ੰਸਾ) ਇਸ ਸਕੀਮ ਦੀ ਆਮਦਨ ਨੂੰ ਹਸਪਤਾਲ ਅਤੇ ਸਕੂਲ ਬਣਾਉਣ ਅਤੇ ਉਨ੍ਹਾ ਲਈ ਲੋੜੀਂਦਾ ਸਾਜ਼-ਸਾਮਾਨ ਖਰੀਦਣ ਵਰਗੇ ਸਮਾਜ ਸੇਵਾ ਦੇ ਨਿਸਚਿਤ ਪ੍ਰੋਗਰਾਮਾਂ ਲਈ ਵਰਤਿਆ ਜਾਵੇਗਾ ।

(7) ਘਟ ਮਹੱਤਤਾ ਵਾਲੇ ਖਣਿਜ ਪਦਾਰਥਾਂ ਸਬੰਧੀ ਰਾਇਲਟੀ ਦੇ ਦਰ ਬਹੁਤ ਚਿਰ ਪਹਿਲਾਂ ਨਿਯੱਤ ਕੀਤੇ ਗਏ ਸਨ ਅਤੇ ਇਹ ਬਹੁਤ ਹੀ ਘੱਟ ਹਨ । ਉਤਪਾਦਨ ਦੇ ਹਰ ਖੇਤਰ ਵਿਚ ਕੀਮਤਾਂ ਦੇ ਵਾਧੇ ਨੂੰ ਮੁੱਖ ਰਖਦਿਆਂ, ਇਹ ਫੈਸਲਾ ਕੀਤਾ ਗਿਆ ਹੈ ਕਿ ਇਸ ਸ਼ਰੇਣੀ ਦੇ ਖਣਿਜ ਪਦਾਰਥਾਂ ਸਬੰਧੀ ਰਾਇਲਟੀ ਦੇ ਦਰਾਂ ਵਿਚ 100 ਫ਼ੀ ਸਦੀ ਵਾਧਾ ਕਰ ਦਿਤਾ ਜਾਵੇ । ਇਸ ਵਾਧੇ ਨਾਲ 13 ਲੱਖ ਰੁਪਏ ਦੀ ਹੋਰ ਆਮਦਨ ਹੋ ਜਾਵੇਗੀ ।

(8) ਹਰ ਕੋਈ ਜਾਣਦਾ ਹੈ ਕਿ ਸਿਨਮਿਆਂ ਦੇ ਮਾਲਕ, ਸਿਨਮਿਆਂ ਤੋਂ ਚੋਖੀ ਆਮਦਨ ਪ੍ਰਾਪਤ ਕਰਦੇ ਹਨ ਜਿਹੜੀ ਕਿ ਮਨ-ਪਰਚਾਵੇ ਦਾ ਹੋਰ ਕੋਈ ਵਸੀਲਾ ਨਾ ਹੋਣ ਕਰਕੇ ਜਨਤਾ ਦੀਆਂ ਜੇਬਾਂ ਵਿਚੋਂ ਆਉਂਦੀ ਹੈ । ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਸ਼ੋ-ਟੈਕਸ ਵਿਚ ਵਾਧਾ ਕਰਨ ਨਾਲ ਸਿਨਮਿਆਂ ਦੇ ਮਾਲਕਾਂ ਤੇ ਕੋਈ ਬਹੁਤਾ ਭਾਰ ਨਹੀਂ ਪਵੇਗਾ । ਸ਼ੋ-ਟੈਕਸ ਦੇ ਦਰ ਵਿਚ 100 ਫ਼ੀ ਸਦੀ ਵਾਧਾ

ਵਿੱਤ ਮੰਤਰੀ]

ਕਰਨ ਦਾ ਫੈਸਲਾ ਕੀਤਾ ਗਿਆ ਹੈ। (ਪ੍ਰਸ਼ੰਸਾ) ਨਾਲ ਹੀ ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਸਿਨਮਿਆਂ ਦੇ ਮਾਲਕ ਇਸ ਵਾਧੇ ਦੇ ਭਾਰ ਨੂੰ ਸਿਨਮਾ ਦਰਸ਼ਕਾਂ ਉਤੇ ਨਾ ਪਾ ਦੇਣ। ਇਸ ਨਾਲ ਆਮਦਨ ਵਿਚ 6 ਲੱਖ ਰੁਪਏ ਦਾ ਵਾਧਾ ਹੋ ਜਾਵੇਗਾ। (ਆਵਾਜ਼ਾਂ : ਬਹੁਤ ਅੱਛਾ :—Very good.)

(9) ਅੱਜ ਕਲ੍ਹ ਸਿਨਮਿਆਂ ਵਿਚ ਫੀਚਰ-ਫਿਲਮਾਂ ਦੇ ਨਾਲ ਨਾਲ ਇਸ਼-ਤਿਹਾਰੀ ਫਿਲਮਾਂ ਵੀ ਵਿਖਾਇਆਂ ਜਾਂਦੀਆਂ ਹਨ। ਇਨ੍ਹਾਂ ਨੂੰ ਵਿਖਾਉਣਤੇ ਕੋਈ ਟੈਕਸ ਵਸੂਲ ਨਹੀਂ ਕੀਤਾ ਜਾਂਦਾ 100 ਫੁੱਟ ਦੀ ਫ਼ਿਲਮ ਤੇ ਸ਼ੋ-ਪ੍ਰਤੀ ਦੋ ਰੁਪਏ ਦਾ ਟੈਕਸ ਲਾਉਣ ਦੀ ਤਜਵੀਜ਼ ਹੈ। ਭਾਵੇਂ ਇਸ ਕਾਰਵਾਈ ਨਾਲ ਹੁਣ ਤਾਂ ਕੁਝ ਕੁ ਲੱਖ ਰੁਪਏ ਦੀ ਆਮਦਨ ਹੀ ਹੋਵੇਗੀ, ਪਰ ਵਿਕਾਸ ਕਰ ਰਹੀ ਆਰਥਕਤਾ ਵਿਚ ਇਹ ਇਕ ਅਜਿਹਾ ਸਾਧਨ ਸਮਝਿਆ ਗਿਆ ਹੈ ਜਿਸ ਦੇ ਵਧਣ ਦੀ ਆਸ ਹੈ (ਪ੍ਰਸ਼ੰਸਾ)

(10) ਭਾਰਤ ਸਰਕਾਰ ਨੇ ਪਿਛਲੇ ਸਾਲ ਰੇਲ ਦੇ ਭਾੜਿਆਂ ਵਿਚ ਵਾਧਾ ਕੀਤਾ ਸੀ ਜਿਹੜਾ ਕਿ ਕੁਝ ਸੂਰਤਾਂ ਵਿਚ 5 ਫ਼ੀ ਸਦੀ ਅਤੇ ਬਾਕੀ ਸੂਰਤਾਂ ਵਿਚ 12½ ਤੋਂ 15 ਫ਼ੀ ਸਦੀ ਤਕ ਸੀ। ਇਸ ਗੱਲ ਨੂੰ ਧਿਆਨ ਵਿਚ ਰਖਦੇ ਹੋਏ ਕਿ ਰੇਲਾਂ ਨਾਲੋਂ ਬਸਾਂ ਬਹੁਤੀ ਗਿਣਤੀ ਵਿਚ ਚਲਦੀਆਂ ਹਨ, ਬਹੁਤੀ ਆਵਾਜਾਈ ਸੜਕ ਟ੍ਰਾਂਸਪੋਰਟ ਤੇ ਹੋ ਗਈ ਹੈ, ਬੱਸ ਮਾਲਕਾਂ ਨੂੰ ਹੋਣ ਵਾਲੇ ਵਾਧੂ ਲਾਭ ਵਿਚੋਂ ਕੁਝ ਹਿੱਸਾ ਲੈਣ ਦੇ ਖਿਆਲ ਨਾਲ, ਪੈਸਿੰਜਰ ਟੈਕਸ ਨੂੰ 25 ਤੋਂ 35 ਫ਼ੀ ਸਦੀ ਤਕ ਵਧਾਉਣ ਦਾ ਫੈਸਲਾ ਕੀਤਾ ਗਿਆ ਹੈ, ਜਿਸ ਨਾਲ 90 ਲੱਖ ਰੁਪਏ ਦੀ ਹੋਰ ਆਮਦਨ ਹੋਵੇਗੀ।

ਕੈਪਟਨ ਰਤਨ ਸਿੰਘ : ਇਹ ਤਾਂ ਮਾੜਾ ਕੀਤਾ ।

ਵਿੱਤ ਮੰਤਰੀ : (11) ਇਸ ਵੇਲੇ ਟੋਕਨ ਟੈਕਸ ਲਾਉਣ ਦੇ ਤਰੀਕੇ ਵਿਚ ਵਿ ਥੋੜਾ ਜਿਹਾ ਅਸਾਵਾਂਪਨ ਹੈ। 18 ਤੋਂ ਵਧ ਸੀਟਾਂ ਵਾਲੀਆਂ ਬੱਸਾਂ ਦੀ ਸੂਰਤ ਵਿਚ, 3,000 ਰੁਪਏ ਦੀ ਵਧ ਤੋਂ ਵਧ ਹੱਦ ਤਕ 75 ਰੁਪਏ ਪ੍ਰਤੀ ਸੀਟ ਦੇ ਹਿਸਾਬ ਨਾਲ ਟੋਕਨ ਟੈਕਸ ਅਦਾ ਕਰਨਾ ਪੈਂਦਾ ਹੈ। ਰਾਜ ਵਿਚ ਚਲ ਰਹੀਆਂ ਲਗਭਗ ਸਾਰੀਆ ਬਸਾਂ ਵਿਚ 40 ਤੋਂ ਵਧ ਸੀਟਾਂ

ਹੁੰਦੀਆਂ ਹਨ ਕਿਉਂਕਿ ਟੋਕਨ ਟੈਕਸ ਦੀ ਵਧ ਤੋਂ ਵਧ ਸੀਮਾ 3,000 ਰੁਪਏ ਹੈ, ਇਸ ਦਾ ਮਤਲਬ ਇਹ ਹੋਇਆ ਕਿ 40 ਤੋਂ ਉਪਰਲੀਆਂ ਸੀਟਾਂ ਲਈ ਕੋਈ ਟੋਕਨ ਟੈਕਸ ਚਾਰਜ ਨਹੀਂ ਕੀਤਾ ਜਾਂਦਾ । ਇਸ ਲਈ ਵਧ ਤੋਂ ਵਧ ਸੀਮਾ ਨੂੰ 3,000 ਰੁਪਏ ਤੋਂ ਵਧਾ ਕੇ 4,200 ਰੁਪਏ ਕਰ ਦੇਣ ਦਾ ਫੈਸਲਾ ਕੀਤਾ ਗਿਆ ਹੈ । ਅਜਿਹਾ ਕਰਨ ਨਾਲ 15 ਲੱਖ ਰੁਪਏ ਦੀ ਹੋਰ ਆਮਦਨ ਹੋਵੇਗੀ । (ਪ੍ਰਸ਼ੰਸਾ)

ਕੈਪਟਨ ਰਤਨ ਸਿੰਘ : ਇਹ ਤਾਂ ਚੰਗਾ ਕੀਤਾ ਹੈ ।

ਵਿੱਤ ਮੰਤਰੀ : (12) ਖੇਤੀਬਾੜੀ ਦੇ ਖੇਤਰ ਵਿਚ ਵਿਸਤ੍ਰਿਤ ਅਤੇ ਸੰਗਠਿਤ ਖੋਜ ਸ਼ੁਰੂ ਕਰਨ, ਪਿੰਡ ਵਾਸੀਆਂ ਨੂੰ ਉਨ੍ਹਾਂ ਦੀਆਂ ਜ਼ਰਾਇਤੀ ਲੋੜਾਂ ਦੇ ਸਬੰਧ ਵਿਚ ਅਮਲੀ ਸਿਖਿਆ ਦੇਣ ਅਤੇ ਖੋਜ ਦੇ ਸਿੱਟਿਆਂ ਨੂੰ ਖੇਤਾਂ ਤਕ ਪਹੁੰਚਾਉਣ ਲਈ ਸਾਲ 1962 ਵਿਚ ਲੁਧਿਆਣੇ ਵਿਖੇ ਪੰਜਾਬ ਜ਼ਰਾਇਤੀ ਯੂਨੀਵਰਸਿਟੀ ਕਾਇਮ ਕੀਤੀ ਗਈ ਸੀ । ਉਦੋਂ ਤੋਂ ਹੀ ਇਹ ਯੂਨੀਵਰਸਿਟੀ, ਖੇਤੀਬਾੜੀ ਅਤੇ ਪਸ਼ੂ-ਪਾਲਣ ਸਬੰਧੀ ਸਿਖਲਾਈ ਦੇ ਰਹੀ ਹੈ ਅਤੇ ਇਸ ਨੇ ਖੇਤੀਬਾੜੀ ਦੇ ਹੁਨਰ ਅਤੇ ਤਕਨੀਕ ਬਾਰੇ ਮਹੱਤਵਪੂਰਣ ਖੋਜ ਵੀ ਕਰਵਾਈ ਹੈ । ਇਸ ਤਰ੍ਹਾਂ ਸਿਖਿਆ ਦੇ ਮਾਧਿਅਮ ਵਜੋਂ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਅਤੇ ਮਾਨਵ-ਵਿਗਿਆਨ ਅਤੇ ਸਾਂਇੰਸ ਦੇ ਮਜ਼ਮੂਨਾਂ ਦੀ ਪੜ੍ਹਾਈ ਦਾ ਪ੍ਰਬੰਧ ਕਰਨ ਲਈ ਪਟਿਆਲੇ ਵਿਖੇ ਪੰਜਾਬੀ ਯੂਨੀਵਰਸਿਟੀ ਕਾਇਮ ਕੀਤੀ ਗਈ ਹੈ । ਰਾਜ ਸਰਕਾਰ ਇਨ੍ਹਾਂ ਦੋਹਾਂ ਯੂਨੀਵਰਸਿਟੀਆਂ ਦੇ ਵਿਕਾਸ ਲਈ ਚੋਖਾ ਖ਼ਰਚ ਕਰ ਰਹੀ ਹੈ । ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਿ ਸੀਮਤ ਸਾਧਨਾਂ ਕਾਰਨ ਇਨ੍ਹਾਂ ਦੋਹਾਂ ਵੱਡੀਆਂ ਸੰਸਥਾਵਾਂ ਦੇ ਵਿਕਾਸ ਵਿਚ ਕੋਈ ਰੁਕਾਵਟ ਪੈਂਦਾ ਨਾ ਹੋਵੇ, ਇਹ ਫੈਸਲਾ ਕੀਤਾ ਗਿਆ ਹੈ ਕਿ ਭੋਂ ਮਾਮਲੇ ਤੇ 50 ਫੀ ਸਦੀ ਦੇ ਦਰ ਤੇ ਅਧੀਕ ਸਰਚਾਰਜ ਲਾਇਆ ਜਾਵੇ ਜਿਵੇਂ ਕਿ ਕੁਰਕਸ਼ੇਤਰ ਯੂਨੀਵਰਸਿਟੀ ਦੇ ਵਿਕਾਸ ਅਤੇ ਹਰੀਜਨ ਕਲਿਆਨ ਫੰਡ ਕਾਇਮ ਕਰਨ ਲਈ ਪਹੀਲਾਂ ਕੀਤਾ ਗਿਆ ਸੀ । ਇਹ ਸਰਚਾਰਜ ਕੇਵਲ 5 ਸਟੈਂਡਰਡ ਏਕੜ ਤੋਂ ਵਧ ਜ਼ਮੀਨ ਉਤੇ ਹੀ ਲਾਇਆ ਜਾਵੇਗਾ ਅਤੇ ਆਸ ਕੀਤੀ ਜਾਂਦੀ ਹੈ ਕਿ ਇਸ ਤੋਂ 30 ਲੱਖ ਰੁਪਏ ਦੀ ਅਧਿਕ ਆਮਦਨ ਹੋਵੇਗੀ । ਇਹ ਸਰਚਾਰਜ ਚੌਥੀ ਯੋਜਨਾ ਦੇ ਅੰਤ ਤਕ ਜਾਰੀ ਰਖਿਆ ਜਾਵੇਗਾ ।

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਥੋੜਾ ਜਿਹਾ ਮੂੰਹ ਇਧਰ ਕਰ ਲਓ । (Dr. Sahib, please address the Chair)

ਵਿੱਤ ਮੰਤਰੀ : ਡੇਢ ਘੰਟਾ ਹੋਣ ਲਗਾ ਹੈ ਬੋਲਦਿਆ । ਜਰਾ ਪਾਸਾ ਪਰਤਿਆ ਸੀ ।

(13) ਜਦੋਂ ਕਿ ਅਚੱਲ ਜਾਇਦਾਦ ਦੀ ਵਿਕਰੀ ਸਬੰਧੀ ਇੰਤਕਾਲਨਾਮਿਆਂ ਤੇ ਅਸ਼ਟਾਮ ਡਿਊਟੀ 6 ਫ਼ੀ ਸਦੀ ਹੈ, ਹਿੱਬਾ ਅਤੇ ਰਹਿਨ ਨਾਲ ਸਬੰਧਤ ਲੈਣ ਦੇ ਦਰ ਕ੍ਰਮਵਾਰ 3 ਫ਼ੀ ਸਦੀ ਅਤੇ 2¼ ਫ਼ੀ ਸਦੀ ਹਨ ਜਿਸ ਦੇ ਸਿੱਟੇ ਵਜੋਂ ਸਰਕਾਰੀ ਆਮਦਨ ਵਿਚ ਕਮੀ ਹੋ ਜਾਂਦੀ ਹੈ । ਇਸ ਲਈ, ਅੱਚਲ ਜਾਇਦਾਦ ਦੇ ਹਿੱਬੇ ਅਤੇ ਰਹਿਨ ਦੇ ਅਸ਼ਟਾਮ ਦਰਾਂ ਨੂੰ ਇਕਸਾਰ ਕਰਨ ਲਈ, ਵਧਾ ਕੇ 5 ਫ਼ੀ ਸਦੀ ਕਰਨ ਦਾ ਫੈਸਲਾ ਕੀਤਾ ਗਿਆ ਹੈ ਅਜਿਹਾ ਕਰਨ ਨਾਲ ਵਧੇਰੇ ਆਮਦਨ ਹੋਵੇਗੀ ਅਤੇ ਸਰਕਾਰੀ ਆਮਦਨ ਦਾ ਘਾਟਾ ਵੀ ਪੂਰਾ ਹੋ ਜਾਵੇਗਾ । ਇਸ ਸਾਧਨ ਤੋਂ ਕੁਲ 20 ਲੱਖ ਰੁਪਏ ਦੀ ਆਮਦਨ ਹੋਣ ਦਾ ਅਨੁਮਾਨ ਹੈ ।

ਜਿਨ੍ਹਾਂ ਸਾਧਨਾਂ ਦਾ ਮੈਂ ਜ਼ਿਕਰ ਕੀਤਾ ਹੈ, ਉਨ੍ਹਾਂ ਤੋਂ 6 ਕਰੋੜ 66 ਲੱਖ ਰੁਪਏ ਦੀ ਹੋਰ ਆਮਦਨ ਹੋਣ ਦੀ ਆਸ ਹੈ । ਇਨ੍ਹਾਂ ਕਾਰਵਾਈਆਂ ਨਾਲ ਨਾ ਕੇਵਲ ਅਗਲੇ ਵਿੱਤੀ ਸਾਲ ਵਿਚ ਸਮੁੱਚਾ ਖੱਪਾ ਘਟੇਗਾ, ਸਗੋਂ ਚੌਥੀ ਪੰਜ ਸਾਲਾ ਯੋਜਨਾ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵੀ ਸਰਕਾਰ ਨੂੰ ਉਨ੍ਹਾਂ ਤੋਂ ਪੂਰਾ ਫਾਇਦਾ ਹੋਵੇਗਾ । ਇਸ ਲਈ, ਇਨ੍ਹਾਂ ਕਾਰਵਾਈਆਂ ਨੂੰ ਉਸ ਮੰਤਵ ਦੀ ਪੂਰਤੀ ਲਈ ਇਕ ਯਤਨ ਹੀ ਸਮਝਿਆ ਜਾਣਾ ਚਾਹੀਦਾ ਹੈ । ਇਸ ਦੇ ਨਾਲ ਨਾਲ, ਮੈਂ ਮਾਨਯੋਗ ਮੈਂਬਰਾਂ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਸਰਕਾਰੀ ਪ੍ਰਬੰਧ ਦੇ ਖ਼ਰਚੇ ਵਿਚ ਬਚਤ ਕਰ ਕੇ ਅਤੇ ਰਾਜ ਦੇ ਮੌਜੂਦਾ ਟੈਕਸਾਂ ਦੇ ਢਾਂਚੇ ਵਿਚ ਤਰੁਟੀਆਂ ਨੂੰ ਦੂਰ ਕਰ ਕੇ, ਜਿਨ੍ਹਾਂ ਕਰਕੇ ਕਿ ਟੈਕਸ ਦੀ ਚੋਰੀ ਹੁੰਦੀ ਹੈ, ਹੋਰ ਸਾਧਨ ਲੱਭਣ ਵਿਚ ਕੋਈ ਕਸਰ ਨਹੀਂ ਛੱਡੀ ਜਾਵੇਗੀ ।

20. ਸਿੱਟਾ ਸਾਲ 1968-69 ਦੇ ਬਜਟ ਅਨੁਮਾਨਾਂ ਵਿਚ 10 ਕਰੋੜ 41 ਲੱਖ ਰੁਪਏ ਦਾ ਸਮੁੱਚਾ ਖੱਪਾ ਹੈ । ਉਨ੍ਹਾਂ ਕਈ ਉਪਾਵਾਂ ਤੋਂ, ਜੋ ਕਿ ਮੈਂ ਹੁਣੇ ਦੱਸੇ ਹਨ, 6 ਕਰੋੜ 66 ਲੱਖ ਰੁਪਏ ਦੀ ਵਧੀਕ ਆਮਦਨ ਹੋ ਜਾਵੇਗੀ । 3 ਕਰੋੜ 75 ਲੱਖ ਰੁਪਏ ਦਾ ਬਾਕੀ ਖੱਪਾ ਅਣ-ਪੂਰਿਆ ਛਡ ਦੇਣ ਦੀ ਤਜਵੀਜ਼ ਹੈ । ਜੇ ਭਾਰਤ ਸਰਕਾਰ ਨੇ ਸਾਡਾ ਇਹ ਕਲੇਮ ਮੰਨ ਲਿਆ, ਜਿਸ ਦੀ ਕਿ ਸਾਨੂੰ ਆਸ ਹੈ, ਕਿ ਬਾਕੀ ਹਿੱਸਾ ਲੈਣ ਵਾਲੇ ਰਾਜਾਂ ਵਾਂਗ ਪਰਵਾਨਤ ਪ੍ਰਣਾਲੀ ਅਨੁਸਾਰ ਸਿੰਜਾਈ ਅਤੇ ਬਿਜਲੀ ਪ੍ਰਾਜੈਕਟਾਂ ਦੀ ਪੂਰੀ ਦੀ ਪੂਰੀ ਕੇਂਦਰੀ ਸਹਾਇਤਾ ਇਸ ਤਰ੍ਹਾਂ ਦੇ ਦਿੱਤੀ ਜਾਵੇ ਕਿ ਇਸ

ਦਾ ਅਸਰ ਹੋਰ ਦਿੱਤੀ ਜਾਣ ਵਾਲੀ ਸਹਾਇਤਾ ਤੇ ਨਾ ਪਵੇ, ਤਾਂ ਇਹ ਖੱਪਾ ਵੀ ਪੂਰਾ ਹੋ ਜਾਵੇਗਾ। ਕਿਸੇ ਵੀ ਹਾਲਤ ਵਿਚ, 1968-69 ਲਈ 37 ਕਰੋੜ ਰੁਪਏ ਤੋਂ ਘਟ ਦੀ ਯੋਜਨਾ ਸੰਭਵ ਨਹੀਂ ਹੋਵੇਗੀ। ਫਿਰ ਵੀ ਅਸੀਂ, ਆਪਣੇ ਵੱਲੋਂ ਹੋਰ ਸਾਧਨ ਲੱਭਣ ਲਈ ਵੱਧ ਤੋਂ ਵੱਧ ਸੰਭਵ ਕੋਸ਼ਿਸ਼ ਕੀਤੀ ਹੈ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਯੋਜਨਾ ਕਮਿਸ਼ਨ ਅਤੇ ਭਾਰਤ ਸਰਕਾਰ, ਇਸ ਪਾਸੇ ਕੀਤੇ ਯਤਨਾਂ ਦੀ ਸ਼ਲਾਘਾ ਕਰਨਗੇ ਅਤੇ ਸਾਡੀ ਜਾਇਜ਼ ਮੰਗ ਪੂਰੀ ਕਰਨ ਲਈ ਸਹਿਮਤ ਹੋ ਜਾਣਗੇ।

21. ਇਸ ਤੋਂ ਪਹਿਲਾਂ ਕਿ ਮੈਂ ਆਪਣਾ ਭਾਸ਼ਣ ਸਮਾਪਤ ਕਰਾਂ, ਮੈਂ ਧੰਨਵਾਦ ਵਿੱਤ ਸਕੱਤਰ ਅਤੇ ਵਿੱਤ ਵਿਭਾਗ ਦੇ ਹੋਰ ਅਫ਼ਸਰਾਂ ਅਤੇ ਕਰਮਚਾਰੀਆਂ ਦਾ, ਉਨ੍ਹਾਂ ਦੁਆਰਾ ਸਾਰਾ ਸਾਲ ਮਿਹਨਤ ਨਾਲ ਸੁਚੱਜਾ ਕੰਮ ਕਰਨ ਲਈ, ਧੰਨਵਾਦ ਕਰਦਾ ਹਾਂ। ਅਕਾਊਂਟੈਂਟ ਜਰਨਲ ਪੰਜਾਬ, ਵਲੋਂ ਦਿਤੀ ਗਈ ਵਡਮੁੱਲੀ ਸਹਾਇਤਾ ਲਈ ਵੀ, ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾ। ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ, ਚੰਡੀਗੜ੍ਹ ਅਤੇ ਉਨ੍ਹਾਂ ਦੇ ਅਮਲੇ ਦਾ ਵੀ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਨੇ ਬਜਟ ਨੂੰ ਸਮੇਂ ਸਿਰ ਛਾਪਣ ਵਿਚ ਪੂਰਾ ਸਹਿਯੋਗ ਦਿੱਤਾ ਹੈ। (ਪ੍ਰਸ਼ੰਸਾ)

ਤੇ ਹੁਣ ਸ਼੍ਰੀਮਾਨ ਜੀਓ, ਮੈਂ ਸਾਲ 1968-69 ਦੇ ਬਜਟ ਅਨੁਮਾਨ ਪੇਸ਼ ਕਰਨ ਦੀ ਆਗਿਆ ਮੰਗਦਾ ਹਾਂ।

ਜੈ ਹਿੰਦ

Mr. Speaker : I congraduate you, Doctor Sahib.

The House stands adjourned till 2.00 p. m. on Monday.

11-30 A.M. (*The Sabha then adjourned till 2.00 p. m. on* Monday *the* 4th *March, 1968*)

PUNJAB VIDHAN SABHA

DEBATES

4th March, 1969

Vol. I—No. 6

OFFICIAL REPORT

CONTENTS

Monday, the 4th March, 1968

	Pages
Starred Questions and Answers	... (6)1
Questions of Privilege	... (6)30
Call Attention Notices	... (6)37
Censure Motion	... (6)42
Papers Laid on the Table	... (6)44
—Amendments (Two notifications) made by the Governor in the Punjab Public Service Commission (Limitation of Functions) Regulations, 1955 and Corrigendum dated the 9th February, 1968 as required under Article 320 (5) of the Constitution.	
—Statement on Call Attention Notice No. (11)	
General Discussion on the Budget for the year 1968-69	... (6)45
Appendix (Unstarred Questions and Answers)	...

Punjab Vidhan Sabha Secretariat, Chandigarh.

Price : 2.00

ERRATA

TO

PUNJAB VIDHAN SABHA DEBATES

VOL. 1—No. 6.

DATED THE 4TH MARCH, 1968

Read	For	Page	Line
Com. Dalip Singh	Com. Dalip Singh	(6)5	5th from below
Tapiala	Tapila	(6)10	8th from below
Chintpurni	Chintpuri	(6)11	24
Bus	Bas	(6)13	12
Siri Hargobindpur	Sirhargobindpur	(6)13	20
ਇਕ ਸਾਲ	ਇਕ ਸਾਲ ਬਾਦ	(6)21	15
ਇਨਕੁਆਇਰੀ	ਇਨਕਲਾਇਰੀ	(6)28	11th from below
Gandiwind	Chandigarh	(6)29	5
decision	deeision	(6)31	4
ਬਾਰੇ	ਬਰੇ	(6)34	17
ਘਾਟਾ	ਘਟਾ	(6)48	3
ਸ਼ੇਮ	ਸ਼ੇਨ	(6)49	10
ਕੀ ਲੋੜ ਹੈ	ਲੋੜ ਹੈ	(6)49	10
ਸੇਫਗਾਰਡ	ਸੇਫਡਾਰਡ	(6)52	17
ਕਰਦੀ	ਕਰਦਾ	(6)52	4th from below
ਹੁੰਦਾ	ਹੁੰਦੀ	(6)53	last
ਸਾਡਾ	ਸ ਡਾ	(6)53	last
ਸਿਧੇ	ਸਿਬ	(6)54	2
ਸ਼੍ਰੀ ਸੱਤਪਾਲ ਡਾਂਗ	ਸ਼੍ਰੀ ਪਪਾਲ ਡਾਂਗ	(6)62	1
ਸਹਾਇਤਾ	ਸਕ੍ਹਾਇਤਾ	(6)63	14th from below
6,60	660	(6)65	18
ਆਦਮੀ	ਅ ਦਮੀ	(6)70	6th from below
ਦੂਸ਼ਣ	ਦੂਸ਼ਮਨ	(6)79	11th from below
ਰਾਸ਼ਨ	ਹਾਸ਼ਨ	(6)81	9th from below
मरढ़ी साहिब	मरढ़ साहिब	(6)87	2nd from below

PUNJAB VIDHAN SABHA

Monday, the 4th March, 1968,

The Vidhan Sabha met in the Hall of the Punjab Vidhan Bhavan Sector 1, Chandigarh, at 2.00 P.M. of the Clock. Mr. Speaker Lt. Col. Joginder Singh Mann, in the Chair.

STARRED QUESTIONS AND ANSWERS

Dissolution of all Parties Vigilance Committees.

*886. **Comrade Harkishan Singh Surjit** (put by Com. Dalip Singh Tapiala) : Will the Chief Minister be pleased to state :

(a) whether Government has dissolved the all-parties Vigilance Committees at district levels; if so, the reasons therefor ;

(b) if the reply to part (a) above be in the affirmative the steps, if any, proposed to be taken by the Government to set up an alternative machinery for vigilance ?

Sardar Lachhman Singh Gill :

(a) Yes, The Distt. Vigilance Committees were abolished because the Deputy Commissioners complained about the unwieldy size of these Committees.

(b) The question of reconstitution of the District Vigilance Committees is under the active consideration of the Government.

ਕਾਮਰੇਡ ਦਲੀਪ ਸਿੰਘ ਟਪਿਆਲਾ : ਇਹ ਮਾਮਲਾ ਕਦ ਤਕ ਅੰਡਰ ਕਨਸਿਡ੍ਰੇਸ਼ਨ ਰਹੇਗਾ ?

ਮੁੱਖ ਮੰਤਰੀ : ਅਜ ਸ਼ਾਮ ਤਕ ਹੋ ਜਾਣਗੀਆਂ, ਮੈਂ ਆਰਡਰ ਕਰ ਦਿਤੇ ਹਨ, ਕਾਗਜ਼ ਤਿਆਰ ਨਹੀਂ ਸਨ, ਅਜ ਹੋ ਜਾਣਗੇ ।

ਸ਼੍ਰੀ ਬਲਰਾਮਜੀ ਦਾਸ ਟੰਡਨ : ਇਨ੍ਹਾਂ ਨਵੀਆਂ ਕਮੇਟੀਆਂ ਦੀ ਕਨਸਟੀਚਯੂਸ਼ਨ ਦੇ ਸਬੰਧ ਵਿਚ ਸ ਰਕਾਰ ਕਿਸ ਗਲ ਦਾ ਖਿਆਲ ਰਖੇਗੀ ?

ਮੁੱਖ ਮੰਤਰੀ : ਇਸ ਵਿਚ ਜ਼ਿਲੇ ਦੇ ਐਮ. ਪੀਜ਼.,ਐਮ,ਐਲ. ਏਜ਼., ਐਮ. ਐਲ. ਸੀਜ਼.

[ਮੁੱਖ ਮੰਤਰੀ]

ਜ਼ਿਲਾ ਪਰੀਸ਼ਦ ਦਾ ਚੇਅਰਮੈਨ, ਮਯੂਨਿਸਪੈਲਟੀਆਂ ਦੇ ਪ੍ਰੈਜ਼ੀਡੈਂਟ ਐਂਡ ਅਦਰ ਪ੍ਰਾਮੀਨੈਂਟ ਸਿਟੀਜ਼ਨਜ਼ ।

ਸ਼੍ਰੀ ਬਲਰਾਮਜੀ ਦਾਸ ਟੰਡਨ : ਕੀ ਮੁੱਖ ਮੰਤਰੀ ਜੀ ਦਸਣਗੇ ਕਿ ਅਦਰ ਪ੍ਰਾਮੀਨੈਂਟ ਸਿਟੀਜ਼ਨਜ਼ ਦਾ ਕ੍ਰਾਈਟੀਰੀਅਨ ਕੀ ਹੋਵੇਗਾ ?

ਮੁੱਖ ਮੰਤਰੀ : ਜੋ ਲੋਕਾਂ ਦੀ ਸੇਵਾ ਜ਼ਿਆਦਾ ਚੰਗੀ ਤਰ੍ਹਾਂ ਕਰ ਸਕਣ, ਜ਼ਿਆਦਾ ਸਮਾਂ ਦੇ ਸਕਣ, ਚੰਗੇ ਆਦਮੀ ਹੋਣ ।

ਸ਼੍ਰੀ ਬਲਰਾਮ ਜੀ ਦਾਸ ਟੰਡਨ : ਕੀ ਇਸ ਮਤਲਬ ਲਈ ਕੋਈ ਕੋਡ ਬਣਾਈ ਜਾਵੇਗੀ ਜਿਸ ਵਿਚ ਦਸਿਆ ਹੋਵੇਗਾ ਕਿ ਕਿਸੇ ਦੀਆਂ ਸਰਵਿਸਿਜ਼ ਦੀ ਜਜਮੈਂਟ ਕਿਵੇਂ ਹੋਣੀ ਹੈ ਜਾਂ ਇਹ ਗਲ ਆਨ ਦੀ ਸਵੀਟ ਵਿਲ ਆਫ਼ ਦੀ ਡਿਪਟੀ ਕਮੀਸ਼ਨਰ ਜਾਂ ਆਫ਼ ਦੀ ਚੀਫ਼ ਮਨਿਸਟਰ ਹੀ ਛਡੀ ਜਾਵੇਗੀ ? ਇਹ ਸਾਰੀ ਗਲ ਜਜ ਕਰਨ ਦਾ ਕ੍ਰਾਈਟੀਰੀਅਨ ਕੀ ਹੋਵੇਗਾ ?

ਮੁੱਖ ਮਤਰੀ : ਡੀ.ਸੀ. ਤੋਂ ਵੀ ਪੁਛਾਂਗੇ, ਅਸੀਂ ਆਪ ਵੀ ਪਬਲਕਮੈਨ ਹਾਂ ਅਸੀਂ ਆਪ ਵੀ ਸਾਰੀ ਗਲ ਬਾਤ ਜਾਣਦੇ ਹਾਂ । ਜੋ ਆਦਮੀ ਸੇਵਾ ਕਰ ਸਕੇ, ਚੰਗਾ ਤੇ ਨੇਕ ਆਦਮੀ ਹੋਵੇ, ਸੋਸਾਇਟੀ ਵਿਚ ਉਸ ਦੀ ਮਾਨਤਾ ਹੋਵੇ ਉਸ ਨੂੰ ਲਾਵਾਂਗੇ ।

ਚੌਧਰੀ ਦਰਸ਼ਨ ਸਿੰਘ : ਡਿਪਟੀ ਕਮਿਸ਼ਨਰਾਂ ਨੇ ਕਿਹਾ ਹੈ ਕਿ ਕਮੇਟੀਆਂ ਅਨਵੀਲਡੀ ਹਨ । ਕੀ ਉਨ੍ਹਾਂ ਦੇ ਤੋੜਨ ਦਾ ਇਹੀ ਕਾਰਨ ਹੈ ਜਾਂ ਇਹ ਵੀ ਹੈ ਕਿ ਪਾਰਟੀ ਪਾਲਿਟਿਕਸ ਕਰਕੇ ਇਨ੍ਹਾਂ ਨੂੰ ਤੋੜਨ ਦੀ ਗਲ ਕਹੀ ਹੈ ?

ਮੱਖ ਮੰਤਰੀ : ਇਹ ਗਲ ਭੀ ਕੁਝ ਹਦ ਤਕ ਠੀਕ ਹੈ ।

ਸ਼੍ਰੀ ਪ੍ਰਬੋਧ ਚੰਦਰ : ਕੀ ਮੁਖ ਮੰਤਰੀ ਦਸਣਗੇ ਕਿ ਪਹਿਲਾਂ ਦੀ ਤਰ੍ਹਾਂ ਪੁਲੀਟੀਕਲ ਕਨਸਿਡ੍ਰੇਸ਼ਨਜ਼ ਨੂੰ ਸਾਹਮਣੇ ਰਖਕੇ ਕਿਸੇ ਪਾਰਟੀ ਨੂੰ ਇਨ੍ਹਾਂ ਵਿਚ ਵੇਟੇਜ ਤਾਂ ਨਹੀਂ ਦਿਤਾ ਜਾਵੇਗਾ ?

ਮੁੱਖ ਮੰਤਰੀ : ਪ੍ਰਬੋਧ ਜੀ ਜ਼ਰਾ ਕੁ ਮਾਈਕ ਪਾਸੋਂ ਮੂੰਹ ਪਿਛੇ ਰਖਕੇ ਬੋਲੋ ਆਪ ਦਾ ਸਵਾਲ ਸਮਝ ਨਹੀਂ ਆਇਆ ?

ਸ਼੍ਰੀ ਪ੍ਰਬੋਧ ਚੰਦਰ : ਕੀ ਫਿਰ ਉਹੀ ਗਲ ਤਾਂ ਨਹੀਂ ਜਿਸ ਤਰ੍ਹਾਂ ਕਿ ਪਹਿਲਾਂ ਪਾਰਟੀ ਦੀਆਂ ਕਨਸਿਡਰੇਸ਼ਨਜ਼ ਕਰਕੇ ਇਕ ਪਾਰਟੀ ਨੂੰ ਹੀ ਵੇਟੇਜ ਦਿਤੀ ਜਾਂਦੀ ਸੀ. ਉਹੀ ਗਲ ਫਿਰ ਤਾਂ ਨਹੀਂ ਹੋਵੇਗੀ ?

ਮੁੱਖ ਮੰਤਰੀ : ਅਗਰ ਉਹੀ ਗਲ ਦੁਹਰਾਣੀ ਹੁੰਦੀ ਤਾਂ ਤੋੜਨ ਦੀ ਲੋੜ ਨਾ ਹੁੰਦੀ ।

ਕਾਮਰੇਡ ਸਤਪਾਲ ਡਾਂਗ : ਕੀ ਮੁਖ ਮੰਤਰੀ ਦਸਣਗੇ ਕਿ ਪਹਿਲੀ ਸਰਕਾਰ ਨੇ ਜੋ ਅਸੂਲ ਤਹਿ ਕੀਤਾ ਹੋਇਆ ਸੀ ਕਿ ਇਨ੍ਹਾਂ ਕਮੇਟੀਆਂ ਵਿਚ ਹਰ ਪਾਰਟੀ ਦਾ ਇਕ ਨੁਮਾਇੰਦਾ

ਜ਼ਰੂਰ ਹੋਵੇਗਾ ਉਸ ਨੂੰ ਇਸ ਲਈ ਹਟਾਇਆ ਗਿਆ ਹੈ ਅਤੇ ਉਸਦੀ ਥਾਂ ਸਮ ਪ੍ਰਾਮੀਨੈਂਟ ਪਰਸਨਜ਼ ਦਾ ਅਸੂਲ ਇਸ ਲਈ ਰਖਿਆ ਗਿਆ ਹੈ ਕਿ ਇਸ ਵਿਚ ਸਿਰਫ ਕਾਂਗਰਸੀਆਂ ਨੂੰ ਹੀ ਰਖਿਆ ਜਾਵੇ ।

Chief Minister : Need not answer.

ਸ੍ਰੀ ਬਲਰਾਮਜੀ ਦਾਸ ਟੰਡਨ : ਸੋ ਇਹੀ ਮਤਲਬ ਸਮਝਿਆ ਜਾਵੇ ਕਿ ਹੋਰ ਕਿਸੇ ਨੂੰ ਨਹੀਂ ਲੈਣਾ ।

RECONSTITUTION OF VIGILANCE COMMITTEE

*932. **Comrade Satya Pal Dang :** Will the Chief Minister be pleased to state :

(a) whether Government has taken any decision to reconstitute the Vigilance Committees formed in the District Headquarters during the time of the previous Government headed by Shri Gurnam Singh ;

(b) if the answer to part a above in the affirmative, the reasons for taking the said decision together with the criteria to be adopted for the re-constitution ?

Sardar Lachhman Singh Gill :

(a) Yes.

(b) (i) the Deputy Commissioners complained about the unwieldly size of the District Grievances Committees in the Commissioners/Deputy Commissioners Conference held on 4th November, 1967.

(ii) Government intends to include ;

(a) Members of Parliament, Members of the State Legislature from the District,

(b) Chairman of the Zila Parishad,

(c) President of the Municipal Committee at the District Headquarters,

(d) Secretary, Sailors' Soldiers' & Airmen Board,

(e) Some prominent persons of the District, in these Committees.

ਕਾਮਰੇਡ ਸਤਪਾਲ ਡਾਂਗ : ਕੀ ਮੁੱਖ ਮੰਤਰੀ ਦਸਣਗੇ ਕਿ ਪਿਛਲਾ ਜੋ ਅਸੂਲ ਸੀ ਕਿ ਹਰ ਪਾਰਟੀ ਨੂੰ ਇਕ ਇਕ ਨੁਮਾਇੰਦਗੀ ਜ਼ਰੂਰ ਮਿਲੇਗੀ, ਇਸ ਨੂੰ ਕਿਉਂ ਬਦਲਿਆ ਗਿਆ ਹੈ ?

ਮੁੱਖ ਮੰਤਰੀ : ਸਰਕਾਰ ਨੇ ਜੋ ਮੁਨਾਸਬ ਸਮਝਿਆ ਉਸ ਮੁਤਾਬਕ ਬਦਲ ਦਿਤਾ ।

ਕਾਮਰੇਡ ਸਤਪਾਲ ਡਾਂਗ : ਆਨ ਏ ਪੁਆਇੰਟ ਆਫ਼ ਆਰਡਰ ਸਰ । ਮੈਂ ਵੀ ਤਾਂ ਇਹ ਪੁਛਿਆ ਹੈ ਕਿ ਇਹ ਗਲ ਮੁਨਾਸਬ ਕਿਉਂ ਸਮਝੀ ਗਈ ?

ਮੁੱਖ ਮੰਤਰੀ : ਤਾਕਿ ਪਾਰਟੀਆਂ ਦੇ ਲੜਾਈ ਝਗੜੇ ਉਥੇ ਨਾ ਹੋਣ ਤੇ ਉਹ ਕੋਈ ਮੁਫੀਦ ਕੰਮ ਕਰ ਸਕਣ ।

ਸਰਦਾਰ ਗੁਰਨਾਮ ਸਿੰਘ : ਕੀ ਉਨ੍ਹਾਂ ਕਮੇਟੀਆਂ ਵਿਚ ਕਿਸੇ ਪੁਲੀਟੀਕਲ ਪਾਰਟੀ ਦਾ ਨੁਮਾਇੰਦਾ ਐਜ਼ ਪੁਲੀਟੀਕਲ ਪਾਰਟੀ ਦੇ ਨੁਮਾਇੰਦੇ ਦੇ ਲਿਆ ਜਾਵੇਗਾ ?

ਮੁੱਖ ਮੰਤਰੀ : ਸੋਚਿਆ ਜਾ ਸਕਦਾ ਹੈ ।

ਸਰਦਾਰ ਗੁਰਨਾਮ ਸਿੰਘ : ਮੈਂ ਪੁਛਦਾ ਹਾਂ ਕਿ ਜੋ ਸਰਕਾਰ ਨੇ ਹੁਣੇ ਹੁਣੇ ਫੈਸਲਾ ਕੀਤਾ ਹੈ ਉਸ ਮੁਤਾਬਕ ਕਿਸੇ ਪੁਲੀਟੀਕਲ ਪਾਰਟੀ ਦੇ ਨੁਮਾਇੰਦੇ ਨੂੰ ਐਜ਼ ਪੁਲੀਟੀਕਲ ਪਾਰਟੀ ਦੇ ਨੁਮਾਇੰਦੇ ਦੇ ਲੈਣਾ ਹੈ ਜਾਂ ਨਹੀ ?

ਮੁੱਖ ਮੰਤਰੀ : ਮੈਂ ਸਾਰੀ ਪੁਜ਼ੀਸ਼ਨ ਵਾਜ਼ਿਆ ਕਰ ਚੁਕਾ ਹਾਂ । ਕਿਸੇ ਪਾਰਟੀ ਦੀ ਖਾਸ ਬੰਦਸ਼ ਨਹੀਂ ਹੋਣੀ, ਅਗਰ ਕੋਈ ਚੰਗਾ ਬੰਦਾ ਹੋਇਆ ਤਾਂ ਜ਼ਰੂਰ ਲਵਾਂਗੇ, ਕੋਈ ਬੰਦਸ਼ ਨਹੀਂ ਹੈ ।

ਚੌਧਰੀ ਦਰਸ਼ਨ ਸਿੰਘ : ਕੀ ਮੁੱਖ ਮੰਤਰੀ ਦਸਣਗੇ ਕਿ ਇਹ ਜੋ ਆਪ ਨੇ ਕੈਟੇਗਰੀ ਰਖੀ ਹੈ 'ਸਮ ਇੰਪਾਰਟੈਂਟ ਪਰਸਨਜ਼' ਇਨ੍ਹਾਂ ਦੀ ਗਿਣਤੀ ਕਿੰਨੀ ਕੁ ਹੋਵੇਗੀ ?

ਮੁੱਖ ਮੰਤਰੀ : ਚਾਰ ਤੋਂ ਛੇ ਤਕ ਕੋਸ਼ਿਸ਼ ਕੀਤੀ ਜਾਵੇਗੀ ।

AMOUNT DEPOSITED BY CERTAIN PANCHAYATS OF DISTRICT FEROZEPUR IN CONNECTION WITH THE CONSTRUCTION OF MODEL SCHOOLS.

*911. **Sardar Mohinder Singh Gill** : Will the Chief Minister be pleased to state :

(a) the amount deposited with the State Government by the Gram Panchayts of Bhangali and Naraingarh, Tehsil and district Ferozepur, in connection with the Model Schools together with the time when the same was deposited ;

(b) whether the amount referred to in part (a) above will be refunded to the Panchayats concerned or utilized for the construction of Model Schools ?

Sardar Lachhman Singh Gill :

(a) Rs. 5,000/-on 24-3-1960

(b) The question of construction of buildings is under consideration.

(Starred questions 850 and 851 were not put.)

ALLOTMENT OF DEPOT TO SHRI VINOD KUMAR AND HIS FATHER AT PATTI.

*905. **Comrade Jangir Singh Joga :** Will the Chief Minister be pleased to state :

(a) whether Shri Vinod Kumar of Patti was allotted a depot at Patti in November or earlier in 1967 ;

(b) whether he is aware of the fact that another depot was allotted to the father of the said Vinod Kumar in the name of M/s Bhagat Ram Sham Lal ; if so, whether it was in accordance with the policy of the Government to allot depots to the father and son at the same station, if not, the reasons for the said allotment ;

(c) whether he is also aware of the fact that the said Shri Vinod Kumar was a minor when he was allotted the said depot if so, his age at that time ;

(d) whether any complaint was received against the allotment of depot to Shri Vinod Kumar, if so, by whom and the action, if any, taken thereon ?

Sardar Lachhman Singh Gill :

(a) No depot at Patti in the name of Shri Vinod Kumar was allotted.

(b)(c)
&(d) In view of (a) above, question does not arise.

(Starred Question No. 849 was not put.)

(List of starred questions for 28-2-68 was taken up at this time).

ROUTE PERMITS FOR GOODS TRANSPORT.

*888. **Comrade Harkishan Singh Surjit** (Put by Com. Dalip Singh Tapila) : Will the Minister for Transport be pleased to state :

(a) the Total number of persons in the State who possess more than two route permits for goods transport;

(b) the number and names of persons in the State who possess more than five such permits;

[Com. Harkishan Singh Surjit]

(c) the total number of transporters who are plying trucks between Punjab-Jammu and between Punjab and other states except Haryana and Delhi at present;

(d) whether Government proposes to do away with private monopoly in goods transport ?

Sardar Parkash Singh Majitha :

(a) 42.

(b)&(c) Statement is placed on the Table of the House.

(d) there is no proposal with Government at present.

STATEMENT

(b) 1. Sh. Ajaib Singh s/o Sh. Mehma Singh of Gobindgarh.
2. Sh. Madan Lal s/o Sh. Wadhawa Mal of Patiala.
3. Northern India Goods Co. Ltd. Jullundur.
4. Northern Carriers (P) Ltd. Jullundur.
5. Northern India Goods Tpt Society Ltd. Jullundur.
6, Chandigarh Transport Company Jullundur.
7. Jullundur Ex-service Co-op. Tpt. Society Jullundur.
8. Amritsar Transport Company Amritsar.
9. New Suraj Transport Company Ltd. Amritsar.
10. Sud and Company Kulu.
11. Suraj Goods Carriers Ltd. Amritsar.
12. Union Co-op Tpt. Society Ltd. Ferozepore.
13. Pehalwan Hari Chand Sahni & Sons Pathankot.
14. Asiatic Transport Co. (P) Ltd. Pathankot.
15. Atlas Transport (P) Ltd. Pathankot.
16. Daulat Ram Chaman Lal Amritsar.

(c)	1. Pathankot-Jammu	76.
	Amritsar-Jammu	4.
	Jullundur-Jammu	5.
	Ludhiana-Jammu	4.
	2. Punjab-Rajasthan.	
	i)-Uni-Regional	71.
	ii)-Bi-Regional	82.
	3. Punjab-Uttar Pradesh.	

i)-Meerut Region	61
ii)-A (79 miles Depth.)	
ii)-Agra Region	1.
iii)-Yamna Bridge via Sharanpur.	17
iv)-Kosi Border.	1.

ਕਾਮਰੇਡ ਦਲੀਪ ਸਿੰਘ ਟਪਿਆਲਾ : ਕੀ ਵਜ਼ੀਰ ਸਾਹਿਬ ਦਸਣਗੇ ਕਿ ਆਪ ਨੇ ਸੋਸ਼ਲਿਸਟਿਕ ਪੈਟਰਨ ਦੀ ਪਾਲਿਸੀ ਡਿਕਲੇਅਰ ਕੀਤੀ ਹੈ ਮਗਰ ਜੋ ਆਪ ਨੇ ਇਸ ਸਵਾਲ ਦੇ ਜਵਾਬ ਵਿਚ ਸਟੇਟਮੈਂਟ ਦਿਤੀ ਹੈ ਉਸ ਮੁਤਾਬਕ 16 ਵਿਅਕਤੀ ਜਾਂ ਕੰਪਨੀਆਂ ਅਜਿਹੀਆਂ ਹਨ ਜਿਨ੍ਹਾਂ ਨੂੰ 5 ਤੋਂ ਵਧ ਰੂਟਸ ਦਿਤੇ ਹੋਏ ਹਨ। ਕੀ ਇਹ ਉਨ੍ਹਾਂ ਦੀ ਮਨਾਪਲੀ ਕਾਇਮ ਕਰਨ ਦੀ ਕੋਸ਼ਿਸ਼ ਨਹੀਂ ਹੈ ? ਕੀ ਸਰਕਾਰ ਇਸ ਪਾਲਸੀ ਨੂੰ ਰੀਵਿਊ ਕਰਕੇ ਇਸ ਹਾਲਤ ਨੂੰ ਖਤਮ ਕਰਨ ਨੂੰ ਤਿਆਰ ਹੈ ?

ਮੰਤਰੀ: ਅਸੀਂ ਕੋਈ ਨਵੀਂ ਗਲ ਨਹੀਂ ਕੀਤੀ, ਇਹ ਪਹਿਲੀ ਪਾਲਿਸੀ ਦੇ ਅਧੀਨ ਹੀ ਚਲਿਆ ਆ ਰਿਹਾ ਹੈ।

ਕਾਮਰੇਡ ਦਲੀਪ ਸਿੰਘ ਟਪਿਆਲਾ : ਕੀ ਇਹ ਇਨ੍ਹਾਂ 16 ਵਿਅਕਤੀਆਂ ਜਾਂ ਕੰਪਨੀਆਂ ਚੋਂ ਹਰਿਕ ਨੂੰ 5 ਤੋਂ ਵਧ ਰੂਟ ਪਰਮਿਟਸ ਦੇਕੇ ਉਨ੍ਹਾਂ ਦੀ ਮਨਾਪਲੀ ਨਹੀਂ ਕਾਇਮ ਕੀਤੀ ਗਈ ?

ਮੰਤਰੀ : ਇਹ ਕਾਇਦੇ ਦੇ ਮੁਤਾਬਿਕ ਪਹਿਲਾਂ ਹੀ ਦਿਤੇ ਹੋਏ ਹਨ।

ਕਾਮਰੇਡ ਦਲੀਪ ਸਿੰਘ ਟਪਿਆਲਾ : ਅਗਰ ਇਹ ਮਨਾਪਲੀ ਪਹਿਲਾਂ ਹੀ ਚਲੀ ਆ ਰਹੀ ਹੈ ਤਾਂ ਕੀ ਇਹ ਸਰਕਾਰ ਆਪਣੀ ਸੋਸ਼ਲਿਸਟਿਕ ਪੈਟਰਨ ਦੀ ਪਾਲਿਸੀ ਮੁਤਾਬਕ ਰੀਵਿਊ ਕਰਨ ਲਈ ਤਿਆਰ ਹੈ ? ਕੀ ਇਹ ਨਵੀਂ ਪਾਲਸੀ ਮੁਤਾਬਕ ਪੁਰਾਣੀ ਹਾਲਤ ਨੂੰ ਬਦਲ ਕੇ ਮਨਾਪਲੀ ਖਤਮ ਕਰਨ ਲਈ ਤਿਆਰ ਹਨ ?

ਮੰਤਰੀ : ਨਵੀਂ ਅਤੇ ਪੁਰਾਣੀ ਪਾਲਸੀ ਦਾ ਸਵਾਲ ਹੀ ਨਹੀਂ ਹੈ।

ਚੌਧਰੀ ਦਰਸ਼ਨ ਸਿੰਘ : ਕੀ ਵਜ਼ੀਰ ਸਾਹਿਬ ਉਸ ਕੰਪਨੀ ਦਾ ਨਾਮ ਦਸਣਗੇ ਜਿਸ ਨੂੰ ਮੈਕਸੀਮਮ ਨੰਬਰ ਆਫ਼ ਰੂਟ ਪਰਮਿਟਸ ਬਿਟਵੀਨ ਜੰਮੂ ਕਸ਼ਮੀਰ ਐਂਡ ਪੰਜਾਬ ਦਿਤੇ ਹੋਏ ਹਨ ?

ਮੰਤਰੀ : ਮੈਂ ਸਵਾਲ ਦੇ ਜਵਾਬ ਵਿਚ ਸਟੇਟਮੈਂਟ ਟੇਬਲ ਤੇ ਰਖੀ ਹੈ, ਇਸ ਲਈ ਡੈਫੀਨਿਟ ਨਹੀਂ ਹਾਂ ਕਿ ਕਿਸ ਨੂੰ ਘਟ ਤੇ ਕਿਸ ਨੂੰ ਵਧ ਪਰਮਿਟ ਦਿਤੇ ਹੋਏ ਹਨ।

ਚੌਧਰੀ ਦਰਸ਼ਨ ਸਿੰਘ : ਸਟੇਟਮੈਂਟ ਵਿਚ ਤਾਂ ਇਹ ਦਸਿਆ ਹੈ ਕਿ ਇਨ੍ਹਾਂ ਨੂੰ 5 ਤੋਂ ਵਧ ਪਰਮਿਟ ਦਿਤੇ ਹਨ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਮੈਕਸੀਮਮ ਨੰਬਰ ਆਫ਼ ਪਰਮਿਟਸ ਕਿਸ ਨੂੰ ਦਿਤੇ ਗਏ ਹਨ ?

ਮੰਤਰੀ : ਇਸ ਲਈ ਨੋਟਿਸ ਦੇ ਦਿਉ।

ਸਰਦਾਰ ਦਿਲਬਾਗ ਸਿੰਘ : ਇਹ ਜੋ ਟਰਕਾਂ ਦੇ ਪਰਮਿਟ ਹਨ ਕੀ ਇਨ੍ਹਾਂ ਬਾਰੇ ਕੋਈ ਪਾਬੰਦੀ ਹੈ ਕਿ ਕੋਈ ਕਿੰਨੇ ਲੈ ਸਕਦਾ ਹੈ ਜਾਂ ਜਿੰਨੇ ਚਾਹੇ ਲੈ ਸਕਦਾ ਹੈ ?

ਮੰਤਰੀ : ਕੋਈ ਪਾਬੰਦੀ ਨਹੀਂ ਹੈ, ਜਿਸ ਦਾ ਰਾਈਟ ਹੈ ਕਾਇਦੇ ਮੁਤਾਬਕ ਲੈ ਸਕਦਾ ਹੈ। ਐਸ. ਟੀ. ਸੀ. ਪਰਮਿਟ ਦਿੰਦੀ ਹੈ।

ਸਰਦਾਰ ਦਿਲਬਾਗ ਸਿੰਘ : ਰਾਈਟ ਦਾ ਕੀ ਮਤਲਬ ਹੈ ਉਸ ਦੀਆਂ ਕੀ ਖਾਸ ਕੁਆਲੀਫਿਕੇਸ਼ਨਜ਼ ਹੋਣੀਆਂ ਚਾਹੀਦੀਆਂ ਹਨ ? ਜਾਂ ਜੋ ਟਰਕ ਲੈ ਆਵੇ ?

ਮੁੱਖ ਮੰਤਰੀ : ਜੋ ਕਨਡੀਸ਼ਨਜ਼ ਹਨ, ਉਨ੍ਹਾਂ ਨੂੰ ਪੂਰਾ ਕਰਦਾ ਹੋਵੇ। ਇਕ ਲਏ ਜਾਂ 50, ਅਸੀਂ ਦੇ ਦਿੰਦੇ ਹਾਂ।

ਸਰਦਾਰ ਗੁਰਚਰਨ ਸਿੰਘ : ਮੈਂ ਟ੍ਰਾਂਸਪੋਰਟ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਫਰਮਾਇਆ ਹੈ ਕਿ ਕਾਇਦੇ ਦੇ ਮੁਤਾਬਿਕ ਜਿਸ ਦਾ ਹਕ ਬਣਦਾ ਸੀ ਉਸ ਨੂੰ ਜੰਮੂ ਕਸ਼ਮੀਰ ਦੇ ਰੂਟ ਪਰਮਿਟ ਦਿਤੇ ਗਏ। ਕੀ ਉਨ੍ਹਾਂ ਨੂੰ ਪਤਾ ਹੈ ਕਿ ਜੰਮੂ ਅਤੇ ਕਸ਼ਮੀਰ ਦੇ ਰੂਟ ਪਰਮਿਟ ਦੇਣ ਲਈ ਸ਼ਰਤ ਇਹ ਹੈ ਕਿ ਉਹ ਟਰਕ ਦਾ ਮਾਲਕ ਹੋਵੇ ਪਰ ਕਈ ਅਜੇਹੇ ਪਰਮਿਟ ਹੋਲਡਰ ਨੇ ਜਿਨਾਂ ਕੋਲ ਆਪਣਾ ਟਰਕ ਨਹੀ। ਕਿਰਾਏ ਤੇ ਦੇ ਕੇ ਬਿਜ਼ਨੈਸ ਕਰਦੇ ਹਨ ਅਤੇ ਉਨ੍ਹਾਂ ਵਿਚ ਇਕ ਅਜੇਹਾ ਆਦਮੀ ਵੀ ਹੈ ਜਿਹੜਾ ਕਿ ਸਬਾਰਡੀਨੇਟ ਸਰਵਿਸ ਸੀਲੈਕਸ਼ਨ ਬੋਰਡ ਦਾ ਮੈਂਬਰ ਹੈ ?

ਮੰਤਰੀ : ਤੁਸੀਂ ਇਹ ਕੇਸ ਮੇਰੇ ਨੋਟਿਸ ਵਿਚ ਹੁਣ ਲਿਆਂਦਾ ਹੈ ਇਸ ਦੀ ਪੜਤਾਲ ਕਰ ਲਈ ਜਾਵੇਗੀ ਅਤੇ ਜ਼ਰੂਰੀ ਕਾਰਵਾਈ ਜੋ ਸਮਝੀ ਕੀਤੀ ਜਾਵੇਗੀ।

ਚੌਧਰੀ ਦਰਸ਼ਨ ਸਿੰਘ : ਕੀ ਵਜ਼ੀਰ ਸਾਹਿਬ ਨੂੰ ਪਤਾ ਹੈ ਕਿ ਜੰਮੂ ਅਤੇ ਕਸ਼ਮੀਰ ਦੇ ਰੂਟ ਪਰਮਿਟ ਦਾ ਇਕ ਮਹੀਨੇ ਦਾ ਕਿਰਾਇਆ 2000 ਰੁਪਏ ਤਕ ਹੈ ਅਤੇ ਬਹੁਤ ਸਾਰੇ ਦੋਸਤਾਂ ਨੂੰ ਪਰਮਿਟ ਦਿਤੇ ਗਏ ਹਨ ਪੋਲੀਟੀਕਲ ਸਫ਼ਰਰ ਦੀ ਬਿਨਾਂ ਤੇ, ਜਾਂ ਹੋਰ ਇਸੇ ਤਰ੍ਹਾਂ ਦੇ ਬੇਸਿਜ਼ ਤੇ, ਪਰ ਉਹ ਆਪ ਟਰਕ ਚਲਾ ਨਹੀਂ ਸਕੇ ਅਤੇ ਵਡੇ ਵਡੇ ਟ੍ਰਾਂਸਪੋਰਟਾਂ ਨੂੰ ਕਿਰਾਏ ਤੇ ਦੇ ਦਿਤੇ ਕੀ ਸਰਕਾਰ ਇਸ ਗਲ ਦੀ ਇਨਕੁਆਇਰੀ ਕਰਾਏਗੀ ?

ਮੰਤਰੀ : ਮੇਰੇ ਨੋਟਿਸ ਵਿਚ ਅਜਿਹੀ ਕੋਈ ਗਲ ਨਹੀਂ, ਜੇਕਰ ਕੋਈ ਸਪੈਸੇਫਿਕ ਕੇਸ ਮੇਰੇ ਨੋਟਿਸ ਵਿਚ ਲਿਆਉਗੇ ਤਾਂ ਤੁਹਾਡੀ ਤੱਸਲੀ ਕਰ ਦਿਤੀ ਜਾਵੇਗੀ।

ਸਰਦਾਰ ਗੁਰਨਾਮ ਸਿੰਘ : ਕੀ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਇਹ ਗਲ ਹੈ ਕਿ ਸਾਡੇ ਵੇਲੇ ਮੇਰੇ ਨੋਟਿਸ ਵਿਚ ਇਹ ਗਲ ਆਈ ਸੀ ਕਿ 18 ਤੋਂ 20 ਔਰ 21 ਦੇ ਦਰਮਿਆਨ ਟਰਕ ਰੂਟ ਪਰਮਿਟ ਜੰਮੂ ਕਸ਼ਮੀਰ ਦੇ ਐਸੇ ਸੀ ਜਿਨ੍ਹਾਂ ਪਾਸ ਟਰਕ ਨਹੀਂ ਸੀ ਅਤੇ ਪਿਛਲੀ ਸਰਕਾਰ ਨੇ ਇਹ ਗਲ ਲਿਖ ਕੇ ਭੇਜੀ ਸੀ ਕਿ ਇਨ੍ਹਾਂ ਪਰਮਿਟਾਂ ਨੂੰ ਕੈਂਸਲ ਕਰ ਦਿਤਾ ਜਾਵੇ ਤਾਂ ਹੁਣ ਮੌਜੂਦਾ ਸਰਕਾਰ ਨੇ ਇਨ੍ਹਾਂ ਦੇ ਬਾਰੇ ਵਿਚ ਕੀ ਫੈਸਲਾ ਕੀਤਾ ਹੈ ?

ਮੰਤਰੀ : ਮੇਰੇ ਨੋਟਿਸ ਵਿਚ ਤੁਹਾਡਾ ਲਿਖਿਆ ਕੋਈ ਹੁਕਮ ਇਸ ਤਰ੍ਹਾਂ ਦਾ ਨਹੀਂ ਆਇਆ ਜੇਕਰ ਤੁਸੀਂ ਅਜਿਹਾ ਹੁਕਮ ਲਿਖ ਗਏ ਹੋ ਤਾਂ ਉਸ ਨੂੰ ਵੇਖ ਲਿਆ ਜਾਵੇਗਾ ।

ਸਰਦਾਰ ਗੁਰਚਰਨ ਸਿੰਘ : ਕੀ ਮਨਿਸਟਰ ਸਾਹਿਬ ਦੇ ਇਲਮ ਵਿਚ ਹੈ ਕਿ ਮੌਲਾਨਾ ਆਜ਼ਾਦ ਦੇ ਸੈਕਟਰੀ ਅਜਮਲ ਖਾਨ ਦੇ ਲੜਕੇ ਦੇ ਨਾਮ ਤੇ ਜੰਮੂ ਕਸ਼ਮੀਰ ਦਾ ਰੂਟ ਪਰਮਿਟ ਹੈ, ਕੀ ਸਰਕਾਰ ਕੋਈ ਐਕਸ਼ਨ ਲੈਣ ਨੂੰ ਤਿਆਰ ਹੈ ?

ਮੰਤਰੀ : ਤੁਸੀਂ ਆਪਣੇ ਵੇਲੇ ਤਾਂ ਐਕਸ਼ਨ ਨਹੀਂ ਸੀ ਲੈ ਸਕੇ । ਹੁਣ ਅਸੀਂ ਵੇਖ ਲਵਾਂਗੇ ਕਿ ਕੀ ਐਕਸ਼ਨ ਲੈਣਾ ਚਾਹੀਦਾ ਹੈ ।

ਕਾਮਰੇਡ ਦਲੀਪ ਸਿੰਘ ਟਪਿਆਲਾ : ਕੀ ਸਰਕਾਰ ਦੀ ਇਹ ਪਾਲੀਸੀ ਨਹੀਂ ਕਿ ਮਨਾਪਲੀ ਸਿਸਟਮ ਨੂੰ ਖਤਮ ਕਰ ਦਿਤਾ ਜਾਵੇ, ਜੇ ਹੈ ਤਾਂ ਟ੍ਰਾਂਸਪੋਰਟ ਬਾਰੇ ਇਸ ਨੂੰ ਕਿਉਂ ਲਾਗੂ ਨਹੀਂ ਕੀਤਾ ਜਾ ਰਿਹਾ ?

ਮੰਤਰੀ : ਇਸ ਗਲ ਤੇ ਸਰਕਾਰ ਗੌਰ ਕਰੇਗੀ ।

ਸਰਦਾਰ ਜਗੀਰ ਸਿੰਘ ਦਰਦ : ਕੀ ਮਨਿਸਟਰ ਸਾਹਿਬ ਦਸਣਗੇ ਕਿ ਹਿੰਦ ਸਰਕਾਰ ਵਲੋਂ ਇਕ ਮਨਾਪਲੀ ਕਮਿਸ਼ਨ ਬਣਾਇਆ ਗਿਆ ਸੀ ਜਿਸ ਦੀ ਰੀਪੋਰਟ ਵੀ ਛਪਾਇਆ ਹੋ ਚੁਕੀ ਹੈ ਅਤੇ ਉਨ੍ਹਾਂ ਨੇ ਕਿਹਾ ਹੈ ਕਿ ਮਨਾਪਲੀ ਸਿਸਟਮ ਨੂੰ ਡਿਸਟਰਬ ਕਰ ਦਿਤਾ ਜਾਵੇ, ਤਾਂ ਕੀ ਪੰਜਾਬ ਸਰਕਾਰ ਉਸ ਸਿਫਾਰਸ਼ ਤੇ ਅਮਲ ਕਰਨ ਨੂੰ ਤਿਆਰ ਹੈ ?

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿੱਲ) : ਗੌਰਮੈਂਟ ਦੀ ਇਹ ਪਾਲੀਸੀ ਵਾਜ਼ਹ ਹੈ ਕਿ ਇਹ ਸਰਕਾਰ ਸੋਸ਼ਲਿਸਟਿਕ ਪੈਟਰਨ ਆਫ਼ ਸੁਸਾਇਟੀ ਕਾਇਮ ਕਰਨਾ ਚਾਹੁਦੀ ਹੈ (ਵਿਰੋਧੀ ਦਲ ਵਲੋਂ ਪ੍ਰਸ਼ੰਸਾ) ਇਸ ਵਿਚ ਥੰਪਿੰਗ ਦੀ ਕੀ ਲੋੜ ਹੈ ਮੈਂ ਤਾਂ ਗੌਰਮੈਂਟ ਦੀ ਪਾਲੀਸੀ ਦਸੀ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਕੁਆਪ੍ਰੇਟਿਵ ਸੁਸਾਇਟੀਆਂ ਨੂੰ ਅਤੇ ਜ਼ਿਆਦਾ ਤੋਂ ਜ਼ਿਆਦਾ ਉਨ੍ਹਾਂ ਦੋਸਤਾਂ ਨੂੰ ਜੋ ਮਨਾਪਲੀ ਅਧੀਨ ਦਬਾਏ ਗਏ ਸੀ ਕਨਸਿਡਰ ਕੀਤਾ ਜਾਵੇ ਪਰ ਨਾਲ ਦੀ ਨਾਲ ਇਹ ਵੀ ਵੇਖਣਾ ਹੈ ਕਿ ਜਿਹੜੇ ਟ੍ਰਾਂਸਪੋਰਟ ਦਾ ਕੰਮ ਕਰਨ, ਕੀ ਉਨ੍ਹਾਂ ਪਾਸ ਜ਼ਰਾਏ ਹਨ, ਸਰਮਾਇਆ ਹੈ ਗਡੀਆਂ ਖਰੀਦ ਕਰਨ ਲਈ ਅਤੇ ਟਰਕਾਂ ਦਾ ਕੰਮ ਕਰਨ ਦਾ ਤਜਰਬਾ ਹੈ ਜਾਂ ਆਪ ਚਲਾਂਦੇ ਹਨ, ਇਹ ਗਲਾਂ ਵੀ ਕਨਸਿਡਰ ਕਰਨ ਵਾਲੀਆਂ ਹਨ । ਇਹ ਠੀਕ ਹੈ ਕਿ ਅਸੀਂ ਮੰਨਦੇ ਹਾਂ ਕਿ ਮਨਾਪਲੀ ਨਹੀਂ ਹੋਣੀ ਚਾਹੀਦੀ । (ਵਿਘਨ)

(*At this stage some Hon. Members rose in their seats to catch the eye of the Hon. Speaker.*)

Mr. Speaker : Next question please. I have allowed serveral supplementaries on this Question. Now have your turn.

चौधरी बलबीर सिंह : क्या परिवहन मन्त्री यह.....

ਮੁੱਖ ਮੰਤਰੀ : ਆਨ ਏ ਪੁਆਇੰਟ ਆਫ ਆਰਡਰ । ਮੈਂ ਬੜੇ ਅਦਬ ਨਾਲ ਆਪ ਪਾਸ ਗੁਜ਼ਾਰਸ਼ ਕਰਨਾ ਚਾਹੁੰਦਾ ਹਾਂ ਕਿ ਜਦ ਆਪ ਵਲੋਂ ਨੈਕਸਟ ਕਵੈਸਚਨ ਕਾਲ ਕਰ ਲਿਆ ਜਾਵੇ ਤਾਂ ਕਿਸੇ ਵੀ ਮੈਂਬਰ ਨੂੰ ਸਪਲੀਮੈਂਟਰੀ ਕਰਨ ਦੀ ਇਜਾਜ਼ਤ ਨਹੀਂ ਦਿਤੀ ਜਾਣੀ ਚਾਹੀਦੀ ।

ਸ੍ਰੀ ਸਪੀਕਰ : ਇਥੇ ਕੋਈ ਗਲ ਨਹੀਂ । ਕਿਸੇ ਕਵੈਸਚਨ ਨਹੀਂ ਸੀ ਕੀਤਾ । (There is no such thing here. No body had put any question).

ਮੁੱਖ ਮੰਤਰੀ : ਮੇਰਾ ਕਹਿਣ ਦਾ ਭਾਵ ਇਹ ਹੈ ਕਿ ਜਦ ਆਪ ਵਲੋਂ ਅਨਾਊਂਸ ਕਰ ਦਿਤਾ ਜਾਵੇ ਨੈਕਸਟ ਕਵੈਸਚਨ ਬਾਰੇ ਤਾਂ.........

ਸ੍ਰੀ ਸਪੀਕਰ : ਠੀਕ ਹੈ ਕਿ ਸਪਲੀਮੈਂਟਰੀ ਨਹੀਂ ਹੋ ਸਕਦਾ ਪਰ ਚੌਧਰੀ ਬਲਬੀਰ ਸਿੰਘ ਨੇ ਸਵਾਲ ਨਹੀਂ ਸੀ ਕੀਤਾ ਇਸ ਲਈ ਇਜਾਜ਼ਤ ਦੇ ਦਿਤੀ ਗਈ ਸੀ । (No supplementary can be asked. But since Chaudhri Balbir Singh had not asked any question he had, therefore, been Permitted to do so.)

चौधरी बलबीर सिंह : क्या मन्त्री महोदय बताएंगे कि गुडज़ ट्रांस्पोर्ट को सरकार नेशनेलाईज़ करने का इरादा रखती है ?

ਟ੍ਰਾਂਸਪੋਰਟ ਮੰਤਰੀ : ਅਸੀਂ ਇਸ ਗਲ ਤੇ ਵਿਚਾਰ ਕਰਾਂਗੇ ।

12-10 P.M./ [ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਕੁਰਸੀ ਸੰਭਾਲੀ]

PASSENGER ROUTE PERMITS

*889. **Comrade Harkishan Singh Surjit**, (Put by Com. **Dalip Singh Tapila**) : Will the Minister for Transport be pleased to state :—

(a) the total number of passenger route permits issued between April, 1967 and 30th November, 1967 to the passengers Transport Companies in the State stating the names of such companies ;

(b) the total number of such permits issued between 1st December, 1967 and 31st January, 1968, with tne names of the companies and specific routes ;

(c) the principles on the basis of which route permits referred to in part (b) above have been issued ?

Sardar Parkash Singh Majitha :

(a) Statement is laid on the Table of the House
&
(b)

(c) Permits were issued under 50:50 scheme approved by Government

STATEMENT

(a) Sl. No.	Name of Company Jullundur Region	Route	No. of permits.
1.	Shakti Transport Co-op. Society Ltd, Malaut.	Malaut-Khuban via Tappa Khera.	1
2.	Sharnarth Transport Co-op. Society Ltd, Abohar.	-do-	1
3.	Doaba Roadways (P) Ltd, Hoshiarpur.	1. Hoshiarpur -Takoli	1
		2. Hoshiarpur-Ramgarh	1
4.	Kartar Bus Service (P) Ltd, Jullundur.	1. Hoshiarpur-Nirhana	1
		2. Hoshiarpur-Chintpuri	1
5.	National Transporters. (P) Ltd, Hoshiarpur.	Nangal-Chauki-minar.	1
6.	Lahore Sargodha Transport Company, Malaut.	Mukatsar-Gidderbaha	2
	(from serial No. 3 to 6 temporary permits were issued against suspended operation by the Shiwalak Transport Company (P) Ltd Hoshiarpur and Malaut Transport Company (P) Ltd, Malaut.)		
7.	Lahore Sargodha Transport Company, Malaut.	Malaut-Fazilka via Panniwala.	2

[Transport Minister]

8.	Doaba Roadways (P) Ltd. Hoshiarpur.	Hoshiarpur-Ludhiana	1
9.	Hoshiarpur Doaba Trpt. Co. (P) Ltd, Hoshiarpur	-do-	1
10.	Moga Transport Company (P) Ltd. Moga.	Ludhiana-Abohar via Mukatsar.	1
11.	Nankana Sahib Transport Co. (P) Ltd. Ludhiana.	-do-	1
12.	Jai Transport Co-op. Society, Ltd, Abohar.	Abohar-Malaut	1
13.	Kartar Bus Service (P) Ltd. Jullundur.	Ludhiana-Rurka	1
14.	Janta Transport Co-operative Society Ltd, Abohar.	Abohar-Bazidpur.	1
Patiala Region,			
1.	Malwa Transport Co. (P) Ltd, Barnala.	1. Rampura-Barnala	1
		2. Rampura-Kotkapura.	1
2.	Mussafir Transport Co, (P) Ltd, Mansa.	Rampura-Kotkapura.	1
3.	Bhai Rupa Bus Service, Regd.	Rampura-Jaito.	1
4.	Pupli Transport Coop. Society, Puhli.	Rampura Jaito	1
5.	United Transport Co-op. Society, Rampura.	-do-	1
6.	Akalia Jalal H. B. Coop, Transport Society Rampura	-do-	1
7.	Ambala Bus	1. Nangal-Rupar	1

	Syndicate (P) Ltd. Rupar.	2. Kiratpur-Rupar	1
8.	Public Bus Service Regd, Sirhand.	Sirhand-Kharar via Chuni Machhli.	2
9.	Lok Sewak Bus Service (P) Ltd, Sirhand.	-do-	1
10.	Manshia Transport Co. (P) Ltd. Mansa.	Bhikhi-Sangrur	2
11.	Dhuri Bus Service Regd. Dhuri.	Barnala-Malerkotla	1
12.	Patiala Bas Service (P) Ltd. Sirhand.	Sirhand-Kharar via Chuni, Machhli.	2
		Total	35
(b) 1.	Doab Roadways (P) Ltd, Hoshiarpur.	Hoshiarpur-Daulatpur	1
2.	New Suraj Transport Co. (P) Ltd. Amritsar.	Amritsar-Patiala via Sangrur.	2
3.	New Jhang Transport Co. (P) Ltd, Batila.	Sirhargobindpur-Gurdaspur via Bhumbli	1
4.	New Samundri Transport Co, (P) Ltd. Ferozepure.	1. Ferozepur-Mamdot	1
		2. Ferozepur-Mukatsar via Sadiq.	2
		3. Mukatsar-Bhatinda.	
5.	Pritam Bus Service (P) Ltd. Jullundur.	Jullundur-Pathankot	1
6.	National Transport & General Company (P) Ltd. Ludhiana.	1. Ludhiana-Kum Kalan	1
		2. Ludhiana-Jullundur	1
		3. Ludhiana-Moga-Ferozepur	2

[Transport Minister]

		4. Ludhiana-Jullundur-Batala.	2
		5. Ludhiana-Samrala-Nangal	2
7.	Workers Transport Co. Abohar.	Abohar Sadhuwala	1
		Total	19

चौधरी बलबीर सिंह: क्या परिवहन मन्त्री बताएंगे कि अखबारों के अन्दर छपा है कि सरकार की तरफ से कहा गया है कि नेशनलाईज़ेशन की पालिसी फेल हो चुका है तो क्या सरकार इस को रोक कर रखना चाहती है और क्या सरकार इस मामले पर गौर कर रही है और इस की क्या पाजीशन है ?

ਟ੍ਰਾਂਸਪੋਰਟ ਮੰਤਰੀ : ਜਿਹੜੀ ਗੌਰਮਿੰਟ ਦੀ ਪਾਲਿਸੀ ਫਿਫਟੀ ਫਿਫਟੀ ਦੇ ਬੇਸਿਜ਼ ਦੀ ਟ੍ਰਾਂਸਪੋਰਟ ਦੇ ਬਾਰੇ ਵਿਚ ਬਣਾਈ ਹੋਈ ਹੈ ਉਸ ਦੀ ਮਿਆਦ 19[illegible] ਤਕ ਹੈ ਇਸ ਲਈ ਅਜੇ ਤਾਂ ਉਸੇ ਪਾਲਿਸੀ ਤੇ ਚਲ ਰਹੇ ਹਾਂ ਕੋਈ ਨਵੀਂ ਪਾਲਿਸੀ ਸਰਕਾਰ ਨੇ ਨਹੀਂ ਬਣਾਈ।

चौधरी बलबीर सिंह: वजीर साहिब ने कहा हैं कि हम पुरानी पालिसी पर ही चल रहे हैं और अखबारों में जो इन का बयान छपा है वह इस बात के खिलाफ है तो क्या वह बयान ठीक है या जो कुछ उन्होंने कहा है वह ठीक है ?

ਮੰਤਰੀ : ਮੈਂ ਨਾ ਤਾਂ ਉਸ ਪਾਲਿਸੀ ਤੋਂ ਲਾਂਭੇ ਗਿਆ ਹਾਂ ਤੇ ਨਾ ਹੀ ਕੋਈ ਬਿਆਨ ਇਸ ਕਿਸਮ ਦਾ ਦਿਤਾ ਹੈ ਜੋ ਮੈਂ ਹਾਊਸ ਨੂੰ ਦਸਿਆ ਹੈ ਸਹੀ ਹਾਲਤ ਇਹੀ ਹੈ।

चौधरी बलबीर सिंह : आन ए प्वायंट आफ आर्डर : अखबारों में सरकार की तरफ से बयान छपा है तो इस के बारे में सरकार ने क्या ऐक्शन लिया है।

श्री उपाध्यक्ष : क्या ऐक्शन लिया जाए।

(What action does the hon. Member suggest ?

चौधरी बलबीर सिंह : डिप्टी स्पीकर साहिब अखबारों में छपा है यह बयान कि सरकार की नेशनलाईज़ेशन की पालिसी फेल हो चुकी है.....

Mr. Deputy Speaker : This is no point of order. Kindly resume your seat.

ਚੌਧਰ ਦਰਸ਼ਨ ਸਿੰਘ : ਕੀ ਮੁੱਖ ਮੰਤਰੀ ਜੀ ਦਸਣਗੇ ਕਿ ਸਰਦਾਰ ਗੁਰਨਾਮ ਸਿੰਘ ਦੀ ਮਨਿਸਟਰੀ ਵੇਲੇ ਜਿਸ ਵਿਚ ਗਿੱਲ ਸਾਹਿਬ ਵੀ ਵਜ਼ੀਰ ਸਨ ਉਨ੍ਹਾਂ ਨੇ ਪਾਲਿਸੀ ਰਖੀ ਕਿ ਪ੍ਰੋਗ੍ਰੈਸਿਵ ਨੈਸ਼ਨਲਾਈਜ਼ੇਸ਼ਨ ਟ੍ਰਾਂਸਪੋਰਟ ਦੀ ਕਰਾਂਗੇ ਤੇ ਕੀ ਉਨ੍ਹਾਂ ਨੇ ਪਹਿਲੇ ਸਤਾਂ ਮਹੀਨਿਆਂ ਵਿਚ 35 ਰੂਟ ਪਰਮਿਟ ਨਹੀਂ ਦਿਤੇ ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਇਹ ਪਾਲਿਸੀ ਦੀ ਡੈਫੀਨੇਸ਼ਨ ਜਿਹੜੀ ਪ੍ਰੋਗ੍ਰੈਸਿਵ ਨੈਸ਼ਨਲਾਈਜ਼ੇਸ਼ਨ ਦੀ ਹੈ ਉਸ ਥਲੇ ਆਉਂਦੀ ਹੈ ? (ਵਿਘਨ)

ਮੁੱਖ ਮੰਤਰੀ : ਇਨ੍ਹਾਂ ਦੀ ਤਾਂ ਉਹ ਗਲ ਸੀ ਹਾਥੀ ਕੇ ਦਾਂਤ ਖਾਨੇ ਕੇ ਔਰ ਦਿਖਾਨੇ ਕੇ ਔਰ। (ਹਾਸਾ)

ਸਰਦਾਰ ਗੁਰਚਰਨ ਸਿੰਘ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਜਦ ਦੀ ਇਹ ਮੌਜੂਦਾ ਸਰਕਾਰ ਬਣੀ ਹੈ ਜਿਸ ਨੇ ਕਿਹਾ ਹੈ ਕਿ ਅਸੀਂ ਨੈਸ਼ਨਲਾਈਜ਼ੇਸ਼ਨ ਦੀ ਪ੍ਰੋਗ੍ਰੈਸਿਵ ਪਾਲਿਸੀ ਤੇ ਚਲਾਂਗੇ ਉਨ੍ਹਾਂ ਨੇ ਕਿਸੇ ਪ੍ਰਾਈਵੇਟ ਆਪਰੇਟਰ ਨੂੰ ਕੋਈ ਰੂਟ ਪਰਮਿਟ ਦਿਤਾ ਹੈ ਜਾਂ ਨਹੀਂ ?

ਟ੍ਰਾਂਸਪੋਰਟ ਮੰਤਰੀ : ਕੋਈ ਰੂਟ ਪਰਮਿਟ ਨਹੀਂ ਦਿਤਾ ਗਿਆ ਤੇ ਜੇਕਰ ਤੁਸੀਂ ਦਸ ਦਿਉ ਤਾਂ ਉਸ ਨੂੰ ਕੈਂਸਲ ਕਰ ਦਿਤਾ ਜਾਵੇਗਾ।

चौधरी बलबीर सिंह : मुख्य मन्त्री साहिब ने जवाब दिया है कि हाथी के दांत खाने के और दिखाने के और तो इस के बारे में क्या वह पुरानी पालिसी ही चल रही और क्या उसी पर ही चला जाएगा या नेशनेलाईज़ेशन के बारे में सोचा जाएगा ?

ਮੁੱਖ ਮੰਤਰੀ : ਜਿਥੋਂ ਤੱਕ 50-50 ਬੇਸਿਜ਼ ਦਾ ਤਅੱਲੁਕ ਹੈ ਇਹ ਗੱਲ ਤਾਂ ਮੈਂ ਸਮਝਦਾ ਹਾਂ ਚੰਗੀ ਹੈ ਜਿਹੜੀ ਪ੍ਰਾਈਵੇਟ ਏਜੰਸੀਜ਼ ਅਸੀਂ ਵੇਖਦੇ ਹਾਂ ਕਿ ਮੁਨਾਫ਼ਾ ਜ਼ਿਆਦਾ ਕਮਾਉਂਦੀਆਂ ਹਨ ਉਨ੍ਹਾਂ ਦੇ ਮੁਲਾਜ਼ਮਾਂ ਨੂੰ ਜ਼ਿਆਦਾ ਸਹੂਲਤਾਂ ਨਹੀਂ ਮਿਲਦੀਆਂ। ਇਸ ਕਰਕੇ ਅਸੀਂ ਇਸ ਗੱਲ ਦੇ ਹਕ ਵਿਚ ਹਾਂ ਕਿ ਨੈਸ਼ਨਲਾਈਜ਼ੇਸ਼ਨ ਹੋਣੀ ਚਾਹੀਦੀ ਹੈ ਤਾਂ ਜੋ ਕਿਸੇ ਦੀ ਇਕ ਜਗ੍ਹਾਂ ਮੋਨਾਪਲੀ ਨਾ ਹੋ ਸਕੇ। ਪਰ ਇਹ ਸਾਰੀ ਦੀ ਸਾਰੀ ਸਕੀਮ ਐਗਜ਼ਾਮਿਨ ਕਰਨ ਵਾਲੀ ਹੈ। ਅਸੀਂ ਇਹ ਸਾਰੀ ਪੁਜ਼ੀਸ਼ਨ ਤੇ ਧਿਆਨ ਰੱਖਣਾ ਹੈ ਕਿ ਕਿਤਨਾ ਸਰਮਾਇਆ ਸਰਕਾਰ ਦਾ ਲਗਦਾ, ਉਹਦਾ ਇੰਟਰੈਸਟ ਕਿਤਨਾ ਪੈਂਦਾ ਹੈ ਸਾਰਾ ਅਧਾ ਇਕਠਾ ਕਰਨ ਤੋਂ ਬਾਅਦ ਆਇਆ ਉਹ ਕਿਸੇ ਫਾਇਦੇ ਵਿੱਚ ਹੈ ਜਾਂ ਕਿਵੇਂ ? (ਏ) ਇਹ ਸਾਰੀਆਂ ਚੀਜ਼ਾਂ ਕਨਸਿਡਰ ਹੋ ਜਾਣ ਤੋਂ ਬਾਅਦ ਗੌਰਮਿੰਟ ਆਪਣੀ ਮੌਜੂਦਾ ਤਜਵੀਜ਼ ਨੈਸ਼ਨਲਾਈਜ਼ੇਸ਼ਨ ਦੇ ਸੰਬੰਧ ਵਿੱਚ ਰਖੇਗੀ। ਹਾਲਾਤ ਵਿਚੋਂ ਤੋਂ ਐਸਾ ਮਾਲੂਮ ਹੁੰਦਾ ਹੈ ਕਿ ਜਿਥੇ ਨੈਸ਼ਨਲਾਈਜ਼ੇਸ਼ਨ ਹੋਈ ਹੈ ਉਹ ਘਾਟੇ ਵਿੱਚ ਹੈ। ਸਰਕਾਰ ਨੂੰ ਹਰ ਪਹਿਲੂ ਰੀਕਨਸਿਡਰ ਕਰਨਾ ਪੈਣਾ ਹੈ।

ਸਰਦਾਰ ਅਮਰ ਸਿੰਘ ਦੁਸਾਂਝ : ਜਿਸ ਤਰ੍ਹਾਂ ਚੀਫ ਮਨਿਸਟਰ ਸਾਹਿਬ ਨੇ ਫਰਮਾਇਆ ਹੈ ਕਿ ਕਿਸੇ ਇਕ ਜਗ੍ਹਾ ਤੇ ਮੁਨਾਪਲੀ ਨਹੀਂ ਹੋਣੀ ਚਾਹੀਦੀ, ਮੈਂ ਅਰਜ਼ ਕਰਾਂ ਕਿ ਜਾਲੰਧਰ ਤੋਂ ਅੰਮ੍ਰਿਤਸਰ ਇਕ ਮੁਨਾਪਲੀ ਰੂਟ ਹੈ ਕੀ ਸਰਕਾਰ 50-50 ਬੇਸਿਜ਼ ਤੇ ਇਸ ਰੂਟ ਨੂੰ ਨੈਸ਼ਨਲਾਈਜ਼ ਕਰਨ ਦਾ ਵਿਚਾਰ ਕਰੇਗੀ ?

(No reply)

श्री बलरामजी दास टन्डन : क्या मुख्य मन्त्री जी बताएंगे कि जैसे उन्होंने कहा है कि ट्रांस्पोर्ट नेशनलाईज़ेशन घाटे में जा रहा है क्या वह इसके अकाऊंट्स बतायेंगे कि इसकी इनकम क्या है और इस का ऐक्सपैंडीचर क्या है ?

क्या यह भी बतायेंगे कि जब एक रूट परमिट वाले इतना मुनाफा कमा रहे हैं और जब सरकार के अपने रूटस् पर चलने वाली बसें हैं, सरकार कोई टैक्स नहीं देती फिर यह घाटे में क्यों है ?

ਮੁੱਖ ਮੰਤਰੀ : ਮੈਂ ਪਹਿਲਾਂ ਅਰਜ਼ ਕੀਤਾ ਹੈ ਕਿ ਇਹ ਮੁਆਮਲਾ ਥਾਰੋਲੀ ਵਿਚਾਰ ਕਰਨ ਵਾਲਾ ਹੈ। ਤੁਸੀਂ ਪੁਲੀਟੀਕਲ ਗੱਲਾਂ ਨੂੰ ਅੱਗੇ ਰਖ ਕੇ ਨਾ ਸੋਚੋ। ਅਸੀਂ ਇਸ ਮੁਆਮਲੇ ਨੂੰ ਥਾਰੋਲੀ ਸਰਚ ਕਰਨਾ ਹੈ ਕਿਉਂਕਿ ਪਰਾਈਵੇਟ ਕੰਪਨੀਜ਼ ਫ਼ਾਇਦੇ ਵਿੱਚ ਹਨ, ਸਰਕਾਰ ਕਿਉਂ ਨਹੀਂ। ਇਹ ਮੁਆਮਲਾ ਅਜੇ ਵਿਚਾਰ ਅਧੀਨ ਹੈ।

ਟਿੱਕਾ ਜਗਤਾਰ ਸਿੰਘ : ਕੀ ਟਰਾਂਸਪੋਰਟ ਮੰਤਰੀ ਜੀ ਇਹ ਗੱਲ ਦੱਸਣਗੇ ਕਿ ਪੰਜਾਬ ਇਕ ਛੋਟੀ ਜਿਹੀ ਸਟੇਟ ਵਿੱਚ ਦੋ ਪਾਲੀਸੀਜ਼ ਦੇ ਆਧਾਰ ਤੇ ਟਰਾਂਸਪੋਰਟ ਚਲਾਈ ਜਾ ਰਹੀ ਹੈ। ਪੈਪਸੂ ਦੇ ਇਲਾਕੇ ਵਿੱਚ ਹੋਰ ਅਤੇ ਪੰਜਾਬ ਵਿੱਚ ਹੋਰ। ਕੀ ਸਰਕਾਰ ਦੋਨਾਂ ਨੂੰ ਇਕ ਕਰਨ ਤੇ ਗੌਰ ਕਰੇਗੀ ?

ਜਦੋਂ ਕੰਪਲੀਟ ਨੈਸ਼ਨੇਲਾਈਜ਼ੇਸ਼ਨ ਹੋਣੀ ਸੀ ਉਸ ਵੇਲੇ ਦੋਨੋ ਪਾਸੇ ਦੀਆਂ ਬਸਾਂ ਆਪਣੇ ਆਪ ਕਿਸੇ ਪਾਲਿਸੀ ਦੇ ਆਧਾਰ ਤੇ ਚਲਣੀਆਂ ਸਨ। ਪਰ ਪਹਿਲੀ ਵਜ਼ਾਰਤ ਦੇ ਚੀਫ਼-ਪਾਰਲੀਮੈਂਟਰੀ ਸੈਕਟਰੀ ਸਰਦਾਰ ਗੁਰਚਰਨ ਸਿੰਘ ਜਾਂਦੇ ਜਾਂਦੇ ਪੰਜਾਬ ਰੋਡਵੇਜ਼ ਨੂੰ ਪੈਪਸੂ ਵਿੱਚ ਲੈ ਜਾਣ ਦੀ ਆਗਿਆ ਦੇ ਗਏ। ਕੀ ਮੁੜ ਇਸ ਆਰਡਰ ਤੇ ਵਿਚਾਰ ਹੋ ਸਕਦਾ ਹੈ ?

ਟਰਾਂਸਪੋਰਟ ਮੰਤਰੀ : ਟਿੱਕਾ ਸਾਹਿਬ ਦੇ ਵਿਚਾਰ ਤੇ ਇਹ ਸਰਕਾਰ ਜ਼ਰੂਰ ਧਿਆਨ ਦੇਵੇਗੀ।

ਟਿੱਕਾ ਜਗਤਾਰ ਸਿੰਘ : ਕੀ ਪੰਜਾਬ ਦੀਆਂ ਬਸਿਜ਼ ਨੂੰ ਪੈਪਸੂ ਵਿਚ ਜਾਣ ਦੀ ਆਗਿਆ ਕਾਇਮ ਰਹੇਗੀ ਜਾਂ ਹਟਾ ਲਈ ਜਾਵੇਗੀ ?

ਟ੍ਰਾਂਸਪੋਰਟ ਮੰਤਰੀ : ਸਰਕਾਰ ਇਸ ਮੁਆਮਲੇ ਤੇ ਵਿਚਾਰ ਕਰੇਗੀ।

ਜਥੇਦਾਰ ਜੰਗੀਰ ਸਿੰਘ ਵਗੁਵਾਲੀਆ : ਕੀ ਟਰਾਂਸਪੋਰਟ ਮੰਤਰੀ ਇਹ ਦੱਸਣ ਦੀ ਕਿਰਪਾ ਕਰਨਗੇ ਕਿ ਜਦੋਂ ਪੰਜਾਬ ਵਿਚ 50-50 ਬੇਸਿਜ਼ ਤੇ ਬਸਾਂ ਚਲਦੀਆਂ ਹਨ ਪੈਪਸੂ ਵਿੱਚ ਕਿਉਂ ਨਹੀਂ ਚਲਾਈਆਂ ਜਾਂਦੀਆਂ ? ਕੀ ਉਹ ਇਧਰ ਹੁਣ ਇਸ ਤਰ੍ਹਾਂ ਕਰਨ ਨੂੰ ਤਿਆਰ ਹਨ ?

ਮੁੱਖ ਮੰਤਰੀ : ਇਹ ਵਿਚਾਰਨ ਵਾਲੀ ਗੱਲ ਹੈ ਜਦੋਂ ਪੰਜਾਬ ਦੇ ਸਾਰਿਆਂ ਜ਼ਿਲਿਆਂ ਵਿੱਚ ਇਕ ਚੀਜ਼ ਹੋ ਸਕਦੀ ਹੈ ਤਾਂ ਇਹ ਦੋ ਤਿੰਨ ਹੋਰ ਜ਼ਿਲੇ ਪੈਪਸੂ ਵੇਲੇ ਦੇ ਹਨ ਇਹ ਵੀ ਸ਼ਾਮਲ ਕੀਤੇ ਜਾ ਸਕਦੇ ਹਨ। ਦੋਨਾਂ ਵਿੱਚੋਂ ਜਿਹੜੀ ਗੱਲ ਵਧੀਆ ਹੋਈ ਉਹ ਕਰਾਂਗੇ।

ਸਰਦਾਰ ਗੁਰਚਰਨ ਸਿੰਘ : ਜਿਸ ਤਰ੍ਹਾਂ ਦੱਸਿਆ ਗਿਆ ਕਿ 50-50 ਬੇਸਿਜ਼ ਤੇ ਸਕੀਮ ਇਸ ਕਰਕੇ ਲਾਗੂ ਕੀਤੀ ਗਈ ਕਿ ਲੋਕ ਪੈਸਾ ਬਹੁਤਾ ਨਾ ਕਮਾਉਣ, ਕਿਸੇ ਇਕ ਦੀ ਮੁਨਾਪਲੀ ਨਾ ਹੋ ਜਾਵੇ। ਮੈਂ ਪੁਛਦਾ ਹਾਂ ਕਿ ਕੀ ਉਨ੍ਹਾਂ ਤੇ ਐਕਟ ਦੀ ਪ੍ਰੋਵੀਜ਼ਨ ਦੇ ਅਧੀਨ ਅਮਾਊਂਟ ਕਨਸਾਲੀਡੇਟਿਡ ਤੋਂ ਵੱਧ ਲਈ ਜਾਂਦੀ ਹੈ ? ਜੇ ਵਧ ਲਈ ਜਾਂਦੀ ਹੈ ਤਾਂ ਕਿਉਂ ?

(No reply)

ਚੌਧਰੀ ਦਰਸ਼ਨ ਸਿੰਘ : ਮੈਂ ਅਰਜ਼ ਕਰਾਂਗਾ ਕਿ ਜਿਤਨੇ ਵੀ ਐਮ. ਐਲ. ਏਜ਼ ਹਨ, ਚਾਹੇ ਮੌਜੂਦਾ ਹਨ ਜਾਂ ਐਕਸ, ਜਿਹੜੇ ਵੀ ਰੂਟ ਪਰਮਿਟ ਹੋਲਡਰਜ਼ ਹਨ ਉਨ੍ਹਾਂ ਦੀ, ਉਨ੍ਹਾਂ ਦੇ ਚਿਲਡਰਨ ਦੀ, ਉਨ੍ਹਾਂ ਦੇ ਬਚਿਆਂ ਤੇ ਬੀਵੀਆਂ ਦੀ ਇਸ ਹਾਊਸ ਵਿੱਚ ਲਿਸਟ ਸਰਕੂਲੇਟ ਕੀਤੀ ਜਾਵੇ।

(No reply)

REVISION OF GRADE OF P. C. S. OFFICERS IN THE STATE

*906. **Shri Lal Chand Suberwal :** Will the Minister for Finance be pleased to state :

a) whether it is a fact that Government has decided to revise and enhance the grades of P. C. S. Officers (Executive Branch) only :
b) if the reply to part (a) above be in the affirmative, the reasons for not enhancing the grades of P. C. S. Officers (Judicial Branch) alongwith the grades of P. C. S. Officers (Executive Branch) :
c) the steps ; if any now proposed to be taken by the Government to remove the disparity between grades of the above mentioned two branches of the P. C. S. Officers ?

Sardar Lachhman Singh Gill (Chief Minister) :

a) It is a fact that the Council of Ministers have decided to create a Senior Scale for the P. C. S. (Executive Branch)
b) There was no case for the creation of such scale by the officers of P. C. S. (Judicial Branch) before the Government.
c) The matter is under consideration.

[(ੳ) ਇਹ ਦਰੁਸਤ ਹੈ ਕਿ ਮੰਤਰੀ ਮੰਡਲ ਨੇ ਫੈਸਲਾ ਕੀਤਾ ਹੈ ਕਿ ਪੀ.ਸੀ.ਐਸ. (ਐਗਜ਼ੈਕਟਿਵ ਬਰਾਂਚ) ਲਈ ਇਕ ਸੀਨੀਅਰ ਸਕੇਲ ਬਣਾ ਦਿਤਾ ਜਾਵੇ।

(ਅ) ਪੀ.ਸੀ.ਐਸ. (ਜੁਡੀਸ਼ਲ ਬਰਾਂਚ) ਦੇ ਅਫ਼ਸਰਾਂ ਲਈ ਅਜਿਹਾ ਸਕੇਲ ਬਣਾਉਣ ਦਾ ਕੋਈ ਕੇਸ ਸਰਕਾਰ ਕੋਲ ਨਹੀਂ ਹੈ।

(ੲ) ਮੁਆਮਲਾ ਵਿਚਾਰ ਅਧੀਨ ਹੈ।]

ਸਰਦਾਰ ਗੁਰਨਾਮ ਸਿੰਘ : ਮੈਂ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਗਵਰਨਮੈਂਟ ਨੇ ਪੇ

[ਸਰਦਾਰ ਗੁਰਨਾਮ ਸਿੰਘ]

ਕਮਿਸ਼ਨ ਐਪੁਆਇੰਟ ਕੀਤਾ ਹੈ ਇੰਪਲਾਈਜ਼ ਦੀ ਪੇ-ਰੀਵੀਜ਼ਨ ਵਾਸਤੇ ਤਾਂ ਸਰਕਾਰ ਨੇ ਉਨ੍ਹਾਂ ਦੀ ਬਗੈਰ ਸਿਫਾਰਸ਼ ਆਉਣ ਦੇ P.C.S. ਕੇਡਰ ਦੇ ਗਰੇਡ ਕਿਉਂ ਵਧਾਏ ?

ਮੁਖ ਮੰਤਰੀ : ਪੇ ਕਮਿਸ਼ਨ ਨੇ ਵੀ ਸਿਫਾਰਸ਼ ਹੀ ਕਰਨੀ ਹੈ, ਮੰਨਣੀ ਤਾਂ ਗੌਵਮਿੰਟ ਨੇ ਹੈ। ਸਰਕਾਰ ਨੇ ਜੋ ਮੁਨਾਸਬ ਸਮਝਿਆ ਉਹ ਸਿਫਾਰਸ਼ ਮੰਨ ਲਈ।

ਸ਼੍ਰੀ ਲਾਲ ਚੰਦ ਸਬਰਵਾਲ : ਕੀ ਮੁੱਖ ਮੰਤਰੀ ਜੀ ਦੱਸਣਗੇ ਕਿ ਇਹ ਗਰੇਡ ਇਕੋ ਕੇਡਰ ਵਿਚੋਂ ਮਹਿਜ਼ ਐਗਜ਼ੈਕਟਿਵ ਆਫੀਸਰਜ਼ ਨੂੰ ਦਿੱਤੇ ਹਨ ਜੁਡੀਸ਼ਲ ਆਫੀਸਰਜ਼ ਨੂੰ ਕਿਉਂ ਨਹੀਂ ਦਿਤੇ ? ਜੁਡੀਸ਼ਲ ਆਫੀਸਰਜ਼ ਨੂੰ ਜਿਹੜੀ ਇਸ ਤਰ੍ਹਾਂ ਕਰ ਕੇ ਹਾਰਟ ਬਰਨਿੰਗ ਹੋਈ ਹੈ ਕਿ ਉਹ ਮੁੱਖ ਮੰਤਰੀ ਜੀ.ਦੇ ਨੋਟਿਸ ਵਿੱਚ ਆਈ ਹੈ ?

ਮੁਖ ਮੰਤਰੀ : ਐਗਜ਼ੈਕਟਿਵ ਆਫੀਸਰਜ਼ ਦਾ ਕੇਸ ਕਾਫੀ ਚਿਰ ਤੋਂ ਗੌਰਮਿੰਟ ਦੇ ਸਾਹਮਣੇ ਸੀ ਜੋ ਡੀਸਾਈਡ ਕੀਤਾ ਗਿਆ। ਜੁਡੀਸ਼ਲਜ਼ ਦਾ ਕੇਸ ਜਦੋਂ ਗੌਰਮਿੰਟ ਦੇ ਸਾਹਮਣੇ ਆਵੇਗਾ ਜ਼ਰੂਰ ਗੌਰ ਕੀਤਾ ਜਾਵੇਗਾ।

ਸ਼੍ਰੀ ਲਾਲ ਚੰਦ ਸਬਰਵਾਲ : ਤੁਸੀਂ ਡਿਪਾਰਟਮੈਂਟ ਵਾਲਿਆਂ ਤੋਂ ਪੁਛੋ ਜੁਡੀਸ਼ਲ ਬਰਾਂਚ ਵਾਲੇ ਪਿਛਲੇ ਦੋ ਸਾਲ ਤੋਂ ਰਿਪਰੇਜ਼ੈਂਟੇਸ਼ਨਜ਼ ਦੇ ਰਹੇ ਹਨ। ਇਹ ਗੱਲ ਮੇਰੇ ਨਾਲਜ ਵਿੱਚ ਹੈ ਜਦੋਂ ਫਰੰਟ ਵਜ਼ਾਰਤ ਸੀ ਉਸ ਵੇਲੇ ਰਿਪਰਜ਼ੈਂਟੇਸ਼ਨਜ਼ ਸਨ। ਇਹ ਗੱਲ ਵੀ ਮੇਰੇ ਨਾਲਜ ਵਿੱਚ ਹੈ ਕਿ ਉਸ ਵੇਲੇ ਪੰਜਾਬ ਸਰਕਾਰ ਨੇ ਚੀਫ ਜਸਟਿਸ ਪੰਜਾਬ ਹਾਈਕੋਰਟ ਨੂੰ ਲਿਖਿਆ ਸੀ। ਜੇ ਕੋਈ ਐਸੀ ਚੀਜ਼ ਸੀ ਤਾਂ ਜੁਡੀਸ਼ਲ ਮੈਜਿਸਟਰੇਟਸ ਨਾਲ ਕਿਉਂ ਇਸ ਤਰ੍ਹਾਂ ਦੀ ਡਿਸਕ੍ਰਿਮੀਨੇਸ਼ਨ ਹੋਈ ?

ਮੁੱਖ ਮੰਤਰੀ : ਮੇਰੀ ਇਨਫਰਮੇਸ਼ਨ ਵਿੱਚ ਕੋਈ ਐਸੀ ਚੀਜ਼ ਨਹੀਂ ਆਈ।

श्री अ. विश्वनाथन : आया केस रिप्रेज़ेंटेशन होने पर ही डिसाईड होता है या इस पर मैरिट के लिहाज़ से भी गौर किया जाता है ?

मुख्य मन्त्री : दोनों तरीकों से किया जाता है।

ਚੌਧਰੀ ਦਰਸ਼ਨ ਸਿੰਘ : ਜਦੋਂ ਗੌਰਮਿੰਟ ਨੇ ਰਿਪਰੇਜ਼ੈਂਟੇਸ਼ਨ ਐਗਜ਼ਾਮਿਨ ਕੀਤਾ ਤਾਂ ਕੀ ਇਹ ਜੁਡੀਸ਼ਰੀ ਅਤੇ ਐਗਜ਼ੈਕਟਿਵ ਦੋਹਾਂ ਦਾ ਸਾਂਝਾ ਸੀ।

ਮੁੱਖ ਮੰਤਰੀ : ਨਹੀਂ ਜੀ।

ਚੌਧਰੀ ਦਰਸ਼ਨ ਸਿੰਘ : ਕੀ ਜੁਡੀਸ਼ਰੀ ਬਰਾਂਚ ਦੀ ਕੋਈ ਵੀ ਰਿਪਰੇਜ਼ੈਂਟੇਸ਼ਨ ਨਹੀਂ ਆਈ ?

ਮੁੱਖ ਮੰਤਰੀ : ਜਿਸ ਵੇਲੇ ਮੈਂ ਕੇਸ ਦਾ ਡੀਸੀਜ਼ਨ ਲਿਆ ਉਸ ਵੇਲੇ ਇਹ ਕੇਸ ਮੇਰੇ ਸਾਹਮਣੇ ਨਹੀਂ ਸੀ। ਮੈਂ ਇਸ ਸਵਾਲ ਦੇ ਪਾਰਟ (ਸੀ) ਦੇ ਜਵਾਬ ਵਿਚ ਉਤਰ ਦਿੱਤਾ ਹੈ ਕਿ ਇਹ ਮੁਆਮਲਾ ਜ਼ੇਰੇ ਗੌਰ ਹੈ ਸਾਨੂੰ ਉਨ੍ਹਾਂ ਦੀ ਵੀ ਉਤਨੀ ਹੀ ਇਜ਼ਤ ਹੈ ਜਿਤਨੀ ਦੂਸਰਿਆਂ ਦੀ।

ਕਾਮਰੇਡ ਸੱਤਪਾਲ ਡਾਂਗ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਪੀ. ਸੀ. ਐਸ. ਦੇ ਮੁਆਮਲੇ ਦੇ ਵਿਚ ਸਰਕਾਰ ਨੇ ਇਹ ਕਿਉਂ ਮੁਨਾਸਬ ਸਮਝਿਆ ਕਿ ਪੇ ਕਮਿਸ਼ਨ ਦੀਆਂ ਰੀਕੁਮੈਂਡੇਸ਼ਨਜ਼ ਉਡੀਕੇ ਬਗੈਰ ਹੀ ਫੈਸਲਾ ਕਰ ਲਿਆ ਜਦੋਂ ਕਿ ਬਾਕੀ ਸਾਰੇ ਇੰਪਲਾਈਜ਼ ਦੇ ਕੇਸ ਬਾਰੇ ਪੇ ਕਮਿਸ਼ਨ ਦੀਆਂ ਰੀਕੁਮੈਂਡੇਸ਼ਨਜ਼ ਉਡੀਕੀਆਂ ਜਾ ਰਹੀਆਂ ਹਨ, ਇਨ੍ਹਾਂ ਦੇ ਕੇਸ ਦੇ ਮੁਤਾਲਿਕ ਕਿਉਂ ਸਰਕਾਰ ਨੇ ਇੰਤਜ਼ਾਰ ਨਹੀਂ ਕੀਤਾ ?

ਮੁੱਖ ਮੰਤਰੀ : ਗੌਰਮੈਂਟ ਜਿਸ ਤਰ੍ਹਾਂ ਮੁਨਾਸਿਬ ਸਮਝਦੀ ਹੈ ਕਾਰਵਾਈ ਕਰਦੀ ਹੈ ।

ਸ਼੍ਰੀ ਸਤਪਾਲ ਡਾਂਗ : ਇਹ ਗਵਰਮੈਂਟ ਨਹੀਂ, ਹਾਊਸ ਹੈ ਇਥੇ ਸਹੀ ਸਹੀ ਜਵਾਬ ਆਉਣਾ ਚਾਹੀਦਾ ਹੈ । ਮੈਂ ਪੁਛਦਾ ਹਾਂ ਕਿ ਗੌਰਮਿੰਟ ਨੇ ਕਿਉਂ ਮੁਨਾਸਿਬ ਸਮਝਿਆ ਕਿ ਖਾਸ ਖਾਸ ਕੈਟੇਗਰੀਜ਼ ਦਾ ਕੇਸ ਕਨਸਿਡਰ ਕਰੇ ਅਤੇ ਬਾਕੀ ਦਿਆਂ ਨੂੰ ਨੈਗਲੈਕਟ ਕਰ ਦੇਵੇ ।

ਮੁੱਖ ਮੰਤਰੀ : ਇਹ ਮੈਟਰ ਆਫ ਓਪੀਨੀਅਨ ਹੈ ।

ਸ਼੍ਰੀ ਲਾਲ ਚੰਦ ਸੱਬਰਵਾਲ : ਕੀ ਸਰਕਾਰ ਪੇ ਕਮਿਸ਼ਨ ਦੀਆਂ ਸਿਫਾਰਸ਼ਾਂ ਤੋਂ ਬਗੈਰ ਐਗਜ਼ੈਕਟਿਵ ਬਰਾਂਚ ਐਂਪਲਾਈਜ਼ ਦੀਆਂ ਜਿਵੇਂ ਤਨਖਾਹਾਂ ਰੀਵਾਈਜ਼ ਕੀਤੀਆਂ ਹਨ ਕੀ ਜੁਡੀਸ਼ਰੀ ਬਰਾਂਚ ਦੀਆਂ ਇਸ ਤਰ੍ਹਾਂ ਤਨਖਾਹਾਂ ਰੀਵਾਈਜ਼ ਕਰਕੇ ਇਹ ਡਿਸਪੈਰਿਟੀ ਨੂੰ ਦੂਰ ਕਰੇਗੀ ?

ਮੁੱਖ ਮੰਤਰੀ : ਦੇਖਾਂਗੇ । ਮੈਂ ਪੇ ਕਮਿਸ਼ਨ ਨੂੰ ਵੀ ਰਿਕਵੈਸਟ ਕੀਤੀ ਹੈ ਕਿ ਉਹ ਜਲਦੀ ਹੀ ਇਨ੍ਹਾਂ ਬਾਰੇ ਫੈਸਲਾ ਦੇਵੇ । ਫੈਸਲੇ ਤੋਂ ਬਾਅਦ ਜਿਸ ਤਰ੍ਹਾਂ ਹੋਇਆ ਕਰ ਦਿਆਂਗੇ ।

ਚੌਧਰੀ ਦਰਸ਼ਨ ਸਿੰਘ : ਕੀ ਮੁੱਖ ਮੰਤਰੀ ਦੱਸਣਗੇ ਕਿ ਇਹ ਜੋ ਜੁਡੀਸ਼ੀਅਲ ਅਤੇ ਐਗਜ਼ੈਕਟਿਵ ਪੀ. ਸੀ. ਐਸ. ਹਨ ਇਹ ਇੰਟਰ-ਟਰਾਂਸਫਰੇਬਲ ਹਨ, ਤਾਂ ਕੀ ਜਿਸ ਦਿਨ ਤੋਂ ਐਗਜ਼ੈਕਟਿਵ ਦੀਆਂ ਤਨਖਾਹਾਂ ਵਿਚ ਵਾਧਾ ਹੋਇਆ ਹੈ, ਉਸੀ ਦਿਨ ਤੋਂ ਜੁਡੀਸ਼ਰੀ ਦੀਆਂ ਤਨਖਾਹਾਂ ਵਿਚ ਵੀ ਵਾਧਾ ਹੋਵੇਗਾ ?

ਮੁੱਖ ਮੰਤਰੀ : ਇਹ ਸਾਰੀ ਗਲ ਸੋਚ ਸਮਝ ਕੇ ਕਰਨ ਵਾਲੀ ਹੈ । ਫਿਰ ਸੋਚ ਸਮਝ ਕੇ ਹੀ ਦਸਾਂਗੇ ।

Mr. Deputy Speaker : Next question please.

(ਕੁਝ ਮੈਂਬਰ ਸਪਲੀਮੈਂਟਰੀ ਸਵਾਲ ਤੇ ਖੜੇ ਹੋਏ)

ਸ਼੍ਰੀ ਡਿਪਟੀ ਸਪੀਕਰ : ਮੈਂ ਅਗਲਾ ਸਵਾਲ ਕਾਲ ਅਪਾਨ ਕਰ ਲਿਆ ਹੈ । (I have called upon the next question.)

PAYMENT OF COMPENSATION FOR THE LAND ACQUIRED FOR SIRHIND CHOE AND BARETTA DRAIN

*975. **Sardar Gurdev Singh Budhlada** : Will the Minister of State for Irrigation and Power be pleased to state whether the land-owners, whose land has been acquired for the Sirhind Choe and the

[Sardar Gurdev Singh Budhlada]
Baretta Drain have been paid their full compensation ; if not, the time by which it is likely to be paid ?

Sardar Natha Singh : The payment for the land acquired for Baretta Drain has since been made except for some persons of villages Haryana and Daska, for which compensation was sent to the Court under Section 30 of the Land Acquisition Act and also some petty amounts less than Rs. 20/- each, for which claimants have not turned up so far.

As regards Sirhind Choe, it is being excavated in stages. Payments for the land coming under 1st and 2nd stages have since been made. So far as the 3rd stage is concerned, the land acquisition papers are being processed through.

ਸਰਦਾਰ ਗੁਰਦੇਵ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਕੀ ਜ਼ਮੀਨ ਇਕਵਾਇਰ ਕਰ ਲਈ ਸੀ ਜਾਂ ਨਹੀਂ ?

(ਕੋਈ ਜਵਾਬ ਨਹੀਂ ਦਿਤਾ ਗਿਆ)

SHIFTING OF OFFICE OF S. D. O. (CANAL) DYAL PURA.

*976. **Sardar Gurdev Singh Budhlada** : Will the Minister of State for Irrigation and Power be pleased to state whether the office of Sub-Divisional Officer (Canal) Dyalpura is being shifted to Budhlada ; if so, when ?

Sardar Natha Singh : No; other part of the question does not arise.

ਸਰਦਾਰ ਗੁਰਦੇਵ ਸਿੰਘ ਬੁਢਲਾਡਾ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਹ ਟਰਾਂਸਫਰ ਕਰਨ ਵਾਸਤੇ ਮਹਿਕਮੇ ਨੇ ਗੌਰਮਿੰਟ ਨੂੰ ਕੋਈ ਤਜ਼ਵੀਜ਼ ਭੇਜੀ ਸੀ ?

ਰਾਜ ਮੰਤਰੀ : ਜੀ ਹਾਂ, ਮਹਿਕਮੇ ਨੇ ਇਹ ਬੁਢਲਾਡਾ ਤੋਂ ਦਿਆਲਪੁਰ ਤਬਦੀਲ ਕਰਨ ਵਾਸਤੇ ਤਜਵੀਜ਼ ਭੇਜੀ ਸੀ ।

TEMPORARY EMPLOYEES OF CANAL DEPARTMENT, LEHAL DIVISION.

*977. **Sardar Gurdev Singh Budhlada** : Will the Minister of State for Irrigation and Power be pleased to state :

(a) the number of Class III and Class IV employees of the Canal Department of Lehal Division who have more than 10 years service to their credit and are still temporary ;

(b) the time by which they are likely to be made permanent ?

Sardar Natha Singh :

(a) Class III (regular) = 46 Nos.
Class IV (regular) = 10 Nos.

(b) Relevant records required for confirmations are being collected from the concerned field officers and are being examined. Confirmations will be made as soon as the allocation of the staff amongst the States of Punjab, Haryana and Himachal Pradesh, is finalized.

ਚੌਧਰੀ ਬਲਬੀਰ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਸਰਕਾਰ ਦੀ ਇਸ ਬਾਰੇ ਕੀ ਪਾਲਿਸੀ ਹੈ ਕਿ ਜਿਹੜੇ ਸਰਕਾਰੀ ਟੈਂਪਰੇਰੀ ਮੁਲਾਜ਼ਮ ਹਨ ਉਨ੍ਹਾਂ ਨੂੰ ਕਿਤਨੀ ਦੇਰ ਬਾਅਦ ਪਕਾ ਕੀਤਾ ਜਾਵੇ ?

ਰਾਜ ਮੰਤਰੀ : ਕੋਈ ਡੈਫੀਨੇਟ ਡੇਟ ਨਹੀਂ ਦਿਤੀ ਜਾ ਸਕਦੀ ਕਿਉਂਕਿ ਜਦ ਤਕ ਮੁਲਾਜ਼ਮਾਂ ਦੀਆਂ ਐਲੋਕੇਸ਼ਨਾਂ ਡਿਸਾਈਡ ਨਹੀਂ ਹੁੰਦੀਆਂ ਉਦੋਂ ਤਕ ਉਨ੍ਹਾਂ ਬਾਰੇ ਕੋਈ ਫੈਸਲਾ ਨਹੀਂ ਕੀਤਾ ਜਾ ਸਕਦਾ ।

ਚੌਧਰੀ ਬਲਬੀਰ ਸਿੰਘ : ਡਿਪਟੀ ਸਪੀਕਰ ਸਾਹਿਬ, ਮੇਰਾ ਤਾਂ ਸਵਾਲ ਹੋਰ ਸੀ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਮੁਲਾਜ਼ਮ ਟੈਂਪਰੇਰੀ ਹਨ ਉਨ੍ਹਾਂ ਨੂੰ ਕਿਤਨੀ ਦੇਰ ਬਾਅਦ ਕਨਫਰਮ ਕਰ ਦਿਤਾ ਜਾਂਦਾ ਹੈ ? ਕਿਉਂਕਿ ਜੋ ਪ੍ਰਾਈਵੇਟ ਅਦਾਰੇ ਹਨ ਉਨ੍ਹਾਂ ਵਿਚ ਇਹ ਲੇਬਰ ਕਾਨੂੰਨ ਲਾਗੂ ਹੁੰਦਾ ਹੈ ਉਥੇ ਇਕ ਸਾਲ ਮੁਲਾਜ਼ਮਾਂ ਨੂੰ ਪਕਾ ਕਰਨਾ ਪੈਂਦਾ ਹੈ ਜਾਂ ਫਿਰ ਨੋਟਿਸ ਦੇਣਾ ਪੈਂਦਾ ਹੈ । ਕੀ ਗੌਰਮਿੰਟ ਦੇ ਮੁਲਾਜ਼ਮਾਂ ਵਾਸਤੇ ਵੀ ਕੋਈ ਅਜਿਹੀ ਚੀਜ਼ ਹੈ ?

ਰਾਜ ਮੰਤਰੀ : ਰੂਲਜ਼ ਐਂਡ ਰੈਗੂਲੇਸ਼ਨਜ਼ ਦੇ ਮੁਤਾਬਿਕ ਹੀ ਕਨਫਰਮ ਹੁੰਦੇ ਹਨ । ਇਹ ਸਾਰੀ ਗਲ ਵਿਕੈਂਸੀਆਂ ਤੇ ਨਿਰਭਰ ਕਰਦੀ ਹੈ । (ਸ਼ੋਰ)

ਸ਼੍ਰੀ ਡਿਪਟੀ ਸਪੀਕਰ : ਨੈਕਸਟ ਕੁਐਸਚਨ । (Next question.)

ਚੌਧਰੀ ਬਲਬੀਰ ਸਿੰਘ : ਡਿਪਟੀ ਸਪੀਕਰ ਸਾਹਿਬ ਮੇਰੇ ਸਵਾਲ ਦਾ ਜਵਾਬ ਪੂਰਾ ਨਹੀਂ ਆਇਆ ।

ਰਾਜ ਮੰਤਰੀ : ਇਹ ਸਾਰੀ ਗਲ ਵੇਕੈਂਸੀਆਂ ਤੇ ਨਿਰਭਰ ਕਰਦੀ ਹੈ ।

ਸ਼੍ਰੀ ਡਿਪਟੀ ਸਪੀਕਰ : ਸਰਦਾਰ ਨੱਥਾ ਸਿੰਘ ਜੀ, ਮੈਂ ਅਗਲਾ ਸਵਾਲ ਕਾਲ ਕਰ ਲਿਆ ਹੈ ।

(Addressing Sardar Natha Singh : I have called upon the next question.)

ELECTRIFICATION OF CERTAIN VILLAGES IN FEROZEPUR DISTRICT.

*913. **Sardar Mohinder Singh Gill :** Will the Minister of State for Irrigation and Power be pleased to state :

(a) whether there is any proposal under the consideration of Government to electrify the villages of Mudki, Gill Phidde,

[Sardar Mohinder Singh Gill]

Chander, Kot Karor Kalan, Kot Karor Khurd, Tumbarh Bhan, of Tehsil and district Ferozepur ;

(b) if the reply to part (a) above be in the affirmative, the time by which the said villages are likely to be electrified ?

Sardar Natha Singh :

(a) No.

(b) Does not arise.

ਸਰਦਾਰ ਮਹਿੰਦਰ ਸਿੰਘ ਗਿੱਲ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਦ ਉਹ 14 ਫਰਵਰੀ ਨੂੰ ਉਨ੍ਹਾਂ ਪਿੰਡਾਂ ਦੇ ਦੌਰੇ ਤੇ ਗਏ ਸਨ ਤਾਂ ਉਨ੍ਹਾਂ ਨੇ ਐਲਾਨ ਕੀਤਾ ਸੀ ਕਿ ਇਨ੍ਹਾਂ ਪਿੰਡਾਂ ਨੂੰ ਜਲਦੀ ਤੋਂ ਜਲਦੀ ਬਿਜਲੀ ਦਿਤੀ ਜਾਵੇ। ਹੁਣ ਕੀ ਗਲ ਹੋ ਗਈ ਹੈ।

ਰਾਜ ਮੰਤਰੀ : ਇਨ੍ਹਾਂ ਨੇ ਜੋ ਸਵਾਲ ਪੁਛਿਆ ਹੈ ਉਹ ਰਿਕਾਰਡ ਵਿਚੋਂ ਪੁਛਿਆ ਹੈ। ਰਿਕਾਰਡ ਵਿਚ ਉਨ੍ਹਾਂ ਪਿੰਡਾਂ ਨੂੰ ਬਿਜਲੀ ਦੇਣ ਦੀ ਕੋਈ ਸਕੀਮ ਨਹੀਂ ਹੈ। (ਸ਼ੋਰ) ਵੈਸੇ ਮੈਂ ਮਹਿਸੂਸ ਕਰਦਾ ਹਾਂ ਕਿ ਉਨ੍ਹਾਂ ਪਿੰਡਾਂ ਨੂੰ ਜਲਦੀ ਬਿਜਲੀ ਦਿਤੀ ਜਾਣੀ ਚਾਹੀਦੀ ਹੈ ਤੇ ਮੈਂ ਕੋਸ਼ਿਸ਼ ਕਰਾਂਗਾ ਕਿ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਬਿਜਲੀ ਦਿਤੀ ਜਾਵੇ।

ELECTRIFICATION OF CERTAIN VILLAGES FROM THE POWER LINES RUNNING BESIDE THE SIRHIND FEEDER OF RAJASTHAN CANAL.

*914. **Sardar Mohinder Singh Gill :** Will the Minister of State for Irrigation and Power be pleased to state :

(a) the time by which the villages from the power lines running beside the Sirhind Feeder of Rajasthan Canal will be electrified ;

(b) if the said villages are proposed to be electrified, whether the villages lying on both sides or only on one side of the said lines will be electrified together with the mileage upto which the villages are proposed to be electrified ;

(c) whether Karmuwala Mokhamwala, Ittanwali, Bhangali, Naraingarh, Thether Kolan, Thether Khurd, Kaliyewala, Machhi Bagra, Jhanjian, Bholowala, Lalle, Patalli, Warasaid, Lohan, Mirroke, Bhai Ka Wara, Kabar Wachha villages of Tehsil and district Ferozepore are included in the proposal referred to in part (b) above.

Sardar Natha Singh :

(a) No positive date can be given at this stage. The Board is giving up priority to tubewell connections.

(b) the villages located within 2.5 miles on either side of power lines will be considered for electrification of tubewells.

(c) All except the following villages are proposed to be considered for electrification of tubewells :

(1) Ittanwali
(2) Machhi Bagra
(3) Jhanjian
(4) Bholuwala
(5) Lalle
(6) Patalli
(7) Mirroke) There are no such villages with these
(8) Warasaid) names.

LINKING VILLAGES WITH MAIN ROADS

*870. **Comrade Bhan Singh Bhaura** : Will the Minister of State for Public Works be pleased to state the names of the roads, district wise in the State which are proposed to be constructed with a view to link every village with the main road as a result of the compaign launched by the Government from the 21st January, 1968 ?

Sardar Narinder Singh : Government have decided to construct about 2,600 miles of village roads with a view to bring every village within a reasonable distance of a pacca road. The detailed scheme regarding roads to be constructed under this plan is under preparation.

ਕਾਮਰੇਡ ਭਾਨ ਸਿੰਘ ਭੌਰਾ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਉਨ੍ਹਾਂ ਨੇ ਇਹ ਐਲਾਨ ਕੀਤਾ ਕਿ ਹਰ ਪਿੰਡ ਦੋ ਸਾਲਾਂ ਦੇ ਵਿਚ ਵਿਚ ਮੇਨ ਰੋਡ ਨਾਲ ਮਿਲਾ ਦਿਆਂਗੇ ਤਾਂ ਕੀ ਉਨ੍ਹਾਂ ਨੇ ਪੀ. ਡਬਲਿਊ. ਡੀ. ਦੀ ਮਸ਼ੀਨਰੀ ਦੇਖ ਲਈ ਸੀ ਕਿ ਉਹ ਕੰਮ ਕਰ ਸਕੇਗੀ ਕਿ ਨਹੀਂ ?

ਰਾਜ ਮੰਤਰੀ (ਸਰਦਾਰ ਨਰਿੰਦਰ ਸਿੰਘ) : ਜ਼ਰੂਰ ਦੇਖ ਲਈ ਸੀ । ਸਾਰੀ ਗਲ ਸੋਚ ਸਮਝ ਕੇ ਹੀ ਇਹ ਕਦਮ ਉਠਾਇਆ ਗਿਆ ਹੈ ਇਸ ਗਲ ਨੂੰ ਜ਼ਰੂਰ ਪੂਰਾ ਕਰਾਂਗੇ । (ਸ਼ੋਰ)

ਸਰਦਾਰ ਦਿਲਬਾਗ ਸਿੰਘ : ਜਿਹੜੀਆਂ ਸੜਕਾਂ ਕਾਂਗਰਸ ਸਰਕਾਰ ਨੇ ਬਨਾਣੀਆਂ ਸ਼ੁਰੂ ਕੀਤੀਆਂ ਸਨ, ਅਤੇ ਜਿਹੜੀਆਂ ਕਿ ਫਰੰਟ ਸਰਕਾਰ ਨੇ ਬੰਦ ਕਰ ਦਿਤੀਆਂ ਸਨ ਕੀ ਉਨ੍ਹਾਂ ਨੂੰ ਵੀ ਮੁੜ ਬਣਾਇਆ ਜਾਵੇਗਾ ?

ਰਾਜ ਮੰਤਰੀ : ਜ਼ਰੂਰ ਬਣਾਇਆ ਜਾਵੇਗਾ । ਉਨ੍ਹਾਂ ਸਾਹਮਣੇ ਤਾਂ ਕਈ ਪੁਲੀਟੀਕਲ ਕਨਸਿਡੀਰੇਸ਼ਨਜ਼ ਸਨ । ਪਰ ਸਾਡੇ ਸਾਹਮਣੇ ਲੋਕਾਂ ਦੀ ਭਲਾਈ ਹੈ । (ਥੰਪਿੰਗ)

ਭਗਤ ਗੁਰਾਂ ਦਾਸ ਹੰਸ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਸੀ ਕਿ ਜਿਹੜੇ ਪਿੰਡ ਸੜਕਾਂ ਤੇ ਮਿੱਟੀ ਪਾ ਦੇਣਗੇ ਉਨ੍ਹਾਂ ਦੀਆਂ ਸੜਕਾਂ ਜਲਦੀ ਬਣਵਾ ਦਿਆਂਗੇ । ਪਰ ਜਦ ਕੋਈ ਐਮ. ਐਲ, ਏ. ਉਨ੍ਹਾਂ ਕੋਲ ਕੋਈ ਦਰਖਾਸਤ ਲੈ ਕੇ ਜਾਂਦਾ ਹੈ ਤਾਂ ਕਹਿ ਦਿੰਦੇ ਹਨ ਕਿ ਪੈਸੇ ਜਮ੍ਹਾਂ ਕਰਵਾਓ । ਮੈਂ ਇਨ੍ਹਾਂ ਤੋਂ ਪੁਛਣਾ ਚਾਹੰਦਾ ਹਾਂ ਕਿ ਕਿਹੜੀ ਗਲ ਠੀਕ ਹੈ ?

ਚੌਧਰੀ ਦਰਸ਼ਨ ਸਿੰਘ : ਇਨ੍ਹਾਂ ਉਸ ਉਤੇ ਮਿੱਟੀ ਪਾ ਦਿਤੀ ਹੈ ।

ਮੁੱਖ-ਮੰਤਰੀ : ਇਸ ਗਲ ਨੂੰ ਦੁਨੀਆਂ ਜਾਣਦੀ ਹੈ । (ਵਿਘਨ)

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ ਇਹ ਗਲ ਵੀ ਉਸੀ ਸਵਾਲ ਦਾ ਹੀ ਹਿੱਸਾ ਹੈ । (ਹਾਸਾ)

ਮੁੱਖ-ਮੰਤਰੀ : ਨਹੀਂ ਜੀ । ਇਹ ਤਾਂ ਐਂਵੇ ਚੁੰਜ ਚਰਚਾ ਹੈ (ਵਿਘਨ) (ਹਾਸਾ) ਤੇ ਮੈਂ ਅਰਜ਼ ਕਰ ਰਿਹਾ ਸੀ ਕਿ ਹਰ ਪਿੰਡ ਨੂੰ 2 ਸਾਲਾਂ ਦੇ ਅੰਦਰ ਅੰਦਰ ਹੀ ਮੇਨ ਰੋਡ ਨਾਲ ਮਿਲਾ ਦਿਤਾ ਜਾਵੇਗਾ । ਇਹ ਇਸ ਗੌ ਮਿੰਟ ਦੀ ਪਾਲੀਸੀ ਹੈ । ਪਰ ਨਾਲ ਹੀ ਜਿਹੜੇ ਪਿੰਡ ਜਾਂ ਲੋਕ ਪੈਸੇ ਜਮ੍ਹਾਂ ਕਰਵਾ ਸਕਦੇ ਹੋਣ ਉਨ੍ਹਾਂ ਦੀਆਂ ਸੜਕਾਂ ਪਹਿਲਾਂ ਬਣਾ ਦਿਤੀਆਂ ਜਾਣਗੀਆਂ । (ਵਿਘਨ)

ਮੈਂ ਅਰਜ਼ ਕਰ ਰਿਹਾ ਸੀ ਕਿ ਗੌਰਮਿੰਟ ਪੰਜਾਬ ਮੁਕੰਮਲ ਇਰਾਦਾ ਰਖਦੀ ਹੈ ਕਿ ਦੋ ਸਾਲਾਂ ਵਿਚ ਹਰ ਪਿੰਡ ਨੂੰ ਸੜਕ ਨਾਲ ਮਿਲਾ ਦਿਤਾ ਜਾਏਗਾ । ਜਿਹੜੇ ਮਿਟੀ ਪਾ ਦੇਣਗੇ, ਰੁਪਿਆ ਜਮ੍ਹਾਂ ਕਰਾ ਦੇਣਗੇ, ਉਨ੍ਹਾਂ ਦੀਆਂ ਸੜਕਾਂ ਛੇ ਮਹੀਨਿਆਂ ਦੇ ਅੰਦਰ ਅੰਦਰ ਬਣਾ ਦਿਤੀਆਂ ਜਾਣਗੀਆਂ । ਬਾਕੀ ਚਾਹੇ ਕੋਈ ਰਕਮ ਜਮ੍ਹਾਂ ਕਰਾਏ ਭਾਵੇਂ ਨਾ ਕਰਾਏ ਗੌਰਮਿੰਟ ਦਾ ਪਲਾਨ ਸਾਰੇ ਪਿੰਡਾਂ ਲਈ ਹੀ ਦੋ ਸਾਲਾਂ ਦੇ ਅੰਦਰ ਅੰਦਰ ਇਹ ਕੰਮ ਮਕਾਉਣ ਦਾ ਹੈ ।

ਸਰਦਾਰ ਗਿਰਧਾਰਾ ਸਿੰਘ : ਜਿਹੜੀ ਗੌਰਮਿੰਟ ਨੇ ਪਾਲਿਸੀ ਬਣਾਈ ਹੈ ਦੋ ਸਾਲਾਂ ਦੇ ਅੰਦਰ ਅੰਦਰ ਹਰ ਪਿੰਡ ਨੂੰ ਲਿੰਕ ਰੋਡਜ਼ ਨਾਲ ਮਿਲਾਣ, ਦੀ ਕੀ ਵਜ਼ੀਰ ਸਾਹਿਬ ਇਹ ਦਸਣ ਦੀ ਕਿਰਪਾ ਕਰਨਗੇ ਕਿ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਜਦ ਕਿ ਹਾਲੇ ਤਕ ਮੇਨ ਰੋਡਜ਼ ਹੀ ਨਹੀਂ ਬਣੀਆਂ ?

ਕਾਮਰੇਡ ਸਤਪਾਲ ਡਾਂਗ : ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਦੋ ਸਾਲਾਂ ਵਿੱਚ ਲਿੰਕ ਰੋਡਜ਼ ਦਾ ਕੰਮ ਮੁਕ ਜਾਏਗਾ । ਇਸ ਸਾਲ ਕਿੰਨਾਂ ਕੰਮ ਹੋ ਜਾਏਗਾ ।

ਮੁੱਖ ਮੰਤਰੀ : ਮੈਂ ਅਰਜ਼ ਕਰ ਰਿਹਾ ਸੀ ਦੋ ਸਾਲਾਂ ਵਿੱਚ ਇਹ ਕੰਮ ਮੁਕੰਮਲ ਹੋ ਜਾਣਾ ਹੈ । ਹੋ ਸਕਦਾ ਹੈ ਇਸ ਸਾਲ ਵੱਧ ਕੰਮ ਹੋ ਜਾਵੇ ਅਤੇ ਹੋ ਸਕਦਾ ਹੈ ਇਸ ਸਾਲ ਘੱਟ ਹੋਵੇ ਤੇ ਅਗਲੇ ਸਾਲ ਵਧ ਹੋਵੇ ।

ਸਰਦਾਰ ਗੁਰਚਰਨ ਸਿੰਘ : ਚੀਫ਼ ਮਨਿਸਟਰ ਸਾਹਿਬ ਨੇ ਫਰਮਾਇਆ ਹੈ ਕਿ ਦੋ ਸਾਲ ਦੇ ਅੰਦਰ ਅੰਦਰ ਉਹ ਲਿੰਕ ਰੋਡਜ਼ ਦਾ ਕੰਮ ਮੁਕਾ ਲੈਣਗੇ । ਕੀ ਦੋ ਸਾਲ ਉਨ੍ਹਾਂ ਦਾ ਕਾਂਗਰਸ ਨਾਲ ਲਿੰਕ ਰਹਿ ਸਕਦਾ ਹੈ ? (ਸ਼ੋਰ)

ਮੁੱਖ ਮੰਤਰੀ : ਤੁਸੀਂ ਇਥੇ ਨਹੀਂ ਆ ਸਕਦੇ ।

ਚੌਧਰੀ ਬਲਬੀਰ ਸਿੰਘ : ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ 2600 ਮੀਲ ਲਿੰਕ ਰੋਡਜ਼ ਬਣਾ

ਦਿਤੀਆਂ ਜਾਣਗੀਆਂ । ਜਿਹੜੇ ਮਿਟੀ ਪਾ ਦੇਣਗੇ ਉਨ੍ਹਾਂ ਦੀ ਵੀ ਵਾਹ ਵਾਹ ਜਿਹੜੇ ਮਿਟੀ ਨਹੀਂ ਪਾਣਗੇ ਉਨ੍ਹਾਂ ਦੀ ਵੀ ਵਾਹ ਵਾਹ । ਪੰਜ ਹਜਾਰ ਰੁਪਿਆ ਜ਼ਰੂਰ ਜਮ੍ਹਾਂ ਹੋਣਾ ਚਾਹੀਦਾ ਹੈ । Is there any set policy about it ?

ਮੁੱਖ ਮੰਤਰੀ : ਡਿਪਟੀ ਸਪੀਕਰ ਸਾਹਿਬ, ਗਲ ਬੜੀ ਕਲੀਅਰ ਹੈ । ਅਸੀਂ ਇਸ ਬੁਨਿਆਦੀ ਗਲ ਨੂੰ ਮੰਨਿਆ ਕਿ ਸ਼ਹਿਰ ਦੀ ਜਨਤਾ ਨੂੰ ਸਹੂਲਤ ਦੇਣ ਲਈ ਅਸੀਂ ਉਥੇ ਸੜਕਾਂ ਬਣਾਉਂਦੇ ਹਾਂ । ਇਹ ਪਿੰਡ ਵਾਲਿਆਂ ਨਾਲ ਧੱਕਾ ਹੈ । ਇਸ ਲਈ ਗੌਰਮੈਂਟ ਦਾ ਫਰਜ਼ ਹੈ ਕਿ ਉਥੇ ਵੀ ਸੜਕਾਂ ਬਣਾਵੇ । ਪਿੰਡਾਂ ਵਾਲੇ ਜ਼ਮੀਨ ਮੁਫਤ ਦਿੰਦੇ ਹਨ । ਉਹ ਮਿਟੀ ਵੀ ਮੁਫਤ ਪਾ ਦਿੰਦੇ ਹਨ । ਜੋ ਮੈਂ ਵਰਡ ਔਫ ਔਨਰ ਦਿੱਤਾ ਹੈ ਗੌਰਮੈਂਟ ਉਸ ਤੇ ਜ਼ਰੂਰ ਅਮਲ ਕਰੇਗੀ ।

ਸਰਦਾਰ ਜੰਗੀਰ ਸਿੰਘ ਫਗੂਵਾਲੀਆ : ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਦੋ ਸਾਲ ਦੇ ਅੰਦਰ ਅੰਦਰ ਸੜਕਾਂ ਮੁਕੰਮਲ ਹੋ ਜਾਣਗੀਆਂ । ਜਿਨ੍ਹਾਂ ਨੇ ਦੋ ਦੋ ਸਾਲਾਂ ਤੋਂ ਮਿਟੀ ਪਾਈ ਹੋਈ ਹੈ, ਰੁਪਿਆ ਜਮ੍ਹਾਂ ਕਰਾਇਆ ਹੋਇਆ ਹੈ, ਕੀ ਉਥੇ ਵੀ ਸੜਕਾਂ ਬਣਨਗੀਆਂ ।

ਮੁੱਖ ਮੰਤਰੀ : ਜ਼ਰੂਰ ਇਹ ਵੀ ਕਰਾਂਗੇ ।

ਕਾਮਰੇਡ ਜੰਗੀਰ ਸਿੰਘ ਜੋਗਾ : ਪੈਪਸੂ ਗੌਰਮਿੰਟ ਵੇਲੇ ਕੁਝ ਸੜਕਾਂ ਬਣੀਆਂ ਪਰ ਅਧੂਰੀਆਂ ਰਹਿ ਗਈਆਂ ਸਨ । ਦੂਜੀ ਯੋਜਨਾ ਖਤਮ ਹੋ ਗਈ, ਤੀਜੀ ਯੋਜਨਾਂ ਖਤਮ ਹੋ ਗਈ ਅਤੇ ਹੁਣ ਚੌਥੀ ਯੋਜਨਾਂ ਸ਼ੁਰੂ ਹੋਣ ਵਾਲੀ ਹੈ । ਕੀ ਇਹ ਸੜਕਾਂ ਜਿਹੜੀਆਂ ਹੁਣ ਵਿਚਾਲੇ ਪਈਆਂ ਹਨ, ਇਹ ਵੀ ਮੁਕੰਮਲ ਹੋਣਗੀਆਂ ?

ਮੁੱਖ ਮੰਤਰੀ : ਸਾਨੂੰ ਪਤਾ ਨਹੀਂ ਪੈਪਸੂ ਗੌਰਮਿੰਟ ਵੇਲੇ ਕੀ ਗਲ ਸੀ । ਹੁਣ ਤੁਸੀਂ ਸਾਡੀ ਤਵੱਜੋ ਦਿਵਾਈ ਹੈ । ਸਰਕਾਰ ਇਸ ਵਲ ਜ਼ਰੂਰ ਧਿਆਨ ਦੇਵੇਗੀ ।

ਕਾਮਰੇਡ ਭਾਨ ਸਿੰਘ ਭੌਰਾ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਿਆ ਸੀ ਕਿ ਉਹ ਉਨ੍ਹਾਂ ਸੜਕਾਂ ਦੇ ਨਾਲ ਦਸਣ ਡਿਸਟ੍ਰਿਕਟ ਵਾਈਜ਼ ਜਿਥੇ ਕਿ ਇੰਨ੍ਹਾਂ ਨੇ ਹਰ ਪਿੰਡ ਨੂੰ ਮੇਨ ਰੋਡ ਨਾਲ ਮਿਲਾਉਣਾ ਹੈ ਅਤੇ ਇਹ ਕਦ ਤਕ ਮੁਕੰਮਲ ਹੋ ਜਾਣਗੀਆਂ ?

ਰਾਜ ਮੰਤਰੀ (ਸਰਦਾਰ ਨਰਿੰਦਰ ਸਿੰਘ) : ਟਾਰਗੇਟ ਅਸੀਂ ਆਪਣਾ ਫਿਕਸ ਕਰ ਲਿਆ ਹੈ । ਬਾਕੀ ਹੋਰ ਇਸ ਤੇ ਗੌਰ ਹੋ ਰਿਹਾ ਹੈ । ਹਰ ਡਿਸਟ੍ਰਿਕਟ ਨੂੰ ਜਾਇਜ਼ ਹਿੱਸਾ ਦਿੱਤਾ ਜਾਵੇਗਾ । ਪਿਛਲੀ ਸਰਕਾਰ ਦੀ ਤਰ੍ਹਾਂ ਕਾਣੀ ਵੰਡ ਨਹੀਂ ਕਰਦੇ ।

STOPPAGE OF PAYMENT OF DISCRETIONARY GRANTS.

*871. **Comrade Bhan Singh Bhaura :** Will the Minister of State for Public Works be pleased to state whether it is a fact that the payment of discretionary grants sanctioned by the Ministers upto November, 1967, has been stopped ; if so, the reasons therefor ?

Sardar Narinder Singh : Yes. As heavy grants were issued by the

[Sardar Narinder Singh]

Members of the outgoing Ministry in the month of November, 1967 as compared with those issued in the preceding period of the seven months, the disbursement of grants was stopped so as to avoid any mis-utilisation of funds, sanctioned in rush.

ਚੌਧਰੀ ਦਰਸ਼ਨ ਸਿੰਘ : ਕੀ ਵਜ਼ੀਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਪਹਿਲੀ ਵਜ਼ਾਰਤ ਨੇ ਸੈਂਟ ਪਰਸੈਂਟ ਡਿਸਕ੍ਰੀਸ਼ਨਰੀ ਗਰਾਂਟਸ ਆਪਣੇ ਹਲਕਿਆਂ ਵਿਚ ਹੀ ਦੇ ਦਿਤੀਆਂ ਸਨ ?

ਰਾਜ ਮੰਤਰੀ : ਹਾਂ ਜੀ ।

ਚੌਧਰੀ ਦਰਸ਼ਨ ਸਿੰਘ : ਕੀ ਇਹ ਚੀਜ਼ ਜ਼ੇਰੇ ਗੌਰ ਹੈ ਕਿ ਕੋਈ ਵੀ ਵਜ਼ੀਰ 25% ਤੋਂ ਵਧ ਡਿਸਕ੍ਰੀਸ਼ਨਰੀ ਗਰਾਂਟਸ ਆਪਣੇ ਹਲਕੇ ਵਿਚ ਨਾ ਦੇਵੇ ?

ਰਾਜ ਮੰਤਰੀ : ਇਸ ਸੁਜੈਸ਼ਨ ਤੇ ਗੌਰ ਕਰ ਲਿਆ ਜਾਵੇਗਾ ।

ਕਾਮਰੇਡ ਭਾਨ ਸਿੰਘ ਭੌਰਾ : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਨਹੀਂ ਕਿ ਇਨ੍ਹਾਂ ਨੇ ਉਹ ਗਰਾਂਟਸ ਵੀ ਬੰਦ ਕਰ ਦਿਤੀਆਂ ਜਿਹੜੀਆਂ ਮਨਿਸਟਰ ਸਾਹਿਬ ਨੇ ਕੁਝ ਹਰੀਜਨਾਂ ਨੂੰ ਦਿਤੀਆਂ ਸਨ ਧਰਮਸ਼ਾਲਾ ਵਾਸਤੇ ਜਾਂ ਕਿਸੇ ਸ਼ਹੀਦ ਆਦਿ ਦੀ ਯਾਦਗਾਰ ਬਨਾਉਣ ਵਾਸਤੇ ? ਇਹ ਡਿਸਕ੍ਰਿਸ਼ਨਰੀ ਗਰਾਂਟਸ ਬੰਦ ਕਰਨ ਦਾ ਕੀ ਕਾਰਨ ਹੈ ?

ਰਾਜ ਮੰਤਰੀ : ਜਿਹੜਾ ਤੁਹਾਡਾ ਸਵਾਲ ਹੈ, ਇਸ ਦੇ ਨਾਲ ਮੈਂ ਮੁਤਫਿਕ ਨਹੀਂ ।

ਚੌਧਰੀ ਦਰਸ਼ਨ ਸਿੰਘ : ਕੀ ਵਜ਼ੀਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਜਿਸ ਵੇਲੇ ਸਰਦਾਰ ਗੁਰਨਾਮ ਸਿੰਘ ਦੀ ਵਜ਼ਾਰਤ ਆਈ ਤਾਂ ਪਹਿਲੀ ਵਜ਼ਾਰਤ ਦੀਆਂ ਦਿਤੀਆਂ ਹੋਈਆਂ ਗਰਾਂਟਸ ਜੋ ਜ਼ਿਲਿਆਂ ਵਿਚ ਵੀ ਪਹੁੰਚ ਚੁਕੀਆਂ ਸਨ, ਉਹ ਬੰਦ ਕਰ ਦਿਤੀਆਂ ਸਨ ?

ਰਾਜ ਮੰਤਰੀ : ਹਾਂ ਜੀ ਠੀਕ ਹੈ ।

ਸਰਦਾਰ ਗੁਰਨਾਮ ਸਿੰਘ : ਕਿਸ ਜ਼ਿਲੇ ਦੀ ਗਲ ਹੈ । ਇਨ੍ਹਾਂ ਨੇ ਕਿਹਾ ਹੈ ਜੀ ਠੀਕ ਹੈ, ਜ਼ਰਾ ਦਸਣ ਵੀ ਤੇ ਸਹੀ ।

ਰਾਜ ਮੰਤਰੀ : ਮੈਂ ਫਾਈਲ ਤੋਂ ਦੇਖਿਆ ਹੈ । ਡੀਟੇਲ ਮੈਂ ਦਸ ਦਿਆਂਗਾ । It is a fact, ਕਿ ਬੰਦ ਕੀਤੀਆਂ ਸਨ ।

ਸਰਦਾਰ ਗੁਰਚਰਨ ਸਿੰਘ : ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਡਿਸਕਰੀਸ਼ਨਰੀ ਫੰਡਜ਼ ਸਨ ਜੋ ਪਿਛਲੀ ਸਰਕਾਰ ਨੇ ਪੇਮੈਂਟ ਹੋਣ ਤੋਂ ਬੰਦ ਕਰ ਦਿਤੇ ਸਨ ਔਰ ਕੋਈ ਕਾਨੂੰਨ ਨਹੀਂ ਕਿ ਚੰਦ ਕੁ ਵਜ਼ੀਰ ਜਿਹੜੇ ਸਾਡੇ ਵਿਚੋਂ ਜਾ ਕੇ ਉਧਰ ਬਹਿਕੇ ਵਜ਼ੀਰ ਬਣ ਗਏ ਹਨ ਉਨਾਂ ਨੂੰ ਇਜਾਜ਼ਤ ਦੇ ਦਿਤੀ ਹੈ ਕਿ ਉਹ ਫੰਡ ਦਿਤੀ ਜਾਣ । ਕੀ ਇਹ ਦਰੁਸਤ ਹੈ ?

ਰਾਜ ਮੰਤਰੀ : ਗੁਰਚਰਨ ਸਿੰਘ ਜੀ ਤੁਹਾਡੇ ਕੁਝ ਪ੍ਰਿਵਿਲਿਜਿਜ਼ ਸਨ ਅਸੀਂ ਪ੍ਰਿਵਿਲਿਜਜ਼

ਤੇ ਕੋਈ ਛਾਪਾ ਨਹੀਂ ਮਾਰਿਆ। ਜਿਥੇ ਜਾਇਜ਼ ਹੈ ਉਥੇ ਉਸੇ ਤਰ੍ਹਾਂ ਦਿੱਤੀ ਹੈ। ਜਿਥੇ ਮਿਸਯੂਟੇ-ਲਾਈਜ਼ੇਸ਼ਨ ਦਾ ਖਤਰਾ ਸੀ ਉਥੇ ਹੀ ਬੰਦ ਕੀਤੀ ਹੈ।

ਟਿਕਾ ਜਗਤਾਰ ਸਿੰਘ : ਕੀ ਮੰਤਰੀ ਸਾਹਿਬ ਦਸਣਗੇ ਕਿ ਉਨ੍ਹਾਂ ਨੇ ਸਾਰੇ ਕੇਸਿਜ਼ ਐਗ-ਜ਼ਾਮਿਨ ਕਰ ਲਏ ਹਨ ਕਿ ਕਿੰਨਾਂ ਵਿਚ ਮਿਸ ਯੂਟੇਲਾਈਜ਼ੇਸ਼ਨ ਹੋਈ ਹੈ। ਦੂਜੀ ਗਲ ਇਹ ਹੈ ਕਿ ਜਿਹੜੀਆਂ ਗਰਾਂਟਾਂ ਮਈ ਦੇ ਮਹੀਨੇ ਵਿਚ ਦਿੱਤੀਆਂ ਗਈਆਂ ਸਨ ਔਰ ਜਿਥੇ ਸਾਡੇ ਮੌਜੂਦਾ ਮੁੱਖ ਮੰਤਰੀ ਸਾਹਿਬ ਵੀ ਨਾਲ ਸਨ ਉਹ ਵੀ ਕਿਉਂ ਬੰਦ ਕੀਤੀਆਂ ਗਈਆਂ।

ਮੁੱਖ ਮੰਤਰੀ : ਜਨਰਲੀ ਸਾਰੀਆਂ ਕੀਤੀਆਂ ਸਨ। ਜਿਥੇ ਜਿਥੇ ਠੀਕ ਹੈ ਉਥੇ ਦੇ ਦਿੱਤੀਆਂ ਹਨ। ਮੈਂ ਸਮਝਦਾ ਹਾਂ ਕਿ ਸਾਰੇ ਮਨਿਸਟਰਾਂ ਨੇ ਦੇਖ ਕੇ ਹੀ ਕੀਤਾ ਹੋਵੇਗਾ। ਜਿਥੇ ਕਿਤੇ ਸਮਝਦੇ ਹੋ ਕਿ ਰੋਕ ਦਿੱਤੀਆਂ ਗਈਆਂ, ਸਾਡੀ ਤੱਵਜੋਂ ਦਿਲਾ ਦਿਉ ਉਨਾਂ ਨੂੰ ਵੀ ਰਲੀਜ਼ ਕਰ ਦਿਆਂਗੇ।

ਟਿਕਾ ਜਗਤਾਰ ਸਿੰਘ : ਸਵਾਲ ਤਾਂ ਇਹ ਹੈ ਕਿ ਕੀ ਤੁਸੀਂ ਐਗਜ਼ਾਮਿਨ ਕਰਾਉਗੇ ਕਿ ਕਿਹੜੀਆਂ ਮਿਸ ਯੂਟੇਲਾਈਜ਼ੇਸ਼ਨ ਹੋਈਆਂ ਨੇ।

ਮੁੱਖ ਮੰਤਰੀ : ਕਰਾਵਾਂਗੇ ਜੀ। ਜਿਥੇ ਨਹੀਂ ਦਿੱਤੀਆਂ ਗਈਆਂ ਉਥੇ ਵੀ ਦੇ ਦਿਆਂਗੇ।

ਸ੍ਰੀ ਗੁਰਮੇਲ ਸਿੰਘ : ਕੀ ਜਿਹੜੇ ਪੁਰਾਣੇ ਵਜ਼ੀਰਾਂ ਨੇ ਆਪਣੇ ਹਲਕੇ ਤੋਂ ਬਾਹਿਰ ਦੂਜੇ ਐਮ: ਐਲ. ਏਜ਼ ਦੇ ਹਲਕੇ ਵਿਚ ਗਰਾਂਟਾਂ ਦਿੱਤੀਆਂ ਕੀ ਉਨ੍ਹਾਂ ਤੇ ਸਰਕਾਰ ਗੌਰ ਕਰਨ ਲਈ ਤਿਆਰ ਹੈ ?

Sardar Narinder Singh : (Minister of State for Public Works) : Sir, I did not listen anything. I beg pardon of the hon. Member.

ਸ੍ਰੀ ਡਿਪਟੀ ਸਪੀਕਰ : ਤੁਸੀਂ ਦੋਬਾਰਾ ਬੋਲ ਦੇਣਾ ਜੀ, ਇਨ੍ਹਾਂ ਨੇ ਸੁਣਿਆਂ ਨਹੀਂ।

(Addressing Shri Gurmel Singh. Please put your supplementary again. It could not reach the State Minister.)

ਸ੍ਰੀ ਗੁਰਮੇਲ ਸਿੰਘ : ਮੈਂ ਅਰਜ਼ ਕਰਦਾ ਹਾਂ ਜੀ ਕਿ ਜਿਨ੍ਹਾਂ ਮਨਿਸਟਰਜ਼ ਨੇ ਆਪਣੇ ਹਲਕੇ ਤੋਂ ਇਲਾਵਾ ਦੂਜੇ ਹਲਕਿਆਂ ਵਿਚ ਗਰਾਂਟਾਂ ਦਿੱਤੀਆਂ ਸਨ, ਕੀ ਸਰਕਾਰ ਉਨ੍ਹਾਂ ਨੂੰ ਮੁੜ ਕੇ ਦੇ ਦੇਵੇ ਗੀ ਕਿ ਨਹੀਂ ?

ਮੁੱਖ ਮੰਤਰੀ : ਹਲਕਿਆਂ ਵਾਸਤੇ ਕੋਈ ਸਵਾਲ ਨਹੀਂ। ਹਰ ਪੰਜਾਬ ਦੇ ਹਿਸੇ ਜਿਥੇ ਵੀ ਮਨਿਸਟਰ ਚਾਹੇ ਦੇ ਸਕਦਾ ਹੈ।

ਸ੍ਰੀ ਲਾਲ ਚੰਦ ਸੱਬਰਵਾਲ : ਕੀ ਮਨਿਸਟਰ ਸਾਹਿਬ ਦਸਣਗੇ ਕਿ ਜਲੰਧਰ ਵਿਚ ਇਕ ਕੋਹੜੀ ਆਸ਼ਰਮ ਨੂੰ ਦੋ ਹਜ਼ਾਰ ਦੀ ਗਰਾਂਟ ਮਿਲੀ ਸੀ, ਉਹ ਵੀ ਬੰਦ ਕਰ ਦਿਤੀ ਹੈ ?

ਰਾਜ ਮੰਤਰੀ : ਐਸੀ ਕੋਈ ਗਲ ਨਹੀਂ। ਕੋਈ ਵੀ ਇਹੋ ਜਿਹਾ ਡੀਜ਼ਰਵਿੰਗ ਕੇਸ ਇਸ ਤਰ੍ਹਾਂ ਨਹੀਂ ਰੋਕਿਆ ਜਾ ਸਕਦਾ !

ਕਾਮਰੇਡ ਭਾਨ ਸਿੰਘ ਭੌਰਾ : ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ

[ਕਾਮਰੇਡ ਭਾਨ ਸਿੰਘ ਭੌਰਾ]

ਸੰਗਰੂਰ ਵਿਚ ਤਪੇ ਦੇ ਹਰੀਜਨਾਂ ਦੀ ਇਕ ਧਰਮਸ਼ਾਲਾ ਵਾਸਤੇ ਸਰਕਾਰ ਨੇ 15 ਸੌ ਰੁਪਿਆ 18 ਅਕਤੂਬਰ ਨੂੰ ਦਿਤਾ ਸੀ ਅਤੇ ਇਤਨਾ ਹੀ ਰੁਪਿਆ ਉਨ੍ਹਾਂ ਨੇ ਆਪ ਇਕਠਾ ਕੀਤਾ ਸੀ। ਉਹ ਕਿਉਂ ਰੋਕ ਦਿਤਾ ਗਿਆ ਹੈ ?

ਰਾਜ ਮੰਤਰੀ : ਇਹ ਕਲਾਸ ਲੈਸ ਸੁਸਾਇਟੀ ਜਿਹੜੀ ਹੈ ਉਸਦੇ ਵਾਸਤੇ ਹਨ। ਜੇ ਕਿਸੇ ਖਾਸ ਫੈਕਟ ਵਾਸਤੇ ਮੰਗੀ ਜਾਵੇ ਉਸ ਨੂੰ ਨਹੀਂ ਦਿਤੀ ਜਾਂਦੀ। ਇਹ ਨਜਾਇਜ਼ ਸੀ ਤਾਂ ਰੋਕੀ ਗਈ।

COMPLAINT AGAINST SARPANCH GRAM PANCHAYAT BARA PIND, DISTRICT JULLUNDUR.

*933 **Comrade Satya Pal Dang** : Will the Minister of State for Public Works be pleased to state :

a) whether any complaints of alleged embezzlement, misappropriation and other illegalities/re-irregularities committed by the Sarpanch of village Bara Pind in district Jullundur were received by the Government during the last few months ;

b) if the reply to part (a) above is in the affirmative, whether any enquiry was ordered into the said allegations, if so, the name of the enquiry officer ;

c) the findings of the enquiry held against the said Sarpanch together with the action taken or proposed to be taken on the enquiry report ?

Sardar Narinder Singh :

a) Yes.

b) Yes. Assistant Director of Panchayats (Patiala Division)

c) No case could be made out against the Sarpanch. Hence the question of taking any action does not arise.

ਸਰਦਾਰ ਅਮਰ ਸਿੰਘ ਦੁਸਾਂਝ : ਕੀ ਇਹ ਇਨਕਲਾਇਰੀ ਉਥੋਂ ਦੇ ਮੌਜੂਦਾ ਸਰਪੰਚ ਦੇ ਖਿਲਾਫ ਇਲੈਕਸ਼ਨ ਕਾਰਨ ਖੜੀ ਹੋਈ ? ਆਪਣੀ ਸ਼ਿਕਸਤ ਤੋਂ ਬਾਅਦ ਬਦਲਾ ਲੈਣ ਦੀ ਭਾਵਨਾ ਨਾਲ ਇਹ ਇਨਕਵਾਇਰੀ ਪਿਛਲੇ ਵਜ਼ੀਰ ਵਲੋਂ ਤਾਂ ਨਹੀਂ ਖੜੀ ਕੀਤੀ ਗਈ ?

ਰਾਜ ਮੰਤਰੀ : ਇਨਕਵਾਇਰੀ ਤੋਂ ਤਾਂ ਇਹ ਨਜ਼ਰ ਆਇਆ ਹੈ ਕਿ ਜੋ ਉਸ ਦੇ ਖਿਲਾਫ ਸ਼ਕਾਇਤ ਸੀ ਉਹ ਸਾਰੀ ਝੂਠੀ ਸੀ।

ਚੌਧਰੀ ਦਰਸ਼ਨ ਸਿੰਘ : ਕੀ ਵਜ਼ੀਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਲੇਡੀ ਸਰਪੰਚ ਲਗਾਤਾਰ ਰਾਈਟ ਕਮਿਉਨਿਸਟ ਪਾਰਟੀ ਦੇ ਰਜਿੰਦਰ ਸਿੰਘ ਨੂੰ ਹਰਾਉਂਦੀ ਆਈ ਹੈ। ਔਰ ਇਹ ਬਿਨਾਂ ਵਜਾਹ ਹੀ ਕੰਪਲੇਂਟਸ ਲਾਈਆਂ ਹਨ। ਕੀ ਮੈਂ ਪੁਛ ਸਕਦਾ ਹਾਂ ਕਿ ਕੰਪਲੇਨੈਂਟ ਦੇ ਖਿਲਾਫ ਝੂਠੇ ਇਲਜ਼ਾਮ ਲਾਉਣ ਦੀ ਇਨਕਵਾਇਰੀ ਕਰੋਗੇ ?

ਰਾਜ ਮੰਤਰੀ : ਤੁਸੀਂ ਨੋਟਿਸ ਵਿਚ ਲਿਆਂਦਾ ਹੈ ਇਸ ਬਾਰੇ ਸਰਕਾਰ ਨੂੰ ਜ਼ਰੂਰ ਸੋਚਣਾ ਪਵੇਗਾ ਕਿ ਆਇਆ ਕੰਪਲੇਨੈਂਟ ਨੇ ਇਹ ਗਲਤ ਸ਼ਿਕਾਇਤ ਕੀਤੀ ਹੈ।

चौधरी बलबीर सिंह : ग़लत शिकायत करने वाले के खिलाफ सरकार का मौजूदा कानून है। और उस के लिए दफा भी मौजूद है। मिनिस्टर साहिब ने बताया है कि उस के बारे में सोचेंगे। कानून तो मौजूद है, फिर सोचने को क्या बात है ?

WATERLOGGED AREA BETWEEN CHANDIGARH AND ATTARI IN DISTRICT AMRITSAR.

*156. **Shri Harbans Lal Khanna** : Will the Minister of State for Irrigation and Power be pleased to state :

a) whether Government is aware of the fact that the whole area of land from village Gandiwind to Attari in District Amritsar generally remains water-logged ? If so, the steps taken by the Department to improve the condition of the farmers of this area;

b) if no steps have been taken, the reasons therefor ?

Sardar Natha Singh :

a) The whole of the area between Gandiwind and Attari does not generally remain water-logged. Most of the area is under cultivation The Department has however taken adequate measures for draining the area by constructing Hudiara Nalla Drainage system in the tract.

b) Does not arise.

[(ੳ) ਗੰਡੀਵਿੰਡ ਅਤੇ ਅਟਾਰੀ ਦੇ ਦਰਮਿਆਨ ਦਾ ਸਾਰਾ ਰਕਬਾ ਆਮ ਕਰਕੇ ਸੇਮ ਹੇਠ ਨਹੀਂ ਰਹਿੰਦਾ। ਫਿਰ ਵੀ ਵਿਭਾਗ ਨੇ ਇਸ ਇਲਾਕੇ ਵਿਚ ਹੁਡਿਆਰਾ ਨਾਲਾ ਕੱਢ ਕੇ ਇਸ ਖੇਤਰ ਦੇ ਜਲ-ਨਿਕਾਸ ਲਈ ਯੋਗ ਕਾਰਵਾਈ ਕੀਤੀ ਹੈ।

(ਅ) ਸਵਾਲ ਪੈਦਾ ਨਹੀਂ ਹੁੰਦਾ]

SMALL SCALE INDUSTRIES

*15. **Shri Harbans Lal Khanna** : Will the Minister for Industries be pleased to state :

a) the steps taken by the Government to boost Small Scale Industry in the State ;

b) the total number of Thermometer factories running in the State at present ;

c) the steps taken by the Government to get Mercury from the Union Government for use in Factories functioning in the State ?

Shri B. N. Makkar :

(a) The following steps have been taken to boost the Small Scale Industry in the State :

(i) Provision of credit facilities on more liberalised basis ;

[Minister for Industries]

(ii) Rendering of technical assistance ;

(iii) Assistance in the matter of basic infra-structure i. e. plots for factory buildings, constructed sheds, water and power etc ;

(iv) Tax relief in purchase and sales tax including inter-state sales tax, terminal - tax and electricity duty at selected places ;

(v) Price preference in Government purchases ;

(vi) Marketting facilities through Punjab State Small Industries Corporation Ltd., Chandigarh ;

(vii) Facilities in the procurement of export orders through the Punjab Export Corporation ;

(viii) Supply of imported raw-material under the liberalised import policy.

(b) Four.

(c) Twenty flasks containing about 700 kgs of mercury have been secured from the Government of India, and allocated to these units.

Mr. Deputy Speaker : Now the Question Hour is over.

QUESTIONS OF PRIVILEGE

ਸ਼੍ਰੀ ਅ. ਵਿਸ਼ਵਨਾਥਨ : ਪੁਆਇੰਟ ਆਫ ਆਰਡਰ, ਸਰ। ਮੇਰੀ ਇਕ ਪ੍ਰਿਵਿਲਜ਼ ਮੋਸ਼ਨ ਹੈ।

ਸ਼੍ਰੀ ਡਿਪਟੀ ਸਪੀਕਰ : ਇਥੇ ਕੁਝ ਪ੍ਰਿਵਿਲਜ ਮੋਸ਼ਨਜ਼ ਹਨ। ਇਹ ਸਰਵਸ਼੍ਰੀ ਮਨਮੋਹਨ ਕਾਲੀਆ. ਜੰਗੀਰ ਸਿੰਘ ਜੋਗਾ ਹਰਬੰਸ ਲਾਲ ਖੰਨਾ ਸ਼੍ਰੀ ਛਜੂ ਰਾਮ ਤੇ ਸ਼੍ਰੀ ਵਿਸ਼ਵਨਾਥਨ ਵਲੋਂ ਆਈਆਂ ਹਨ। ਇਹ ਪ੍ਰਿਵਿਲਜ ਮੋਸ਼ਨਜ਼ ਇਕ ਹੀ ਸਬਜੈਕਟ ਤੇ ਹਨ। ਇਨ੍ਹਾਂ ਮੋਸ਼ਨਜ਼ ਦੇ ਬਾਰੇ ਮੈਂ ਕੁਝ ਕਹਿਣਾ ਚਾਹੁੰਦਾ ਹਾਂ। (ਵਿਘਨ)

(Here are a few Privilege Motions. These have been given notice of by Sarvshri Manmohan Kalia, Jangir Singh Joga, Harbans Lal Khanna, Chhajju Ram and A. Vishwanathan. All these motions relate to the same subject I want to say something in regard to these motions. (Interruptions)

As the hon. Members are aware, the matter relating to the happenings of the 5th May, 1967, was referred to the Committee of Privileges for examination and report. The report of the Privileges Committee has not yet come and, therefore, it is not possible to determine whether what is alleged in the news item is in fact, the conclusion of the Privileges Committee. If it is, then the notice involves a very serious matter in as much as the conclusion of the Committee which is strictly confidential till presented to the House has been divulged to an

outsider. It is necessary, therefore, to make an enquiry into this matter before determining whether a breach of privilege of the Committee or of the House has been committed or not. I would, therefore, postpone my deeision on the notice and, in the meantime, refer it to the Chairman of the Privileges Committee to make a report in consultation with the Committee or otherwise. He is requested to make a report by the 11th March, 1968. (Cheers)

श्री ग्र. विश्वनाथन : ग्रान ए प्वायंट ग्राफ ग्रार्डर सर। डिप्टी स्पोकर साहिब, जो स्पोकर साहिब का ग्रार्डर है वह बिल्कुल ठीक होते हुए भी मैं यह कहना चाहता हूँ कि यह ठोक है कि प्रिविलेज कमेटी की रिपोर्ट ग्रभी टेबल ग्राफ दी हाऊस पर ले नहीं की गई लेकिन ग्रगर मान भी लिया जाए कि प्रिविलेज कमेटी ने काई फाइनल फैसला ग्रन्दर नही भी लिया हो ग्रौर एक खास किस्म की खबर ग्रखबारों में ग्रा गई हो तो Dces is not amount to prejudicing the decision of the Committee of Privileges; and if that is so, it is also a breach of Piivilege.

ਸ਼੍ਰੀ ਡਿਪਟੀ ਸਪੀਕਰ : ਇਸ ਬਾਰੇ ਡਿਸੀਯਨ ਵਿਚ ਬੜਾ ਕਲੀਅਰਲੀ ਮੈਨਸ਼ਨ ਕੀਤਾ ਹੈ ਕਿ ਜਿਤਨੀ ਦੇਰ ਤਕ ਪ੍ਰਿਵਿਲੇਜਿਜ਼ ਕਮੇਟੀ ਦੀ ਰੀਪੋਰਟ ਨਹੀਂ ਆ ਜਾਂਦੀ ਹਾਊਸ ਦੀ ਟੇਬਲ ਤੇ ਲੇ ਨਹੀਂ ਕੀਤੀ ਜਾਂਦੀ ਉਤਨੀ ਦੇਰ ਤਕ ਸਾਨੂੰ ਉਸ ਡਿਸੀਜ਼ਨ ਬਾਰੇ ਪਤਾ ਨਹੀਂ ਲਗ ਸਕਦਾ ਕਿ ਪ੍ਰਿਵਿਲੇਜਿਜ਼ ਕਮੇਟੀ ਦਾ ਅਸਲ ਫੈਸਲਾ ਕੀ ਹੈ। (It has been clearly mentioned therein that we are not expected to know about the decision of the Privileges Committee unless and until the report is laid on the Table of the House.)

ਸ਼੍ਰੀ ਅ. ਵਿਸ਼ਵਨਾਥਨ : ਤੁਸੀਂ ਮੇਰਾ ਪ੍ਰਿਵਿਲੇਜ ਮੋਸ਼ਨ ਪੜ੍ਹ ਲਓ। ਇਸ ਵਿਚ ਤਿੰਨ ਆਈਟਮਜ਼ ਹਨ ਔਰ ਆਪ ਦਾ ਰੂਲਿੰਗ ਸਿਰਫ ਇਕ ਆਈਟਮ ਨੂੰ ਰੇਫਰ ਕਰਦਾ ਹੈ। ਮੇਰੀ ਮੋਸ਼ਨ ਦੇ "ਏ", "ਬੀ" ਔਰ "ਸੀ" ਤਿੰਨ ਹਿਸੇ ਹਨ ਇਹ ਵੇਖ ਲਓ।

ਸਰਦਾਰ ਗੁਰਨਾਮ ਸਿੰਘ : ਅਗਰ ਪ੍ਰਿਵਿਲੇਜ ਕਮੇਟੀ ਦੇ ਮੈਂਬਰ ਨੂੰ ਥਰੇਟ ਕੀਤਾ ਜਾਵੇ ਤਾਂ ਇਹ ਪ੍ਰਿਵਿਲੇਜ਼ ਦਾ ਸਵਾਲ ਬਣਦਾ ਹੈ।

Shri A. Vishwanathan : May I read it out, Mr. Deputy Speaker ?

Mr. Deputy Speaker : Yes.

Shri A. Vishwanathan : "A section of the Press has reported that Pandit Mohan Lal, M. L. A. and Member of the Privileges Committee of the Vidhan Sabha was threatened and abused by Shri Jai Inder Singh Ex-M. L. A. on 26.2.68 for certain recommendations made by the said Committee. This involves a breach of Privilege of the Committee, the member, and the House, as

(a) It amounts to intimidation of an honourable member in

[Shri A. Vishwanathan]

due discharge of his duties as a member of Privileges Committee.

(b) That the matter should have leaked out to the Press even before the reports of Committee were placed before the House, and

(c) That it constitutes a breach of privilege of the House which has appointed the said Committee and intimidation to an honourable member of the said Committee is a breach of Privilege of the House."

All the above three points are not covered by your ruling. It is a question of breach of privilege of the House, question of breach of privilege of the Member and intimidation.

"I propose that all these three points be referred to the Privileges Committee for its decision and necessary action."

Mr. Deputy Speaker : All these three points raised in part (a), (b) and (c of the Privilege Motion ralate to the conclusion of the Privileges Committee.

Sardar Gurnam Singh : No, No.

Shri A. Vishwanathan : Privileges Committee does not come in the picture. (Interruptions)

ਸ਼੍ਰੀ ਡਿਪਟੀ ਸਪੀਕਰ : ਇਕ ਮਿੰਟ ਗੱਲ ਤਾਂ ਸੁਣ ਲਓ । ਉਨ੍ਹਾਂ ਦੇ ਪੁਆਇੰਟ ਦਾ ਜਵਾਬ ਤਾਂ ਦੇ ਲੈਣ ਦਿਓ । (Please listen to me for a minute. Let me first give a reply to his point).

ਸ਼੍ਰੀ ਅ. ਵਿਸ਼ਵਨਾਥਨ : ਮੰਨ ਲਓ ਕਿ ਅਜੇ ਕੋਈ ਫ਼ੈਸਲਾ ਨਹੀਂ ਹੋਇਆ ਮਗਰ ਜੇ ਕੋਈ ਪ੍ਰਿਵਿਲੇਜ਼ ਕਮੇਟੀ ਦੇ ਕਿਸੇ ਮੈਂਬਰ ਨੂੰ ਗਲਤ ਫ਼ਹਿਮੀ ਹੋਣ ਕਰਕੇ ਹੀ ਥਰੇਟ ਕਰੇ ਤਾਂ ਉਹ ਵੀ ਪ੍ਰਿਵਿਲੇਜ਼ ਦਾ ਮੈਟਰ ਬਣਦਾ ਹੈ । ਅਗਰ ਮੈਂ ਪ੍ਰਿਵਿਲੇਜ ਕਮੇਟੀ ਦਾ ਮੈਂਬਰ ਹੋਵਾਂ, ਗ਼ਲਤ ਫ਼ਹਿਮੀ ਦੀ ਵਜਾਹ ਕਰਕੇ ਕੋਈ ਮੈਨੂੰ ਮਿਸਰਿਪਰੀਜ਼ੈਂਟ ਕਰੇ, ਗਾਲੀਆਂ ਦੇਵੇ ਤਾਂ ਲਾਜ਼ਮੀ ਤੌਰ ਤੇ ਉਹ ਵੀ ਬ੍ਰੀਚ ਆਫ਼ ਪ੍ਰਿਵਿਲੇਜ਼ ਦਾ ਮਸਲਾ ਬਣਦਾ ਹੈ ।

Mr. Deputy Speaker : That also relates to the decision of the Privileges Committee.

Dr. Baldev Prakash : No, No.

ਸ਼੍ਰੀ ਡਿਪਟੀ ਸਪੀਕਰ : ਇਕ ਮਿੰਟ ਸੁਣ ਤਾਂ ਲਓ । ਉਸ ਤੋਂ ਬਾਅਦ ਮੈਂ ਤੁਹਾਨੂੰ ਬੋਲਣ ਦਾ ਟਾਈਮ ਦੇ ਦੇਵਾਂਗਾ । (ਵਿਘਨ) ਤੁਹਾਡੇ ਕਹਿਣ ਦਾ ਮਤਲਬ ਇਹ ਹੈ ਕਿ ਉਨ੍ਹਾਂ ਨੇ ਉਨ੍ਹਾਂ ਨੂੰ ਥਰੇਟਨ ਕੀਤਾ ਔਰ ਉਹ ਇਸ ਲਈ ਕੀਤਾ ਕਿ ਪ੍ਰਿਵਿਲੇਜ ਕਮੇਟੀ ਵਿਚ ਡਿਸੀਜ਼ਨ ਉਤੇ ਤਲਖ਼ਕਲਾਮੀ ਹੋਈ ਪਰ ਜਿਤਨੀ ਦੇਰ ਤਕ ਉਹ ਡਿਸੀਜ਼ਨ ਹਾਊਸ ਦੇ ਸਾਹਮਣੇ ਨਹੀਂ ਆਉਂਦਾ

ਉਤਨੀ ਦੇਰ ਕਿਵੇਂ ਮੰਨ ਲਿਆ ਜਾਵੇ ਕਿ ਗਾਲੀਆਂ ਕਢੀਆਂ ਵੀ ਹਨ ਜਾਂ ਨਹੀਂ। (Please listen to me first and thereafter I will give you time (interruption.) You mean to say that the hon. Member was threatened because hot words had been exchanged during the discussion in the Privileges Committee. But unless that decision comes be the House. how can we presume that hot words were exchanged.)

ਡਾਕਟਰ ਬਲਦੇਵ ਪ੍ਰਕਾਸ਼ : ਆਨ ਏ ਪੁਆਇੰਟ ਆਫ਼ ਆਰਡਰ ਸਰ। ਮੈਂ ਇਕ ਕਨਕਰੀਟ ਮਿਸਾਲ ਆਪ ਦੇ ਸਾਹਮਣੇ ਰਖਦਾ ਹਾਂ। ਫ਼ਰਜ਼ ਕਰੋ ਮੈਂ ਪ੍ਰਿਵਿਲੇਜਿਜ਼ ਕਮੇਟੀ ਦਾ ਮੈਂਬਰ ਹੋਵਾਂ। ਮੈਂ ਉਸ ਕਮੇਟੀ ਦੀ ਮੀਟਿੰਗ ਅਟੈਂਡ ਕਰਨ ਵਾਸਤੇ ਆ ਰਿਹਾ ਹੋਵਾਂ। ਇਕ ਹੋਰ ਐਸਾ ਆਦਮੀ ਜਿਸ ਦਾ ਮੈਟਰ ਪ੍ਰਿਵਿਲੇਜਿਜ਼ ਕਮੇਟੀ ਕੋਲ ਰੈਫ਼ਰ ਹੋਇਆ ਹੋਇਆ ਹੋਵੇ ਉਹ ਮੈਨੂੰ ਰਸਤੇ ਵਿਚ ਪਕੜ ਲੈਂਦਾ ਹੈ, ਮੈਨੂੰ ਮੀਟਿੰਗ ਅਟੈਂਡ ਕਰਨ ਤੋਂ ਆਬਸਟਰਕਟ ਕਰਦਾ ਹੈ, ਗਾਲੀਆਂ ਕਢਦਾ ਹੈ, ਥਰੇਟਨ ਕਰਦਾ ਹੈ ਤਾਂ ਐਜ਼ ਏ ਮੈਂਬਰ ਆਫ਼ ਦੀ ਪ੍ਰਿਵਿਲੇਜਿਜ਼ ਕਮੇਟੀ ਉਸ ਨੇ ਜਿਹੜਾ ਮੈਨੂੰ ਆਬਸਟਰਕਟ ਕੀਤਾ, ਥਰੇਟਨ ਕੀਤਾ ਐਬਿਊਜ਼ ਕੀਤਾ ਤੁਹਾਡੇ ਕਹਿਣ ਦੇ ਮੁਤਾਬਿਕ ਇਹ ਮਾਮਲਾ ਪ੍ਰਿਵਿਲੇਜਿਜ਼ ਕਮੇਟੀ ਕੋਲ ਨਹੀਂ ਜਾ ਸਕਦਾ ਕਿਉਂਕਿ ਅਜੇ ਉਸ ਗੱਲ ਦਾ ਫ਼ੈਸਲਾ ਨਹੀਂ ਹੋਇਆ। ਫ਼ੈਸਲਾ ਚਾਹੇ ਦਸ ਮੀਟਿੰਗਾਂ ਬਾਅਦ ਹੋਵੇ ਲੇਕਿਨ ਕਿਉਂਕਿ ਇਕ ਆਦਮੀ ਨੇ ਮੈਨੂੰ ਐਜ਼ ਏ ਮੈਂਬਰ ਆਫ਼ ਦੀ ਪ੍ਰਿਵਿਲੇਜਿਜ਼ ਕਮੇਟੀ ਰਸਤੇ ਵਿਚ ਰੋਕਿਆ, ਥਰੇਟਨ ਕੀਤਾ, ਇਸ਼ਾਰਾ ਕੀਤਾ ਜਾਂ ਉਸ ਨੇ ਅਪਣੇ ਕੇਸ ਬਾਰੇ ਸਿਫ਼ਾਰਿਸ਼ ਕੀਤੀ ਤਾਂ ਲਾਜ਼ਮੀ ਤੌਰ ਤੇ ਉਹ ਪ੍ਰਿਵਿਲੇਜ ਆਫ਼ ਦੀ ਹਾਊਸ ਦਾ ਸਵਾਲ ਬਣ ਜਾਂਦਾ ਹੈ।

ਮੁੱਖ ਮੰਤਰੀ : ਉਹ ਮੈਂਬਰ ਵੀ ਹਾਊਸ ਵਿਚ ਮੌਜੂਦ ਹੈ। ਉਸ ਨੂੰ ਪੁਛ ਲਿਆ ਜਾਵੇ।

ਡਾਕਟਰ ਬਲਦੇਵ ਪ੍ਰਕਾਸ਼ : ਪੰਡਿਤ ਮੋਹਨ ਲਾਲ ਜੀ ਦਸ ਦੇਣ ਕਿ ਆਇਆ ਉਹ ਉਨ੍ਹਾਂ ਦਾ ਕੋਈ ਆਪਣਾ ਮਾਮਲਾ ਤਾਂ ਨਹੀਂ ਸੀ ਜਿਸ ਕਰਕੇ ਸਰਦਾਰ ਜੈ ਇੰਦਰ ਸਿੰਘ ਨੇ ਉਨ੍ਹਾਂ ਨੂੰ ਥਰੇਟਨ ਕੀਤਾ। ਅਗਰ ਉਨ੍ਹਾਂ ਦਾ ਕੋਈ ਆਪਣਾ ਲੈਣ ਦੇਣ ਦਾ ਝਗੜਾ ਸੀ ਜਿਸ ਕਰਕੇ ਉਨ੍ਹਾਂ ਨੂੰ ਉਸ ਨੇ ਗਾਲ੍ਹੀਆਂ ਕਢੀਆਂ ਜਾਂ ਥਰੇਟਨ ਕੀਤਾ ਤਾਂ ਇਹ ਹਾਊਸ ਦਾ ਮਸਲਾ ਨਹੀਂ ਲੇਕਿਨ ਅਗਰ ਉਸੇ ਪ੍ਰਿਵਿਲੇਜ ਦੇ ਕੇਸ ਬਾਰੇ ਉਨ੍ਹਾਂ ਨੂੰ ਉਸ ਨੇ ਗਾਲ੍ਹੀਆਂ ਕਢੀਆਂ ਔਰ ਥਰੇਟਨ ਕੀਤਾ ਜਾਂ ਇਸ ਬਾਰੇ ਉਨ੍ਹਾਂ ਤੇ ਰੋਅਬ ਪਾਇਆ ਤਾਂ ਇਹ ਪ੍ਰਿਵਿਲੇਜ ਦਾ ਕੇਸ ਬਣਦਾ ਹੈ।

ਸ਼੍ਰੀ ਡਿਪਟੀ ਸਪੀਕਰ : ਡਾਕਟਰ ਸਾਹਿਬ, ਤੁਹਾਡੀ ਸਟੇਟਮੈਂਟ ਦੇ ਮੁਤਾਬਿਕ ਥਿਊਰੈਟੀਕਲੀ ਤਾਂ ਇਹ ਕੇਸ ਪ੍ਰਿਵਿਲੇਜ ਦਾ ਬਣਦਾ ਹੈ ਲੇਕਿਨ ਦੂਸਰੀ ਗੱਲ ਇਹ ਹੈ ਕਿ ਜਿਤਨੀ ਦੇਰ ਇਸ ਪ੍ਰਿਵਿਲੇਜ ਮੋਸ਼ਨ ਬਾਰੇ ਮੈਂ ਜਾਂ ਆਨਰੇਬਲ ਸਪੀਕਰ ਸਾਹਿਬ ਪੰਡਿਤ ਮੋਹਨ ਲਾਲ ਜੀ ਨੂੰ ਕਨਸਲਟ ਕਰਕੇ ਰਿਪੋਟ ਨਹੀਂ ਲੈ ਲੈਂਦੇ ਉਤਨੀ ਦੇਰ ਤਕ ਇਹ ਪ੍ਰਿਵਿਲੇਜ ਮੋਸ਼ਨ ਨਹੀਂ ਬਣਦੀ। (Doctor Sahib, on the basis of your statement theoretically it becomes a case of privilege, but it cannot be taken as such

[Mr. Deputy Speaker]

unless the hon. Speaker or I get a report from Pandit Mohan Lal)

ਡਾਕਟਰ ਬਲਦੇਵ ਪ੍ਰਕਾਸ਼ : ਉਨ੍ਹਾਂ ਨੂੰ ਪੁਛ ਲਓ ।

ਸ੍ਰੀ ਅ. ਵਿਸ਼ਵਨਾਥਨ : ਆਨ ਏ ਪੁਆਇੰਟ ਆਫ਼ ਆਰਡਰ ਸਰ । ਡਿਪਟੀ ਸਪੀਕਰ ਸਾਹਿਬ, ਇਹ ਮਾਮਲਾ ਪਹਿਲੀ ਤਾਰੀਖ਼ ਨੂੰ ਅਖ਼ਬਾਰਾਂ ਵਿਚ ਛਪਿਆ ਸੀ । (ਵਿਘਨ)

ਸ੍ਰੀ ਡਿਪਟੀ ਸਪੀਕਰ : ਦੇਖੋ, ਫਿਰ ਐਵੇਂ ਹੀ ਖਪਖਾਨਾ ਪੈ ਜਾਂਦਾ ਹੈ । ਪਹਿਲੇ ਕਲੀਅਰ ਹੋ ਲਈਏ । ਉਨ੍ਹਾਂ ਨਾਲ ਗੱਲ ਕਰ ਲਈਏ । (Let us be clear first and consult Pandit Mohan Lal so that there may not be any complication afterwards).

I shall have to enquire from the hon. Member, Pandit Mohan Lal ji, whether this has happened or not.

ਸ੍ਰੀ ਅ. ਵਿਸ਼ਵਨਾਥਨ : ਡਿਪਟੀ ਸਪੀਕਰ ਸਾਹਿਬ, ਇਹ ਖਬਰ ਪਹਿਲੀ ਮਾਰਚ ਦੀਆਂ ਅਖਬਾਰਾਂ ਵਿਚ ਛਪੀ ਹੈ । ਇਕ ਨਹੀਂ ਦੋ ਤਿੰਨ ਅਖਬਾਰਾਂ ਵਿਚ ਛਪੀ ਹੈ । ਇਨ੍ਹਾਂ ਚਾਰ ਦਿਨਾਂ ਤਕ ਪੰਡਿਤ ਮੋਹਨ ਲਾਲ ਵੱਲੋਂ ਕੋਈ ਕੰਟਰਾਡਿਕਸ਼ਨ ਨਹੀਂ ਛਪੀ । ਇਸ ਕਰਕੇ ਉਨ੍ਹਾਂ ਨੂੰ ਕਨਸਲਟ ਕਰਨ ਦੀ ਗੁੰਜਾਇਸ਼ ਨਹੀਂ ਰਹਿੰਦੀ ।

ਸ੍ਰੀ ਡਿਪਟੀ ਸਪੀਕਰ : ਇਸ ਸਾਰੀ ਚੀਜ਼ ਬਾਰੇ ਮੈਨੂੰ ਕਲੀਅਰ ਹੋ ਲੈਣ ਦਿਓ । ਮੈਨੂੰ ਸਾਰੀ ਚੀਜ਼ ਐਗਜ਼ਾਮਿਨ ਕਰ ਲੈਣ ਦਿਓ । ਪੰਡਿਤ ਜੀ ਨੂੰ ਕਨਸਲਟ ਕਰਨ ਤੋਂ ਬਾਅਦ ਜੇ ਪ੍ਰਿਵਿਲੇਜ ਮੋਸ਼ਨ ਬਣਦੀ ਹੋਈ ਤਾਂ ਆਈ ਸ਼ੈਲ ਐਡਮਿਟ ਇਟ । (Let me be clear on this point. Let me examine this. I shall admit it as Privilege Motion if it could be, after consulting Pt. Mohan Lal ji).

Shri A. Vishwanathan : You can enquire from him just now.

Mr. Deputy Speaker : I shall have to write a letter to Pt. Mohan Lal ji.

ਸ੍ਰੀ ਬਲਰਾਮ ਜੀ ਦਾਸ ਟੰਡਨ : ਇਹ ਹਾਊਸ ਦਾ ਮੈਟਰ ਹੈ । ਪੰਡਿਤ ਜੀ ਇਸ ਵਕਤ ਹਾਊਸ ਵਿਚ ਹਨ, ਉਹ ਇਥੇ ਹੀ ਦਸ ਸਕਦੇ ਹਨ ।

ਸ੍ਰੀ ਡਿਪਟੀ ਸਪੀਕਰ : ਇਹ ਇਕ ਐਡਜਰਨਮੈਂਟ ਮੋਸ਼ਨ ਹੈ । (Here is an Adjournment Motion).

ਕਾਮਰੇਡ ਸੱਤਪਾਲ ਡਾਂਗ : ਡਿਪਟੀ ਸਪੀਕਰ ਸਾਹਿਬ ਇਕ ਪ੍ਰਿਵਿਲੇਜ਼ ਮੋਸ਼ਨ ਹੋਰ ਪੈਂਡਿੰਗ ਹੈ । ਅੱਜ ਤੋਂ ਕੁਝ ਦਿਨ ਪਹਿਲਾਂ ਚੀਫ਼ ਮਨਿਸਟਰ ਸਾਹਿਬ ਨੇ ਟਰਾਂਸਪੋਰਟ ਵਰਕਰਜ਼ ਦੀ ਸਟਰਾਈਕ ਬਾਰੇ ਜੋ ਬਿਆਨ ਦਿੱਤਾ ਸੀ ਉਸ ਬਾਰੇ ਮੈਂ ਇਕ ਪ੍ਰਿਵਿਲੇਜ਼ ਮੋਸ਼ਨ ਦਾ ਨੋਟਿਸ ਦਿੱਤਾ

ਸੀ। ਉਸ ਬਿਆਨ ਦੇ ਵਿਚ ਚੀਫ਼ ਮਨਿਸਟਰ ਸਾਹਿਬ ਨੇ ਜਾਨਬੁਝ ਕੇ ਕੁਝ ਦੋ ਤਿੰਨ ਗੱਲਾਂ ਐਸੀਆਂ ਕਹੀਆਂ ਜਿਹੜੀਆਂ ਗ਼ਲਤ ਸਨ ਔਰ ਹਾਊਸ ਨੂੰ ਮਿਸਲੀਡ ਕੀਤਾ। ਸਪੀਕਰ ਸਾਹਿਬ ਨੇ ਮੈਨੂੰ ਚੇਂਬਰ ਵਿਚ ਮਿਲਣ ਲਈ ਕਿਹਾ। ਮੈਂ ਉਨ੍ਹਾਂ ਨੂੰ ਮਿਲਿਆ। ਉਨ੍ਹਾਂ ਨੇ ਇਸ ਦੀ ਸਪੋਰਟ ਵਿਚ ਅਖਬਰਾਂ ਦਾ ਐਵੀਡੈਂਸ ਮੰਗਿਆ ਜਿਹੜਾ ਕਿ ਮੈਂ ਸਪੀਕਰ ਸਾਹਿਬ ਨੂੰ ਦੇ ਦਿੱਤਾ ਸੀ। ਉਸ ਦਾ ਕੀ ਫ਼ੈਸਲਾ ਹੋਇਆ ਹੈ ਇਹ ਨਹੀਂ ਦਸਿਆ ਗਿਆ।

ਸ਼੍ਰੀ ਡਿਪਟੀ ਸਪੀਕਰ : ਉਹ ਸਪੀਕਰ ਸਾਹਿਬ ਦੇ ਕੋਲ ਹੈ। ਕਲ ਤਕ ਉਸ ਦਾ ਫ਼ੈਸਲਾ ਜ਼ਰੂਰ ਕਰਾ ਦਿਆਂਗੇ। (That is lying with the hon. Speaker. It will be difinitely decided by tomorrow.)

ਕਾਮਰੇਡ ਸੱਤਪਾਲ ਡਾਂਗ : ਉਸ ਨੂੰ ਪੜ੍ਹਿਆ ਜਾਣ ਦਿੱਤਾ ਜਾਏਗਾ ਜਾਂ ਅਜੇ ਉਸ ਬਾਰੇ ਫ਼ੈਸਲਾ ਹੋਣਾ ਹੈ ਕਿ ਐਡਮਿਟ ਹੋਣੀ ਹੈ ਜਾਂ ਨਹੀਂ

ਸ਼੍ਰੀ ਡਿਪਟੀ ਸਪੀਕਰ : ਕੇਸ ਸਪੀਕਰ ਸਾਹਿਬ ਦੇ ਪਾਸ ਹੈ, ਜੋ ਫੈਸਲਾ ਹੋਵੇਗਾ ਉਹ ਆਪ ਨੂੰ ਸੁਣਾ ਦਿੱਤਾ ਜਾਵੇਗਾ। (The case is with the hon. Speaker and the decision will be conveyed to you.)

ਸ਼੍ਰੀ ਬਲਰਾਮ ਜੀ ਦਾਸ ਟੰਡਨ ; ਚੇਅਰ ਤਾਂ ਇਕ ਕਨਟੀਨੀਊਅਸ ਪ੍ਰਾਸੈਸ ਹੈ। ਅੱਜ ਤੁਸੀਂ ਇਕ ਗੱਲ ਕਹਿ ਜਾਓ, ਕਲ ਸਪੀਕਰ ਸਾਹਿਬ ਦੂਸਰੀ ਗੱਲ ਕਹਿ ਦੇਣ ਔਰ ਪਰਸੋਂ ਤੁਸੀਂ ਕੋਈ ਹੋਰ ਗੱਲ ਕਹਿ ਦਿਓ ਤਾਂ ਇਸ ਤਰ੍ਹਾਂ ਉਹ ਚੀਜ਼ ਲਿੰਗਰ ਆਨ ਹੋ ਜਾਵੇਗੀ।

ਸ਼੍ਰੀ ਡਿਪਟੀ ਸਪੀਕਰ : ਗੱਲ ਇਹ ਹੈ ਕਿ ਇਸ ਬਾਰੇ ਮੈਂ ਉਨ੍ਹਾਂ ਨੂੰ ਕਨਸਲਟ ਨਹੀਂ ਕੀਤਾ। ਅਗਰ ਕਨਸਲਟ ਕਰ ਲਿਆ ਹੁੰਦਾ ਤਾਂ ਦਸ ਦਿੰਦਾ। ਉਨ੍ਹਾਂ ਨੂੰ ਕਨਸਲਟ ਕਰਕੇ ਕਲ ਤਕ ਦਸ ਦਿਆਂਗਾ। (I have not consulted the hon. Speaker about it. Had I consulted him I would have informed the House. I will let you know by tomorrow.)

ਸ਼੍ਰੀ ਬਲਰਾਮ ਜੀ ਦਾਸ ਟੰਡਨ : ਜਿਸ ਪ੍ਰਿਵਿਲੇਜ ਮੋਸ਼ਨ ਵਿਚ ਚੀਫ਼ ਮਨਿਸਟਰ ਇਨਵਾਲਵਡ ਹੋਵੇ ਚੇਅਰ ਦੀ ਸ਼ਾਨ ਤਾਂ ਹੀ ਉੱਚੀ ਹੁੰਦੀ ਹੈ ਕਿ ਉਸ ਨੂੰ ਡੀਲੇ ਨਾ ਕੀਤਾ ਜਾਵੇ।

ਸ਼੍ਰੀ ਡਿਪਟੀ ਸਪੀਕਰ : ਮੈਂ ਫਿਰ ਰੀਪੀਟ ਕਰਦਾ ਹਾਂ ਕਿ ਸਪੀਕਰ ਸਾਹਿਬ ਨਾਲ ਡਿਸਕਸ਼ਨ ਕਰਕੇ ਡੇਫਿਨਿਟਲੀ ਕੱਲ ਤੱਕ ਇਸ ਬਾਰੇ ਡੀਸਾਈਡ ਕਰ ਦਿਤਾ ਜਾਵੇਗਾ। (I again repeat that it will definitely be decided by tomorrow after consulting the hon. Speaker).

ਡਾਕਟਰ ਬਲਦੇਵ ਪ੍ਰਕਾਸ਼ : ਡਿਪਟੀ ਸਪੀਕਰ ਸਾਹਿਬ, ਇਕ ਪ੍ਰਿਵਿਲੇਜ ਮੋਸ਼ਨ ਮੇਰੀ ਵੀ ਹੈ। ਪਿਛਲੇ ਸ਼ੁਕਰਵਾਰ ਉਸ ਦਾ ਨੋਟਿਸ ਮੇਰੇ ਵੱਲੋਂ ਔਰ ਸਰਦਾਰ ਗੁਰਨਾਮ ਸਿੰਘ ਜੀ ਵੱਲੋਂ ਦਿਤਾ ਗਿਆ ਸੀ। ਉਸ ਦੇ ਬਾਰੇ ਕੁਛ ਨਹੀਂ ਆਇਆ।

ਸ਼੍ਰੀ ਡਿਪਟੀ ਸਪੀਕਰ : ਉਹ ਕਿਸ ਬਾਰੇ ਸੀ ? (To which motion are you refering).

ਡਾਕਟਰ ਬਲਦੇਵ ਪ੍ਰਕਾਸ਼ : ਚੀਫ਼ ਮਨਿਸਟਰ ਸਾਹਿਬ ਨੇ ਹਾਊਸ ਵਿੱਚ ਇਕ ਰਾਂਗ ਸਟੇਟਮੈਂਟ ਦਿੱਤੀ ਸੀ ਉਸ ਬਾਰੇ ।

ਸ਼੍ਰੀ ਡਿਪਟੀ ਸਪੀਕਰ : ਕੀ ਉਹ ਵੀ ਰੋਡਵੇਜ਼ ਦੀ ਸਟਰਾਈਕ ਬਾਰੇ ਹੈ ? (Is that too regarding the strike of Roadways Workers).

ਡਾਕਟਰ ਬਲਦੇਵ ਪ੍ਰਕਾਸ਼ : ਨਹੀਂ ਜੀ । ਉਹ ਪੰਜਾਬ ਵਿੱਚ ਲਾਠੀ ਚਾਰਜ ਬਾਰੇ ਹੈ ।

ਸ਼੍ਰੀ ਡਿਪਟੀ ਸਪੀਕਰ : ਕੀ ਇਹ ਰੂਪ ਲਾਲ ਵਾਲੀ ਹੈ ? (Is it regarding Roop Lal ?)

ਡਾਕਟਰ ਬਲਦੇਵ ਪ੍ਰਕਾਸ਼ : ਉਹ ਤਾਂ ਕਾਲ ਅਟੈਨਸ਼ਨ ਮੋਸ਼ਨ ਹੈ ।

ਸ਼੍ਰੀ ਡਿਪਟੀ ਸਪੀਕਰ : ਮੈਂ ਦੇਖਦਾ ਹਾਂ । (I will just find it out)

श्री अ. विश्वनाथन : एक और प्रिवलेज मोशन थी श्री मन मोहन कालिया आदि के अरैस्टस की, उस का क्या बना ?

ਸ਼੍ਰੀ ਡਿਪਟੀ ਸਪੀਕਰ : ਉਹ ਕਿਥੇ ਹੈ । ਸਪੀਕਰ ਸਾਹਿਬ, ਨੂੰ ਆਉਣ ਦਿਓ । (ਵਿਘਨ) ਇਕ ਸੈਕੰਡ ਠਹਿਰੋ । (ਥੋੜ੍ਹਾ ਚਿਰ ਮਗਰੋਂ) ਇਹ ਕਲ੍ਹ ਟੇਕ ਅਪ ਕਰ ਲਵਾਂਗੇ । (Where is that ? Let the hon. Speaker come. (interruption) Wait a bit please. (after some pause). This will be taken up tomorrow.)

ਸਰਦਾਰ ਗੁਰਨਾਮ ਸਿੰਘ : ਉਹ ਸਾਡੇ ਵਾਲੀ ਪ੍ਰਿਵਿਲੇਜ ਮੋਸ਼ਨ ਮਿਲੀ ਕਿ ਨਹੀਂ ਜੋ ਡਾਕਟਰ ਸਾਹਿਬ ਨੇ ਤੇ ਮੈਂ ਦਿਤੀ ਸੀ ?

ਸ਼੍ਰੀ ਡਿਪਟੀ ਸਪੀਕਰ : ਉਹ ਕੀ ਹੈ ? (What was that ?)

ਸਰਦਾਰ ਗੁਰਨਾਮ ਸਿੰਘ : ਮੁੱਖ ਮੰਤਰੀ ਨੇ ਗਵਰਨਰ ਦੇ ਐਡਰਸ ਤੇ ਬੋਲਦੇ ਹੋਏ ਕਿਹਾ ਕਿ ਕੋਈ ਲਾਠੀ ਚਾਰਜ ਨਹੀਂ ਹੋਇਆ । ਉਹ ਇਕ ਮਿਸਸਟੇਟਮੈਂਟ ਹੈ, ਹਾਊਸ ਨੂੰ ਮਿਸਲੀਡ ਕੀਤਾ ਗਿਆ ਹੈ ।

ਸ਼੍ਰੀ ਡਿਪਟੀ ਸਪੀਕਰ : ਇਸ ਦਾ ਵੀ ਪਤਾ ਕਰਨਾ ਪਵੇਗਾ । (ਵਿਘਨ) (I will have to find it out.)

ਕਾਮਰੇਡ ਸਤਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਪਿਛਲੇ ਨਵੰਬਰ-ਦਸੰਬਰ ਸੈਸ਼ਨ ਦੀ

ਇਕ ਪ੍ਰਿਵਿਲੇਜ ਮੋਸ਼ਨ ਡਾਕਟਰ ਜਗਜੀਤ ਸਿੰਘ ਦੇ ਖਿਲਾਫ ਪੈਂਡਿੰਗ ਹੈ, ਉਸ ਦਾ ਫ਼ੈਸਲਾ ਹੋਣਾ ਚਾਹੀਦਾ ਹੈ । ਸਪੀਕਰ ਸਾਹਿਬ, ਤੋਂ ਹਫਤਾ ਪਹਿਲਾਂ ਮੈਂ ਪੁਛਿਆ ਤਾਂ ਉਨ੍ਹਾਂ ਨੇ ਕਿਹਾ ਕਿ ਜਲਦੀ ਫ਼ੈਸਲਾ ਕਰ ਦੇਵਾਂਗਾ ।

ਸ਼੍ਰੀ ਡਿਪਟੀ ਸਪੀਕਰ : ਉਨ੍ਹਾਂ ਨੂੰ ਕਨਸਿਡਰ ਕਰ ਲੈਣ ਦਿਉ । (Let him consider it.)

CALL ATTENTION NOTICES

ਸਰਦਾਰ ਮਹਿੰਦਰ ਸਿੰਘ ਗਿੱਲ : ਇਕ 26 ਨੰਬਰ ਦੀ ਕਾਲ ਅਟੈਨਸ਼ਨ ਮੋਸ਼ਨ ਸੀ, ਉਸ ਦਾ ਕੀ ਬਣਿਆ ?

ਸ਼੍ਰੀ ਡਿਪਟੀ ਸਪੀਕਰ : ਉਹ ਰੀਜੈਕਟ ਹੋ ਗਈ ਹੈ । (That has been rejected).

ਡਾਕਟਰ ਬਲਦੇਵ ਪ੍ਰਕਾਸ਼ : ਡਿਪਟੀ ਸਪੀਕਰ ਸਾਹਿਬ, ਇਹ ਬੜੀ ਇੰਪਾਰਟੈਂਟ ਕਾਲ ਅਟੈਨਸ਼ਨ ਮੋਸ਼ਨ ਫ਼ਾਈਡੇ ਨੂੰ ਦਿਤੀ ਸੀ । ਉਹ ਮਾਮਲਾ ਮੈਂ ਸਪੀਕਰ ਸਾਹਿਬ ਨਾਲ ਡਿਸਕਸ ਵੀ ਕੀਤਾ ਸੀ । ਮੈਨੂੰ ਜਵਾਬ ਮਿਲਿਆ ਹੈ ਕਿ ਚੂੰਕਿ ਉਹੀ ਮਾਮਲਾ ਇਕ ਐਡਜਰਨਮੈਂਟ ਮੋਸ਼ਨ ਦੇ ਰੂਪ ਵਿਚ ਟੇਕ ਅਪ ਨਹੀਂ ਕੀਤਾ ਗਿਆ, ਡਿਸਐਲਾਉ ਕੀਤਾ ਗਿਆ ਸੀ, ਇਸ ਲਈ ਇਹ ਕਾਲ ਅਟੈਨਸ਼ਨ ਮੋਸ਼ਨ ਰੀਜੈਕਟ ਕੀਤੀ ਹੈ । ਇਹ ਤਾਂ ਬੜੀ ਸਟਰੇਂਜ ਆਰਗੂਮੈਂਟ ਹੈ । ਇਕ ਮਾਮਲਾ ਜੋ ਐਡਜਰਨਮੈਂਟ ਮੋਸ਼ਨ ਦੇ ਤੌਰ ਤੇ ਇਨਐਡਮਿਸੀਬਲ ਹੈ why that can't be admitted as a Call Attention Motion. ਮੈਨੂੰ ਕਹਿਣਾ ਪਵੇਗਾ ਕਿ ਅਗਰ ਇਹੀ ਆਰਗੂਮੈਂਟ ਹੈ, ਸਪੀਕਰ ਦੀ ਜਜਮੈਂਟ ਇਸ ਤਰ੍ਹਾਂ ਹੋਣੀ ਹੈ ਤਾਂ ਹਾਊਸ ਦੀ ਡਿਗਨਿਟੀ ਕਿਥੇ ਜਾਵੇਗੀ । A subject which can be an Adjournment Motion may not be a matter of Privilege, but a subject which may not be an Adjournment Motion can be a matter of Privilege Motion.

ਸ਼੍ਰੀ ਡਿਪਟੀ ਸਪੀਕਰ : ਸਾਡੇ ਰੂਲਜ਼ ਪ੍ਰੋਵਾਈਡ ਕਰਦੇ ਹਨ (ਵਿਘਨ) ਜੋ ਮੈਟਰ ਕਿਸੇ ਮੋਸ਼ਨ ਦੀ ਫਾਰਮ ਵਿਚ ਰੀਜੈਕਟ ਹੋ ਜਾਵੇ ਉਹ ਫਿਰ ਨਹੀਂ ਆ ਸਕਦਾ । (ਵਿਘਨ) (The provision is there in our rules (Interruption) The matter in the form of a motion, if once rejected cannot be brought before the House again.)

ਡਾਕਟਰ ਬਲਦੇਵ ਪ੍ਰਕਾਸ਼ : ਨਹੀਂ ਜੀ, ਇਹ ਤਾਂ ਹਮੇਸ਼ਾਂ ਹੀ ਗਲ ਹੁਦੀ ਹੈ ਕਿ ਇਕ ਗਲ ਅਜ ਇਕ ਫਾਰਮ ਵਿਚ ਆਉਂਦੀ ਹੈ, ਰੀਜੈਕਟ ਹੁੰਦੀ ਹੈ ਅਗਰ ਦੂਜੀ ਫਾਰਮ ਵਿਚ ਅਗਲੇ ਦਿਨ ਆਉਂਦੀ .... (ਵਿਘਨ) ਆਪ ਕਹਿੰਦੇ ਹੋ ਕਿ ਜੋ ਮੈਟਰ ਅੰਡਜਰਨਮੈਂਟ ਮੋਸ਼ਨ ਨਹੀਂ ਬਣ ਸਕਦਾ ਉਹ ਕਾਲ ਅਟੈਨਸ਼ਨ ਮੋਸ਼ਨ ਵੀ ਨਹੀਂ ਬਣ ਸਕਦਾ । ਕਮਾਲ ਹੈ ।

ਸ੍ਰੀ ਬਲਰਾਮਜੀ ਦਾਸ ਟੰਡਨ : ਰੋਜ਼ ਸਪੀਕਰ ਸਾਹਿਬ ਰੂਲਿੰਗ ਦਿੰਦੇ ਹਨ ਕਿ ਇਹ ਮਾਮਲੇ ਐਡਜਰਨਮੈਂਟ ਮੋਸ਼ਨ ਦੀ ਸ਼ਕਲ ਵਿਚ ਨਹੀਂ ਆ ਸਕਦੇ। ਕਾਲ ਅਟੈਨਸ਼ਨ ਮੋਸ਼ਨ ਲੈ ਆਓ। (ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਰੂਪ ਲਾਲ ਵਾਲਾ ਕੇਸ ਹੈ। (Here is the case of Sh. Rup Lal.) It is a matter of ordinary administration.

ਡਾਕਟਰ ਬਲਦੇਵ ਪ੍ਰਕਾਸ਼ : ਨਹੀਂ ਜੀ, ਇਹ ਰੀਜ਼ਨ ਨਹੀਂ ਦਿਤਾ ਗਿਆ। ਮੈਂ ਪੜ੍ਹਦਾ ਹਾਂ।

I am directed to inform you that the same has been disallowed by the hon. Speaker on the grounds that the matter has already been disallowed on an adjournment motion referred to........

ਸ੍ਰੀ ਡਿਪਟੀ ਸਪੀਕਰ : ਆਫਿਸ ਤੋਂ ਗ਼ਲਤੀ ਹੋ ਗਈ ਹੈ। (It is a mistake on the part of the office.)

ਡਾਕਟਰ ਬਲਦੇਵ ਪ੍ਰਕਾਸ਼ : ਇਹ ਇਕ ਮੇਜਰ ਗਲ ਹੈ। ਮੇਰਾ ਪੁਆਇੰਟ....

ਸ੍ਰੀ ਡਿਪਟੀ ਸਪੀਕਰ : ਮੈਨੂੰ ਰੂਪ ਲਾਲ ਵਾਲੇ ਮੈਟਰ ਦਾ ਜਵਾਬ ਦੇ ਲੈਣ ਦਿਉ। ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਮੈਨੂੰ ਲਿਖਕੇ ਦੇ ਦਿਉ, ਇਨਕਵਾਇਰੀ ਕਰਵਾ ਦਿਆਂਗਾ। ਤੁਸੀਂ ਚੀਫ਼ ਮਨਿਸਟਰ ਸਾਹਿਬ, ਦਸ ਦਿਉ ਕਿ ਕੋਈ ਚੀਜ਼ ਆ ਗਈ ਹੈ ਜਾਂ ਨਹੀਂ। (Let me give a reply to the case of Shri Roop Lal. The Chief Minister wanted you to give him in writing the details so that an enquiry could be made. Let the Chief Minister say if he has or has not got some information in that connection.)

ਮੁੱਖ ਮੰਤਰੀ : ਆਪ ਨੂੰ ਹਕ ਹਾਸਲ ਹੈ ਕਿ ਅਗਰ ਮੇਰੇ ਦੋਸਤ ਕੁਝ ਲਿਖਕੇ ਦੇਣਗੇ ਤਾਂ ਮੇਰਾ ਕੁਦਰਤੀ ਤੌਰ ਤੇ ਫਰਜ਼ ਬਣਦਾ ਹੈ ਕਿ ਮੈਂ ਉਸ ਨੂੰ ਦੇਖਾਂ ਤੇ ਜੇ ਹਾਊਸ ਵਿਚ ਲਿਆਉਣਗੇ ਤਾਂ ਆਪ ਨੂੰ ਇਖਤਿਆਰ ਹੈ ਕਿ ਜੋ ਮੈਨੂੰ ਹੁਕਮ ਦਿਉ ਉਸ ਮੁਤਾਬਕ ਹੀ ਕਰਾਂਗਾ।

ਸ੍ਰੀ ਡਿਪਟੀ ਸਪੀਕਰ : ਮੈਨੂੰ ਦੇਖ ਲੈਣ ਦਿਉ। (Let me see it first.)

ਡਾਕਟਰ ਬਲਦੇਵ ਪ੍ਰਕਾਸ਼ : ਆਪ ਦੀ ਰੂਲਿੰਗ ਫਿਰ ਕਲ੍ਹ ਆਵੇਗੀ।

ਸ੍ਰੀ ਡਿਪਟੀ ਸਪੀਕਰ : ਮੈਨੂੰ ਸਟਡੀ ਕਰ ਲੈਣ ਦਿਉ ਅਗਰ ਪ੍ਰਾਪਰ ਸਮਝਾਂਗਾ ਤਾਂ ਮੈਂ ਆਪ ਹੀ ਇਸ ਮੈਟਰ ਨੂੰ ਚੀਫ਼ ਮਨਿਸਟਰ ਨੂੰ ਰੈਫਰ ਕਰ ਦਿਆਂਗਾ। (Let me study it if I think it proper I shall myself refer the case to the Chief Minister.)

ਡਾਕਟਰ ਬਲਦੇਵ ਪ੍ਰਕਾਸ਼ : ਆਨ ਏ ਪੁਆਇੰਟ ਆਫ਼ ਆਰਡਰ ਸਰ। ਆਪ ਨੇ ਕਿਹਾ ਹੈ ਕਿ ਇਹ ਇਸ ਲਈ ਡਿਸਐਲਾਉ ਹੋਇਆ ਹੈ ਕਿ ਇਕ ਆਰਡੀਨਰੀ ਮੈਟਰ ਆਫ਼ ਐਡਮਿਨਿਸਟ੍ਰੇਸ਼ਨ ਹੈ।

ਤਾਂ ਕੀ ਇਸ ਦਾ ਇਹ ਮਤਲਬ ਹੈ ਕਿ ਕੋਈ ਐਡਮਿਨਿਸਟ੍ਰੇਸ਼ਨ ਦਾ ਮੈਟਰ ਕਾਲ ਅਟੈਨਸ਼ਨ ਮੋਸ਼ਨ ਦੇ ਜ਼ਰੀਏ ਰੇਜ਼ ਹੀ ਨਹੀਂ ਕੀਤਾ ਜਾ ਸਕਦਾ ਚਾਹੇ ਇਹ ਕਿੰਨਾ ਹੀ ਸੀਰੀਅਸ ਕਿਉਂ ਨਾ ਹੋਵੇ ।

ਸ੍ਰੀ ਡਿਪਟੀ ਸਪੀਕਰ : ਜਿਥੇ ਕੁਝ ਇਸ ਤਰ੍ਹਾਂ ਦਾ ਝਗੜਾ ਹੁੰਦਾ ਹੈ । ..(When such a matter is involved...)

ਡਾਕਟਰ ਬਲਦੇਵ ਪ੍ਰਕਾਸ਼ : ਝਗੜੇ ਦੀ ਗਲ ਨਹੀਂ ਹੈ, ਇਹ ਬਹੁਤ ਸੀਰੀਅਸ ਮਾਮਲਾ ਹੈ । ਪੁਲੀਸ ਬੁਲਾਉਂਦੀ ਹੈ, ਮਾਰਦੀ ਹੈ, ਹੈਰਾਸ ਕਰਦੀ ਹੈ, ਐਸਾਲਟ ਕਰਦੀ ਹੈ, ਇਹ ਆਰਡੀਨਰੀ ਮਾਮਲਾ ਨਹੀਂ ਹੈ ।

Mr. Deputy Speaker : Law will take its course against the accused.

ਸਰਦਾਰ ਗੁਰਨਾਮ ਸਿੰਘ : ਕਿੰਨੀਆਂ ਹੀ ਕਾਲ ਅਟੈਨਸ਼ਨ ਮੋਸ਼ਨਜ਼ ਇਥੇ ਆ ਚੁਕੀਆਂ ਹਨ ਅਤੇ ਉਨ੍ਹਾਂ ਦੀਆਂ ਰਪੋਟਾਂ ਰਿਕਾਰਡ ਹੋ ਚੁਕੀਆਂ ਹਨ । ਇਹ ਕੋਈ ਨਵੀਂ ਗਲ ਨਹੀਂ ਹੈ । ਆਪ ਨੇ ਕਿਹਾ ਹੈ ਕਿ ਆਰਡੀਨਰੀ ਮੈਟਰ ਆਫ ਐਡਮਿਨਿਸਟ੍ਰੇਸ਼ਨ ਹੈ । ਸਮਝ ਨਹੀਂ ਆਈ, ਐਲੀਗੇਸ਼ਨ ਤਾਂ ਇਹ ਹੈ ਕਿ ਉਸ ਨੂੰ ਅਰੈਸਟ ਕੀਤਾ ਹੈ ।

ਮੁੱਖ ਮੰਤਰੀ : ਇਸ ਤਰ੍ਹਾਂ ਗੌਰਮੈਂਟ ਨੂੰ ਕੋਈ ਅਪਰਚੂਨਿਟੀ ਨਹੀਂ ਹੈ । ਇਹ ਐਡਮਿਟ ਕਰਨ ਤਾਂ ਮੈਂ ਜਵਾਬ ਦੇਵਾਂਗਾ ।

ਸ੍ਰੀ ਡਿਪਟੀ ਸਪੀਕਰ : ਮੈਂ ਇਹ ਦਸਣ ਲਗਾ ਹਾਂ ਕਿ ਮੈਨੂੰ ਕੇਸ ਸਟਡੀ ਕਰਨ ਦਿਉ । ਮੈਂ ਖੁਦ ਹੀ ਇਹ ਮਾਮਲਾ ਚੀਫ਼ ਮਨਿਸਟਰ ਸਾਹਿਬ ਨੂੰ ਰੈਫਰ ਕਰ ਦੇਵਾਂਗਾ । (I went to inform the House that I will study the case and if necessary I will myself refer it to the Chief Minister.)

Sardar Gurnam Singh : So it is open.

Mr. Deputy Speaker : Yes please.

चौधरी बलबीर सिंह : इस बारे में हम स्पीकर साहिब, से मिले थे, मैं अकेला भी मिला था । उन्होंने कहा कि इस बारे में प्रैसीडेंट नहीं है, मैं ने दो प्रैसीडेंटस दिखाए ।

श्री उपाध्यक्ष : मैं इसे देख लूं फिर refer कर दूंगा (Let me see to it first and thereafter I will refer it.)

चौधरी बलबीर सिंह : परसों भी यही कहा था ।

श्री उपाध्यक्ष : मैं कह रहा हूँ कि कल को देख कर, whatever I

[Mr. Deputy Speaker]

can do I will do. (I have already told you that I will first study it myself and whatever I can do, I will do.)

श्री अ. विश्वनाथन : अगर स्पीकर साहिब, चेयर पर हुए तो (हंसी)

श्री उपाध्यक्ष : मैं उन से बात करूंगा कि वह कर दें। (I will request him to do so.)

ਸ੍ਰੀ ਡਿਪਟੀ ਸਪੀਕਰ : ਕਾਲ ਅਟੈਨਸ਼ਨ ਮੋਸ਼ਨ ਨੰ : 28.

Shri Harbans Lal Khanna, Shri Chhaju Ram : We beg to draw the attention of the Government towards an urgent matter of public importance, namely, the discontentment and dissatisfaction caused amongst the Government College Lecturers by supersession of Government circular issued in July, 1967 regarding the fixation of Lecturers salary in the revised pay scale of Rs. 300-25-600. According to revised official instructions the temporary allowance of college lecturers which have been merged with their basic salaries for the purpose of fixation of their salaries in the revised pay scale Rs. 300-25-600 has been excluded. This is in gross and blatant violation of the statement of the Government.

Mr. Deputy Speaker : It is admitted. The Government is requested to make a statement.

Mr. Deputy Speaker : Now we start General Discussion on the Budget.

Shri A. Vishwanathan : Sir, there were a few Call Attention Motions of which I had given notice. These are Call Attention Notices, Nos. 30, 31 and 32.

Mr. Deputy Speaker : Call Attention Notice No. 30 has been disallowed. You will get the information to-morrow.

श्री अ. विश्वनाथन : जिस दिन, डिप्टी स्पीकर साहिब, यह सैशन हुआ था तो उस के अगले दिन मेरी एक काल अटैनशन मोशन एडमिट की गई थी और उस का आज तक सरकार की तरफ से जवाब नहीं आया अगर इसी तरह एक एक मोशन के जवाब आने में दस दस दिन लगा दिए जाएं तो ध्यानाकर्षण प्रस्ताव का उद्देश्य ही विफल हो जाता है।

Mr. Deputy Speaker : I shall request the Government to expedite it.

Shri A. Vishwanathan : Sir, you will request the Government or you do request them just now.

Mr. Deputy Speaker : I have just now requested the Government.

ਕਾਮਰੇਡ ਸੱਤਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਇਕ ਬੜੇ ਹੀ ਅਹਿਮ ਸਵਾਲ ਵਾਲੀ ਕਾਲ ਅਟੈਨਸ਼ਨ ਦਾ ਨੋਟਿਸ ਸੀ ਉਸ ਤੇ ਡਿਸਕਸ਼ਨ ਅਲਾਊ ਕਰਨੀ ਚਾਹੀਦੀ ਸੀ (ਵਿਘਨ) ਪਰ ਇਹ ਕਿਹਾ ਗਿਆ ਹੈ :

> "........that it relates to the internal administration of the State Electricity Board which is an autonomous body."

ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਅਟਾਨੋਮਸ ਬਾਡੀਜ਼ ਦੋ ਕਿਸਮ ਦੀਆਂ ਹਨ ਇਕ ਯੂਨੀਵਰਸਿਟੀ ਆਦਿ ਅਤੇ ਦੂਜਾ ਪੰਜਾਬ ਸਟੇਟ ਇਲੈਕਟਰਿਸਿਟੀ ਬੋਰਡ ਆਦਿ । ਜਿਥੇ ਤਕ ਪੰਜਾਬ ਸਟੇਟ ਇਲੈਕਟਰਿਸਿਟੀ ਬੋਰਡ ਦਾ ਸਬੰਧ ਹੈ ਇਸ ਦੀ ਹਰ ਸਾਲ ਰਿਪੋਰਟ ਇਸ ਹਾਊਸ ਵਿਚ ਲੇ ਕੀਤੀ ਜਾਂਦੀ ਹੈ ਅਤੇ ਉਸ ਤੇ ਬਹਿਸ ਕੀਤੀ ਜਾਂਦੀ ਹੈ । ਯੂਨੀਵਰਸਿਟੀ ਦਾ ਸਵਾਲ ਹੋਰ ਹੈ । ਜੇਕਰ ਉਸ ਦੇ ਬਾਰੇ ਵਿਚ ਇਹ ਗਲ ਕਹੀ ਜਾਵੇ ਜਿਸ ਤਰ੍ਹਾਂ ਕਿ ਆਪ ਨੇ ਦਸਿਆ ਹੈ ਤਾਂ ਠੀਕ ਹੈ ਪਰ ਬੋਰਡ ਦੇ ਬਾਰੇ ਵਿਚ ਇਹ ਗਲ ਨਹੀਂ ਕਹੀ ਜਾ ਸਕਦੀ । ਕਾਲ ਅਟੈਨਸ਼ਨ ਮੋਸ਼ਨ-ਇਹ ਤਾਂ ਬਿਲਕੁਲ ਡਿਸਟਿੰਕਟ ਹੈ ਅਤੇ ਸਟੇਟ ਇਲੈਕਟਰਿਸਿਟੀ ਬੋਰਡ ਦੇ ਬਾਰੇ ਵਿਚ ਇਸ ਨੂੰ ਐਡਮਿਟ ਕੀਤਾ ਜਾਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ ਇਸੇ ਲੈਜਿਸਲੇਚਰ ਦੇ ਅਪਰ ਹਾਊਸ ਵਿਚ ਕਾਲ ਅਟੈਨਸ਼ਨ ਮੋਸ਼ਨ ਇਸੇ ਬੋਰਡ ਬਾਰੇ ਐਡਮਿਟ ਵੀ ਹੋ ਚੁਕੀ ਹੈ ਅਤੇ ਇਥੇ ਵੀ ਇਸ ਨੂੰ ਐਡਮਿਟ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਦੇ ਬਾਰੇ ਵਿਚ ਫੈਸਲਾ ਕੀਤਾ ਜਾਣਾ ਚਾਹੀਦਾ ਹੈ ।

ਸ੍ਰੀ ਡਿਪਟੀ ਸਪੀਕਰ : ਜਿਹੜੀ ਪਾਲਿਸੀ ਅਟਾਨੋਮਸ ਬਾਡੀਜ਼ ਬਾਰੇ ਲੇ ਕੀਤੀ ਗਈ ਹੈ ਅਤੇ ਪਹਿਲੇ ਪ੍ਰੈਸੀਡੈਂਟਸ ਵੇਖ ਕੇ ਤੁਹਾਡੇ ਨਾਲ ਡਿਸਕਸ ਕਰ ਲਵਾਂਗਾ ਤੇ ਜੇਕਰ ਕੋਈ ਫੈਸਲਾ ਹੋਇਆ ਤਾਂ ਦੇਖ ਲਿਆ ਜਾਵੇਗਾ । ਅਤੇ ਫਿਰ ਇਸ ਨੂੰ ਐਡਮਿਟ ਕਰ ਲਿਆ ਜਾਵੇਗਾ ।

(I will discuss this matter with you in the light of policy laid down about the Autonomus Bodies and the precedents in this connection and if any decision is taken, we will see to it.

ਕਾਮਰੇਡ ਸੱਤਪਾਲ ਡਾਂਗ : ਆਪ ਦਾ ਜੋ ਹੁਕਮ ਹੈ ਮੈਨੂੰ ਇਸ ਤੇ ਕੋਈ ਇਤਰਾਜ਼ ਨਹੀਂ। ਮੈਂ ਤਾਂ ਸਿਰਫ਼ ਇਕੋ ਗਲ ਕਹਿਣੀ ਹੈ ਕਿ ਮੈਂ ਇਸ ਦੇ ਸਬੰਧ ਵਿਚ ਸਪੀਕਰ ਸਾਹਿਬ, ਨੂੰ ਉਨ੍ਹਾਂ ਦੇ ਚੈਂਬਰ ਵਿਚ ਵੀ ਮਿਲਿਆ ਸੀ ਅਤੇ ਕਾਫੀ ਤਫਸੀਲ ਨਾਲ ਗਲ ਬਾਤ ਕੀਤੀ ਸੀ ਅਤੇ ਅਪਰ ਹਾਊਸ ਦਾ ਪ੍ਰੈਸੀਡੈਂਟ ਵੀ ਦਸਿਆ ਸੀ ।

ਸ੍ਰੀ ਡਿਪਟੀ ਸਪੀਕਰ : ਤੁਸੀਂ ਮੇਰੇ ਨਾਲ ਵੀ ਇਹ ਗਲ ਡਿਸਕਸ ਕਰ ਲੈਣਾ ਫਿਰ ਦੇਖ ਲਿਆ ਜਾਵੇਗਾ ਕਿ ਇਸ ਨੂੰ ਐਡਮਿਟ ਕਰ ਲਿਆ ਜਾਵੇ ਜਾਂ ਨਹੀਂ ।

[Mr. Deputy Speaker]

(The hon. Member may please discuss this with me and I will see if this can be admitted.)

*CENSURE MOTION

ਸ਼੍ਰੀ ਡਿਪਟੀ ਸਪੀਕਰ : ਇਕ ਸੈਂਸਰ ਮੋਸ਼ਨ* ਸ਼੍ਰੀ ਅ. ਵਿਸ਼ਵਨਾਥਨ ਵਲੋਂ ਹੈ ਕਿ ਸਰਦਾਰ ਸਰਦਾਰ ਸਿੰਘ ਕੋਹਲੀ, ਮੀਤ ਮੰਤਰੀ ਜੋ ਲੋਕਲ ਬਾਡੀਜ਼ ਦੇ ਮਨਿਸਟਰ ਵੀ ਹਨ ਮਿਉਂਸੀਪਲ ਕਮੇਟੀਆਂ ਦੇ ਕੰਮ ਵਿਚ ਲੋੜ ਤੋਂ ਵਧ ਇਨਟਰਫੀਅਰ ਕਰਦੇ ਹਨ । ਮੈਂ ਇਨ੍ਹਾਂ ਨੂੰ ਕਹਾਂਗਾ ਕਿ ਉਨ੍ਹਾਂ ਮੀਤ ਮੰਤਰੀ ਸਾਹਿਬ ਦੇ ਬਾਰੇ ਵਿਚ ਇਕ ਨੋ ਕਾਨਫੀਡੈਂਸ ਮੋਸ਼ਨ ਪਹਿਲਾਂ ਹੀ ਐਡਮਿਟ ਕੀਤੀ ਜਾ ਚੁਕੀ ਹੈ । ਜਿਸ ਵਕਤ ਉਸ ਤੇ ਡਿਸਕਸ਼ਨ ਹੋਵੇਗੀ ਉਸ ਸਮੇਂ ਇਸ ਗਲ ਨੂੰ ਵਿਚ ਰੈਫਰ ਕਰ ਦੇਣਾ ।

(Here is a Censure Motion given notice of by Shri A. Vishwanathan against Sardar Sardar Singh Kohli, Deputy Minister for Local Bodies for alleged undue interference in the affairs of the Municipal Committees in the State. I would like to inform the House that a Censure Motion had already been admitted against the Deputy Minister and this matter could also be referred to while discussing that motion.)

Minister for Finance : On a point of order, Sir. This cannot be taken up. This is the duty of a Minister. There is no law for this.

Mr. Deputy Speaker : I have disallowed it.

ਮੁੱਖ ਮੰਤਰੀ : ਆਪ ਨੇ ਫਰਮਾਇਆ ਹੈ ਕਿ ਇਸ ਮੋਸ਼ਨ ਨੂੰ ਵੀ ਨੋ ਕਾਨਫੀਡੈਂਸ ਮੋਸ਼ਨ ਦੇ ਨਾਲ ਹੀ ਡਿਸਕਸ ਕਰ ਲੈਣ, ਇਹ ਕਿਸ ਤਰ੍ਹਾਂ ਹੋ ਸਕਦਾ ਹੈ......

ਸ਼੍ਰੀ ਡਿਪਟੀ ਸਪੀਕਰ : ਮੈਂ ਇਹ ਨਹੀਂ ਕਿਹਾ । ਮੈਂ ਤਾਂ ਇਹ ਕਿਹਾ ਹੈ ਕਿ ਨੋ ਕਾਨਫੀਡੈਂਸ ਮੋਸ਼ਨ ਨੂੰ ਡਿਸਕਸ ਕਰਨ ਸਮੇਂ ਇਸ ਦੇ ਬਾਰੇ ਵਿਚ ਇਹ ਮੈਂਬਰ ਆਪਣੀ ਓਪੀਨੀਅਨ ਦੇ ਲੈਣ । (I have not said like that. I have only told him that he can give his opinion on it while taking part in the discussion on the no confidence motion.)

श्री अ. विश्वनाथन : आन ए प्वायंट आफ आर्डर, सर । आप ने कहा है कि दूसरी जो सैंशर मोशन इसी उपमन्त्री के खिलाफ है, उस को डिसकस

---

* CENSURE MOTION :

The House condemns the undue interference by Sardar Sardar Singh Kohli, Deputy Minister for Local Bodies in the affairs of the Municipal Committees in the State and promoting and shielding the corrupt staff and thus bringing the administration of Local Bodies at the lowest financial and administrative ebb; and expresses lack of confidence in him.

5 Phalgun 1889 SAKA A. Vishwanathan M.L.A.

करते समय इस मोशन को भी रैफर कर दें। लेकिन कोहली साहिब उपमन्त्री के खिलाफ जो नो कानफोडैंस मोशन पहले इस सदन में एडमिट हो चुकी है उस का सफियर बहुत लिमिटिड है उस का स्कोप सिर्फ खन्ना की घटना तक सीमित है अगर आप इस बात की इजाज़त देते हैं कि बाकी मामलों पर भी जो उन के खिलाफ हैं हम बोल सकते हैं तो मैं आपनो इस सैंशर मोशन को विदड्रा करता हूं। और अगर आप इजाजत नहीं देते तो इस को आप एडमिट कर लें।

ਸ੍ਰੀ ਡਿਪਟੀ ਸਪੀਕਰ : ਮੈਂ ਪਹਿਲਾਂ ਹੀ ਕਿਹਾ ਹੈ ਕਿ ਨੋ ਕਾਨਫੀਡੈਂਸ ਮੋਸ਼ਨ ਤੇ ਬਹਿਸ ਕਰਦੇ ਸਮੇਂ ਤੁਸੀਂ ਇਨ੍ਹਾਂ ਬਾਰੇ ਕੋਈ ਗਲ ਜਿਹੜੀ ਮਯੂਨਿਸਿਪਲ ਕਮੇਟੀਆਂ ਦੇ ਸਬੰਧ ਵਿਚ ਹੈ ਉਸ ਨੂੰ ਰੈਫਰ ਕਰ ਸਕਦੇ ਹੋ। (I have already said that the hon. Member can refer to the matter regarding the Municipal Committees vis a vis the Deputy Minister while discussing the No Confidence Motion.)

ਮੁੱਖ ਮੰਤਰੀ : ਡਿਪਟੀ ਸਪੀਕਰ ਸਾਹਿਬ, ਜੋ ਤੁਸੀਂ ਹੁਕਮ ਦਿਉ ਅਸੀਂ ਉਸ ਤੇ ਅਮਲ ਕਰਾਂਗੇ ਪਰ ਇਸ ਵਿਚ ਇਹ ਬੇਨਤੀ ਹੈ ਕਿ ਜਿਹੜੀ ਨੋ ਕਾਨਫੀਡੈਂਸ ਮੋਸ਼ਨ ਪਹਿਲਾਂ ਮੇਰੇ ਇਕ ਵਜ਼ੀਰ ਦੇ ਖਿਲਾਫ ਐਡਮਿਟ ਕੀਤੀ ਗਈ ਹੈ ਉਸ ਵਿਚ ਜਿਹੜੀ ਗਲ ਦਸੀ ਗਈ ਹੈ ਸਿਰਫ ਉਸ ਨੂੰ ਹੀ ਡਿਸਕਸ ਕੀਤਾ ਜਾ ਸਕਦਾ ਹੈ। ਦੁਨੀਆਂ, ਦੀਆਂ ਗਲਾਂ ਨੂੰ ਉਸ ਵਿਚ ਕਿਸ ਤਰ੍ਹਾਂ ਡਿਸਕਸ ਕੀਤਾ ਜਾ ਸਕਦਾ ਹੈ। ਕਿਉਂਕਿ ਗੌਰਮੈਂਟ ਨੇ ਰੀਪਲਾਈ ਕਰਨਾ ਹੈ। ਮੇਰੇ ਇਕ ਮਨਿਸਟਰ ਨੂੰ ਬਲੇਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਇਲਜ਼ਾਮ ਲਗਾਇਆ ਗਿਆ ਹੈ ਸਿਰਫ ਇਕੋ ਹੀ ਗਲ ਅੰਡਰ ਡਿਸਕਸ਼ਨ ਹੋਣੀ ਚਾਹੀਦੀ ਹੈ।

ਸ੍ਰੀ ਡਿਪਟੀ ਸਪੀਕਰ : ਮੇਰੇ ਲਫਜ਼ ਇਹ ਨੇ ਕਿ ਜਿਹੜੀ ਨੋ ਕਾਨਫੀਡੈਂਸ ਮੋਸ਼ਨ ਕੋਹਲੀ ਸਾਹਿਬ ਦੇ ਖਿਲਾਫ ਐਡਮਿਟ ਕੀਤੀ ਗਈ ਹੈ ਉਸ ਵਿਚ ਉਸ ਮਨਿਸਟਰ ਨੂੰ ਡਿਸਕਸ ਕੀਤਾ ਜਾਵੇਗਾ ਤੇ ਇਸ ਨੂੰ ਮੈਂਬਰ ਰੈਫਰ ਕਰ ਦੇਣ। (My words are that at the time of the discussion of No Confidence Motion which has been admitted against the Deputy Minister Shri Kohli, the hon. Member can refer to this matter as well.)

ਮੁੱਖ ਮੰਤਰੀ : ਮੇਰੀ ਤਾਂ ਇਹੋ ਰਾਏ ਹੈ ਕਿ ਹਰ ਗਲ ਡਿਸਕਸ ਨਹੀਂ ਕੀਤੀ ਜਾ ਸਕਦੀ। ਇਕ ਮਨਿਸਟਰ ਤੇ ਇਲਜ਼ਾਮ ਲਗਾਏ ਗਏ ਹਨ ਅਤੇ ਇਕ ਪਰਟੀਕੁਲਰ ਆਈਟਮ ਤੇ ਬਹਿਸ ਕੀਤੀ ਜਾ ਸਕਦੀ ਹੈ ਜਿਹੜੀ ਕਿ ਪਹਿਲਾਂ ਐਡਮਿਟ ਹੋ ਚੁਕੀ ਹੈ ਜੇਕਰ ਕੋਈ ਹੋਰ ਮਾਮਲਾ ਹੈ ਤਾਂ ਸਾਰੀ ਮਨਿਸਟਰੀ ਦੇ ਖਿਲਾਫ ਮੋਸ਼ਨ ਲਿਆਉਣ। ਜੇਕਰ ਤੁਸੀਂ ਹੁਕਮ ਦਿਉ ਤਾਂ ਜਵਾਬ ਦੇਣ ਲਈ ਸਰਕਾਰ ਤਿਆਰ ਹੋ ਜਾਵੇਗੀ।

ਸ੍ਰੀ ਡਿਪਟੀ ਸਪੀਕਰ : ਇਸ ਦੇ ਬਾਰੇ ਵਿਚ ਮੇਰੀ ਰੂਲਿੰਗ ਇਹ ਹੈ ਕਿ ਆਲਰੇਡੀ ਇਕ ਨੋ ਕਾਨਫੀਡੈਂਸ ਮੋਸ਼ਨ ਐਡਮਿਟ ਹੋ ਚੁਕੀ ਹੈ ਯੂ ਕੈਨ ਡਿਸਕਸ ਦਿਸ ਮੈਟਰ ਅਲਾਂਗ ਵਿਦ ਇਟ।

[Mr. Deputy Speaker]

(My ruling on this point is that since a No Confidence Motion has already been admitted the hon. Member can discuss this matter along with it.)

Shri A. Vishwanathan : In that case, I withdraw my motion.

PAPERS LAID ON THE TABLE

Chief Minister (Sardar Lachhman Singh Gill) ; Sir, I beg to lay on the Table amendments (two Notifications) made by the Governor in the Punjab Public Service Commission (Limitation of Functions) Regulations, 1955 and Corrigendum dated the 9th February, 1968, as required under Article 320(5) of the Constitution.

ਸਰਦਾਰ ਗੁਰਦੇਵ ਸਿੰਘ : ਡਿਪਟੀ ਸਪੀਕਰ ਸਾਹਿਬ, ਤੁਸੀਂ ਇਸ ਤੋਂ ਪਹਿਲਾਂ ਵੀ ਇਕ ਮੋਸ਼ਨ ਅੰਗ੍ਰੇਜ਼ੀ ਵਿਚ ਪੜ੍ਹੀ ਹੈ ਤੇ ਹੁਣ ਫਿਰ ਪੜ੍ਹ ਰਹੇ ਹੋ ਤੁਹਾਨੂੰ ਪਤਾ ਹੈ ਅਤੇ ਤੁਸੀਂ ਅਕਾਲੀ ਪਤ੍ਰਕਾ ਵਿਚ ਇਹ ਖਬਰ ਪੜ੍ਹੀ ਹੋਈ ਹੈ ਕਿ ਜਲੰਧਰ ਦੇ ਇਕ ਕਾਲਜ ਵਿਚ ਇਕ ਫੰਕਸ਼ਨ ਹੋਇਆ ਅਤੇ ਉਸ ਵਿਚ ਪ੍ਰੈਜ਼ੀਡੈਂਟ ਅਤੇ ਸੈਕਟਰੀ ਆਪਸ ਵਿਚ ਅੰਗ੍ਰੇਜ਼ੀ ਵਿਚ ਗਲਾਂ ਕਰ ਰਹੇ ਸਨ ਤੇ ਸਾਡੇ ਚੀਫ਼ ਮਨਿਸਟਰ ਸਾਹਿਬ ਨੂੰ ਉਹ ਸਮਝ ਨਹੀਂ ਸੀ ਆਇਆ (ਹਾਸਾ) ਹੁਣ ਤੁਸੀਂ ਫਿਰ ਅੰਗ੍ਰੇਜ਼ੀ ਵਿਚ ਸ਼ੁਰੂ ਕਰ ਦਿਤੀ ਹੈ। ਮੇਰੀ ਬੇਨਤੀ ਇਹ ਹੈ ਕਿ ਸਾਰਾ ਕੰਮ ਪੰਜਾਬੀ ਵਿਚ ਕੀਤਾ ਜਾਇਆ ਕਰੇ ਤਾਂ ਜੋ ਜਿਹੜੇ ਮੈਂਬਰ ਅੰਗ੍ਰੇਜ਼ੀ ਨਹੀਂ ਪੜ੍ਹ ਸਕਦੇ ਉਨ੍ਹਾਂ ਨੂੰ ਸਮਝ ਆ ਸਕੇ।

ਸ਼੍ਰੀ ਡਿਪਟੀ ਸਪੀਕਰ : ਅਗੇ ਤੋਂ ਇਹ ਕੋਸ਼ਿਸ਼ ਕੀਤੀ ਜਾਵੇਗੀ ਕਿ ਪੰਜਾਬੀ ਵਿਚ ਹੀ ਮੋਸ਼ਨਾਂ ਨੂੰ ਬੋਲ ਸਕੀਏ। (Efforts will be made to read the motions in Punjabi, in future.)

STATEMENT REGARDING

CALL ATTENTION NOTICE UNDER RULE 73.
(Serial No. 11).

Minister of State for Public Works (Sardar Narinder Singh) : Sir, I beg to lay on the Table statement in reply to Call Attention Motion No. 11 given notice of by Comrades Satya Pal Dang and Bhan Singh Bhaura, M. L. As.

1 **Comrade Satya Pal Dang**
2. **Comrade Bhan Singh Bhaura** } : To draw the attention of the Government towards a matter of urgent public importance, namely, the decision of the Punjab Trade Union Congress and a number of other Trade Union organisations calling upon the industrial workers in the State to go on one day strike on 1st March, 1968. The decision is to protest against the failure of the Government to enact legislation linking wages of industrial workers with the cost of living index.

In view of the great urgency of the matter, the Government may please make a statement in the House.

Shri Piara Ram Dhanowali (Labour and Welfare Minister) : There is no intention of Government to give up the proposed linking of the wages with the cost of living index. The matter was discussed with the representatives of employers and employees on 21st February, 1968. Final decision in this regard is likely to be taken soon.

GENERAL DISCUSSION ON THE BUDGET.

ਕਾਮਰੇਡ ਸੱਤਪਾਲ ਡਾਂਗ (ਅੰਮ੍ਰਿਤਸਰ ਪਛਮ) : ਜਿਹੜਾ ਬਜਟ ਸਰਕਾਰ ਦੇ ਵੱਲੋਂ ਪੇਸ਼ ਕੀਤਾ ਗਿਆ ਹੈ, ਅਤੇ ਵਜ਼ੀਰ ਖਜ਼ਾਨਾ ਨੇ ਜਿਹੜੀ ਤਕਰੀਰ ਰੱਖੀ ਹੈ ਮੈਂ ਇਨ੍ਹਾਂ ਲਈ ਸਰਕਾਰ ਨੂੰ ਵਧਾਈ ਨਹੀਂ ਦੇ ਸਕਦਾ ਇਸ ਬਜਟ ਬਾਰੇ ਜਨਤਾ ਦੇ ਜਜ਼ਬਾਤ ਕੀ ਹੋ ਸਕਦੇ ਹਨ ਉਸ ਦਾ ਅੰਦਾਜ਼ਾ ਡਿਪਟੀ ਸਪੀਕਰ ਸਾਹਿਬ. ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਿਸ ਪਾਰਟੀ ਨੂੰ ਹੁਕਮਰਾਨ ਪਾਰਟੀ ਦੀ ਆਤਮਾ ਕਿਹਾ ਜਾਂਦਾ ਹੈ, ਜਿਸ ਪਾਰਟੀ ਦੇ ਸਿਰ ਦੇ ਉਤੇ ਇਹ ਸਰਕਾਰ ਕਾਇਮ ਹੈ ਉਨ੍ਹਾਂ ਨੂੰ ਵੀ ਅੱਜ ਇਹ ਕਹਿਣ ਦੀ ਜੁਰਅਤ ਨਹੀਂ ਪਈ ਕਿ ਇਹ ਬਜਟ ਬੜਾ ਵਧੀਆ ਹੈ, ਉਨ੍ਹਾਂ ਨੇ ਵੀ ਇਸ ਤੇ ਬੜੀ ਨੁਕਤਾ ਚੀਨੀ ਕੀਤੀ ਹੈ ।

ਇਹ ਬਜਟ ਇਸ ਕਰਕੇ ਨਾ ਪਸੰਦ ਕੀਤਾ ਗਿਆ ਹੈ ਕਿਉਂਕਿ ਇਸ ਰਾਹੀਂ ਜਨਤਾ ਦੇ ਉਤੇ ਸਿੱਧਾ ਟੈਕਸਾਂ ਦਾ ਬੋਝ ਹੈ । ਜਨਤਾ ਦਾ ਧਿਆਨ ਅੱਜ ਉਨ੍ਹਾਂ ਟੈਕਸਾਂ ਵੱਲ ਹੈ ਜੋ ਇਸ ਸਰਕਾਰ ਨੇ ਲੋਕਾਂ ਤੋਂ ਇਕ ਸਾਲ ਵਿਚ 6 ਕਰੋੜ 66 ਲੱਖ ਦੇ ਟੈਕਸ ਵਸੂਲਣੇ ਹਨ । ਇਸ ਸੂਬੇ ਦੀ 1 ਕਰੋੜ 12 ਲੱਖ ਦੀ ਆਬਾਦੀ ਤੇ ਜਿਹੜੇ ਇਕ ਸਾਲ ਵਿਚ ਇਸ ਸਰਕਾਰ ਵੱਲੋਂ ਟੈਕਸ ਲਗਾਏ ਗਏ ਹਨ ਇਹ ਉਸ ਪਾਲੀਸੀ ਦਾ ਨਤੀਜਾ ਹੈ ਜੋ ਦਿਲੀ ਵਿਚ ਬੈਠੀ ਹੋਈ ਕਾਂਗਰਸ ਸਰਕਾਰ ਜਨਤਾ ਲਈ ਬਣਾ ਰਹੀ ਹੈ । ਉਨ੍ਹਾਂ ਜਦੋਂ ਬਜਟ ਪੇਸ਼ ਕੀਤਾ ਉਸ ਵੇਲੇ ਉਨ੍ਹਾਂ ਨੇ ਜਨਤਾ ਵੱਲ ਨਹੀਂ ਵੇਖਿਆ ਉਨ੍ਹਾਂ ਸਸਤੀ ਤੋਂ ਸਸਤੀ ਅਤੇ ਜ਼ਰੂਰੀ ਤੋਂ ਜ਼ਰੂਰੀ ਚੀਜ਼ ਜਿਵੇਂ ਕਿ ਪੋਸਟ ਕਾਰਡ, ਬੀੜੀ, ਅਤੇ ਰੇਲ ਦੇ ਕਿਰਾਏ ਤੇ ਪੈਸੇ ਬਣਾਉਣ ਦਾ ਯਤਨ ਕੀਤਾ ਹੈ, ਉਨ੍ਹਾਂ ਦੀ ਬੈਕਗਰਾਉਂਡ ਵਿਚ ਹੀ ਪੰਜਾਬ ਸਰਕਾਰ ਨੇ ਇਕ ਸਾਲ ਦੇ ਵਿਚ 6 ਕਰੋੜ 66 ਲੱਖ ਰੁਪਏ ਦੇ ਹੋਰ ਟੈਕਸ ਪੰਜਾਬ ਦੀ ਜਨਤਾ ਤੇ ਲਾ ਦਿੱਤੇ । ਇਨ੍ਹਾਂ ਵਿਚੋਂ ਜ਼ਿਆਦਾ ਤਰ ਟੈਕਸ ਇਸ ਤਰ੍ਹਾਂ ਦੇ ਹਨ ਜਿਨ੍ਹਾਂ ਦਾ ਸਿਧਾ ਬੋਝ ਜਨਤਾ ਦੇ ਉਤੇ ਪੈ ਰਿਹਾ ਹੈ । ਹੁਣ ਮੈਂ ਅਰਜ਼ ਕਰਾਂ ਕਿ ਇਨ੍ਹਾਂ ਨੇ ਟੈਕਸ ਜਿਹੜੇ ਲਗਾਏ ਹਨ ਉਹ ਕਿਸ ਤਰ੍ਹਾਂ ਦੇ ਹਨ । ਸਿਰਫ ਇਕ ਕਰੋੜ ਦੇ ਟੈਕਸ ਅਜੇਹੇ ਹਨ ਜਿਸ ਦਾ ਭਾਰ ਆਮ ਜਨਤਾ ਤੇ ਨਹੀਂ ਪਵੇਗਾ ਜਿਵੇਂ ਲਾਟਰੀ, ਸ਼ੋ ਟੈਕਸ ਆਦਿ । ਪਰ ਪੌਣੇ ਛੇ ਕਰੋੜ ਦੇ ਟੈਕਸ ਅਜਿਹੇ ਹਨ ਜਿਨ੍ਹਾਂ ਦਾ ਭਾਰ ਗਰੀਬ ਲੋਕਾਂ ਤੇ ਪੈਂਦਾ ਹੈ ।

ਇਨ੍ਹਾਂ ਨੇ ਛੇਵੀਂ, ਸੱਤਵੀ ਅਤੇ ਅਠਵੀਂ ਕਲਾਸ ਦੇ ਬੱਚਿਆਂ ਤੇ ਜਿਨ੍ਹਾਂ ਨੂੰ ਕਿ ਮੁਫਤ ਵਿਦਿਆ ਦੇਣ ਬਾਰੇ ਇਸ ਹਾਊਸ ਦੇ ਵਿਚੋਂ ਐਲਾਨ ਕੀਤਾ ਗਿਆ ਸੀ ਇਨ੍ਹਾਂ ਨੇ ਮੁੜ ਫੀਸਾਂ ਲਾਉਣਾ ਪ੍ਰਵਾਨ ਕੀਤਾ ਹੈ (ਸ਼ੇਮ-ਸ਼ੇਮ) ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਦੇਸ਼ ਜਿਹੜਾ ਕਿ ਅੱਗੇ ਹੀ ਪਛੜਿਆ ਹੋਇਆ ਹੈ, ਜਿਹੜਾ ਕਿ ਪਹਿਲਾਂ ਹੀ ਅਨਪੜ੍ਹ ਲੋਕਾਂ ਦਾ ਦੇਸ਼ ਹੈ, ਸਾਡੀ ਕਿਤਨੀ ਬਦ-

[ਕਾਮਰੇਡ ਸੱਤਪਾਲ ਡਾਂਗ]
ਕਿਸਮਤੀ ਹੈ ਕਿ 20 ਸਾਲ ਤੋਂ ਬਾਅਦ ਵੀ ਅਸੀਂ ਵਿਦਿਆ ਦੇ ਮੁਆਮਲੇ ਵਿਚ ਕੋਈ ਤਰੱਕੀ ਨਹੀਂ ਕੀਤੀ।

ਇਹ ਟੈਕਸ ਜਿਹੜੇ ਲੱਗਣੇ ਹਨ ਡਿਪਟੀ ਸਪੀਕਰ ਸਾਹਿਬ, ਉਹ ਸਿੱਧੇ ਆਮ ਲੋਕਾਂ ਤੇ ਗ਼ਰੀਬ ਜਨਤਾ ਤੇ ਬੋਝ ਦਾ ਕਾਰਣ ਬਨਣਗੇ। ਜਿਸ ਤਰ੍ਹਾਂ ਇਨ੍ਹਾਂ ਨੇ ਬਸ ਦਾ ਕਰਾਇਆ ਵਧਾਇਆ ਹੈ, ਅਮੀਰ ਲੋਕਾਂ ਕੋਲ ਤਾਂ ਕਾਰਾਂ ਹਨ ਉਹ ਇਸ ਗੱਲ ਦੀ ਜ਼ਰੂਰਤ ਹੀ ਨਹੀਂ ਸਮਝਦੇ ਕਿ ਬਸ ਵਿਚ ਸਫਰ ਕਰਨ ਇਹ ਤਾਂ ਗ਼ਰੀਬ ਹੀ ਹਨ ਜਿਹੜੇ ਵਾਧੂ ਦਾ ਕਿਰਾਇਆ ਦੇਣਗੇ। ਕੁਝ ਹੋਰ ਟੈਕਸ ਐਸੇ ਹਨ ਜਿਹੜੇ ਗ਼ਰੀਬ ਕਿਸਾਨ ਤੇ ਪੈਂਦੇ ਹਨ। ਇਨ੍ਹਾਂ ਨੇ ਟਿਊਬਵੈਲ ਨਾਲ ਆਬਪਾਸ਼ੀ ਕਰਨ ਵਾਲਿਆਂ ਨਾਲ ਇਹ ਧਕਾ ਕੀਤਾ ਕਿ ਉਨ੍ਹਾਂ ਦਾ ਬਿਜਲੀ ਦੇ ਯੂਨਿਟ ਦਾ ਰੇਟ ਵਧਾ ਦਿੱਤਾ ਜਿਸ ਕਰਕੇ ਇਸ ਤੇ 35 ਲੱਖ ਦਾ ਬੋਝ ਪਿਆ ਹੈ ਅਤੇ ਇਹ ਸਿੱਧਾ ਉਨ੍ਹਾਂ ਲੋਕਾਂ ਤੇ ਹੈ ਜਿਹੜੇ ਪਹਿਲਾਂ ਹੀ ਇਤਨੀ ਜ਼ਿਆਦਾ ਮਿਕਦਾਰ ਵਿਚ ਲਗਾਨ ਦਿੰਦੇ ਹਨ। ਇਸੇ ਤਰ੍ਹਾਂ ਜਿਹੜੇ ਛੋਟੀ ਛੋਟੀ ਜ਼ਮੀਨ ਦੇ ਮਾਲਕ ਹਨ ਕਿਸੇ ਪਾਸ 1 ਏਕੜ ਹੈ, ਕਿਸੇ ਪਾਸ 2 ਏਕੜ ਹੈ ਜਾਂ ਕਿਸੇ ਪਾਸ ਵੱਧ ਤੋਂ ਵੱਧ 5, 6 ਏਕੜ ਹੈ, ਉਨ੍ਹਾਂ ਸਾਰੇ ਕਿਸਾਨਾਂ ਤੇ ਆਬਿਆਨਾ ਡਿਉਢਾ ਕੀਤਾ ਜਾਣਾ ਹੈ। ਇਸ ਟੈਕਸ ਦਾ 2 ਕਰੋੜ ਦਾ ਭਾਰ ਪਿਆ ਹੈ। ਇਸ ਤੋਂ ਇਲਾਵਾ ਇਨ੍ਹਾਂ ਮਾਰਕਿਟ ਫ਼ੀਸ 40 ਪੈਸੇ ਸੈਂਕੜਾ ਤੋਂ ਵਧਾ ਕੇ 1 ਰੁਪਿਆ ਕਰ ਦਿੱਤੀ ਹੈ, ਇਹ ਵੀ ਗ਼ਰੀਬਾਂ ਤੇ ਹੀ ਲੱਗਣੀ ਹੈ। ਇਕ ਪਾਸੇ ਜਨਤਾ ਦੀ ਇਹ ਹਾਲਤ ਹੈ ਅਤੇ ਦੂਸਰੇ ਪਾਸੇ ਸਰਕਾਰ ਟੈਕਸ ਤੇ ਟੈਕਸ ਵਧਾਉਣ ਵਿਚ ਮਗਨ ਹੋ ਰਹੀ ਹੈ। ਇਹ ਹੁਣ ਤੱਕ ਕਹਿੰਦੇ ਆਏ ਹਨ ਕਿ ਅਸੀਂ ਮੁਫਤ ਇਲਾਜ ਕਰਦੇ ਹਾਂ ਪਰ ਅੱਗੋਂ ਲਈ ਹਰ ਮਰੀਜ਼ ਨੂੰ ਜਦੋਂ ਵੀ ਉਹ ਡਾਕਟਰ ਤੋਂ ਦਵਾਈ ਲਈ ਪਰਚੀ ਕਟਾਏਗਾ 10 ਪੈਸੇ ਫੀ ਦਿਨ ਦੇ ਹਿਸਾਬ ਨਾਲ ਉਸ ਤੋਂ ਲਏ ਜਾਣਗੇ, ਜੇ ਉਸ ਨੂੰ ਹਸਪਤਾਲ ਵਿਚ ਦਾਖਲ ਹੋਣਾ ਪੈ ਜਾਵੇ ਤਾਂ 25 ਪੈਸੇ ਰੋਜ਼ ਦੇ ਹਿਸਾਬ ਨਾਲ ਦੇਵੇ ਭਾਵੇਂ ਕਿਤਨੇ ਦਿਨ ਹੀ ਕਿਉਂ ਨਾ ਇਲਾਜ ਕਰਵਾਉਣਾ ਪਵੇ। ਇਸ ਤਰ੍ਹਾਂ ਦੇ ਇਹ ਪੌਣੇ ਸੱਤ ਕਰੋੜ ਦੇ ਕਰੀਬ ਟੈਕਸਿਜ਼ ਹਨ ਜਿਹੜੇ ਸਿਧੇ ਜਨਤਾ ਤੇ ਅਸਰ ਦਾਇਕ ਹਨ। ਇਹ ਗੱਲ ਗੱਲ ਵਿਚ ਆਪਣੇ ਆਪ ਨੂੰ ਫਰੰਟ ਦੀ ਵਜ਼ਾਰਤ ਦੇ ਨਾਲ ਮੁਕਾਬਲਾ ਕਰਦੇ ਹਨ, ਪਰ ਮੈਂ ਉਨ੍ਹਾਂ ਨੂੰ ਦੱਸ ਦਿਆਂ ਕਿ ਫਰੰਟ ਦੀ ਵਜ਼ਾਰਤ ਨੇ ਇਤਨੇ ਲੋਕਾਂ ਦੇ ਭਲੇ ਦੇ ਕੰਮ ਕੀਤੇ ਜਿਹੜੇ ਭੁਲਾਏ ਨਹੀਂ ਜਾ ਸਕਦੇ, ਇਕ ਸਾਲ ਦੇ ਵਿਚ ਉਨ੍ਹਾਂ ਨੂੰ ਗ਼ਰੀਬ ਕਿਸਾਨਾਂ ਦਾ ਮਾਲੀਆ ਮੁਆਫ ਕੀਤਾ ਬੇਟਰਮੈਂਟ ਲੈਵੀ ਟੈਕਸ ਹਟਾਇਆ ਮੁਲਾਜ਼ਮਾਂ ਦੀਆਂ ਤਨਖਾਹਾਂ ਦੇ ਵਿਚ ਅਜ਼ਾਫਾ ਕੀਤਾ, ਪ੍ਰੋਫੈਸਰਾਂ ਦੀਆਂ ਤਨਖਾਹਾਂ ਵਧਾਈਆਂ ਇਸ ਤਰ੍ਹਾਂ ਇਹ 12 ਕਰੋੜ 96 ਲੱਖ ਦਾ ਰੀਲੀਫ ਸੀ ਜਿਹੜਾ ਫਰੰਟ ਵਜ਼ਾਰਤ ਨੇ ਜਨਤਾ ਨੂੰ ਦਿੱਤਾ। ਇਤਨਾ ਕੁਝ ਖਰਚ ਕਰਨ ਦੇ ਬਾਵਜੂਦ ਵੀ ਰੈਵਿਨਿਊ ਐਕਾਊਂਟਸ ਦੇ ਵਿਚ 4 ਕਰੋੜ ਦੇ ਵਾਧੇ ਦੀ ਥਾਂ 8 ਕਰੋੜ 74 ਲਖ ਦਾ ਵਾਧਾ ਦਿਖਾਇਆ ਗਿਆ ਸੀ ਇਹ ਕਿਸ ਤਰ੍ਹਾਂ ਸੰਭਵ ਹੋਇਆ। ਫਰੰਟ ਸਰਕਾਰ ਨੇ ਸਰਕਾਰੀ ਖਰਚ ਵਿਚ ਬਚਤ ਕਰਕੇ ਲਗਭਗ ਦੋ ਕਰੋੜ ਰੁਪਏ ਬਚਾਏ ਸ਼ਰਾਬ ਦੇ ਠੇਕੇ ਨੀਲਾਮ ਕਰਕੇ ਦੋ ਤਿੰਨ ਕਰੋੜ ਦੀ ਆਮਦਨ ਵਧ ਕੀਤੀ। ਕੁਝ ਐਸੇ ਟੈਕਸ ਵੀ ਲਾਏ ਜਿਨ੍ਹਾਂ ਦਾ ਬੋਝ ਲੋਕਾਂ ਤੇ ਨਹੀਂ ਪੈਂਦਾ। ਇਹੋ ਜਿਹੇ ਤਰੀਕਿਆਂ ਨਾਲ ਆਮਦਨ ਵਧਾਈ। ਹੁਣ ਇਨ੍ਹਾਂ ਦੇ ਬਜਟ ਨੂੰ ਵੇਖੀਏ ਪੌਣੇ ਸਤ ਕਰੋੜ ਦੇ ਟੈਕਸ ਤੇ ਫਿਰ ਵੀ ਘਾਟਾ ਪਵੇਗਾ।

ਇਸ ਸਾਲ ਜਿਹੜਾ ਬਜਟ ਪੇਸ਼ ਕੀਤਾ ਗਿਆ ਹੈ ਜੇਕਰ ਉਸ ਦਾ ਮੁਕਾਬਲਾ ਯੂਨਾਈਟਿਡ ਫਰੰਟ ਵਜ਼ਾਰਤ ਵੇਲੇ ਦੇ ਖਰਚਾਂ ਨਾਲ ਕੀਤਾ ਜਾਵੇ ਤਾਂ ਇਕ ਹੋਰ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਫਰੰਟ ਸਰਕਾਰ ਨੇ ਡੀਵੈਲਪਮੈਂਟ ਦੇ ਕੰਮਾਂ ਲਈ 1967-68 ਦੇ ਬਜਟ ਵਿਚ ਜੋ ਪ੍ਰੋਵਾਈਡ ਕੀਤਾ ਸੀ ਉਸਦੇ ਮੁਕਾਬਲੇ ਵਿਚ 1968-69 ਦੇ ਬਜਟ ਦੇ ਅਨੁਸਾਰ 5 ਕਰੋੜ 66 ਲੱਖ ਰੁਪਿਆ ਅੱਗੇ ਨਾਲੋਂ ਘੱਟ ਖਰਚ ਹੋਵੇਗਾ । ਵਜ਼ੀਰ ਖਜ਼ਾਨਾ ਨੇ ਆਪਣੀ ਤਕਰੀਰ ਦੇ ਵਿਚ ਇਹ ਗੱਲ ਮੰਨੀ ਹੈ ਕਿ 1968-69 ਵਿਚ ਉਸਾਰੀ ਦੀ ਕੋਈ ਨਵੀਂ ਸਕੀਮ ਨਹੀਂ ਸ਼ੁਰੂ ਹੋ ਸਕਦੀ । ਡਿਵੈਲਪਮੈਂਟ ਉਕਾ ਹੀ ਰੋਕੀ ਜਾ ਰਹੀ ਹੈ ।

ਟੈਕਸਿਜ਼ ਦੀ ਅਲਗ ਭਰਮਾਰ ਹੈ ਫੇਰ ਵੀ ਇਨ੍ਹਾਂ ਨੇ ਅਕਾਉਂਟਸ ਦੇ ਵਿਚ 3 ਕਰੋੜ 75 ਲੱਖ ਦਾ ਘਾਟਾ ਵਿਖਾਇਆ ਹੈ । ਮੈਂ ਪੁਛਦਾ ਹਾਂ ਕਿ ਕੀ ਇਹ ਪੰਜਾਬ ਦੀ ਤਰੱਕੀ ਹੋ ਰਹੀ ਹੈ । ਇਸੇ ਤਰ੍ਹਾਂ ਐਗਰੀਕਲਚਰਲ, ਪ੍ਰੋਡਕਸ਼ਨ ਦੇ ਵਿਚ ਜਿਥੇ ਅਸੀਂ 2 ਕਰੋੜ 38 ਲੱਖ ਦੀ ਪ੍ਰੋਵੀਜ਼ਨ ਕੀਤੀ ਸੀ ਇਨ੍ਹਾਂ ਨੇ ਏਸ ਸਾਲ 2 ਕਰੋੜ 29 ਲੱਖ ਦੀ ਪ੍ਰੋਵੀਜ਼ਨ ਕੀਤੀ ਹੈ । ਮਾਈਨਰ ਇਰੀਗੇਸ਼ਨ ਲਈ ਅਸੀਂ 3 ਕਰੋੜ 46 ਲੱਖ ਦੀ ਪ੍ਰੋਵੀਜ਼ਨ ਕੀਤੀ ਸੀ ਪਰ ਇਨ੍ਹਾਂ ਨੇ 2 ਕਰੋੜ 25 ਲੱਖ ਦੀ ਪ੍ਰੋਵੀਜ਼ਨ ਕੀਤੀ ਹੈ । ਇਸੇ ਤਰ੍ਹਾਂ ਇੰਡਸਟਰੀ ਦੇ ਵਿਚ ਅਸੀਂ ਜਿਥੇ 2.45 ਲੱਖ ਰੱਖਿਆ ਸੀ ਇਨ੍ਹਾਂ ਨੇ 1.89 ਲੱਖ ਹੀ ਰੱਖਿਆ ਹੈ । ਇਹ ਹੋਰ ਤਾਂ ਹੋਰ ਹਰੀਜਨ ਭਰਾਵਾਂ ਦੇ ਇਤਨੇ ਹਮਾਇਤੀ ਕਹਾਉਂਦੇ ਹਨ ਇਹ ਉਨ੍ਹਾਂ ਦੇ ਵਾਸਤੇ ਵੀ ਕੁਝ ਨਹੀਂ ਕਰ ਸਕੇ ਪਿਛਲੇ ਸਾਲ ਵੀ 28 ਲੱਖ ਸੀ ਅਤੇ ਇਸ ਸਾਲ ਵੀ ਉਤਨਾ ਹੀ ਪੈਸਾ ਰੱਖਿਆ ਹੈ । ਹੋਰ ਬਹੁਤ ਸਾਰੇ ਤਰੱਕੀ ਦੇ ਮਹਿਕਮੇ ਹਨ ਜਿਹੜੇ ਕਿ ਬਿਲਕੁਲ ਹੀ ਨੈਗਲੈਕਟਿਡ ਹਨ । ਫਰੰਟ ਸਰਕਾਰ ਨੇ ਕੁਝ ਮਜ਼ੀਦ ਸਕੀਮਾਂ ਇਸ ਮੁਲਕ ਦੀ ਡੀਵੈਲਪਮੈਂਟ ਦੇ ਲਈ ਤਿਆਰ ਕੀਤੀਆਂ ਸਨ ਜਿਹੜੀਆਂ ਕਿ ਇਸ ਬਜਟ ਤੋਂ ਇਉਂ ਮਾਲੂਮ ਹੁੰਦੀਆਂ ਹਨ ਕਿ ਛੇੜੀਆਂ ਤੱਕ ਨਹੀਂ ਗਈਆਂ । ਇਹ ਕਹਿੰਦੇ ਹਨ ਕਿ ਅਸੀਂ ਤਰੱਕੀ ਕਰਨੀ ਹੈ, ਜੇ ਤੁਸੀਂ ਤਰੱਕੀ ਜਨਤਾ ਦੀ ਕਰਨੀ ਹੁੰਦੀ ਤਾਂ ਇਹ ਉਸ ਨੂੰ ਰੀਲੀਫ ਦਿੰਦੇ ਟੈਕਸ ਨਾ ਲਾਉਂਦੇ ਜਨਤਾ ਸਭ ਕੁਝ ਜਾਣਦੀ ਹੈ ਇਹ ਬਹਾਨੇ ਲਾ ਲਾ ਲੱਖ ਪਿਟੀ ਜਾਣ । ਉਨ੍ਹਾਂ ਦੇ ਦਿਲ ਵਿੱਚ ਸਾਰੀਆਂ ਗੱਲਾਂ ਹਨ ।

ਟੈਕਸਾਂ ਦਾ ਜਨਤਾ ਤੇ ਬੋਝ ਪਾਇਆ ਜਾ ਰਿਹਾ ਹੈ । ਇਨ੍ਹਾਂ ਨਾਜਾਇਜ਼ ਟੈਕਸਾਂ ਨੂੰ ਜਾਇਜ਼ ਕਰਾਰ ਦੇਣ ਲਈ ਇਕ ਨਵਾਂ ਬੜਾ ਖਤਰਨਾਕ ਅਸੂਲ ਇਹ ਜਨਤਾ ਸਾਹਮਣੇ ਲਿਆ ਰਹੇ ਹਨ । ਉਹ ਅਸੂਲ ਇਹ ਹੈ ਕਿ ਕਿ ਅਸੀਂ ਜਨਤਾ ਤੋਂ ਟੈਕਸ ਨਹੀਂ ਲੈ ਰਹੇ ਸਗੋਂ ਜੋ ਉਨ੍ਹਾਂ ਦੀ ਭਲਾਈ ਦੇ ਕੰਮ ਕੀਤੇ ਜਾ ਰਹੇ ਹਨ ਉਨ੍ਹਾਂ ਦੀ ਕੀਮਤ ਲੈ ਰਹੇ ਹਾਂ । ਡਿਪਟੀ ਸਪੀਕਰ ਸਾਹਿਬ ਟੈਕਸ ਲਾਉਣ ਤੋਂ ਪਹਿਲਾਂ ਹਮੇਸ਼ਾ ਇਹ ਵੇਖਿਆ ਜਾਣਾ ਚਾਹੀਦਾ ਹੈ ਕਿ ਖਰਚ ਕਿਥੋਂ ਘਟਾਇਆ ਜਾ ਸਕਦਾ ਹੈ । ਪਹਿਲਾਂ ਫਜ਼ੂਲ ਖਰਚੀ ਬੰਦ ਹੋਣੀ ਚਾਹੀਦੀ ਹੈ । ਫਿਰ ਟੈਕਸ ਉਨ੍ਹਾਂ ਤੇ ਲਗਾਏ ਜਾਣੇ ਚਾਹੀਦੇ ਹਨ ਜਿਨ੍ਹਾਂ ਵਿਚ ਬਰਦਾਸ਼ਤ ਕਰਨ ਦੀ ਤਾਕਤ ਹੈ । ਇਨ੍ਹਾਂ ਨੇ ਪ੍ਰੋਗਰੈਸਿਵ ਟੈਕਸੇਸ਼ਨ ਦਾ ਅਸੂਲ ਜ਼ਰੂਰ ਪੜ੍ਹਿਆ ਹੋਵੇਗਾ । ਮੈਂ ਇਨ੍ਹਾਂ ਦਾ ਧਿਆਨ ਉਸ ਵਲ ਦਿਵਾਉਣਾ ਚਾਹੁੰਦਾ ਹਾਂ । ਇਨ੍ਹਾਂ ਦੇ ਟੈਕਸ ਲਾਉਣ ਨਾਲ ਤਾਂ ਲੋਕ ਜਿਹੜੇ ਇਹ ਸੋਚ ਰਹੇ ਸੀ ਕਿ ਮੁਫਤ ਤਾਲੀਮ ਦਸਵੀਂ ਤਕ ਮਿਲੇਗੀ ਉਹ ਖੁਆਬ ਟੁਟ ਗਿਆ । ਸੋਸਲਿਸਟ

[ਕਾਮਰੇਡ ਸੱਤਪਾਲ ਡਾਂਗ]

ਦੇਸਾਂ ਦੀ ਗਲ ਤਾਂ ਛਡੋ, ਇੰਗਲੈਂਡ ਵਿਚ ਵੀ ਮੈਡੀਕਲ ਏਡ ਮੁਫਤ ਮਿਲਦੀ ਹੈ । ਪਰ ਉਹ ਹਿੰਦੁਸਤਾਨ ਵਿਚ ਕਦੇ ਨਹੀਂ ਮਿਲੇਗੀ । ਇਹ ਬੀਮਾਰਾਂ ਕੋਲੋਂ ਵੀ ਫੀਸ ਵਸੂਲ ਕਰਦੇ ਹਨ । ਇਹ ਜਨਤਾ ਦੇ ਦੁਸ਼ਮਣ ਹਨ । ਜਿਹੜੇ ਇਹ ਅਸੂਲ ਪੇਸ਼ ਕਰਦੇ ਹਨ । ਜਿਹੜੇ ਲੋਕ ਇਹ ਟੈਕਸ ਬਰਦਾਸ਼ਤ ਕਰ ਸਕਦੇ ਹਨ ਉਹਨਾਂ ਤੇ ਇਹ ਟੈਕਸ ਲਗਾਏ ਜਾਣੇ ਚਾਹੀਦੇ ਹਨ । ਡਿਪਟੀ ਸਪੀਕਰ ਸਾਹਿਬ ਗਰੀਬਾਂ ਤੇ ਟੈਕਸ ਨਹੀਂ ਸੀ ਲਗਾਉਣੇ ਚਾਹੀਦੇ । ਇਨ੍ਹਾਂ ਨੂੰ ਪਹਿਲਾਂ ਬਚਤ ਦੇ ਸਾਧਨਾਂ ਵਲ ਧਿਆਨ ਦੇਣਾ ਚਾਹੀਦਾ ਸੀ । ਡਿਪਟੀ ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਇਨ੍ਹਾਂ ਮਨਿਸਟਰਾਂ ਦੀ ਜਾਣਕਾਰੀ ਲਈ ਇਹ ਦਸਣਾ ਚਾਹੁੰਦਾ ਹਾਂ ਕਿ ਪਬਲਿਕ ਐਡਮਨਿਸਟਰੇਸ਼ਨ ਕਮਿਸ਼ਨ ਦੀਆਂ ਸਿਫਾਰਸ਼ ਵਲ ਧਿਆਨ ਦਿਉ । ਪਰ ਪਤਾ ਨਹੀਂ ਉਹ ਕਿਥੇ ਗਈਆਂ ਹਨ ।

ਇਕ ਅਵਾਜ਼ : ਤੁਹਾਡੇ ਵੇਲੇ ਵੀ ਤਾਂ ਉਹ ਆ ਗਈਆਂ ਸਨ ।

ਕਾਮਰੇਡ ਸਤਪਾਲ ਡਾਂਗ : ਉਨ੍ਹਾਂ ਦਾ ਪਤਾ ਨਹੀਂ ਲਗ ਰਿਹਾ । ਇਸ ਵੇਲੇ ਇਕ ਫਾਈਲ ਜੋ ਡਾਇਰੈਕਟਰ ਤੋਂ ਮਨਿਸਟਰ ਤਕ ਜਾਂਦੀ ਹੈ ਉਹ ਸਤ ਸਟੇਜਾਂ ਤੋਂ ਲੰਘਦੀ ਹੈ । ਕਦੇ ਸੈਕਟਰੀ ਕੋਲ ਕਦੇ ਅੰਡਰ ਸੈਕਟਰੀ ਕੋਲ ਕਦੇ ਡਿਪਟੀ ਸੈਕਟਰੀ ਕੋਲ ਅਤੇ ਕਦੇ ਅਸਿਸਟੈਂਟ ਕੋਲ । ਇਸ ਤਰ੍ਹਾਂ ਉਹ ਫਾਈਲ ਸਤ ਪਧਰਾਂ ਤੋਂ ਲੰਘਦੀ ਹੈ । ਕਮਿਸ਼ਨ ਨੇ ਇਹ ਸਿਫ਼ਾਰਸ਼ ਕੀਤੀ ਸੀ ਕਿ ਇਨ੍ਹਾਂ ਸਤਾਂ ਸਟੇਜਾਂ ਨੂੰ ਘਟਾ ਕੇ ਇਕ ਸਟੇਜ ਤੇ ਲਿਆਂਦਾ ਜਾਵੇ । ਪਰ ਡਿਪਟੀ ਸਪੀਕਰ ਸਾਹਿਬ ਵਡੇ ਵਡੇ ਅਫ਼ਸਰ ਇਹ ਨਹੀਂ ਹੋਣ ਦਿੰਦੇ । (ਸ਼ੋਰ)

ਦੂਜੀ ਗਲ ਡਿਪਟੀ ਸਪੀਕਰ ਸਾਹਿਬ ਮੈਂ ਪੁਲਿਸ ਕਮਿਸ਼ਨ ਦੀ ਰਿਪੋਰਟ ਬਾਰੇ ਕਹਿਣੀ ਚ ਹੁੰਦਾ ਹਾਂ । ਇਸ ਰਿਪੋਰਟ ਨੂੰ ਪਹਿਲਾਂ ਤਾਂ ਕਾਂਗਰਸ ਸਰਕਾਰ ਨੇ ਆਉਟ ਹੀ ਨਹੀਂ ਕੀਤਾ । ਯੂਨਾਇਟਿਡ ਫਰੰਟ ਦੀ ਗੌਰਮਿੰਟ ਨੇ ਇਸ ਨੂੰ ਹਾਊਸ ਦੇ ਮੇਜ਼ ਤੇ ਰਖਿਆ । ਇਸ ਦੇ ਸਫ਼ਾ 365 ਦੇ ਇਹ ਸਿਫ਼ਾਰਸ਼ ਹੈ ਕਿ ਬਾਰਡਰ ਸਿਕਉਰਿਟੀ ਪੁਲਿਸ ਦਾ ਖਰਚਾ ਹਿੰਦ ਸਰਕਾਰ ਦੇਵੇਗੀ । ਪੰਜਾਬ ਦੀ ਜਿਹੜੀ ਸਰਹਦ ਹੈ ਉਹ ਪੰਜਾਬ ਦੀ ਸਰਹਦ ਨਹੀਂ ਸਗੋਂ ਸਾਰੇ ਹਿੰਦੁਸਤਾਨ ਦੀ ਸਰਹਦ ਹੈ । ਇਸ ਜਿਹੜਾ ਇਹ ਖਰਚ ਹੁੰਦਾ ਹੈ ਇਹ ਹਿੰਦ ਸਰਕ ਰ ਨੂੰ ਦੇਣਾ ਚਾਹੀਦਾ ਹੈ । ਜੇ ਉਹ ਖਰਚ ਹਿੰਦ ਸਰਕਾਰ ਕੋਲੋਂ ਲਿਆ ਜਾਵੇ ਤਾਂ ਪੰਜਾਬ ਦੀ ਸਰਕਾਰ ਨੂੰ 2 ਕਰੋੜ ਦਾ ਲਾਭ ਮਿਲ ਸਕਦਾ ਹੈ ।

ਤੀਜੀ ਗਲ ਮੈਂ ਨੰਗਲ ਦੀ ਫੈਕਟਰੀ ਬਾਰੇ ਕਹਿਣੀ ਚਾਹੁੰਦਾ ਹਾਂ ਕਿ ਇਹ ਠੀਕ ਹੈ ਇਸ ਵਿਚ ਖਾਦ ਬਣਾਈ ਜਾਂਦੀ ਹੈ । ਪਰ ਇਸ ਨਾਲ ਸਾਨੂੰ ਘਾਟਾ ਪੈਂਦਾ ਹੈ । ਖਾਦ ਖੇਤੀ ਬਾੜੀ ਲਈ ਜ਼ਰੂਰੀ ਹੈ । ਪਰ ਹਰ ਯੂਨਿਟ ਬਿਜਲੀ ਪਿਛੇ ਪੰਜਾਬ ਨੂੰ 75 ਪੈਸੇ ਘਾਟਾ ਪੈਂਦਾ ਹੈ । ਇਹ ਘਾਟਾ ਵੀ ਹਿੰਦ ਸਰਕਾਰ ਨੂੰ ਪੂਰਾ ਕਰਨਾ ਚਾਹੀਦਾ ਹੈ । ਇਸ ਬਾਰੇ ਮੈਂ ਬਿਜਲੀ ਬੋਰਡ ਦੀ 1964-65 ਦੀ ਰਿਪੋਰਟ ਵਿਚੋਂ ਦਸਦਾ ਹਾਂ ਕਿ ਉਸ ਇਕ ਸਾਲ ਵਿਚ ਪੰਜਾਬ ਨੂੰ ਉਸ ਨੰਗਲ ਫੈਕਟਰੀ ਤੋਂ 1 ਕਰੋੜ 13 ਲੱਖ ਰੁਪਏ ਦਾ ਘਾਟਾ ਪਿਆ ਸੀ । ਇਹ ਘ ਟਾ ਵੀ ਹਿੰਦ ਸਰਕਾਰ ਨੂੰ ਪੂਰਾ ਕਰਨਾ ਚਾਹੀਦਾ ਹੈ ।

ਫਿਰ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਦਿਲੀ ਦੀ ਇਲੈਕਟ੍ਰਿਕ ਕੰਪਨੀ ਨੂੰ ਜੋ ਬਿਜਲੀ

ਸਪਲਾਈ ਹੁੰਦੀ ਹੈ ਉਹ ਲਾਗਤ ਤੋਂ ਘਟ ਰੇਟ ਤੇ ਸਪਲਾਈ ਹੁੰਦੀ ਹੈ । ਇਸ ਨਾਲ ਇਕ ਸਾਲ 84 ਲੱਖ ਰੁਪਿਆ ਘਾਟਾ ਪੈਂਦਾ ਹੈ । ਇਸ ਲਈ ਇਹ ਰੁਪਿਆ ਵੀ ਬਚਾਇਆ ਜਾ ਸਕਦਾ ਹੈ ।

ਫਿਰ ਡਿਪਟੀ ਸਪੀਕਰ ਸਾਹਿ ਬਮੈਂ ਅਰਜ਼ ਕਰਦਾ ਹਾਂ ਕਿ ਰਾਜੇ ਮਹਾਰਾਜਿਆਂ ਦੇ ਰਿਸ਼ਤੇਦਾਰਾਂ ਨੂੰ ਜੋ ਅਲਾਉਂਸ ਦਿਤਾ ਜਾਂਦਾ ਹੈ ਉਹ ਇਸ ਅਸੈਂਬਲੀ ਦੇ ਅਖਤਿਆਰ ਵਿਚ ਹੈ, ਉਹ 50 ਲੱਖ ਰੁਪਿਆ ਬਚਾਇਆ ਜਾ ਸਕਦਾ ਹੈ । ਪਰ ਇਸ ਵਲ ਕੋਈ ਧਿਆਨ ਨਹੀਂ ਦਿਤਾ ਸਗੋਂ ਗਰੀਬਾਂ ਤੇ ਟੈਕਸ ਲਗਾਏ ਜਾ ਰਹੇ ਹਨ । ਪੰਜਾਬ ਦਾ ਸੂਬਾ ਛੋਟਾ ਹੋ ਗਿਆ ਹੈ । ਪਰ ਇਨ੍ਹਾਂ ਨੇ ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰ 3 ਤੋਂ 5 ਕਰ ਦਿਤੇ ਹਨ । ਫਿਰ ਐਡਮਿਨਿਸਟ੍ਰੇਟਿਵ ਰੀਫਾਰਮਜ਼ ਕਮਿਸ਼ਨ ਨੇ ਇਹ ਸਿਫ਼ਾਰਸ਼ ਕੀਤੀ ਸੀ ਕਿ ਸਾਰਾ ਕੰਮ ਪਬਲਿਕ ਸਰਵਿਸ ਕਮਿਸ਼ਨ ਨੂੰ ਸੌਂਪ ਦਿਤਾ ਜਾਵੇ । ਪਰ ਇਨ੍ਹਾਂ ਨੇ ਇਕ ਹੋਰ ਸਬਾਰਡੀਨੇਟ ਸਰਵਿਸ ਕਮਿਸ਼ਨ ਨੂੰ ਮੁੜ ਦਣਾ ਦਿਤਾ ਹੈ । (ਸ਼ੇਨ ਸ਼ੇਮ) ਫਿਰ ਇਸ ਸੂਬੇ ਵਿਚ ਦੂਜੇ ਹਾਊਸ ਦੀ ਲੋੜ ਹੈ । ਪੰਜਾਬ ਦੇ ਬਰਾਬਰ ਦੀਆਂ ਕਈ ਸਟੇਟਾਂ ਹਨ ਜਿਨ੍ਹਾਂ ਵਿਚ ਕਿ ਕੌਂਸਲ ਨਹੀਂ ਹੈ । ਕਿਉਂ ਨਹੀਂ ਇਸ ਨੂੰ ਅਬਾਲਿਸ਼ ਕਰਦੇ ।

ਡਿਪਟੀ ਸਪੀਕਰ ਸਾਹਿਬ ਮੈਂ ਇਕ ਹੋਰ ਸੰਜੀਦਾ ਗਲ ਆਪ ਦੇ ਸਾਹਮਣੇ ਰਖਣਾ ਚਾਹੁੰਦਾ ਹਾਂ । ਜਨਤਾ ਤੇ ਟੈਕਸ ਲਾਉਣ ਨੂੰ ਜਸਟੀਫਾਈਡ ਕਰਨ ਲਈ ਇਹ ਐਸਟੀਮੇਟਸ ਨੂੰ ਅੰਡਰ ਐਸਟੀਮੇਟ ਕਰੀ ਜਾਂਦੇ ਹਨ । ਹਰ ਕੋਈ ਜਾਣਦਾ ਹੈ ਕਿ ਇਸ ਵਾਰੀ ਫਸਲ ਪਿਛਲੇ ਸਾਲ ਤੋਂ ਵਧ ਹੋਈ ਹੈ । ਉਹ ਮਾਰਕਿਟ ਵਿਚ ਵਿਕੇਗੀ ਤਾਂ ਜ਼ਿਮੀਦਾਰ ਉਸ ਤੋਂ ਕਪੜੇ ਆਦਿ ਹੋਰ ਚੀਜ਼ਾਂ ਖਰੀਦੇਗਾ । ਇਸ ਤਰ੍ਹਾਂ ਸੇਲਜ਼ ਟੈਕਸ ਵਧੇਗਾ । ਜੇ ਉਹ ਦੁਗਣਾ ਨਹੀਂ ਹੋਵੇਗਾ ਤਾਂ ਡਿਉਢਾ ਜ਼ਰੂਰ ਹੋਵੇਗਾ । ਪਰ ਇਨ੍ਹਾਂ ਨੇ ਉਸ ਨੂੰ ਅੰਡਰ ਐਸਟੀਮੇਟ ਕੀਤਾ ਹੈ । ਫਿਰ ਇਨ੍ਹਾਂ ਨੇ ਇਕ ਹੋਰ ਪਾਸੇ ਧਿਆਨ ਨਹੀਂ ਕੀਤਾ । ਇਨ੍ਹਾਂ ਨੇ ਕਿਸਾਨਾਂ ਤੇ ਸਰਚਾਰਜ ਤੇ ਆਬਿਆਨਾ ਵਧਾਇਆ ਹੈ । ਇਨ੍ਹਾਂ ਨੂੰ ਚਾਹੀਦਾ ਇਹ ਸੀ ਕਿ ਬਿਰਲੇ ਨੇ ਰੋਪੜ ਦੇ ਨੇੜੇ ਜੋ ਸੀਡ ਫਾਰਮ ਬਣਾਇਆ ਹੈ, ਉਸ ਤੇ ਸੈਂਟਰ ਦੀ ਮਨਜ਼ੂਰੀ ਨਾਲ ਟੈਕਸ ਲਗਾਉਂਦੇ । ਡਿਪਟੀ ਸਪੀਕਰ ਸਾਹਿਬ ਵਡੇ ਵਡੇ ਸਰਮਾਇਆਦਾਰ ਆਪਣੇ ਬਲੈਕ ਦੇ ਪੈਸੇ ਨੂੰ ਚਿਟਾ ਬਣਾਉਣ ਵਾਸਤੇ ਫਾਰਮ ਬਣਾ ਲੈਂਦੇ ਹਨ । ਇਨ੍ਹਾਂ ਤੇ ਟੈਕਸ ਲਗਣਾ ਚਾਹੀਦਾ ਹੈ ।

ਇਸ ਤੋਂ ਬਾਅਦ ਮੈਂ ਟਰਾਂਸਪੋਰਟ ਦਾ ਜ਼ਿਕਰ ਉਚੇਚੇ ਤੌਰ ਤੇ ਕਰਨਾ ਚਾਹੁੰਦਾ ਹਾਂ । ਇਨ੍ਹਾਂ ਨੇ 1968-69 ਵਾਸਤੇ ਜੋ ਨਵੀਆਂ ਬਸਾਂ ਖਰੀਦਣ ਲਈ ਪੈਸਾ ਰਖਿਆ ਹੈ ਉਹ ਘਟ ਹੈ । ਇਸ ਤਰੀਕੇ ਨਾਲ ਇਹ ਬਸਾਂ ਦੀ ਨੈਸ਼ਨਲਾਈਜ਼ੇਸ਼ਨ ਖਤਮ ਕਰਨਾ ਚਾਹੁੰਦੇ ਹਨ । ਇਸ ਦਾ ਜ਼ਿਕਰ ਕਰਦੇ ਹੋਏ ਮੈਂ ਆਪ ਦੇ ਸਾਹਮਣੇ ਇਹ ਗਲ ਵੀ ਰਖਣਾ ਚਾਹੁੰਦਾ ਹਾਂ ਕਿ ਜਦ ਇਹ ਪੰਜਾਬ ਰੋਡਵੇਜ਼ ਸ਼ੁਰੂ ਹੋਈ ਤਾਂ ਇਸ ਕੋਲ ਕੇਵਲ 13 ਬਸਾਂ ਸਨ ਅਤੇ 4 ਲਖ ਦਾ ਸਰਮਾਇਆ ਇਸ ਉਤੇ ਲਗਾ ਸੀ । ਪਰ ਪੰਜਾਬ ਦੀ ਰੀਔਰਗੇਨਾਈਜ਼ੇਸ਼ਨ ਵੇਲੇ 17 ਹਜ਼ਾਰ ਦੇ ਕਰੀਬ ਬਸਾਂ ਸਨ । ਤੇ ਇਸ ਉਤੇ 3 ਕਰੋੜ 27 ਲਖ ਦਾ ਸਰਮਾਇਆ ਲਗਾ ਹੋਇਆ ਹੈ । ਹੁਣ ਤਕ ਇਸ ਨੇ ਗੌਰਮਿੰਟ ਨੂੰ 11 ਕਰੋੜ 70 ਲਖ ਦਾ ਮੁਨਾਫ਼ਾ ਕਮਾ ਕੇ ਦਿਤਾ ਹੈ । (ਥੰਪਿੰਗ) ਅਜੇ ਇਹ ਕਹਿੰਦੇ ਹਨ ਕਿ ਇਹ ਨਿਕੰਮੀ ਹੈ । ਜੇ ਇਸ ਵਿਚ ਹੋਇਆ ਨਫ਼ਾ ਘਟ ਹੈ ਤਾਂ ਇਸ ਦੇ ਨੁਕਸ ਦੂਰ ਕੀਤੇ ਜਾਣ

[ਕਾਮਰੇਡ ਸੱਤਪਾਲ ਡਾਂਗ]

ਅਤੇ ਨਫਾ ਹੋਰ ਵਧਾਇਆ ਜਾਵੇ । ਪਰ ਅਜਿਹੀਆਂ ਗਲਾਂ ਇਸ ਲਈ ਕਰਦੇ ਹਨ ਤਾਕਿ ਇਸ ਨੂੰ ਖਤਮ ਕੀਤਾ ਜਾਵੇ ਤੇ ਸਾਰਾ ਬਿਜ਼ਨਸ ਪ੍ਰਾਈਵੇਟ ਓਪਰੇਟਰਾਂ ਨੂੰ ਦਿਤਾ ਜਾਵੇ । ਬਹਾਨਾ ਇਹ ਲਗਾ ਦਿਤਾ ਕਿ ਇਹ ਚੰਗੀ ਤਰ੍ਹਾਂ ਨਹੀਂ ਚਲ ਰਹੀ ।

ਡਿਪਟੀ ਸਪੀਕਰ ਸਾਹਿਬ ਟਰਾਂਸਪੋਰਟ ਦਾ ਜ਼ਿਕਰ ਕਰਦੇ ਹੋਏ ਮੈਂ ਰੋਡਵੇਜ਼ ਮੁਲਾਜ਼ਮਾਂ ਦੀ ਸਟਰਾਈਕ ਦੇ ਬਾਰੇ ਵੀ ਕੁਝ ਕਹਿਣਾ ਚਾਹੁੰਦਾ ਹਾਂ । ਮੈਂ ਸਮਝਦਾ ਹਾ ਕਿ ਸਟਰਾਈਕ ਕਰਨ ਵਾਸਤੇ ਉਨ੍ਹਾਂ ਨੂੰ ਮਜਬੂਰ ਕੀਤਾ ਗਿਆ । ਪੰਜਾਬ ਸਰਕਾਰ ਤਾਂ ਬਹਾਨਾ ਚਾਹੁੰਦੀ ਹੈ ਕਿ ਕਿਸੇ ਤਰ੍ਹਾਂ ਇਸ ਨੂੰ ਖਤਮ ਕੀਤਾ ਜਾਵੇ । ਇਸ ਨੇ ਦੋਸ਼ ਲਾਇਆ ਹੈ ਕਿ ਵਰਕਰ ਵਾਇਦੇ ਤੋਂ ਮੁਨਕਰ ਹੋ ਗਏ ਹਨ । ਮੈਂ ਅਦਬ ਨਾਲ ਤੇ ਪੂਰੀ ਜ਼ਿਮੇਦਾਰੀ ਨਾਲ ਕਹਿੰਦਾ ਹਾਂ ਕਿ ਮੁਨਕਰ ਪੰਜਾਬ ਸਰਕਾਰ ਹੋਈ ਹੈ । (ਵਿਘਨ) ਮੈਂ ਇਸ ਗਲ ਦਾ ਡਾਕੂਮੈਂਟਰੀ ਪਰੂਫ ਦਿਆਂਗਾ ਕਿ ਸਰਕਾਰ ਮੁਨਕਰ ਹੋਈ ਹੈ । ਇਹ ਮੇਰੇ ਕੋਲ ਇਕ ਚਿਠੀ ਹੈ ਜਿਹੜੀ ਕਿ ਸਰਦਾਰ ਲਛਮਣ ਸਿੰਘ ਗਿੱਲ ਨੇ ਲੀਡਰ ਆਫ਼ ਦੀ ਆਪੋਜ਼ੀਸ਼ਨ ਨੂੰ ਲਿਖੀ ਹੈ ਕਿ ਸਰਕਾਰ ਅਤੇ ਵਰਕਰਾਂ ਵਿਚ ਸਮਝੌਤਾ ਹੋਇਆ ਹੈ ਕਿ ਹਰਿਆਣਾ ਦਾ ਐਵਾਰਡ ਮੰਨਾਂਗੇ । ਪਰ ਇਹ ਫੈਸਲਾ ਵੀ ਹੋਇਆ ਸੀ ਕਿ ਜਦ ਤਕ ਹਰਿਆਣਾ ਦਾ ਐਵਾਰਡ ਨਹੀਂ ਆਉਂਦਾ ਉਦੋਂ ਤਕ ਵਰਕਰਾਂ ਨੂੰ 6% ਬੋਨਸ ਹੋਰ ਦਿਤਾ ਜਾਵੇਗਾ । ਫ਼ਰਵਰੀ ਵਿਚ ਇਹ ਐਵਾਰਡ ਪਬਲਿਸ਼ ਹੋਇਆ ਸੀ । ਮੈਂ ਤੁਹਾਡੇ ਰਾਹੀਂ ਇਹ ਦਸ ਦੇਣਾ ਚਾਹੁੰਦਾ ਹਾਂ ਕਿ ਹਰ ਐਵਾਰਡ ਅਪੀਲੇਬਲ ਹੁੰਦਾ ਹੈ । ਅਸਲ ਵਿਚ ਫੈਸਲਾ ਇਹ ਸੀ ਕਿ ਆਖਰੀ ਫੈਸਲਾ ਹਰਿਆਣਾ ਵਿਚ ਆਖਰੀ ਫੈਸਲੇ ਤੋਂ ਬਾਅਦ ਵਿਚ ਹੋਵੇਗਾ ਅਤੇ ਫਿਲਹਾਲ ਛੇ ਫੀ ਸਦੀ ਹੋਰ ਬੋਨਸ ਦੇ ਦਿਤਾ ਜਾਵੇਗਾ ।

ਇਹ ਮਜੀਠੀਆ ਸਾਹਿਬ ਮੰਨੇ ਸੀ ਕਿ ਇੰਟੈਰਮ ਤੌਰ ਤੇ 6% ਬੋਨਸ ਦੇ ਦਿਤਾ ਜਾਵੇਗਾ । ਬਾਦ ਵਿਚ ਇਹ ਸਰਕਾਰ ਮੁਨਕਰ ਹੋ ਗਈ । ਅਵਾਰਡ ਫਰਵਰੀ ਵਿਚ ਛਪਿਆ । ਮੈਂ ਕਹਿੰਦਾ ਹਾਂ ਉਨ੍ਹਾਂ ਨੂੰ ਕਿ ਅਵਾਰਡ ਦੇ ਖਿਲਾਫ ਅਪੀਲਾਂ ਹੋ ਸਕਦੀਆਂ ਹਨ । ਸਰਕਾਰ ਵੀ ਕਰ ਸਕਦੀ ਹੈ ਅਤੇ ਵਰਕਰਜ਼ ਵੀ ਕਰ ਸਕਦੇ ਹਨ । ਫੇਰ ਵਰਕਰਜ਼ ਨੇ ਆਖਰ ਵਿੱਚ ਕਿਹਾ ਕਿ ਜੋ ਤੁਸੀਂ ਮੰਨੇ ਸੀ ਉਸ ਦੇ ਮੁਤਾਬਕ 6% ਇੰਟੈਰਮ ਬੋਨਸ ਦੇ ਦਿਓ । ਜੇ ਅਵਾਰਡ ਵਿਚ ਕੋਈ ਘੱਟ ਦੇਣ ਦਾ ਫੈਸਲਾ ਹੋਇਆ ਤਾਂ ਬਕਾਇਆ ਸਾਡੇ ਕੋਲੋਂ ਲੈ ਲੈਣਾ ਜੇ ਵਧ ਦੇਣ ਦਾ ਫੈਸਲਾ ਹੋਇਆ ਤਾਂ ਬਾਕੀ ਦਾ ਸਾਨੂੰ ਦੇ ਦੇਣਾ । ਪਰ ਇਸ ਸਰਕਾਰ ਨੇ ਇਕ ਨਾਂ ਸੁਣੀ । ਇਸ ਕਰਕੇ ਡਿਪਟੀ ਸਪੀਕਰ ਸਾਹਿਬ ਇਨ੍ਹਾਂ ਨੂੰ ਮਜਬੂਰ ਹੋ ਕੇ ਹੜਤਾਲ ਕਰਨੀ ਪਈ । ਹੜਤਾਲੀਆਂ ਵਲੋਂ ਸ਼ਲਾਘਾ ਯੋਗ ਕੰਮ ਕੀਤਾ ਗਿਆ । ਇਸ ਬਾਰੇ ਮੈਂ ਕੰਟ੍ਰੋਲਰ ਸਾਹਿਬ ਦੇ ਬਿਆਨ ਵਲ ਤਹਾਡੀ ਤੁਵਜੋ ਦਿਵਾਉਂਦਾ ਹਾਂ ਜਿਥੇ ਉਨ੍ਹਾਂ ਨੇ ਕਿਹਾ ਕਿ ਸਿਵਾਏ ਇਕ ਅੱਧ ਐਕਸੀਡੈਂਟ ਦੇ ਹੋਰ ਕੁਝ ਨਹੀਂ ਹੋਇਆ । ਜਦੋਂ ਜਾਲੰਧਰ ਵਿੱਚ ਬਸ ਸਾੜੀ ਗਈ ਉਥੇ ਸਿਪਾਹੀਆਂ ਨੇ ਮੁਲਾਜ਼ਮਾਂ ਤੇ ਕੀ ਕੀਤਾ । ਅਜੀਤ ਅਖਬਾਰ ਦੇ ਐਡੀਟੋਰੀਅਲ ਵਿੱਚ ਛਪਿਆ ਹੈ ਕਿ ਮੁਲਾਜ਼ਮਾਂ ਤੇ ਬੜਾ ਤਸ਼ਦੱਦ ਕੀਤਾ ਗਿਆ । ਅਠ ਮੁਲਾਜਮ ਜੋ ਸਤਿਆਗ੍ਰਿਹ ਕਰਨ ਲਈ ਜਾ ਰਹੇ ਸਨ ਸਿਪਾਹੀਆਂ ਦੀ 200 ਦੀ ਫੌਜ ਨੇ ਉਨ੍ਹਾਂ ਨੂੰ ਘੇਰ ਲਿਆ । ਉਨ੍ਹਾਂ ਨੂੰ ਕੁਟਿਆ ਗਿਆ । ਸਾਰੀ ਰਾਤ ਉਨ੍ਹਾਂ ਨੂੰ ਭੁਖਿਆਂ ਰਖਿਆ ਗਿਆ । ਉਨ੍ਹਾਂ ਨੂੰ ਕੰਬਲ ਨਹੀਂ ਦਿਤੇ ਗਏ । ਕਦੀ ਸੁਨਣ ਵਿਚ ਇਹ ਗਲ ਨਹੀਂ ਸੀ ਆਈ । ਡਿਪਟੀ ਸਪੀਕਰ ਸਾਹਿਬ,

ਹੜਤਾਲ ਖਤਮ ਹੋਣ ਤੇ ਕੰਮ ਤੇ ਆਏ ਮੁਲਾਜ਼ਮਾਂ ਨੂੰ ਮੁਆਫੀ ਮੰਗਣ ਤੇ ਮਜਬੂਰ ਕੀਤਾ ਗਿਆ। ਇਹ ਸਾਰੀ ਸਕੀਮ ਇਸ ਸਰਕਾਰ ਦੀ ਹੈ ਤਾਂ ਕਿ ਨੈਸ਼ਨਲਾਈਜ਼ੇਸ਼ਨ ਦੀ ਸਕੀਮ ਨੂੰ ਫੇਲ ਕੀਤਾ ਜਾਵੇ। ਪੰਜਾਬ ਸਰਕਾਰ ਦੀ ਰੋਡਵੇਜ਼ ਨੂੰ ਫੇਲ ਕੀਤਾ ਜਾ ਰਿਹਾ ਹੈ। ਮੈਂ ਚੈਲੰਜ ਕਰਦਾ ਹਾਂ ਹੜਤਾਲ ਦੇ ਦਿਨਾਂ ਵਿਚ ਉਨ੍ਹਾਂ ਨੂੰ ਕਿੰਨੀਆਂ ਕਿੰਨੀਆਂ ਮੁਸ਼ਕਲਾਂ ਹੁੰਦੀਆਂ ਰਹੀਆਂ। ਡਿਪਟੀ ਸਪੀਕਰ ਸਾਹਿਬ, ਟੈਕਸ ਦਾ ਸਵਾਲ ਹੋਵੇ ਜਾਂ ਪੰਜਾਬ ਰੋਡਵੇਜ਼ ਵਰਕਰਜ਼ ਦੀ ਹੜਤਾਲ ਦਾ ਸਵਾਲ ਹੋਵੇ, ਕਾਂਗਰਸ ਵਾਲਿਆਂ ਨੂੰ ਪਤਾ ਹੈ ਉਹ ਦਸਣਗੇ ਇਸ ਪਾਰਟੀ ਨਾਲ ਕਿੰਨੇ ਕੁ ਬੰਦੇ ਨੇ। ਮੇਰੇ ਖਿਲਾਫ਼ ਕਮਿਊਨਿਸਟ ਪਾਰਟੀ ਦੇ ਖਿਲਾਫ਼ ਗਿਲ ਸਾਹਿਬ ਰੋਜ ਗਾਲਾਂ ਕਢਦੇ ਹਨ। ਮੈਂ ਇਸ ਸਰਕਾਰ ਬਾਰੇ ਤੁਹਾਡਾ ਧਿਆਨ ਟਾਈਮਜ਼ ਔਫ ਇੰਡੀਆ ਦੇ 29 ਤਾਰੀਖ ਦੇ ਅਖਬਾਰ ਵਲ ਦਿਵਾਉਂਦਾ ਹਾਂ

> "........The Bihar and Punjab Chief Ministers are leaders not of parties but of groups of defectors and any failure on there part to provide suitable berths to all their supporters is likely to snap the only bond which holds them together............"

ਇਹ ਕਿਸ ਪਾਰਟੀ ਦੇ ਲੀਡਰ ਹਨ ? ਇਹ ਡਿਫੈਕਟਰਜ਼ ਦੀ ਪਾਰਟੀ ਦੇ ਲੀਡਰ ਹਨ।

(ਸ਼ੋਰ)

ਡਿਪਟੀ ਸਪੀਕਰ ਸਾਹਿਬ, ਇਥੇ ਕਾਂਗਰਸ ਨੇ ਮਨੋਰਿਟੀ ਸਰਕਾਰ ਕਿਉਂ ਬਣਾਈ ਐਡੀਟੋਰੀਅਲ ਦੇ ਅਖੀਰ ਵਿਚ ਜੋ ਸਰਟੀਫਿਕੇਟ ਦਿੱਤਾ ਉਹ ਮੈਂ ਤੁਹਾਨੂੰ ਜ਼ਰੂਰ ਸੁਣਾਵਾਂਗਾ :—

> "The Mandal Ministry can perhaps claim that it enjoys the support of backward classes in the State. Mr. Gill cannot even claim the support of his community after his expulsion from the Shiromani Gurdwara Prabandhak Committee. He represents nobody except himself and fellow defectors."
> [Cheers from the Opposition Benches.)

ਗਿਲ ਸਾਹਿਬ ਸਿਰਫ ਆਪਣੀ ਨੁਮਾਇੰਦਗੀ ਕਰਦੇ ਹਨ ਜਾਂ ਆਪਣੇ ਫੈਲੋਜ਼ (ਡਿਫੈਕਟਰਜ਼) ਦੀ ਨੁਮਾਇੰਦਗੀ ਵੀ ਕਰਦੇ ਹਨ। (ਸ਼ੋਰ) (Interruption)

ਸ਼੍ਰੀ ਡਿਪਟੀ ਸਪੀਕਰ : ਮੈਂ ਇਕੋ ਰਿਕੁਐਸਟ ਕਰਨੀ ਹੈ ਆਨਰੇਬਲ ਮੈਂਬਰਜ਼ ਅਗੇ ਕਿ ਜਦੋਂ ਕੋਈ ਸਪੀਚ ਕਰੇ ਉਹਦੇ ਵਿਚ ਕੋਈ ਬੋਲਿਆ ਨਾ ਕਰੇ। ਇਸ ਤੇ ਚਾਰ ਦਿਨ ਡਿਸਕਸ਼ਨ ਹੋਣੀ ਹੈ। ਹਰ ਇਕ ਨੂੰ ਵਧ ਤੋਂ ਵਧ ਟਾਈਮ ਮਿਲੇਗਾ। (I would request the hon. Members not to interrupt any Member while he is speaking. We have to discuss this Budget for four days and every Member will be given maximum time to speak.)

ਕਾਮਰੇਡ ਸਤਪਾਲ ਡਾਂਗ : ਮੈਂ ਟੈਕਸ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਜਨਤਾ ਤੇ ਟੈਕਸ ਲਾਉਣ ਦਾ ਕਿਸੇ ਸਰਕਾਰ ਨੂੰ ਹਕ ਨਹੀਂ ਅਤੇ ਫਿਰ ਇਸ ਸਰਕਾਰ ਨੂੰ ਜਿਸ ਨਾਲ ਕੋਈ ਵੀ ਬੰਦਾ ਨਹੀਂ, ਉੱਕਾ ਹੀ ਹਕ ਨਹੀਂ ਟੈਕਸ ਲਾਉਣ ਦਾ। ਮੈਂ ਵਜ਼ੀਰ ਖਜ਼ਾਨਾ ਸਾਹਿਬ ਨੂੰ, ਜੋ ਕਿ ਵਾਹੀਕਾਰ ਕਲ ਦੇ ਹਨ, ਕਹਾਂਗਾ ਕਿ ਉਨ੍ਹਾਂ ਵਲੋਂ ਇਸ ਟੈਕਸ ਦਾ ਲਗਾਣਾ ਤਾਂ ਬਿਲਕੁਲ ਹੀ ਠੀਕ ਨਹੀਂ।

[ਕਾਮਰੇਡ ਸੱਤਪਾਲ ਡਾਂਗ]

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਫੂਡ ਦੀ ਪਾਲਿਸੀ ਵਲ ਆਉਂਦਾ ਹਾਂ। ਗਿਲ ਸਾਹਿਬ ਨੇ ਪੰਜ ਸਤ ਦਿਨ ਪਹਿਲਾਂ ਵਿਧਾਨ ਪਰੀਸ਼ਦ ਵਿਚ ਕਿਹਾ ਸੀ ਜੋ ਕਿ ਟ੍ਰੀਬਿਊਨ ਵਿਚ ਛਪਿਆ ਕਿ ਕਣਕ ਸੌ ਰੁਪਏ ਕੁਇੰਟਲ ਦੇਵਾਂਗੇ ਅਤੇ ਲੋਕਾਂ ਨੂੰ ਸਬਸਿਡਾਈਜ਼ ਕਰਕੇ ਦੇਵਾਂਗੇ। ਡਿਪਟੀ ਸਪੀਕਰ ਸਾਹਿਬ, ਵਜ਼ੀਰ ਖਜ਼ਾਨਾ ਨੇ ਆਪਣੀ ਬਜਟ ਸਪੀਚ ਵਿਚ ਇਹ ਗਲ ਸਫ਼ਾ 27 ਉਤੇ ਮੰਨੀ ਹੈ। ਮੈਂ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਉਥੇ ਇਹ ਗਲ ਕਹੀ ਕਿ :—

> "It has been the normal feature of the State economy that immediately after the harvest, the prices had a tendency to sag and to sky-rocket during the lean months. In spite of the fact that fhe production of foodgrains in the State in 1967-68 was in excess of our internal requirements and the State Government had committed to procure 6 lakh tonnes of foodgrains for the Central Pool and planned to purchase 2.75 lakh tonnes of wheat for the State Reserve, the prices have remained stable and in check. The interest of the producers as well as of the consumers has also been duly safeguarded......"

ਡਿਪਟੀ ਸਪੀਕਰ ਸਾਹਿਬ, ਹਰ ਰੋਜ਼ ਪਰਚਾਰ ਹੁੰਦਾ ਸੀ ਕਿ ਪ੍ਰੋਡਿਊਸਰ ਦਾ ਇੰਟਰੈਸਟ ਸੇਫਗਾਰਡ ਨਹੀਂ ਹੋਇਆ। ਇਹ ਤਕਰੀਰ ਪਤਾ ਨਹੀਂ ਇਨ੍ਹਾਂ ਨੇ ਆਪ ਲਿਖੀ ਹੈ ਜਾਂ ਇਨ੍ਹਾਂ ਨੇ ਪੜ੍ਹੀ ਨਹੀਂ। ਡਿਪਟੀ ਸਪੀਕਰ ਸਾਹਿਬ ਸਰਦਾਰ ਲਛਮਣ ਸਿੰਘ ਗਿੱਲ ਦੀ ਫੋਟੋ ਦੇ ਨਾਲ ਇਕ ਪਰਸੋਂ ਕਾਗਜ਼ ਟੇਬਲ ਤੇ ਰੱਖਿਆ ਗਿਆ ਸੀ, ਕਾਮਨਮੋਨ ਦੀ ਮਨਿਸਟਰੀ ਦੇ 12 ਪੁਆਇੰਟ।

ਇਸ ਦਾ ਨੌਵਾਂ ਪੁਆਇੰਟ ਇਹ ਹੈ ਕਿ :—

> In the interest of producer and consumer the single-State Zone will be retained.

ਡਿਪਟੀ ਸਪੀਕਰ ਸਾਹਿਬ, ਅੱਜ ਇਹ ਕੋਈ ਗੱਲ ਕਰਦੇ ਹਨ ਔਰ ਦੂਜੇ ਦਿਨ ਕੋਈ ਹੋਰ ਕਰਦੇ ਹਨ। ਵਿਧਾਨ ਪਰੀਸ਼ਦ ਵਿਚ ਇਨ੍ਹਾਂ ਨੇ ਕਿਹਾ ਕਿ ਸੌ ਰੁਪਏ ਕੁਇੰਟਲ ਕਣਕ ਦਿਆਂਗੇ ਸਬਸੀਡਾਈਜ਼ ਕਰਕੇ ਲੋਕਾਂ ਨੂੰ ਸਸਤੀ ਦਿਆਂਗੇ। ਪਰ ਇਸ ਲਈ ਬਜਟ ਵਿਚ ਕੋਈ ਪੈਸਾ ਨਹੀਂ ਰਖਿਆ ਗਿਆ। ਮੈਨੂੰ ਗਿੱਲ ਸਾਹਿਬ ਦੀ ਇਕ ਗੱਲ ਯਾਦ ਆ ਗਈ ਹੈ ਜਿਹੜੀ ਕਿ ਉਨ੍ਹਾਂ ਨੇ ਇਕ ਮਹੀਨਾ ਪਹਿਲਾ ਕਹੀ ਸੀ। ਉਨ੍ਹਾਂ ਕਿਹਾ ਸੀ ਕਿ ਦੂਜਿਆਂ ਸੂਬਿਆਂ ਨੂੰ ਮਹਿੰਗੇ ਭਾਵ ਤੇ ਦਿਆਂਗੇ ਔਰ ਉਥੋਂ ਪੈਸਾ ਬਚਾ ਕੇ ਸਬਸੀਡਾਈਜ਼ ਕਰਾਂਗੇ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਕਹਿੰਦੇ ਹਨ ਕਿ ਸੌ ਰੁਪਏ ਕੁਇੰਟਲ ਖਰੀਦ ਕੇ ਯੂ. ਪੀ. ਘਲਾਂਗੇ। ਉਸ ਦੇ ਉਤੇ ਟ੍ਰਾਂਸਪੋਰਟ ਦਾ ਖਰਚ ਆਵੇਗਾ। 10 ਰੁਪਏ 15 ਰੁਪਏ ਕੁਇੰਟਲ ਸਬਸੀਡਾਈਜ਼ ਵੀ ਕਰਨਾ ਹੈ। ਮੈਂ ਇਸ ਮਨਿਸਟਰੀ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਕਿਹੜਾ ਸੂਬਾ ਇਨ੍ਹਾਂ ਕੋਲੋਂ ਕਣਕ ਖਰੀਦੇਗਾ। ਕੀ ਇਨ੍ਹਾਂ ਨੂੰ ਪਤਾ ਨਹੀਂ ਯੂ ਪੀ. ਵਿਚ ਕਿੰਨੀ ਕਣਕ ਹੋਈ ਹੈ। ਬਿਹਾਰ ਵਿਚ ਕਿੰਨੀ, ਹਰਿਆਣਾ ਵਿਚ ਕਿੰਨੀ ਹੋਈ ਹੈ। ਸਾਰਿਆਂ ਸੂਬਿਆਂ ਵਿਚ ਬਹੁਤ ਹੋਈ ਹੈ ਸਿਵਾਏ ਹਿਮਾਂਚਲ ਦੇ। ਡਿਪਟੀ ਸਪੀਕਰ ਸਾਹਿਬ ਮੈਂ ਜ਼ਿਮੇਂਵਾਰੀ ਨਾਲ ਕਹਿੰਦਾ ਹਾਂ ਕਿ ਇਹ ਸਰਕਾਰ ਹਾਊਸ ਦੇ ਅੰਦਰ ਔਰ ਬਾਹਰ ਗ਼ੈਰ ਜ਼ਿੰਮੇਵਾਰੀ ਦੀ ਗੱਲ ਕਰਦਾ ਰਹਿੰਦੀ ਹੈ। ਜੇ ਇਹ ਸਰਕਾਰ ਪੰਜਾਬ ਦੇ ਕਿਸਾਨਾਂ ਨੂੰ ਉਹ ਕੀਮਤ ਭੀ ਦੇ ਦੇਵੇ ਜਿਹੜੀ ਅਸੀਂ ਦਿਤੀ ਸੀ ਤੇ ਬੜੀ ਵਡੀ ਗਲ ਹੋਵੇਗੀ (ਥੰਪਿੰਗ) ਪੰਜਾਬ ਸਰਪਲੱਸ ਸੂਬਾ ਹੈ। ਇਹ ਕਹਿੰਦੇ ਹਨ ਕਿ ਫੂਡ ਜ਼ੋਨ ਨੂੰ ਵੱਡਾ ਕਰ ਦਿਆਂਗੇ ਔਰ ਕਿਸਾਨਾਂ ਨੂੰ ਪੈਸੇ ਵੱਧ ਲੱਭ ਜਾਣਗੇ। ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ

ਕਿਸਾਨਾਂ ਨੂੰ ਕੋਈ ਵਧ ਪੈਸੇ ਨਹੀਂ ਮਿਲਣਗੇ। ਹਿੰਦੁਸਤਾਨ ਦਾ ਇਕਨਾਮਿਕ ਸਰਵੇ ਅੱਜ ਤੋਂ 10 ਦਿਨ ਪਹਿਲਾਂ ਨਿਕਲਿਆ। ਲੋਕ ਕਹਿੰਦੇ ਹਨ ਔਰ ਵਜ਼ੀਰਾਂ ਨੇ ਖੁਦ ਕਿਹਾ ਹੈਕਿ ਸੌ ਮਿਲੀਅਨ ਟਨ ਫਸਲ ਹੈ ਅਗਰ ਵੇਸਟੇਜ ਨੂੰ ਘਟ ਵੀ ਕਰ ਲਈਏ ਤਾਂ ਵੀ 95.5 ਮਿਲੀਅਨ ਟਨ ਰਹਿੰਦਾ ਹੈ। ਅਗਰ ਇਸ ਨੂੰ ਵੀ ਲੈ ਲਿਆ ਜਾਵੇ ਜਿੰਨੀ ਕਿ ਜ਼ਾਇਆ ਹੁੰਦੀ ਹੈ ਔਰ ਜਿੰਨੀ ਬੀਜ ਲਈ ਚਾਹੀਦੀ ਹੈ ਤਾਂ ਫਿਰ ਵੀ 83 ਮਿਲੀਅਨ ਟਨ ਰਹਿੰਦੀ ਹੈ। ਫੀ ਜੀਅ ਕੱਢੋ ਤਾਂ ਪਿਛਲੇ ਦੋ ਸਾਲਾਂ ਵਿਚ ਸਾਡੇ ਕੋਲ ਜਿੰਨਾ ਵੀ ਅਨਾਜ ਅਵੇਲੇਬਲ ਸੀ, ਉਸ ਦੇ ਨਾਲੋਂ ਅਜ 8% ਵਧ ਪੈਦਾ-ਵਾਰ ਹੈ। ਇਸ ਦੇ ਬਾਵਜੂਦ ਹਿੰਦੁਸਤਾਨ ਦੀ ਸਰਕਾਰ ਨੇ ਸਾਢੇ ਸੱਤ ਮਿਲੀਅਨ ਟਨ ਅਮਰੀਕਾਂ ਕੋਲੋਂ ਪੀ.ਐਲ. 480 ਦੇ ਅਧੀਨ ਕਣਕ ਲੈਣੀ ਹੈ।

ਇਨ੍ਹਾਂ ਹਾਲਾਤ ਦੇ ਅੰਦਰ ਜੇ ਡਿਪਟੀ ਸਪੀਕਰ ਸਾਹਿਬ ਜ਼ੋਨ ਖੋਲ੍ਹ ਵੀ ਦਿੱਤਾ ਜਾਵੇ ਤਾਂ ਵੀ ਕਿਸਾਨ ਦੀ ਹਿਫ਼ਾਜ਼ਤ ਨਹੀਂ ਹੋਵੇਗੀ। ਭਾਅ ਟੁੱਟਣਗੇ। ਬਿਉਪਾਰੀ ਤੇ ਜ਼ਖੀਰੇਬਾਜ, ਕਿਸਾਨ ਕੋਲੋਂ ਸਸਤੇ ਭਾਅ ਤੇ ਖਰੀਦ ਲੈਣਗੇ ਅਤੇ ਉਸ ਨੂੰ ਲੁੱਟ ਲੈਣਗੇ ਅਤੇ ਫਿਰ ਸਿਆਲ ਵਿਚ ਮਹਿੰਗੇ ਭਾਅ ਵੇਚਣਗੇ। ਅਗਰ ਕਿਸਾਨ ਦੀ ਰੱਖਿਆ ਕਰਨੀ ਹੈ ਤਾਂ ਕੁਝ ਹਿੰਮਤ ਕਰੋ। ਹਿੰਦੁਸਤਾਨ ਦੀ ਸਰਕਾਰ ਨੂੰ ਕਹੋ ਕਿ ਸਾਡੇ ਪਾਸ ਆਪਣੀ ਕਣਕ ਬੜੀ ਪਈ ਹੈ। ਅਮਰੀਕੀ ਕਣਕ ਪੀ. ਐਲ. 480 ਦੇ ਹੇਠ ਕੇਵਲ ਬਜਟ ਦੇ ਘਾਟੇ ਦੇ ਕਾਰਨ ਮੰਗਵਾਈ ਜਾਣੀ ਹੈ ਇਹ ਨਾ ਮੰਗਵਾਈ ਜਾਵੇ। ਦੂਜੀ ਗਲ ਇਹ ਹੈ ਕਿ ਅਨਾਜ ਦੀ ਤਜਾਰਤ ਸਰਕਾਰੀ ਹੋਵੇ ਨਹੀਂ ਤਾਂ ਕਿਸਾਨ ਲੁੱਟਿਆ ਜਾਵੇਗਾ। ਕਿਸਾਨ ਦੀ ਕਣਕ ਵਾਜਬ ਕੀਮਤ ਤੇ ਖਰੀਦੀ ਜਾਵੇ।

ਡਿਪਟੀ ਸਪੀਕਰ ਸਾਹਿਬ, ਪਿਛਲੀ ਸਰਕਾਰ ਦੇ ਵੇਲੇ ਇਕ ਫੈਸਲਾ ਹੋਇਆ ਸੀ ਕਿ ਜਿਹੜਾ 2 ਕਰੋੜ ਦਾ ਫੂਡ ਬੋਨਸ ਮਿਲਣਾ ਹੈ ਉਹ ਸਾਰੇ ਦਾ ਸਾਰਾ ਗੁਦਾਮਾਂ ਲਈ ਇਸਤੇਮਾਲ ਕੀਤਾ ਜਾਵੇਗਾ ਤਾਂਕਿ ਆਨਾਜ ਉਸ ਵਿਚ ਰੱਖਿਆ ਜਾਵੇ। ਇਸ ਹਾਊਸ ਵਿਚ ਅੱਜ ਤੋਂ ਸੱਤ ਦਿਨ ਪਹਿਲੇ ਗਿੱਲ ਸਾਹਿਬ ਨੇ ਕਿਹਾ ਸੀ ਕਿ ਅਸੀਂ 1 ਕਰੋੜ 20 ਲੱਖ ਰੁਪਿਆ ਗੋਦਾਮਾਂ ਤੇ ਖਰਚ ਕਰਾਂਗੇ ਪਰ ਬਜੱਟ ਵਿਚ ਤਾਂ ਸਿਰਫ 80 ਲੱਖ ਹੀ ਰੱਖਿਆ ਗਿਆ ਹੈ। ਸਾਡਾ ਫੈਸਲਾ ਸੀ ਕਿ 31 ਮਾਰਚ ਤੋਂ ਪਹਿਲਾਂ ਪਹਿਲਾਂ ਪਿਛਲੇ ਸਾਲ ਦਾ ਸਾਰਾ ਫੂਡ ਬੋਨਸ ਨਵੇਂ ਗੁਦਾਮਾਂ ਤੇ ਖਰਚ ਹੋਵੇਗਾ ਪਰ ਇਨ੍ਹਾਂ ਨੇ ਹਾਲਾਂ ਸ਼ੁਰੂ ਕਰਨੇ ਹਨ। ਜਦੋਂ ਨਵੀਂ ਕਣਕ ਦੀ ਫਸਲ ਆਈ ਉਦੋਂ ਤੱਕ ਕੋਈ ਨਵਾਂ ਗੁਦਾਮ ਨਹੀਂ ਬਣੇਗਾ। ਜਿਹੜਾ ਪਿਛਲੇ ਸਾਲ ਦਾ ਆਨਾਜ ਰੀਜ਼ਰਵ ਰਖਿਆ ਸੀ, ਹਿੰਦੁਸਤਾਨ ਦੀ ਸਰਕਾਰ ਨੇ ਕਿਹਾ ਸੀ ਕਿ ਅਸੀਂ ਚੁੱਕ ਲਵਾਂਗੇ ਲੇਕਿਨ ਇਹ ਨਹੀਂ ਚੁੱਕਿਆ ਗਿਆ। ਇਸ ਬੱਜਟ ਵਿਚ ਲਿਖਿਆ ਹੈ ਕਿ ਇਹ ਰੀਜ਼ਰਵ ਸਾਡੇ ਕੋਲ ਹੀ ਅਗਲੇ ਸਾਲ ਲਈ ਕੈਰੀ ਫਾਰਵਰਡ ਹੋਵੇਗਾ। ਜੇ ਇਹ ਕੈਰੀ ਫਾਰਵਰਡ ਹੋਵੇਗਾ ਤਾਂ ਜਦੋਂ ਨਵੀਂ ਫਸਲ ਆਵੇਗੀ ਤਾਂ ਉਸ ਨੂੰ ਖਰੀਦ ਕੇ ਕਿਥੇ ਰਖਿਆ ਜਾਵੇਗਾ (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਭਾਅ ਟੁੱਟਣਗੇ ਨਹੀਂ ਤੇ ਹੋਰ ਕੀ ਹੋਵੇਗਾ? ਕਿਸਾਨ ਦੀ ਹਿਫਾਜ਼ਤ ਗੱਲਾਂ ਨਾਲ ਨਹੀਂ ਹੋਵੇਗੀ ਕੁਝ ਅਮਲ ਕਰਨ ਨਾਲ ਹੋ ਸਕਦੀ ਹੈ। ਕਣਕ ਤੋਂ ਇਲਾਵਾ ਮੈਂ ਛੋਨੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਛੋਨਾਂ ਸਾਡੇ ਪੰਜਾਬ ਵਿਚ ਬਹੁਤ ਪੈਦਾ ਹੁੰਦੀ ਹੈ। ਸ ਡਾ ਪਿਛਲੇ ਸਾਲ

[ਕਾਮਰੇਡ ਸੱਤਪਾਲ ਡਾਂਗ]

ਦਾ ਤਜਰਬਾ ਸੀ ਕਿ ਸਰਕਾਰ ਜਿਸ ਝੋਨਾ ਨਹੀਂ ਖਰੀਦਦੀ। ਝੋਨਾਂ ਸ਼ੈਲਰਾਂ ਵਾਲੇ ਖਰੀਦਦੇ ਹਨ। ਉਹ ਕਹਿੰਦੇ ਸਨ ਫੂਡ ਕਾਰਪੋਰੇਸ਼ਨ ਨੂੰ ਮੰਡੀ ਵਿਚ ਨਾ ਘੱਲੋ ਤਾਂਕਿ ਉਹ ਕਿਸਾਨ ਤੋਂ ਸਸਤੇ ਭਾਵ ਤੇ ਖਰੀਦ ਲੈਣ।

ਅਸੀਂ ਫੂਡ ਕਾਰਪੋਰੇਸਨ ਨੂੰ ਮੰਡੀ ਵਿਚ ਘੱਲਿਆ ਫੂਡ ਕਾਰਪੋਰੇਸ਼ਨ ਨੂੰ ਇਕ ਦਿੱਕਤ ਪੇਸ਼ ਆਈ। ਉਨ੍ਹਾਂ ਦਾ ਝੋਨਾ ਪ੍ਰਾਈਵੇਟ ਸ਼ੈਲਰਾਂ ਦੇ ਮਾਲਕਾਂ ਨੇ ਛਡਣ ਤੋਂ ਇਨਕਾਰ ਕਰ ਦਿੱਤਾ ਤਾਂ ਕਿ ਫੂਡ ਕਾਰਪੋਰੇਸ਼ਨ ਮੰਡੀ ਵਿਚੋਂ ਨਿਕਲ ਜਾਏ ਔਰ ਅਸੀਂ ਭਾਵ ਡੇਗ ਕੇ ਕਿਸਾਨਾਂ ਨੂੰ ਲੁੱਟ ਲਈਏ। ਅਸੀਂ ਫੈਸਲਾ ਕੀਤਾ ਕਿ ਸਰਕਾਰ ਇਸ ਸਾਲ ਪਬਲਿਕ ਸੈਕਟਰ ਵਿਚ ਆਪਣੇ ਸੈਲਰ ਲਾਏਗੀ। ਪਰ ਡਿਪਟੀ ਸਪੀਕਰ ਸਾਹਿਬ, ਇਸ ਬਜਟ ਵਿਚ ਇਸ ਕੰਮ ਲਈ ਇਕ ਧੇਲਾ ਵੀ ਨਹੀਂ ਰੱਖਿਆ ਗਿਆ। ਇਹ ਕਹਿੰਦੇ ਹਨ ਕਿ ਅਸੀਂ ਕਣਕ ਦੇ ਤਿੰਨ ਰੁਪਏ ਵਧਾ ਦਿਤੇ ਮੱਕੀ ਦੇ ਵਧਾ ਦਿੱਤੇ। ਪਰ ਸਰਕਾਰ ਨੇ ਇਨ੍ਹਾਂ ਕਾਗਜ਼ਾਂ ਵਿਚ ਲਿਖਿਆ ਹੈ ਕਿ ਮੱਕਈ ਦਾ ਪ੍ਰੋਕਿਓਰਮੈਂਟ ਰੇਟ 55 ਤੋਂ 58 ਹੈ। ਮੈਂ ਇਨ੍ਹਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਹ ਤਾਂ ਸਾਡੇ ਵੇਲੇ ਹੀ ਹੋ ਗਈ ਸੀ। ਇਨ੍ਹਾਂ ਨੇ ਪਹਿਲਾਂ 55 ਕਹੀ ਪਰ ਅਸੀਂ 58 ਕਰਾਈ। ਇਨ੍ਹਾਂ ਨੇ ਜਿਹੜੇ 3 ਰੁਪਏ ਵਧਾਏ ਹਨ ਉਹ ਤਾਂ ਇਨ੍ਹਾਂ ਕਾਗਜ਼ਾਂ ਵਿਚ ਕਿਧਰੇ ਮਿਲਦੇ ਨਹੀਂ ਹਨ।

ਡਿਪਟੀ ਸਪੀਕਰ ਸਾਹਿਬ, ਸਾਡੇ ਤੇ ਬੜੇ ਇਲਜ਼ਾਮ ਲਗਾਏ ਜਾਂਦੇ ਸਨ ਕਿ ਸ਼ਡੂਲਡ ਕਾਸਟ ਬਾਰੇ ਇਨ੍ਹਾਂ ਕੁਝ ਨਹੀਂ ਕੀਤਾ। ਇਨ੍ਹਾਂ ਨੇ ਵੀ ਤਾਂ 28 ਲੱਖ ਰੁਪਿਆ ਹੀ ਰੱਖਿਆ ਹੈ ਵੱਧ ਨਹੀਂ ਰੱਖਿਆ। ਇਹ ਕਹਿੰਦੇ ਹਨ ਕਿ ਇਕ ਕਾਰਪੋਰੇਸ਼ਨ ਬਣਾਵਾਂਗੇ ਜੋ ਫੈਕਟਰੀਆਂ ਲਾਵੇਗੀ ਹਰੀਜਨਾਂ ਨੂੰ ਮੁਲਾਜ਼ਮਤਾਂ ਦੇਣ ਲਈ। ਮੈਂ ਪੁਛਦਾ ਹਾਂ ਕਿ ਫ਼ੈਕਟਰੀਆਂ ਵਿਚ ਨਿਰੇ ਹਰੀਜਨਾਂ ਨੂੰ ਹੀ ਮੁਲਾਜ਼ਮਤ ਦਿਉਗੇ। ਇਹ ਹੋ ਨਹੀਂ ਸਕਦਾ। ਇਹ ਤਾਂ ਹਰੀਜਨਾਂ ਦੇ ਖਿਲਾਫ਼ ਹੋਵੇਗਾ। ਕੀ ਮੈਂ ਹੁਣ ਤੁਹਾਨੂੰ ਅਖਬਾਰਾਂ ਪੜ੍ਹਕੇ ਸੁਣਾਵਾਂ। ਜਿਹੜੇ ਹਰੀਜਨ ਉਸ ਪਾਸੇ ਬੈਠੇ ਹਨ ਉਹ ਕਹਿੰਦੇ ਹਨ ਕਿ ਸਾਡੀ ਤੱਸਲੀ ਨਹੀਂ ਹੋਈ। ਖੈਰ ਮੈਂ ਐਮ. ਐਲ. ਏ. ਦੀ ਗੱਲ ਨਹੀਂ ਕਰਦਾ। ਸਰਦਾਰ ਰਾੜੇਵਾਲਾ ਕਾਂਗਰਸ ਦੇ ਲੀਡਰ ਦੀ 28 ਤਰੀਕ ਦੀ ਟ੍ਰਿਬਿਊਨ ਵਿਚ ਇਕ ਖਬਰ ਛਪੀ ਹੈ ਜਿਸ ਦੀ ਤਰਦੀਦ ਉਨ੍ਹਾਂ ਨੇ ਨਹੀਂ ਕੀਤੀ। ਸਰਦਾਰ ਰਾੜੇਵਾਲਾ ਨੇ ਹਾਈਕਮਾਂਡ ਕੋਲੋਂ ਜਿਹੜੀਆਂ ਗ੍ਰੀਵੈਂਸਿਜ਼ ਇਸ ਮਨਿਸਟਰੀ ਦੇ ਖਿਲਾਫ ਰੱਖੀਆਂ, ਉਨ੍ਹਾਂ ਵਿਚ ਇਕ ਇਹ ਵੀ ਸੀ ਕਿ ਹਰੀਜਨਾਂ ਲਈ ਜਿਹੜਾ ਪੈਸਾ ਹੈ ਉਹ ਹਰੀਜਨਾਂ ਵਾਸਤੇ ਨਹੀਂ, ਰੀਪਬਲੀਕਨ ਪਾਰਟੀ ਲਈ ਹੈ। ਇਸ ਤਰ੍ਹਾਂ ਇਹ ਖਰਚ ਤਾਂ ਇਨ੍ਹਾਂ ਲਈ ਹੈ ਹਰੀਜਨਾਂ ਵਾਸਤੇ ਨਹੀਂ। ਫਿਰ ਹਰੀਜਨਾਂ ਦੀ ਭਲਾਈ ਕਿਸ ਤਰ੍ਹਾਂ ਇਹ ਕਰ ਸਕਦੇ ਹਨ (ਘੰਟੀ) ਅਸੀਂ ਕਹਿੰਦੇ ਹਾਂ ਕਿ ਨਿਕਾਸੀ ਜ਼ਮੀਨ ਲਾਟਰੀ ਪਾ ਕੇ ਦਿਉ ਪਰ ਇਹ ਕਹਿੰਦੇ ਹਨ ਕਿ ਲਾਟਰੀ ਨਾਲ ਨਹੀਂ ਦੇਣੀ। ਕਹਿੰਦੇ ਹਨ ਕਿ ਕਾਂਗਰਸੀ ਆਪਣਿਆਂ ਨੂੰ ਦੇ ਗਏ ਹਨ ਅਸੀਂ ਆਪਣਿਆਂ ਨੂੰ ਦਿਆਂਗੇ। ਡਿਪਟੀ ਸਪੀਕਰ ਸਾਹਿਬ ਇਹ ਸਰਕਾਰ ਮਜ਼ਦੂਰਾਂ ਦੀ ਦੁਸ਼ਮਣ ਹੈ ਅਤੇ ਪੰਜਾਬ ਦੇ ਚੋਟੀ ਦੇ ਸਰਮਾਏਦਾਰਾਂ ਦੀ ਏਜੰਟ ਸਰਕਾਰ ਹੈ। ਤੁਸੀਂ ਦੇਖੋ ਕਿ ਇਤਨੇ ਮਜ਼ਦੂਰ ਸਰਕਾਰੀ ਇੰਡਸਟਰੀਆਂ ਤੇ ਵਰਕਸ਼ਾਪਾਂ ਵਿਚ ਕੰਮ ਕਰਦੇ ਹਨ ਪਰ ਉਨ੍ਹਾਂ ਦੀ ਭਲਾਈ ਲਈ ਇਕ ਪੈਸਾ ਵੀ ਨਹੀਂ ਰੱਖਿਆ ਗਿਆ। ਫਰੰਟ ਦੀ ਮਨਿਸਟਰੀ ਦੇ ਵੇਲੇ ਇਕ ਸਬਸੀਡਾਈਜ਼ਡ

ਇੰਡਸਟਰੀਅਲ ਹਾਊਸਿੰਗ ਸਕੀਮ ਬਣਾਈ ਗਈ। 1967-68 ਵਿਚ 12 ਲੱਖ ਰੁਪਿਆ ਇਸ ਵਾਸਤੇ ਰੱਖਿਆ ਗਿਆ। ਮਜ਼ਦੂਰਾਂ ਲਈ ਮਕਾਨ ਬਨਾਣ ਲਈ 1968-69 ਵਿਚ ਸਿਰਫ 7 ਲੱਖ ਰੁਪਿਆ ਰਖਿਆਗਿਆ ਹੈ। ਅੱਗੇ ਨਾਲੋਂ ਵਧ ਨਹੀਂ ਸਗੋਂ ਘੱਟ ਰੱਖਿਆ ਗਿਆ ਹੈ। ਜੇ ਪਿਛਲੀ ਵਾਰੀ ਇਕ ਸੌ ਬਣੇ ਤਾਂ ਹੁਣ ਦੋ ਸੌ ਨਹੀਂ, ਕਹਿੰਦੇ ਹਨ ਕਿ 50 ਵੀ ਨਹੀਂ ਬਣਾਉਣੇ।

ਇਸੇ ਤਰੀਕੇ ਨਾਲ, ਡਿਪਟੀ ਸਪੀਕਰ ਸਾਹਿਬ ਮਜ਼ਦੂਰ ਇਕ ਹੋਰ ਮੰਗ ਵੀ ਕਰਦੇ ਹਨ। ਇਹ ਮੰਗ ਕਰਦੇ ਹਨ ਕਿ ਜਿਹੜੇ ਕੁਆਰਟਰਜ਼ ਹਨ ਉਹ ਉਨ੍ਹਾਂ ਨੂੰ ਹਾਇਰ ਪਰਚੇਜ਼ ਬੇਸਿਜ਼ ਉਤੇ ਦੇ ਦਿੱਤੇ ਜਾਣ। ਅਸੂਲੀ ਤੌਰ ਉਤੇ ਇਹ ਗੱਲ ਮੰਨੀ ਜਾ ਚੁਕੀ ਸੀ। ਅਸੀਂ ਅਪਣੇ ਵਕਤ ਇਹ ਕੇਸ ਵੀ ਕਢਵਾਏ ਸਨ ਪਰ ਮਲੂਮ ਹੁੰਦਾ ਹੈ ਕਿ ਇਨ੍ਹਾਂ ਨੇ ਇਸ ਗੱਲ ਨੂੰ ਦਬਾ ਦਿੱਤਾ ਹੈ। ਅਸਲ ਵਿਚ ਇਹ ਮਜ਼ਦੂਰ ਦੇ ਨਾਲ ਕਿਤਨੀ ਹਮਦਰਦੀ ਰਖਦੇ ਹਨ ਉਸ ਬਾਰੇ ਵਿਚ ਮੈਂ ਟਰਾਂਸਪੋਰਟ ਦੇ ਮਜ਼ਦੂਰਾਂ ਦੀ ਹੜਤਾਲ ਦੀ ਮਿਸਾਲ ਆਪ ਦੇ ਸਾਹਮਣੇ ਰਖੀ ਹੈ। ਇਹ ਮਜ਼ਦੂਰਾਂ ਦੀ ਹਮਦਰਦੀ ਦਾ ਦਮ ਤਾਂ ਬੜਾ ਭਰਦੇ ਹਨ ਪਰ ਕਰਦੇ ਕਰਾਂਦੇ ਕੁਛ ਵੀ ਨਹੀਂ। ਹੁਣ ਇਨ੍ਹਾਂ ਨੇ ਇਕ ਨਵੀਂ ਚੀਜ਼ ਕਰ ਦਿਤੀ ਕਿ ਸਰਕਾਰੀ ਮੁਲਾਜ਼ਮ ਪਰਾਵੀਡੈਂਟ ਫੰਡ ਜ਼ਰੂਰ ਦੇਣ। ਉਹ ਉਨ੍ਹਾਂ ਦੀ ਆਪਣੀ ਕਮਾਈ ਹੋਈ ਰਕਮ ਹੈ ਔਰ ਉਨ੍ਹਾਂ ਦੀ ਇਹ ਮੰਗ ਹੈ ਕਿ ਇਸ ਤਰ੍ਹਾਂ ਨਾਲ ਜ਼ਬਰਦਸਤੀ ਪਰਾਵੀਡੈਂਟ ਫੰਡ ਦੀ ਕਟੌਤੀ ਨਾ ਕੀਤੀ ਜਾਵੇ ਇਸ ਨੂੰ ਬੰਦ ਕਰ ਦਿੱਤਾ ਜਾਵੇ ਮਗਰ ਇਹ ਸਰਕਾਰ ਉਨ੍ਹਾਂ ਦੀ ਇਤਨੀ ਹਮਦਰਦ ਸਰਕਾਰ ਹੈ ਕਿ ਕਹਿੰਦੀ ਹੈ ਕਿ ਜ਼ਰੂਰ ਕੱਟਾਂਗੇ। ਇਸੇ ਤਰ੍ਹਾਂ ਇਕ ਵੇਰ ਮੁਰਾਰਜੀ ਡੇਸਾਈ ਨੇ ਵੀ ਸੱਕੀਮ ਸ਼ੁਰੂ ਕੀਤੀ ਸੀ।

ਡਿਪਟੀ ਸਪੀਕਰ ਸਾਹਿਬ, ਮਜ਼ਦੂਰ ਇਸ ਗੱਲ ਦੀ ਮੰਗ ਕਰਦੇ ਹਨ ਕਿ ਉਨ੍ਹਾਂ ਦੀ ਤਨਖਾਹ ਨੂੰ ਕੀਮਤਾਂ ਦੇ ਇੰਡੈਕਸ ਦੇ ਨਾਲ ਜੋੜ ਦਿੱਤਾ ਜਾਵੇ। ਇਹ ਇਕ ਐਸੀ ਡੀਮਾਂਡ ਹੈ ਜਿਸ ਨੂੰ ਖੁਦ ਕਾਂਗਰਸ ਪਾਰਟੀ ਨੇ ਵੀ ਸਪੋਰਟ ਕੀਤਾ ਲੇਕਿਨ ਇਥੇ ਕਹਿੰਦੇ ਹਨ ਕਿ ਕਮਿਊਨਿਸਟ ਪਾਰਟੀ ਇਕ ਸਟੈਂਡ ਲੈਂਦੀ ਸੀ ਜਨਸੰਘ ਪਾਰਟੀ ਦੂਜਾ ਸਟੈਂਡ ਲੈਂਦੀ ਸੀ ਔਰ ਇਸ ਕਰਕੇ ਯੂਨਾਈਟਿਡ ਫਰੰਟ ਦੀ ਸਰਕਾਰ ਇਸ ਗੱਲ ਦਾ ਫ਼ੈਸਲਾ ਨਾ ਕਰ ਸਕੀ। ਡਿਪਟੀ ਸਪੀਕਰ ਸਾਹਿਬ, ਇਹ ਗੱਲ ਬਿਲਕੁਲ ਗਲਤ ਹੈ। ਯੂਨਾਈਟਿਡ ਫ਼ਰੰਟ ਦੀ ਸਰਕਾਰ ਵੇਲੇ ਅਸੂਲੀ ਤੌਰ ਤੇ ਇਹ ਫ਼ੈਸਲਾ ਹੋ ਗਿਆ ਹੋਇਆ ਸੀ, ਇਸ ਸਬੰਧ ਵਿਚ ਜਿਹੜਾ ਬਿਲ ਲਿਆਉਣਾ ਸੀ ਉਸ ਦੀਆਂ ਟਰਮਜ਼ ਵੀ ਸੈਟਲ ਹੋ ਚੁਕੀਆਂ ਸਨ ਨਵੰਬਰ ਸੈਸ਼ਨ ਵਿਚ ਉਹ ਬਿਲ ਆ ਜਾਣਾ ਸੀ ਮਗਰ ਉਨ੍ਹਾਂ ਨੇ ਇਸ ਨੂੰ ਸੈਬੋਟਾਜ ਕਰ ਦਿੱਤਾ। ਹੁਣ ਇਨ੍ਹਾਂ ਮੌਜੂਦਾ ਵਜ਼ਾਰਤ ਦੇ ਮਨਿਸਟਰਾਂ ਦੀ ਕੀ ਹਾਲਤ ਹੈ? ਜਦੋਂ ਓ. ਸੀਂ ਐਮ. ਮਿਲਜ਼, ਅਮ੍ਰਿਤਸਰ ਵਿਚ ਇਹ ਜਾਂਦੇ ਵੀ ਹਨ ਤਾਂ ਪੁਲਸ ਦੇ ਘੇਰੇ ਵਿਚ ਜਾਂਦੇ ਹਨ ਉਥੋਂ ਦੇ ਮਜ਼ਦੂਰਾਂ ਨੂੰ ਸ਼ੈਡਾਂ ਵਿਚ ਬੰਦ ਕਰ ਦਿੱਤਾ ਜਾਂਦਾ ਹੈ, ਤਦ ਜਾ ਕੇ ਕਿਧਰੇ ਇਹ ਓਥੇ ਮੈਨੇਜਮੈਂਟ ਨੂੰ ਮਿਲਦੇ ਹਨ। ਔਰ ਜਦੋਂ ਪੁਛੋ ਤਾਂ ਕਹਿ ਦਿੰਦੇ ਹਨ ਕਿ ਜਦੋਂ ਜ਼ਰੂਰਤ ਹੋਵੇਗੀ ਉਦੋਂ ਬਿਲ ਲੈ ਆਵਾਂਗੇ। ਆਖਿਰ ਕਦੋਂ ਜ਼ਰੂਰਤ ਹੋਵੇਗੀ? ਆਪ ਨੂੰ ਪਤਾ ਹੈ ਕਿ ਸੰਨ 1965 ਵਿਚ ਸਰਕਾਰ ਦੇ ਚੌਥੇ ਦਰਜੇ ਦੇ ਮੁਲਾਜ਼ਮਾਂ ਔਰ ਸਰਕਾਰੀ ਅਤੇ ਪ੍ਰਾਈਵੇਟ ਫ਼ੈਕਟਰੀਆਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ, ਅਨਸਕਿਲਡ ਵਰਕਰ ਦੀ, ਤਨਖ਼ਾਹ ਇਕੋ ਜਿਹੀ ਸੀ। ਦੋਹਾਂ ਨੂੰ 75 ਰੁਪਏ ਮਾਹਵਾਰ ਮਿਲਦੇ ਸਨ। ਹੁਣ ਸਰਕਾਰ ਦੇ ਚੌਥੇ ਦਰਜੇ ਦੇ ਮੁਲਾਜ਼ਮਾਂ ਨੂੰ 150

[ਸ੍ਰੀ ਸਤਪਾਲ ਡਾਂਗ]

ਰੁਪਏ ਮਾਹਵਾਰ ਮਿਲਦੇ ਹਨ। ਤੁਸੀਂ ਆਪ ਅੰਦਾਜ਼ਾ ਲਗਾਉ ਕਿ ਸਰਕਾਰੀ ਔਰ ਪ੍ਰਾਈਵੇਟ ਕਾਰਖਾਨਿਆਂ ਵਿਚ ਇਕ ਮਜ਼ਦੂਰ 75 ਰੁਪਏ ਮਹੀਨੇ ਵਿਚ ਕਿਸ ਤਰ੍ਹਾਂ ਜ਼ਿੰਦਾ ਰਹਿ ਸਕਦਾ ਹੈ ?

ਡਿਪਟੀ ਸਪੀਕਰ ਸਾਹਿਬ, ਵਜ਼ੀਰੇ ਖ਼ਜਾਨਾ ਨੇ ਆਪਣੀ ਸਪੀਚ ਵਿਚ ਕਿਹਾ ਹੈ ਕਿ ਟੈਕਸਟਾਈਲਜ਼ ਇੰਡਸਟਰੀ ਵਿਚ ਕੁਝ ਤਕਲੀਫ਼ਾਂ ਹਨ। ਪਹਿਲੀ ਗੱਲ ਉਨ੍ਹਾਂ ਨੇ ਇਹ ਕਹੀ ਕਿ ਸਟੇਪਲ ਯਾਰਨ ਬੜਾ ਮਹਿੰਗਾ ਹੋ ਗਿਆ ਹੈ। ਮੈਂ ਉਨ੍ਹਾਂ ਨੂੰ ਪੁਛਦਾ ਹਾਂ ਕਿ ਸਟੇਪਲ ਯਾਰਨ ਕਿਸ ਨੇ ਮਹਿੰਗਾ ਕੀਤਾ ਹੈ ? ਕੌਣ ਮਹਿੰਗਾ ਕਰਦਾ ਹੈ ? ਬਿਰਲਾ ਔਰ ਬਿਰਲੇ ਵਰਗੇ ਹੋਰ ਦੂਸਰੇ ਮਨਾਪਲਿਸਟਾਂ ਨੇ ਹੀ ਪੰਜਾਬ ਦੀ ਸਨਅਤ ਨੂੰ ਤਬਾਹ ਕਰਕੇ ਰਖ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਵੱਲ ਤਾਂ ਇਹ ਦੇਖ ਨਹੀਂ ਸਕਦੇ ਪਰ ਉਧਰ ਮਜ਼ਦੂਰਾਂ ਤੋਂ ਆਸ ਰਖਦੇ ਹਨ ਕਿ 75 ਰੁਪਏ ਮਹੀਨੇ ਵਿਚ ਆਪਣੇ ਔਰ ਆਪਣੇ ਬੱਚਿਆਂ ਦਾ ਗੁਜ਼ਾਰਾ ਕਰਨ। ਉਨ੍ਹਾਂ ਮਨਾਪਲਿਸਟਾਂ ਵੱਲ ਇਹ ਅੱਖ ਚੁਕ ਕੇ ਨਹੀਂ ਦੇਖ ਸਕਦੇ। ਕਿਉਂ ? ਇਸ ਲਈ ਕਿ ਇਹ ਔਰ ਖੁਦ ਹਿੰਦੁਸਤਾਨ ਦੀ ਸਰਕਾਰ ਉਨ੍ਹਾਂ ਨੂੰ ਪਾਲਦੀ ਹੈ। ਇਹ ਸਰਕਾਰ ਉਨ੍ਹਾਂ ਦੇ ਹੀ ਰਹਿਮੋ ਕਰਮ ਤੇ ਜ਼ਿੰਦਾ ਹੈ ਕਿਤਨੀ ਹੈਰਾਨਗੀ ਦੀ ਗੱਲ ਹੈ ਕਿ ਉਨ੍ਹਾਂ ਨੂੰ ਤਾਂ ਇਹ ਕੁਝ ਕਹਿ ਨਹੀਂ ਸਕਦੇ ਮਗਰ ਜਿਸ ਵਕਤ ਮਜ਼ਦੂਰ ਤਨਖ਼ਾਹ ਵਧਾਉਣ ਦੀ ਮੰਗ ਕਰਦਾ ਹੈ ਤਾਂ ਇਨ੍ਹਾਂ ਨੂੰ ਕਮਿਊਨਿਸਟ ਹਵਾ ਨਜ਼ਰ ਆਉਂਦੀ ਹੈ। ਅਗਰ ਇੰਜਨੀਅਰਿੰਗ ਦੇ ਸਟੂਡੈਂਟਸ ਔਰ ਇੰਜਨੀਅਰਜ਼ ਨੌਕਰੀਆਂ ਮੰਗਦੇ ਹਨ ਤਾਂ ਇਸ ਮੰਗ ਦੇ ਵਿਚ ਇਨ੍ਹਾਂ ਨੂੰ ਕਮਿਊਨਿਸਟਾਂ ਵੱਲੋਂ ਹਵਾ ਨਜ਼ਰ ਆਉਂਦੀ ਹੈ। ਪਾਲੀਟੈਕਨਿਕ ਦੇ ਸਟੂਡੈਂਟਸ ਸਟਰਾਈਕ ਕਰਦੇ ਹਨ ਤਾਂ ਵੀ ਇਨ੍ਹਾਂ ਨੂੰ ਕਮਿਊਨਿਸਟ ਹਵਾ ਨਜ਼ਰ ਆਉਂਦੀ ਹੈ ਟਰਾਂਸਪੋਰਟ ਵਰਕਰਜ਼ ਦੀ ਹੜਤਾਲ ਵਿਚ ਇਨ੍ਹਾਂ ਨੂੰ ਕਮਿਊਨਿਸਟ ਹਾਊਸ ਨਜ਼ਰ ਆਉਂਦਾ ਹੈ ਔਰ ਹੁਣ ਜਦੋਂ ਪੰਜਾਬ ਦੇ ਕਿਸਾਨ ਵਧੇ ਹੋਏ ਆਬਿਆਨੇ ਦੇ ਖਿਲਾਫ਼ ਐਜੀਟੇਸ਼ਨ ਕਰਨਗੇ ਤਾਂ ਇਨ੍ਹਾਂ ਨੂੰ ਉਸ ਦੇ ਵਿਚ ਵੀ ਕਮਿਊਨਿਸਟ ਹਵਾ ਨਜ਼ਰ ਆਏਗੀ। ਡਿਪਟੀ ਸਪੀਕਰ ਸਾਹਿਬ, ਇਹ ਮਨਾਪਲਿਸਟਾਂ ਦੀ ਅਜਾਰੇਦਾਰੀ ਨੂੰ ਖ਼ਤਮ ਨਹੀਂ ਕਰ ਸਕਦੇ ਮਗਰ ਜਨਤਾ ਨੂੰ ਪਾੜਨ ਲਈ ਇਹ ਹਰ ਗੱਲ ਵਿਚ ਕਮਿਊਨਿਸਟ ਹਊਆ ਖੜਾ ਕਰ ਦਿੰਦੇ ਹਨ। ਮੈਂ ਹਾਊਸ ਵਿਚ ਇਸ ਗੱਲ ਨੂੰ ਸਾਫ਼ ਕਰ ਦੇਣਾ ਚਾਹੁੰਦਾ ਹਾਂ ਕਿ ਜਿਸ ਮੁਤਹਿਦਾ ਮੁਹਾਜ਼ ਨੂੰ ਤੁਸੀਂ ਇਥੇ ਨਿੰਦਦੇ ਹੋ ਉਹ ਮੁਤਹਿਦਾ ਮਹਾਜ਼ ਔਰ ਜਨਤਾ ਰਲ ਕੇ ਤੁਹਾਡੀ ਅਵਾਮ ਦੁਸ਼ਮਨ ਨੀਤੀ ਦਾ ਡਟ ਕੇ ਮੁਕਾਬਲਾ ਕਰਨਗੇ। ਯਾਦ ਰਖੋ ਕਿ ਅਸਾਂ ਇਹ ਟੈਕਸ ਚਾਲੂ ਨਹੀਂ ਹੋਣ ਦੇਣੇ, ਇਹ ਟੈਕਸ ਪਾਸ ਨਹੀਂ ਹੋਣ ਦੇਣੇ ਸਰਕਾਰ ਨੂੰ ਇਸ ਬਾਰੇ ਕੋਈ ਸ਼ਕ ਨਹੀਂ ਹੋਣਾ ਚਾਹੀਦਾ (ਵਿਰੋਧੀ ਬੈਂਚਾਂ ਵੱਲੋਂ ਪ੍ਰਸ਼ੰਸਾ) ਅਗਰ ਕਮਿਊਨਿਸਟ ਅਖ ਨਾਲ ਹੀ ਵੇਖਣਾ ਹੋਵੇ ਤਾਂ ਨਿਸੰਦੇਹ ਮਜ਼ਦੂਰਾਂ ਦੀ ਤਨਖ਼ਾਹ ਨੂੰ ਪ੍ਰਾਈਸ ਇੰਡੈਕਸ ਨਾਲ ਜੋੜਨ ਦੀ ਲੋੜ ਹੈ, ਇਸ ਸਬੰਧ ਵਿਚ ਲੈਜਿਸਲੇਸ਼ਨ ਲਿਆਉਣ ਦੀ ਲੋੜ ਹੈ ਤਾਂਕਿ ਮਜ਼ਦੂਰਾਂ ਨੂੰ ਉਸ ਮਹਿੰਗਾਈ ਦੇ ਭੂਤ ਤੋਂ ਨਿਜਾਤ ਦਿਵਾਈ ਜਾਵੇ ਜਿਹੜਾ ਕਿ ਸਨ 1965 ਤੋਂ ਉਨ੍ਹਾਂ ਦੇ ਪਿਛੇ ਲਗਿਆ ਹੋਇਆ ਹੈ।

ਪੰਜਾਬ ਵਿਚ ਅਗਰ ਇੰਡਸਟਰੀ ਦੀ ਤਰੱਕੀ ਕਰਨੀ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਮਜ਼ਦੂਰਾਂ ਨੂੰ ਕੁਚਲਿਆ ਜਾਵੇ। ਅਗਰ ਮਜ਼ਦੂਰਾਂ ਨੂੰ ਸਹੀ ਤੌਰ ਤੇ ਸਹਾਇਤਾ ਦੇਣੀ ਹੈ ਔਰ ਪੰਜਾਬ ਵਿਚ ਇੰਡਸਟਰੀ ਨੂੰ ਫ਼ਰੋਗ ਦੇਣਾ ਹੈ ਤਾਂ ਮਜ਼ਦੂਰਾਂ ਦੀਆਂ ਤਕਲੀਫ਼ਾਂ ਨੂੰ ਜਾਂਚਣ ਵਾਲੀ

ਨੀਤੀ ਹੋਣੀ ਚਾਹੀਦੀ ਹੈ। ਮੈਂ ਅੰਮ੍ਰਿਤਸਰ ਵਿਚ ਰਹਿਣ ਵਾਲਾ ਹਾਂ। ਮੈਂ ਦੇਖਦਾ ਹਾਂ ਕਿ ਉਥੇ ਮਜ਼ਦੂਰ ਕਿਸ ਤਰ੍ਹਾਂ ਕੁਰਲਾ ਰਿਹਾ ਹੈ ਔਰ ਉਸ ਨੂੰ ਕਿਸ ਕਿਸ ਤਰ੍ਹਾਂ ਦੀਆਂ ਤਕਲੀਫ਼ਾਂ ਸਹਿਣੀਆਂ ਪੈ ਰਹੀਆਂ ਹਨ। ਇੰਡਸਟਰੀ ਦੀ ਹਾਲਤ ਵੀ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਜਦੋਂ ਪਾਕਿਸਤਾਨ ਦੀ ਜੰਗ ਹੋਈ ਤਾਂ ਉਸ ਵਕਤ ਇੰਡਸਟਰੀ ਵਿਚ ਕਿਸ ਦਾ ਨੁਕਸਾਨ ਹੋਇਆ ? ਮੈਂ ਜਾਣਦਾ ਹਾਂ ਕਿ ਨੁਕਸਾਨ ਉਨ੍ਹਾਂ ਦਾ ਹੋਇਆ ਜਿਨ੍ਹਾਂ ਦੀਆਂ ਪੰਜ ਪੰਜ ਚਾਰ ਚਾਰ ਲੂਮਾਂ ਸਨ। ਉਨ੍ਹਾਂ ਨੇ ਜਿਹੜਾ ਕਪੜਾ ਬਣਾਇਆ ਹੋਇਆ ਸੀ ਉਹ ਕਿਸ ਨੇ ਖਰੀਦਿਆਂ ? ਮੈਂ ਅੱਜ ਵੀ ਸਾਬਤ ਕਰ ਸਕਦਾ ਹਾਂ ਕਿ ਉਹ ਕਪੜਾ ਅੰਮ੍ਰਿਤਸਰ ਵਿਚ ਵਡੀਆਂ ਵਡੀਆਂ ਟੈਕਸਟਾਈਲ ਮਿਲਜ਼ ਦੇ ਮਾਲਕਾਂ ਨੇ ਖਰੀਦਿਆ। ਉਨ੍ਹਾਂ ਨੇ ਉਹ ਕਪੜਾ ਸਸਤੇ ਭਾ ਤੇ ਖਰੀਦਿਆ ਔਰ ਬਾਅਦ ਵਿਚ ਦੁਗਨੇ ਭਾ ਉਤੇ ਵੇਚ ਕੇ ਸਾਰੇ ਦਾ ਸਾਰਾ ਨਫ਼ਾ ਆਪਣੀਆਂ ਜੇਬਾਂ ਵਿਚ ਪਾ ਲਿਆ। ਉਨ੍ਹਾਂ ਨੂੰ ਤਾਂ ਪਾਕਿਸਤਾਨ ਦੇ ਹਮਲੇ ਨਾਲ ਕੋਈ ਤਕਲੀਫ ਨਹੀਂ ਹੋਈ। ਖੁਦ ਹਿੰਦੁਸਤਾਨ ਦੀ ਸਰਕਾਰ ਦੇ ਫ਼ਿਗਰਜ ਕਹਿੰਦੇ ਹਨ ਕਿ ਇੰਡਸਟਰੀ ਦੀ ਰੀਸੈਸ਼ਨ ਦੇ ਬਾਵਜੂਦ ਵਡੇ ਵਡੇ ਸਰਮਾਇਆਦਾਰਾਂ ਦੇ ਨਫ਼ੇ ਵਿਚ ਵਾਧਾ ਹੋਇਆ ਹੈ। ਇਥੇ ਵਜ਼ੀਰ ਖਜ਼ਾਨਾ ਸਾਹਿਬ ਨੇ ਵੀ ਆਪਣੀ ਸਪੀਚ ਵਿਚ ਕਿਹਾ ਹੈ ਕਿ ਪੰਜਾਬ ਦੇ ਵਿਚ ਰੀਸੈਸ਼ਨ ਦੇ ਬਾਵਜੂਦ ਸਨਅਤ ਨੇ ਤਰੱਕੀ ਕੀਤੀ ਹੈ। ਅਗਰ ਪੰਜਾਬ ਵਿਚ ਵਡੀਆਂ ਵਡੀਆਂ ਅਸਾਮੀਆਂ ਨੇ ਇਸ ਰੀਸੈਸ਼ਨ ਦੇ ਬਾਵਜੂਦ ਪੈਸਾ ਕਮਾਇਆ ਹੈ ਤਾਂ ਜਿਨ੍ਹਾਂ ਛੋਟੀਆਂ ਛੋਟੀਆਂ ਯੂਨਿਟਾਂ ਵਾਲਿਆ ਨੂੰ ਮਦਦ ਦੇਣ ਦੀ ਲੋੜ ਹੈ ਉਨ੍ਹਾਂ ਨੂੰ ਮਦਦ ਦਿਉ।

ਡਿਪਟੀ ਸਪੀਕਰ ਸਾਹਿਬ, ਇਸ ਪੁਆਇੰਟ ਤੇ ਹੋਰ ਜ਼ਿਆਦਾ ਨਾ ਬੋਲਦਾ ਹੋਇਆ ਹੁਣ ਮੈਂ ਦੂਸਰੀ ਗੱਲ ਲੈਂਦਾ ਹਾਂ। ਇਨ੍ਹਾਂ ਨੇ ਇਹ ਕਲੇਮ ਕੀਤਾ ਹੈ ਕਿ ਬੜੇ ਚੰਗੇ ਕੰਮ ਕੀਤੇ। ਇਹ ਕਲੇਮ ਕਰਦੇ ਹਨ ਕਿ ਟੀਚਰਾਂ ਨੂੰ ਰੀਲੀਫ਼ ਦਿੱਤਾ। ਮੈਂ ਹੈਰਾਨ ਹਾਂ ਕਿ ਇਹ ਇਸ ਚੀਜ਼ ਦਾ ਕਰੈਡਿਟ ਕਿਵੇਂ ਲੈਂਦੇ ਹਨ। ਇਹ ਤਾਂ ਯੂਨਾਈਟਿਡ ਫਰੰਟ ਮਨਿਸਟਰੀ ਦੇ ਵਕਤ ਦਾ ਕੀਤਾ ਹੋਇਆ ਫ਼ੈਸਲਾ ਸੀ ਜਿਹੜਾ ਗਵਰਨਰ ਸਾਹਿਬ ਦੀ ਸਪੀਚ ਵਿਚ ਔਰ ਡਾਕਟਰ ਸਾਹਿਬ ਸ੍ਰੀ ਬਲਦੇਵ ਪ੍ਰਕਾਸ਼ ਦੀ ਤਕਰੀਰ ਵਿਚ ਵੀ ਯੂਨਾਈਟਿਡ ਫ਼ਰੰਟ ਦੀ ਸਰਕਾਰ ਵੇਲੇ ਆ ਗਿਆ ਸੀ ਕਿ ਪ੍ਰਾਈਵੇਟ ਟੀਚਰਾਂ ਨੂੰ ਵੀ ਉਹੀ ਗਰੇਡ ਮਿਲਣਗੇ ਜਿਹੜੇ ਸਰਕਾਰੀ ਸਕੂਲਾਂ ਦੇ ਟੀਚਰਜ਼ ਨੂੰ ਮਿਲੇ ਹਨ। ਇਹ ਅਸੂਲ ਤਾਂ ਉਸੇ ਵਕਤ ਤੈ ਹੋ ਗਿਆ ਸੀ ਪਰ ਅੜਚਨ ਕਿਸ ਨੇ ਪਾਈ ? ਅੜਚਨ ਪਾਈ ਉਸ ਵਕਤ ਦੇ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਔਰ ਇਹ ਅੜਚਨ ਉਨ੍ਹਾਂ ਨੇ ਕਿਉਂ ਪਾਈ ? ਹਰ ਕੋਈ ਜਾਣਦਾ ਹੈ ਕਿ ਉਨ੍ਹਾਂ ਨੇ ਫ਼ਰੰਟ ਨੂੰ ਤੋੜਨਾ ਸੀ। ਲੇਕਿਨ ਅਮਲ ਕੀ ਕੀਤਾ। ਰੋਜ਼ ਅਖਬਾਰਾਂ ਵਿਚ ਪੜ੍ਹਦੇ ਸੀ ਕਿ ਯੂਨੀਵਰਸਟੀ ਗਰਾਂਟਸ ਕਮਿਸ਼ਨ ਦਾ ਫ਼ੈਸਲਾ ਹੋ ਰਿਹਾ ਸੀ ਕਿ ਪ੍ਰਾਈਵੇਟ ਇੰਸਟੀਚੂਸ਼ੰਨਜ ਦੇ ਟੀਚਰਜ਼ ਲਈ 80% ਹਿੰਦ ਸਰਕਾਰ ਦੇਵੇਗੀ ਔਰ 20% ਅਸੀਂ ਦੇਵਾਂਗੇ ਪਰ ਇਨ੍ਹਾਂ ਨੇ ਹੀ ਅਸਲੀ ਮੈਨਿਆਂ ਵਿਚ ਲਾਗੂ ਨਹੀਂ ਕੀਤਾ। ਪਹਿਲੇ ਕਿਹਾ ਕਿ ਸਰਕੂਲਰ ਕਰਾਂਗੇ ਪਰ ਜਿਹੜਾ ਸਰਕੂਲਰ ਕੀਤਾ ਉਸ ਦੇ ਮੁਤਾਬਿਕ ਗਰਾਂਟਸ ਨਹੀਂ ਦਿੱਤੀਆਂ। ਪ੍ਰਾਈਵੇਟ ਟੀਚਰਾਂ ਨੇ ਸਟਰਾਈਕ ਕੀਤੀ ਐਜੀਟੇਸ਼ਨ ਕੀਤੀ ਔਰ ਤਦ ਉਨ੍ਹਾਂ ਨੇ ਐਜੀਟੇਸ਼ਨ ਵਾਪਸ ਲਈ ਜਦ 50 ਲੱਖ ਰੁਪਿਆ ਰੀਲੀਜ਼ ਕੀਤਾ ਗਿਆ (ਵਿਘਨ) ਅਸੀਂ ਚੰਗੀ ਗੱਲ ਦੀ ਜ਼ਰੂਰ ਹਿਮਾਇਤ ਕਰਾਂਗੇ ਔਰ ਕਰਦੇ ਰਹੇ ਹਾਂ।

[ਸ਼੍ਰੀ ਸੱਤਪਾਲ ਡਾਂਗ]

ਸੜਕਾਂ ਬਾਰੇ ਕਹਿੰਦੇ ਹਨ ਪਰ ਪਤਾ ਲਗੇ ਕਿ ਹੈ ਕੀ ? ਅੱਜ ਵੀ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਕਿ ਦੋ ਸਾਲਾਂ ਦੇ ਵਿਚ 2600 ਮੀਲ ਸੜਕਾਂ ਪੂਰੀਆਂ ਕਰ ਲਵਾਂਗੇ। ਮਗਰ ਉਸ ਦੇ ਲਈ ਜਿਵੇਂ ਕਿ ਇਨ੍ਹਾਂ ਦੇ ਅਪਣੇ ਅਨੁਮਾਨ ਅਨੁਸਾਰ 16 ਕਰੋੜ ਰੁਪਏ ਦੀ ਜ਼ਰੂਰਤ ਹੋਵੇਗੀ ਇਸ ਸਾਲ ਸਿਰਫ ਤਿੰਨ ਕਰੋੜ ਹੀ ਰਖਿਆ ਹੈ।

ਸ਼੍ਰੀ ਬਲਰਾਮ ਜੀ ਦਾਸ ਟੰਡਨ : ਬਾਕੀ ਦਾ ਲੁਕਾ ਕੇ ਰਖਿਆ ਹੋਵੇਗਾ (ਵਿਘਨ)

ਸ਼੍ਰੀ ਸਤਪਾਲ ਡਾਂਗ : ਕਿਤਨਾ ਕੁਝ ਸਾਹਮਣੇ ਆਵੇਗਾ ਇਹ ਤਾਂ ਸਮਾਂ ਹੀ ਦਸੇਗਾ। ਮੈਂ ਇਕ ਗੱਲ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਇਹ ਨਾ ਹੋਵੇ ਕਿ ਇਹ ਰੁਪਿਆ ਚੰਦ ਇਕ ਹਲਕਿਆਂ ਦੇ ਵਿਚ ਹੀ ਖ਼ਰਚ ਹੋ ਜਾਵੇ। ਜੇ ਕੋਈ ਸੜਕ ਬਣਾਉਣੀ ਹੀ ਹੈ ਕਿਉਂਕਿ ਜਿਹੜੀ ਗੱਲ ਇਥੇ ਕਹੀ ਗਈ ਹੈ ਔਰ ਜਿਹੜਾ ਬਜਟ ਵਿਚ ਪ੍ਰੋਵੀਜ਼ਨ ਕੀਤਾ ਗਿਆ ਹੈ ਉਨ੍ਹਾਂ ਦੋਹਾਂ ਚੀਜ਼ਾਂ ਵਿਚ ਬੜਾ ਭਾਰਾ ਪਾੜਾ ਹੈ।

ਕੁਰੱਪਸ਼ਨ ਬਾਰੇ ਇਹ ਕਹਿੰਦੇ ਹਨ ਕਿ ਦੂਰ ਕਰਾਂਗੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਸਰਕਾਰ ਦਾ ਜਨਮ ਹੀ ਕੁਰੱਪਸ਼ਨ ਵਿਚੋਂ ਹੋਇਆ ਹੋਵੇ ਉਹ ਕੁਰੱਪਸ਼ਨ ਕਿਵੇਂ ਖਤਮ ਕਰ ਸਕਦੀ ਹੈ। ਇਹ ਕੁਰੱਪਸ਼ਨ ਕਿਵੇਂ ਖਤਮ ਕਰਦੇ ਹਨ ਇਸ ਬਾਰੇ ਦੋ ਚਾਰ ਮਿਸਾਲਾਂ ਮੈਂ ਆਪ ਦੇ ਸਾਹਮਣੇ ਰਖਣਾ ਚਾਹੁੰਦਾ ਹਾਂ। ਇਨ੍ਹਾਂ ਨੇ ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰ ਪੰਜ ਕਰ ਦਿਤੇ ਔਰ ਵਿਰਕ ਸਾਹਿਬ ਨੂੰ ਇਸ ਦਾ ਮੈਂਬਰ ਬਣਾ ਦਿੱਤਾ। ਆਖਿਰ ਕਿਉਂ, ਕਿਸ ਲਈ ? ਅਗਰ ਕਿਸੇ ਅਫ਼ਸਰ ਨੂੰ ਹੀ ਬਣਾਉਣਾ ਸੀ ਤਾਂ ਕੀ ਵਿਰਕ ਸਾਹਿਬ ਤੋਂ ਸੀਨੀਅਰ ਅਫ਼ਸਰ ਕੋਈ ਨਹੀਂ ਸੀ ? ਇਹ ਇਸ ਕਰਕੇ ਬਣਾਇਆ ਕਿਉਂਕਿ ਵਿਰਕ ਸਾਹਿਬ ਨੇ ਕਾਂਗਰਸ ਦੇ ਕੁਝ ਟਰਾਂਸਪੋਰਟਰ ਐਮ. ਐਲ. ਏਜ਼. ਨਾਲ ਗਿੱਲ ਸਾਹਿਬ ਦਾ ਸੌਦਾ ਕਰਾਇਆ, ਇਸ ਕਰਕੇ ਉਸ ਦੇ ਇਨਾਮ ਦੇ ਤੌਰ'ਤੇ ਉਨ੍ਹਾਂ ਨੂੰ ਕਮਿਸ਼ਨ ਦਾ ਮੈਂਬਰ ਬਣਾਇਆ ਗਿਆ। ਇਸੇ ਤਰ੍ਹਾਂ ਰੀਜਨਲ ਟ੍ਰਾਂਸਪੋਰਟ ਅਥਾਰਿਟੀਜ਼ ਵਿਚ ਕਿਸੇ ਮਨਿਸਟਰ ਸਾਹਿਬ ਦੇ ਸਾਲੇ ਨੂੰ ਲਿਆ ਗਿਆ, ਕਿਸੇ ਮਨਿਸਟਰ ਸਾਹਿਬ ਦੇ ਭਤੀਜੇ ਨੂੰ ਲਿਆ ਗਿਆ। ਇਸ ਦੇ ਬਾਵਜੂਦ ਇਹ ਕਹਿੰਦੇ ਹਨ ਕਿ ਕੁਰੱਪਸ਼ਨ ਨੂੰ ਦੂਰ ਕਰਨਗੇ। ਪਟਿਆਲਾ ਮਿਉਨਿਸਪਲ ਕਮੇਟੀ ਦੇ ਮੈਂਬਰ ਸੁਖਦੇਵ ਖੰਨਾਂ ਨੇ ਕਾਮਰਾਜ ਦੇ ਆਉਣ ਤੇ ਕਮੇਟੀ ਵਿਚੋਂ ਪੈਸੇ ਕਢੇ, ਨਾ ਸਰਕਾਰ ਦੀ ਮਨਜ਼ੂਰੀ ਲਈ ਨਾ ਕਿਸੇ ਹੋਰ ਦੀ। ਉਸ ਦੇ ਖਿਲਾਫ਼ ਸਾਡੇ ਵੇਲੇ ਸ਼ੋ ਰਾਜ਼ ਨੋਟਿਸ ਦਾ ਫ਼ੈਸਲਾ ਹੋ ਗਿਆ ਸੀ ਹੁਣ ਗਿਲ ਸਾਹਿਬ ਵੇਲੇ ਉਸ ਨੂੰ ਰੀਜਨਲ ਟ੍ਰਾਂਸਪੋਰਟ ਅਥਾਰਿਟੀ ਦਾ ਮੈਂਬਰ ਬਣਾਇਆ ਗਿਆ ਹੈ। ਇਸੇ ਤਰ੍ਹਾਂ ਐਡਵੋਕੇਟ ਜਨਰਲ ਹੈ। ਮੈਨੂੰ ਪਤਾ ਹੈ ਕਿ ਉਹ ਪ੍ਰਾਈਵੇਟ ਕੇਸ ਲੈ ਸਕਦਾ ਹੈ। ਪਰ ਕੀ ਮੈਂ ਪੁਛ ਸਕਦਾ ਹਾਂ ਕਿ ਜਿਹੜਾ ਪਹਿਲਾਂ ਇਨ੍ਹਾਂ ਦਾ ਦਿੱਲੀ ਵਕੀਲ ਹੋਵੇ ਕੀ ਉਸੇ ਨੂੰ ਐਡਵੋਕੇਟ ਜਨਰਲ ਬਣਾਇਆ ਜਾਵੇ ? ਫਿਰ ਉਹ ਗਿਲ ਸਾਹਿਬ ਦੇ ਪ੍ਰਾਈਵੇਟ ਕੇਸਾਂ ਵਿਚ ਪੇਸ਼ ਹੋਏ ਤਾਂ ਲੋਕਾਂ ਉਤੇ ਕੋਈ ਚੰਗਾ ਅਸਰ ਪੈ ਸਕਦਾ ਹੈ ?

ਲੈਫ਼ਟੀਨੈਂਟ ਭਾਗ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਮੈਂ ਆਪ ਦੀ ਰੂਲਿੰਗ ਚਾਹੁੰਦਾ ਹਾਂ ਕਿ ਜਿਹੜੇ ਸਜੱਨ ਇਥੇ ਮੌਜੂਦ ਨਾ ਹੋਣ ਔਰ ਅਪਣੇ ਆਪ ਨੂੰ ਡਿਫ਼ੈਂਡ ਨਾ ਕਰ ਸਕਦੇ ਹੋਣ ਕੀ ਡਾਂਗ ਸਾਹਿਬ ਉਨ੍ਹਾਂ ਦਾ ਨਾਂ ਲੈ ਸਕਦੇ ਹਨ ? ਵਿਰਕ ਸਾਹਿਬ ਦਾ ਨਾ ਲਿਆ

ਗਿਆ ਹੈ, ਖੰਨਾ ਸਾਹਿਬ ਨੂੰ ਰੈਫਰ ਕੀਤਾ ਗਿਆ ਹੈ। ਮੇਰਾ ਪੁਆਇੰਟ ਇਹ ਹੈ ਕਿ ਜਿਹੜਾ ਅਫ਼ਸਰ ਸਦਨ ਵਿਚ ਅਪਣੇ ਆਪ ਨੂੰ ਡਿਫ਼ੈਂਡ ਨਾ ਕਰ ਸਕਦਾ ਹੋਵੇ ਕੀ ਉਸ ਦਾ ਨਾਂ ਲੈਕੇ ਰੈਫ਼ਰੈਂਸ ਕੀਤੀ ਜਾ ਸਕਦੀ ਹੈ ?

ਸ਼੍ਰੀ ਬਲਰਾਮ ਜੀ ਦਾਸ ਟੰਡਨ : ਡਿਪਟੀ ਸਪੀਕਰ ਸਾਹਿਬ, ਇਸ ਬਾਰੇ ਮੈਂ ਵੀ ਇਕ ਗੱਲ ਕਹਿਣੀ ਚਾਹੁੰਦਾ ਹਾਂ, ਅਪਣੀ ਰੂਲਿੰਗ ਦੇਣ ਤੋਂ ਪਹਿਲਾਂ ਮੇਰੀ ਗੱਲ ਸੁਣ ਲਓ ਔਰ ਇਕੱਠੀ ਰੂਲਿੰਗ ਦੇ ਦੇਣਾ। ਜਿਸ ਵਕਤ ਇਹ ਗੱਲ ਕਹੀ ਜਾਂਦੀ ਹੈ ਕਿ ਫਲਾਣੇ ਬੰਦੇ ਨੂੰ ਬਣਾਇਆ, ਫਲਾਣੇ ਅਫ਼ਸਰ ਨੂੰ ਫਲਾਣੀ ਜਗਾ ਲਗਾ ਕੇ ਕੁਰੱਪਸ਼ਨ ਕੀਤੀ ਤਾਂ ਭਾਵ ਚੀਫ਼ ਮਨਿਟਰ ਯਾਨੀ ਕਿ ਬਣਾਉਣ ਵਾਲੇ ਤੇ ਕੁਰੱਪਸ਼ਨ ਦਾ ਚਾਰਜ ਲਗਾਉਣ ਦਾ ਹੈ। ਉਸ ਆਦਮੀ ਨੇ ਅਪਣੇ ਆਪ ਨਹੀਂ ਬਣ ਜਾਣਾ ਹੁੰਦਾ। ਸਵਾਲ ਇਹ ਹੈ ਕਿ ਕੀ ਉਸ ਤੋਂ ਸੀਨੀਅਰ ਕੋਈ ਅਫ਼ਸਰ ਇਸ ਮਕਸਦ ਵਾਸਤੇ ਨਹੀਂ ਸੀ ਜਿਹੜਾ ਜੂਨੀਅਰ ਨੂੰ ਲੈ ਲਿਆ ? ਸੋ ਉਸ ਨੂੰ ਬਣਾਉਣ ਵਾਲੇ ਨੇ ਕੁਰੱਪਸ਼ਨ ਕੀਤੀ ਹੈ। ਇਸ ਲਈ he is not to defend himself ਇਹ ਤਾਂ ਇਨਸਟਾਂਸਿਜ਼ ਕੋਟ ਕੀਤੀਆਂ ਗਈਆਂ ਹਨ।

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿੱਲ) : ਆਨ ਏ ਪੁਆਇੰਟ ਆਫ ਆਰਡਰ, ਸਰ। ਇਹ ਠੀਕ ਹੈ ਕਿ ਕੋਈ ਗੱਲ ਐਸੀ ਨਹੀਂ। ਜਦ ਮੇਰੀ ਬਾਰੀ ਆਏਗੀ ਤਾਂ ਮੈਂ ਆਪ ਦਸਾਂਗਾ ਪਰ ਇਹ ਇਹ ਕਹਿ ਸਕਦੇ ਹਨ ਕਿ ਪਬਲਿਕ ਸਰਵਿਸ ਕਮੀਸ਼ਨ ਐਸਾ ਬਣਾ ਦਿਤਾ ਕਿਸੇ ਅਫ਼ਸ਼ਰ ਦਾ ਨਾਂ ਨਹੀਂ ਲੈਣਾ ਚਾਹੀਦਾ। ਇਹ ਹਮੇਸ਼ਾ ਕਰਦੇ ਰਹੇ ਹਨ।

ਸ਼੍ਰੀ ਡਿਪਟੀ ਸਪੀਕਰ : ਜਿਥੇ ਤਕ ਮੇਰਾ ਸਬੰਧ ਹੈ ਕੋਈ ਫੈਸਲਾ ਤਾਂ ਹੋਣਾ ਚਾਹੀਦਾ ਹੈ। ਜੋ ਆਦਮੀ ਇਥੇ ਹਾਜ਼ਰ ਨਹੀਂ ਹੈ ਹੀ ਸ਼ੁਡ ਨੌਟ ਬੀ ਡਿਸਕਸਡ। (So far as I am concerned, I should give my ruling on this point. Any person who is not present in the House should not be discussed)

ਸ਼੍ਰੀ ਸਤਪਾਲ ਡਾਂਗ : ਮੈਂ ਅਫਸਰ ਦੀ ਗਲ ਨਹੀਂ ਕਰਦਾ, ਮੈਂ ਤਾਂ ਪ੍ਰਿੰਸੀਪਲ ਦੀ ਗਲ ਕਰਦਾ ਹਾਂ। ਕੀ ਕੁਰੱਪਸ਼ਨ ਬੰਦ ਕਰਨ ਦਾ ਇਹੀ ਤਰੀਕਾ ਹੈ ਜੋ ਇਨ੍ਹਾਂ ਨੇ ਨਵੇਂ ਰੂਟ ਪਰਮਿਟ ਦੇ ਕੇ ਅਪਣਾਇਆ ਹੈ ? ਅਸੀਂ ਇਕ ਬਹੁਤ ਵਡੇ ਅਫ਼ਸਰ ਦਾ ਕੇਸ ਉਠਾਇਆ, ਉਸ ਦੇ ਖਿਲਾਫ 3 ਕੇਸ ਸਾਬਤ ਕੀਤੇ ਗਏ, ਸਮਗਲਿੰਗ ਦੇ ਕੇਸ। ਉਸ ਨੂੰ ਸਸਪੈਂਡ ਵੀ ਨਹੀਂ ਕੀਤਾ ਗਿਆ। ਇਕ ਹੋਰ ਅਫਸਰ ਡਿਫੈਂਸ ਫੰਡ ਦਾ ਹਜ਼ਾਰਾਂ ਰੁਪਿਆ ਖਾ ਗਿਆ, ਸੋਨਾ ਖਾ ਗਿਆ, ਉਸ ਦੇ ਖਿਲਾਫ ਕੋਈ ਐਕਸ਼ਨ ਨਹੀਂ ਹੋਇਆ। 4 ਮਹੀਨੇ ਤੋਂ ਫਾਈਲ ਦਬੀ ਪਈ ਹੈ। ਅਗਰ ਸਾਡੀ ਮਿਨਿਸਟਰੀ ਹੁੰਦੀ ਤਾਂ ਹੁਣ ਨੂੰ ਉਹ ਕਦੋ ਦਾ ਪਾਰ ਹੁੰਦਾ। ਇਹ ਪਤਾ ਨਹੀਂ ਕਦੋਂ ਕਰਦੇ ਹਨ। (ਵਿਘਨ) ਅਸੀਂ ਦਬੀ ਹੋਈ ਫਾਈਲ ਕਢੀ। ਮੈਂ ਹੋਰ ਕੇਸਾਂ ਵਿਚ ਨਹੀਂ ਜਾਣਾ ਚਾਹੁੰਦਾ।

ਇਸ ਸਰਕਾਰ ਨੇ ਕਿਹਾ ਕਿ ਇਹ ਇਸ ਸਿਲਸਿਲੇ ਵਿਚ ਇਕ ਹੋਰ ਗਲ ਕਰੇਗੀ।

[ਸ਼੍ਰੀ ਸੱਤਪਾਲ ਡਾਂਗ]

ਕਹਿੰਦੇ ਹਨ ਕਿ ਲੈਜਿਸਲੇਟਰਜ਼ ਦੀ ਇਕ ਕਮੇਟੀ ਬਣਾਵਾਂਗੇ। ਜਦੋਂ ਪਿਛਲੀ ਸਰਕਾਰ ਨੇ ਲੈਜਿਸਲੇਟਰਜ਼ ਦੀ ਐਸੀ ਕਮੇਟੀ ਬਣਾਉਣ ਦੀ ਤਜਵੀਜ਼ ਕੀਤੀ ਸੀ ਤਾਂ ਪ੍ਰਬੋਧ ਚੰਦ੍ਰ ਹੋਰਾਂ ਨੇ ਉਸ ਦੀ ਮੁਖਾਲਫਤ ਕੀਤੀ ਸੀ। ਅਗਰ ਕੁਰੱਪਸ਼ਨ ਦੂਰ ਕਰਨੀ ਹੈ ਤਾਂ ਹਾਈ ਕੋਰਟ ਦੇ ਜਜ ਦੇ ਨੀਚੇ ਇਕ ਇੰਡੀਪੈਂਡੈਂਟ ਟ੍ਰੀਬਿਯੂਨਲ ਬਣਾਇਆ ਜਾਵੇ। ਲੈਜਿਸਲੇਟਰਜ਼ ਦੀ ਕਮੇਟੀ ਠੀਕ ਕੰਮ ਨਹੀਂ ਕਰੇਗੀ, ਉਹ ਤਾਂ ਵਿਕਟਮਾਈਜੇਸ਼ਨ ਦਾ ਇਕ ਹਥਿਆਰ ਹੋਵੇਗੀ ਜਿਸ ਤਰੀਕੇ ਦੇ ਨਾਲ ਆਪ ਬਣਾਉਣਾ ਚਾਹੁੰਦੇ ਹੋ।

ਇਕ ਗਲ ਜੋ ਮੈਂ ਕਹਿਣੀ ਹੈ ਉਹ ਇਹ ਹੈ ਕਿ ਸਰਕਾਰ ਚਲਾਉਣ ਵਿਚ ਐਡਮਿਨਿਸਟ੍ਰੇਸ਼ਨ ਦਾ ਬੜਾ ਰੋਲ ਹੁੰਦਾ ਹੈ। ਉਸ ਦੀ ਅਜ ਕੀ ਹਾਲਤ ਹੈ, ਉਸ ਵਲ ਇਨ੍ਹਾਂ ਦਾ ਕੀ ਵਤੀਰਾ ਹੈ? ਮੈਂ ਜ਼ਿੰਮੇਦਾਰੀ ਨਾਲ ਕਹਿੰਦਾ ਹਾਂ ਕਿ ਅਜ ਅਗਰ ਕੋਈ ਅਫਸਰ ਚੀਫ ਮਨਿਸਟਰ ਸਾਹਬ ਨੂੰ ਕਹਿੰਦਾ ਹੈ ਕਿ ਚੀਫ ਮਨਿਸਟਰ ਸਾਹਿਬ ਆਪ ਨੇ ਜੋ ਹੁਕਮ ਦਿਤਾ ਹੈ ਇਹ ਗੈਰ ਕਾਨੂੰਨੀ ਹੈ ਤਾਂ ਉਸ ਨੂੰ ਰਾਤੋਂ ਰਾਤ ਕੰਡੈਮ ਕੀਤਾ ਜਾਵੇਗਾ, ਟ੍ਰਾਂਸਫਰ ਕੀਤਾ ਜਾਵੇਗਾ, ਉਸ ਦੇ ਖਿਲਾਫ ਐਕਸ਼ਨ ਲਿਆ ਜਾਵੇਗਾ। ਅਤੇ ਅਗਰ ਕੋਈ ਇਨਐਫੀਸ਼ੈਂਟ ਅਫਸਰ ਹੈ ਆਪਣੇ ਕੰਮ ਨਾਲ ਵਾਕਫੀ ਨਹੀਂ ਰਖਦਾ ਉਸ ਨੂੰ ਅਗਰ ਕਿਹਾ ਜਾਵੇ ਕਿ ਫਲਾਣੇ ਨੂੰ ਕੁਟ ਤਾਂ ਉਹ ਕੁਟ ਦੇਵੇ, ਹਰ ਨਜਾਇਜ਼ ਕਾਰਵਾਈ ਕਰਨ ਲਈ ਤਿਆਰ ਹੋਵੇ ਤਾਂ ਉਸ ਨੂੰ ਫੋਰੀ ਤੌਰ ਤੇ ਪ੍ਰੋਮੋਸ਼ਨ ਮਿਲੇਗੀ। ਇਹ ਹੈ ਇਨ੍ਹਾਂ ਦਾ ਐਡਮਿਨਿਸਟ੍ਰੇਸ਼ਨ ਚਲਾਉਣ ਦਾ ਤਰੀਕਾ। ਕੀ ਇਸ ਤਰ੍ਹਾਂ ਸਰਕਾਰ ਚਲੇਗੀ? ਇਹ ਤਾਂ ਇਕ ਮਿਸਾਲ ਹੈ, ਦਰਜਨਾਂ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ ਕਿ ਕਿਸ ਤਰ੍ਹਾਂ ਅਫਸਰਾਂ ਨੂੰ ਡੀਮੋਰੇਲਾਈਜ਼ ਅਤੇ ਟੇਰੋਰਾਈਜ਼ ਕਰਨ ਲਈ, ਜੋ ਆਜ਼ਾਦਾਨਾ ਰਾਏ ਦਿੰਦੇ ਹਨ ਉਨ੍ਹਾਂ ਦੇ ਖਿਲਾਫ ਕਾਰਵਾਈ ਕੀਤੀ ਜਾਂਦੀ ਹੈ। ਜੋ ਇਨ੍ਹਾਂ ਦੇ ਕਹਿਣੇ ਮੁਤਾਬਿਕ ਗੈਰ ਕਾਨੂੰਨੀ ਕਰੇ ਉਸ ਨੂੰ, ਇਹ ਕਮਿਸ਼ਨਰ ਬਣਾਉਂਦੇ ਹਨ ਜਾਂ ਹੋਰ, ਪ੍ਰੋਮੋਸ਼ਨਜ਼ ਦਿੰਦੇ ਹਨ। ਉਨ੍ਹਾਂ ਦੀ ਮਰਜ਼ੀ ਦੇ ਮੁਤਾਬਕ ਪੋਸਟਿੰਗ ਕਰਦੇ ਹਨ। ਇਕ ਗਲ ਮੈਂ ਜੋ ਟਾਪ ਅਫਸਰ ਹਨ, ਜੋ ਬਿਉਰੋਕਰੇਸੀ ਹੈ ਉਸ ਨੂੰ ਕਹਿਣਾ ਚਾਹੁੰਦਾ ਹਾਂ। ਉਨ੍ਹਾਂ ਨੂੰ ਪਤਾ ਹੈ ਕਿ ਇਥੇ ਦਾਸ ਕਮਿਸ਼ਨ ਬਣਿਆ ਸੀ ਅਤੇ ਉਸ ਨੇ ਕਈ ਅਫਸਰਾਂ ਨੂੰ ਨੇਮ ਕੀਤਾ ਸੀ। ਉਨ੍ਹਾਂ ਨੇ ਕਿਹਾ ਕਿ ਸਾਡੀ ਮਜਬੂਰੀ ਸੀ, ਸਾਨੂੰ ਹੁਕਮ ਮਿਲਿਆ ਸੀ। ਮੈਂ ਕਹਿੰਦਾ ਹਾਂ ਕਿ ਜੋ ਅਫਸਰ ਹਜ਼ਾਰ ਦੋ ਹਜ਼ਾਰ ਤਨਖਾਹ ਪਾਉਂਦਾ ਹੈ, ਕਨਫਰਮਡ ਹੈ ਓਸ ਦੀ ਆਪਣੀ ਵੀ ਕੁਝ ਜ਼ਿੰਮੇਦਾਰੀ ਹੁੰਦੀ ਹੈ, ਜ਼ਮੀਰ ਹੁੰਦੀ ਹੈ ਉਸ ਨੂੰ ਆਪਣੀ ਆਜ਼ਾਦਾਨਾ ਰਾਏ ਫਾਈਲ ਤੇ ਦੇਣੀ ਚਾਹੀਦੀ ਹੈ। ਜੋ ਅਫਸਰ ਗੈਰ ਕਾਨੂੰਨੀ ਅਤੇ ਗਲਤ ਕਾਰਵਾਈ ਕਰ ਰਹੇ ਹਨ, ਤਸ਼ੱਦਦ ਕਰ ਰਹੇ ਹਨ, ਉਨ੍ਹਾਂ ਨੂੰ ਜਨਤਾ ਦੀ ਸਰਕਾਰ ਜਦ ਆਵੇਗੀ ਉਸ ਦੇ ਸਾਹਮਣੇ ਜਵਾਬ ਦੇਣਾ ਪਵੇਗਾ।

(ਇਸ ਸਮੇਂ ਸ਼੍ਰੀ ਮੋਹਨ ਲਾਲ, ਪੈਨਲ ਆਫ ਚੇਅਰਮੈਨ ਦੇ ਇਕ ਮਾਨਯੋਗ ਮੈਂਬਰ ਨੇ ਕੁਰਸੀ ਸੰਭਾਲੀ)

ਆਖਿਰ ਵਿਚ ਜੋ ਗਲ ਮੈਂ ਆਪ ਦੇ ਸਾਹਮਣੇ ਰਖਣੀ ਹੈ........

(ਵਿਘਨ) ਇਹ ਜਨਤਾ ਦੇ ਦੁਸ਼ਮਨ ਹਨ। ਟਾਈਮਜ਼ ਆਫ ਇੰਡੀਆ ਦਾ ਸਰਟੀਫਿਕੇਟ

ਨਹੀਂ ਪੜ੍ਹਿਆ। ਮੈਂ ਇਹ ਕਹਿਣਾ ਹੈ ਕਿ ਆਖਰ ਇਹ ਟੈਕਸ ਕਿਉਂ ਲਗਾਏ ਗਏ ਹਨ, ਇਸ ਤਰ੍ਹਾਂ ਦਾ ਬਜਟ ਕਿਉਂ ਪੇਸ਼ ਕੀਤਾ ਗਿਆ ਹੈ ? ਅਤੇ ਇਸ ਨੂੰ ਨਾਫਜ਼ ਕਰਨ ਲਈ ਇਹ ਸਰਕਾਰ ਕੀ ਕਰ ਰਹੀ ਹੈ। ਇਥੇ 20 ਸਾਲ ਤੋਂ ਸੋਸ਼ਲਿਜ਼ਮ ਦੇ ਨਾਮ ਤੇ ਸਰਮਾਇਦਾਰਾਂ ਨੂੰ ਪਾਲਿਆ ਗਿਆ ਹੈ। ਲਖਪਤੀ ਕਰੋੜਪਤੀ ਹੋ ਗਿਆ, ਕਰੋੜਪਤੀ ਅਰਬਪਤੀ ਹੋ ਗਿਆ ਜਦਕਿ ਗਰੀਬ ਗਰੀਬ ਹੀ ਰਹੇ। ਤਰੱਕੀ ਦੇ ਨਾਮ ਤੇ ਗਰੀਬਾਂ ਦਾ ਖੂਨ ਚੂਸਿਆ ਗਿਆ ਹੈ। ਇਥੇ ਇਕ ਨਵੀਂ ਸਰਕਾਰ ਆਈ। ਉਸ ਨੇ ਇਸ ਦੇ ਉਲਟਾ ਰਸਤਾ ਅਪਣਾਇਆ, ਲੋਕਾਂ ਨੇ ਉਸ ਦਾ ਸਵਾਗਤ ਕੀਤਾ। ਕਾਂਗਰਸ ਦੀ ਸਰਮਾਇਆਦਾਰੀ ਦੇ ਰਸਤੇ ਵਾਲੀ ਇਕਤਸਾਦੀ ਪਾਲਸੀ ਦਾ ਦੀਵਾਲਾ ਜਿਸ ਹਦ ਤਕ ਨਿਕਲ ਚੁਕਾ ਹੈ ਉਸ ਦੀ ਮਿਸਾਲ ਸਭ ਦੇ ਸਾਹਮਣੇ ਹੈ। ਇਥੇ ਪਹਿਲੀ, ਦੂਜੀ, ਤੀਜੀ ਪੰਜ ਸਾਲਾ ਪਲੈਨਾਂ ਚਲੀਆਂ ਮਗਰ ਚੌਥੀ ਵਿਚ 3 ਸਾਲ ਦਾ ਘਾਪਾ ਪੈ ਗਿਆ, ਬਣਦੀ ਹੀ ਨਹੀਂ ਹੈ। ਇੰਡਸਟਰੀ ਦੀ ਡਿਵੈਲਪਮੈਂਟ ਦੀ ਪੇਸ ਕੀ ਹੈ ? ਇਹ ਇਤਨੀ ਘਟ ਹੈ ਕਿ ਅਗਰ ਇਹੀ ਕਾਇਮ ਰਹਿੰਦੀ ਤਾਂ ਸੌ ਸਾਲ ਬਾਦ ਵੀ ਹਿੰਦੋਸਤਾਨ ਪਿਛੜਿਆ ਹੋਇਆ ਹੀ ਰਹਿੰਦਾ। ਅਜ ਉਹ ਪੇਸ ਵੀ ਨਹੀਂ ਰਹੀ। ਇਹ ਹਾਲਤ ਇਨ੍ਹਾਂ ਦੀ ਨੀਤੀ ਕਰਕੇ ਹੈ। ਇਸ ਕਰਕੇ ਭੰਡੇ ਜਾ ਰਹੇ ਹਨ। ਇਨ੍ਹਾਂ ਨੇ ਇਸੇ ਵਜ੍ਹਾ ਕਰਕੇ ਇਥੇ ਮਾਇਨਾਰਿਟੀ ਗੌਰਮੈਂਟ ਬਣਾ ਦਿਤੀ ਹੈ, ਜਿਸ ਦੀ ਫਾਲੋਇੰਗ ਕੋਈ ਨਹੀਂ ਹੈ ਜਿਸ ਦੀ ਕੋਈ ਜ਼ਿੰਮੇਦਾਰੀ ਨਹੀਂ ਹੈ। ਇਹ ਇਨ੍ਹਾਂ ਨੇ ਇਸ ਲਈ ਕੀਤਾ ਹੈ ਕਿ ਲੋਕਾਂ ਨੇ ਮੁਖਾਲਫਤ ਕਰਨੀ ਹੈ। ਇਸ ਲਈ ਇਨ੍ਹਾਂ ਨੇ ਜਮਹੂਰੀਅਤ ਹੀ ਖਤਮ ਕਰ ਦਿਤੀ, ਸਿਵਿਲ ਲਿਬਰਟੀਜ਼ ਨੂੰ ਖਤਮ ਕਰ ਦਿਤਾ ਹੈ ਅਤੇ ਪੁਲੀਸ ਰਾਜ ਕਾਇਮ ਕਰ ਦਿਤਾ ਹੈ। ਕਿਸ ਤਰ੍ਹਾਂ ਪੁਲਿਸ ਰਾਜ ਕਾਇਮ ਕੀਤਾ ਹੈ ? ਵਿਧਾਨ ਪਰੀਸ਼ਦ ਵਿਚ ਚੌਧਰੀ ਕਰਤਾਰ ਸਿੰਘ ਹੋਰਾਂ ਨੇ ਇਕ ਸਵਾਲ ਦੇ ਜਵਾਬ ਵਿਚ ਦਸਿਆ ਹੈ ਕਿ 18 ਤੋਂ ਲੈਕੇ 21 ਤਰੀਕ ਤਕ 3 ਦਿਨਾਂ ਵਿਚ 308 ਸਿਆਸੀ ਵਰਕਰ ਗ੍ਰਿਫਤਾਰ ਕੀਤੇ (ਇਕ ਆਵਾਜ਼: ਅਗ ਲਾਉਣ ਵਾਲੇ) ਇਨ੍ਹਾਂ ਨੂੰ ਸਾਰੇ ਅਗ ਲਾਉਣ ਵਾਲੇ ਹੀ ਨਜ਼ਰ ਆਉਂਦੇ ਹਨ। ਉਹ ਦਿਨ ਦੂਰ ਨਹੀਂ ਕਿ ਜਨਤਾ ਨੇ ਇਨ੍ਹਾਂ ਦੀਆਂ ਨੀਤੀਆਂ ਨੂੰ ਅਗ ਲਾਕੇ ਖਤਮ ਕਰ ਦੇਣਾ ਹੈ। (ਵਿਘਨ) ਇਨ੍ਹਾਂ ਨੂੰ ਹਰ ਥਾਂ ਲਾਲ ਹੀ ਨਜ਼ਰ ਆਉਂਦਾ ਹੈ। ਚੇਅਰਮੈਨ ਸਾਹਿਬ, 21ਤਰੀਕ ਨੂੰ ਮੁਜ਼ਾਹਰਾ ਹੋਣਾ ਸੀ। ਉਸ ਤੋਂ ਪਹਿਲੇ 3 ਦਿਨਾਂ ਵਿਚ 300 ਸਿਆਸੀ ਵਰਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਜਿਨ੍ਹਾਂ ਨੂੰ 2 ਦਿਨ ਥਾਣਿਆਂ ਵਿਚ ਬਿਠਾ ਰਖਿਆ ਉਨ੍ਹਾਂ ਦੀ ਗਿਨਤੀ ਹਜ਼ਾਰਾਂ ਵਿਚ ਹੈ, ਜਿਨ੍ਹਾਂ ਦੀ ਰਿਪੋਰਟ ਨਹੀਂ ਲਿਖੀ। ਕਲ੍ਹ ਅੰਮ੍ਰਿਤਸਰ ਵਿਚ ਹੀ 67 ਦੇ ਖਿਲਾਫ ਮੁਕਦਮਾ ਚਲਾਇਆ ਗਿਆ ਹੈ ਮਗਰ ਜਿਨ੍ਹਾਂ ਨੂੰ ਗਡੀ ਤੋਂ ਉਤਾਰਿਆ ਗਿਆ ਉਨ੍ਹਾਂ ਦੀ ਗਿਨਤੀ ਬਹੁਤ ਹੈ ਅਤੇ ਅਨਗਿਨਤ ਲੋਕਾਂ ਤੇ ਪੁਲੀਸ ਨੂੰ ਹਦਾਇਤਾਂ ਦੇ ਕੇ ਝੂਠੇ ਐਫ. ਆਈ. ਆਰ. ਬਣਵਾ ਕੇ, ਗੋਲ ਮੋਲ ਪੁਆਇੰਟ ਬਣਾਕੇ ਝੂਠੇ ਮੁਕਦਮੇ ਬਣਾਏ ਜਾ ਰਹੇ ਹਨ, ਜੁਡੀਸ਼ਰੀ ਨੂੰ ਡੀਮਾਰੇਲਾਈਜ਼ ਕੀਤਾ ਜਾ ਰਿਹਾ ਹੈ। ਇਹ ਕਹਿੰਦੇ ਹਨ ਕਿ ਪੀ. ਸੀ. ਐਸ. ਅਫਸਰਾਂ ਦੇ ਗ੍ਰੇਡ ਵਧਾ ਦਿਤੇ ਹਨ, ਹੋਰਾਂ ਦਾ ਕੇਸ ਨਹੀਂ ਹੈ। ਪੀ. ਸੀ. ਐਸ. ਅਫਸਰਾਂ ਦੇ ਗ੍ਰੇਡ ਇਸ ਲਈ ਵਧਾਏ ਹਨ ਕਿ ਉਨ੍ਹਾਂ ਨੂੰ ਚਮਚੇ ਬਣਾ ਕੇ ਇਸਤੇਮਾਲ ਕਰਨਾ ਚਾਹੁੰਦੇ ਹਨ। ਇਨ੍ਹਾਂ ਨੂੰ ਪਤਾ ਹੈ ਚੌਥੇ ਦਰਜੇ ਦੇ ਮੁਲਾਜ਼ਮਾਂ ਨੂੰ ਸਾਲ ਮਗਰੋਂ ਅਠ ਆਨੇ ਤਰਕੀ ਮਿਲਦੀ ਹੈ ਅਜ 1968 ਦੇ ਜ਼ਮਾਨੇ ਵਿਚ। ਕਹਿੰਦੇ ਹਨ ਕੇ ਉਨ੍ਹਾਂ ਦਾ ਕੇਸ ਪੇ ਕਮਿਸ਼ਨ ਪਾਸ ਹੈ। ਕੀ ਪੀ.

[ਸ੍ਰੀ ਸਤਪਾਲ ਡਾਂਗ]

ਸੀ. ਐਸ. ਵਾਲਿਆਂ ਦਾ ਕੇਸ ਉਨ੍ਹਾਂ ਦੇ ਪਾਸ ਨਹੀਂ ਸੀ ? ਅਗਰ ਕਮਿਸ਼ਨ ਦੀਆਂ ਸਿਫਾਰਿਸ਼ਾਂ ਦਾ ਇੰਤਜ਼ਾਰ ਕੀਤੇ ਬਿਨਾ ਕਿਸੇ ਦਾ ਗ੍ਰੇਡ ਰੀਵਾਈਜ਼ ਕਰਨਾ ਸੀ ਤਾਂ ਉਹ ਚੌਥੇ ਦਰਜੇ ਵਾਲਿਆਂ ਦਾ ਕਰਨਾ ਸੀ। ਫਿਰ ਟੈਂਪਰੇਰੀ ਇੰਜਨੀਅਰਜ਼ ਸਾਲ ਤੋਂ ਕਹਿ ਰਹੇ ਹਨ ਕਿ ਸਾਡਾ ਕੇਸ ਜੁਦਾ ਹੈ, ਕਹਿੰਦੇ ਹਨ ਕਿ ਪੇ ਕਮਿਸ਼ਨ ਦੀ ਰਿਪੋਰਟ ਦੇਖਾਂਗੇ। ਮਗਰ ਪੀ. ਸੀ. ਐਸ. ਵਾਲਿਆਂ ਨੂੰ ਕਹਿੰਦੇ ਹਨ ਕਿ ਤੁਸੀਂ ਸਾਡੀ ਗਲ ਮੰਨੋ ਅਸੀਂ ਤੁਹਾਨੂੰ ਦਿੰਦੇ ਹਾਂ। (ਵਿਘਨ) ਅਜ ਪੰਜਾਬ ਦੀ ਹਾਲਤ ਕੀ ਹੈ ? ਹਰ ਜਗ੍ਹਾ ਇਕ ਹੀ ਹਾਲ ਹੈ। ਧਾਰੀਵਾਲ ਮਿਊਂਸਪੈਲਟੀ ਦਾ ਪ੍ਰੈਜ਼ੀਡੈਂਟ ਹੈ, ਉਨ੍ਹਾਂ ਦਾ ਇਹ ਤਾਰ ਆਇਆ ਹੈ ਕਿ ਹਰ ਰੋਜ਼ ਪੁਲੀਸ ਉਨ੍ਹਾਂ ਦੇ ਪਿਛੇ ਹੈ ਧਮਕੀਆਂ ਦਿੰਦੇ ਹਨ। ਬਠਿੰਡੇ ਦੀ ਨਗਰ ਸਭਾ ਵਲੋਂ ਚਿਠੀ ਆਈ ਹੈ, ਪੋਸਟਰ ਵੀ ਹਨ ਕਿ ਉਥੇ ਗੁੰਡਾ ਗਰਦੀ ਦਾ ਰਾਜ ਹੈ। ਡਿਪਟੀ ਮਨਿਸਟਰ ਅਗਰ ਉਥੇ ਜਾਵੇ ਤਾਂ 200 ਸਿਪਾਹੀ, ਮਿਨਿਸਟਰ ਜਾਵੇ ਤਾਂ 500 ਅਤੇ ਅਗਰ ਚੀਫ ਮਿਨਿਸਟਰ ਜਾਵੇ ਤਾਂ 2000 ਸਿਪਾਹੀ ਨਾਲ ਆਉਂਦੇ ਹਨ। ਪੁਲਿਸ ਦਾ ਹੁਣ ਕੰਮ ਇਹੀ ਰਹਿ ਗਿਆ ਹੈ। ਜਲੰਧਰ ਦੇਖੋ ਲਾ ਐਂਡ ਆਰਡਰ ਦੀ ਹਾਲਤ ਬਹੁਤ ਖਰਾਬ ਹੈ, ਪੁਲਿਸ ਨੂੰ ਹੋਰ ਕੋਈ ਕੰਮ ਹੀ ਨਹੀਂ ਸਿਵਾਏ ਇਹ ਕਿ ਜਿਸ ਨੂੰ ਇਹ ਕਹਿਣ ਉਸ ਨੂੰ ਮਾਰਨ। ਪੁਲਸ ਅਫਸਰਾਂ ਨੂੰ ਖੁਲੀ ਛੁਟੀ ਦੇ ਦਿਤੀ ਗਈ ਹੈ। ਇਸ ਦਾ ਨਤੀਜਾ ਬਹੁਤ ਭੈੜਾ ਹੋਵੇਗਾ। ਪੁਲਿਸ ਓਨ੍ਹਾਂ ਨੂੰ ਹੀ ਨਹੀਂ ਮਾਰੇਗੀ ਜਿਨ੍ਹਾਂ ਨੂੰ ਇਹ ਕਹਿੰਦੇ ਹਨ, ਉਹ ਤਾਂ ਫਿਰ ਜਿਸ ਨੂੰ ਚਾਹੇਗੀ ਮਾਰੇਗੀ।

ਸ੍ਰੀ ਸਭਾਪਤੀ (ਸ੍ਰੀ ਮੋਹਨ ਲਾਲ) : ਆਪ ਨੂੰ ਬੋਲਦਿਆਂ ਘੰਟਾ ਹੋ ਗਿਆ ਹੈ, ਹੋਰ ਆਪ ਨੂੰ ਕਿੰਨਾ ਟਾਈਮ ਚਾਹੀਦਾ ਹੈ ? (The hon. Member has taken one hour. How much more time would he take ?)

ਸ੍ਰੀ ਸਤਪਾਲ ਡਾਂਗ : ਮੈਂ ਵਾਈਂਡ ਅਪ ਹੀ ਕਰ ਰਿਹਾ ਹਾਂ। ਆਖਿਰ ਵਿਚ ਮੈਂ ਇਹ ਕਹਿਣਾ ਹੈ ਕਿ ਇਹ ਜੋ ਬਜਟ ਇਸ ਤਰ੍ਹਾਂ ਦਾ ਪੇਸ਼ ਕੀਤਾ ਗਿਆ ਹੈ ਜਿਸ ਵਿਚ ਖੇਤੀਬਾੜੀ ਨੂੰ ਤਬਾਹ ਕੀਤਾ ਗਿਆ ਹੈ, ਜਨਤਾ ਦਾ ਖੂਨ ਪੀਣ ਲਈ ਭਾਰੀ ਟੈਕਸ ਲਾਏ ਗਏ ਹਨ, ਪੰਜਾਬ ਦੀ ਡਵੈਲਪਮੈਂਟ ਖਤਮ ਕੀਤੀ ਗਈ ਹੈ। ਇਸ ਵਿਚ ਐਸੀਆਂ ਗਲਾਂ ਕੀਤੀਆਂ ਗਈਆਂ ਹਨ ਕਿ ਨਵੀਆਂ ਸਕੀਮਾਂ ਚਾਲੂ ਨਹੀਂ ਹੋ ਸਕਦੀਆਂ। ਇਸ ਵਿਚ ਇਨ੍ਹਾਂ ਇਕ ਇਹ ਗਲ ਕਹੀ ਹੈ ਕਿ ਸੈਂਟਰ ਇਨ੍ਹਾਂ ਨੂੰ ਇਗਨੋਰ ਕਰਦਾ ਹੈ, ਪੰਜਾਬ ਨਾਲ ਵਿਤਕਰਾ ਹੁੰਦਾ ਹੈ, ਇੰਡਸਟਰੀ ਲਗਾਉਣ ਵਿਚ ਮਦਦ ਨਹੀਂ ਕਰਦਾ। ਮਗਰ ਇਹ ਗਲਾਂ ਉਸ ਪਾਸੋਂ ਕਰਵਾਉਣ ਦੀ ਇਨ੍ਹਾਂ ਵਿਚ ਹਿੰਮਤ ਨਹੀਂ ਹੈ ਇਸ ਲਈ ਜਨਤਾ ਦੀ ਸਰਕਾਰ ਹੋਣੀ ਚਾਹੀਦੀ ਹੈ ਜੋ ਹਿੰਦ ਸਰਕਾਰ ਨੂੰ ਕਹੇ ਕਿ ਰੀਸੋਰਸਿਜ਼ ਦੀ ਠੀਕ ਵੰਡ ਹੋਣੀ ਚਾਹੀਦੀ ਹੈ, ਸੂਬੇ ਨੂੰ ਪੂਰਾ ਹਕ ਮਿਲਣਾ ਚਾਹੀਦਾ ਹੈ, ਅਤੇ ਅਸੀਂ ਪੰਜਾਬ ਨਾਲ ਧੱਕਾ ਨਹੀਂ ਹੋਣ ਦਿਆਂਗੇ। ਫਿਨਾਂਸ ਕਮਿਸ਼ਨ 5 ਸਾਲ ਮਗਰੋਂ ਕਿਉਂ ਬਣੇ, ਇਕ ਮੁਸਤਕਿਲ ਫਿਨਾਂਸ ਕਮਿਸ਼ਨ ਹੋਣਾ ਚਾਹੀਦਾ ਹੈ ਤਾਂਕਿ ਸਭ ਨਾਲ ਇਨਸਾਫ ਹੋ ਸਕੇ। ਇਨ੍ਹਾਂ ਨੇ ਕਾਂਗਰਸ ਦੀਆਂ ਨੀਤੀਆਂ ਅਪਣਾਈਆਂ ਹਨ ਜੋ ਇਨ੍ਹਾਂ ਦੇ ਪਿਛੇ ਹੈ। ਉਨ੍ਹਾਂ ਤੋਂ ਬਗੈਰ ਇਹ ਸਰਕਾਰ ਚਲਾ ਨਹੀਂ ਸਕਦੇ। ਮਨਾਰੇਟੀ ਸਰਕਾਰ ਬਣੀ ਤੇ ਲੋਕਾਂ ਤੇ ਇਸ ਤਰ੍ਹਾਂ ਦੇ ਭਾਰੀ ਟੈਕਸ

ਲਾਏ ਤੇ ਅਵਾਮ ਨੇ ਦੁਸ਼ਮਨ ਪਾਲਿਸੀ ਦੀ ਮੁਖਾਲਫਤ ਕੀਤੀ। ਇਸ ਤਰ੍ਹਾਂ ਹਕੂਮਤ ਪੰਜਾਬ ਵਿਚ ਨਹੀਂ ਚਲੇਗੀ ਜਾਂ ਤਾਂ ਜਨਤਾ ਇਹ ਲਾਏ ਗਏ ਟੈਕਸ ਅਦਾ ਨਹੀਂ ਕਰੇਗੀ ਤੇ ਜਾਂ ਫਿਰ ਇਹ ਸਰਕਾਰ ਨਹੀਂ ਰਹੇਗੀ। ਇਸ ਤਰ੍ਹਾਂ ਦੇ ਟੈਕਸ ਵਾਲੇ ਬਜਟ ਦੀ ਅਸੀਂ ਰਿਆਇਤ ਨਹੀਂ ਕਰ ਸਕਦੇ। ਇਕ ਆਇਟਮ ਦੀ ਹਮਾਇਤ ਕਰਾਂਗੇ ਜੇਕਰ ਉਸ ਦਾ ਪ੍ਰੋਵੀਜ਼ਨ ਇਸ ਬਜਟ ਵਿਚ ਇਹ ਕਰ ਦੇਣ ਤੇ ਉਹ ਹੈ Mid term elections ਲਈ ਖਰਚ। ਜਿਹੜੀਆਂ ਕਿ ਹਰ ਹਾਲਤ ਵਿਚ ਹੋਈਆਂ ਹਨ ਤਾਂ ਹੀ ਪੰਜਾਬ ਦੀ ਹਾਲਤ ਸੁਧਰ ਸਕਦੀ ਹੈ। ਉਸ ਲਈ ਜੇਕਰ ਬਜਟ ਵਿਚ ਹੁਣ ਪ੍ਰੋਵੀਜਨ ਕਰ ਦੇਣ ਤਾਂ ਅਸੀਂ ਉਸ ਦੀ ਹਮਾਇਤ ਕਰਾਂਗੇ। (ਪ੍ਰਸੰਸਾ)

ਉਦਯੋਗ ਮੰਤਰੀ (ਸ਼੍ਰੀ ਬਿਸ਼ੰਭਰ ਨਾਥ ਮਕੱੜ) : ਚੇਅਰਮੈਨ ਸਾਹਿਬ ਡਾਂਗ ਸਾਹਿਬ ਨੇ ਬਜਟ ਤੇ ਡਿਸਕਸ਼ਨ ਨੂੰ ਅਜ ਓਪਨ ਕੀਤਾ ਹੈ। ਮੈਂ ਆਸ ਕਰਦਾ ਸੀ ਕਿ ਉਹ ਮੁਦਲੱਲ ਤਕਰੀਰ ਕਰਨਗੇ ਪਰ ਬਜਟ ਵਿਚ ਜਿਹੜਾ 6 ਕਰੋੜ 60 ਲੱਖ ਰੁਪਏ ਦੇ ਟੈਕਸ ਲਗਾਣ ਦੀ ਤਜ਼ਵੀਜ਼ ਹੈ ਉਸ ਦੇ ਬਾਰੇ ਵਿਚ ਇੰਪ੍ਰੈਸਿਵ ਤਕਰੀਰ ਕਰਨਗੇ ਪਰ ਇਨ੍ਹਾਂ ਦੀ ਤਕਰੀਰ ਸੁਣਨ ਤੋਂ ਬਾਦ ਮੈਂ ਇਹ ਗਲ ਕਹਿਣੀ ਚਾਹੁੰਦਾ ਹਾਂ ਕਿ ਇਹ ਆਪਣੀ ਸਾਰੀ ਤਕਰੀਰ ਦੇ ਦਰਮਿਆਨ ਇਹ ਕਹਿਣਾ ਭੁਲ ਗਏ ਕਿ ਜਨਤਾ ਪਾਰਟੀ ਨੇ ਜਿਹੜੇ 6 ਕਰੋੜ 60 ਲੱਖ ਦੇ ਟੈਕਸ ਲਗਾਏ ਹਨ ਇਨ੍ਹਾਂ ਦੀ ਲੋੜ ਕਿਉਂ ਪਈ ਇਸ ਦਾ ਕਾਰਨ ਡਾਂਗ ਸਾਹਿਬ ਆਪ ਅਤੇ ਫਰੰਟ ਦੀ ਹਕੂਮਤ ਸੀ (ਪ੍ਰਸ਼ੰਸਾ) ਇਸ ਟੈਕਸ ਦਾ ਕਾਰਨ ਇਹ ਸੀ ਕਿ ਡਾਂਗ ਸਾਹਿਬ ਸਰਦਾਰ ਗੁਰਨਾਮ ਸਿੰਘ ਦੀ ਵਜ਼ਾਰਤ ਦੀ ਗੋਦੀ ਵਿਚ ਬੈਠੇ ਸ਼ਲ ਦਾ ਪਾਰਟ ਅਦਾ ਕਰ ਰਹੇ ਸਨ। ਕਮੂਨਿਸਟ ਹੋਣ ਦੇ ਨਾਤੇ ਸ਼ਾਇਦ ਡਾਂਗ ਸਾਹਿਬ ਇਸ ਗੱਲ ਨੂੰ ਨਾ ਸਮਝ ਸਕੇ ਹੋਣ। ਮੈਂ ਇਨ੍ਹਾਂ ਨੂੰ ਤਫਸੀਲ ਵਿਚ ਲੈ ਜਾਂਦਾ ਹਾਂ। ਜਦ ਕੌਰਵਾਂ ਤੇ ਪਾਂਡਵਾਂ ਦਾ ਯੁੱਧ ਹੋਇਆ ਤੇ ਸ਼ਲ ਨੇ ਸ਼੍ਰੀ ਕ੍ਰਿਸ਼ਨ ਨੂੰ ਕਿਹਾ ਕਿ ਮੈਂ ਤੁਹਾਡੀ ਕੋਈ ਸਹਾਇਤਾ ਨਹੀਂ ਕਰ ਸਕਦਾ ਹਾਂ ਕਿਉਂਕਿ ਮੈਂ ਤਾਂ ਕਰਨ ਰਾਜੇ ਦਾ ਰਥਵਾਨ ਹਾਂ ਇਸਲਈ ਮੈਂ ਖਿਮਾ ਦਾ ਜਾਚਕ ਹਾਂ। ਸ਼੍ਰੀ ਕ੍ਰਿਸ਼ਨ ਨੇ ਉਤਰ ਦਿੱਤਾ ਕਿ ਤੇਰਾ ਜੋ ਫਰਜ਼ ਹੈ ਉਹ ਇਹੀ ਹੈ ਕਿ ਤੂੰ ਆਪਣੀ ਡਿਊਟੀ ਪੂਰੀ ਕਰ ਪਰ ਸਾਥੀ ਹੋਣ ਦੇ ਨਾਤੇ ਇਹ ਗੱਲ ਨਹੀਂ ਕਿ ਤੂੰ ਮਦਦ ਨਹੀਂ ਕਰ ਸਕਦਾ ਤੂੰ ਪਾਂਡਵਾਂ ਦੀ ਮਦਦ ਇਸ ਪਰਕਾਰ ਕਰ ਸਕਦਾ ਹੈ ਕਿ ਜਿਸ ਵਕਤ ਤੈਨੂੰ ਟਾਈਮ ਮਿਲੇ ਤੂੰ ਇਕ ਗੱਲ ਕਿਹਾ ਕਰ ਕਿ ਕਰਨ ਤੂੰ ਅਰਜਨ ਦੇ ਮੁਕਾਬਲੇ ਵਿਚ ਜਿਤਣਾ ਨਹੀਂ। (ਹਾਸਾ) ਇਥੇ ਉਸੇ ਸ਼ਲ ਦਾ ਪਾਰਟ ਡਾਂਗ ਸਾਹਿਬ ਫਰੰਟ ਵਜ਼ਾਰਤ ਵਿਚ ਅਦਾ ਕਰਦੇ ਰਹੇ। ਮਿਸੇਜ਼ ਡਾਂਗ ਵਜ਼ਾਰਤ ਤੋਂ ਬਾਹਰ ਰਹਿਕੇ ਇਕ ਆਰਗੇਨਾਇਜੇਸ਼ਨ ਵਲੋਂ ਮੰਗਾਂ ਕਰਦੇ ਸਨ ਤੇ ਅੰਦਰੋ ਡਾਂਗ ਸਾਹਿਬ ਗੁਰਨਾਮ ਸਿੰਘ ਨੂੰ ਕਹਿੰਦੇ ਸਨ ਕਿ ਦਿਉ ਪਰੇ ਇਨ੍ਹਾਂ ਦੀ ਖਲਾਸੀ ਕਰਾਉ। ਇਨ੍ਹਾਂ ਨੇ ਬਜਟ ਨੂੰ ਪੜ੍ਹਿਆ ਹੋਣਾ ਹੈ ਕਿ ਫਰੰਟ ਸਰਕਾਰ ਨੇ 10.40 ਕਰੋੜ ਤਾਂ ਡੀ.ਏ. ਦੀ ਸ਼ਕਲ ਵਿੱਚ ਐਂਪਲਾਇਜ਼ ਨੂੰ ਦੇ ਦਿੱਤਾ (ਵਿਘਨ)

ਸ਼੍ਰੀ ਸੱਤਪਾਲ ਡਾਂਗ : ਵਾਪਸ ਲੈ ਲਉ ਜੇਕਰ ਲੈ ਸਕਦੇ ਹੋ।

ਉਦਯੋਗ ਮੰਤਰੀ (ਬਿਸ਼ੰਭਰ ਨਾਥ ਮਕੜ) : ਸਾਨੂੰ ਤਾਂ ਖੁਸ਼ੀ ਹੈ ਕਿ ਤੁਸੀਂ ਡੀ.ਏ. ਦਿੱਤਾ ਹੈ। (ਵਿਘਨ)

ਅਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਵਜ਼ੀਰ ਸਾਹਿਬ ਨੇ ਹੁਣੇ ਇਥੇ ਮਹਾਂਭਾਰਤ ਦੇ ਇਕ ਪਾਤਰ ਦਾ ਜ਼ਿਕਰ ਕੀਤਾ ਹੈ ਅਤੇ ਸ਼ਲ ਦਾ ਹਵਾਲਾ ਦਿੱਤਾ ਹੈ ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਇਤਹਾਸ ਇਸ ਤਰ੍ਹਾਂ ਨਹੀਂ ਅਤੇ ਇਹ ਆਪਣੀ ਗੱਲ ਵਿੱਚ ਦਰੁਸਤੀ ਕਰ ਲੈਣ। (ਵਿਘਨ) ਕੁਰੈਕਟ ਕਰ ਲੈਣ।

ਸ੍ਰੀ ਸਭਾਪਤੀ (ਸ੍ਰੀ ਮੋਹਨ ਲਾਲ) : ਇਹ ਪੁਆਇੰਟ ਆਫ਼ ਆਰਡਰ ਦੀ ਗੱਲ ਨਹੀਂ ਤੁਸੀਂ ਕੋਈ ਇਨਫਰਮੇਸ਼ਨ ਇਨ੍ਹਾਂ ਨੂੰ ਦੇਣੀ ਹੋਵੇ ਤਾਂ ਬਾਹਰ ਜਾ ਕੇ ਦੇਣੀ, This is no point of Order. (ਵਿਘਨ) (There is no point of order involved in it. If the Hon. Member wants to give any information to Minister for Industries he may do so out side the Chamber. This is no point of order.)

Acharya Prithvi Singh Azad : Sir, my point of order is clear. I want to correct the Hon. Minister.

Mr. Chairman : This is no point of order.

ਉਦਯੋਗ ਮੰਤਰੀ (ਸ੍ਰੀ ਬਿਸ਼ੰਭਰ ਨਾਥ ਮੱਕੜ) : ਚਲੋ ਮੈਂ ਮਹਾਂਭਾਰਤ ਦੀ ਗੱਲ ਨਹੀਂ ਕਰਦਾ ਮੈਂ ਤੁਹਾਨੂੰ ਇਕ ਕਲਰਕ ਦੀ ਕਹਾਣੀ ਸੁਣਾ ਦਿੰਦਾ ਹਾਂ (ਵਿਘਨ) ਜੇਕਰ ਤੁਸੀਂ ਕਹਾਣੀ ਸੁਣਨਾ ਨਹੀਂ ਪਸੰਦ ਕਰਦੇ ਤਾਂ ਨਾ ਸਹੀ। ਮੈਂ ਅਰਜ਼ ਕਰ ਰਿਹਾ ਸੀ ਕਿ 10-40 ਕਰੋੜ ਰੁਪਏ ਐਂਪਲਾਈਜ਼ ਨੂੰ ਡੀ. ਏ. ਦਿੱਤਾ। 12.14 ਕਰੋੜ ਪ੍ਰਾਈਵੇਟ ਸਕੂਲਾਂ ਤੇ ਕਾਲਜਾਂ ਦੇ ਸਟਾਫ ਦੀ ਤਨਖਾਹ ਦਾ ਡਿਫਿਸਿਟ ਦਿੱਤਾ। 3 ਕਰੋੜ ਕੋਠਾਰੀ ਕਮਿਸ਼ਨ ਦੀ ਰੀਪੋਰਟ ਨੂੰ ਮਨਜ਼ੂਰ ਕਰਕੇ ਅਪਣੇ ਤੇ ਲਾਇ-ਬਿਲੇਟੀ ਲਈ ਤੇ 2 ਕਰੋੜ 46 ਲਖ ਇਹ ਜਿਹੜੇ ਕਾਮਰੇਡ ਭੌਰਾ ਸਾਹਿਬ ਬੈਠੇ ਹਨ ਇਨ੍ਹਾਂ ਨੂੰ ਖੁਸ਼ ਕਰਨ ਲਈ ਪ੍ਰੋਫੈਸ਼ਨਲ ਟੈਕਸ ਅਤੇ ਲੇਵੀ ਵਿੱਚ ਐਗਜ਼ੈਮਪਸ਼ਨ ਦਿੱਤੀ। ਆਪ ਹੀ ਅੰਦਾਜ਼ਾ ਲਗਾਓ ਕਿ ਉਹ ਤਲਾ ਜਿਸ ਵਿੱਚ ਇਕ ਪਰਨਾਲਾ ਹੋਵੇ ਪਾਣੀ ਨਿਕਲਣ ਵਾਲਾ ਤੇ ਭਰਨ ਵਾਲਾ ਕੋਈ ਪਾਈਪ ਨਾ ਹੋਵੇ, ਉਸ ਤਲਾ ਦਾ ਕੀ ਬਣੇਗਾ ? (ਵਿਘਨ)

ਮੇਰੇ ਦੋਸਤਾਂ ਨੇ ਇਥੇ ਕਿਹਾ ਕਿ ਆਮ ਆਦਮੀ ਦਾ ਕਤਲ ਹੋ ਰਿਹਾ ਹੈ ਜਨਤਾ ਪਾਰਟੀ ਜਨਤਾ ਦੇ ਖਿਲਾਫ਼ ਕੰਮ ਕਰ ਰਹੀ ਹੈ ਅਤੇ ਲੋਕ ਇਸ ਦੇ ਖਿਲਾਫ ਹਨ। ਮੈਂ ਇਨ੍ਹਾਂ ਤੋਂ ਹੀ ਪੁਛਣਾ ਚਾਹੁੰਦਾ ਹਾਂ ਕਿ ਜੇਕਰ ਲੋਕ ਫਰੰਟ ਦੀ ਵਜ਼ਾਰਤ ਦੇ ਹੀ ਹਕ ਵਿੱਚ ਹੁੰਦੇ ਅਤੇ ਇਨ੍ਹਾਂ ਦੀ ਹਕੂਮਤ ਜੋ ਇਨਾਂ ਨੂੰ ਮਿਲੀ ਸੀ ਚੰਗੀ ਤਰ੍ਹਾਂ ਚਲ ਰਹੀ ਹੁੰਦੀ ਤੇ ਫਰੰਟ ਵਜ਼ਾਰਤ ਨਾ ਟੁਟਦੀ। ਪਰ ਇਨ੍ਹਾਂ ਨੂੰ ਤਾਂ ਪਹਿਲਾਂ ਹੀ ਖਿਆਲ ਸੀ ਕਿ ਕਿਹੜਾ ਅਸੀਂ ਵਜ਼ੀਰੀਆਂ ਤੇ ਬਹਿ ਰਹਿਣਾ ਹੈ ਕੁਝ ਮਹੀਨੇ ਹੀ ਵਜ਼ੀਰੀ ਕਰਨੀ ਹੈ ਜਨਤਾ ਤੇ ਟੈਕਸ ਕਿਓਂ ਲਾ ਕੇ ਬਦਨਾਮ ਹੋਈਏ ਇਸ ਲਈ ਫਰੰਟ ਵਜ਼ਾਰਤ ਨੇ 8 ਮਹੀਨਿਆਂ ਵਿੱਚ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਤੇ ਖਜ਼ਾਨੇ ਦੀ ਹਾਲਤ ਠੀਕ ਨਾ ਰਖ ਸਕੇ। ਨਹੀਂ ਤਾਂ ਜਿਸ ਤਰ੍ਹਾਂ ਇਸ ਪਾਰਟੀ ਦਾ ਨਸਬੁਲਐਨ ਸੀ ਉਸ ਨਾਲ ਜੇਕਰ ਪੰਜਾਬ ਨੂੰ ਅਗੇ ਲਿਜਾਣ ਵਲ ਧਿਆਨ ਦਿੰਦੇ ਤਾਂ ਜਰਾਇਤ ਵਿੱਚ ਪੰਜਾਬ ਕੈਲੇਫੋਰਨੀਆ ਤੇ ਸਨਅਤ ਵਿੱਚ

ਮਾਨਚੈਸਟਰ ਬਣ ਜਾਂਦਾ। ਇਹ ਜਨਤਾ ਪਾਰਟੀ ਦੀ ਸਰਕਾਰ ਹੀ ਬਣਾ ਸਕਦੀ ਹੈ ਅਤੇ ਬਣਾਏਗੀ (ਪ੍ਰਸ਼ੰਸਾ) ਮੈਂ ਸਮਝਦਾ ਹਾਂ ਕਿ ਆਖਰ ਕਿਸੇ ਕਿਸਮ ਦੀ ਵੀ ਡੀਵੈਲਪਮੈਂਟ ਵਾਸਤੇ ਸੂਬੇ ਨੂੰ ਅਗੇ ਵਧਾਣ ਵਾਸਤੇ ਰੁਪਏ ਦੀ ਜ਼ਰੂਰਤ ਹੁੰਦੀ ਹੈ ਅਤੇ ਰੁਪਏ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਟੈਕਸ ਲਗਾਏ ਜਾਂਦੇ ਹਨ। ਜੇਕਰ ਸਰਕਾਰ ਸੋਚ ਕੇ ਅਮਲ ਨਾ ਕਰੇ ਤਾਂ ਡੀਵੈਲਪਮੈਂਟ ਨਹੀਂ ਹੋ ਸਕਦੀ। ਜੇਕਰ ਫਰੰਟ ਦੀ ਵਜ਼ਾਰਤ ਨੇ 1967-68 ਵਿੱਚ ਕੋਈ ਟੈਕਸ ਨਹੀਂ ਲਾਏ ਤਾਂ ਉਸ ਵਜ਼ਾਰਤ ਨੂੰ ਕਾਇਮ ਰਹਿਣਾ ਚਾਹੀਦਾ ਸੀ। ਇਸ ਬਾਰੇ ਵਿਚਾਰ ਕਰਨ ਦੀ ਲੋੜ ਹੈ ਪਿਛਲੇ ਬਜਟਾਂ ਵਲ ਧਿਆਨ ਦਿੱਤਾ ਜਾਵੇ ਤਾਂ ਪਤਾ ਲਗਦਾ ਹੈ ਕਿ 1965-66 ਵਿਚ 1966-67 ਵਿਚ ਤੇ 1967-68 ਵਿਚ ਅਸਲੀ ਤੌਰ ਤੇ ਕੋਈ ਟੈਕਸ ਨਹੀਂ ਲਗਾਏ ਗਏ। ਸਿਰਫ ਇਸ ਕਰਕੇ ਮੈਂ ਸਮਝਦਾ ਹਾਂ ਕਿ ਜਦ ਪਲਾਨਿੰਗ ਕਮਿਸ਼ਨ ਪਾਸ ਜਾਂਦੇ ਸੀ ਤਾਂ ਹਰ ਵਕਤ ਇਹ ਕਹਿ ਆਂਦੇ ਸੀ ਕਿ ਅਸੀਂ ਟੈਕਸ ਲਗਾਵਾਂਗੇ ਪਰ ਇਥੇ ਆਣਕੇ ਹਰ ਚੀਜ਼ ਪੋਲੀਟੀਕਲੀ ਸੋਚਦੇ ਸੀ ਕਿ ਜੇਕਰ ਟੈਕਸ ਲਗਾਏ ਤਾਂ ਜਨਤਾ ਨਰਾਜ਼ ਹੋ ਜਾਵੇਗੀ ਤੇ ਲੋਕ ਵੋਟਾਂ ਨਹੀਂ ਦੇਣਗੇ ਮੈਂ ਸਮਝਦਾ ਹਾਂ ਕਿ ਜਨਤਾ ਪਾਰਟੀ ਨੇ ਦਲੇਰੀ ਕੀਤੀ ਹੈ ਅਤੇ ਜਿਵੇਂ ਕਿ ਟ੍ਰਿਬਿਊਨ ਨੇ ਲਿਖਿਆ ਹੈ ਇਹ ਇਕ ਬੋਲਡ ਬਜਟ ਹੈ ਅਤੇ ਰੀਅਲ ਬਜਟ ਹੈ। (ਪ੍ਰਸੰਸਾ) ਇਸ ਤੇ ਗਹਿਰਾਈ ਵਿਚ ਜਾਣ ਦੀ ਲੋੜ ਹੈ। ਮੈਂ ਹੈਰਾਨ ਹੁੰਦਾ ਹਾਂ ਕਿ ਡਾਕਟਰ ਬਲਦੇਵ ਪਰਕਾਸ਼ ਨੇ ਗਵਰਨਰ ਦੇ ਐਡਰੈਸ ਤੇ ਸਪੀਚ ਦਿੰਦੇ ਕਿਹਾ ਹੈ ਕਿ ਐਡਰੈਸ ਵਿੱਚ ਫਰੰਟ ਸਰਕਾਰ ਦੀਆਂ ਹੀ ਅਚੀਵਮੈਂਟਸ ਹਨ। ਫਰੰਟ ਵਜ਼ਾਰਤ ਨੇ ਐਨਾ ਰੀਲੀਫ ਦਿੱਤਾ। ਡੀ. ਏ. ਦਿੱਤਾ। ਲੈਂਡ ਰੀਲੀਫ ਦਿੱਤਾ। ਪ੍ਰੋਫੈਸ਼ਨਲ ਟੈਕਸ ਮਾਫ਼ ਕੀਤਾ। ਫੂਡ ਤੇ ਸਪਲਾਈ ਦੀ ਕੀਮਤ ਸਟੇਬਲ ਕੀਤੀ ਪਰ ਭੁਲ ਕੇ ਵੀ ਇਕ ਅਧੇ ਬੁਰੇ ਪਾਇੰਟ ਦਾ ਡਿਸਕ੍ਰੈਡਿਟ ਆਪ ਨਹੀਂ ਲਿਆ (ਵਿਘਨ) 18 ਕਰੋੜ ਦੇ ਰੀਲੀਫ ਦੇਣ ਦਾ ਕਰੈਡਿਟ ਤਾਂ ਫਰੰਟ ਆਪ ਲਵੇ ਤੇ ਖਾਲੀ ਖਜ਼ਾਨੇ ਨੂੰ ਪੁਰ ਕਰਨ ਲਈ 6 60 ਕਰੋੜ ਦੇ ਟੈਕਸ ਲਗਾਏ ਜਾਣ ਤਾਂ ਉਨ੍ਹਾਂ ਦਾ ਡਿਸਕ੍ਰੈਡਿਟ ਜਨਤਾ ਪਾਰਟੀ ਨੂੰ ਦਿੱਤਾ ਜਾਵੇ।

ਬੜੀ ਹੈਰਾਨਗੀ ਦੀ ਗੱਲ ਹੈ ਇਥੇ ਡਾਂਗ ਸਾਹਿਬ ਨੇ ਆਪਣੀ ਤਕਰੀਰ ਵਿੱਚ ਜ਼ਿਕਰ ਕੀਤਾ ਕਿ ਉਥੇ ਡਿਸਟਰਬੈਂਸਿਜ਼ ਹੋਈਆਂ ਨੇ। (ਵਿਘਨ) ਅਖਬਾਰਾਂ ਵਿੱਚ ਬੜੇ ਬੜੇ ਇਸ਼ਤਹਾਰ ਜਿਹੜੇ ਕਿ ਦੋ ਦੋ ਫੁਟ ਲੰਬੇ ਸੀ ਨਿਕਲੇ। ਇਹ ਪਬਲੀਕੇਸ਼ਨ ਓ.ਸੀ.ਐਮ. ਮਿਲ ਵਲੋਂ ਕੀਤੀ ਗਈ ਸੀ। ਡਾਂਗ ਸਾਹਿਬ ਜਿਹੜੇ ਉਥੇ ਮੌਜੂਦ ਸਨ ਉਸ ਵੇਲੇ ਆਪਣੇ ਮੂੰਹ ਤੇ ਪੱਟੀ ਬੰਨ੍ਹੀ ਬੈਠੇ ਰਹੇ ਕੁਝ ਨਹੀਂ ਬੋਲੇ। ਪਰ ਜਦੋਂ ਵੂਲਨ ਮਿਲਜ਼ ਵਾਲਿਆਂ ਦੀ ਲੇਬਰ ਨੇ ਮੁਜ਼ਾਹਰਾ ਕੀਤਾ ਤਾਂ ਆਪ ਨੇ ਕਿਹਾ ਕਿ ਜਿਹੜੇ ਹਥ ਮਜ਼ਦੂਰਾਂ ਤੇ ਉਠਣਗੇ ਉਹ ਹੱਥ ਤੋੜ ਦਿੱਤੇ ਜਾਣਗੇ। ਮਜ਼ਦੂਰਾਂ ਨੂੰ ਕੋਈ ਹੱਥ ਲਗਾ ਨਹੀਂ ਸਕਦਾ।

ਸ਼੍ਰੀ ਸੱਤਪਾਲ ਡਾਂਗ : ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ।

ਸ਼੍ਰੀ ਸਭਾਪਤੀ : ਤੁਸੀਂ ਅਜੇ ਬੈਠ ਜਾਓ, ਇਨ੍ਹਾਂ ਨੂੰ ਪਹਿਲਾਂ ਬੋਲ ਲੈਣ ਦਿਉ ਫੇਰ ਐਕਸਪਲੇਨੇਸ਼ਨ ਦੇ ਲੈਣਾ। (Please take your seat. Let him finish his speech and thereafter you may rise on a point of personal explanation.)

ਉਦਯੋਗ ਮੰਤਰੀ : ਇਸ ਤੋਂ ਬਾਅਦ ਮਿਲ ਮੈਨੇਜਮੈਂਟ ਨੇ ਡਾਕਟਰ ਬਲਦੇਵ ਪ੍ਰਕਾਸ਼ ਨੂੰ ਆ ਕੇ ਕਿਹਾ ਕਿ ਸਾਡਾ ਢਾਈ ਕਰੋੜ ਦਾ ਮਾਲ ਰੁਕਿਆ ਪਿਆ ਹੈ ਤੁਸੀਂ ਇਹ ਦੀ ਡਲਿਵਰੀ ਦਿਵਾਉਣ ਵਿੱਚ ਸਾਡੀ ਇਮਦਾਦ ਕਰੋ। ਜਦੋਂ ਡਾਕਟਰ ਸਾਹਿਬ ਨੇ ਮੌਕੇ ਤੇ ਹਾਲਾਤ ਜਾ ਕੇ ਵੇਖੇ ਉਨ੍ਹਾਂ ਨੇ ਐਸ.ਪੀ. ਨੂੰ ਹੁਕਮ ਦਿੱਤਾ ਕਿ ਜਿਹੜੇ ਵੀ ਲੇਬਰ ਨੂੰ ਅੰਦਰ ਨਹੀਂ ਜਾਣ ਦਿੰਦੇ ਉਨ੍ਹਾਂ ਨੂੰ ਹਵਾਲਾਤ ਵਿੱਚ ਬੰਦ ਕਰ ਦਿਉ। ਐਸ.ਪੀ. ਵਿਚਾਰਾ ਮਜਬੂਰ ਹੋ ਗਿਆ; ਨਾ ਉਹ ਡਾਕਟਰ ਸਾਹਿਬ ਦੇ ਹੁਕਮ ਦੀ ਹੁਕਮ ਅਦੂਲੀ ਕਰ ਸਕਦਾ ਸੀ ਅਤੇ ਨਾ ਹੀ ਉਹ ਡਾਂਗ ਸਾਹਿਬ ਦੇ ਹੁਕਮ ਨੂੰ ਟਾਲ ਸਕਦਾ ਸੀ। ਇਸ ਤੋਂ ਬਾਅਦ ਮੈਨੇਜਮੈਂਟ ਸਰਦਾਰ ਗੁਰਨਾਮ ਸਿੰਘ ਦੇ ਪਾਸ ਪਹੁੰਚੀ ਅਤੇ ਉਨ੍ਹਾਂ ਨੂੰ ਆਪਣੀਆਂ ਮੁਸ਼ਕਲਾਤ ਦੱਸੀਆਂ ਕਿ ਸਾਡਾ ਢਾਈ ਕਰੋੜ ਦਾ ਮਾਲ ਰੁਕਿਆ ਪਿਆ ਹੈ, ਇਸ ਨੂੰ ਕਢਾਉਣ ਦਾ ਕੋਈ ਇੰਤਜ਼ਾਮ ਕਰੋ। ਸਰਦਾਰ ਗੁਰਨਾਮ ਸਿੰਘ ਨੇ ਜਦੋਂ ਐਸ.ਐਸ. ਪੀ ਨੂੰ ਜਾਕੇ ਪੁਛਿਆ ਤਾਂ ਉਸ ਨੂੰ ਆਪਣੀ ਸਾਰੀ ਮੁਸ਼ਕਲ ਮਜਬੂਰਨ ਦੱਸਣੀ ਪਈ ਕਿ ਜਨਾਬ ਮੈਂ ਤਾਂ ਹਰ ਹਾਲਤ ਵਿੱਚ ਹੁਕਮ ਮੰਨਣ ਲਈ ਤਿਆਰ ਹਾਂ ਪਰ ਕਰਾਂ ਕੀ: ਇਕ ਪਾਸੇ ਡਾਂਗ ਸਾਹਿਬ ਇਹ ਕਹਿੰਦੇ ਹਨ ਅਤੇ ਦੂਸਰੇ ਪਾਸੇ ਡਾਕਟਰ ਬਲਦੇਵ ਪ੍ਰਕਾਸ਼ ਦਾ ਇਹ ਹੁਕਮ ਹੈ। ਉਸ ਵੇਲੇ ਸਰਦਾਰ ਗੁਰਨਾਮ ਸਿੰਘ ਨੇ ਐਸ. ਐਸ. ਪੀ. ਨੂੰ ਕਿਹਾ ਬਈ ਅਸੀਂ ਤਾਂ ਦੋਨਾਂ ਨੂੰ ਖੁਸ਼ ਰੱਖਣਾ ਹੈ ਡਾਂਗ ਸਾਹਿਬ ਨੂੰ ਵੀ ਅਤੇ ਡਾਕਟਰ ਬਲਦੇਵ ਪ੍ਰਕਾਸ਼ ਨੂੰ ਵੀ। ਇਸ ਲਈ ਤੂੰ ਕੋਈ ਵਾਹਿਆ ਮੀਡਆ ਕੱਢ, ਤੂੰ ਕੋਈ ਦਰਮਿਆਨੀ ਰਸਤਾ ਕੱਢ ਤਾਂ ਜੋ ਸਾਰੇ ਖੁਸ਼ ਰਹਿਣ। ਚੇਅਰਮੈਨ ਸਾਹਿਬ, ਹੁਣ ਤੁਸੀਂ ਆਪ ਹੀ ਅੰਦਾਜ਼ਾ ਲਗਾ ਲਓ ਦਰਮਿਆਨੀ ਰਸਤਾ ਇਖਤਿਆਰ ਕਰਨ ਵਾਲਾ ਚੀਫ ਮਨਿਸਟਰ ਕਿਵੇਂ ਲਾ-ਐਂਡ ਆਰਡਰ ਨੂੰ ਕਾਇਮ ਰੱਖ ਸਕਦਾ ਹੈ, ਐਸੇ ਹਾਲਾਤ ਵਿੱਚ ਮਿਲ ਵਾਲਿਆਂ ਦਾ ਕਿਸ ਤਰ੍ਹਾਂ ਮਸਲਾ ਹੱਲ ਹੋ ਸਕਦਾ ਹੈ, ਕਿਸਤਰਾਂ ਲੇਬਰ ਦਾ ਮਸਲਾ ਹਲ ਹੋ ਸਕਦਾ ਹੈ।

ਮੈਂ ਇਕ ਗੱਲ ਹੋਰ ਅਰਜ਼ ਕਰਾਂ ਕਿ ਇਕ ਦਫਾ ਸੰਤ ਫਤਿਹ ਸਿੰਘ ਜੀ ਪਟਿਆਲੇ ਤਸ਼ਰੀਫ ਲਿਆਏ ਉਨ੍ਹਾਂ ਨੇ ਓਪਨਲੀ ਤਕਰੀਰ ਕਰਦਿਆਂ ਹੋਇਆਂ ਕਿਹਾ ਸੀ ਕਿ ਗਿੱਲ ਸਾਹਿਬ ਅਤੇ ਸਰਦਾਰ ਗੁਰਨਾਮ ਸਿੰਘ ਦੀ ਲੜਾਈ ਤਾਂ ਮੀਆਂ ਬੀਵੀ ਵਾਲੀ ਲੜਾਈ ਹੈ। ਪਰ ਮੈਂ ਹੁਣ ਸਮਝਦਾ ਹਾਂ ਕਿ ਬੀਵੀ ਆਪਣੇ ਬੱਚੇ ਲੈ ਕੇ ਅਲਗ ਹੋ ਗਈ ਹੈ ਕਿਉਂਕਿ ਜਿਹੜਾ ਮਾਲਕ ਹਮੇਸ਼ਾ ਦਰਮਿਆਨੀ ਰਸਤਾ ਇਖਤਿਆਰ ਕਰਦਾ ਹੋਵੇ ਉਸ ਦੇ ਪਾਸ ਕੋਈ ਵੀ ਬੀਵੀ ਰਹਿਣਾ ਪਸੰਦ ਨਹੀਂ ਕਰੇਗੀ (ਹਾਸਾ) (ਵਿਘਨ)......ਮੈਂ ਉਨ੍ਹਾਂ ਨੂੰ ਇਹੋ ਗੱਲ ਦਸਣੀ ਚਾਹੁੰਦਾ ਸੀ ਕਿ ਕਿਉਂਕਿ ਪੰਜਾਬ ਸਟੇਟ ਦੀ ਇਹੋ ਜਿਹੀ ਹਾਲਤ ਹੋ ਗਈ ਸੀ ਜਿਸ ਵਿੱਚ ਕੰਮ ਇਸ ਤਰ੍ਹਾਂ ਪਾਰਟੀ ਦੇ ਅਧਾਰ ਤੇ ਹੋ ਗਏ ਸੀ ਇਕ ਜ਼ਬਰਦਸਤ ਕਰਾਈਸਿਜ਼ ਖੜ੍ਹਾ ਹੋ ਗਿਆ ਸੀ। ਇਸ ਲਈ ਜ਼ਰੂਰੀ ਸੀ ਕਿ ਇਸ ਤਰ੍ਹਾਂ ਦੀ ਸਰਕਾਰ ਵਿੱਚ ਕੋਈ ਤਬਦੀਲੀ ਲਿਆਕੇ ਇਸ ਦੇ ਬਦਲ ਵਿੱਚ ਕੋਈ ਐਸਾ ਤਰੀਕਾ ਇਖਤਿਆਰ ਕੀਤਾ ਜਾਵੇ ਜਿਸ ਨਾਲ ਸਾਰੀ ਕਾਰਵਾਈ ਸਮੂਥਲੀ ਰਨ ਕਰੇ। ਇਨ੍ਹਾਂ ਸਾਰੀਆਂ ਕਮੀਆਂ ਨੂੰ ਪੂਰਾ ਕਰਨ ਵਾਸਤੇ ਜੋ ਮੌਜੂਦਾ ਗਵਰਮੈਂਟ ਨੇ ਵੇਖਿਆ ਉਸ ਦੇ ਆਧਾਰ ਤੇ 6 ਕਰੋੜ 66 ਲੱਖ ਦੇ ਟੈਕਸ ਲਾਉਣੇ ਪਏ।

ਇਥੇ ਡਾਂਗ ਸਾਹਿਬ ਨੇ ਬਿਰਲਾ ਸੀਡ ਫਾਰਮ ਦਾ ਵੀ ਜ਼ਿਕਰ ਕੀਤਾ ਪਰ ਮੈਂ ਉਨ੍ਹਾਂ ਨੂੰ ਦੱਸ ਦਿਆਂ ਕਿ ਇਸ ਹਕੂਮਤ ਵਿੱਚ ਸਾਢੇ ਅੱਠ ਮਹੀਨੇ ਬਤੌਰ ਇਕ ਮਨਿਸਟਰ ਦੇ ਰਹਿਣ ਤੇ ਵੀ ਉਹ

ਬਿਰਲਾ ਸੀਡ ਫਾਰਮ ਦਾ ਕੁਝ ਵੀ ਨਹੀਂ ਬਿਗਾੜ ਸਕੇ। ਇਤਨੀ ਤਾਕਤ ਹੋਣ ਦੇ ਬਾਵਜੂਦ ਵੀ ਉਹ ਬਿਰਲਾ ਸੀਡ ਫਾਰਮ ਨੂੰ ਖਤਮ ਨਹੀਂ ਕਰ ਸਕੇ। (ਇਕ ਮਾਨਯੋਗ ਮੈਂਬਰ: ਇਹ 32 ਕਮਰਿਆਂ ਦਾ ਦਫਤਰ ਫੇਰ ਕਿਵੇਂ ਬਣਾਉਂਦੇ) ਵਿਘਨ (ਇਸ ਵੇਲੇ ਇਕ ਆਨਰੇਬਲ ਮੈਂਬਰ ਨੂੰ ਫਲੋਰ ਕਰਾਸ ਕਰਦਿਆਂ ਰੋਕਿਆ ਗਿਆ)

Shri A. Vishwanathan : Sir, how is it that crossing of the Floor is not allowed but talking across the floor is allowed ?

ਉਦਯੋਗ ਮੰਤਰੀ : (ਵਿਘਨ-ਸ਼ੋਰ) ਵਿਸ਼ਵਨਾਥਨ ਜੀ ਵੀ ਏਥੇ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਲਗ ਪਏ ਹਨ। ਮੈਂ ਸਮਝਦਾ ਹਾਂ ਕਿ ਇਹ ਕੋਈ ਵੱਡੀ ਗੱਲ ਨਹੀਂ ਇਕ ਸਾਲ ਤੱਕ ਉਹ ਡਾਂਗ ਸਾਹਿਬ ਦੇ ਅਸਰ ਹੇਠ ਰਹੇ ਹਨ ਤਾਂ ਹੀ ਇਸ ਕਿਸਮ ਦੀਆਂ ਗੱਲਾਂ ਕਰਨ ਲਗ ਪਏ ਹਨ। (ਵਿਘਨ) ਇਸ ਦੇ ਨਾਲ ਹੀ ਮੈਂ ਅਰਜ਼ ਕਰਾਂ ਕਿ ਅਸੀਂ ਟਰਾਂਸਪੋਰਟ ਦੀ ਨੈਸ਼ਨਲਾਈ-ਜ਼ੇਸ਼ਨ ਦੇ ਬਾਰੇ ਸੋਚ ਰਹੇ ਹਾਂ। ਪਰ ਇਹ ਤਦ ਹੀ ਕਰਾਂਗੇ ਜੇ 1 ਕਰੋੜ ਦਾ ਸਰਮਾਇਆ ਲਾਕੇ ਡੇਢ ਕਰੋੜ ਦਾ ਪ੍ਰਾਫਿਟ ਸ਼ੋ ਹੋਵੇ, ਜੇ ਇਤਨਾ ਸਰਮਾਇਆ ਲਾਉਣ ਤੋਂ ਬਾਅਦ ਵੀ ਘਾਟਾ ਨਜ਼ਰ ਆਵੇ ਤਾਂ ਫੇਰ ਐਸੀ ਨੈਸ਼ਨਲਾਈਜ਼ੇਸ਼ਨ ਦਾ ਕੀ ਫਾਇਦਾ ਹੈ। ਅਸੀਂ ਕੋਸ਼ਿਸ਼ ਕਰਾਂਗੇ ਕਿ ਰੂਟ ਆਕਸ਼ਨ ਕੀਤੇ ਜਾਣ ਇਸ ਤਰ੍ਹਾਂ ਪ੍ਰਾਫਿਟ ਵੀ ਜ਼ਿਆਦਾ ਆਵੇਗਾ। (ਵਿਘਨ)

ਮੁੱਖ ਮੰਤਰੀ : ਇਸ ਗੱਲ ਨੂੰ ਸਮਝ ਲਉ ਐਵੇਂ ਬੋਲਣ ਦਾ ਤਾਂ ਕੋਈ ਫਾਇਦਾ ਨਹੀਂ। ਸਾਡਾ ਭਾਵ ਇਹ ਹੈ ਕਿ ਸਾਰੇ ਸਟਾਫ ਦੀਆਂ ਤਨਖਾਹਾਂ ਅਤੇ ਬੋਨਸ ਕਢ ਕੇ ਜੇ 12 ਕਰੋੜ ਰੁਪਏ ਦਾ ਪ੍ਰਾਫਿਟ ਹੁੰਦਾ ਹੈ ਤਾਂ ਉਹਦੇ ਵਿਚੋਂ ਜੇਕਰ ਇਨਕਮ ਟੈਕਸ ਕੱਢ ਦੇਈਏ ਅਤੇ ਇੰਟਰੈਸਟ ਜਿਹੜਾ ਇਸ ਸਰਮਾਏ ਤੇ ਪੈਂਦਾ ਹੈ ਉਹ ਲਾਈਏ ਤਾਂ ਇਹ ਸਾਰਾ ਪ੍ਰਾਫਿਟ ਮਾਈਨਸ ਹੋ ਜਾਂਦਾ ਹੈ (ਇਕ ਮਾਨਯੋਗ ਮੈਂਬਰ: ਅਸੈਂਬਲੀ ਵਿੱਚ ਬੋਲਦੇ ਹੋ ਜਾਂ ਕਥਾ ਕਰਦੇ ਹੋ) ਮੈਂ ਤਾਂ ਇਕ ਮਿਸਾਲ ਦੇ ਕੇ ਗੱਲ ਸਮਝਾਈ ਹੈ।

ਉਦਯੋਗ ਮੰਤਰੀ : ਮੈਂ ਇਨ੍ਹਾਂ ਨੂੰ ਇਕ ਹੋਰ ਢੰਗ ਨਾਲ ਸਮਝਾ ਦਿੰਦਾ ਹਾਂ ਕਿ ਇਕ ਚਪੜਾਸੀ ਡੇਢ ਸੌ ਮਹੀਨੇ ਦੀ ਤਨਖਾਹ ਲੈਂਦਾ ਸੀ। ਉਨ੍ਹੇ ਘਰ ਆਕੇ ਆਪਣੇ ਬੱਚਿਆਂ ਨੂੰ ਕਿਹਾ ਕਿ ਮੈਂ ਤੁਹਾਡੇ ਲਈ ਇਕ ਮੱਝ ਲੈ ਆਉਣੀ ਹੈ। ਦੂਸਰੇ ਦਿਨ ਜਦੋਂ ਬੱਚਿਆਂ ਨੇ ਪੁਛਿਆ ਕਿ ਬਾਪੂ ਮੱਝ ਨੂੰ ਕੀ ਕਰਾਂਗੇ ਤਾਂ ਉਸ ਨੇ ਖੁਸ਼ ਹੋ ਕੇ ਕਿਹਾ ਮੱਝ ਤੋਂ ਤੁਹਾਨੂੰ ਦੁਧ ਮਿਲੇਗਾ। ਦੂਸਰੇ ਦਿਨ ਉਸ ਨੂੰ ਬੱਚਿਆਂ ਨੇ ਪੁਛਿਆ ਕਿ ਬਾਪ ਹੋਰ ਕੀ ਮੱਝ ਤੋਂ ਮਿਲੇਗਾ ਤਾਂ ਉਹ ਕਹਿਣ ਲੱਗਾ ਕਿ ਮੱਝ ਤੋਂ ਹੋਰ ਮੱਖਣ ਮਿਲੇਗਾ। ਤੀਸਰੇ ਦਿਨ ਜਦੋਂ ਪੁਛਿਆ ਤਾਂ ਉਸ ਨੇ ਬੱਚਿਆਂ ਨੂੰ ਕਿਹਾ ਦਹੀ, ਚੌਥੇ ਦਿਨ ਲੱਸੀ ਕਿਹਾ। ਬੱਚਿਆਂ ਨੇ ਸਾਰੀ ਗੱਲ ਆਪਣੀ ਮਾਂ ਨੂੰ ਦਸੀ। ਉਹ ਆਖਣ ਲੱਗੀ ਕਿ ਉਹ ਐਵੇਂ ਸੁਆਦ ਹੀ ਲੈਂਦਾ ਹੈ ਮੱਝ ਮੁਝ ਕੋਈ ਨਹੀਂ ਆਵੇਗੀ। ਬੱਚਿਆਂ ਨੇ ਜਦੋਂ ਆਪਣੀ ਮਾਂ ਦੀ ਗੱਲ ਬਾਪੂ ਨੂੰ ਸੁਣਾਈ ਤਾਂ ਉਹ ਕਹਿਣ ਲੱਗਾ ਇਹ ਗੱਲ ਹੈ, ਚੰਗਾ ਮੱਝ ਫੇਰ ਕੋਈ ਨਹੀਂ ਆਉਂਦੀ। ਇਹੋ ਹਾਲ ਇਹ ਫਰੰਟ ਵਾਲੇ ਮੈਂਬਰਾਂ ਦਾ ਹੈ। ਸੋ ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਤੁਸੀਂ ਰੋਜ਼ ਸੁਆਦ ਹੀ ਨਾ ਲਓ। ਇਹ ਤਾਂ ਸੁਆਦ ਲੈਂਦੇ ਹਨ। ਅਸੀਂ ਰੀਅਲਿਸਟਿਕ

[ਉਦਯੋਗ ਮੰਤਰੀ]

ਹਾਂ। ਅਸੀਂ ਪੰਜਾਬ ਦੀ ਬਿਹਤਰੀ ਲਈ ਕੰਮ ਕਰਦੇ ਹਾਂ। ਇਹ ਤਾਂ ਜੇ ਪੰਜਾਬੀ ਦੀ ਗੱਲ ਹੋਵੇ ਤਾਂ ਹਿੰਦੀ ਲਈ ਦਰਦ ਵਿਖਾਂਦੇ ਹਨ। ਜੇ ਹਿੰਦੀ ਦੀ ਕੋਈ ਗੱਲ ਕੀਤੀ ਜਾਵੇ ਤਾਂ ਇਹ ਪੰਜਾਬੀ ਦੇ ਹਮਦਰਦ ਬਣ ਜਾਂਦੇ ਹਨ। (ਸਰਕਾਰੀ ਬੈਂਚਾਂ ਵਲੋਂ ਥੰਪਿੰਗ) ਤੇ ਅਮੈਂਡਮੈਂਟ ਲੈ ਆਉਂਦੇ ਹਨ। ਇਨ੍ਹਾਂ ਦਾ ਤਾਂ ਇਹ ਕੰਮ ਹੈ ਕਿ ਚੋਰ ਨੂੰ ਕਹਿਣਾ ਕਿ ਚੋਰੀ ਕਰ ਅਤੇ ਮਾਲਿਕ ਨੂੰ ਕਹਿਣਾ ਕਿ ਚੋਰੀ ਕਰਨ ਵਾਸਤੇ ਚੋਰ ਆ ਰਿਹਾ ਹੈ)। (ਥੰਪਿੰਗ) (ਸ਼ੋਰ) ਮੈਨੂੰ ਡਾਂਗ ਸਾਹਿਬ ਅਫ਼ਸੋਸ ਤੁਹਾਡੇ ਤੇ ਨਹੀਂ ਆਉਂਦਾ, ਡਾਕਟਰ ਸਾਹਿਬ ਤੇ ਆਉਂਦਾ ਹੈ। ਜਿਨ੍ਹਾਂ ਦੀ ਪਾਰਟੀ ਇਹ ਸਮਝਦੀ ਹੈ ਕਿ ਇਕ ਦਿਨ ਸਾਰੇ ਹਿੰਦੁਸਤਾਨ ਨੂੰ ਕਮਿਊਨਿਸਟਾਂ ਦੇ ਖਿਲਾਫ ਲੜਨਾ ਪੈਣਾ ਹੈ। ਮੈਨੂੰ ਸ਼੍ਰੀ ਦੀਨ ਦਿਆਲ ਉਪਾਧਿਆਏ, ਜੋ ਕਿ ਹੁਣ ਇਸ ਸੰਸਾਰ ਵਿੱਚ ਨਹੀਂ ਰਹੇ, ਦੀ ਉਹ ਤਕਰੀਰ ਨਹੀਂ ਭੁਲਦੀ ਜੋ ਉਨ੍ਹਾਂ ਨੇ ਅੰਮ੍ਰਿਤਸਰ ਵਿੱਚ ਕੀਤੀ ਸੀ। ਸੋ ਮੈਨੂੰ ਤਾਂ ਡਾਕਟਰ ਸਾਹਿਬ ਤੇ ਅਫ਼ਸੋਸ ਆਉਂਦਾ ਹੈ। ਤੁਸੀਂ ਤਾਂ ਆਪਣਾ ਕੰਮ ਨੇਕ ਨੀਅਤੀ ਨਾਲ ਕਰ ਰਹੇ ਹੋ। ਇਹ ਕਹਿੰਦੇ ਹਨ ਕਿ ਪੰਜਾਬ ਗੌਰਮਿੰਟ ਨੇ 80 ਲੱਖ ਰੁਪਿਆ ਗੁਦਾਮ ਵਾਸਤੇ ਰਖਿਆ ਹੈ। ਹਾਲਾਂਕਿ ਪਹਿਲਾਂ ਇਹ ਰਕਮ ਇਕ ਕਰੋੜ 20 ਲੱਖ ਸੀ। ਇਸ ਦੇ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਸੀਂ ਫੂਡ ਕਾਰਪੋਰੇਸ਼ਨ ਨੂੰ ਪ੍ਰੇਰਨਾ ਕੀਤੀ ਹੈ ਉਹ ਕਾਫ਼ੀ ਰੁਪਿਆ ਇਸ ਮਤਲਬ ਲਈ ਲਗਾ ਰਹੀ ਹੈ। ਮੈਂ ਡਾਂਗ ਸਾਹਿਬ ਦੀ ਬੜੀ ਕਦਰ ਕਰਦਾ ਹਾਂ ਕਿਉਂਕਿ ਉਹ ਬੜੇ ਈਮਾਨਦਾਰ ਆਦਮੀ ਹਨ। ਪਰ ਉਨ੍ਹਾਂ ਨੇ ਝੋਨੇ ਬਾਰੇ ਇਕ ਗ਼ਲਤ ਗੱਲ ਕਹੀ ਕਿ ਝੋਨੇ ਦੀਆਂ ਮਿਲਾਂ ਨੇ ਝੋਨਾ ਛੜਨ ਤੋਂ ਨਾਂਹ ਕਰ ਦਿੱਤੀ। ਇਹ ਗੱਲ ਠੀਕ ਨਹੀਂ। ਸਗੋਂ ਮੈਂ ਤਾਂ ਇਹ ਅਰਜ਼ ਕਰਨੀ ਚਾਹੁੰਦਾ ਸਾਂ ਕਿ ਮੈਂ ਇਨ੍ਹਾਂ ਕੋਲ ਗਿਆ ਤੇ ਕਿਹਾ ਕਿ ਮੇਰਾ ਕਾਰਖਾਨਾ ਵਿਹਲਾ ਪਿਆ ਹੈ, ਮੈਨੂੰ ਫੂਡ ਕਾਰਪੋਰੇਸ਼ਨ ਤੋਂ ਕੰਮ ਦਿਵਾ ਦਿਉ। ਪਰ ਇਨ੍ਹਾਂ ਨੇ ਕੋਈ ਪਰਵਾਹ ਨਹੀਂ ਕੀਤੀ।

ਸ਼੍ਰੀ ਸੱਤਪਾਲ ਡਾਂਗ : ਇਸੇ ਗੱਲ ਦਾ ਗੁਸਾ ਕੀਤਾ ਜੇ ? (ਹਾਸਾ)

ਉਦਯੋਗ ਮੰਤਰੀ : ਮੈਂ ਤਾਂ ਤੁਹਾਡੇ ਝੂਠ ਨੂੰ ਨੰਗਾ ਕਰ ਰਿਹਾ ਹਾਂ।

ਸ਼੍ਰੀ ਸੱਤਪਾਲ ਡਾਂਗ : ਚੇਅਰਮੈਨ ਸਾਹਿਬ, ਮੰਤਰੀ ਸਾਹਿਬ ਨੇ ਤਿੰਨ ਵਾਰੀ "ਝੂਠ" ਸ਼ਬਦ ਇਸਤੇਮਾਲ ਕੀਤਾ ਹੈ। ਇਨ੍ਹਾਂ ਨੂੰ ਕਹੋ ਕਿ ਇਹ ਵਿਦਡਰਾ ਕਰਨ।

ਸ਼੍ਰੀ ਸਭਾਪਤੀ ਮੈਂ ਤੁਹਾਨੂੰ ਅਰਜ਼ ਕਰਾਂਗਾ ਕਿ ਤੁਸੀਂ ਝੂਠ ਦਾ ਸ਼ਬਦ ਵਿਦਡਰਾ ਕਰ ਲਉ ਤੇ ਅਗੇ ਤੋਂ ਅਜਿਹਾ ਕੋਈ ਸ਼ਬਦ ਨਾ ਬੋਲਿਆ ਕਰੋ। (I would request the hon. Minister to withdraw the word "Jhut" and not to use it again.)

ਉਦਯੋਗ ਮੰਤਰੀ : ਮੈਂ ਵਾਪਸ ਲੈ ਲੈਂਦਾ ਹਾਂ ਜੀ। ਜਿਵੇਂ ਚੀਫ਼ ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਮੱਕੀ ਦਾ ਭਾਅ ਇਨ੍ਹਾਂ ਵੇਲੇ 55 ਤੋਂ 58 ਤਕ ਮੁਕੱਰਰ ਕੀਤਾ ਗਿਆ ਸੀ। ਪਰ ਇਹ ਆਰਡਰ ਵਰਬਲ ਆਰਡਰ ਹੀ ਸਨ। ਇੰਸਟ੍ਰਕਸ਼ਨਜ਼ ਇਹ ਸਨ ਕਿ 55 ਤੋਂ ਉਪਰ ਮਕੀ ਨਾ ਖਰੀਦੋ। ਗਿੱਲ ਸਾਹਿਬ ਦੇ ਰਾਜ ਵੇਲੇ ਇਹ 50 ਰੁਪਏ ਖਰੀਦੀ ਗਈ। (ਵਿਘਨ)

ਇਕ ਮਾਨਯੋਗ ਮੈਂਬਰ : ਗਿੱਲ ਸਾਹਿਬ ਦਾ ਰਾਜ ਕਿ ਤੁਹਾਡਾ ?

ਉਦਯੋਗ ਮੰਤਰੀ : ਫਿਰ ਇਨ੍ਹਾਂ ਨੇ ਕਿਹਾ ਹੈ ਕਿ ਹਰੀਜਨਾਂ ਵਾਸਤੇ ਕੇਵਲ 28 ਲੱਖ ਰੁਪੈ ਹੀ ਰਖੇ ਗਏ ਹਨ । ਮੇਰੇ ਦੋਸਤਾਂ ਨੇ ਬਜਟ ਦਾ ਪੰਨਾ ਪੰਨਾ ਛਾਣ ਮਾਰਿਆ ਹੈ ਪਰ ਇਨ੍ਹਾਂ ਨੂੰ ਇਹ ਪਤਾ ਨਹੀਂ ਲਗਾ ਕਿ ਇਸ 28 ਲੱਖ ਤੋਂ ਬਿਨਾਂ 37 ਲੱਖ ਦੀ ਇਕ ਹੋਰ ਰਕਮ ਸ਼ੈਡੂਲਡ ਕਾਸਟਾਂ ਦੀ ਬਿਹਤਰੀ ਵਾਸਤੇ ਰਖੀ ਗਈ ਹੈ । ਫਿਰ ਇਹ ਕਹਿੰਦੇ ਹਨ ਕਿ ਇਹ ਸਰਕਾਰ ਮਜ਼ਦੂਰਾਂ ਦੀ ਦੁਸ਼ਮਣ ਹੈ । ਮੈਂ ਇਨ੍ਹਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਸੁਆਦ ਨਾ ਲਓ ਅਤੇ ਰੀਅਲਿਸਟਿਕ ਬਣੋ । ਸਾਡੇ ਦਿਲ ਵਿੱਚ ਇਨ੍ਹਾਂ ਵਾਸਤੇ ਘਟ ਪਿਆਰ ਨਹੀਂ ਹੈ । ਪਿਛਲੀ ਜਿਹੜੀ ਮੀਟਿੰਗ ਇਨ੍ਹਾਂ ਨਾਲ ਹੋਈ ਸੀ ਉਸ ਵਿੱਚ ਇਹ ਫ਼ੈਸਲਾ ਕੀਤਾ ਸੀ ਕਿ ਜਿੰਨੀ ਕਿਸੇ ਦੀ ਕੈਪੇਸਿਟੀ ਹੋਵੇ ਉਸ ਫੈਕਟਰੀ ਦੇ ਮਜ਼ਦੂਰਾਂ ਨੂੰ ਉਤਨਾ ਹੀ ਪੈਸਾ ਮਿਲਣਾ ਚਾਹੀਦਾ ਹੈ । ਅਸੀਂ ਭਰੋਸਾ ਦਿਵਾਉਂਦੇ ਹਾਂ ਕਿ ਉਸ ਫ਼ੈਸਲੇ ਉਪਰ ਅਮਲ ਕੀਤਾ ਜਾਵੇਗਾ । ਫਿਰ ਇਹ ਕਹਿੰਦੇ ਹਨ ਕਿ ਇਕ ਸਾਲ ਹੋ ਗਿਆ ਹੈ ਇੰਜੀਨੀਅਰਿੰਗ ਦੇ ਵਿਦਿਆਰਥੀਆਂ ਦਾ ਮਸਲਾ ਹਲ ਨਹੀਂ ਹੋਇਆ । ਮੈਂ ਇਨ੍ਹਾਂ ਨੂੰ ਅਰਜ਼ ਕਰਾਂ ਕਿ ਇੰਜੀਨੀਅਰਾਂ ਦਾ ਇਕ ਵਫਦ ਮੈਨੂੰ ਮਿਲਿਆ ਸੀ । ਮੇਰੇ ਨਾਲ ਗੱਲ ਬਾਤ ਕਰਨ ਤੋਂ ਬਾਦ ਉਹ ਬੜਾ ਇੰਪਰੈਸ ਹੋਇਆ ਸੀ । ਤੇ ਮੰਨਿਆ ਸੀ ਹੜਤਾਲ ਕਰਨ ਦੀ ਅਸੀਂ ਗਲਤੀ ਕੀਤੀ ਹੈ । ਪਰ ਜਦ ਉਹ ਇਨ੍ਹਾਂ ਦੋਸਤਾਂ ਕੋਲ ਜਾਂਦੇ ਹਨ ਤਾਂ ਸਾਡੇ ਨਾਲ ਕੀਤੀ ਹੋਈ ਗੱਲ ਬਾਤ ਭੁਲ ਜਾਂਦੇ ਹਨ । (ਥੰਪਿੰਗ) ਉਨ੍ਹਾਂ ਦੀਆਂ ਜਾਇਜ਼ ਮੰਗਾਂ ਬਾਰੇ ਇਸ ਅਸੈਂਬਲੀ ਵਿੱਚ ਵੀ ਅਤੇ ਕੌਂਸਲ ਵਿੱਚ ਵੀ ਐਲਾਨ ਕੀਤਾ ਜਾ ਚੁਕਿਆ ਹੈ ਕਿ ਉਹ ਮੰਨ ਲਈਆਂ ਗਈਆਂ ਹਨ ।

ਹੁਣ ਮੈਂ ਬਜਟ ਤੇ ਆਈਟਮ ਵਾਰ ਕੁੱਝ ਕਹਿਣਾ ਚਾਹੁੰਦਾ ਹਾਂ । ਸਭ ਤੋਂ ਪਹਿਲਾਂ ਮੈਂ ਆਬਿਆਨਾ ਲੈਂਦਾ ਹਾਂ । ਇਹ ਅਸੀਂ 50% ਵਧਾਇਆ ਹੈ । ਇਸ ਬਾਰੇ ਮੈਂ ਅਰਜ਼ ਕਰਾਂ ਕਿ ਸ੍ਰੀ ਨਿਜਲੰਗਪਾ ਜਿਹੜੇ ਕਿ ਮੈਸੂਰ ਦੇ ਮੁੱਖ ਮੰਤਰੀ ਸਨ ਅਤੇ ਹੁਣ ਕਾਂਗਰਸ ਦੇ ਪ੍ਰਧਾਨ ਹਨ ਉਨ੍ਹਾਂ ਦੀ ਪ੍ਰਧਾਨਗੀ ਥਲੇ ਇਕ ਕਮੇਟੀ ਬਣੀ ਸੀ । ਉਸ ਕਮੇਟੀ ਨੇ ਇਹ ਸਿਫਾਰਸ਼ ਕੀਤੀ ਹੈ ਕਿ ਆਬਿਆਨਾ ਵਧਾਇਆ ਜਾਣਾ ਚਾਹੀਦਾ ਹੈ । ਪਰ ਬਾਵਜੂਦ ਇਸ ਦੇ ਮੈਂ ਇਹ ਕਹਿ ਸਕਦਾ ਹਾਂ ਕਿ ਅਸੀਂ ਆਬਿਆਨਾ ਯੂ. ਪੀ. ਨਾਲੋਂ 100% ਅਤੇ ਰਾਜਸਥਾਨ ਨਾਲੋਂ 50% ਘਟ ਰਖਿਆ ਹੈ । ਡਾਂਗ ਸਾਹਿਬ ਕਹਿੰਦੇ ਹਨ ਕਿ ਅਸੀਂ ਵਰਕਰਾਂ ਦੇ ਬੜੇ ਹਮਦਰਦ ਹਾਂ । ਉਹ ਕਹਿੰਦੇ ਹਨ ਕਿ 1965 ਤੋਂ 1968 ਤਕ ਮਹਿੰਗਾਈ ਬਹੁਤ ਵਧੀ ਹੈ । ਇਸ ਕਰਕੇ ਮਜ਼ਦੂਰਾਂ ਦੀਆਂ ਤਨਖਾਹਾਂ ਵੀ ਵਧਣੀਆਂ ਚਾਹੀਦੀਆਂ ਹਨ । ਮੈਂ ਉਨ੍ਹਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ 1965 ਤੋਂ 1968 ਤਕ ਵਰਕਿੰਗ ਨਹੀਂ ਵਧੀ ? ਨਹਿਰਾਂ ਦੀ ਮੇਨਟੀਨੈਂਸ ਅਤੇ ਦੇਖ ਭਾਲ ਤੇ ਖਰਚ ਵਧਿਆ ਹੈ । ਇਹ ਜੋ 50% ਆਬਿਆਨਾ ਵਧਿਆ ਹੈ ਇਹ ਨਹਿਰਾਂ ਦੀ ਦੇਖ ਭਾਲ ਲਈ ਵਧਾਇਆ ਹੈ । ਗੌਰਮਿੰਟ ਦਾ ਇਸ ਵਿਚੋਂ ਮੁਨਾਫਾ ਕਮਾਉਣ ਦਾ ਕੋਈ ਵਿਚਾਰ ਨਹੀਂ ਹੈ । (ਸਰਕਾਰੀ ਬੈਂਚਾਂ ਵਲੋਂ ਥੰਪਿੰਗ) ਨਾ ਹੀ ਉਹ ਮੁਨਾਫ਼ਾ ਕਮਾਏਗੀ । ਤੁਸੀਂ ਜ਼ਰਾ ਰੀਅਲਿਸਟਕ ਹੋਕੇ, ਪ੍ਰੈਜੀਉਡਿਸ ਤੋਂ ਦੂਰ ਹੋਕੇ ਸੋਚੋ ਤਾਂ ਕਣਕ 1965 ਵਿੱਚ 20 ਰੁਪਏ ਮਣ ਜਾਂ 55 ਰੁਪਏ ਕੁਇੰਟਲ ਸੀ । ਇਸ ਤਰ੍ਹਾਂ ਛੋਲਾ 38 ਰੁਪਏ ਸੀ, ਹੁਣ 50 ਰੁਪਏ ਹੈ । ਫਿਰ ਹਾਈਬਰਿਡ ਸੀਡ

[ਉਦਯੋਗ ਮੰਤਰੀ]
ਦੇ ਕਾਰਣ ਪੈਦਾਵਾਰ ਦੁਗਣੀ ਹੋ ਰਹੀ ਹੈ। ਤਾਂ ਕੋਈ ਵਜ੍ਹਾ ਨਹੀਂ ਕਿ ਇਹ ਆਬਿਆਨਾ ਜੋ 50% ਵਧਾਇਆ ਹੈ ਇਹ ਜ਼ਿਮੀਦਾਰਾਂ ਲਈ ਨਾ ਕਾਬਲੇ ਬਰਦਾਸ਼ਤ ਹੋ ਜਾਵੇ। ਫਿਰ ਟਿਊਬਵੈਲਾਂ ਦਾ ਜ਼ਿਕਰ ਆਇਆ ਹੈ। ਇਸ ਤੇ ਅਸੀਂ 25 ਪੈਸੇ ਵਧਾਏ ਹਨ । ਇਸ ਵਿੱਚ ਭੁਲੇਖਾ ਲਗਦਾ ਹੈ ਕਿ ਅਸੀਂ ਸਾਰੇ ਟਿਊਬਵੈਲਾਂ ਤੇ ਇਹ ਪੈਸੇ ਵਧਾਏ ਹਨ। ਇਹ ਗੱਲ ਨਹੀਂ। ਅਸਲ ਗਲ ਇਹ ਹੈ ਕਿ ਗੌਰਮਿੰਟ 748 ਟਿਊਬਵੈਲ ਆਪ ਚਲਾਉਂਦੀ ਹੈ ਤੇ ਪਾਣੀ ਜ਼ਿਮੀਦਾਰਾਂ ਨੂੰ ਦਿੱਤਾ ਜਾਂਦਾ ਹੈ। ਅਗੇ ਉਹ ਨਹਿਰ ਦੇ ਪਾਣੀ ਤੋਂ ਸਸਤਾ ਪੈਂਦਾ ਸੀ। ਹੁਣ ਇਸ ਹਿਸਾਬ ਨਾਲ ਇਹ ਟੈਕਸ ਵਧਾਇਆ ਗਿਆ ਹੈ ਕਿ ਇਹ ਨਹਿਰਾਂ ਦੇ ਪਾਣੀ ਦੇ ਬਰਾਬਰ ਆ ਜਾਵੇ। ਤਾਂਕਿ ਜ਼ਿਮੀਦਾਰ ਲੋਕ ਉਸ ਪਾਣੀ ਨੂੰ ਲਾਪ੍ਰਵਾਹੀ ਨਾਲ ਨਾ ਵਰਤਨ।

ਇਕ ਮਾਨਯੋਗ ਮੈਂਬਰ : ਤੁਹਾਨੂੰ ਕੀ ਪਤਾ ਹੈ ਟਿਊਬਵੈਲਾਂ ਅਤੇ ਨਹਿਰਾਂ ਦਾ ਐਂਵੇ ਗਲਾਂ ਕਰੀ ਜਾਂਦੇ ਹੋ।

ਉਦਯੋਗ ਮੰਤਰੀ : ਤੁਹਾਨੂੰ ਕੀ ਪਤਾ ਹੈ। ਤੁਹਾਨੂੰ ਤਾਂ ਕੜਾਹ ਪ੍ਰਸ਼ਾਦ ਦਾ ਹੀ ਪਤਾ ਹੈ (ਵਿਘਨ) ਤੁਹਾਨੂੰ ਹੋਰ ਗਲਾਂ ਦਾ ਕੋਈ ਪਤਾ ਨਹੀਂ ਕੇਵਲ ਕੜਾਹ ਪ੍ਰਸ਼ਦ ਦਾ ਪਤਾ ਹੈ।

ਸਰਦਾਰ ਗੁਰਨਾਮ ਸਿੰਘ : ਕੜਾਹ ਪ੍ਰਸ਼ਾਦ ਤਾਂ ਬਹੁਤ ਚੰਗੀ ਚੀਜ਼ ਹੈ। (ਸ਼ੋਰ)

ਉਦਯੋਗ ਮੰਤਰੀ : ਮੈਂ ਅਰਜ਼ ਕਰ ਰਿਹਾ ਸੀ ਚੇਅਰਮੈਨ ਸਾਹਿਬ, 748 ਟੀਊਬਵੈਲਜ਼ ਹਨ। ਇਨਾਂ ਦਾ ਪਾਣੀ ਜਾਇਆ ਹੁੰਦਾ ਸੀ। ਲੋਕ ਪਰਵਾਹ ਨਹੀਂ ਸੀ ਕਰਦੇ। ਇਨ੍ਹਾਂ ਦਾ ਠੀਕ ਇਸਤੇਮਾਲ ਕਰਨ ਲਈ ਗੌਰਮੈਂਟ ਨੇ ਇਹ ਫ਼ੈਸਲਾ ਕੀਤਾ ਕਿ ਚਾਰ ਆਨੇ ਫੀ ਮੀਟਰ ਟੈਕਸ ਲਗਾਇਆ ਜਾਏ। ਇਸ ਨਾਲ ਕੋਈ ਲੰਬਾ ਚੌੜਾ ਫਰਕ ਨਹੀਂ ਪੈਂਦਾ।

(ਸ਼ੋਰ)

ਕੁਰਪਸ਼ਨ ਇਸ ਤਰ੍ਹਾਂ ਨਹੀਂ ਹੋਵੇਗੀ ਬਲਕਿ ਹਰ ਆਦਮੀ ਧਿਆਨ ਰਖੇਗਾ।

ਜਿਥੋਂ ਤਕ ਸਕੂਲਾਂ ਵਿੱਚ ਫੀਸ ਦਾ ਤਆਲੁਕ ਹੈ ਮੈਂ ਸਪਸ਼ਟ ਤੌਰ ਤੇ ਦਸ ਦੇਵਾਂ ਕਿ ਨਾਂ ਤੇ ਸ਼ਿਡੀਊਲਡ ਕਾਸਟ ਕੋਲੋਂ, ਨਾਂ ਹਰੀਜਨਾਂ ਕੋਲੋਂ ਅਤੇ ਨਾਂ ਗਰੀਬਾਂ ਕੋਲੋਂ ਜਿਹੜਾ ਫੀਸ ਦੇਣ ਦੇ ਕਾਬਲ ਨਹੀਂ, ਇਹ ਫੀਸ ਲਿਤੀ ਜਾਵੇਗੀ। ਸਵਾਲ ਇਹ ਹੈ ਕਿ ਇਕ ਆਦਮੀ ਇਕ ਹਜਾਰ ਜਾਂ ਪੰਦਰਾ ਸੌ ਰੁਪਏ ਮਹੀਨਾਂ ਕਮਾਉਂਦਾ ਹੈ, ਉਹ ਇਸ ਪੁਜੀਸ਼ਨ ਵਿੱਚ ਹੈ ਕਿ ਫੀਸ ਦੇ ਸਕੇ। ਕੋਈ ਵਜਾ ਨਹੀਂ ਉਸ ਕੋਲੋਂ ਫੀਸ ਵਸੂਲ ਨਾਂ ਕੀਤੀ ਜਾਵੇ। ਇਹ ਜਿਹੜਾ ਫੀਸ ਲਗਾਉਣ ਦਾ ਮਕਸਦ ਹੈ। ਸੋ ਇਹ ਦੀ ਕੁੱਝ ਹੋਰ ਹੀ ਬੈਕ ਗਰਾਊਂਡ ਸੀ। ਇਕ ਹਜਾਰ ਜਾਂ ਪੰਦਰਾ ਸੌ ਕਮਾਉਣ ਵਾਲਾ ਅ ਦਮੀ ਫੀਸ ਦੇ ਸਕਦਾ ਹੈ। ਕੋਈ ਵਜਾ ਨਹੀਂ ਕਿ ਉਹ ਨਾਂ ਦੇਵੇ।

(ਸ਼ੋਰ)

ਮੈਂ ਇਹ ਦਸਣਾ ਚਾਹੁੰਦਾ ਹਾਂ ਡਾਂਗ ਸਾਹਿਬ ਦੀ ਗਿਆਤ ਲਈ, ਕਿ ਜਿਹੜਾ ਆਦਮੀ ਫੀਸ ਦੇਣ ਦੀ ਪੁਜੀਸ਼ਨ ਵਿੱਚ ਨਹੀਂ, ਹਰੀਜਨ ਹੋਵੇ ਭਾਵੇਂ ਕੋਈ ਵੀ ਹੋਰ ਉਸ ਤੋਂ ਫੀਸ ਨਹੀਂ ਲਈ ਜਾਵੇਗੀ। (ਸ਼ੋਰ)

ਡਾਂਗ ਸਾਹਿਬ ਨੇ ਫਰਮਾਇਆ ਚੇਅਰਮੈਨ ਸਾਹਿਬ ਕਿ 40 ਪੈਸੇ ਮਾਰਕੀਟ ਫੀਸ ਹੁੰਦੀ ਹੈ ਜਦ ਕਿ ਇਨ੍ਹਾਂ ਨੇ ਇਕ ਰੁਪਿਆ ਕਰ ਦਿੱਤੀ। ਇਸ ਤਰ੍ਹਾਂ ਨਾਲ ਗਰੋਅਰ ਤੇ ਭਾਰ ਹੈ। ਚੇਅਰਮੈਨ ਸਾਹਿਬ, ਇਨ੍ਹਾਂ ਦਾ ਕਸੂਰ ਕੋਈ ਨਹੀਂ ਇਨ੍ਹਾਂ ਦਾ ਤਾਂ ਕੰਮ ਹੈ ਕਿ ਲੇਬਰ ਨੂੰ ਕਿਸ ਤਰ੍ਹਾਂ ਉਕਸਾਇਆ ਜਾਏ। ਇਨ੍ਹਾਂ ਦੀ ਗਿਆਤ ਲਈ ਮੈਂ ਦਸਦਾ ਹਾਂ ਕਿ ਗਰੋਅਰ ਮੰਡੀ ਵਿਚ ਮਾਲ ਲਿਆਕੇ ਵੇਚਦਾ ਹੈ ਉਸ ਤੇ ਮਾਰਕੀਟ ਫੀਸ ਲਗਦੀ ਹੈ। ਇਸ ਤਰ੍ਹਾਂ ਨਾਲ ਇਹ ਗਰੋਅਰ ਤੇ ਹਰਗਿਜ਼ ਬੋਝ ਨਹੀਂ ਬਲਕਿ ਵਪਾਰੀ ਤੇ ਹੈ। (ਸ਼ੋਰ)

ਸੋ ਡਾਂਗ ਸਾਹਿਬ ਦੀ ਗਿਆਤ ਲਈ ਮੈਂ ਦਸਣਾ ਚਾਹੁੰਦਾ ਹਾਂ ਕਿ ਇਹ ਮੇਰੇ ਬਜ਼ੁਰਗ ਹਨ। ਇਹਦਾ ਬੋਝ ਹਰਗਿਜ਼ ਵੀ ਗਰੋਅਰਜ਼ ਤੇ ਨਹੀਂ ਪੈਂਦਾ।

20 ਲੱਖ ਟਨ ਅਨਾਜ ਅਸੀਂ ਬਾਹਰ ਭੇਜਾਂਗੇ। ਇਹ ਫੀਸ ਉਸ ਮਾਲ ਉਤੇ ਲਗੇਗੀ ਨਾਂ ਕਿ ਕਿਸੇ ਕਨਜ਼ਿਊਮਰ ਉਤੇ ਲਗਣੀ ਹੈ।

(ਸ਼ੋਰ)

ਅਗਲੀ ਆਈਟਮ ਇਨਡੋਰ ਆਊਟ ਡੋਰ ਪੇਸ਼ੈਂਟਸ ਉਤੇ ਫ਼ੀਸ ਹੈ। ਅਗੇ ਰਵਾਜ ਸੀ ਇਕ ਮਰੀਜ ਦੀ ਪਰਚੀ ਬਣਨ ਤੇ ਦਸ ਪੈਸੇ ਲਗਦੇ ਸਨ। ਪਰ ਹੁਣ ਨਵੀਂ ਪਰਚੀ ਤੇ 25 ਪੈਸੇ ਲਗਣਗੇ ਅਤੇ ਦਸ ਪੈਸੇ ਹਰ ਰੋਜ ਜਿਹੜਾ ਮਰੀਜ ਹਸਪਤਾਲ ਜਾਇਆ ਕਰੇਗਾ ਉਸ ਤੋਂ ਲਏ ਜਾਣਗੇ। ਇਹਦੇ ਨਾਲ ਪੇਸ਼ੈਂਟਸ ਨੂੰ ਅਛੀ ਦਵਾਈ ਮਿਲੇਗੀ। (ਸ਼ੋਰ)

ਅਗੇ ਦਵਾਈ ਅਛੀ ਨਹੀਂ ਸੀ ਮਿਲਦੀ। (ਸ਼ੋਰ)

ਦਵਾਈ ਅਗਰ ਇੰਪਰੂਵ ਹੋ ਜਾਏ ਔਰ ਪੇਸ਼ੈਂਟਸ ਨੂੰ ਦਸ ਪੈਸੇ ਇੰਪਰੂਵਡ ਦਵਾਈ ਦੇ ਦੇਣੇ ਪੈਣ ਤਾਂ ਕੋਈ ਮਾੜੀ ਗੱਲ ਨਹੀਂ। ਜਿਥੇ ਵੀਹ ਲੱਖ ਰੁਪਏ ਦੇ ਟੈਕਸ ਲਾਏ ਉਥੇ ਪੰਜਾਹ ਲਖ ਰੁਪਿਆ ਵਧੀਆ ਦਵਾਈਆਂ ਲਈ ਰਿਜ਼ਰਵ ਰਖਿਆ।

ਅਗਲੀ ਆਈਟਮ ਲਾਟਰੀ ਸਿਸਟਮ ਦੇ ਮਤਲਕ ਹੈ। ਅਜ ਕਲ ਇੰਨੇ ਜ਼ਿਆਦਾ ਫੰਡ ਖੁਲੇ ਹੋਏ ਹਨ ਕਿ ਹਿਸਾਬ ਹੀ ਕੋਈ ਨਹੀਂ। ਲੋਕਾਂ ਦੀਆਂ ਰਕਮਾਂ ਖਤਰੇ ਵਿੱਚ ਪੈ ਜਾਂਦੀਆਂ ਹਨ। (ਸ਼ੋਰ)

45 ਲੱਖ ਰੁਪਿਆ ਲਾਟਰੀ ਨਾਲ ਕਮਾ ਲਿਆ ਜਾਇਗਾ। ਦੂਸਰਿਆਂ ਸੂਬਿਆਂ ਵਿੱਚ ਵੀ ਇਸ ਤਰ੍ਹਾਂ ਦਾ ਰਵਾਜ ਹੈ।

ਖਣਿਜ ਪਦਾਰਥਾਂ ਦੀ ਰਾਇਲਟੀ ਦੇ ਦਰ ਬਹੁਤ ਚਿਰ ਪਹਿਲਾਂ ਨੀਯਤ ਕੀਤੇ ਗਏ ਸਨ। ਇਹ ਦਰ 1940 ਤੋਂ 1968 ਤਕ ਰੀਵਾਈਜ਼ ਹੀ ਨਹੀਂ ਹੋਏ ਅਤੇ ਅਸੀਂ ਹੁਣ ਦੇ ਰੀਵਾਈਜ਼ ਕਰ ਦਿਤੇ ਤਾਂ ਕੋਈ ਮਾੜੀ ਗੱਲ ਨਹੀਂ ਕੀਤੀ। ਉਤਪਾਦਨ ਦੇ ਹਰ ਖੇਤਰ ਵਿੱਚ ਕੀਮਤਾਂ ਦੇ ਵਾਧੇ ਨੂੰ ਮੁੱਖ ਰਖਦਿਆਂ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਇਸ ਸ਼੍ਰੇਣੀ ਦੇ ਖਣਿਜ ਪਦਾਰਥਾਂ ਸੰਬਧੀ ਰਾਇਲਟੀ ਦੇ ਦਰਾਂ ਵਿੱਚ ਵਾਧਾ ਕੀਤਾ ਜਾਵੇ।

[ਉਦਯੋਗ ਮੰਤਰੀ]

ਸਿਨਮਾ ਸ਼ੋ ਟੈਕਸ ਦੇ ਮੁਤਲਕ ਮੈਂ ਅਰਜ਼ ਕਰਦਾ ਹਾਂ ਕਿ ਏ, ਬੀ, ਸੀ ਡੀ ਤੇ ਈ ਪੰਜ ਕੈਟੇਗਰੀਜ਼ ਬਣਾਈਆਂ ਹੋਈਆਂ ਹਨ । 2 ਰੁਪਏ 0 ਪੈਸੇ, 2 ਰੁਪਏ 20 ਪੈਸੇ, 1 ਰੁਪਿਆ 75 ਪੈਸੇ, 1 ਰੁਪਿਆ 30 ਪੈਸੇ ਔਰ 87 ਪੈਸੇ । ਇਹ ਟੈਕਸ ਪਰ ਹੰਡਰਡ ਸੀਟਸ ਆਕੂਪਾਈਡ ਤੇ ਲਗਦਾ ਹੈ । 45 ਸੌ ਰੁਪਿਆ ਹਫਤਾ ਪਟਿਆਲੇ ਵਿੱਚ, 4 ਹਜ਼ਾਰ ਰੁਪਿਆ ਹਫਤਾ ਜਲੰਧਰ ਵਿੱਚ, 45 ਸੌ ਰੁਪਏ ਹਫਤਾ ਲੁਧਿਆਣਾ ਔਰ 35 ਸੌ ਰੁਪਿਆ ਹਫਤਾ ਪਠਾਨਕੋਟ ਦੇ ਵਿੱਚ ਇਕ ਇਕ ਸਿਨਮਾ ਚੜ੍ਹਿਆ ਹੋਇਆ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਜਿਨ੍ਹਾਂ ਨੂੰ 14 ਹਜ਼ਾਰ ਰੁਪਿਆ ਜਾਂ 12 ਹਜ਼ਾਰ ਰੁਪਿਆ ਮਹੀਨੇ ਦੀ ਆਮਦਨ ਹੋਵੇ ਅਗਰ ਉਸ ਦੇ ਵਿਚੋਂ ਉਨ੍ਹਾਂ ਨੂੰ ਥੋੜੀ ਜਿਹੀ ਰਕਮ ਦੇਣੀ ਵੀ ਪਵੇ ਤਾਂ ਮੈਂ ਸਮਝਦਾ ਹਾਂ ਕਿ ਇਹ ਨਾਜ਼ਾਇਜ਼ ਨਹੀਂ ਸਮਝਣੀ ਚਾਹੀਦੀ । (ਵਿਘਨ)

ਦੂਜੀ ਗੱਲ ਮੈਂ ਇਸ਼ਤਿਹਾਰੀ ਫਿਲਮਾਂ ਦੇ ਮੁਤਲਕ ਕਹਿਣੀ ਚਾਹੁੰਦਾ ਹਾਂ । ਤੁਹਾਨੂੰ ਪਤਾ ਹੀ ਹੈ ਕਿ ਵਡੀਆਂ ਵਡੀਆਂ ਕੰਪਨੀਆਂ ਇਸ਼ਤਿਹਾਰੀ ਫਿਲਮਾਂ ਕਢਦੀਆਂ ਹਨ । ਉਨਾਂ ਨੂੰ ਪਤਾ ਹੁੰਦਾ ਹੈ ਕਿ ਜੇ ਅਸੀਂ ਪਬਲਿਸਿਟੀ ਤੇ ਪੈਸਾ ਨਾ ਖਰਚਾਂਗੇ ਤਾਂ ਇਨਕਮ ਟੈਕਸ ਵਿੱਚ ਚਲੇ ਜਾਣਗੇ । ਇਸ ਇਨਕਮ ਟੈਕਸ ਨੂੰ ਬਚਾਉਣ ਲਈ ਉਹ ਲੱਖ ਦੋ ਲੱਖ ਰੁਪਿਆ ਖਰਚ ਕੇ ਇਸ ਕਿਸਮ ਦੀਆਂ ਫਿਲਮਾਂ ਬਣਾਉਂਦੇ ਹਨ ਔਰ ਇਸ ਦਾ ਟੈਕਸ ਸਿਨਮੇ ਵਾਲਿਆਂ ਨੂੰ ਦਿੰਦੇ ਹਨ । ਮੈਂ ਸਮਝਦਾ ਹਾਂ ਕਿ ਜੇ ਇਸ ਕਿਸਮ ਦਾ ਟੈਕਸ ਇਨ੍ਹਾਂ ਵਡੀਆਂ ਵਡੀਆਂ ਕੰਪਨੀਆਂ ਨੂੰ ਦੇਣਾ ਪਵੇ ਤਾਂ ਇਸ ਵਿੱਚ ਕੋਈ ਐਸੀ ਨਾਜਾਇਜ਼ ਗੱਲ ਨਹੀਂ । (ਵਿਘਨ)

ਮੇਰਾ ਖਿਆਲ ਹੈ ਕਿ ਡਾਂਗ ਸਾਹਿਬ ਤਾਂ ਇਸ ਨਾਲ ਜ਼ਰੂਰ ਮੁਤਫਿਕ ਹੋਣਗੇ । (ਸ਼ੋਰ)

ਡਾਂਗ ਸਾਹਿਬ ਨੇ ਪੈਸੇਂਜਰ ਟੈਕਸ ਬਾਰੇ ਖਾਸ ਤੌਰ ਤੇ ਕਿਹਾ ਹੈ । ਮੈਂ ਅਰਜ਼ ਕਰਦਾ ਹਾਂ ਕਿ ਜਿਸ ਜਿਸ ਤਰਾਂ ਆਦਮੀ ਦਾ ਸਟੈਂਡਰਡ ਆਫ਼ ਲਿਵਿੰਗ ਹਾਈ ਹੁੰਦਾ ਹੈ, ਟੈਕਸ ਵਧਦਾ ਹੈ ।

ਸ੍ਰੀ ਸਭਾਪਤੀ (ਸ੍ਰੀ ਮੋਹਨ ਲਾਲ) : ਮਕੜ ਸਾਹਿਬ, ਤੁਹਾਡੇ ਤੇ ਡਾਕਟਰ ਸਾਹਿਬ ਨਾਰਾਜ਼ ਹੋ ਰਹੇ ਜਾਪਦੇ ਹਨ ਕਿ ਜਿਹੜੀਆਂ ਗਲਾਂ ਦਾ ਜੁਆਬ ਉਨ੍ਹਾਂ ਨੇ ਦੇਣਾ ਹੈ ਉਹ ਤੁਸੀਂ ਆਪ ਹੀ ਦੇਈ ਜਾ ਰਹੇ ਹੋ । (ਹਾਸਾ) Addressing Shri B. N. Makkar : Dr. Jagjit Singh, Finance Minister, appears to be annoyed with you because you are giving the replies to various objections, about which he himself wanted to say something.) (laughter)

ਉਦਯੋਗ ਮੰਤਰੀ (ਸ੍ਰੀ ਬਿਸ਼ੰਭਰ ਨਾਥ ਮੱਕੜ) : ਜੇ ਕਹੋ ਤਾਂ ਮੈਂ ਬੰਦ ਕਰ ਦਿੰਦਾ ਹਾਂ ਜੀ । ਪਰ ਮੈਂ ਸਮਝ ਗਿਆ ਹਾਂ, ਤੁਸੀਂ ਕਹਿੰਦੇ ਹੋ ਕਿ ਮੈਂ ਵਾਈਂਡ ਅਪ ਕਰਾਂ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਜੀ ਕਿ 1967-68 ਤਕ ਜਿਹੜੇ ਟੈਕਸ ਲਗੇ ਹਨ ਉਨ੍ਹਾਂ ਦੀ ਸ਼ਰ੍ਹਾ 41·84 ਸੀ । 1968-69 ਦੇ ਅਗਰ ਟੈਕਸ ਵਿਚ ਇਨਕਲੂਡ ਕਰ ਦਿਤੇ ਜਾਣ ਤਾਂ ਇਹ 42·49 ਹੁੰਦੀ ਹੈ । ਇਸ ਦਾ ਮਤਲਬ ਇਹ ਹੋਇਆ ਕਿ ਪਰ ਹੈਡ 65 ਪੈਸੇ ਟੈਕਸ ਵਧਿਆ । ਇਸ ਦੇ ਨਾਲ ਹੀ ਉਹ ਜਿਹੜਾ 45 ਲੱਖ ਰੁਪਿਆ ਲਾਟਰੀ ਸਿਸਟਮ ਵਾਲਾ ਹੈ ਜੇ ਉਹ ਕਢ ਦਿੱਤਾ ਜਾਵੇ ਤਾਂ ਫਿਰ 50 ਪੈਸੇ ਪਰ ਹੈਡ ਟੈਕਸ ਵਧਦਾ ਹੈ । ਚੇਅਰਮੈਨ ਸਾਹਿਬ ਮੈਂ ਪੁਛਣਾ ਚਾਹੁੰਦਾ ਹਾਂ ਕਿ ਅਗਰ ਇਕ ਆਦਮੀ ਦੇ

ਉਤੇ 50 ਪੈਸੇ ਟੈਕਸ ਵਧ ਜਾਏ ਔਰ ਉਸ ਦੇ ਨਾਲ ਸੈਂਕੜੇ ਮੀਲ ਪਕੀਆਂ ਸੜਕਾਂ ਬਣ ਜਾਣ, 15 ਲਖ ਮਨ ਅਨਾਜ ਫਾਲਤੂ ਪੈਦਾ ਹੋ ਜਾਏ, 1 ਲਖ 69 ਹਜਾਰ ਕਪਾਹ ਦੀਆਂ ਗੰਡਾਂ ਫਾਲਤੂ ਹੋ ਜਾਣ, 40 ਲੱਖ ਨਵੇਂ ਦਰਖਤ ਲੱਗ ਜਾਣ, ਦੋ ਸੌ ਪਿੰਡਾਂ ਵਿੱਚ ਬਿਜਲੀ ਜਾ ਸਕੇ, ਸੂਬੇ ਵਿੱਚ ਸੈਂਕੜੇ ਕਾਰਖਾਨੇ ਡੀਵੈਲਪ ਹੋ ਸਕਣ, ਪੁਰਾਣਿਆਂ ਕਾਰਖਾਨਿਆਂ ਦੀ ਪੈਦਾਵਾਰ ਵਧ ਸਕੇ, ਜ਼ਰਈ ਯੂਨੀਵਰਸਟੀ ਔਰ ਪੰਜਾਬੀ ਯੂਨੀਵਰਸਟੀ ਦੀ ਕੁੱਝ ਡੀਵੈਲਪਮੈਂਟ ਹੋ ਸਕੇ, ਹਾਈ ਯੀਲਡ ਜਿਹੜੇ ਬੀਜ ਹਨ ਉਨ੍ਹਾਂ ਦੀ ਕੋਈ ਰੀਸਰਚ ਕੀਤੀ ਜਾ ਸਕੇ, ਹਸਪਤਾਲਾਂ ਵਿੱਚ ਦਵਾਈਆਂ ਚੰਗੀਆਂ ਮਿਲ ਸਕਣ, 20 ਲਖ ਰੁਪਿਆ ਦੁਧ ਦੀ ਪਰੋਡਕਸ਼ਨ ਵਧਾਉਣ ਵਾਸਤੇ ਰਖ ਦਿਤਾ ਜਾਵੇ, ਔਰ ਟੀਚਰਾਂ ਨੂੰ ਮਾਕੂਲ ਤਨਖਾਹਾਂ ਦਿਤੀਆਂ ਜਾ ਸਕਣ, ਔਰ ਇਸ ਦੇ ਨਾਲ ਹੀ ਖਾਸ ਤੌਰ ਤੇ ਹਰੀਜਨਾਂ ਵਾਸਤੇ, ਜਿਨ੍ਹਾਂ ਲਈ ਕਿ ਹਮੇਸ਼ਾ ਹੀ 27 ਲੱਖ ਰੁਪਿਆ ਜਾਂਦਾ ਸੀ, ਜੇ ਉਨ੍ਹਾਂ ਲਈ 63 ਲੱਖ ਰੁਪਿਆ ਰਖਿਆ ਜਾਏ ਤਾਕਿ ਉਨ੍ਹਾਂ ਦੀ ਜ਼ਿਆਦਾ ਬਿਹਤਰੀ ਹੋ ਸਕੇ, ਤਾਂ ਮੈਂ ਆਪੋਜ਼ੀਸ਼ਨ ਨੂੰ ਪੁਛਦਾ ਹਾਂ ਕਿ ਇਸ ਦੇ ਨਾਲੋਂ ਹੋਰ ਬਿਹਤਰ ਬਜਟ ਕੀ ਆ ਸਕਦਾ ਹੈ । (ਥੰਪਿੰਗ)

ਸ੍ਰੀ ਸੱਤਪਾਲ ਡਾਂਗ : ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ । ਮੈਂ 2 ਪੁਆਇੰਟਸ ਤੇ ਆਪਣੀ ਐਕਸਪਲੇਨੇਸ਼ਨ ਦੇਣੀ ਚਾਹੁੰਦਾ ਹਾਂ । ਇਨ੍ਹਾਂ ਨੇ ਕਿਹਾ ਹੈ ਕਿ ਮੈਂ ਅੰਮ੍ਰਿਤਸਰ ਦੇ ਐਸ.ਐਸ.ਪੀ. ਸਾਹਿਬ ਨੂੰ ਇਹ ਗੱਲ ਕਹੀ ਕਿ ਕਮਿਊਨਿਸਟ ਜਾਂ ਮਜ਼ਦੂਰ ਜੋ ਮਰਜ਼ੀ ਕਰ ਲੈਣ, ਜੇ ਉਨ੍ਹਾਂ ਵੱਲ ਹੱਥ ਚੁੱਕਿਆ ਤਾਂ ਹੱਥ ਤੋੜ ਦਿਆਂਗੇ । ਮੈਂ ਬੜੀ ਜ਼ਿਮੇਵਾਰੀ ਨਾਲ ਕਹਿੰਦਾ ਹਾਂ ਕਿ ਇਹ ਗੱਲ ਹੰਡਰਡ ਪਰਸੈਂਟ ਗ਼ਲਤ ਹੈ । ਜਾਂ ਤਾਂ ਐਸ. ਐਸ. ਪੀ. ਨੇ ਇਨ੍ਹਾਂ ਨੂੰ ਇਹ ਗੱਲ ਕਹੀ ਨਹੀਂ, ਇਹ ਸਭ ਆਪ ਹੀ ਕਹਿੰਦੇ ਨੇ । ਤੇ ਜਾਂ ਐਸ. ਐਸ. ਪੀ. ਸਾਹਿਬ ਤਰੱਕੀ ਲੈਣ ਦੀ ਖਾਤਰ ਗਿੱਲ ਸਾਹਿਬ ਨੂੰ ਖੁਸ਼ ਕਰਨ ਲਈ ਝੂਠ ਬੋਲਦੇ ਪਏ ਹਨ । (ਸ਼ੋਰ)

ਸ੍ਰੀ ਸਭਾਪਤੀ : ਪਹਿਲਾ ਹੀ ਕਾਫੀ ਸੀ, ਦੂਜਾ ਤੁਹਾਨੂੰ ਨਹੀਂ ਸੀ ਕਹਿਣਾ ਚਾਹੀਦਾ । (The first part of your explanation, was enough. There was no need of mentioning the second point.)

ਸ੍ਰੀ ਸੱਤਪਾਲ ਡਾਂਗ : ਦੂਜੀ ਗੱਲ ਮੈਂ ਸ਼ੈਲਰਾਂ ਦੀ ਕਰਨੀ ਚਾਹੁੰਦਾ ਹਾਂ । ਸ਼ੈਲਰਾਂ ਦੇ ਬਾਰੇ ਇਨ੍ਹਾਂ ਨੇ ਕਿਹਾ ਹੈ ਕਿ ਮੈਂ ਗ਼ਲਤ ਬਿਆਨੀ ਕੀਤੀ, ਮੇਰਾ ਤਾਂ ਸ਼ੈਲਰ ਖਾਲੀ ਪਿਆ ਸੀ, ਮੈਂ ਤਾਂ ਕਹਿੰਦਾ ਸਾਂ ਕਿ ਸਾਨੂੰ ਕੰਮ ਦਿਉ । ਚੇਅਰਮੈਨ ਸਾਹਿਬ, ਫੂਡ ਕਾਰਪੋਰੇਸ਼ਨ ਵਾਲਿਆਂ ਨੇ ਮੈਨੂੰ ਕਿਹਾ ਕਿ ਇਨ੍ਹਾਂ ਨੇ ਰੈਜ਼ੂਲੂਸ਼ਨ ਕਰ ਦਿਤਾ ਹੈ ਕਿ ਫੂਡ ਕਾਰਪੋਰੇਸ਼ਨ ਦਾ ਝੋਨਾ ਕੋਈ ਨਹੀਂ ਛੜਨਾ । ਚੇਅਰਮੈਨ ਸਾਹਿਬ, ਇਹ ਤਾਂ ਮੇਰੇ ਪਾਸ ਆਏ ਹੀ ਨਹੀਂ, ਜੇ ਆਉਂਦੇ ਤਾਂ ਮੈਂ ਇਨ੍ਹਾਂ ਨੂੰ ਫੂਡ ਕਾਰਪੋਰੇਸ਼ਨ ਦੇ ਕੋਲ ਘੱਲ ਦਿੰਦਾ ।

ਉਦਯੋਗ ਮੰਤਰੀ (ਸ਼੍ਰੀ ਬਿਸ਼ੰਭਰ ਨਾਥ ਮੱਕੜ) : ਮੈਂ ਤਾਂ ਤੁਹਾਡੇ ਪਾਸ ਆਇਆ ਸੀ ।

ਕੈਪਟਨ ਰਤਨ ਸਿੰਘ (ਗੜ੍ਹ ਸ਼ੰਕਰ) : ਚੇਅਰਮੈਨ ਸਾਹਿਬ, 1 ਮਾਰਚ ਨੂੰ ਜਿਸ ਵੇਲੇ ਡਾਕਟਰ ਜਗਜੀਤ ਸਿੰਘ ਇਥੇ ਆਏ ਸਨ ਤਾਂ ਮੈਂ ਸਮਝਦਾ ਸੀ ਕਿ ਜਦੋਂ ਮੈਂ ਬੱਜਟ ਤੇ ਬੋਲਾਂਗਾ ਤਾਂ

[ਕੈਪਟਨ ਰਤਨ ਸਿੰਘ]

ਮੈਂ ਉਨ੍ਹਾਂ ਨੂੰ ਮੁਬਾਰਕਬਾਦ ਦੇਵਾਂਗਾ । ਲੇਕਿਨ ਉਹ ਤਕਰੀਰ ਸੁਣਕੇ ਮੈਨੂੰ ਬੜੇ ਦੁਖ ਔਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਮੈਂ ਉਨ੍ਹਾਂ ਨੂੰ ਇਸ ਬੱਜਟ ਤੇ ਮੁਬਾਰਕਬਾਦ ਨਹੀਂ ਦੇ ਸਕਦਾ (ਆਪੋਜ਼ੀਸ਼ਨ ਵੱਲੋਂ ਥੰਪਿੰਗ) ।

ਸ਼੍ਰੀ ਸਭਾਪਤੀ : ਐਵੇਂ ਖੁਸ਼ ਹੁੰਦੇ ਪਏ ਹੋ, ਉਨ੍ਹਾਂ ਦੀ ਤਾਂ ਜ਼ਿਲੇ ਦੀ ਲਗਦੀ ਹੈ । (The Jubilation on the part of the hon. Members is unfounded. They are rivals from the same district.)

ਕੈਪਟਨ ਰਤਨ ਸਿੰਘ : ਲੇਕਿਨ ਜਿਨ੍ਹਾਂ ਗੱਲਾਂ ਤੋਂ ਡਾਂਗ ਸਾਹਿਬ ਨੇ ਇਨ੍ਹਾਂ ਨੂੰ ਨਿੰਦਿਆ ਹੈ, ਮੈਂ ਸਮਝਦਾ ਹਾਂ ਕਿ ਇਹ ਟੈਕਸਾਂ ਵਾਲਾ ਬੱਜਟ ਨਾਗੁਰੇਜ਼ ਸੀ । ਇਸ ਕਰਕੇ ਕਿ ਫਰੰਟ ਸਰਕਾਰ ਤੋਂ ਬਾਅਦ ਕੋਈ ਵੀ ਸਰਕਾਰ ਆਉਂਦੀ ਉਸ ਦਾ ਨਵੇਂ ਟੈਕਸ ਲਾਏ ਬਗੈਰ ਗੁਜ਼ਾਰਾ ਨਹੀਂ ਸੀ ਹੋ ਸਕਦਾ । ਪਿਛਲੇ ਸਾਲ ਵੀ ਜਦੋਂ ਡਾਕਟਰ ਬਲਦੇਵ ਪ੍ਰਕਾਸ਼ ਜੀ ਨੇ ਬੱਜਟ ਪੇਸ਼ ਕੀਤਾ ਸੀ ਤਾਂ ਮੈਂ ਉਨ੍ਹਾਂ ਨੂੰ ਆਖਿਆ ਸੀ ਕਿ ਇਹ ਬੱਜਟ ਸਾਬਤ ਕਰਦਾ ਹੈ ਕਿ ਤੁਸੀਂ ਸੂਬੇ ਦੀ ਕੋਈ ਡੀਵੈਲਪਮੈਂਟ ਨਹੀਂ ਕਰਨੀ । ਜਦੋਂ ਕੋਈ ਟੈਕਸ ਨਾ ਲਗੇ ਤਾਂ ਉਸ ਦਾ ਮਤਲਬ ਇਹੀ ਹੁੰਦਾ ਹੈ ਕਿ ਉਹ ਸਰਕਾਰ ਕੋਈ ਡੀਵੈਲਪਮੈਂਟ ਨਹੀਂ ਕਰਨਾ ਚਾਹੁੰਦੀ । ਮੈਨੂੰ ਜਿਹੜਾ ਗੁੱਸਾ ਹੈ, ਜਿਸ ਕਰਕੇ ਮੈਂ ਮੁਬਾਰਕਬਾਦ ਨਹੀਂ ਦਿੰਦਾ, ਉਹ ਇਹ ਹੈ ਕਿ ਜਿਨ੍ਹਾਂ ਲੋਕਾਂ ਤੇ ਟੈਕਸ ਲਾਣੇ ਚਾਹੀਦੇ ਸਨ ਉਨ੍ਹਾਂ ਤੇ ਨਹੀਂ ਲਾਏ ਔਰ ਜਿਨ੍ਹਾਂ ਨੂੰ ਨਹੀਂ ਲਾਉਣੇ ਚਾਹੀਦੇ ਸਨ ਉਨ੍ਹਾਂ ਤੇ ਲਾਏ ਹਨ । (ਥੰਪਿੰਗ) ।

ਹੁਣ ਮੈਂ ਟੈਕਸਾਂ ਦਾ ਜ਼ਿਕਰ ਕਰਦਾ ਹਾਂ । ਡਾਂਗ ਸਾਹਿਬ ਨੇ ਕਿਹਾ ਹੈ ਕਿ ਇਕ ਸੂਬੇ ਨੂੰ ਇਕ ਸਾਲ ਦੇ ਅੰਦਰ 6 ਕਰੋੜ ਜਾਂ ਪੌਣੇ ਸਤ ਕਰੋੜ ਤੋਂ ਵੱਧ ਟੈਕਸ ਲਾ ਦੇਣੇ ਬੜਾ ਅੰਧੇਰ ਹੈ । ਲੇਕਿਨ ਮੈਂ ਡਾਂਗ ਸਾਹਿਬ ਤੋਂ ਪੁਛਦਾ ਹਾਂ ਕਿ ਇਕ ਸੂਬੇ ਤੇ 14 ਕਰੋੜ ਦਾ ਟੈਕਸ ਭਾਵੇਂ ਉਹ ਕਿਨ੍ਹਾਂ ਵੀ ਜਰੂਰੀ ਹੋਵੇ, ਪਾ ਦੇਣਾ ਕਿੰਨਾਂ ਕੁ ਜਾਇਜ਼ ਹੈ । ਜਿਹੜਾ ਡੀਅਰਨੈਸ ਅਲਾਊਂਸ, ਜਿਹੜਾ ਕੋਠਾਰੀ ਕਮਿਸ਼ਨ ਦੀ ਰੀਕਮੈਂਡੇਸ਼ਨ ਦਾ ਭਾਰ ਹੈ ਉਹ ਇਕੋ ਹੀ ਸਾਲ ਵਿਚ 14 ਕਰੋੜ ਦਾ, ਪਬਲਿਕ ਤੇ ਪਾ ਦੇਣਾ ਇਹ ਕਿੰਨਾ ਕੁ ਠੀਕ ਹੈ (ਥੰਪਿੰਗ) । ਮੈਂ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਕਰਮਚਾਰੀਆਂ ਦੀਆਂ ਤਨਖਾਹਾਂ ਵਧਾਈਆਂ ਹਨ । ਪਰ ਮੈਂ ਸਰਕਾਰ ਤੋਂ ਇਹ ਵੀ ਮੰਗ ਕਰਦਾ ਹਾਂ ਕਿ ਜਿਨ੍ਹਾਂ ਦੀਆਂ ਤਨਖਾਹਾਂ ਵਧਾਈਆਂ ਹਨ ਸਰਕਾਰ ਉਨ੍ਹਾਂ ਤੋਂ ਕੰਮ ਲੈਣ ਦੀ ਤਾਕਤ ਰੱਖੇ । ਅਗਰ ਇਤਨੀ ਤਨਖਾਹ ਲੈਣ ਦੇ ਬਾਵਜੂਦ ਵੀ ਉਹ ਜਨਤਾ ਦੀ ਸੇਵਾ ਨਾ ਕਰ ਸਕਣ ਤਾਂ ਇਹ ਮਾੜਾ ਕੰਮ ਹੈ । ਅਗਰ ਇਸ ਬੱਜਟ ਵਿੱਚ, ਐਡਮਨਿਸਟ੍ਰੇਟਿਵ ਰੀਫਾਰਮਜ਼ ਕਮਿਸ਼ਨ ਦੀਆਂ ਰੀਕਮੈਂਡੇਸ਼ਨਜ਼ ਮੰਨਕੇ ਡਾਕਟਰ ਸਾਹਿਬ ਇਹ ਕਹਿੰਦੇ ਕਿ ਮੁਲਾਜ਼ਮ ਖਾਸ ਕਰਕੇ ਸੈਕ੍ਰੇਟਰੀਏਟ ਦੇ ਮੁਲਾਜ਼ਮਾਂ ਦੀ ਤਾਦਾਦ ਘੱਟ ਕਰਦੇ ਤਾਂ ਵੀ ਮੈਂ ਇਨ੍ਹਾਂ ਨੂੰ ਮੁਬਾਰਕਬਾਦ ਦਿੰਦਾ । ਮੈਨੂੰ ਪਤਾ ਹੈ ਕਿ ਸੈਕ੍ਰੇਟਰੀਏਟ ਦੇ ਵਿੱਚ ਚਾਹਾਂ ਪੀਣ ਲਈ, ਅਖਬਾਰਾਂ ਪੜ੍ਹਨ ਲਈ ਔਰ ਕਈ ਜਿਹੜੇ ਈਵਨਿੰਗ ਕਲਾਸਿਜ਼ ਅਟੈਂਡ ਕਰਦੇ ਹਨ, ਉਹ ਸਾਰਾ ਬੋਝ ਇਹ ਖਰਚ ਕਢਣ ਵਾਸਤੇ ਪਬਲਿਕ ਤੇ ਪਾਉਂਦੇ ਹਨ ਔਰ ਜਨਤਾ ਦਾ ਕੰਮ ਨਹੀਂ ਕਰਦੇ । ਹੁਣ ਮੁਲਾਜ਼ਮ ਨੂੰ ਇਹ ਨਹੀਂ ਕਹਿਣਾ ਚਾਹੀਦਾ ਕਿ ਉਸਦੀ ਤਨਖਾਹ ਘੱਟ ਹੈ । ਸਰਕਾਰ ਨੂੰ ਵੀ ਮੁਲਾਜ਼ਮ ਤੇ ਕੋਈ ਰਹਿਮ ਨਹੀਂ ਕਰਨਾ ਚਾਹੀਦਾ । ਉਸ ਤੋਂ ਚੰਗੀ ਤਰ੍ਹਾਂ ਕੰਮ ਲੈਣਾ ਚਾਹੀਦਾ ਹੈ ; ਤਾਂ ਜੋ ਇਹ ਗਰੀਬ ਜਨਤਾ ਤੇ ਜਿਹੜਾ ਬੋਝ ਪਾਉਂਦੇ ਹਨ ਸਗੋਂ ਉਨ੍ਹਾਂ ਦੀ ਸੇਵਾ ਕਰ ਸਕਣ ।

ਅਗਰ ਇਹ ਸਰਕਾਰ ਇਹ ਕਰ ਸਕੇਗੀ ਤਾਂ ਮੈਂ ਜ਼ਰੂਰ ਇਨ੍ਹਾਂ ਨੂੰ ਇਸ ਗੱਲ ਉਤੇ ਮੁਬਾਰਕਬਾਦ ਦਿਆਂਗਾ।

and not the State or the Deputy Ministers are the Members of the Council of Ministers. He is therefore, Sir, misleading the House. I would request the Chair to kindly pull him up.

Chief Minister : Sir, my submission is that there is no question of point of order.

ਦੇਖੋ, ਮਿਸਲੀਡ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮੈਂ ਮਨਿਸਟਰਜ਼ ਦੇ ਮਾਇਨੇ ਕੈਬੀਨਟ ਮਨਿਸਟਰ ਹੀ ਸਮਝੇ ਔਰ ਜੇ ਕਰ ਇਨ੍ਹਾਂ ਵਿੱਚ ਸਟੇਟ ਮਨਿਸਟਰਜ਼ ਔਰ ਡਿਪਟੀ ਮਨਿਸ-ਟਰਜ਼ ਵੀ ਸ਼ਾਮਿਲ ਹਨ ਤਾਂ ਜਾਣਕਾਰੀ ਉਨ੍ਹਾਂ ਬਾਰੇ ਵੀ ਮੇਰੇ ਪਾਸ ਹੈ ਤੁਸੀਂ ਪੁਛੋ ਤਾਂ ਮੈਂ ਦਸ ਦਿਆਂਗਾ।

ਚੌਧਰੀ ਦਰਸ਼ਨ ਸਿੰਘ : ਇਕ ਗੱਲ ਮੁੱਖ ਮੰਤਰੀ ਜੀ ਨੇ ਕਹੀ ਹੈ ਕਿ ਮੈਂ ਘਰੋਂ ਤਿਆਰ ਹੋਕੇ ਆਇਆ ਹਾਂ। ਕੀ ਜੇ ਉਹ ਦਫਤਰੋਂ ਆਉਣ ਤਾਂ ਤਿਆਰ ਹੋਕੇ ਨਹੀਂ ਆਉਂਦੇ ? (ਹਾਸਾ)

CASE OF MURDER AT AMRITSAR

*927. **Shri Harbans Lal Khanna** : Will the Chief Minister be pleased to state :

(a) whether any case of murder took place on 9th January, 1968 inside Beri Gate, Amritsar; if so, the names of the aggrieved persons;

(b) the number and names of the persons arrested in connection with the said murder;

(c) the steps taken by the Government to check such lawlessness in future ?

ਸਰਦਾਰ ਲਛਮਣ ਸਿੰਘ ਗਿੱਲ : (ੳ) ਹਾਂ, ਨਰਿੰਦਰ ਕੁਮਾਰ

(ਅ) ਤਿੰਨ, ਸਰਵਸ਼੍ਰੀ ਮਦਨ ਲਾਲ, ਸ੍ਰੀ ਚੰਦ ਅਤੇ ਅਮੀਰ ਚੰਦ।

(ੲ) ਰਾਤ ਦੀ ਗਸ਼ਤ ਨੂੰ ਚੌਕਸ ਕਰ ਦਿੱਤਾ ਗਿਆ ਹੈ।

[(a) Yes; Narinder Kumar.

(b) Three; Sarvshri Madan Lal, Sri Chand and Amir Chand.

(c) Patrolling during the night has been alerted.]

ਸ਼੍ਰੀ ਹਰਬੰਸ ਲਾਲ ਖੰਨਾ : ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਅਮੀਰ ਚੰਦ ਨੂੰ ਕਿਸ ਦਿਨ ਪਕੜਿਆ ਗਿਆ ਸੀ ?

ਮੁੱਖ ਮੰਤਰੀ : ਤਾਰੀਖ ਤਾਂ ਇਸ ਸਵਾਲ ਦੇ ਵਿੱਚ ਪੁਛੀ ਨਹੀਂ ਹੋਈ। ਵੈਸੇ ਉਦੋਂ ਹੀ ਪਕੜ ਲਿਆ ਗਿਆ ਜਦੋਂ ਕਤਲ ਹੋਇਆ।

ਸ਼੍ਰੀ ਹਰਬੰਸ ਲਾਲ ਖੰਨਾ : ਕੀ ਮੁੱਖ ਮੰਤਰੀ ਸਾਹਿਬ ਦੱਸਣ ਦੀ ਕਿਰਪਾ ਕਰਨਗੇ ਕਿ ਅਜਿਹੇ ਕਲਪਰਿਟਸ ਨੂੰ, ਜਿਹੜੇ ਕਰਾਈਮਜ਼ ਨੂੰ ਵਧਾਉਂਦੇ ਹੋਣ, ਪੁਲਿਸ ਦੀ ਕਸਟਡੀ ਵਿਚ

[ਸ਼੍ਰੀ ਹਰਬੰਸ ਲਾਲ ਖੰਨਾ]
ਰਖ ਕੇ ਇਨਟੈਰੋਗੇਟ ਨਹੀਂ ਕੀਤਾ ਜਾਂਦਾ ਉਨ੍ਹਾਂ ਨੂੰ ਸਿੱਧਾ ਜੇਲ੍ਹ ਵਿਚ ਭੇਜ ਦਿਤਾ ਜਾਂਦਾ ਹੈ ਔਰ ਜਿਹੜੇ ਸ਼ਰੀਫ਼ ਆਦਮੀ ਹੋਣ ਉਨ੍ਹਾਂ ਨੂੰ ਪੁਲਿਸ ਕਸਟਡੀ ਵਿੱਚ ਰੱਖ ਕੇ ਇਨਟੈਰੋਗੇਟ ਕੀਤਾ ਜਾਂਦਾ ਹੈ ?

ਮੁੱਖ ਮੰਤਰੀ : ਇਹ ਤਾਂ ਤੁਹਾਡਾ ਖਿਆਲ ਹੈ ਕਿ ਸ਼ਰੀਫ਼ ਨੂੰ ਤੰਗ ਕੀਤਾ ਗਿਆ ਔਰ ਬਦਮਾਸ਼ ਨੂੰ ਨਹੀਂ ਕੀਤਾ ਗਿਆ । ਇਸ ਵਿੱਚ ਗੱਲ ਇਹ ਹੈ ਕਿ ਜਿਸ ਦਿਨ ਕਤਲ ਹੋਇਆ ਉਸੇ ਦਿਨ ਤਿੰਨਾਂ ਨੂੰ ਪਕੜ ਲਿਆ ਗਿਆ ।

ਸ਼੍ਰੀ ਹਰਬੰਸ ਲਾਲ ਖੰਨਾ : ਅਮੀਰ ਚੰਦ ਨੂੰ 26 ਤਾਰੀਖ ਨੂੰ ਪਕੜਿਆ ਗਿਆ ਔਰ ਉਸੇ ਦਿਨ ਉਸ ਨੂੰ ਪੁਲਿਸ ਕਸਟਡੀ ਵਿੱਚ ਨਾ ਭੇਜ ਕੇ ਸਿੱਧਾ ਜੇਲ ਵਿੱਚ ਭੇਜਿਆ ਗਿਆ, ਇਸੇ ਲਈ ਮੈਂ ਪੁਆਇੰਟ ਆਊਟ ਕੀਤਾ ਹੈ ਕਿ ਸ਼ਰੀਫ਼ ਆਦਮੀਆਂ ਨੂੰ ਪੁਲਿਸ ਕਸਟਡੀ ਵਿਚ ਤੰਗ ਕੀਤਾ ਜਾਂਦਾ ਹੈ.........

ਮੁੱਖ ਮੰਤਰੀ : ਸਿੱਧਾ ਸਵਾਲ ਪੁੱਛੋ ਮੈਂ ਜਵਾਬ ਦੇ ਦਿਆਂਗਾ ।

ਸ਼੍ਰੀ ਹਰਬੰਸ ਲਾਲ ਖੰਨਾ : ਕੀ ਮੁੱਖ ਮੰਤਰੀ ਜੀ ਦੱਸਣ ਦੀ ਕਿਰਪਾ ਕਰਨਗੇ ਕਿ ਇਨ੍ਹਾਂ ਸੱਜਨਾਂ ਨੂੰ ਉਥੇ ਪਕੜ ਕੇ ਪੁਲਿਸ ਕਸਟਡੀ ਵਿੱਚ ਭੇਜਿਆ ਗਿਆ ਜਾਂ ਜੇਲ੍ਹ ਭੇਜਿਆ ਗਿਆ ?

ਮੁੱਖ ਮੰਤਰੀ : ਮੇਰੇ ਪਾਸ ਜੋ ਇਤਲਾਹ ਹੈ ਉਹ ਇਹ ਹੈ ਕਿ:

The case was successfully worked out and all the accused Sarvshri Madan Lal, Sri Chand and Amir Chand have been arrested.

ਤਿੰਨਾਂ ਦੇ ਨਾਮ ਲਏ ਹਨ । ਜਦੋਂ ਕਤਲ ਹੋਇਆ ਉਸੇ ਦਿਨ ਉਹ ਪਕੜ ਲਏ ਗਏ । ਇਸ ਵਿੱਚ ਕਿਸੇ ਦੇ ਮੁਤੱਅਲਕ ਨਹੀਂ ਦੱਸਿਆ ਗਿਆ ਕਿ ਕਿਸ ਨੂੰ ਪਹਿਲੋਂ ਜਾਂ ਕਿਸ ਨੂੰ ਮਗਰੋਂ ਭੇਜਿਆ ਗਿਆ । ਅਗਰ ਕੋਈ ਚੀਜ਼ ਮਸ਼ਕੂਕ ਹੈ ਤਾਂ ਉਸ ਬਾਰੇ ਤੁਸੀਂ ਅਲਗ ਸਵਾਲ ਪੁੱਛ ਲਉ, ਪਤਾ ਕਰਕੇ ਦੱਸ ਦਿੱਤਾ ਜਾਵੇਗਾ ।

TRANSFERS OF SENIOR POLICE OFFICERS IN THE STATE

***956. Shri Balramji Dass Tandon** : Will the Chief Minister be pleased to state :—

(a) the names of the Senior Police Officers above the rank of D.S.P transferred in the State after the 25th November, 1967;

(b) the duration for which each of the said officers had stayed at the post held by him immediately before his transfer together with the reasons for the transfer ?

ਸਰਦਾਰ ਲਛਮਣ ਸਿੰਘ ਗਿੱਲ: (ੳ) ਅਤੇ (ਅ) ਸਟੇਟਮੈਂਟ ਸਭਾ ਦੇ ਸਾਮ੍ਹਣੇ ਪੇਸ਼ ਹੈ ।

[(a) and (b) A statement is placed on the Table of the House.]

Statement showing the names of officers above the rank of Deputy Superintendent of Police transferred in the State after 25-11-1967

Sr. No.	Name	Transferred		Period of stay at the Post immediately before transfer		Reasons for transfer
		From	To	From	To	
1	2	3	4	5	6	7
1.	Shri Krishan Kumar, IPS	Gurdaspur	Ferozpore	30-10-66	4-12-67	Administrative
2.	Shri Brijinder Singh, IPS	Ferozepur	ADIG/CID	25-9-66	4-12-67	Do
3.	Shri B. L. Chhibber	ADIG/CID	SP/CID	12-10-67	4-12-67	Shri Brijinder Singh, IPS posted as ADIG/CID and in succession to Shri Chanchal Singh Bajwa granted L.P.R.
4.	Shri Daljit Singh, IPS	Ludhiana	AIG/GRP, Pb.	2-3-67	18-12-67	Shri Piara Lal, IPS, AIG/GRP Superannuated on 21-12-67
5.	Shri Harjit Singh	CID	S. P., Ludhiana	24-8-66	16-12-67	Vice Shri Daljit Singh, IPS posted AIG/GRP
6.	Shri S. R. Sharma, IPS	Addl. SP/ Ferozepore	Addl. SP/ Amritsar	19-9-67 (A.N.)	12-1-68	In place of Shri R.L. Wadhwa, IPS Addl. SP/Amritsar, deputed to the Government of India
7.	Shri R. L. Wadhwa, IPS	Addl. SP/ Amritsar	Deputed to G.O.I.	26-6-67 (A.N.)	15-12-67	

1	2	3	4	5	6	7
8.	Shri S. K. Rattan	—	C.I.D.	—	—	He is on deputation to G.O.I. and applied for reversion to State. He is yet to take over in the C.I.D.
9.	Shri Harbhajan Singh	On reversion from G.O.I.	Asstt. Principal P.T.S. Phillaur.	—	5-2-68	He was on deputation to the G.O.I. as Commandant in a B.S.F. battalion. He did not opt for retention in BSF.
10.	Shri Dalbir Singh, IPS	National Police Academy, Abu.	Supdt. of Police Gurdaspur.	15-7-67	6-1-68	Was under training at Abu and had to be provided with a posting on the completion of his training
11.	Shri J. S. Anand. IPS	SP/Hoshiarpur	AIG/Traffic Punjab	30-10-66	16-12-67	Administrative grounds
12.	Shri Gurbhagat Singh, IPS	AIG/Traffic	SP/Hoshiarpur	28-6-67 (AN)	21-12-67	Transferred on administrative Grounds.
13.	Shri H.S. Sekhon, IPS	Asstt. PR/PTC. Phillaur.	ADIG/CID,Pb.	20-4-67	9-1-68	Vice Sh. Brijinder Singh,IPS granted Leave.
14.	Shri. L. R. Bhagat, IPS	On reversion from GOI.	Addl. S.P/ Ferozepore	—	—	He was on deputation to BSF from where he has been reverted to the State.
15.	Shri.O. P. Sharma,IPS	On reversion from G.O.I.	S.P. Vigilance	—	—	He was on deputation to BSF and did not opt for retention there. He had to be provided with a posting in the State.
16.	Shri A. C. Pushong, IPS	AIG/I	Promoted DIG	13-3-67	14-1-68	Shri Pushong was promoted to officiate as DIG, for the revision of the Police Rules.

1	2	3	4	5	6	7
17.	Shri. Parkash Chand	Under Trng. at Administrative Staff College, Hyderabad.	AIG/I	13-10-67	22-12-67	He remained on leave after training up to 14-1-68 and was provided as AIG w.e.f. 15-1-68.
18.	Shri A. S. Midha, IPS	DIG/CID	Commandant Genl. Home Guards.	22-6-68	9-2-68	Transferred on administrative grounds.
19.	Shri B. S. Danewalia, IPS	Commandant Genl. Punjab Home Guards	DIG/CID	26-9-67	9-2-68	Ditto
20.	Shri Gurbhagat Singh, IPS	SP/Hoshiarpur	ADIG/CID	30-12-67	18-2-68	Ditto
21.	Shri H.S. Sekhon, IPS.	ADIG/CID	SP/ Hoshiarpur	18-1-68	19-2-68 (A.N.)	Ditto

श्री **बलरामजी दास टंडन** : मन्त्री महोदय जो कुछ डी.एस.पीज. और ऊपर के रैंक के अफसरों जैसे सीरियल नम्बर 21 पर एच. एस. सेखों, आई.पी. एस. हैं उनको 18 जनवरी, 1968 को एस. पी. होशियारपुर लगाया और 19 फरवरी, 1968 को बदल दिया। इन को किस ऐडमिनिस्ट्रेटिव ग्राऊंड पर इतनी जल्दी बदल दिया ?

ਮੁੱਖ ਮੰਤਰੀ : ਐਡਮਿਨਿਸਟਰੇਟਿਵ ਗ੍ਰਾਊਂਡ ਦੱਸਣ ਲਈ ਤਾਂ ਮੈਂ ਤਿਆਰ ਨਹੀਂ, ਉਹ ਪਬਲਿਕ ਇੰਟਰੈਸਟ ਵਿੱਚ ਨਹੀਂ ਹੈ ਲੇਕਿਨ ਇਕ ਰੀਜ਼ਨ ਇਹ ਵੀ ਸੀ ਕਿ ਇਨ੍ਹਾਂ ਦੀ ਮਿਸਿਜ਼ ਜਲੰਧਰ ਵਿੱਚ ਸੀ। ਉਨ੍ਹਾਂ ਦੀ ਸਹੂਲਤ ਲਈ ਵੀ ਤਬਦੀਲ ਕੀਤਾ ।

श्री **बलरामजी दास टंडन** : बाकी अफसरों के लिये भी यही कारण दिया है। जो केसिज़ थे, या पर्सनल व्हिम्ज़ पर तब्दीली की गई थी या जिसने किसी मिनिस्टर के इशारा पर काम न किया उनके सामने लिख दिया ऐडमिनिस्ट्रेटिव ग्राउंड। क्या यह सही है ?

ਮੁੱਖ ਮੰਤਰੀ : ਜੋ ਟੰਡਨ ਜੀ ਨੇ ਕਿਹਾ ਹੈ ਇਹ ਸਰਾਸਰ ਗ਼ਲਤ ਹੈ । ਐਡਮਿਨਿਸ-ਟਰੇਟਿਵ ਰੀਜ਼ਨ ਹੁੰਦੇ ਹਨ ਜੋ ਐਡਮਿਨਿਸਟਰ ਕਰਦੇ ਹਨ......(ਵਿਘਨ) ਜਦੋਂ ਆਪਣੀ ਹਕੂਮਤ ਹੋਵੇਗੀ .....(ਵਿਘਨ) ਜਦੋਂ ਤੁਸੀਂ ਹੋਵੋਂਗੇ ਤਾਂ ਕਰੋਗੇ ।

(ਸ਼੍ਰੀ ਟੰਡਨ ਸਪਲੀਮੈਂਟਰੀ ਕਰਨ ਲਈ ਖੜੇ ਹੋਏ ।)

ਸ਼੍ਰੀ ਸਪੀਕਰ: ਟੰਡਨ ਸਾਹਿਬ, ਆਪ ਨੇ ਕਾਫੀ ਸਪਲੀਮੈਂਟਰੀ ਕਰ ਲਏ ਹਨ । (Shri Balramji Das Tandon has already asked quite a number of supplementaries.)

ਸ਼੍ਰੀ ਬਲਰਾਮਜੀ ਦਾਸ ਟੰਡਨ : ਸਵਾਲ ਦਾ ਸਾਰਾ ਜਵਾਬ ਮੇਰੇ ਪਾਸ ਹੈ, ਬਾਕੀ ਹੋਰ ਕੋਈ ਪੁਟ ਨਹੀਂ ਕਰ ਸਕਣ ਲਗੇ ।

Mr. Speaker : No.

चौधरी **बलबीर सिंह** : किसी को एक जगह रखने की क्या मियाद मुकर्रर है ?

ਸ਼੍ਰੀ ਸਪੀਕਰ : ਕੋਈ ਮਿਆਦ ਮੁਕੱਰਰ ਨਹੀਂ ਹੁੰਦੀ । ਇਹ ਸਪਲੀਮੈਂਟਰੀਜ਼ ਸਵਾਲ ਨਹੀਂ ਹੈ । (There is no time limit fixed for this. This is not a supplementary question.)

श्री **विश्वनाथन** : यह जो वक्तव्य इन्होंने मेज़ पर रखा है इसमें सिटी डी. एस. पी. लुध्याना की ट्रांस्फर का जिक्र क्यों नहीं है हालांकि वह 22 नवम्बर के बाद हुई है।

ਮੁੱਖ ਮੰਤਰੀ : ਮੈਨੂੰ ਪਤਾ ਹੈ ਕਿ ਲੁਧਿਆਣੇ ਦਾ ਡੀ. ਐਸ. ਪੀ. ਰਖਿਆ ਹੈ । ਅਗਰ ਕੋਈ ਤਬਦੀਲੀ ਹੋਵੇਗੀ ਤਾਂ ਪੁਛ ਦਿਆਂਗਾ ।

Shri A. Vishwanathan : On a Point of Order, Sir. When there is some lacuna, the burden is thrown on the Officers and when some information is given, it is supposed to be given by the Minister.

मैं full responsibility से कहता हूं कि city D.S.P. की तब्दीली 22 नवम्बर के बाद हुई है ।

ਮੁੱਖ ਮੰਤਰੀ : ਮੇਰਾ ਖਿਆਲ ਹੈ ਕਿ ਆਪ ਬੜੇ ਸਿਆਣੇ ਅਤੇ ਪਰਸਨਲ ਲੈਵਲ ਦੇ ਦੋਸਤ ਹੋ—ਸਵਾਲ ਡੀ.ਐਸ. ਪੀ. ਦੀ ਰੈਂਕ ਤੋਂ ਉਪਰ ਬਾਰੇ ਹੈ ।

श्री बलरामजी दास टंडन : फिरोजपुर के एस. एस. पी. जो सीनियर मोस्ट अफसर हैं को 25 सितम्बर, 1967 को लगाया और 4 दिसम्बर, 1967 को क्या इसलिये तबदील कर दिया क्योंकि उसने इनको मिनिस्टर होते हुए चीफ मिनिस्टर की सलामी नहीं दी ?

ਮੁੱਖ ਮੰਤਰੀ : ਗਲਤ ਗੱਲ ਹੈ, ਇਸ ਲਈ ਬਦਲਿਆ ਕਿ ਇਕ ਆਦਮੀ ਗ਼ਲਤ ਲਗਾ ਦਿੱਤਾ ਗਿਆ ਸੀ, ਪਾਰਟੀਬਾਜ਼ੀ ਨੂੰ ਹਵਾ ਦੇ ਰਿਹਾ ਸੀ ਇਸ ਗੱਲ ਨੂੰ ਦੇਖਦੇ ਹੋਏ ਉਸ ਆਦਮੀ ਨੂੰ ਤਬਦੀਲ ਕੀਤਾ ਗਿਆ ।

श्री बलरामजी दास टंडन: जहां personal reason थे वहां administrative reason लिख दिया, जहां दूसरा कारण था वहां वह लिख दिया ।

ਮੁੱਖ ਮੰਤਰੀ : ਉਹ ਕਿਸੇ ਆਰਗੇਨਾਈਜ਼ੇਸ਼ਨ ਦੀ ਨੌਕਰੀ ਨਹੀਂ ਕਰਦਾ, ਅਗਰ ਗਵਰਨਮੈਂਟ ਦੀ ਨੌਕਰੀ ਹੈ ਤਾਂ ਗਵਰਨਮੈਂਟ ਦੀ ਪਾਲਿਸੀ ਤੇ ਅਮਲ ਕਰਨਾ ਹੋਵੇਗਾ ।

श्री बलरामजी दास टंडन : सरकारी पालिसी का मतलब और है, personal wishes का और ।

Chief Minister : I strongly protest against this.

RE-IMPOSITION OF FEES IN GOVERNMENT SCHOOLS

*957. **Shri Balramji Dass Tandon** : Will the Chief Minister be pleased to state whether there is any scheme under the consideration of the Government to re-impose fees in the Government schools in the State; if so, the details thereof together with the reasons, if any, for the re-imposition of the same ?

ਸਰਦਾਰ ਲਛਮਣ ਸਿੰਘ ਗਿਲ : ਮਾਮਲਾ ਵਿਚਾਰ ਅਧੀਨ ਹੈ ।

(The matter is under consideration.)

ਸ੍ਰੀ ਬਲਰਾਮਜੀ ਦਾਸ ਟੰਡਨ : ਹੁਣ ਤਾਂ ਦਸ ਦੇਣ, ਹੁਣ ਤਾਂ ਮੈਟਰ ਅੰਡਰ ਕਨਸਿਡਰੇਸ਼ਨ ਨਹੀਂ ਹੈ ।

ਮੁੱਖ ਮੰਤਰੀ : ਉਹ ਉਦੋਂ ਤਕ ਅੰਡਰ ਕਨਸਿਡਰੇਸ਼ਨ ਹੈ ਜਦ ਤਕ ਬਜਟ ਦਾ ਫੈਸਲਾ ਨਹੀਂ ਕਰਦੇ ।

ਸ੍ਰੀ ਬਲਰਾਮਜੀ ਦਾਸ ਟੰਡਨ : ਮੈਂ ਤਾਂ ਗਵਰਨਮੈਂਟ ਤੋਂ ਪੁਛ ਰਿਹਾ ਹਾਂ ਅਸੈਂਬਲੀ ਤੋਂ ਨਹੀਂ ਪੁਛ ਰਿਹਾ, ਫੈਸਲਾ ਤਾਂ ਆਪ ਨੇ ਕਰਨਾ ਹੈ ।

ਮੁੱਖ ਮੰਤਰੀ : ਸਪੀਕਰ ਸਾਹਿਬ ਆਪਣਾ ਵਿਊ ਦੇ ਦੇਣ, ਇਹ ਵੀ ਦਸ ਦਿਆਂਗਾ ।

श्री अ. विश्वनाथन : स्पीकर साहिब, यह तो हाउस के प्रिवलेज का सवाल है। आज यह कह रहे हैं कि स्कूलों में फीस लगाने का मामला विचाराधीन है जबकि आज से कई दिन पहले बजट स्पीच में यह बता चुके हैं कि 6–7–8 जमातों में फीसें लगाई जाएंगी। मतलब यह है कि हाऊस को इनटैन्शनली मिसलीड किया जा रहा है। I move a motion of Privilege.

Mr. Speaker : Please take your seat. *(Interruption)*

Chief Minister I am not going to answer this. Let the Speaker give his opinion.

ਸ਼੍ਰੀ ਬਲਰਾਮ ਜੀ ਦਾਸ ਟੰਡਨ : ਇਸ ਗੱਲ ਦਾ ਜਵਾਬ ਮਿਲਣਾ ਚਾਹੀਦਾ ਹੈ।

ਸ਼੍ਰੀ ਸਪੀਕਰ: ਇਸ ਦਾ ਜਵਾਬ ਆ ਗਿਆ ਹੈ, ਬਜਟ ਦੀ ਬਹਿਸ ਵਿੱਚ ਇਹ ਗੱਲ ਆ ਜਾਵੇਗੀ। (The reply has come. The hon. member can discuss this matter during general discussion of the Budget.)

ਸ਼੍ਰੀ ਬਲਰਾਮਜੀ ਦਾਸ ਟੰਡਨ : ਹੁਣ ਇਹ ਰੀਸਟੇਟ ਕਰ ਦੇਣ।

ਮੁੱਖ ਮੰਤਰੀ : ਇਸ ਵਿੱਚ ਹੁਣ ਦੋ ਰਾਵਾਂ ਨਹੀਂ ਹੋ ਸਕਦੀਆਂ ਜਦ ਕਿ ਇਹ ਗੱਲ ਬਜਟ ਵਿਚ ਆ ਗਈ ਹੈ। ਸਰਕਾਰ ਦਾ ਮਨਸ਼ਾ ਹੈ ਕਿ ਫ਼ੀਸਾਂ ਲੈਣੀਆਂ ਹਨ। ਹੁਣ ਅੰਡਰ ਕਨਸਿਡਰੇਸ਼ਨ ਇਸ ਲਈ ਕਿਹਾ ਹੈ ਕਿਉਂਕਿ ਇਹ ਹਾਊਸ ਦੇ ਸਾਹਮਣੇ ਹੈ ਜੋ ਮਰਜ਼ੀ ਫੈਸਲਾ ਕਰੇ। ਹੁਣ ਜੋ ਮਰਜ਼ੀ ਮਾਅਨੇ ਕਢ ਲਉ।

Mr. Speaker : Next Question.

ਸ਼੍ਰੀ ਬਲਰਾਮਜੀ ਦਾਸ ਟੰਡਨ : ਇਸ ਸਵਾਲ ਤੇ ਸਪਲੀਮੈਂਟਰੀ ਹੋਣੇ ਚਾਹੀਦੇ ਹਨ।

ਸ਼੍ਰੀ ਸਪੀਕਰ : ਮੈਂ ਅਗਲਾ ਸਵਾਲ ਕਾਲ ਅਪੌਨ ਕਰ ਲਿਆ ਹੈ। (I have called upon the next question.)

ਸ਼੍ਰੀ ਬਲਰਾਮਜੀ ਦਾਸ ਟੰਡਨ : ਇਸ ਸਵਾਲ ਤੇ ਸਪਲੀਮੈਂਟਰੀ ਨਹੀਂ ਹੋਏ।

ਸ਼੍ਰੀ ਸਪੀਕਰ : ਕਾਫੀ ਹੋ ਚੁਕੇ ਹਨ। (Sufficient number of Supplementary questions have been asked.)

ਸ਼੍ਰੀ ਬਲਰਾਮਜ਼ੀ ਦਾਸ ਟੰਡਨ: ਸਰਕਾਰ ਦਾ ਜਵਾਬ ਤਾਂ ਹੁਣ ਆਇਆ ਹੈ।

ਸ਼੍ਰੀ ਸਪੀਕਰ : ਨੈਕਸਟ ਕੁਐਸਚਨ ਕਰੋ। (The hon. Member may ask the next question.)

ਸ਼੍ਰੀ ਬਲਰਾਮਜੀ ਦਾਸ ਟੰਡਨ : ਨੈਕਸਟ ਕਐਸਚਨ ਕੀ ਕਰਾਂ ਜਦ ਕਿ ਸਪਲੀਮੈਂਟਰੀ ਦੀ ਇਜਾਜ਼ਤ ਨਹੀਂ ਮਿਲ ਰਹੀ।

Mr. Speaker : If you are not going to put your next question, I will be compelled to call upon the next hon. Member.

ਸ਼੍ਰੀ ਬਲਰਾਮਜੀ ਦਾਸ ਟੰਡਨ : ਬੜੀ ਅਜੀਬ ਗਲ ਹੈ ।

ਸ਼੍ਰੀ ਸਪੀਕਰ : ਅਜੀਬ ਹੈ ਜਾਂ ਨਹੀਂ ਮੈਂ ਨੈਕਸਟ ਕੁਐਸਚਨ ਕਾਲ ਕਰ ਲਿਆ ਹੈ । (It may be a strange thing but I have called the next question.)

ਸ਼੍ਰੀ ਬਲਰਾਮਜੀ ਦਾਸ ਟੰਡਨ: ਮਗਰ ਰੂਲਜ਼ ਮੁਤਾਬਕ ਤਿੰਨ ਕੁਐਸਚਨ ਐਲਾਉ ਕਰਦੇ ਹਨ ।

ਸ਼੍ਰੀ ਸਪੀਕਰ : ਮੈਨੂੰ ਰੂਲਜ਼ ਨਾ ਪੜ੍ਹਾਉ, ਮੈਂ ਰੂਲਜ਼ ਦੇ ਮੁਤਾਬਿਕ ਹੀ ਹਾਊਸ ਕੰਡਕਟ ਕਰ ਰਿਹਾ ਹਾਂ । The hon. Members need not tell me the rules. I am conducting the proceedings of the House according to rules.)

ਸ਼੍ਰੀ ਬਲਰਾਮਜੀ ਦਾਸ ਟੰਡਨ : ਅਸੀਂ ਸਵਾਲ ਤੇ ਸਪਲੀਮੈਂਟਰੀ ਨਹੀਂ ਕਰ ਸਕਦੇ ਹਾਂ ? ਤੁਸੀਂ ਸਾਡੀ ਬੇਨਤੀ ਤਾਂ ਸੁਣ ਲਉ ।

ਸ਼੍ਰੀ ਸਪੀਕਰ : ਕੰਮ ਚਲਣ ਦਿਉ । ਬੇਨਤੀ ਮੈਂ ਸੁਣ ਲਈ ਹੈ । (The hon. Member may please let the proceedings of the House be carried on. I have heard his request. Let me conduct the proceedings of the House.)

ਸ਼੍ਰੀ ਬਲਰਾਮਜੀ ਦਾਸ ਟੰਡਨ : ਰੂਲਜ਼ ਮੁਤਾਬਕ ਚਲੋ ।

(ਸ਼੍ਰੀ ਸਪੀਕਰ ਨੇ ਇਸ ਸਮੇਂ ਸ਼੍ਰੀ ਬਲਰਾਮਜੀ ਦਾਸ ਟੰਡਨ ਨੂੰ ਨੈਕਸਟ ਕੁਐਸਚਨ ਪੁਟ ਕਰਨ ਲਈ ਕਾਲ ਕੀਤਾ ।)

ਸ਼੍ਰੀ ਲਾਲ ਚੰਦ ਸਬੱਰਵਾਲ : ਆਨ ਏ ਪੁਆਇੰਟ ਆਫ ਆਰਡਰ, ਸਰ ।

ਸ਼੍ਰੀ ਬਲਰਾਮਜੀ ਦਾਸ ਟੰਡਨ : ਸਵਾਲ ਤੇ ਤੁਸੀਂ ਸਪਲੀਮੈਂਟਰੀ ਨਹੀਂ ਕਰਨ ਦਿੰਦੇ ਅਜੀਬ ਗਲ ਹੈ । ਪਹਿਲਾਂ ਉਨ੍ਹਾਂ ਨੇ ਜਵਾਬ ਨਹੀਂ ਦਿੱਤਾ, ਜੇ ਜਵਾਬ ਦਿੱਤਾ ਹੈ ਤਾਂ ਤੁਸੀਂ ਸਪਲੀਮੈਂਟਰੀ ਨਹੀਂ ਕਰਨ ਦਿੰਦੇ ।

ਸ਼੍ਰੀ ਸਪੀਕਰ : ਜਵਾਬ ਡੈਫੀਨਿਟ ਹੈ ਹੋਰ ਸਵਾਲ ਕਰਨ ਦੀ ਲੋੜ ਨਹੀਂ । (The reply is definite, there is no need of putting more supplementaries.)

ਸ਼੍ਰੀ ਬਲਰਾਮਜੀਦਾਸ ਟੰਡਨ : ਮੈਂ ਸਪਲੀਮੈਂਟਰੀ ਕਰਨਾ ਚਾਹੁੰਦਾ ਹਾਂ ।

ਸ਼੍ਰੀ ਸਪੀਕਰ : ਬਜਟ ਦੀ ਡਿਸਕਸ਼ਨ ਹੋ ਰਹੀ ਹੈ ਉਸ ਵੇਲੇ ਇਹ ਗਲ ਕਰ ਲੈਣਾ । (The hon. Member may discuss this matter during the General Discussion of the Budget.)

ਸ਼੍ਰੀ ਬਲਰਾਮਜੀ ਦਾਸ ਟੰਡਨ : ਇਹ ਕੀ ਗਲ ਹੈ, ਬਜਟ ਨਾਲ ਇਸ ਦਾ ਕੀ ਤੁਅੱਲਕ ਹੈ।

ਸ਼੍ਰੀ ਲਾਲ ਚੰਦ ਸਬੱਰਵਾਲ: ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਰੂਲਜ਼ ਇਹ ਪ੍ਰੋਵਾਈਡ ਕਰਦੇ ਹਨ ਕਿ ਹਾਊਸ ਦੇ ਮੈਂਬਰ ਸਪਲੀਮੈਂਟਰੀ ਕੁਐਸਚਨ ਪੁਛ ਸਕਦੇ ਹਨ । ਅਗਰ ਕੋਈ ਬਾਰ ਹੈ ਤਾਂ ਇਹ ਕਿ ਸਪਲੀਮੈਂਟਰੀ ਦੀ ਰੈਪੀਟੀਸ਼ਨ ਨਾ ਹੋਵੇ ਇਰੈਲੇਵੈਂਟ ਨਾ ਹੋਵੇ। ਇਸ ਤੋਂ ਇਲਾਵਾ ਕੋਈ ਪ੍ਰੋਵੀਜ਼ਨ ਨਹੀਂ ਹੈ ।

ਸ੍ਰੀ ਸਪੀਕਰ : ਜਵਾਬ ਡੈਫੀਨਟ ਆ ਚੁਕਾ ਹੈ, ਉਸ ਤੇ ਹੋਰ ਸਵਾਲ ਕਰਨਾ ਵੇਸਟ ਆਫ ਟਾਇਮ ਹੋਵੇਗਾ । (A definite reply has come, it will be a waste of time to ask more questions on it.)

ਸ੍ਰੀ ਲਾਲ ਚੰਦ ਸਬਰਵਾਲ : ਸਪੀਕਰ ਸਾਹਿਬ, ਆਪ ਦੀ ਕਹੀ ਹੋਈ ਗੱਲ ਇਥੇ ਕਨਵੈਨ– ਸ਼ਨ ਬਣ ਜਾਂਦੀ ਹੈ, ਆਪ ਇਹ ਪਾਲੀਸੀ ਤਾਂ ਨਾ ਬਣਾ ਲਉ ਕਿ ਸਪਲੀਮੈਂਟਰੀ ਦੀ ਇਜਾਜ਼ਤ ਹੀ ਨਾ ਰਹੇ ।

ਸ੍ਰੀ ਸਪੀਕਰ : ਮੈਂ ਤਾਂ ਇਤਨੇ ਸਪਲੀਮੈਂਟਰੀਜ਼ ਦੀ ਇਜਾਜ਼ਤ ਦਿੰਦਾ ਹਾਂ ਕਿ ਜਿਸਦਾ ਕੋਈ ਅੰਦਾਜ਼ਾ ਹੀ ਨਹੀਂ ਹੈ । ਅਗਰ ਫਿਰ ਵੀ ਇਹ ਕਹੋ ਤਾਂ ਮੈਂ ਕੀ ਕਰਾਂ । (I allow so many supplementaries that there is no limit to these. Even then if the hon. Member complains, I cannot help it.)

ਸ੍ਰੀ ਲਾਲ ਚੰਦ ਸੱਬਰਵਾਲ : ਸੁਣ ਤਾਂ ਲਉ ਅਗਰ ਰੈਪੀਟੀਸ਼ਨ ਹੋਈ........

ਸ੍ਰੀ ਅ. ਵਿਸ਼ਵਨਾਥਨ : ਸਾਰੇ ਸਵਾਲ ਹੀ ਅਨਸਟਾਰਡ ਕਰ ਦਿਉ, ਰਿਕਾਰਡ ਵਿੱਚ ਜਵਾਬ ਤਾਂ ਆ ਹੀ ਜਾਂਦੇ ਹਨ ।

ਸ੍ਰੀ ਸਪੀਕਰ : ਇਹ ਤੁਹਾਡੀ ਨੇਕ ਰਾਏ ਹੈ, ਐਸਾ ਹੀ ਕਰ ਦਿਆਂਗੇ । (What a good suggestion from the hon. Member. This will be acted upon in future.) (laughter)

ਸ੍ਰੀ ਅ. ਵਿਸ਼ਵਨਾਥਨ : ਸ਼ੁਕਰੀਆ, ਆਪ ਨੂੰ ਸਾਡੀ ਕੋਈ ਗਲ ਤਾਂ ਨੇਕ ਨਜ਼ਰ ਆਈ । ਫਿਰ ਸਪੀਕਰ ਸਾਹਿਬ, ਸਾਰੇ ਹੀ ਸਵਾਲ ਅਨਸਟਾਰਡ ਕਰ ਦਿਉ, ਮੈਂਬਰਾਂ ਦੇ ਘਰਾਂ ਨੂੰ ਜਵਾਬ ਪਹੁੰਚ ਜਾਣਗੇ । (ਵਿਘਨ)

ਸ੍ਰੀ ਸਪੀਕਰ : ਤੁਹਾਡੀ ਰਾਏ ਬੜੀ ਨੇਕ ਹੈ ਜੇਕਰ ਤੁਸੀਂ ਸਾਰੇ ਇਸ ਤਰ੍ਹਾਂ ਚਾਹੋਗੇ ਤਾਂ ਇਸ ਤਰ੍ਹਾਂ ਵੀ ਕਰ ਲਿਆ ਜਾਵੇਗਾ । (It is a good suggestion from the hon. Member. If all the hon. Members agree it will be done accordingly.) (laughter)

ਸ੍ਰੀ ਬਲਰਾਮਜੀ ਦਾਸ ਟੰਡਨ : ਆਈ ਰਾਈਜ਼ ਆਨ ਏ ਪੁਆਇੰਟ ਆਫ ਆਰਡਰ । ਰੂਲਜ਼ ਵਿੱਚ ਇਹ ਹੈ ਕਿ ਜਿਸ ਵੇਲੇ ਗੌਰਮੈਂਟ ਕਿਸ ਸਵਾਲ ਦਾ ਜਵਾਬ ਓਰਲ ਦੇਵੇ ਤਾਂ ਉਸ ਤੇ ਸਪਲੀਮੈਂਟਰੀ ਕੁਐਸਚਨ ਕੀਤਾ ਜਾ ਸਕਦਾ ਹੈ, ਇਹ ਤੁਹਾਡੇ ਰੂਲਜ਼ ਵਿਚ ਹੈ ਅਤੇ ਤੁਹਾਡੀ ਅਟੈਨਸ਼ਨ ਲਈ ਮੈਂ ਇਸ ਰੂਲ ਨੂੰ ਪੜ੍ਹ ਦਿੰਦਾ ਹਾਂ । (ਵਿਘਨ) ਫਿਰ ਕੀ ਵਜ੍ਹਾ ਹੈ ਕਿ ਮੈਨੂੰ ਸਵਾਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ ।

ਸ੍ਰੀ ਸਪੀਕਰ : ਮੈਂ ਤਾਂ ਕੁਝ ਵੀ ਨਹੀਂ ਕਰਨ ਦਿੰਦਾ । ਮੈਂ ਇਹ ਰੂਲਜ਼ ਸਾਰੇ ਪੜ੍ਹੇ ਹੋਏ ਹਨ । (ਵਿਘਨ) (I do not allow anything. I have studied all these rules.)

ਸ੍ਰੀ ਬਲਰਾਮਜੀ ਦਾਸ ਟੰਡਨ : ਇਹ ਤਾਂ ਰੂਲਜ਼ ਦੇ ਖਿਲਾਫ ਆਰਡਰ ਦਿਤਾ ਜਾ ਰਿਹਾ ਹੈ ਕਿ ਮੈਂ ਸਪਲੀਮੈਂਟਰੀ ਕਰ ਹੀ ਨਹੀਂ ਸਕਦਾ । (ਵਿਘਨ)

ਸ਼੍ਰੀ ਸਪੀਕਰ : ਮੈਂ ਨੈਕਸਟ ਕੁਐਸਚਨ ਪੁਟ ਕਰਨ ਲਈ ਆਖ ਦਿਤਾ ਸੀ । (I had asked to put the next question.)

Shri Balramji Dass Tandon : Sir, I read out Rule 53 of the Rules of Procedure and Conduct of Business in the Punjab Legislative Assembly. It is as under:—

"53. (1) No discussion shall be permitted during the time for question under Rule 28, in respect of any question or of any answer given to a question

(2) Any member when called by the Speaker may put a supplementary question for the purpose of further elucidating any matter of fact regarding which an answer has been given............"

Chief Minister : There is word 'may' in the Rule.

Shri Balramji Dass Tandon : But 'may' does not mean that discretion has to be used.

Mr. Speaker : Mr.Balramji Dass, please address the Chair not the Chief Minister.

ਸ਼੍ਰੀ ਬਲਰਾਮਜੀ ਦਾਸ ਟੰਡਨ : ਇਹ ਤਾਂ ਮੈਨੂੰ ਲੀਡਰ ਆਫ ਦੀ ਹਾਊਸ ਇੰਟਰੱਪਟ ਕਰਦੇ ਹਨ । (ਵਿਘਨ)

ਸ਼੍ਰੀ ਸਪੀਕਰ : ਤੁਸੀਂ ਲੀਡਰ ਆਫ ਦੀ ਹਾਊਸ ਦੀ ਪਰਵਾਹ ਨਾ ਕਰੋ । (ਹਾਸਾ) ਉਨ੍ਹਾਂ ਨੂੰ ਇਸੇ ਤਰ੍ਹਾਂ ਰਹਿਣ ਦਿਉ । (The hon. Member should not mind the interruption made by the Leader of the House. (*Laughter*) He need not be brought in.)

ਸ਼੍ਰੀ ਬਲਰਾਮਜੀ ਦਾਸ ਟੰਡਨ : ਅਸੀਂ ਤਾਂ ਅਗੇ ਹੀ ਉਨ੍ਹਾਂ ਦੀ ਪਰਵਾਹ ਨਹੀਂ ਕਰਦੇ । (ਵਿਘਨ)

ਸ਼੍ਰੀ ਸਪੀਕਰ : ਪਰ ਚੇਅਰ ਦੀ ਤਰਫ ਤਾਂ ਪਰਵਾਹ ਕਰ ਲਿਆ ਕਰੋ । (But the hon. Member should have regards for the Chair.)

ਸ਼੍ਰੀ ਬਲਰਾਮਜੀ ਦਾਸ ਟੰਡਨ : ਕੀ ਚੀਫ ਮਨਿਸਟਰ ਸਾਹਿਬ ਦੱਸਣਗੇ ਕਿ......

ਮੁੱਖ ਮੰਤਰੀ : ਕੀ ਸਪੀਕਰ ਸਾਹਿਬ, ਤੁਸੀਂ ਇਨ੍ਹਾਂ ਨੂੰ ਸਪਲੀਮੈਂਟਰੀ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ ?

ਸ਼੍ਰੀ ਸਪੀਕਰ : ਨੋ, ਨੋ । ਅੱਗੇ ਤੁਸੀਂ ਦੋ ਸਵਾਲ ਕਰ ਚੁੱਕੇ ਹੋ । ਇਕ ਹੋਰ ਕਰ ਸਕਦੇ ਹੋ । (No, No. The hon. Member has already asked two questions. He may ask only one supplementary question more.)

ਸ਼੍ਰੀ ਬਲਰਾਮਜੀ ਦਾਸ ਟੰਡਨ : ਮੈਂ ਤਾਂ ਸਵਾਲ ਨਹੀਂ ਕੀਤਾ । ਬਾਕੀ ਤਾਂ ਵਿਚ ਹੋਰ ਗਲ ਆ ਗਈ ਸੀ ਸਵਾਲ ਨਹੀਂ ਕੀਤਾ ਜਾ ਸਕਿਆ । (ਵਿਘਨ) ਤੁਸੀਂ ਆਪੇ ਕਿਹਾ ਹੈ ਕਿ ਚੀਫ ਮਨਿਸਟਰ ਦੀ ਪਰਵਾਹ ਨਾ ਕਰੋ । (ਵਿਘਨ)

Sir, you can see the recordr Not even a single supplementary question has been put by me,

Mr. Speaker : All right. I allow you one supplementary question more.

The Minister of State for Public Works (Sardar Narinder Singh) : Sir, the hon. Member has passed certain derogatory remarks against the Leader of the House. Let him withdraw those remarks.

Mr. Speaker : What did he say ?

ਰਾਜ ਮੰਤਰੀ (ਸਰਦਾਰ ਨਰਿੰਦਰ ਸਿੰਘ) : ਇਹ ਜਿਹੜੀ ਗਲ ਚੀਫ ਮਨਿਸਟਰ ਦੇ ਬਾਰੇ ਵਿੱਚ ਰੀਪੀਟ ਕਰ ਰਹੇ ਹਨ ਇਸ ਗਲ ਤੇ ਮੈਨੂੰ ਇਤਰਾਜ਼ ਹੈ। ਪਹਿਲਾਂ ਤਾਂ ਅਸੀਂ ਕੋਈ ਇਤਰਾਜ਼ ਨਹੀਂ ਕੀਤਾ ਪਰ ਹੁਣ ਤੁਸੀਂ ਇਨ੍ਹਾਂ ਨੂੰ ਸਵਾਲ ਪੁੱਛਣ ਦੀ ਇਜਾਜ਼ਤ ਦੇ ਦਿਤੀ ਹੈ ਇਸ ਲਈ ਹਾਊਸ ਵਿੱਚ ਚੀਫ ਮਨਿਸਟਰ ਸਾਹਿਬ ਦੇ ਖਿਲਾਫ ਇਸ ਤਰ੍ਹਾਂ ਤੇ ਰੀਮਾਰਕਸ ਦੇਣੇ ਠੀਕ ਨਹੀਂ। ਇਨ੍ਹਾਂ ਨੂੰ ਕਿਹਾ ਜਾਵੇ ਕਿ ਇਹ ਵਾਪਸ ਲੈਣ। ਇਥੇ ਪਰਵਾਹ ਚੀਫ ਮਨਿਸਟਰ ਦੀ ਅਸੀਂ ਆਪ ਕਰਵਾ ਲਵਾਂਗੇ ਤੇ ਬਾਹਰ ਸਰਕਾਰ ਕਰਵਾ ਲਏਗੀ । (ਵਿਘਨ)

ਸ੍ਰੀ ਸਪੀਕਰ : ਚੀਫ ਮਨਿਸਟਰ ਦੀ ਪਰਵਾਹ ਕਰਨਾ ਸਾਡਾ ਫਰਜ਼ ਹੈ । (It is incumbent upon us to have regards for the Chief Minister.)

श्री बलरामजी दास टंडन : क्या चीफ मिनिस्टर साहिब बतायेंगे कि जो चीफ मिनिस्टर साहिब ने बताया है कि सरकार ने प्रोपोज़ल की है स्कूलों में फीस लगाने की और हाऊस के सामने यह मामला बजट के अन्दर आया है और सरकार इस पर गौर कर रही है तो क्या सरकार के गोश गुज़ार यह बात भी है कि जो फीसें पहले ही हाई क्लासों के अन्दर लगी हुई हैं उनको रिवाईज़ कर दिया जाए ?

ਮੁੱਖ ਮੰਤਰੀ : ਇਸ ਤਰ੍ਹਾਂ ਦੀ ਪ੍ਰੋਪੋਜ਼ਲ ਆਈ ਜ਼ਰੂਰ ਹੈ ।

———

RESULTS OF GOVERNMENT HIGH/HIGHER SECONDARY SCHOOLS

***958. Shri Balramji Dass Tandon** : Will the Chief Minister be pleased to state—

(a) whether he is aware of the fact that the results of the Government High Schools and Higher Secondary Schools in the State are generally poor as compared with the results shown by the private schools; if so, the reasons therefor ;

(b) if the reply to part (a) above be in the affirmative, the steps, if any, being taken or proposed to be taken by the Government to improve the said results ?

ਸਰਦਾਰ ਲਛਮਣ ਸਿੰਘ ਗਿੱਲ : (ੳ) ਦੋ ਕਿਸਮ ਦੇ ਸਕੂਲਾਂ ਦੇ ਨਤੀਜਿਆਂ ਵਿੱਚ ਕੋਈ ਖਾਸ ਫਰਕ ਨਹੀਂ ਹੈ।

(ਅ) ਸਵਾਲ ਪੈਦਾ ਨਹੀਂ ਹੁੰਦਾ। ਤਾਂ ਵੀ ਪੜ੍ਹਾਈ ਦੇ ਹੋਰ ਚੰਗਿਆਈ ਦੇ ਸਾਰੇ ਯਤਨ ਕੀਤੇ ਜਾ ਰਹੇ ਹਨ ਜਿਸ ਨਾਲ ਕਿ ਨਤੀਜੇ ਹੋਰ ਵੀ ਚੰਗੇ ਨਿਕਲਣਗੇ ।

[(a) There is no material difference between the results shown by the two categories of schools.

(b) Question does not arise. However, all possible steps are being taken to improve instructions which will improve results still further.]

श्री बलरामजी दास टंडन : क्या चीफ मिनिस्टर साहिब बताएंगे कि उन्होंने कहा है कि प्राईवेट स्कूलों और गवर्नमैंट स्कूलों के हाई और हायर सैकंडरी कलासों के नतीजों में कोई खास फरक नहीं तो मैं यह जानना चाहता हूं कि जब नतीजे आते हैं तो जो टाप स्टुडैंटस की लिस्ट में प्राईवेट स्कूलों के ही लड़के होते हैं और गवर्नमैंट स्कूलों में पढ़ने वाले नहीं होते, इस की क्या वजह है ?

ਮੁੱਖ ਮੰਤਰੀ : ਜਿਥੋਂ ਤਕ ਨਤੀਜਿਆਂ ਦਾ ਤਅੱਲੁਕ ਹੈ ਦੋਹਾਂ ਵਿੱਚ ਕੋਈ ਫਰਕ ਨਹੀਂ। ਜੇਕਰ ਚਾਹੋ ਤਾਂ ਮੈਂ ਸਾਰੇ ਅੰਕੜੇ ਆਪ ਪਾਸ ਰਖ ਸਕਦਾ ਹਾਂ । ਅਸੀਂ ਕੰਪੈਰੇਜ਼ਨ ਵਾਸਤੇ 16 ਪ੍ਰਾਈਵੇਟ ਸਕੂਲਾਂ ਨੂੰ ਤੇ 16 ਹੀ ਗੌਰਮੈਂਟ ਦੇ ਹਾਈ ਸਕੂਲਾਂ ਨੂੰ ਲਿਆ। ਹਾਇਰ ਸੈਕੰਡਰੀ ਦੇ ਪਾਰਟ ਵਨ ਦੇ ਨਤੀਜੇ ਵੇਖੇ ਤਾਂ ਪਤਾ ਲਗਿਆ ਕਿ ਗੌਰਮੈਂਟ ਸਕੂਲਾਂ ਦੇ ਸਟੂਡੈਂਟਸ ਦੀ ਗਿਣਤੀ 1,216 ਸੀ ਜਿਸ ਵਿਚੋਂ 785 ਪਾਸ ਹੋਏ ਅਤੇ ਪਾਸ ਪਰਸੈਂਟੇਜ 64.55 ਸੀ । ਦੂਜੇ ਪਾਸੇ ਪ੍ਰਾਈਵੇਟ ਸਕੂਲਾਂ ਵਿਚ 1,455 ਵਿਦਿਆਰਥੀ ਸਨ ਤੇ 843 ਪਾਸ ਹੋਏ ਅਤੇ ਨਤੀਜੇ 58 ਪਰਸੈਂਟ ਰਹੇ ਸੀ। ਯੂਨੀਵਰਸਿਟੀ ਦੀ ਪਾਸ ਪਰਸੈਂਟੇਜ ਇਸ ਇਮਤਿਹਾਨ ਦੀ 58.35 ਸੀ। ਇਸੇ ਤਰ੍ਹਾਂ ਹਾਇਰ ਸੈਕੰਡਰੀ ਸਕੂਲਾਂ ਵਿੱਚੋਂ ਦਸ ਨੂੰ ਲਿਆ ਗਿਆ, ਇਨ੍ਹਾਂ ਵਿੱਚ ਜਿਹੜੇ ਦਸ ਗੌਰਮਿੰਟ ਸਕੂਲ ਸਨ ਉਨ੍ਹਾਂ ਵਿਚ 660 ਲੜਕੇ ਦਾਖਲ ਹੋਏ ਤੇ 497 ਪਾਸ ਹੋਏ। ਇਨ੍ਹਾਂ ਦੀ ਪਾਸ ਪਰਸੈਂਟੇਜ 75.33 ਸੀ । ਇਸੇ ਤਰ੍ਹਾਂ ਪ੍ਰਾਈਵੇਟ ਸਕੂਲਾਂ ਵਿੱਚ 1001 ਸਟੂਡੈਂਟਸ ਦਾਖਲ ਹੋਏ ਤੇ 715 ਪਾਸ ਹੋਏ ਅਤੇ ਪਾਸ ਪਰਸੈਂਟੇਜ 60.80 ਸੀ । ਇਸੇ ਤਰ੍ਹਾਂ ਮੈਟ੍ਰਿਕ ਦੇ ਨਤੀਜੇ ਦੀ ਵੀ ਪੋਜ਼ੀਸ਼ਨ ਮੇਰੇ ਪਾਸ ਹੈ। ਇਹ ਗੱਲ ਠੀਕ ਹੈ ਕਿ ਮੈਰਿਟ ਤੇ ਗੌਰਮੈਂਟ ਸਕੂਲਾਂ ਨਾਲੋਂ ਪ੍ਰਾਈਵੇਟ ਸਕੂਲਾਂ ਦੇ ਮੁੰਡੇ ਜ਼ਿਆਦਾ ਆਉਂਦੇ ਹਨ। ਇਸ ਦੇ ਕਈ ਰੀਜ਼ਨ ਹੋ ਸਕਦੇ ਹਨ ਪਰ ਤਿੰਨ ਚਾਰ ਰੀਜ਼ਨ ਹਨ ਜਿਸ ਕਰਕੇ ਇਸ ਤਰ੍ਹਾਂ ਹੁੰਦਾ ਹੈ। ਇਕ ਤਾਂ ਇਹ ਹੈ ਕਿ ਪ੍ਰਾਈਵੇਟ ਸਕੂਲਾਂ ਵਿੱਚ ਸਟ੍ਰਿਕਟਿਡ ਐਡਮਿਸ਼ਨ ਹੁੰਦੀ ਹੈ ਪਰ ਗੌਰਮੈਂਟ ਸਕੂਲਾਂ ਵਿੱਚ ਅਸੀਂ ਕਿਸੇ ਨੂੰ ਦਾਖਲੇ ਤੋਂ ਰੋਕ ਨਹੀਂ ਸਕਦੇ। ਦੂਜਾ ਇਹ ਕਿ ਪ੍ਰਾਈਵੇਟ ਸਕੂਲਾਂ ਵਿੱਚ ਫੀਸਾਂ ਬਹੁਤ ਲੈਂਦੇ ਨੇ ਅਤੇ ਮਾਲਦਾਰ ਆਦਮੀਆਂ ਦੇ ਮੁੰਡੇ ਉੱਥੇ ਦਾਖਲ ਹੋ ਜਾਂਦੇ ਹਨ, ਬਾਕੀ ਗਰੀਬਾਂ ਦੇ ਬੱਚੇ ਗੌਰਮੈਂਟ ਸਕੂਲਾਂ ਵਿੱਚ ਆ ਜਾਂਦੇ ਹਨ ਜਿਨ੍ਹਾਂ ਪਾਸ ਪੜ੍ਹਾਣ ਦੇ ਸਾਧਨ ਘਟ ਹੁੰਦੇ ਹਨ । ਤੀਜਾ ਇਹ ਕਿ ਪ੍ਰਾਈਵੇਟ ਸਕੂਲਾਂ ਵਿੱਚ ਜੇਕਰ ਟੀਚਰ ਪੜ੍ਹਾਈ ਕਰਾਣ ਵਲ ਧਿਆਨ ਨਾ ਦੇਣ ਤਾਂ ਉਨ੍ਹਾਂ ਦੀਆਂ ਮੈਨੇਜਿੰਗ ਕਮੇਟੀਆਂ ਉਨ੍ਹਾਂ ਨੂੰ ਹਟਾ ਦਿੰਦੀਆਂ ਹਨ ਜਾਂ ਤੰਗ ਕਰਦੀਆਂ ਹਨ ਪਰ ਅਸੀਂ ਇਸ ਤਰ੍ਹਾਂ ਨਹੀਂ ਕਰ ਸਕਦੇ । ਇਸ ਕਾਰਨ ਗੌਰਮੈਂਟ ਸਕੂਲਾਂ ਦੇ ਬੱਚੇ ਮੈਰਿਟ ਤੇ ਘਟ ਆਉਂਦੇ ਹਨ ।

श्री बलरामजी दास टंडन : चीफ मिनिस्टर साहिब ने बताया है कि 12 और 16 हायर सैकन्डरी स्कूलों और 10 हाई स्कूलों को चुना गया है ताकि उनका कैम्पैरेज़न प्राईवेट स्कूलों के साथ किया जा सके, तो किस हिसाब से इन स्कूलों को चुना गया है ?

ਮੁੱਖ ਮੰਤਰੀ : ਮੈਂ ਕੋਈ ਖਾਸ ਢੰਗ ਨਾਲ ਨਹੀਂ ਚੁਣੇ, ਜੇਕਰ ਤੁਸੀਂ ਚਾਹੋ ਤਾਂ ਹਰ ਇਕ ਸਕੂਲ ਦਾ ਨਾਮ ਵੀ ਦਿੱਤਾ ਜਾ ਸਕਦਾ ਹੈ ਤੇ ਜੇਕਰ ਸਾਰਿਆਂ ਸਕੂਲਾਂ ਦਾ ਚਾਹੁੰਦੇ ਹੋ ਤਾਂ ਮੈਨੂੰ ਇਥੇ ਤਿੰਨ ਚਾਰ ਮਹੀਨਿਆਂ ਦੀ ਛੁੱਟੀ ਦੇ ਦਿਉ ਪਤਾ ਕਰਕੇ ਦੱਸ ਦਿਆਂਗਾ ।

ਇਕ ਮਾਨਯੋਗ ਮੈਂਬਰ : ਛੁੱਟੀ ਤਾਂ ਤੁਹਾਨੂੰ ਕਾਂਗਰਸ ਵਾਲੇ ਦੇਣਗੇ । (ਹਾਸਾ)

ਮੁੱਖ ਮੰਤਰੀ : ਮੈਂ ਅਰਜ਼ ਕਰ ਰਿਹਾ ਸੀ ਕਿ ਜੇ ਤੁਸੀਂ ਸਾਰੀ ਸਟੇਟ ਦੇ ਹਾਇਰ ਸੈਕੰਡਰੀ ਸਕੂਲਜ਼ ਅਤੇ ਪਰਾਇਮਰੀ ਸਕੂਲਜ਼ ਦੀ ਲਿਸਟ ਚਾਹੁੰਦੇ ਹੋ ਤਾਂ ਇਸ ਦੇ ਲਈ ਵਕਤ ਚਾਹੀਦਾ ਹੈ, ਆਉਂਦੇ ਸੈਸ਼ਨ ਵਿੱਚ ਵਾਕਫੀਅਤ ਦਿਤੀ ਜਾ ਸਕਦੀ ਹੈ ।

श्री **बलरामजी दास टंडन** : क्या आप इस बात के लिये रीज़न्ज़ दे सकते हैं कि इसकी क्या वजह है कि प्राईवेट स्कूल्ज़ के गवर्नमैंट स्कूल्ज़ से अच्छे नतीजे निकलते हैं । मैरिट लिस्ट पर भी प्राईवेट स्कूल्ज के लड़कों के नाम सरकारी स्कूलों के बच्चों से बहुत ज्यादा आते हैं । क्या चीफ मिनिस्टर साहिब बतायेंगे कि इसका कारण क्या है ?

ਮੁੱਖ ਮੰਤਰੀ : ਇਸ ਦਾ ਜਵਾਬ ਮੈਂ ਅਗੇ ਦੇ ਚੁਕਿਆ ਹਾਂ ।

ਕਾਮਰੇਡ ਸਤਪਾਲ ਕਪੂਰ : ਕੀ ਮੁੱਖ ਮੰਤਰੀ ਜੀ ਦੱਸਣਗੇ ਕਿ ਸਰਕਾਰੀ ਸਕੂਲਾਂ ਦੇ ਬੱਚਿਆਂ ਦਾ ਤਾਲੀਮ ਵਿੱਚ ਸਟੈਂਡਰਡ ਉੱਚਾ ਕਰਨ ਵਾਸਤੇ ਕੀ ਸਟੈਪ ਉਠਾਏ ਜਾ ਰਹੇ ਹਨ ਤਾਂ ਜੋ ਉਹ ਪ੍ਰਾਈਵੇਟ ਸਕੂਲਾਂ ਦਾ ਮੁਕਾਬਲਾ ਕਰ ਸਕਣ ?

ਮੁੱਖ ਮੰਤਰੀ : ਮੈਂ ਹੁਣ ਕੀ ਦੱਸਾਂ ਏਥੇ ਗੱਲ ਸਾਰੀ ਕਰਦਾ ਚੰਗਾ ਨਹੀਂ ਲਗਦਾ, ਜੇ ਪਾਲੇ-ਟੀਸ਼ਨਜ਼ ਰੋਜ਼ ਦੀ ਇੰਟਰਫੀਅਰੈਂਸ ਇਨ੍ਹਾਂ ਐਜੂਕੇਸ਼ਨਲ ਅਦਾਰਿਆਂ ਦੇ ਵਿੱਚ ਕਰਨੀ ਬੰਦ ਕਰ ਦੇਣ ਤਾਂ ਸਟੈਂਡਰਡ ਆਪੇ ਹੀ ਅਤੇ ਬੜੀ ਜਲਦੀ ਉੱਚਾ ਹੋ ਸਕਦਾ ਹੈ ।

ਕਾਮਰੇਡ ਭਾਨ ਸਿੰਘ ਭੌਰਾ : ਮੈਂ ਮੁੱਖ ਮੰਤਰੀ ਜੀ ਤੋਂ ਇਹ ਗੱਲ ਜਾਣਨੀ ਚਾਹੁੰਦਾ ਹਾਂ ਕਿ ਸਾਰਿਆਂ ਸਕੂਲਾਂ ਦੀ ਨਿਸਬਤ ਸਿਰਫ ਡੀ.ਏ.ਵੀ. ਸਕੂਲਾਂ ਦੇ ਨਤੀਜੇ ਅੱਛੇ ਆਉਂਦੇ ਹਨ, ਕੀ ਇਸ ਦਾ ਕਾਰਨ ਇਹ ਤਾਂ ਨਹੀਂ ਕਿ ਇਕ ਤਾਂ ਉਹ ਸਕੂਲ ਦੇ ਵਕਤ ਤੋਂ ਬਾਅਦ ਟਿਊਸ਼ਨਜ਼ ਤੇ ਪੈਸੇ ਚਾਰਜ ਕਰਕੇ ਪੜ੍ਹਾਉਂਦੇ ਹਨ, ਦੂਸਰੇ ਡੀ.ਏ.ਵੀ. ਇਨਸਟੀਚੀਊਸ਼ਨ ਦੇ ਬੰਦੇ ਯੂਨੀਵਰਸਟੀ ਤੇ ਕਾਬਜ਼ ਹਨ ?

ਮੁੱਖ ਮੰਤਰੀ : ਇਹ ਇਨਫਰਮੇਸ਼ਨ ਤੁਹਾਡੇ ਕੋਲ ਹੋਵੇਗੀ ਮੈਨੂੰ ਤਾਂ ਪਤਾ ਨਹੀਂ । ਤੁਹਾਡੇ ਹੀ ਬੰਦੇ ਕਹਿੰਦੇ ਹਨ ਕਿ ਸਾਡੀ ਪਾਰਟੀ ਦੇ ਆਦਮੀ ਇਸ ਸੂਬੇ ਦੇ ਚੱਪੇ ਚੱਪੇ ਤੇ ਛਾਏ ਹੋਏ ਹਨ, ਉਹ ਬੇਸ਼ਕ ਇਹ ਇਨਫਰਮੇਸ਼ਨ ਜਾਣਦੇ ਹੋਣ । ਮੈਨੂੰ ਕੋਈ ਪਤਾ ਨਹੀਂ ।

ਚੌਧਰੀ ਦਰਸ਼ਨ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਇਹ ਗੱਲ ਪੁਛਣੀ ਚਾਹੁੰਦਾ ਹਾਂ ਕਿ ਜਿਹੜੇ ਪ੍ਰਾਈਵੇਟ ਸਕੂਲਾਂ ਦੀ ਗਰਾਂਟ ਪਹਿਲਾਂ ਮਨਜ਼ੂਰ ਹੈ ਜੇ ਉਹ ਅੱਛਾ ਰੀਜ਼ਲਟ ਸ਼ ਕਰਨ ਤਾਂ ਗਵਰਮੈਂਟ ਉਨ੍ਹਾਂ ਪਰਾਈਵੇਟ ਸਕੂਲਾਂ ਨੂੰ ਜ਼ਿਆਦਾ ਗਰਾਂਟ ਦੇਣ ਲਈ ਕੋਈ ਪ੍ਰੋਪੋਜ਼ਲ ਰੱਖੇਗੀ ?

ਮੁਖ ਮੰਤਰੀ : ਤਜਵੀਜ਼ ਤਾਂ ਅੱਛੀ ਹੈ, ਇਹ ਤੁਹਾਡੀ ਰਾਏ ਅਨੁਸਾਰ ਪ੍ਰਾਈਵੇਟ ਸਕੂਲਾਂ ਤੇ ਵੀ ਵਰਤ ਕੇ ਦੇਖੀ ਜਾ ਸਕਦੀ ਹੈ ।

MEETING HELD BETWEEN THE CHIEF MINISTER AND A DEPUTATION OF HINDI LOVERS

*845. **Shri Lal Chand Suberwal :** Will the Chief Minister be pleased to state—

(a) Whether any deputation of Hindi lovers met him on the 4th January, 1968; if so, the details of the demands put by the deputationists;

(b) whether the Chief Minister conceded any of the said demands; if so, the details thereof ;

(c) whether he assured the deputationists to consider the remaining demands favourably at some other date ?

ਸਰਦਾਰ ਲਛਮਣ ਸਿੰਘ ਗਿਲ : (ੳ) (ਅ) ਅਤੇ (ੲ) 4 ਜਨਵਰੀ,1968 ਨੂੰ ਮੁੱਖ ਮੰਤਰੀ ਅਤੇ ਹਿੰਦੀ ਪਿਆਰਿਆਂ ਵਿਚਕਾਰ ਜਿਹੜਾ ਵਿਚਾਰ ਵਟਾਂਦਰਾ ਮੁੜ ਆਰੰਭ ਹੋਇਆ ਅਤੇ ਉਸ ਵਿਚ ਜਿਹੜਾ ਸਮਝੌਤਾ ਹੋਇਆ, ਉਹ ਪ੍ਰੈਸ ਨੋਟ ਵਿੱਚ ਦਰਜ ਹੈ ਜਿਸ ਦੀ ਨਕਲ ਸਭਾ ਦੇ ਸਾਮ੍ਹਣੇ ਪੇਸ਼ ਹੈ ।

[(a), (b) and (c) A resume of the discussion held between the Chief Minister and the Hindi lovers held on 4th January, 1968, and the agreements reached are contained in the Press Note, a copy of which is laid on the Table of the House.]

PUBLIC RELATIONS DEPARTMENT
PUNJAB GOVERNMENT

Chandigarh, January 4.

The meeting held here to-day by the Chief Minister,Sardar Lachhman Singh Gill with Lala Jagat Narain, M.P., Shri Yash (Editor, Milap) , Shri Virendra (Editor, Pratap), Professor Ram Singh of the Arya Pratinidhi Sabha and Principal B. S. Behal of the Arya Pradeshak Sabha ended on a note of cordiality and understanding among all the participants that the State Government would take appropriate steps for the promotion and development of Hindi language in the State.

The discussions, which lasted about two hours in the Chief Minister's room, were held in an atmosphere of frankness and cordiality.

It was agreed upon in the meeting that present arrangements in the educational institutions would continue. The matter will, however, be subject to review when the Government of India have duly notified the State Government of the national policy on the question of medium of instruction in the light of the decisions to be taken by the Centre on the recommendations of the Education Commission which are still under examination with the Union Government.

It was also agreed that on the completion of the switchover to Punjabi in all internal administration of the State upto the Secretariat level with effect from April 13, 1968, the State Government would begin correspondence with the Centre and the Hindi speaking States of India in Hindi. Orders to this effect will be issued soon by the State Government.

The meeting also agreed that the Punjab Government would take all other steps necessary for the promotion and development of Hindi in Punjab as provided for in the recently passed Punjab Official Languages (Amendment) Bill.

The Chief Minister agreed to constitute a Committee to consider suggestions put forward by the invitees to the meeting today with regard to the development of Hindi in Punjab.

ਚੌਧਰੀ ਬਲਬੀਰ ਸਿੰਘ : ਮੈਂ, ਸਪੀਕਰ ਸਾਹਿਬ, ਪੁਛਦਾ ਹਾਂ ਕਿ ਇਹ ਵੀ ਉਨ੍ਹਾਂ ਪੰਜਾਂ ਪਿਆਰਿਆਂ ਦੇ ਵਿੱਚ ਸ਼ਾਮਲ ਸਨ ਜਾਂ ਨਹੀਂ ।

ਸ੍ਰੀ ਲਾਲ ਚੰਦ ਸਬੱਰਵਾਲ : ਸਪੀਕਰ ਸਾਹਿਬ, ਮੈਂ ਤਾਂ ਪਿਆਰਿਆਂ ਵਿੱਚ ਹਾਂ, ਗਿਲ ਸਾਹਿਬ ਭਾਵੇਂ ਹੋਣ ਜਾਂ ਨਾ ਹੋਣ ਪਰ ਇਹ ਨਹੀਂ ਸਾਨੂੰ ਅਜੇ ਤੱਕ ਪਤਾ ਲੱਗਾ ਕਿ ਇਹ ਕਿਥੇ ਲਟਕਦੇ ਹਨ । (ਹਾਸਾ) ਕੀ ਚੀਫ ਮਨਿਸਟਰ ਸਾਹਿਬ ਦੱਸਣਗੇ ਕਿ ਜਿਹੜਾ ਪ੍ਰੈਸ ਨੋਟ ਉਨ੍ਹਾਂ ਦਾ ਸ਼ਾਇਆ ਹੋਇਆ ਹੈ, ਮੈਂ ਪੜ੍ਹਿਆ ਵੀ ਹੈ, ਮੈਂ ਕੁਝ ਵੀ ਨਹੀਂ ਸਮਝ ਸਕਿਆ, ਕਿ ਉਨ੍ਹਾਂ ਨੇ ਕੀ ਦੇਣਾ ਮੰਨਿਆ ਹੈ ?

ਮੁੱਖ ਮੰਤਰੀ : ਮੈਨੂੰ ਇਹ ਦੱਸ ਦੇਣ ਕਿ ਮੈਂ ਕੀ ਨਹੀਂ ਦੇਣਾ ਮੰਨਿਆ। ਪ੍ਰੈਸ ਨੋਟ ਇਨ੍ਹਾਂ ਦੇ ਸਾਹਮਣੇ ਹੈ ਇਹ ਪੜ੍ਹ ਲੈਣ ।

ਸ੍ਰੀ ਲਾਲ ਚੰਦ ਸਬੱਰਵਾਲ : ਇਹ ਕਹਿੰਦੇ ਹਨ ਕਿ ਪੇਪਰ ਟੇਬਲ ਤੇ ਲੇ ਕੀਤੇ ਗਏ ਹਨ। ਮੈਂ ਤਾਂ ਕਹਿੰਦਾ ਹਾਂ ਕਿ ਉਹ ਪੇਪਰ ਜਿਸ ਦਾ ਇਹ ਜ਼ਿਕਰ ਕਰਦੇ ਹਨ ਮੈਂ ਪੜ੍ਹੇ ਹਨ ਪਰ ਮੈਨੂੰ ਸਮਝ ਵਿੱਚ ਨਹੀਂ ਆਏ, ਮੈਨੂੰ ਜ਼ਰਾ ਸਮਝਾ ਦੇਣ ।

ਮੁੱਖ ਮੰਤਰੀ : ਮੈਂ ਸਮਝਾ ਦਿੰਦਾ ਹਾਂ। ਇਹਦਾ ਮਤਲਬ ਇਹ ਹੈ ਜੀ ਕਿ ਮੇਰੀ ਲਾਲਾ ਜਗਤ ਨਾਰਾਇਣ ਐਮ. ਪੀ., ਸ੍ਰੀ ਯਸ਼, ਸ੍ਰੀ ਵਿਰੇਂਦ੍ਰ, ਪ੍ਰੋ. ਰਾਮ ਸਿੰਘ ਅਤੇ ਪ੍ਰਿੰਸੀਪਲ ਬੀ. ਐਸ. ਬਹਿਲ ਦੇ ਨਾਲ ਬੜੇ ਅੱਛੇ ਵਾਤਾਵਰਣ ਵਿੱਚ ਮੀਟਿੰਗ ਹੋਈ, ਜਿਹੜੀਆਂ ਵੀ ਉਥੇ ਗਲਾਂ ਕੀਤੀਆਂ ਗਈਆਂ ਅਤੇ ਮੰਨੀਆਂ ਗਈਆਂ ਉਹ ਇਹ ਸਨ ਕਿ ਹਿੰਦੀ ਦੀ ਡਿਵੈਲਪਮੈਂਟ ਲਈ, ਜਿਸ ਤਰ੍ਹਾਂ ਦਾ ਪੰਜਾਬੀ ਦੀ ਤਰੱਕੀ ਲਈ ਬਿਲ ਬਣਿਆ ਹੈ ਉਹਦੇ ਚੌਖਟੇ ਵਿੱਚ ਰਹਿੰਦੇ ਹੋਏ ਜਿਤਨੀ ਵੀ ਤਰੱਕੀ ਕੀਤੀ ਜਾ ਸਕਦੀ ਹੋਵੇ ਕੀਤੀ ਜਾਵੇ ।

ਇਕ ਗੱਲ ਇਹ ਵੀ ਮੰਨੀ ਗਈ ਕਿ 13 ਅਪ੍ਰੈਲ, 1968 ਤੋਂ ਜਦੋਂ ਪੰਜਾਬ ਵਿੱਚ ਪੰਜਾਬੀ ਸੈਕਰੀ-ਟੇਰੀਏਟ ਲੈਵਲ ਤੇ ਚਾਲੂ ਕੀਤੀ ਜਾਵੇਗੀ ਤਾਂ ਸੈਂਟਰ ਦੀ ਸਰਕਾਰ ਨਾਲ ਅਤੇ ਦੂਸਰੀਆਂ ਹਿੰਦੀ ਬੋਲਣ ਵਾਲੀਆਂ ਸਟੇਟਾਂ ਨਾਲ ਹਿੰਦੀ ਵਿੱਚ ਲਿਖਾ ਪੜ੍ਹੀ ਕੀਤੀ ਜਾਵੇਗੀ।

ਹਿੰਦੀ ਦੀ ਤਰੱਕੀ ਲਈ ਇਕ ਸੈਲ ਸੈਕਰੀਟੇਰੀਏਟ ਦੇ ਵਿੱਚ ਖੋਲ੍ਹ ਦਿੱਤਾ ਗਿਆ ਹੈ ।

ਕਾਮਰੇਡ ਭਾਨ ਸਿੰਘ ਭੌਰਾ : ਕੀ ਇਹ ਹਿੰਦੀ ਪਿਆਰੇ ਜਿਨ੍ਹਾਂ ਦਾ ਨਾਉਂ ਚੀਫ ਮਨਿਸਟਰ ਸਾਹਿਬ ਨੇ ਲਿਆ ਹੈ ਉਰਦੂ ਅਖਬਾਰਾਂ ਦੇ ਐਡੀਟਰ ਨਹੀਂ ਹਨ ਜਿਨ੍ਹਾਂ ਦਾ ਮੂੰਹ ਬੰਦ ਕਰਨ ਲਈ ਇਹ ਇਕੱਤਰਤਾ ਕੀਤੀ ਗਈ ਸੀ ? ਕੀ ਉਨ੍ਹਾਂ ਨੂੰ ਹਿੰਦੀ ਦੇ ਵੱਡੇ ਵੱਡੇ ਪ੍ਰੋਫੈਸਰ, ਹਿੰਦੀ ਮਾਹਰ ਮਿਲ ਨਹੀਂ ਸਨ ਸਕੇ ?

ਮੁੱਖ ਮੰਤਰੀ : ਮੈਂ ਕਿਸੇ ਦਾ ਕੋਈ ਮੰਹ ਬੰਦ ਨਹੀਂ ਕੀਤਾ ।

श्री अ. विश्वनाथन : क्या मुख्य मन्त्री जी बतायेंगे कि इनको हिन्दी के प्रोफैसर नहीं मिले जो इन्होंने पांच प्यारों में उर्दू के अखबारों के एडीटर भर दिये ?

मुख्य मन्त्री : मैंने बताया है कि ऐसी हिन्दी प्रेमियों की एक कमेटी बनाई गई । इनके अलावा और भी कई दोस्त लिये गए हैं ।

FORFEITURE OF SECURITY OF M/S KAY KAY INDUSTRIAL CORPORATION, JULLUNDUR CANTT.

*852. **Comrade Bhan Singh Bhaura** : Will the Chief Minister be pleased to state—

(a) whether the District Food and Supplies Controller, Jullundur, passed orders *vide* his Memo. No. 19011, dated the 11th September, 1967, forfeiting the security of M/S Kay Kay Industrial Corporation, G.T. Road, Jullundur Cantt;

(b) whether the said Industrial Corporation submitted any representation dated 19th September, 1967 or thereabout; if so, a copy of the said representation be placed on the Table of the House ;

(c) whether any enquiry was held into the contention of the said firm; if so, the result thereof;

(d) whether the said firm filed an appeal against the above mentioned order of the District Food and Supplies Controller; if so, whether the same has been decided and whether it has been accepted or rejected ?

ਸਰਦਾਰ ਲਛਮਣ ਸਿੰਘ ਗਿੱਲ : (ੳ) ਹਾਂ ਜੀ ।

(ਅ) ਮੈਸਰਜ਼ ਕੇ.ਕੇ. ਇੰਡਸਟਰੀਅਲ ਕਾਰਪੋਰੇਸ਼ਨ, ਜਲੰਧਰ ਛਾਉਣੀ, ਨੇ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਜਲੰਧਰ, ਨੂੰ 19 ਨਵੰਬਰ, 1967, ਨੂੰ ਨਾ ਕਿ 19 ਸਤੰਬਰ ਨੂੰ ਇਕ ਪ੍ਰਤੀਬੇਨਤੀ ਭੇਜੀ । ਪ੍ਰਤੀਬੇਨਤੀ ਦੀ ਇਕ ਨਕਲ ਸਭਾ ਦੇ ਸਾਮ੍ਹਣੇ ਪੇਸ਼ ਹੈ ।

(ੲ) ਫ਼ਰਮ ਦੀ ਦਲੀਲ ਦੀ ਜਾਂਚ ਕਰਾਉਣ ਦਾ ਕੋਈ ਸਵਾਲ ਨਹੀਂ ਸੀ ਕਿਉਂਜੋ ਲਸੰਸ ਦੇਣ ਵਾਲੇ ਅਧਿਕਾਰੀ ਦੇ ਹੁਕਮ ਦੇ ਖਿਲਾਫ ਡਾਇਰੈਕਟਰ, ਖੁਰਾਕ ਅਤੇ ਸਪਲਾਈ, ਪੰਜਾਬ, ਨੂੰ ਉਹ ਅਪੀਲ ਕਰ ਸਕਦੀ ਸੀ । ਦਰ ਅਸਲ, ਲਸੰਸ ਦੇਣ ਵਾਲੇ ਅਧਿਕਾਰੀ ਨੇ ਹੀ, ਉਪਰੋਕਤ ਪ੍ਰਤੀਬੇਨਤੀ ਦੇ ਜਵਾਬ ਵਿੱਚ ਮੈਸਰਜ਼ ਕੇ.ਕੇ. ਇੰਡਸਟਰੀਅਲ ਕਾਰਪੋਰੇਸ਼ਨ ਨੂੰ ਇਹ ਮਸ਼ਵਰਾ ਦਿੱਤਾ ਕਿ ਉਹ ਆਪਣੇ ਹੁਕਮ ਦੀ ਨਜ਼ਰ–ਸਾਨੀ ਖੁਦ ਨਹੀਂ ਕਰ ਸਕਦਾ ਅਤੇ ਫ਼ਰਮ ਨੂੰ ਚਾਹੀਦਾ ਹੈ ਕਿ ਉਹ ਨਿਯਮ ਅਨੁਸਾਰ ਡਾਇਰੈਕਟਰ ਖੁਰਾਕ ਅਤੇ ਸਪਲਾਈ ਨੂੰ ਅਪੀਲ ਕਰੇ ।

(ਸ) ਉਪਰੋਕਤ ਫ਼ਰਮ ਨੇ ਜ਼ਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ ਦੇ ਹੁਕਮ ਵਿਰੁੱਧ ਅਪੀਲ ਕੀਤੀ ਹੋਈ ਹੈ ਜਿਸ ਦੀ ਸੁਣਵਾਈ ਦੀ ਤਰੀਕ ਐਪੀਲੇਟ ਅਧਿਕਾਰੀ ਨੇ 4 ਮਾਰਚ, 1968, ਰੱਖੀ ਹੈ ।

[(a) Yes.

(b) M/S Kay Kay Industrial Corporation, Jullundur Cantt. submitted representation to the District Food and Supplies Controller, Jullundur, on the 19th November, 1967 and not on the 19th September, 1967. A copy of the representation is laid on the Table of the House.

(c) There was no question of instituting any enquiry into the contention of the firm because they could appeal to the Director, Food and Supplies, Punjab, against the orders of the Licensing Authority. In fact, the Licensing Authority, in response to the said representation, advised M/S Kay Kay Industrial Corporation that he could not review his own orders and that they should go in for appeal before the Director, Food and Supplies, Punjab, as required under the rules.

(d) The said firm has filed an appeal against the order of the District Food and Supplies Controller which has been fixed for hearing by the appellate Authority on the 4th March, 1968.]

[ਮੁੱਖ ਮੰਤਰੀ]

KAY KAY INDUSTRIAL CORPORATION
RICE DALL AND OIL MILLS

GRAMS
PHONE
GRAND TRUNK ROAD
JULLUNDUR CANTT.

To

THE DISTRICT FOOD AND SUPPLIES CONTROLLER,
JULLUNDUR

Ref. : Your memo 19011, dated 11th September, 1967 received on 18th Septembe r, 1967. Endorsed to the I. F. & S. Cantt in a registered cover bearing your No. 19011 addressed to us.

DEAR SIR,

While acknowledging receipt of the above we submit that it may be our misfortune to characterise the entire matter based on some gross misunderstanding of facts—in as such as the return in question was duly submitted in time and that no "SHOW CAUSE" notice was ever received by us and still further that the question of our reply could not at all arise. Our contentions can very well be supported by necessary documentary proofs. Under the circumstances we would request you, in mutual interest, to review the whole thing and if need be to call us at your office for further elucidating any point that your goodself may like too in this respect.

We earnestly hope that the matter will have your personal attention and hope to receive an early reply in time in case we may have to seek further legal redress.

Thanking you,

Dated : 19th November, 1967

Yours faithfully,

for KAY KAY INDUSTRIAL CORPORATION
Sd/-.
Proprietor.

OPENING OF A HOSPITAL IN MANDI TALWANDI BHAI, DISTRICT FEROZEPUR

*915. **Sardar Mohinder Singh Gill** : Will the Minister for Health be pleased to state—

(a) whether any hospital is being opened by the Government in Mandi Talwandi Bhai, Tehsil and District Ferozepur;

(b) if the reply to part (a) be in the affirmative, the time by which the said Hospital is likely to be opened ?

Mahant Ram Parkash Dass : (a) No.

(b) In view of (a) above, question does not arise.

ਸਰਦਾਰ ਮੁਹਿੰਦਰ ਸਿੰਘ ਗਿੱਲ : ਕੀ ਸਿਹਤ ਮੰਤਰੀ ਜੀ ਤਲਵੰਡੀ ਭਾਈ ਕੇ, ਜ਼ਿਲ੍ਹਾ ਫਿਰੋਜ਼ਪੁਰ, ਦੇ ਵਿੱਚ ਕੋਈ ਹਸਪਤਾਲ ਖੋਲ੍ਹਣ ਦਾ ਯਤਨ ਕਰਨਗੇ ਕਿਉਂਕਿ ਇਥੇ ਨੇੜੇ ਤੇੜੇ ਕੋਈ ਹਸਪਤਾਲ ਨਹੀਂ ਹੈ ?

ਮੰਤਰੀ : ਇਹ ਇਕ ਮਿਉਂਨਿਸਪਲ ਏਰੀਆ ਹੈ, ਇਥੇ ਫੈਸਿਲਿਟੀਜ਼ ਦੇਣ ਦੀ ਜ਼ਿੰਮੇਵਾਰੀ ਉਥੋਂ ਦੀ ਮਿਉਂਨਿਸਪਲ ਕਮੇਟੀ ਦੀ ਹੈ ।

ਸਰਦਾਰ ਮੁਹਿੰਦਰ ਸਿੰਘ ਗਿੱਲ : ਮੈਂ ਅਰਜ਼ ਕਰਾਂ ਕਿ ਇਥੇ ਦੇ ਨੇੜੇ ਦੀ ਸਿਵਲ ਡਿਸਪੈਂਸਰੀ ਮੁਦਕੀ ਹੈ ਅਤੇ 10 ਮੀਲ ਦੇ ਫਾਸਲੇ ਤੇ ਪ੍ਰਾਇਮਰੀ ਹੈਲਥ ਸੈਂਟਰ ਡਰੋਲੀ ਭਾਈ ਹੈ ।

ਮੰਤਰੀ : ਚਾਰ ਮੀਲ ਦੂਰ ਡਰੋਲੀ ਭਾਈ ਵਿੱਚ ਪ੍ਰਾਇਮਰੀ ਹੈਲਥ ਸੈਂਟਰ ਹੈ ਤੇ 9 ਮੀਲ ਦੂਰ ਜ਼ੀਰੇ ਵਿੱਚ ਸਿਵਲ ਹਸਪਤਾਲ ਹੈ । (ਵਿਘਨ)

ਕੁਝ ਆਵਾਜ਼ਾਂ : 100 ਮੀਲ ਚੰਡੀਗੜ੍ਹ ਤੇ 150 ਮੀਲ ਦੂਰ ਦਿਲੀ ਵਿਚ ਵੀ ਹੈ । (ਹਾਸਾ)

ਮੰਤਰੀ : ਮੈਂ ਪਹਿਲਾਂ ਹੀ ਅਰਜ਼ ਕੀਤਾ ਹੈ ਕਿ ਇਹ ਜ਼ਿੰਮੇਵਾਰੀ ਮਿਉਨਿਸਪਲ ਕਮੇਟੀ ਦੀ ਹੈ ।

ਸਰਦਾਰ ਮੁਹਿੰਦਰ ਸਿੰਘ ਗਿੱਲ : ਕੀ ਮਿਉਨਿਸਪਲ ਕਮੇਟੀਆਂ ਦੇ ਏਰੀਏ ਵਿੱਚ ਕਈ ਹਸਪਤਾਲ ਖੋਲ੍ਹਣ ਦੇ ਲਈ ਕਿਸੇ ਤਜਵੀਜ਼ ਤੇ ਗੌਰਮਿੰਟ ਵਿਚਾਰ ਕਰ ਰਹੀ ਹੈ ?

ਮੰਤਰੀ : ਸਰਕਾਰ ਇਹ ਮਾਮਲਾ ਟੇਕ ਅਪ ਕਰ ਰਹੀ ਹੈ ।

ਸ੍ਰੀ ਸਤਪਾਲ ਡਾਂਗ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਨ੍ਹਾਂ ਮਿਉਨਿਸਪਲ ਕਮੇਟੀਆਂ ਕੋਲ ਪੈਸੇ ਨਹੀਂ ਹਨ ਕੀ ਸਰਕਾਰ ਉੱਥੇ ਡਿਸਪੈਂਸਰੀਆਂ ਖੋਲ੍ਹਣੀਆਂ ਆਪਣੀ ਜ਼ਿੰਮੇਵਾਰੀ ਨਹੀਂ ਸਮਝਦੀ ?

ਮੰਤਰੀ : ਜੇ ਉਹ ਰੀਕੁਐਸਟ ਕਰਨ ਤਾਂ ਜ਼ਰੂਰ ਵਿਚਾਰ ਕਰਾਂਗੇ ।

ਸਰਦਾਰ ਮੁਹਿੰਦਰ ਸਿੰਘ ਗਿੱਲ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਹੜੀਆਂ ਮਿਉਨਿਸਪਲ ਕਮੇਟੀਆਂ ਛੋਟੀਆਂ ਹਨ, ਜਿਨ੍ਹਾਂ ਕੋਲ ਪੈਸੇ ਨਹੀਂ ਹਨ, ਉਥੇ ਗੌਰਮਿੰਟ ਹਸਪਤਾਲ ਖੋਲ੍ਹੇਗੀ ?

ਸ੍ਰੀ ਸਪੀਕਰ : ਇਸ ਦਾ ਜਵਾਬ ਦੇ ਦਿੱਤਾ ਗਿਆ ਹੈ । (Reply to this question has already been given.)

STOPPING OF PRIVATE PRACTICE BY DOCTORS OF MEDICAL COLLEGE, AMRITSAR

*928. **Shri Harbans Lal Khanna** : Will the Minister for Health be pleased to state whether there is any proposal under the consideration of the Government to stop the private practice of the Doctors of the Medical College, Amritsar; if so, the latest position of the said proposal and the time by which it is likely to be implemented ?

Mahant Ram Parkash Dass : Yes, a proposal to stop private practice of all categories of Government doctors is under considerations of the Government. But no time limit for its implementation can be fixed as the implications both Administrative and Financial are being worked out.

ਸ੍ਰੀ ਹਰਬੰਸ ਲਾਲ ਖੰਨਾ : ਕੀ ਸਵਾਸਥ ਮੰਤਰੀ ਜੀ ਦੱਸਣਗੇ..... ...(ਵਿਘਨ) ਮੇਰਾ ਮਤਲਬ ਹੈ ਹੈਲਥ ਮਨਿਸਟਰ ਸਾਹਿਬ ਦੱਸਣਗੇ ਕਿ......(ਵਿਘਨ) ਸਿਹਤ ਮਤਰੀ ਹੀ ਸਹੀ । ਕਿਰਪਾ ਕਰਕੇ ਦੱਸਣਗੇ ਕਿ...........

ਇਕ ਮਾਨਯੋਗ ਮੈਂਬਰ : (* * * *)

(ਸ਼ੋਰ) (ਹਾਸਾ)

Mr. Speaker : No please. It should not be included in the record of the proceedings of the House.

ਸ੍ਰੀ ਹਰਬੰਸ ਲਾਲ ਖੰਨਾ : ਕੀ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰੀ ਡਾਕਟਰਾਂ ਦੀ ਜੋ ਪ੍ਰਾਈਵੇਟ ਪ੍ਰੈਕਟਿਸ ਬੰਦ ਕਰਨ ਦੀ ਕੋਸ਼ਿਸ਼ ਹੋ ਰਹੀ ਸੀ ਉਸ ਵਿੱਚ ਕੀ ਪ੍ਰੋਗਰੈਸ ਹੋਈ ਹੈ ?

(ਜਵਾਬ ਨਹੀਂ ਦਿੱਤਾ ਗਿਆ)

ਸਪੀਕਰ ਸਾਹਿਬ, ਇਸ ਦਾ ਜਵਾਬ ਨਹੀਂ ਆਇਆ

ਮੰਤਰੀ : ਮਾਕੂਲ ਜਵਾਬ ਦੇ ਦਿਤਾ ਗਿਆ ਹੈ ।

ਸ੍ਰੀ ਸਤ ਪਾਲ ਡਾਂਗ : ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਹ ਤਜਵੀਜ਼ ਜ਼ੇਰੇ ਗੌਰ ਹੈ ਪਰ ਇਸ ਦੀ ਇੰਪਲੀਮੈਂਟੇਸ਼ਨ ਦੀ ਤਾਰੀਖ਼ ਫਿਕਸ ਨਹੀਂ ਕੀਤੀ ਜਾ ਸਕਦੀ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਅਸੂਲੀ ਤੌਰ ਤੇ ਇਹ ਫੈਸਲਾ ਹੋ ਗਿਆ ਹੈ ਕਿ ਪ੍ਰਾਈਵੇਟ ਪ੍ਰੈਕਟਿਸ ਬੰਦ ਕਰ ਦਿਤੀ ਜਾਵੇਗੀ ।

ਮੰਤਰੀ : ਗੌਰਮਿੰਟ ਵਿਚਾਰ ਕਰ ਰਹੀ ਹੈ । ਇਸ ਮਾਮਲੇ ਦਾ ਸੰਬੰਧ ਫਾਈਨੈਂਸ ਡਿਪਾਰਟਮੈਂਟ ਨਾਲ ਵੀ ਹੈ ਕਿਉਂਕਿ ਇਸ ਵਾਸਤੇ ਪੈਸੇ ਵੀ ਚਾਹੀਦੇ ਹਨ । ਇਸ ਲਈ ਉਸ ਦੀ ਇਜਾਜ਼ਤ ਨਾਲ ਹੀ ਕਰ ਸਕਾਂਗੇ ।

ਟਿੱਕਾ ਜਗਤਾਰ ਸਿੰਘ : ਕੀ ਸਿਹਤ ਮੰਤਰੀ ਦੱਸਣਗੇ ਕਿ ਇਹ ਪ੍ਰਾਈਵੇਟ ਪ੍ਰੈਕਟਿਸ ਬੰਦ ਕਰਨ ਦੀ ਸਕੀਮ ਸ਼ੈਟਰ ਹੋ ਗਈ ਹੈ ਕਿਉਂਕਿ ਡਾਕਟਰਾਂ ਨੇ ਇਹ ਰਿਕਐਸਟ ਕੀਤੀ ਸੀ ?

ਮੰਤਰੀ : ਅਜਿਹਾ ਕੋਈ ਇਰਾਦਾ ਨਹੀਂ ਹੈ ।

ਕਾਮਰੇਡ ਸਤਪਾਲ ਕਪੂਰ : ਸਿਹਤ ਮੰਤਰੀ ਨੇ ਕਿਹਾ ਹੈ ਕਿ ਪ੍ਰਾਈਵੇਟ ਪ੍ਰੈਕਟਿਸ ਬੰਦ ਕਰਨ ਦੀ ਤਜਵੀਜ਼ ਜ਼ੇਰੇ ਗ਼ੌਰ ਹੈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਉੱਤੇ ਅਮਲ ਕਦ ਤੋਂ ਸ਼ੁਰੂ ਹੋ ਜਾਵੇਗਾ ?

ਮੰਤਰੀ : ਠੀਕ ਡੇਟ ਨਹੀਂ ਦੱਸੀ ਜਾ ਸਕਦੀ । (ਵਿਘਨ)

ਇਕ ਮਾਨਯੋਗ ਮੈਂਬਰ : ਇਹ ਤਜਵੀਜ਼ ਤਾਂ ਤੁਹਾਡੇ ਤੋਂ ਵੀ ਪਹਿਲਾਂ ਦੀ ਹੈ ।

ਮੰਤਰੀ : ਜੀ ਹਾਂ, ਇਹ ਤਜਵੀਜ਼ ਸਾਡੇ ਤੋਂ ਵੀ ਪਹਿਲਾਂ ਦੀ ਹੈ ।

---

*Expunged as ordered by the Chair.

TEACHING ALLOWANCE FOR REGISTRARS OF MEDICAL COLLEGES OF AMRITSAR AND PATIALA

***929. Shri Harbans Lal Khanna :** Will the Minister for Health be pleased to state—

(a) whether the Registrars of Medical Colleges of Amritsar and Patiala are getting teaching allowance (N.P.A.) with effect from December, 1967 if not, the reasons therefor;

(b) whether it is a fact that the Government gave an assurance to the Registrars of the said Medical Colleges for the payment of teaching allowance; if so, the steps taken to implement the same ?

Mahant Ram Parkash Dass : (a) No. The existing orders do not permit them any practice or Non-Practising Allowance.

(b) Though no assurance has been given yet the demand put forth is being examined.

ਸ੍ਰੀ ਹਰਬੰਸ ਲਾਲ ਖੰਨਾ : ਕੀ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਨ੍ਹਾਂ ਰਜਿਸਟਰਡ ਡਾਕਟਰਾਂ ਨੂੰ ਐਨ. ਪੀ. ਏ. ਨਹੀਂ ਮਿਲ ਰਿਹਾ ? ਇਹ ਕਦੋਂ ਤੋਂ ਮਿਲਣਾ ਸ਼ੁਰੂ ਹੋ ਜਾਵੇਗਾ ?

ਮੰਤਰੀ : ਦੋਨਾਂ ਕਾਲਜਾਂ ਦੇ ਪ੍ਰਿੰਸੀਪਲਾਂ ਨੇ 100 ਰੁਪਏ ਰਿਕਮੈਂਡ ਕੀਤੇ ਸਨ । ਇਸ ਮਾਮਲੇ ਤੇ ਫਾਈਨੈਂਸ ਡਿਪਾਰਟਮੈਂਟ ਨਾਲ ਗ਼ੌਰ ਕਰ ਰਹੇ ਹਾਂ । ਜੇ ਉਸ ਨੇ ਇਜਾਜ਼ਤ ਦੇ ਦਿਤੀ ਤਾਂ ਦੇ ਦਿਆਂਗੇ ।

COMPLAINT AGAINST CERTAIN OFFICERS OF MUNICIPAL COMMITTEE, MUKTSAR

***937. Shri Satya Pal Dang :** Will the Minister for Local Government be pleased to state—

(a) whether Government received any complaint some months ago, against the Municipal Engineer, an ex-Secretary and an ex-President of Municipal Committee, Muktsar, alleging serious illegalities and irregularities on their part in connection with the proposed construction of a park; if so, the details of the allegations levelled against them;

(b) whether any enquiry was held into the said allegations; if so, the names of the persons who held the enquiry or enquiries together with the findings of the enquiry/ enquiries and the action, if any, taken or proposed to be taken by the Government thereon ;

(c) the name of the ex-President involved in the said case ;

(d) whether it is a fact that he has recently been re-elected as President; if so, whether the Government has considered the desirability or otherwise of approving his name as President ?

ਆਵਾਜ਼ਾਂ : ਜਵਾਬ ਨਹੀਂ ਆਇਆ ।

ਸਥਾਨਕ ਸ਼ਾਸਨ ਮੰਤਰੀ (ਸ੍ਰੀ ਫਕੀਰ ਚੰਦ ਗੁਪਤਾ) : ਜਨਾਬ, ਮੈਂ ਐਕਸਟੈਨਸ਼ਨ ਵਾਸਤੇ ਅਪਲਾਈ ਕੀਤਾ ਹੋਇਆ ਹੈ ।

ਸ੍ਰੀ ਸਪੀਕਰ : ਇਨ੍ਹਾਂ ਐਕਸਟੈਨਸ਼ਨ ਵਾਸਤੇ ਐਪਲਾਈ ਕੀਤਾ ਹੋਇਆ ਹੈ । (He has applied for extension of time.)

Copy of D. O. letter No. 2118-2 DLG-68/1363, dated 28-2-1968 from the Minister for Local Government Department, Punjab, Chandigarh, to the Speaker, Punjab Vidhan Sabha, Chandigarh.

Subject :—Starred Vidhan Sabha Question No. 937 by Shri Satya Pal Dang, M.L.A., regarding complaint against certain officers/officials of Municipal Committee, Muktsar.

1. Kindly refer to Starred Vidhan Sabha Question No. 937 appearing in the list of question for the 29th February, 1968, in the name of Shri Satya Pal Dang, M.L.A., on the subject noted above.

2. I am to inform you that the reply to the question is not ready as copies of the enquiry reports of the Enquiry Officers are required to be supplied, which are very lengthy and thus it requires sufficient time to type them out. I am, therefore, requesting you separately for extension of time limit to answer this question on any date after the 15th March, 1968.

ਸ੍ਰੀ ਸੱਤ ਪਾਲ ਡਾਂਗ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਤੁਸੀਂ ਇਹ ਵੇਖੋ ਕਿ ਇਹ ਸਵਾਲ ਕਦੋਂ ਦਾ ਗੌਰਮਿੰਟ ਕੋਲ ਗਿਆ ਹੈ, ਤੇ ਇਸ ਦੇ ਵਿੱਚ ਹੈ ਕੀ ਜਿਸ ਦਾ ਕਿ ਇਹ ਜਵਾਬ ਤਿਆਰ ਨਹੀਂ ਕਰ ਸਕੇ ?

ਸ੍ਰੀ ਸਪੀਕਰ : ਇਹ ਫਿਰ ਵੇਖ ਲਵਾਂਗੇ । (It will be looked into afterwards.)

DISTRICT ADHOC COMMITTEES FOR HARIJAN WELFARE IN THE STATE

***880. Comrade Bhan Singh Bhaura** : Will the Minister for Labour and Welfare be pleased to state whether it is a fact that the district adhoc Committees for Harijan Welfare were superseded during the month of January, 1968, in the State; if so, the reasons therefor ?

Shri Piara Ram Dhanowali : District Adhoc Committees for Harijan Welfare were not superseded but were only reconstituted during the month of January, 1968, on administrative grounds.

(ਹਰੀਜਨ ਭਲਾਈ ਲਈ ਜ਼ਿਲ੍ਹਾ ਐਡਹਾਕ ਕਮੇਟੀਆਂ ਤੋੜੀਆਂ ਨਹੀਂ ਸਨ ਗਈਆਂ । ਉਨ੍ਹਾਂ ਨੂੰ ਜਨਵਰੀ, 1968 ਵਿੱਚ ਕੇਵਲ ਪ੍ਰਬੰਧਕੀ ਕਾਰਨਾਂ ਕਰਕੇ ਹੀ ਮੁੜ ਕਾਇਮ ਕੀਤਾ ਗਿਆ ਸੀ ।)

ਕਾਮਰੇਡ ਭਾਨ ਸਿੰਘ ਭੌਰਾ : ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਕਮੇਟੀਆਂ ਨੂੰ ਰੀਕੰਸਟੀਚਿਊਟ ਕਰਨ ਦੀ ਕੀ ਲੋੜ ਪ ਗਈ ਸੀ ?

ਮੰਤਰੀ : ਤੁਹਾਨੂੰ ਹਾਲੇ ਲੋੜ ਦਾ ਪਤਾ ਹੀ ਨਹੀਂ ਲਗਾ ? (ਹਾਸਾ)

ਕਾਮਰੇਡ ਭਾਨ ਸਿੰਘ ਭੌਰਾ : ਮੈਂ ਮਨਿਸਟਰ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਇਹ ਕਮੇਟੀਆਂ ਇਸ ਲਈ ਦੁਬਾਰਾ ਬਣਾਈਆਂ ਗਈਆਂ ਹਨ ਤਾਕਿ ਉਹ ਆਪਣੇ ਬੰਦੇ ਇਨ੍ਹਾਂ ਵਿਚ ਲੈ ਸਕਣ ? ਜਿਸ ਤਰ੍ਹਾਂ ਕਿ ਜ਼ਿਲ੍ਹਾ ਬਠਿੰਡੇ ਵਿੱਚ ਹੋਇਆ ਹੈ ਕਿ ਸਰਦਾਰ ਕਿੱਕਰ ਸਿੰਘ, ਐਮ. ਪੀ. ਨੂੰ ਇਸ ਕਮੇਟੀ ਵਿੱਚ ਨਹੀਂ ਲਿਆ ਗਿਆ ਪਰ ਹਾਰੇ ਹੋਏ ਮੈਂਬਰ ਸਰਦਾਰ ਧੰਨਾ ਸਿਘ ਗੁਲਸ਼ਨ ਨੂੰ ਮੈਂਬਰ ਬਣਾ ਲਿਆ ਗਿਆ ਹੈ । (ਸ਼ੋਰ)

ਮੁੱਖ ਮੰਤਰੀ : ਇਹ ਠੀਕ ਹੈ ਕਿ ਕਮੇਟੀਆਂ ਇਸ ਲਈ ਬਣਾਈਆਂ ਹਨ ਕਿ ਜੋ ਆਦਮੀ ਅਯੋਗ ਹਨ ਉਨ੍ਹਾਂ ਨੂੰ ਬਾਹਰ ਕਢ ਦਿੱਤਾ ਜਾਵੇ ਅਤੇ ਜੋ ਲਾਇਕ ਹਨ ਉਨ੍ਹਾਂ ਨੂੰ ਵਿੱਚ ਸ਼ਾਮਲ ਕਰ ਲਿਆ ਜਾਵੇ ।

ਸ਼੍ਰੀ ਸੱਤ ਪਾਲ ਡਾਂਗ : ਕੀ ਮਨਿਸਟਰ ਸਾਹਿਬ ਜਾਂ ਚੀਫ ਮਨਿਸਟਰ ਸਾਹਿਬ ਦੱਸਣਗੇ ਕਿ ਜਦ ਪਿਛਲੀ ਵਾਰੀ ਕਮੇਟੀਆਂ ਬਣਾਈਆਂ ਗਈਆਂ ਸਨ ਤਾਂ ਵੀ ਸ਼੍ਰੀ ਧੰਨੋਵਾਲੀ ਹੀ ਇਹ ਕਮੇਟੀਆਂ ਬਨਾਣ ਵਾਲੇ ਸਨ ਅਤੇ ਹੁਣ ਵੀ ਇਹ ਕਮੇਟੀਆਂ ਉਨ੍ਹਾਂ ਨੇ ਹੀ ਬਣਾਈਆਂ ਹਨ ?

ਮੁੱਖ ਮੰਤਰੀ : ਉਸ ਵੇਲੇ ਪਾਲਿਸੀ ਤੁਹਾਡੀ ਚਲਦੀ ਸੀ । ਉਨ੍ਹਾਂ ਤੁਹਾਡੀ ਮਰਜ਼ੀ ਦੇ ਮੈਂਬਰ ਲਏ ਸਨ । ਪਰ ਹੁਣ ਉਹ ਇੰਡੀਪੈਂਡੈਂਟ ਮਨਿਸਟਰ ਹਨ, ਹੁਣ ਉਨ੍ਹਾਂ ਆਪਣੀ ਮਰਜ਼ੀ ਨਾਲ ਲਾਇਕ ਬੰਦੇ ਲਏ ਹਨ ।

ਸਰਦਾਰ ਜਗੀਰ ਸਿੰਘ ਦਰਦ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਜੋ ਉਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਐਡਮਨਿਸਟਰੇਸ਼ਨ ਦੀ ਗਰਾਊਂਡਜ਼ ਤੇ ਇਹ ਬਦਲੀਆਂ ਕੀਤੀਆਂ ਹਨ, ਉਹ ਐਡ-ਮਿਨਿਸਟਰੇਟਿਵ ਗਰਾਊਂਡਜ਼ ਕੀ ਹਨ ?

ਮੁੱਖ ਮੰਤਰੀ : ਮੈਂ ਇਹ ਵੀ ਦੱਸ ਦਿੰਦਾ ਹਾਂ। ਉਨ੍ਹਾਂ ਵਿੱਚੋਂ ਕੁਝ ਆਪਣਾ ਕੰਮ ਖ਼ੁਸ਼-ਅਸਲੂਬੀ ਨਾਲ ਨਹੀਂ ਸਨ ਕਰਦੇ, ਕੁਝ ਖੁਸ਼-ਅਸਲੂਬੀ ਨਾਲ ਕਰਦੇ ਸਨ। ਜਿਹੜੇ ਆਪਣਾ ਕੰਮ ਖ਼ੁਸ਼-ਅਸਲੂਬੀ ਨਾਲ ਕਰਦੇ ਸਨ, ਉਹ ਰਖ ਲਏ ਹਨ, ਬਾਕੀ ਕੱਢ ਦਿੱਤੇ ਹਨ ।

ਕਾਮਰੇਡ ਜੰਗੀਰ ਸਿੰਘ ਜੋਗਾ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜਿਹੜੇ ਪਹਿਲਾਂ ਨੁਮਾਇੰਦੇ ਸਨ ਉਨ੍ਹਾਂ ਦੀ ਥਾਂ ਤੇ ਹਾਰੇ ਹੋਏ ਬੰਦੇ ਮੈਂਬਰ ਲੈ ਲਏ ਹਨ । ਇਹ ਚੁਣਨ ਵਾਲਿਆਂ ਨਾਲ ਧੱਕਾ ਹੈ। ਇਸ ਗੱਲ ਨੂੰ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਵੀ ਮੰਨਿਆ ਸੀ । ਉੱਥੇ ਚੁਣੇ ਹੋਏ ਮੈਂਬਰ ਕਿੱਕਰ ਸਿੰਘ ਨੂੰ ਕਮੇਟੀ ਵਿੱਚ ਨਹੀਂ ਲਿਆ ਗਿਆ ਅਤੇ ਹਾਰੇ ਹੋਏ ਧੰਨਾ ਸਿੰਘ ਗੁਲਸ਼ਨ ਨੂੰ ਲੈ ਲਿਆ ਗਿਆ ਹੈ । ਇਹ ਇਸ ਹਾਊਸ ਦੀ ਵੀ ਤੌਹੀਨ ਹੈ ।

ਸਰਦਾਰ ਬਲਵੰਤ ਸਿੰਘ : ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਪਹਿਲਾਂ ਜੋ ਕਮੇਟੀਆਂ ਬਣਾਈਆਂ ਸਨ ਉਨ੍ਹਾਂ ਵਿੱਚ ਹਰ ਇਕ ਸਿਆਸੀ ਪਾਰਟੀ ਦਾ ਇਕ ਇਕ ਨੁਮਾਇੰਦਾ ਸੀ, ਕੀ ਹੁਣ ਵੀ ਇਸ ਤਰ੍ਹਾਂ ਹੈ ?

ਮੁੱਖ ਮੰਤਰੀ : ਉਸ ਵੇਲੇ ਸਤਨਾਜਾ ਇਕਠਾ ਹੋਇਆ ਹੋਇਆ ਸੀ। ਹਰ ਇਕ ਪਾਰਟੀ ਦਾ ਮੈਂਬਰ ਤਾਂ ਲੈਣਾ ਹੀ ਪੈਣਾ ਸੀ ।

ਸਰਦਾਰ ਗੁਰਦੇਵ ਸਿੰਘ : ਕੀ ਧੰਨਾ ਸਿੰਘ ਗੁਲਸ਼ਨ ਨੂੰ ਇਸ ਵਾਸਤੇ ਲਿਆ ਹੈ ਕਿ ਉਹ ਰੋਜ਼ ਆਕੇ ਇਨ੍ਹਾਂ ਨੂੰ ਮੱਥੇ ਟੇਕਦਾ ਹੈ, ਅਤੇ ਕਿੱਕਰ ਸਿਘ ਨੂੰ ਇਸ ਕਰਕੇ ਨਹੀਂ ਲਿਆ ਕਿ ਉਹ ਦੁਆ ਸਲਾਮ ਨਹੀਂ ਕਰਦਾ ?

ਸਰਦਾਰ ਨਰਿੰਦਰ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਇਹ ਜਿਹੜਾ ਇਨ੍ਹਾਂ ਨੇ ਕਿਹਾ ਇਸ ਦੀ ਸਵਾਲ ਨਾਲ ਕੋਈ ਰੈਲੇਵੈਂਸੀ ਨਹੀਂ ਹੈ ।

CO-OPERATIVE TRAINING INSTITUTES

*918. **Sardar Mohinder Singh Gill** : Will the Minister for Co-operation and Parliamentary Affairs be pleased to state —

(a) whether the Co-operative Training Institutes in the State are proposed to be handed over to the Punjab Co-operative Union as has been done in the other States;

(b) if the reply to part (a) above be in the negative, the reasons therefor ?

Chaudhri Kartar Singh : (a) There is a proposal to transfer one of the two Co-operative Training Institutes in the State to the Punjab Co-operative Union.

(b) The Punjab Co-operative Union has recently signified its willingness to take control of one of the Co-operative Training Institutes.

COMPLAINTS AGAINST CO-OPERATIVE SOCIETY IN VILLAGE HAMIDPURA, DISTRICT AMRITSAR

*936. **Shri Satya Pal Dang** : Will the Minister for Co-operation and Parliamentary Affairs be pleased to state—

(a) whether Government received any complaints during the last few months against the Co-operative Society in village Hamidpura, tehsil and district Amritsar; if so, a copy of the complaint be placed on the Table of the House;

(b) whether it is a fact that some time ago an official of the Co-opetative Department during the course of an enquiry found serious irregularities regarding the sale of seed etc. by the said Co-operative Society involving a Sarpanch of the village;

(c) whether any officer of the Co-operative Department was suspected of being involved in this case ;

(d) whether any enquiry has been ordered/held into the said complaints; if so, the result of the enquiry and the action, if any, taken by the Government in the matter.

Copy of D.O. letter No. 1544-CV-68/Sh/1, dated 28th February, 1968 from the Minister for Cooperation Department, Punjab, Chandigarh, to the Speaker, Punjab Vidhan Sabha, Chandigarh.

Subject :—Starred Assembly Question No. 936 asked by Shri Satya Paul, Dang, MLA, regarding complaint against Cooperative Society Village Hamidpur, District Amritsar.

The answer to Starred Punjab Vidhan Sabha Question No. 936 appearing in the list of Questions for the 29th February, 1968, is not ready. The requisite information is being collected from the field and it is likely to take some time. I am, therefore, to request that time for answering this question may kindly be extended and this question included in the List of Questions for any date after 7th March, 1968.

Note : Starred Question No. 917 and reply thereto appear at page (7)31

COMPENSATION FOR LAND COVERED BY LEHRAGAGA DRAIN

***981. Sardar Gurdev Singh Sidhu :** Will the Minister of State for Irrigation and Power be pleased to state whether the compensation for the land covered by Lehragaga Drain has been paid to the residents of villages Kahangarh and Bakhshiwala in Tehsil Mansa, District Bhatinda; if not, the reasons therefor and the time by which Government propose to pay the said compensation and whether any date has been fixed for the purpose ?

ਸਰਦਾਰ ਠੱਥਾ ਸਿੰਘ : ਪਿੰਡ ਬਖਸ਼ੀ ਵਾਲਿਆਂ ਨੂੰ ਮੁਆਵਜ਼ਾ ਦਿੱਤਾ ਜਾ ਚੁਕਾ ਹੈ । ਪਿੰਡ ਕਾਹਨਗੜ੍ਹ ਵਾਲਿਆ ਨੂੰ ਮੁਆਵਜ਼ਾ ਨਹੀਂ ਦਿੱਤਾ ਗਿਆ । ਚੱਕ ਬੰਦੀ ਲਈ ਸਾਂਝੀ ਜ਼ਮੀਨ ਰੱਖੀ ਗਈ ਸੀ । ਹੁਣ ਮੁਆਵਜ਼ੇ ਦੇਣ ਵਾਸਤੇ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ ।

(Compensation for the land acquired in village Bakh shiwala has been paid but payment in village Kahangarh is still to be made. The land was kept in common pool of village Kahangarh during the consolidation of Holdings and the amount was placed in Revenue Deposit pending finalisation of consolidation operations.

Further action for making payments is being taken.)

ਸਰਦਾਰ ਗੁਰਦੇਵ ਸਿੰਘ : ਮੁਆਵਜ਼ਾ ਕਿਹੜੀ ਤਰੀਕ ਤਕ ਦੇ ਦਿੱਤਾ ਜਾਵੇਗਾ ?

ਰਾਜ ਮੰਤਰੀ : ਬਹੁਤ ਜਲਦੀ ਮੁਆਵਜ਼ਾ ਦੇਣ ਦੀ ਕੋਸ਼ਸ਼ ਕੀਤੀ ਜਾ ਰਹੀ ਹੈ ।

DISTRIBUTION OF ZETOR TRACTORS

***1018. Chaudhri Darshan Singh :** Will the Minister of State for Agriculture and Food and Supplies be pleased to state—

(a) whether draws for distribution of Zetor Tractors by the Agro Industrial Corporation, Jullundur, were taken out; if so, the list of persons who got them;

(b) whether Government has ordered re-draws of these tractors; if so, the reasons therefor ?

Sardar Jasdev Singh : (a) Yes, draw for distribution of Tractors to applicants of Jullundur District was held on 12th January, 1968. Only one person, Sub. Major Jawand Singh, village Rasulpur Kalan, took delivery.

(b) The matter is sub-judice.

ਚੌਧਰੀ ਦਰਸ਼ਨ ਸਿੰਘ : ਜਿਹੜੀ ਇਹ ਲਾਟਰੀ ਕੱਢੀ ਗਈ ਹੈ ਇਹ ਕਿਹੜੇ ਅਫਸਰ ਦੇ ਹੁਕਮ ਨਾਲ ਕੱਢੀ ਗਈ ਅਤੇ ਜਿਹੜੀ ਇਸ ਵਾਸਤੇ ਕਮੇਟੀ ਬਣੀ ਹੋਈ ਸੀ ਉਸ ਕਮੇਟੀ ਦੇ ਮੈਂਬਰਾਂ ਦੇ ਨਾਂ ਦਸੇ ਜਾਣ ?

ਰਾਜ ਮੰਤਰੀ : ਏਸ ਬਾਰੇ ਪਹਿਲਾਂ ਤੁਸੀਂ ਆਪਣੇ ਸਵਾਲ ਵਿੱਚ ਜ਼ਿਕਰ ਹੀ ਨਹੀਂ ਕੀਤਾ । (ਸ਼ੋਰ)

ਕਾਮਰੇਡ ਸੱਤਪਾਲ ਕਪੂਰ : ਪਟਿਆਲਾ, ਬਠਿੰਡਾ ਤੇ ਸੰਗਰੂਰ......

ਸ਼੍ਰੀ ਸਪੀਕਰ : ਇਹ ਸਵਾਲ ਕਈ ਵਾਰੀ ਆ ਚੁਕਾ ਹੈ । ਕਈ ਵਾਰੀ ਡਿਸਕਸ ਹੋ ਚੁੱਕਾ ਹੈ ।(ਸ਼ੋਰ) (This question has already been asked and discussed a number of times.) (*Noise*)

ਚੌਧਰੀ ਬਲਬੀਰ ਸਿੰਘ : ਆਨ ਏ ਪੁਆਇੰਟ ਆਫ ਆਰਡਰ ਸਰ । ਪੁਆਇੰਟ ਆਫ ਆਰਡਰ ਇਹ ਹੈ ਕਿ ਮਨਿਸਟਰ ਸਾਹਿਬ ਨੇ ਹੁਣੇ ਦਸਿਆ ਕਿ ਇਹ ਮੈਟਰ ਸਬ ਜੁਡਿਸ ਹੈ ਇਸ ਲਈ ਇਸ ਦਾ ਜਵਾਬ ਨਹੀਂ ਦਿੱਤਾ ਗਿਆ । ਲੇਕਿਨ ਚੌਧਰੀ ਦਰਸ਼ਨ ਸਿੰਘ ਦਾ ਸਵਾਲ ਸੀ ਕਿ ਜਿਹੜੇ ਕਮੇਟੀ ਦੇ ਮੈਂਬਰ ਹਨ ਉਨ੍ਹਾਂ ਦੇ ਨਾਂ ਦੱਸੇ ਜਾਣ । ਇਹ ਕੋਈ ਸਬ ਜੁਡਿਸ ਮੈਟਰ ਨਹੀਂ । ਇਸ ਦਾ ਸਬ ਜੁਡਿਸ ਮੈਟਰ ਨਾਲ ਕੋਈ ਸੰਬੰਧ ਨਹੀਂ ।

ਰਾਜ ਮੰਤਰੀ : ਵੱਖ ਵੱਖ ਬਲਾਕ-ਵਾਈਜ਼ ਤੇ ਜ਼ਿਲ੍ਹੇ-ਵਾਈਜ਼ ਟਰੈਕਟਰ ਅਲਾਟ ਹੋਏ । ਜ਼ਿਲ੍ਹਿਆਂ ਵਿਚ ਕਈ ਕਮੇਟੀਆਂ ਬਣਾਈਆਂ ਗਈਆਂ ।

ਚੌਧਰੀ ਦਰਸ਼ਨ ਸਿੰਘ : ਜਵਾਬ ਵਿੱਚ ਦੱਸਿਆ ਗਿਆ ਕਿ ਲਾਟਰੀ ਕੱਢੀ ਗਈ । ਇਕ ਬੰਦੇ ਨੂੰ ਟ੍ਰੈਕਟਰ ਦੀ ਡਲਿਵਰੀ ਦਿੱਤੀ ਗਈ । ਬਾਕੀਆਂ ਨੂੰ ਡਿਲਿਵਰੀ ਦੇਣੀ ਬੰਦ ਕਰ ਦਿੱਤੀ ਗਈ । ਇਹਦੀ ਕੀ ਵਜ੍ਹਾ ਹੈ ?

ਮੁੱਖ ਮੰਤਰੀ : ਟ੍ਰੈਕਟਰਜ਼ ਜਾਲੰਧਰ ਪਹੁੰਚ ਗਏ । ਟ੍ਰੈਕਟਰਜ਼ ਦੇ ਮੁਤਅੱਲਕ ਇਕ ਲਾਟਰੀ ਪੰਜ ਸਤ ਆਦਮੀਆਂ ਦੀ.....(ਆਵਾਜ਼ਾਂ : 120 ਬੰਦਿਆਂ ਦੀ ਸੀ) ਸ਼ਾਇਦ 120 ਬੰਦਿਆਂ ਦੀ ਨਿਕਲੀ । (ਸ਼ੋਰ)

ਮੈਂ ਤਾਂ ਪਾਲਿਸੀ ਦੱਸਣ ਲਗਾ ਸੀ ਕਿ ਜਿਹੜੀਆਂ ਦਰਖਾਸਤਾਂ ਆਈਆਂ ਸੀ ਉਸਦੇ ਬਾਰੇ ਸ਼ਾਇਦ ਐਡਵਰਟਾਈਜ਼ਮੈਂਟ ਨਹੀਂ ਕੀਤਾ ਗਿਆ, ਲਾਟਰੀ ਦੀ ਤਰੀਕ ਨਹੀਂ ਦੱਸੀ ਗਈ । ਲਾਟਰੀ ਵਾਲਿਆਂ ਨੂੰ ਚੰਗੇ ਢੰਗ ਨਾਲ ਕਨਵਿੰਸ ਨਾ ਕੀਤਾ ਗਿਆ । ਅਸੀਂ ਦੱਸਿਆ ਇਸ ਨੂੰ ਗਜ਼ਿਟ ਕਰਾਉ । ਨੋਟਿਸ ਬੋਰਡ ਤੇ ਲਾਉ । ਐਪਲੀਕੇਂਟਸ ਨੂੰ ਇਤਲਾਹ ਦਿਉ ਅਤੇ ਉਨ੍ਹਾਂ ਦੇ ਬੈਠਿਆਂ ਹੀ ਲਾਟਰੀ ਕੱਢੀ ਜਾਵੇ । ਦੂਸਰੀ ਤਾਰੀਖ ਰਖੀ ਗਈ, ਜਿਨ੍ਹਾਂ ਦੀ ਲਾਟਰੀ ਨਾ ਨਿਕਲੀ ਉਹ ਹਾਈ ਕੋਰਟ ਵਿੱਚ ਚਲੇ ਗਏ । ਹੁਣ ਉਨ੍ਹਾਂ ਦਾ ਅਸੀਂ ਫੈਸਲਾ ਨਾ ਕਰ ਸਕੇ ਕਿਉਂਕਿ ਮਾਮਲਾ ਹਾਈ ਕੋਰਟ ਵਿੱਚ ਹੈ । ਮੈਂ ਜਾਲੰਧਰ ਗਿਆ ਉਥੋਂ ਦੇ ਕਮਿਸ਼ਨਰ ਨੇ ਦਸਿਆ ਕਿ ਇਕ ਤਾਂ ਡਲਿਵਰੀ ਲੈ ਗਿਆ ਹੈ । ਇਹ ਸ਼ਿਕਾਇਤ ਉਹਦੇ ਟ੍ਰੈਕਟਰ ਲਿਜਾਣ ਦੇ ਬਾਅਦ ਆਈ ਸੀ ।

ਸ਼੍ਰੀ ਸਪੀਕਰ : ਲਾਟਰੀ ਇੱਕਠੀ ਨਿਕਲੀ ਸੀ ਜਾਂ ਇਕ ਦੀ ਪਹਿਲਾਂ ਨਿਕਲੀ । (May I know whethert helottery was drawn simultaneously or was it drawn for one person only.)

ਮੁੱਖ ਮੰਤਰੀ : ਲਾਟਰੀ ਨਿਕਲੀ ਤਾਂ ਇਕੱਠੀ ਸੀ ।

Mr. Speaker : Question Hour is over.

WRITTEN ANSWER TO STARRED QUESTION—LAID ON THE TABLE UNDER RULE 45

RECOVERY OF EDUCATION FUND ALLOCATED BY THE CO-OPERATIVE SOCIETIES

*917. **Sardar Mohinder Singh Gill :** Will the Minister for Co-operation and Parliamentary Affairs be pleased to State—

(a) the amount of Education Fund Allocated by the Co-operative Societies so far under the Co-operative Societies Act, 1961.

(b) whether the whole of the said fund has been recovered, if not, the steps being taken for its recovery ?

Chaudhri Kartar Singh : (a) Rs. 2,03,694.00.

(b) No. The Assistant Registrars, Co-operative Societies have been made personally responsible for the recovery of the Fund.

QUESTIONS OF PRIVILEGE

ਸ੍ਰੀ ਸੱਤ ਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਕੱਲ੍ਹ ਡਿਪਟੀ ਸਪੀਕਰ ਸਾਹਿਬ ਚੇਅਰ ਤੇ ਬੈਠੇ ਸਨ । ਦੋ ਤਿੰਨ ਪ੍ਰਿਵਿਲਿਜ ਮੋਸ਼ਨਜ਼ ਕਾਫੀ ਦੇਰ ਤੋਂ ਪੈਂਡਿੰਗ ਆ ਰਹੀਆਂ ਹਨ। ਡਿਪਟੀ ਸਪੀਕਰ ਸਾਹਿਬ ਨੇ ਕੱਲ੍ਹ ਹਾਊਸ ਨੂੰ ਐਸ਼ੋਅਰ ਕੀਤਾ ਸੀ ਕਿ ਉਨ੍ਹਾਂ ਦਾ ਅਜ ਫੈਸਲਾ ਹੋ ਜਾਵੇਗਾ । ਉਨ੍ਹਾਂ ਵਿੱਚੋਂ ਇਕ ਪ੍ਰਿਵਿਲਿਜ਼ ਮੋਸ਼ਨ ਹੈ, ਚੀਫ ਮਨਿਸਟਰ ਸਾਹਿਬ ਦੇ ਖਿਲਾਫ, ਜਿਹੜਾ ਇਨ੍ਹਾਂ ਟਰਾਂਸਪੋਰਟ ਦੀ ਹੜਤਾਲ ਬਾਰੇ ਬਿਆਨ ਦਿਤਾ ਸੀ (ਸ਼ੋਰ) ਤੁਸੀਂ ਮੇਰੇ ਕੋਲੋਂ ਅਖਬਾਰਾਂ ਮੰਗੀਆਂ ਸਨ, ਉਹ ਵੀ ਮੈਂ ਤੁਹਾਨੂੰ ਚੈਂਬਰ ਵਿੱਚ ਦੇ ਆਇਆ ਸੀ। (ਸ਼ੋਰ)

3.00 P.M.

अध्यक्ष महोदय, कुछ मदें ऐसी हैं जिन पर मैं अपना विचार व्यक्त करना चाहता हूँ। यह जो "पंजाब ऑन दी मार्च" है इस के अन्दर कैटल ब्रीडिंग की बात की गई है। इन्होंने कहा है कि 34 के करीब की विलेज ब्लाक्स हैं और दस और भी विलेज ब्लाक्स बनाने की स्कीम है। मुझे समझ नहीं आती कि यह भी विलेज ब्लाक स्कीम को किस कोल्ड स्टोरेज से निकाल कर लाए हैं। क्योंकि विलेज स्कीम फर्स्ट-फाइव ईयर के तहत बनाई गई थीं और फिर सन 1953 में कम्युनिटी डिवैलपमैंट प्रोग्राम के अन्तर्गत हर 10 गांव के पीछे एक की विलेज ब्लाक स्कीम को बनाने का विचार था और आज चौदह साल के बाद पता नहीं कहां से इसको लेकर आ गए हैं। इनके हिसाब के मुताबिक सारे 34 प्लस 10 की विलेज होंगे इसका मतलब यह हुआ कि अगर इनको 10 से मल्टीप्लाई किया जाए तो 440 गांव पंजाब के अन्दर रह जाएंगे। यह जोकि विलेज ब्लाक्स स्कीम थी यह आज तक कांग्रेसी लोग लागू नहीं कर सके। और आज भी इसको लागू करने का पूरा प्रयत्न नहीं किया जा रहा है। फिर इन्होंने कहा है कि काऊज़ और बफेलोबुल्ज़ इन सैंटरों पर रखे जाएंगे और सर्विस का प्रबंध करने का विचार है और बहुत कुछ करने को कहा गया। मैं, अध्यक्ष महोदय, वित्त मंत्री से इस बात का आश्वासन लेना चाहता हूँ कि जितनी मर्ज़ी आप कैटल ब्रीडिंग कर लें, पंजाब को कोई लाभ नहीं होने वाला है जब तक कि गउओं और भैंसों के पंजाब से निकास के ऊपर पाबन्दी नहीं लगाई जाती। आज यह हालत है कि हजारों गाएं और भैंसें जो अच्छी हैं बाहर ले जा कर ज़िबा कर दी जाती हैं। (विघ्न) कोई कानून नहीं है निकास को रोकने का वित्त मंत्री साहिब को अगर मालूम नहीं तो मैं उन्हें बताना चाहता हूँ कि केन्द्र की सरकार ने आपको कहा है कि इसके अन्दर संविधानिक अड़चन है आपको मैं इस के बारे में राए बाद में दे दूंगा कि कैसे केन्द्र की सरकार से निबड़ना है यह नहीं बतायेंगे, मैं बताऊंगा। (विघ्न)

एक बात गौशालाओं के बारे में कही गई है। एक चीज़ समझ में नहीं आती कि कुछ मुबहम सा नज़र आता है कुछ कनफ्यूज़न है। इसमें लिखा है कि—

[श्री ग्र. विश्वनाथन]

Cows and Buffaloe Bulls will be located at these centres for providing natural service. These centres will be established in the interior where the facilities for artificial insemination do not exist.

यानी यह नेचुरल सर्विस को प्रोवाईड करने का सैंटर होगा ग्रौर इसके साथ ही ग्रगली लाईन में लिखा है कि फैसिलिटीज़ फार ग्रार्टीफिश्ल इनसैमीनेशन । यानी एक ही स्थान में दोनों के लिये प्रोवीज़न किया गया है। नैचुरल सर्विस के लिये ग्रौर ग्रार्टीफिश्ल इनसैमीनेशन के लिए। मेरी समझ में तो यह बात ग्राई नहीं ।

दूसरी बात गौशालाग्रों ग्रौर गोसदनों की है यहां पर इन्होंने बताया है कि 46 गौशालाएं हैं ग्रौर 23 ग्रौर बनाई जा रही हैं । ग्रध्यक्ष महोदय, पंजाब के ग्रन्दर गोशालाग्रों ग्रौर गो सदनों की जो हालत है ग्रौर उसका जो संचालन है उसमें हद दर्जे का भ्रष्टाचार है । पिछले दिनों ग्राप ने देखा होगा कि पटियाला के ग्रन्दर 175 गाएं गायब हो गईं ग्रौर वहां के ग्रफसरान ग्रौर इन्स्पैक्टर ग्रौर क्लर्क ग्रापस में मिले हुए हैं ग्रौर इन गाग्रों को खुद बुचड़ों के पास बेच देते हैं । यह बात ग्रखबारों के ग्रन्दर छपी ग्रौर कोई कार्रवाई नहीं की गई । ग्रौर उन्हीं ग्रफसरान को वहां पर फिर से तइनात कर दिया जाता है । लुधियाना के पास फतेवाल का गोसदन है वहां तीन-चार साल हुए हज़ारों गाएं सर्दी की वजह से मर गई थीं ग्रौर उस वक्त इन बैलों के ग्रनुयाइयों का राज था इसलिये मैं कहूँगा कि ग्रगर ग्राप गौशालाग्रों के प्रबंध को ठीक करना चाहते हैं तो सख्त कार्रवाई करने की ज़रूरत है । ग्रौर जिन गऊग्रों ग्रौर भैंसों का निकास किया जाता है उसको रोकने की ज़रूरत है । ग्रौर पाबंदी लगाने की ज़रूरत है ग्रगर ग्राप पाबन्दी नहीं लगायेंगे तो ब्रीड भी ग्रच्छी नहीं हो सकेगी । ग्रौर ग्रगर पाबन्दी लगाएंगे तो ब्रीड भी ग्रच्छी हो जाएगी ग्रौर पंजाब को नई इन्डस्ट्री भी मिल सकेगी ।

यह ठीक है कि यहां पर कुछ मिल्क प्लाँटस लगाये गए हैं लेकिन मिल्क पाऊडर का प्लांट एक भी नहीं । इस प्लांट को यहां पर लगाया जा सकता है ग्रौर दूसरे मुल्कों से जो मिल्क पाऊडर मंगवाना पड़ता है वह यहां पर तैयार हो सकता है ग्रौर इससे न केवल हम सारे हिन्दुस्तान को बल्कि बाहर के देशों को भी मिल्क पाऊडर सप्लाई कर सकते हैं । (विघ्न)

ग्रध्यक्ष महोदय, जो रुपये इन्हों ने सूग्ररों के पालन के लिये रखे हैं उनके बारे में मेरा कहना यह है कि सूग्ररों की बजाए गऊग्रों ग्रौर भैंसों पर वही रुपया खर्च किया जाए तो पंजाब को लाभ ग्रधिक हो सकता है । यह रुपया सूग्ररों की बजाए इन पर लगाना चाहिए । इसके बारे में इन्होंने कहा है कि––

In order to provide marketing facilities to the breeders, a Pork Processing Plant has been set up at Kharar during 1967-68, where pork products like ham etc will be manufactured. I hope the Chief Minister will inaugurate and carry all the Ministers with him there.

दूसरी बात जो मैं कहनी चाहता हूँ वह यह है कि बेट के इलाके में बहुत सी ज़मीन बेकार पड़ी हुई है । वित मंत्री महोदय ग्रौर दूसरे ग्रन्य मंत्रियों से मेरा निवदन है कि बेट के

इलाका की ज़मीन रिक्लेम की जाये और रिक्लेम करके हरिजनों को दी जाए। इसके अलावा वहां पर कैटल ब्रीडिंग फामर्ज़ खोले जायें, शीप रीअरिंग फार्मज़ खोले जायें। पिगरी पोलटरी और दीगर फार्मज़ वगैरा खोलने की इजाज़त दी जाये और इनके लिये पूरी गाईडैंस दी जाए और इमदाद की जाए।

इसके अलावा पंजाब में पोलटरी फार्म के मुताल्लिक भी बहुत शोर किया गया है, मेरा यह कहना है कि आजकल पंजाब में अंडे बहुत ज़्यादा पैदा किये जा रहे हैं मगर अभी तक ना तो यहां अंडों की प्रीज़रवेशन का इंतज़ाम है और न ही कोई कोल्ड स्टोरेज फैसिलिटीज़ हैं। वित्त मंत्री महोदय को शायद इस बात का पता नहीं है कि इन अंडों से इस दुनिया में ऐग—पाउडर भी तैयार होता है, मेरी उनसे यह रिकुएस्ट है कि यहां पर एक ऐग्ज़ प्लांट लगाया जाए और पोलटरी फार्म को फरोग दिया जाए ताकि यहां पर ज़्यादा से ज़्यादा मिकदार में ऐग पाऊडर तैयार हो सके और पंजाब की आमदन बढ़े।

इसके बाद उन्होंने एक बात सीमिंट की भी की है। बीकानेर और गंगानगर के इलाका में जिपसम बहुत ज़्यादा होता है, रेत और पत्थर भी बहुत होता है जोकि सारी दुनिया में जाता है। गंगानगर के साथ ही अबोहर है अगर हम वहां पर कोई सीमिंट फक्टरी लगायें तो निहायत मुफीद है। इसके अलावा यहां 28 मील के अंदर-अंदर जिपसम के इलावा सलीका भी पाया जाता है, जिससे बहुत फायदा उठाया जाता है। आज सारे होशियारपुर में एक भी फैक्टरी नहीं है, सीमेंट के बगैर हमारे सारे काम रुके पड़े हैं, यह काम चाहे म्युनिसिपैल्टियों के हों चाहे पंचायतों के हों या किसी के परसनल हों मगर यह सारे के सारे रुके पड़े हैं। इसलिये सरकार को चाहिए कि होशियारपुर में और रोपड़ के ज़िला में और एक अबोहर तहसील के अंदर सीमेंट प्लांटस लगाए जायें। अगर ऐसा हो जाये तो पंजाब की बहुत सी जरूरियात पूरी हो सकती हैं। इस तरह से हम दूसरे सूबों को भी सीमिंट दे सकते हैं।

यहां पर एक बात लोकल सैल्फ गर्वनमैंट की भी की गई। मैं कहूँगा कि अगर इस सैशन के अंदर हम पंजाब म्युनिसिपल एक्ट को रिवाईज करके पेश नहीं करते तो हमें लोकल सैल्फ गवर्नमैंट के बारे में कुछ भी कहने का अधिकार नहीं है। आज हालत यह है कि नाली बनानी है, इसके लिये म्युनिसिपैलिटीज़ पैसा देती हैं, नाली पब्लिक हैल्थ ने बनानी होती है, मगर जब इनके पास रुपया जमा हो जाता है तो पब्लिक हैल्थ वाले सो जाते हैं। आज अगर कहीं पर सीवेज बनाना है, फ्लश डालना है, म्युनिसिपैल्टीज़ ने पैसा देना है और बनाना पब्लिक हैल्थ ने है। मगर जब इनके पास रुपया आ जाता है तो यह पैसा लेकर सो जाते हैं इनको पब्लिक की डिमांडज़ का कोई ख्याल नहीं होता। इन म्युनिसिपैलिटीज़ के अध्यक्ष महोदय, छे-छे खसम हैं। एक पब्लिक हैल्थ है और दूसरा टाऊन प्लैनिंग है, एक और है जो इम्प्रूवमैंट ट्रस्ट कहलाता है, इसके अलावा पी. डब्ल्यू. डी. का महकमा और इन सब के ऊपर सरदार सरदारा सिंह कोहली है जो इंटरफीयरैंस करते हैं। आज हालत यह है कि म्युनिसिपैलिटीज़ के तमाम काम रुके पड़े हैं। हम कहते हैं कि हैल्थ बढ़नी चाहिए, सैनीटेशन बढ़नी चाहिए, हम कहते हैं कि वाटर-सप्लाई बढ़ना चाहिए, इलैक्ट्रिसिटी और लाईटिंग अरेंजमैंट्स बढ़ना चाहिए। मगर जब तक यह छे डिपार्टमैंट्स जो मैंने बताये हैं इनको दरुस्त नहीं किया जाता उस वक्त तक कोई भी अरेंजमैंट्स नहीं हो सकते।

[श्री अ. विश्वनाथन]

आखिर में मैं एक-दो बातें कुरप्शन के मुताल्लिक कहना चाहता हूँ वह यह कि मैं पूछना चाहता हूँ कि मिड-टर्म ट्रांस्फर्ज जो कि नवम्बर और फरवरी के महीने में हुई हैं, क्यों हुई हैं, जब इनको मालूम है कि मार्च और अप्रैल में ट्रांस्फर्ज होने वाली हैं। ऐसी ट्रांस्फर्ज जो होने वाली हैं, यह कुरप्शन का कारण बनती है। ट्रांस्फर्ज जो की गई हैं यह कुरप्शन को फरोग देने के लिये की गई हैं।

कल हमारे ऊपर ताना मारते हुए कैप्टन रतन सिंह ने एक बात कही थी कि रूस के अंदर मज़दूरों को हड़ताल करने की इजाज़त नहीं है। यह लोग हड़ताल क्यों कराना चाहते हैं। मैं पूछना चाहता हूँ कि सारी दुनिया के प्रतिक्रियावादी शासनों की क्या आप यहां पर नकल करना चाहते हैं? अगर वहां पर हड़ताल की इजाज़त नहीं तो क्या यहां पर वैसा राज्य निर्माण करना चाहते हैं।

कांग्रेस ने इस बजट की बहुत सी बातों का समर्थन किया है मगर अब शायद ना करें (विघ्न) हम तो चाहते हैं कि आप इस सरकार का समर्थन न करें। (हंसी) (विघ्न) कोई चिन्ता की बात नहीं है। (घंटी)

बहुत अच्छा, जनाब, मैं एक ही बात कह कर अपनी स्पीच खत्म करता हूँ। यह जनता पार्टी का बजट है मगर इस पार्टी ने जनता के लिये कोई प्रेम दिखाया नहीं मगर पंजाब में इस बजट को पेश करते हुए कांग्रेस पार्टी का जनता पार्टी ने बड़ी खूबसूरती से जनाज़ा निकाला है। इन मिनिस्टरों में व्यक्तिगत तौर पर, स्यासी तौर पर नहीं, कुछ यहां पर मेरे और भी बहुत से दोस्त बैठे हुए हैं, मैं यह चेतावनी देना चाहता हूँ कि--

कमर बांधे हुए यहां सब यार बैठे हैं,
बहुत आगे गये बाकी जो हैं तैयार बैठे हैं।

(तालियां)

श्री अध्यक्ष : चौधरी बलबीर सिंह, आप अपनी स्पीच 15 मिनटों में खत्म कर दें। (Addressing Chaudhri Balbir Singh : The hon. Member should wind up his speech in fifteen minutes.)

चौधरी बलबीर सिंह : अध्यक्ष महोदय, जिस तरह और पार्टी लीडरों को आपने 45-45 मिन्ट्स दिये हैं, मैं भी कम अज़ कम इतने ही टाईम का हकदार हूँ।

श्री अध्यक्ष : अगर आप बोलना चाहते हैं तो बोलें, नहीं तो I Call upon Miss Sarla Prashar. (In case the hon. Member wants to speak he may do so, otherwise I Call upon Miss Sarla Prashar.)

चौधरी बलबीर सिंह (होश्यारपुर) : अध्यक्ष महोदय, डाक्टर जगजीत सिंह ने जो बजट पेश किया है इसकी तुलना में उन पुतलियों के नचाने वालों से करना चाहता हूँ जिनके मुतआल्लिक अकसर यह कहा जाता है कि, साहिब, अगर आपने दाद देनी है तो दाद इन पुतलियों को न दो बल्कि उन साहिबे कमाल को दो जो पसे परदा बैठे इनकी तारों को हिलाते हैं। (तालियां)

इस बजट में, डाक्टर जगजीत सिंह ने, जोकि जनता पार्टी की वाहीकार दल की नुमायंदगी करते हैं, किसानों को ही आड़े हाथों लिया है। इन्होंने उनका वाटर-रेट बढ़ा दिया है। फिर यह गरीबों की हिमायत करते हैं, मगर गरीबों के बच्चों पर ही जो स्कूलों में पढ़ते हैं इन्होंने फीसें लगा दी हैं। छटी जमात से लेकर आठवीं जमात तक जिनकी फीसें मुआफ थी, इस सरकार ने फिर लगा दी है। आज ही एक सवाल के जवाब में मुख्य मंत्री जी ने फरमाया था कि अमीरों के बच्चे तो प्राईवेट स्कूलों में तालीम पाते हैं, यह गरीबों के बच्चे हैं जो गवर्नमैंट स्कूल्ज में तालीम पाते हैं। क्या अब खजाना मंत्री बतायेंगे कि अगर गरीबों के बच्चे पढ़ते हैं तो वहां पर सरकारी स्कूलों में फीस क्यों लगाई जा रही है। इन स्कूलों में ऐसे कौन से आदमियों के बच्चे हैं जिनकी आमदन हजारों रुपये से ऊपर है। मैं कहता हूँ कि अगर आपने फीस लगानी ही है तो आप उन पर लगा दें जिनकी हजार रुपये से ऊपर आमदन है। मैं पूछता हूँ कि जब हिन्दुस्तान के संविधान में जिस को यह एक आधार मान चुके हैं इस चीज का फैसला हो चुका है कि इस मुल्क में मुफ्त तालीम दी जायेगी तो यह उसी के खिलाफ क्यों जा रहे हैं, यह एक गलत बात है और यह इस विधान की उल्लंघना करना है। इनको फीसें लगा देने का यह हुकम वापस लेना चाहिए।

इन्होंने ला एंड आर्डर के मुताल्लिक भी बहुत सी बातें कही हैं यह सारी ही अजीब सी और उल्टी बातें हैं। पिछले साल आपको याद होगा एक केस में सरदार गुरनाम सिंह, जब वह चीफ मिनिस्टर थे, के नोटिस में लाया था। लेकिन मुझे हैरानी है कि आज तक उस पर कोई ऐक्शन नहीं लिया गया। मैं कहना चाहता हूँ कि अगर नौकरशाही इसी तरह अपने पंजे गड़ाती रही तो आम शहरी को सांस लेना मुश्किल हो जाएगा। तो मैंने साबक चीफ मिनिस्टर को बताया था कि पुलिस कुछ आदमियों को तंग कर रही है। डी. आई. जी. सी. आई. डी.,ने कहा कि इन्क्वायरी हो रही है। लेकिन एक साल हो गया है इन का कोई आदमी मुझ से पूछने नहीं आया क्योंकि शिकायत तो मैंने की थी डिपार्टमैंट ने भी जो रिपोर्ट भेजी थी वह भी कहीं दब गई है। इसी तरह टांडे में भी कुछ मुअज़िज़ शहरियों को पुलिस ने मारपीट की। जी. ए. ने इन्क्वायरी करके रिपोर्ट दी कि पुलिस अफसर मुजरिम है। लेकिन इस पर कोई एक्शन नहीं लिया गया वह वहीं पर दनदना रहा है। बल्कि सफाई गवाहों के खिलाफ मुकदमे चलाए गए। मुझे मेरी काल-अटैनशन मोशन के जवाब में बताया गया कि एक्शन लिया जा रहा है। लेकिन मज़ेदार बात यह है कि जी.ए. की. रिपोर्ट के डेढ़ साल बाद भी अब तक कोई एक्शन नहीं लिया गया।

इसी तरह पटियाले का एक केस था। एक ए. एस. आई. ने एक आदमी से कुछ सामान रिश्वत के लिये मांगा। डी. आई.जी. ने एक डी. एस. पी. को इन्क्वायरी के लिये डिप्यूट किया। डी. एस. पी. की मौजूदगी में उसके घर से सामान निकला और उसे ससपैंड कर दिया गया। लेकिन उसने दरखास्त दे दी है कि उस डी. एस. पी. की उससे अदावत है। और फिर पुलिटीकल प्रैशर से वह केस दबा दिया गया है। मैं इस गवर्नमैंट से कहना चाहता हूँ कि अगर पिछली सरकार ने सरदार हज़ारा सिंह गिल और उनके भाई दीदार सिंह के खिलाफ मुकदमें बनाए हैं तो आपको यह लाईसेंस नहीं मिल गया कि आप भी इसी तरह करें। नहीं तो यह गवर्नमैंट भी नहीं चलेगी। मोगे में क्या हुआ साथी रूपलाल को पकड़ लिया वह

[चौधरी बलबीर सिंह]

एक आल-इंडिया पार्टी के पंजाब ब्रांच के चेयरमैन हैं, उनको पकड़ लिया तो कोई बात नहीं। लेकिन उनको पुलिस ने हवालात में पीटा। वहां लोग जमा थे। यहां मुख्य मंत्री और उनके दूसरे साथी कहते हैं कि ला कानूनी बरदाश्त नहीं होगी। लेकिन उनको अलाहबाद के जस्टिस मुल्ला के वह शब्द याद रखने चाहिएं कि अगर जुर्म करने वाला सब से बड़ा और संगठित कोई दल है तो वह पुलिस है। इन शब्दों के खिलाफ यू.पी. की गवर्नमट ने सुप्रीम कोर्ट में अपील की थी, लेकिन यह माफ नहीं हुए। मैं गिल साहब, इनके साथियों और दोस्तों से कहना चाहता हूँ कि यह तरीका ग़लत है। हम तो पिछले 20 साल से पिसे जा रहे हैं। कोई साल ऐसा नहीं होता जिस साल 4–5 मुकदमें मुझ पर न हों। पिछले साल भी मुझ पर दो मुकदमे चल रहे थे। मैंने युनाइटिड फ्रंट के लीडरों को नहीं बताया था। कोर्ट मुझे बरी कर देती है। लेकिन मैं इनसे कहना चाहता हूँ कि वह इन बेलगाम हो चुके पुलिस अफसरों को लगाम दें ताकि शरीफ शहरी शांति से रह सकें। आज इनकी हकूमत है। कल दूसरी पार्टी की होगी। पिछले 20 सालों से जो एक पार्टी की मेजारेटी चली आ रही थी वह खत्म हो गई है। अगर पुलिस वालों को न रोका गया तो यहां भी वह हालात पैदा हो जायेंगे जो भगत सिंह ने किये थे। जब बरतानवी सरकार ने बहुत ज़ुल्म किया तो भगत सिंह ने असैंबली में बम फैंका था। अब यह दहशत वाली पालिसी नहीं चलेगी। यह ग़लत है।

अब मैं कुछ टैक्सों के बारे में कहूँगा। इन्होंने एक तो तालीम पर टैक्स लगाया है। दूसरे बिजली पर टैक्स लगाया है। वित्त मंत्री ने अपनी बजट स्पीच में कहा कि यह इस लिये लगा रहे हैं कि किसान पानी का नाजायज़ इस्तेमाल करता है। वह डाक्टरी करते हैं। बेशक उनका ताल्लुक जिमीदारों से भी है लेकिन उनको याद नहीं रहा कि कोई किसान अपने खेत में ज़्यादा पानी नहीं आने देता नहीं तो फसल खराब हो जायेगी। उन्होंने बजट स्पीच में कहा था कि ट्यूबवैलों की बिजली पर टैक्स इसलिये लगाया है कि किसान पानी का जायज़ इस्तेमाल करे। मैं इन्हें याद दिलाना चाहता हूँ कि जब पंजाब में 1938 में सर सिकंदर हयात की सरकार थी तो दीवान चमनलाल ने इस बात के लिये आन्दोलन चलाया था कि आब्याना माफ होना चाहिए। किसान को पानी देना गवर्नमैंट का फर्ज है। इस लिये नहरी पानी की कीमत नहीं ली जानी चाहिए पैदावार से जो आमदनी होती है, सरकार इस में हिस्सेदार है। आप देखिए कि

4.00 p.m.

आज छोटे किसान की क्या हालत है। अपनी ज़रूरत को पूरा करने के लिए रुपये मांगने के लिये भी वह बेचारा बड़े आदमी के पास जायेगा। अपनी ज़मीन उसके पास रहन रखेगा। यह टैक्स इसी गरीब किसान के सिर पर है। इन सारे टैक्सों में से कौन सा टैक्स ऐसा है जो गरीब पर न हो।

एक टैक्स इन्होंने लाटरी सिस्टम का निकाला है। कुछ लोग जूआ खेलते हैं। इस लिये सरकार उनको जूआ खेलना सिखलाती है। जैसा कि फिरोज़पुर में कांशी राम सट्टा निकालता है। इसी तरह सरदार लच्छमन सिंह गिल भी चण्डीगढ़ में यह लाटरी निकाला करेंगे।

दूसरे मैं यह अर्ज़ करना चाहता हूँ कि नशेबन्दी पर ग़ौर करने के लिए जस्टिस टेक चंन्द कमेटी बनाई गई। उक्त कमेटी ने फैसला किया कि शराब बन्द होनी चाहिए पर इन्होंने अजीब बात की है कि शराब आम कर दी है। क्योंकि नशेबन्दी मुल्क में कामयाब

नहीं हो सकी । सारी नौकरशाही और जो लोग नशेबन्दी को फेल कराना चाहते थे उन्होंने इसे चोरी से बचने के लिये इसकी इजाज़त कानूनन दे दी । इसी तरह अफीम भी कानूनन बन्द नहीं हुई लोग भी लुके छिपे इस का इस्तेमाल करते हैं तो इस तरह से सरकार नहीं चलेगी । इसलिये मैं समझता हूँ कि महात्मा गांधी के इस देश में, श्री रामकृष्ण के इस देश में, श्री गुरुनानकदेव जी के इस देश में, इस सूबे में शराब को खत्म करने के लिये कोई कदम ज़रूर उठाने पड़ेंगे ।

ਸ੍ਰੀ ਸਪੀਕਰ : ਬਸ ਜੀ । (The hon. Member may now finish his speech.)

ਚੌਧਰੀ ਬਲਬੀਰ ਸਿੰਘ : ਸਿਰਫ਼ ਪੰਜ ਮਿੰਟ, ਵਾਇੰਡ ਅਪ ਤਾਂ ਕਰ ਦਿਆਂ ।

Mr. Speaker : That would do please.

ਮਿਸ ਸਰਲਾ ਪ੍ਰਾਸ਼ਰ (ਨੰਗਲ) : ਅੱਜ ਕਲ ਜੋ ਬਹਿਸ ਸਾਡੇ ਸਾਹਮਣੇ ਚਲ ਰਹੀ ਹੈ ਇਹ ਬਜਟ ਉੱਤੇ ਹੈ। ਇਸ ਦੇ ਹੱਕ ਵਿੱਚ ਕਈਆਂ ਨੇ ਕਿਹਾ ਤੇ ਇਸ ਦੇ ਖਿਲਾਫ ਵੀ ਕਈਆਂ ਨੇ ਕਿਹਾ ਹੈ । ਜੋ ਕੁਝ ਆਮ ਤੌਰ ਤੇ ਸਾਡੇ ਸਾਹਮਣੇ ਆਇਆ ਹੈ ਉਹ ਇਹ ਹੈ ਅਤੇ ਮੈਂ ਇਹ ਸਮਝਦੀ ਹਾਂ ਕਿ ਸਰਕਾਰ ਔਰ ਖਾਸ ਕਰਕੇ ਫਾਈਨੈਂਸ ਮਨਿਸਟਰ ਸਾਹਿਬ ਮੁਬਾਰਕ ਬਾਦ ਦੇ ਮੁਸਤਹਿਕ ਹਨ । ਇਨ੍ਹਾਂ ਨੇ ਐਸੇ ਐਟਮੌਸਫੀਅਰ ਵਿੱਚ ਜਿਹੜਾ ਕਿ ਪਹਿਲੀ ਸਰਕਾਰ ਨੇ ਕ੍ਰੀਏਟ ਕੀਤਾ ਸੀ, ਐਸਾ ਵਾਤਾਵਰਨ ਪੈਦਾ ਕੀਤਾ ਕਿ ਜਨਤਾ ਨੂੰ ਇਸ ਗੱਲ ਦੀ ਆਦਤ ਪੈ ਗਈ ਸੀ ਕਿ ਗੌਰਮਿੰਟ ਤੋਂ ਲੈਣਾ ਹੀ ਹੈ ਤੇ ਗੌਰਮਿੰਟ ਨੂੰ ਦੇਣ ਦਾ ਸਾਡਾ ਕੋਈ ਫਰਜ਼ ਨਹੀਂ । ਮਿਸਾਲ ਦੇ ਤੌਰ ਤੇ ਪੰਜ ਏਕੜ ਮਾਲੀਏ ਦੀ ਗੱਲ ਸੀ । ਕਾਂਗਰਸ ਸਰਕਾਰ ਵੇਲੇ ਹੀ ਇਸ ਦੀ ਬੁਨਿਆਦ ਰਖੀ ਗਈ। ਫੇਰ ਫਰੰਟ ਸਰਕਾਰ ਆਈ ਅਤੇ ਉਸ ਨੇ ਇਹ ਕੰਮ ਕੀਤਾ। ਹੁਣ ਦੀ ਸਰਕਾਰ ਇਸ ਬਾਰੇ ਹੋਰ ਵੀ ਸਹੂਲਤਾਂ ਦੇ ਰਹੀ ਹੈ । ਪਰ ਜਨਤਾ ਨੂੰ ਸੋਚਣਾ ਚਾਹੀਦਾ ਹੈ ਕਿ ਇਥ ਡਿਵੈਲਪਮੈਂਟ ਦਾ ਕੰਮ ਹੋਣਾ ਹੈ, ਜੇ ਟੈਕਸ ਨਾ ਲੱਗੇ, ਸਰਕਾਰ ਕੋਲ ਰੁਪਿਆ ਨਾਂ ਹੋਇਆ ਤਾਂ ਇਹ ਡਿਵੈਲਪਮੈਂਟ ਦੇ ਕੰਮ ਕਿਥੋਂ ਚਲਣਗੇ ।

ਸਾਰੀ ਆਪੋਜ਼ੀਸ਼ਨ ਵੱਲੋਂ ਸਪੀਚਾਂ ਹੋਈਆਂ । ਮੈਂ ਬੜੀ ਹੈਰਾਨ ਹੋਈ ਹਾਂ ਕਿ ਉਨ੍ਹਾਂ ਨੇ ਇਸ ਬਜਟ ਨੂੰ ਕ੍ਰਿਟੀਸਾਈਜ਼ ਕੀਤਾ ਹੈ। ਕੰਟਰੋਵਰਸਲ ਆਈਟਮ ਜਿਹੜਾ ਹੈ ਉਹ ਨਹਿਰੀ ਪਾਣੀ ਦਾ ਮਾਲੀਆ ਤੇ ਟਿਊਬ-ਵੈਲਾਂ ਤੇ ਸਰਚਾਰਜ ਦਾ ਲਗਣਾ ਹੈ। ਕੁਲ ਸਾਡੇ ਪੰਜਾਬ ਵਿੱਚ ਜ਼ਮੀਨ ਜੋ ਹੈ ਉਹ ਪੰਜ ਮਿਲੀਅਨ ਹੈਕਟਰ ਹੈ। ਇਸ ਵਿੱਚੋਂ ਕਲਟੀਵੇਬਲ ਲੈਂਡ 3.89 ਮਿਲੀਅਨ ਹੈਕਟਰ ਇਰੀਗੇਟਿਡ ਬਾਈ ਨਹਿਰੀ 2.26 ਮਿਲੀਅਨ ਹੈਕਟਰ ਤੇ ਬਾਈ ਟਿਊਬ-ਵੈਲਜ਼ .9 ਮਿਲੀਅਨ ਹੈਕਟਰ ਹੈ। ਇਸ ਲਈ ਮਾਲੀਆ ਲਗਾ ਸਿਰਫ ਇਰੀਗੇਟਿਡ ਲੈਂਡ ਤੇ ਜਿਹੜੀ ਪੰਜ ਮਿਲੀਅਨ ਹੈਕਟਰ 'ਚੋਂ ਸਿਰਫ 2.26 ਮਿਲੀਅਨ ਹੈਕਟਰ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਇਹ ਮਾਲੀਆ ਕਿਸ'ਤੇ ਲੱਗਾ ? ਇਹ ਮਾਲੀਆ ਉਸ ਜ਼ਮੀਨ ਤੇ ਲੱਗਾ ਜਿਸ ਦੀ ਜ਼ਮੀਨ ਨੂੰ ਪਾਣੀ ਲੱਗਣ ਪਿੱਛੋਂ ਉਸ ਦੀ ਕਲਟੀਵੇਸ਼ਨ ਵਿਚ ਇਜ਼ਾਫਾ ਹੋਇਆ ਔਰ ਉਸ ਤੋਂ ਫਾਇਦਾ ਉਠਾਇਆ ਗਿਆ। ਹੋਰ ਐਡਵਾਂਸ ਅਮਰੀਕਾ ਜਿਹੇ ਮੁਲਕਾਂ ਵਿਚ ਵੀ ਟੈਕਸਿਜ਼ ਲਗਦੇ ਹਨ । ਪਰ ਸਾਡੇ ਮੁਲਕ ਵਿੱਚ ਰੀਜ਼ਨੇਬਲ ਟੈਕਸ ਤੇ ਵੀ ਇਤਰਾਜ਼ ਉਠਾਇਆ ਜਾਂਦਾ ਹੈ।

ਇਹ ਮਿਸਾਲ ਮੈਂ ਫੇਰ ਦੁਹਰਾਂਦੀ ਹਾਂ। ਤੁਹਾਡੇ ਸਾਹਮਣੇ ਉਹ ਜ਼ਮੀਨਾਂ ਨੇ ਜਿਥੇ ਨਹਿਰੀ ਪਾਣੀ ਲਗਦਾ ਹੈ। ਉਸ ਜ਼ਮੀਨ ਦੀ ਕੀਮਤ ਜੇ ਇਕ ਰੁਪਿਆ ਹੈ ਤੇ ਜਿਸ ਨੂੰ ਟਿਊਬ-ਵਲ ਦਾ ਪਾਣੀ ਲਗਦਾ ਹੈ

[ਮਿਸ ਸਰਲਾ ਪਰਾਸ਼ਰ]

ਉਸ ਦੀ ਕੀਮਤ ਅੱਠ ਆਨੇ ਹੈ । ਸੋ ਜਿਸ ਜ਼ਮੀਨ ਨੂੰ ਪਾਣੀ ਲੱਗੇ ਉਹ ਜ਼ਿਆਦਾ ਕੀਮਤੀ ਬਣੇਗੀ । ਇਸ ਲਈ ਇਹ ਟੈਕਸ ਜ਼ਿਮੀਦਾਰਾਂ ਨੂੰ ਮਹਿਸੂਸ ਨਹੀਂ ਕਰਨਾ ਚਾਹੀਦਾ। ਇਹ ਰੁਪਿਆ ਏਥੇ ਡਿਵੈਲਪਮੈਂਟ ਤੇ ਖਰਚ ਹੋਣਾ ਹੈ। ਨਹਿਰਾਂ ਦੀ ਮੇਨਟੇਨੈਂਸ ਤੇ ਖਰਚ ਹੋਣਾ ਹੈ।

ਜਿੱਥੋਂ ਤਕ ਟਿਊਬ-ਵੈਲ ਦੀ ਬਿਜਲੀ ਦਾ ਤਅੱਲੁਕ ਹੈ ਇਕ ਬੜੀ ਕਨਫਿਊਜ਼ਡ ਜਿਹੀ ਗੱਲ ਸਾਡੇ ਸਾਹਮਣੇ ਰੱਖੀ ਗਈ ਹੈ। ਸਿਰਫ ਉਨ੍ਹਾਂ ਟਿਊਬ-ਵੈਲਜ਼ ਦੀ ਬਿਜਲੀ ਤੇ ਟੈਕਸ ਲਾਇਆ ਜਿਥ ਇਹ ਸਰਕਾਰੀ ਹਨ, ਪ੍ਰਾਈਵੇਟ ਤੇ ਨਹੀਂ ਲੱਗਾ। ਸਰਕਾਰੀ ਜਿਹੜਾ ਟਿਊਬ-ਵੈਲ ਹੈ ਉਸ ਤੇ ਉਨਾਂ ਹੀ ਟੈਕਸ ਦੇਣਾ ਪਏਗਾ ਜਿੰਨਾਂ ਕਿ ਕਿਸਾਨ ਪਾਣੀ ਲੈਂਦਾ ਹੈ । ਅਗਰ ਕਿਸਾਨ ਆਪਣਾ ਟਿਊਬ-ਵੱਲ ਲਗਾਂਦਾ ਹੈ ਤਾਂ ਉਸ ਦੀ ਮੇਨਟੇਨੈਂਸ ਤੇ ਕਿੰਨਾ ਹੀ ਖਰਚ ਕਰਨਾ ਪੈਂਦਾ ਹੈ । ਕਿਸਾਨ ਜਿਸਨੇ ਆਪਣਾ ਕੋਈ ਟਿਊਬ-ਵਲ ਨਹੀਂ ਲਗਾਇਆ, ਸਰਕਾਰ ਦੇ ਟਿਊਬ-ਵੈਲ ਤੋਂ ਪਾਣੀ ਲੈਂਦਾ ਹੈ ਉਸ ਦੀ ਖੁਸ਼ਹਾਲੀ ਹੋਵੇਗੀ ਔਰ ਉਹ 25 ਪੈਸੇ ਪਰ ਯੂਨਿਟ ਦੇ ਹਿਸਾਬ ਨਾਲ ਸਰਕਾਰ ਨੂੰ ਦਿੰਦਾ ਹੈ ਤਾਂ ਕੋਈ ਮਾੜੀ ਗੱਲ ਤਾਂ ਨਹੀਂ ਹੋਈ।

ਇਥੇ ਮਿੱਡ-ਟਰਮ ਇਲੈਕਸ਼ਨ ਬਾਰੇ ਵੀ ਬਹੁਤ ਕੁਝ ਕਿਹਾ ਜਾਂਦਾ ਹੈ । ਮੈਂ ਆਪਣੇ ਆਪੋਜ਼ੀਸ਼ਨ ਦੇ ਵੀਰਾਂ ਨੂੰ ਇਹ ਸਾਫ ਕਹਿੰਦੀ ਹਾਂ ਕਿ ਅਗਰ ਪਬਲਿਕ ਨੂੰ ਸਹੀ ਤਰੀਕੇ ਨਾਲ ਦਸਿਆ ਜਾਵੇ ਤਾਂ ਪਬਲਿਕ ਇਸ ਟੈਕਸ ਤੋਂ ਡਰਦੀ ਨਹੀਂ । ਜੇ ਮਿੱਡ-ਟਰਮ ਇਲੈਕਸ਼ਨ ਆ ਵੀ ਜਾਵੇ ਤਾਂ ਮੇਰਾ ਖ਼ਿਆਲ ਹੈ ਕਿ ਪਬਲਿਕ ਸਾਡੇ ਖਿਲਾਫ ਨਹੀਂ ਹੋਵੇਗੀ। ਅਸੀਂ ਪਬਲਿਕ ਨੂੰ ਸਮਝਾ ਸਕਦੇ ਹਾਂ ਕਿ ਇਹ ਟੈਕਸ ਠੀਕ ਹਨ। ਇਥੇ ਕੋਈ ਮਿੱਡ-ਟਰਮ ਇਲੈਕਸ਼ਨ ਨਹੀਂ ਹੋਣੀ । (ਥੰਪਿੰਗ) ਦੂਸਰੀ ਚੀਜ਼ ਇਹ ਹੈ ਕਿ ਇਨ੍ਹਾਂ ਨੇ ਮਾਰਕਿਟ ਕਮੇਟੀ ਬਾਰੇ ਕਿਹਾ ਹੈ । ਮਾਰਕਿਟ ਕਮੇਟੀ ਦਾ ਜਿਹੜਾ ਮਾਰਕਿਟ ਰੇਟ ਹੈ, ਸਿਰਫ 60 ਪੈਸੇ, ਸੌ ਰੁਪੈ ਪਿੱਛੇ ਵਧੇ ਹਨ, ਪਰ ਸਾਡੀ ਫੂਡ ਪ੍ਰੋਡਕਸ਼ਨ ਕਿੰਨੀ ਵਧੀ ਹੈ। ਅਨਾਜ ਦੀ ਪੈਦਾਵਾਰ 5 ਗੁਣਾਂ ਵਧੀ ਹੈ । ਇਹ ਜਿਹੜੇ 60 ਪੈਸੇ ਵਧੇ ਹਨ ਇਹ ਸੜਕਾਂ ਤੇ ਲਗਣੇ ਹਨ ਤਾਂ ਜੋ ਦਿਹਾਤਾਂ ਵਿੱਚ, ਜਿੱਥੇ ਕੱਚੀਆਂ ਸੜਕਾਂ ਹਨ, ਪੱਕੀਆਂ ਹੋ ਸਕਣ ਅਤੇ ਕਿਸਾਨ ਆਸਾਨੀ ਨਾਲ ਆਪਣੀ ਫਸਲ ਮਾਰਕਿਟ ਵਿੱਚ ਲਿਆ ਸਕਣ । ਜੇ ਅਸੀਂ ਕਹੀਏ ਕਿ ਤੁਹਾਨੂੰ 25 ਪਰਸੈਂਟ ਦੇਣਾ ਪਵੇਗਾ ਉਹ ਫਿਰ ਵੀ ਕਹਿੰਦੇ ਹਨ ਕਿ ਸਾਨੂੰ ਕੋਈ ਇਤਰਾਜ਼ ਨਹੀਂ । ਸਿਰਫ ਰਾਜਨੀਤਕ ਦਿਸ਼ਾ ਨੂੰ ਖਰਾਬ ਕਰਨ ਤੇ ਜਨਤਾ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਔਰ ਗਲਤ ਤਜਵੀਜ਼ਾਂ ਪੇਸ਼ ਕੀਤੀਆਂ ਜਾਂਦੀਆਂ ਹਨ । ਇਹ ਠੀਕ ਹੈ ਕਿ ਇਸ ਸਾਰੇ ਬਜਟ ਵਿੱਚ ਇਕ ਦੋ ਪੁਆਇੰਟ ਅਸੇ ਹਨ, ਮੈਂ ਰਿਕੁਐਸਟ ਕਰਦੀ ਹਾਂ ਕਿ ਸਰਕਾਰ ਇਨ੍ਹਾਂ ਤੇ ਦੁਬਾਰਾ ਗੌਰ ਕਰੇ। ਹਸਪਤਾਲ ਵਿੱਚ ਜੋ 10 ਪੈਸੇ ਅਤੇ 25 ਪੈਸੇ ਦੀਆਂ ਪਰਚੀਆਂ ਲਗਾਈਆਂ ਗਈਆਂ ਹਨ, ਮੈਂ ਕਹਿੰਦੀ ਹਾਂ ਕਿ ਇਸ ਨੂੰ ਵੀ ਕਿਸੇ ਹੋਰ ਤਰੀਕੇ ਨਾਲ ਵਸੂਲਿਆ ਜਾਣਾ ਚਾਹੀਦਾ ਹੈ। ਹੈਲਥ ਵੀ ਬਹੁਤ ਜ਼ਰੂਰੀ ਹੈ । ਆਖਿਰ ਇਹ ਪੂਰੇ ਕਰਨ ਦਾ ਤਰੀਕਾ ਕੀ ਹੋ ਸਕਦਾ ਹੈ ? ਇਹ ਟੈਕਸਿਜ਼ ਹੀ ਹਨ ਸਮਾਲ ਸੇਵਿੰਗਜ਼ ਦੇ ਨਾਲ ਗੌਰਮਿੰਟ ਨੇ ਕਿਹਾ ਹੈ ਕਿ ਲੋਕੀਂ ਆਪਣੇ ਆਪ ਹੀ ਇਕ ਫੰਡ ਬਣਾਉਣ, ਜਿਸ ਫੰਡ ਦੇ ਨਾਲ ਡਿਵੈਲਪਮੈਂਟ ਦਾ ਕੰਮ ਹੋਵੇ । ਟੈਕਸ ਇਕ ਬਹੁਤ ਬੜਾ ਅੰਗ ਹੈ ਜਿਸ ਨਾਲ ਸਰਕਾਰ ਦੀ ਆਮਦਨ ਵਧਦੀ ਹੈ। ਪਰ ਜਿਹੜਾ ਮੈਡੀਕਲ, ਲੋਕਾਂ ਦੀ ਸਿਹਤ ਦਾ ਮਸਲਾ ਵੀ ਬਹੁਤ ਜ਼ਰੂਰੀ ਹੈ, ਖਾਸ ਤੌਰ ਤੇ ਪਿੰਡਾਂ ਦੇ ਏਰੀਏ ਵਿਚ ਜਿੱਥੇ ਕਿ ਆਮ ਹਸਪਤਾਲ ਨਹੀਂ, ਡਾਕਟਰ ਵੀ ਨਹੀਂ। ਉਥੇ ਹੈਲਥ ਯੂਨਿਟ ਦਾ, ਡਿਸਪੈਂਸਰੀ ਦਾ ਹੋਣਾ ਬਹੁਤ ਜ਼ਰੂਰੀ ਹੈ । ਲੇਕਿਨ ਇਹ ਜਿਹੜੀ ਚੀਜ਼ ਹੈ ਗਰੀਬ ਤੇ ਇਸ ਦਾ ਬਹੁਤ ਭਾਰ ਪਵੇਗਾ । ਮੈਂ ਕਹਾਂਗੀ ਕਿ ਇਸ ਤੇ ਦੁਬਾਰਾ ਗ਼ੌਰ ਕੀਤਾ ਜਾਵੇ । ਇਸ ਨੂੰ ਇਸ ਤਰੀਕੇ ਨਾਲ ਮੁਆਫ ਕੀਤਾ ਜਾਵੇ ਕਿ ਆਮਦਨ ਵੀ ਹੋਵੇ ਔਰ ਗਰੀਬ ਤੇ ਭਾਰ ਵੀ ਨਾ ਪਵੇ ।

ਇਸੇ ਤਰ੍ਹਾਂ ਐਜੂਕੇਸ਼ਨ ਦਾ ਮਸਲਾ ਹੈ । ਸਿਰਫ ਉਨ੍ਹਾਂ ਲੋਕਾਂ ਦੇ ਬੱਚਿਆਂ ਤੇ ਫ਼ੀਸ ਲਾਈ ਗਈ ਹੈ ਜਿਨ੍ਹਾਂ ਕੋਲ ਪੈਸੇ ਹਨ । ਜਿਹੜੇ ਬੈਕਵਰਡ ਤੇ ਸ਼ੈਡੂਲਡ ਕਾਸਟ ਹਨ ਉਨ੍ਹਾਂ ਤੇ ਫੀਸ ਨਹੀਂ ਲਾਈ ਗਈ । ਸਾਡੇ ਸੂਬੇ ਵਿੱਚ ਕਾਫੀ ਸਾਰੇ ਪ੍ਰਾਈਵੇਟ ਸਕੂਲ ਹਨ ਇਨ੍ਹਾਂ ਵਿਚ ਬਹੁਤ ਬੱਚੇ ਪੜ੍ਹਦੇ ਹਨ ਅਤੇ ਬਹੁਤ ਸਾਰੇ ਅਜਿਹੇ ਹਨ ਜੋ ਫੀਸ ਦੇ ਰਹੇ ਹਨ । ਗੌਰਮਿੰਟ ਸਕੂਲਾਂ ਵਿੱਚ 20 ਪਰਸੈਂਟ ਅਜਿਹੇ ਬੱਚੇ ਹੋਣਗੇ ਜੋ ਫੀਸਾਂ ਦੇ ਰਹੇ ਹਨ । ਇਸ ਲਈ ਇਹ ਕੋਈ ਐਸੀ ਚੀਜ਼ ਨਹੀਂ ।

ਮੈਂ ਇਕ ਗੱਲ ਇੰਡਸਟਰੀ ਬਾਰੇ ਕਹਿੰਦੀ ਹਾਂ । ਇਸ ਬਜਟ ਵਿੱਚ ਕਿਹਾ ਗਿਆ ਹੈ ਕਿ ਐਤਕੀਂ ਸਾਡੇ ਪੰਜਾਬ ਵਿੱਚ ਪ੍ਰਾਈਵੇਟ ਸੈਕਟਰ ਵਿੱਚ ਵੱਡੀਆਂ ਵੱਡੀਆਂ ਫੈਕਟਰੀਆਂ ਖੋਲ੍ਹੀਆਂ ਜਾਣਗੀਆਂ, ਜਿਸ ਤਰ੍ਹਾਂ ਫਰਟੇਲਾਈਜ਼ਰ ਹੈ, ਟਰੈਕਟਰ ਦੀ ਫੈਕਟਰੀ ਹੈ ਆਦਿ। ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਅਰਜ਼ ਕਰਦੀ ਹਾਂ ਕਿ ਅਸੀਂ ਸੋਸ਼ਲਿਸਟਿਕ ਸਮਾਜ ਬਣਾਉਣ ਵਲ ਤੁਰੇ ਹੋਏ ਹਾਂ, ਜਿੰਨਾਂ ਜ਼ਿਆਦਾ ਅਸੀਂ ਜਨਤਾ ਨੂੰ ਇਸ ਸਿਸਟਮ ਵਿਚ, ਰਾਜਨੀਤਕ ਸਿਸਟਮ ਵਿਚ ਸਾਂਝੀਵਾਲ ਬਣਾਵਾਂਗੇ ਉਨਾਂਹੀ ਜ਼ਿਆਦਾ ਅਸੀਂ ਦੇਸ਼ ਵਲ ਸਹੀ ਮਾਹਨਿਆਂ ਵਿੱਚ ਵਧਾਂਗੇ । ਅੱਜ ਅੰਮ੍ਰਿਤਸਰ, ਬਟਾਲਾ, ਫਿਰੋਜ਼ਪੁਰ ਔਰ ਖਾਸ ਤੌਰ ਤੇ ਲੁਧਿਆਣਾ ਵਿਚ ਜੋ ਇੰਡਸਟਰੀਆਂ ਹਨ, ਇਹ ਸਾਰੀਆਂ ਇਡਸਟਰੀਆਂ ਪ੍ਰਾਈਵੇਟ ਸੈਕਟਰ ਵਿਚ ਹਨ, ਪਬਲਿਕ ਸੈਕਟਰ ਵਿੱਚ ਕੋਈ ਇੰਡਸਟਰੀ ਨਹੀਂ । ਇਹ ਪਬਲਿਕ ਸੈਕਟਰ ਵਿੱਚ ਵੀ ਹੋਣੀਆਂ ਚਾਹੀਦੀਆਂ ਹਨ । ਇਸ ਕਰਕੇ ਮੈਂ ਆਪਣੇ ਇਲਾਕੇ ਦੀ ਇਕ ਗੱਲ ਪੇਸ਼ ਕਰਦੀ ਹਾਂ । ਮੇਰਾ ਨੰਗਲ ਦਾ ਇਲਾਕਾ ਹੈ, ਜਿੱਥੇ ਭਾਖੜਾ ਡੈਮ ਬਣਿਆ ਹੋਇਆ ਹੈ । ਉਸ ਇਲਾਕੇ ਦੇ ਲੋਕਾਂ ਨੇ ਬੜੀ ਕੁਰਬਾਨੀ ਕੀਤੀ ਹੈ । ਉਨ੍ਹਾਂ ਨੇ ਆਪਣੀ ਸਾਰੀ ਉਪਜਾਊ ਜ਼ਮੀਨ ਇਸ ਡੈਮ ਵਾਸਤੇ ਦੇ ਦਿੱਤੀ । ਇਸ ਦੇ ਬਦਲੇ ਵਿੱਚ ਉਨ੍ਹਾਂ ਨੂੰ ਪੈਸੇ ਮਿਲ ਗਏ । ਲੇਕਿਨ ਪੈਸੇ ਤਾਂ ਹੁਣ ਉਨ੍ਹਾਂ ਪਾਸੋਂ ਮੁਕ ਗਏ ਹਨ । ਜੇ ਉਨ੍ਹਾਂ ਕੋਲ ਵੀ ਅੱਜ ਜ਼ਮੀਨ ਹੁੰਦੀ ਤਾਂ ਉਹ ਵੀ ਖੁਸ਼ਹਾਲ ਹੁੰਦੇ । ਲੇਕਿਨ ਉਨ੍ਹਾਂ ਨੇ ਇਸ ਖ਼ਿਆਲ ਨਾਲ ਜ਼ਮੀਨ ਦਿਤੀ ਸੀ ਕਿ ਨੰਗਲ ਡੈਮ ਬਣ ਜਾਣ ਨਾਲ ਅਸੀਂ ਖੁਸ਼ਹਾਲ ਹੋ ਜਾਵਾਂਗੇ, ਲੇਕਿਨ ਉਨ੍ਹਾਂ ਦਾ ਸੁਪਨਾ ਪੂਰਾ ਨਹੀਂ ਹੋਇਆ । ਹੁਣ ਹਾਲਾਤ ਇਹ ਹਨ ਕਿ ਉਥੇ ਰੀਟਰੈਂਚਮੈਂਟ ਸ਼ੁਰੂ ਹੈ। ਜਿੱਥੇ ਕਿ ਤੀਹ-ਪੈਂਤੀ ਹਜ਼ਾਰ ਵਰਕਰ ਕੰਮ ਕਰਨ ਵਾਲੇ ਸੀ, ਕਿਉਂਕਿ ਭਾਖੜੇ ਦਾ ਕੰਮ ਤਾਂ ਖਤਮ ਹੋ ਚੁੱਕਾ ਹੈ, ਇਸ ਕਰਕੇ ਉਥੇ ਰੀਟਰੈਂਚਮੈਂਟ ਸ਼ੁਰੂ ਹੈ । ਅਜ ਸਿਰਫ 17 ਹਜ਼ਾਰ ਦੇ ਕਰੀਬ ਰਹਿ ਗਏ ਹਨ, ਅੱਧੀ ਨਾਲੋਂ ਜ਼ਿਆਦਾ ਪਬਲਿਕ ਖਤਮ ਹੋ ਗਈ ਹੈ । ਮੈਂ ਰਿਕੁਐਸਟ ਕਰਦੀ ਹਾਂ ਅਤੇ ਜ਼ੋਰ ਨਾਲ ਮੰਗ ਕਰਦੀ ਹਾਂ ਕਿ ਇਹ ਫੈਕਟਰੀਆਂ ਅਗੇ ਸਾਡੇ ਸੂਬੇ ਵਿੱਚ ਪ੍ਰਾਈਵੇਟ ਸੈਕਟਰ ਵਿੱਚ ਚਲ ਰਹੀਆਂ ਹਨ, ਜਿਸ ਤਰ੍ਹਾਂ ਟਰੈਕਟਰ ਫੈਕਟਰੀ ਹੈ, ਭਾਖੜਾ-ਨੰਗਲ ਡੈਮ ਤੇ ਵਰਕਸ਼ਾਪ ਹੈ, ਸਾਰੀ ਵਿਹਲੀ ਪਈ ਹੈ । ਉਥੇ ਮਸ਼ੀਨਰੀ ਹੈ, ਬਿਲਡਿੰਗ ਹੈ, ਲੇਬਰ ਹੈ, ਸਭ ਕੁਝ ਹੈ । ਇਸ ਲਈ ਉਸ ਇਲਾਕੇ ਦੇ ਲੋਕਾਂ ਲਈ ਸਾਡਾ ਫਰਜ਼ ਹੈ ਕਿ ਜਿਨ੍ਹਾਂ ਦੀ ਜ਼ਮੀਨ ਤੇ ਡੈਮ ਬਣਿਆ ਹੈ ਅਸੀਂ ਉਨ੍ਹਾਂ ਦੀ ਕੋਈ ਮਦਦ ਕਰੀਏ (ਘੰਟੀ) । ਮੈਂ ਇਨ੍ਹਾਂ ਲਫਜ਼ਾਂ ਦੇ ਨਾਲ ਇਸ ਬਜਟ ਦੀ ਪੂਰੀ ਤਾਰੀਫ਼ ਕਰਦੀ ਹਾਂ ਅਤੇ ਮੈਂ ਰਿਕੁਐਸਟ ਕਰਦੀ ਹਾਂ ਕਿ ਇਸ ਵਿੱਚ ਜੋ ਥੋੜ੍ਹੀ ਬਹੁਤ ਕਮੀ ਹੈ ਉਸ ਨੂੰ ਪੂਰਾ ਕੀਤਾ ਜਾਵੇ । ਮੈਂ ਅਰਜ਼ ਕਰਦੀ ਹਾਂ ਕਿ ਟੈਕਸਾਂ ਰਾਹੀਂ ਚਾਹੇ ਕਿੰਨਾ ਪੈਸਾ ਇਕੱਠਾ ਕਰ ਲਈਏ, ਪਰ ਸਾਨੂੰ ਉਸਦੇ ਜ਼ਰੀਏ ਜਿਹੜੇ ਕੰਮ ਚਲਦੇ ਹਨ, ਉਨ੍ਹਾਂ ਨੂੰ ਵਿਜੀਲੈਂਟਲੀ ਕੰਟਰੋਲ ਕਰਨਾ ਚਾਹੀਦਾ ਹੈ । ਸਕੀਮਾਂ ਕਿੰਨੀਆਂ ਚਲਦੀਆਂ ਹਨ ਲੇਕਿਨ ਜਿਹੜੇ ਲੂਪਹੋਲਜ਼ ਹਨ, ਉਨ੍ਹਾਂ ਤੋਂ ਬਾਖਬਰ ਰਹਿ ਕੇ ਇਹ ਜਿਹੜਾ ਆਮਦਨ ਦਾ ਜ਼ਰੀਆ ਹੈ, ਉਸ ਨੂੰ ਕੰਟਰੋਲ ਕਰਕੇ ਡਿਵੈਲਪਮੈਂਟ ਦੇ ਕੰਮ ਨੂੰ ਪੂਰਾ ਕੀਤਾ ਜਾਵੇ (ਘੰਟੀ) ।

ਸਰਦਾਰ ਗੁਰਚਰਨ ਸਿੰਘ ਗਾਲਿਬ (ਜਗਰਾਉਂ) : ਸਪੀਕਰ ਸਾਹਿਬ, 1968–69 ਦਾ ਬਜਟ ਪੇਸ਼ ਕਰਕੇ ਜਨਤਾ ਪਾਰਟੀ ਦੀ ਸਰਕਾਰ ਨੇ ਬਿਲਕੁਲ ਉਹੀ ਗੱਲ ਸਾਬਤ ਕਰ ਦਿੱਤੀ ਹੈ ਜਿਸ ਤਰ੍ਹਾਂ

[ਸਰਦਾਰ ਗੁਰਚਰਨ ਸਿੰਘ ਗਾਲਿਬ]
ਦੀ ਇਹ ਅਨਕੰਸਟੀਚਿਊਸ਼ਨਲ ਗੌਰਮਿੰਟ ਸੀ। ਉਸੇ ਤਰ੍ਹਾਂ ਦਾ ਘਟੀਆ ਬਜਟ ਪੇਸ਼ ਕੀਤਾ ਗਿਆ ਹੈ। (ਵਿਘਨ)

ਸ੍ਰੀ ਬਿਸ਼ੰਬਰ ਨਾਥ ਮੱਕੜ (ਉਦਯੋਗ ਮੰਤਰੀ): ਅਨਕੰਸਟੀਚਿਊਸ਼ਨਲ ਦਾ ਕੀ ਮਤਲਬ ਹੈ?

ਸਰਦਾਰ ਗੁਰਚਰਨ ਸਿੰਘ ਗਾਲਿਬ: ਮੈਂ ਸਮਝਾ ਦਿਆਂਗਾ। I do not give way. ਸਪੀਕਰ ਸਾਹਿਬ, ਕੋਈ 6 ਕਰੋੜ 66 ਲਖ ਦੇ ਨਵੇਂ ਟੈਕਸ ਜਨਤਾ ਤੇ ਲਾਏ ਗਏ ਹਨ। ਉਸ ਦੇ ਵਿੱਚੋਂ ਜ਼ਿਆਦਾ ਤਰ ਮੈਂ ਸਮਝਦਾ ਹਾਂ ਕਿ ਤਕਰੀਬਨ 80 ਪਰਸੈਂਟ ਦਿਹਾਤੀ ਗਰੀਬ ਜਨਤਾ ਤੇ ਹੀ ਲੱਗੇ ਹਨ। ਲੈਂਡ ਰੈਵਿਨਿਊ ਵਧਾਇਆ ਹੈ 50 ਪਰਸੈਂਟ ਪਾਣੀ ਦਾ ਆਬਿਆਨਾ ਵਧਾਇਆ ਹੈ, 50 ਪਰਸੈਂਟ ਮਾਰਕਿਟ ਫੀਸ, 40 ਪੈਸੇ ਹੁੰਦੀ ਸੀ ਉਹ ਇਨ੍ਹਾਂ ਨੇ ਵਧਾ ਕੇ 60 ਪੈਸੇ ਨਹੀਂ ਬਲਕਿ ਇਕ ਰੁਪਿਆ ਕਰ ਦਿੱਤੀ ਹੈ।

ਇਸ ਤੋਂ ਅੱਗੇ ਮੈਂ ਪੈਸੰਜਰ ਟੈਕਸ ਨੂੰ ਲੈਂਦਾ ਹਾਂ। ਇਹ ਵੀ ਵਧਾ ਦਿੱਤਾ ਹੈ। ਸਪੀਕਰ ਸਾਹਿਬ, ਸਾਡੇ ਮੁਲਕ ਦੀ 85 ਪਰਸੈਂਟ ਜਨਤਾ ਪਿੰਡਾਂ ਵਿਚ ਰਹਿੰਦੀ ਹੈ ਔਰ ਕੁਦਰਤੀ ਤੌਰ ਤੇ ਇਹ ਟੈਕਸ ਉਸ 85 ਪਰਸੈਂਟ ਜਨਤਾ ਉੱਤੇ ਲਗਣਾ ਹੈ। ਇਥੇ ਹੀ ਬਸ ਨਹੀਂ। ਗਰੀਬ ਕਿਸਾਨਾਂ ਦੇ ਬੱਚੇ ਸਕੂਲਾਂ ਵਿੱਚ ਪੜ੍ਹਦੇ ਹਨ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਾਂਗਰਸ ਗੌਰਮਿਟ ਨੇ ਇਕ ਬੜਾ ਨੇਕ ਕੰਮ ਕੀਤਾ ਸੀ—ਜਿਹੜੇ ਚੰਗੇ ਕਮ ਹਨ ਅਸੀਂ ਉਨ੍ਹਾਂ ਦੀ ਪ੍ਰਸ਼ੰਸਾ ਕਰਦੇ ਹਾਂ ਕਿ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਪੂਰਾ ਜ਼ੋਰ ਲਗਾ ਕੇ ਇਹ ਫੈਸਲਾ ਕੀਤਾ ਸੀ ਕਿ ਜਿਹੜੇ ਗਰੀਬ ਕਿਸਾਨ ਸਰਕਾਰ ਨੂੰ ਟੈਕਸ ਦਿੰਦੇ ਹਨ ਉਨ੍ਹਾਂ ਦੇ ਬੱਚੇ ਮੁਫ਼ਤ ਤਾਲੀਮ ਹਾਸਲ ਕਰਨ ਦੇ ਪੂਰੇ ਹੱਕਦਾਰ ਹਨ। ਲੇਕਿਨ ਕਿੰਨੇ ਅਫਸੋਸ ਦੀ ਗੱਲ ਹੈ ਕਿ ਉਸੇ ਕਾਂਗਰਸ ਸਪਰਟਿਡ ਗੌਰਮੈਂਟ ਨੇ ਉਸ ਫ਼ੈਸਲੇ ਉੱਤੇ ਮਿੱਟੀ ਪਾ ਦਿੱਤੀ ਹੈ। ਇਤਨੀ ਹੀ ਨਹੀਂ। ਹਸਪਤਾਲਾਂ ਵਿਚ ਵੀ ਇਨ੍ਹਾਂ ਨੇ ਦਸ ਪੈਸੇ ਔਰ 25 ਪੈਸੇ ਦੀ ਫੀਸ ਲਾਗੂ ਕਰਨ ਦਾ ਫ਼ੈਸਲਾ ਕੀਤਾ ਹੈ ਕਿ ਗਰੀਬ ਲੋਕਾਂ ਨੂੰ ਪਰਚੀ ਕਟਾਉਣ ਵਕਤ ਇਹ ਫੀਸ ਦੇਣੀ ਪਵੇਗੀ। ਸਪੀਕਰ ਸਾਹਿਬ, ਅੱਜ ਹਸਪਤਾਲਾਂ ਵਿੱਚ ਉਨ੍ਹਾਂ ਨੂੰ ਮਿਲਦਾ ਕੀ ਹੈ? ਸਿਰ ਦੁਖਣ ਲਗ ਪਵੇ ਜਾਂ ਪੇਟ ਦਰਦ ਹੋਵੇ ਤਾਂ ਦੋ ਚਾਰ ਆਨੇ ਦੀ ਦਵਾਈ ਉਨ੍ਹਾਂ ਨੂੰ ਮਿਲਣੀ ਹੁੰਦੀ ਹੈ, ਲੇਕਿਨ ਉਨ੍ਹਾਂ ਤੋਂ ਵੀ ਦੋ-ਦੋ ਚਾਰ-ਚਾਰ ਆਨੇ ਵਸੂਲ ਕਰਨੇ ਸ਼ੁਰੂ ਕਰ ਦਿੱਤੇ ਹਨ। ਇਹ ਗਰੀਬ ਜਨਤਾ ਦੇ ਨਾਲ ਇਕ ਬੜਾ ਭਾਰੀ ਧੱਕਾ ਹੈ।

ਸਪੀਕਰ ਸਾਹਿਬ, ਜਿਹੜਾ ਬਜਟ ਗੌਰਮੈਂਟ ਨੇ ਪੇਸ਼ ਕੀਤਾ, ਜਿਸ ਦਿਨ ਇਥੇ ਸਪੀਚ ਨੂੰ ਪੜ੍ਹਿਆ ਗਿਆ ਉਸ ਤੋਂ ਫ਼ੌਰਨ ਬਾਅਦ ਕਾਂਗਰਸ ਦੇ ਹੀ ਕੁਝ ਮੁਦੱਬਰ ਲੀਡਰ—ਬਾਬੂ ਬਰਿਸ਼ ਭਾਨ ਜੀ, ਕੈਪਟਨ ਰਤਨ ਸਿੰਘ ਜੀ ਔਰ ਸਰਦਾਰ ਦਰਬਾਰਾ ਸਿੰਘ ਜੀ ਨੇ ਇਸ ਦੀ ਨਿੰਦਾ ਕੀਤੀ।

(ਇਸ ਸਮੇਂ ਸ੍ਰੀ ਲਾਲ ਚੰਦ ਸੱਬਰਵਾਲ, ਪੈਨਲ ਆਫ਼ ਚੇਅਰਮੈਨ ਦੇ ਇਕ ਮੈਂਬਰ, ਨੇ ਕੁਰਸੀ ਸੰਭਾਲੀ)

ਉਨ੍ਹਾਂ ਨੇ, ਚੇਅਰਮੈਨ ਸਾਹਿਬ, ਇਸ ਬਜਟ ਦੀ ਨਖੇਧੀ ਕੀਤੀ ਕਿ ਇਹ ਪਾਸ ਨਹੀਂ ਹੋਣਾ ਚਾਹੀਦਾ। ਚੇਅਰਮੈਨ ਸਾਹਿਬ, ਫਰੰਟ ਦੀ ਵਜ਼ਾਰਤ ਨੇ ਗਰੀਬ ਕਿਸਾਨਾਂ ਦੀ ਮਾਲੀ ਹਾਲਤ ਕਮਜ਼ੋਰ ਵੇਖ ਕੇ ਪੰਜ ਏਕੜ ਦਾ ਮਾਮਲਾ ਮੁਆਫ਼ ਕਰਨ ਦਾ ਐਲਾਨ ਕੀਤਾ ਤਾਂ ਉਸ ਸਮੇਂ ਪੰਜਾਬ ਕਾਂਗਰਸ ਦੇ ਜਨਰਲ ਸੈਕਟਰੀ ਨੇ ਕਿਹਾ ਸੀ ਕਿ ਇਹ ਪੰਜ ਏਕੜ ਦੀ ਥਾਂ ਦਸ ਏਕੜ ਹੋਣਾ ਚਾਹੀਦਾ ਹੈ। ਲੇਕਿਨ ਬੜੇ ਤਾਅੱਜੁਬ ਦੀ ਗੱਲ ਹੈ ਕਿ ਅੱਜ ਸਾਢੇ ਪੰਜ, ਛੇ, ਸਾਢੇ ਛੇ, ਸਤ, ਅਠ, ਨੌਂ ਔਰ ਦਸ ਏਕੜ

ਆਦਿ ਵਾਲਿਆਂ ਦਾ ਮਾਮਲਾ ਔਰ ਆਬਿਆਨਾ ਡਿਉੜਾ ਕਰ ਦਿਤਾ ਗਿਆ ਹੈ ਪਤਾ ਨਹੀਂ ਉਹ ਕਿਥੇ ਚਲੇ ਗਏ ਹਨ। ਇਸ ਲਈ ਮੈਂ ਕਹਾਂਗਾ ਕਿ ਇਸ ਤੋਂ ਵੱਡਾ ਕਿਸਾਨ ਵਿਰੋਧੀ ਔਰ ਕਿਸਾਨ ਦੁਸ਼ਮਨ ਬਜਟ ਕੋਈ ਹੋ ਨਹੀਂ ਸਕਦਾ ਔਰ ਇਸ ਦੀ ਜਿਤਨੀ ਨਖੇਧੀ ਕੀਤੀ ਜਾਵੇ ਥੋੜ੍ਹੀ ਹੈ । ਠੀਕ ਹੈ ਕਿ ਕਾਂਗਰਸ ਇਕ ਤਕੜੀ ਜਮਾਤ ਹੈ ਔਰ ਉਸ ਦੀ ਤਾਕਤ ਦੇ ਨਾਲ ਅੱਜ ਦੇ ਚੀਫ਼ ਮਨਿਸਟਰ ਨੇ ਗੌਰਮੈਂਟ ਸੰਭਾਲੀ ਹੈ । ਮੈਂ ਚੀਫ ਮਨਿਸਟਰ ਨੂੰ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਉਹ ਇਕ ਬੜੇ ਦੇਸ਼ ਭਗਤਾਂ ਦੇ ਪਿੰਡ ਦਾ ਰਹਿਣ ਵਾਲਾ ਹੈ । ਉਸ ਪਿੰਡ ਦੇ ਪਿੱਛੇ ਇਕ ਹਿਸਟਰੀ ਹੈ । ਦੇਸ਼ ਦਾ ਵੱਡਾ ਦੇਸ਼ ਭਗਤ ਬਾਬਾ ਰੂੜ ਸਿੰਘ ਉਸੇ ਪਿੰਡ ਦਾ—ਪਿੰਡ ਚੂਹੜਚਕ ਦਾ ਰਹਿਣ ਵਾਲਾ ਸੀ । ਕਿਤਨੇ ਅਫ਼ਸੋਸ ਦੀ ਗੱਲ ਹੈ ਕਿ ਉਸੇ ਪਿੰਡ ਦਾ ਚੀਫ਼ ਮਨਿਸਟਰ ਗਰੀਬ ਲੋਕਾਂ ਤੇ, ਉਨ੍ਹਾਂ ਲੋਕਾਂ ਤੇ ਟੈਕਸ ਲਗਾਉਂਦਾ ਹੈ ਜਿਨ੍ਹਾਂ ਦੀਆਂ ਹੋਲਡਿੰਗਜ਼ ਬੜੀਆਂ ਅਨਇਕਨਾਮਿਕ ਹਨ—ਉਨ੍ਹਾਂ ਦਾ ਮਾਮਲਾ ਔਰ ਆਬਿਆਨਾ ਵਧਾਉਂਦਾ ਹੈ ਉਨ੍ਹਾਂ ਦੀ ਮਾਰਕਿਟ ਫ਼ੀਸ ਵਧਾਉਂਦਾ ਹੈ । ਚੇਅਰਮੈਨ ਸਾਹਿਬ, ਉਸ ਪਿੰਡ ਨੇ ਸਾਰੇ ਪੰਜਾਬੀਆਂ ਦੇ ਸਾਹਮਣੇ ਇਕ ਮਿਸਾਲ ਕਾਇਮ ਕੀਤੀ ਸੀ ਆਜ਼ਾਦੀ ਦੀ ਲਹਿਰ ਵਿਚ । ਉਨ੍ਹਾਂ ਨੇ ਅੰਗਰੇਜ਼ ਨੂੰ ਟੈਕਸ ਦੇਣ ਤੋਂ ਇਨਕਾਰ ਕਰ ਦਿੱਤਾ ਸੀ । ਸਾਰੇ ਪਿੰਡ ਦਾ ਮਾਲ ਨੀਲਾਮ ਹੋ ਗਿਆ ਮਗਰ ਉਹ ਅੰਗਰੇਜ਼ਾਂ ਅੱਗੇ ਝੁਕੇ ਨਹੀਂ ਲੇਕਿਨ ਉਸੇ ਪਿੰਡ ਦੇ ਨਾਉਂ ਨੂੰ ਅੱਜ ਇਸ ਚੀਫ਼ ਮਨਿਸਟਰ ਨੇ ਕਲੰਕ ਲਗਾ ਦਿੱਤਾ ਜੋ ਆਬਿਆਨਾ ਔਰ ਮਾਮਲਾ ਡਿਉਢਾ ਕਰ ਦਿਤਾ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਕਾਂਗਰਸ ਦੇ ਲੀਡਰਾਂ ਨੇ ਇਸ ਬਜਟ ਦੀ ਨਖੇਧੀ ਕੀਤੀ ਹੈ ਇਹ ਕਿਸੇ ਸੂਰਤ ਵਿੱਚ ਪਾਸ ਨਹੀਂ ਹੋਣਾ ਚਾਹੀਦਾ ।

ਇਹ ਸਰਕਾਰ, ਜਿਹੜੀ ਸਾਡੇ ਕੋਲੋਂ ਬਜਟ ਪਾਸ ਕਰਵਾਉਣਾ ਚਾਹੁੰਦੀ ਹੈ, ਲੋਕਾਂ ਨਾਲ ਕੀ ਕੀ ਕਰਤੂਤਾਂ ਕਰਦੀ ਹੈ ਉਸ ਬਾਰੇ ਜ਼ਿਆਦਾ ਟਾਈਮ ਨਾ ਲੈਂਦਾ ਹੋਇਆ ਮੈਂ ਸਿਰਫ਼ ਇਕ ਦੋ ਗਲਾਂ ਦਸਣੀਆਂ ਚਾਹੁੰਦਾ ਹਾਂ । ਕਾਂਗਰਸ ਗੌਰਮਿੰਟ ਨੇ ਫੈਸਲਾ ਕੀਤਾ ਸੀ ਕਿ ਮੁਲਕ ਵਿਚ ਸੋਸ਼ਲਿਜ਼ਮ ਲਿਆਂਦਾ ਜਾਵੇ । ਸਾਡੇ ਚੀਫ਼ ਮਨਿਸਟਰ ਨੇ ਵੀ ਇਕ ਸਵਾਲ ਦੇ ਜਵਾਬ ਵਿਚ ਕਿਹਾ ਸੀ ਕਿ ਸੋਸ਼ਲਿਜ਼ਮ ਲਿਆਉਣਾ ਹੈ । ਟਰਾਂਸਪੋਰਟ ਦੀ ਜਿਹੜੀ ਨੈਸ਼ਨੇਲਾਈਜ਼ੇਸ਼ਨ ਕੀਤੀ ਗਈ ਉਹ ਇਸ ਲਈ ਕਿ ਲੋਕਾਂ ਕੋਲ ਬਹੁਤ ਜ਼ਿਆਦਾ ਧਨ ਨਾ ਹੋ ਜਾਵੇ ਗੌਰਮਿੰਟ ਦੀ ਆਮਦਨ ਵਧੇ ਔਰ ਲੋਕਾਂ ਦੀ ਘਟੇ। ਚੇਅਰਮੈਨ ਸਾਹਿਬ, ਇਹ ਗੱਲਾਂ ਤਾਂ ਇਸ ਤਰ੍ਹਾਂ ਦੀਆਂ ਕਰਦੇ ਹਨ, ਲੇਕਿਨ ਦੂਸਰੇ ਪਾਸੇ ਇਨ੍ਹਾਂ ਨੂੰ ਸਪੋਰਟ ਕਰਨ ਵਾਲੇ ਜੋ ਕੁਝ ਕਰ ਗਏ ਸੀ ਉਨ੍ਹਾਂ ਦੇ ਕੀਤੇ ਕੰਮ ਤੇ ਮਿੱਟੀ ਪਾ ਦਿਤੀ। ਸੰਨ 1956 ਵਿੱਚ ਕਾਂਗਰਸ ਗੌਰਮਿੰਟ ਨੇ ਇਹ ਫ਼ੈਸਲਾ ਕੀਤਾ ਕਿ ਟਰਾਂਸਪੋਰਟ ਨੈਸ਼ਨੇਲਾਈਜ਼ ਕੀਤੀ ਜਾਵੇ । ਉਸ ਤੋਂ ਬਾਅਦ ਕਾਂਗਰਸ ਗੌਰਮਿੰਟ ਤੇ ਪਰੈਸ਼ਰ ਪਿਆ ਔਰ ਫਿਰ ਸੰਨ 1959 ਵਿਚ ਇਕ ਨਵਾਂ ਫੈਸਲਾ ਕੀਤਾ ਗਿਆ ਕਿ ਇਹ ਰੋਡ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ 50-50 ਬੇਸਿਜ਼ ਤੇ ਹੋਵੇਗੀ । ਮੈਂ ਤੁਹਾਨੂੰ ਥੋੜ੍ਹੀ ਜਿਹੀ ਤਸ਼ਰੀਹ ਕਰਕੇ ਦਸਦਾ ਹਾਂ ਕਿ ਇਹ ਫ਼ਿਫ਼ਟੀ ਫ਼ਿਫ਼ਟੀ ਕੀ ਸੀ । ਮੈਂ ਤੁਹਾਨੂੰ ਇਸ ਦੀ ਬੈਕਗਰਾਊਂਡ ਦੱਸਦਾ ਹਾਂ ਕਿ ਇਹ ਫ਼ਿਫ਼ਟੀ ਫ਼ਿਫ਼ਟੀ ਦੀ ਲੁੱਟ ਵਿਚ ਇਨ੍ਹਾਂ ਨੇ ਇਹ ਸੋਸ਼ਲਿਜ਼ਮ ਦਾ ਕੀ ਨਵਾਂ ਰੂਪ ਕਢਿਆ ।

ਉਦਯਗ ਮੰਤਰੀ : ਤੁਸੀਂ ਨੌਂ ਮਹੀਨੇ ਕੀ ਕਰਦੇ ਰਹੇ ਹੋ ?

ਸਰਦਾਰ ਗੁਰਚਰਨ ਸਿੰਘ ਗਾਲਿਬ : ਤੂੰ ਵੀ ਨਾਲ ਹੀ ਸੀ ਜਾਇੰਟ ਰਿਸਪਾਂਸੀਬਿਲਟੀ ਸੀ । ਇਹ ਵੀ ਮੈਂ ਹੁਣੇ ਦੱਸ ਦਿੰਦਾ ਹਾਂ । (ਵਿਘਨ)

ਸਰਦਾਰ ਗੁਰਨਾਮ ਸਿੰਘ : ਨੌਂ ਮਹੀਨੇ ਤਾਂ ਤੁਸੀਂ ਵੀ ਅੰਦਰ ਹੀ ਰਹੇ ਸ । (ਹਾਸਾ)

ਸਰਦਾਰ ਗੁਰਚਰਨ ਸਿੰਘ ਗਾਲਿਬ: ਚੇਅਰਮੈਨ ਸਾਹਿਬ, ਫ਼ਿਫ਼ਟੀ-ਫ਼ਿਫ਼ਟੀ ਦਾ ਮਤਲਬ ਇਹ ਹੈ ਕਿ......

ਉਦਯੋਗ ਮੰਤਰੀ : ਤੁਸੀਂ ਵੀ ਫ਼ਿਫ਼ਟੀ-ਫ਼ਿਫ਼ਟੀ ਕਰਦੇ ਰਹੇ ਹੋਵੋਗੇ । (ਵਿਘਨ)

ਸਰਦਾਰ ਗੁਰਚਰਨ ਸਿੰਘ ਗਾਲਿਬ: ਇਨ੍ਹਾਂ ਦੀ ਫ਼ਿਫ਼ਟੀ-ਫ਼ਿਫ਼ਟੀ ਸਕੀਮ ਦਾ ਮਤਲਬ ਇਹ ਸੀ ਕਿ ਪਹਿਲਾਂ ਜਿਹੜੇ ਰੂਟਾਂ ਉੱਤੇ ਪ੍ਰਾਈਵੇਟ ਉਪਰੇਟਰਜ਼ ਗਡੀਆਂ ਚਲਾਂਦੇ ਸਨ ਉਥੇ ਅਧੀ ਮਾਈਲੇਜ ਤੇ ਉਹੀ ਚਲਾਉਣਗੇ ਔਰ ਅੱਧੀ ਮਾਈਲੇਜ ਤੇ ਸਰਕਾਰ ਆਪਣੀਆਂ ਬਸਾਂ ਚਲਾਏਗੀ ਤਾਕਿ ਸਰਕਾਰੀ ਖਜ਼ਾਨੇ ਵਿੱਚ ਆਮਦਨ ਵਧ ਜਾਵ ਔਰ ਸੋਸ਼ਲਿਜ਼ਮ ਵਲ ਵੀ ਕਦਮ ਚੁਕਿਆ ਜਾਵੇ । ਲੇਕਿਨ, ਚੇਅਰਮੈਨ ਸਾਹਿਬ, ਲੋਕਾਂ ਨੂੰ ਪਤਾ ਨਹੀਂ ਲਗਣ ਦਿੱਤਾ ਗਿਆ ਕਿ ਇਸ ਦੇ ਵਿੱਚ ਵੀ ਕਿਤਨੀ ਵੱਡੀ ਲੁਟ ਮਚਾਈ ਗਈ ।

ਸ੍ਰੀ ਸਭਾਪਤੀ (ਸ੍ਰੀ ਲਾਲ ਚੰਦ ਸੱਬਰਵਾਲ) : ਸਰਦਾਰ ਗੁਰਚਰਨ ਸਿੰਘ ਜੀ, ਸਪੀਕਰ ਸਾਹਿਬ ਮੈਨੂੰ ਕਹਿ ਗਏ ਹਨ ਕਿ ਸਾਰਿਆਂ ਨੂੰ ਪਦਰਾਂ ਪਦਰਾਂ ਮਿੰਟ ਹੀ ਦੇਣੇ ਹਨ । (Addressing Sardar Gurcharan Singh : The hon. Member may note that according to the instructions of the hon. Speaker every Member is to be given fifteen minutes to speak.)

ਸਰਦਾਰ ਗੁਰਚਰਨ ਸਿੰਘ ਗਾਲਿਬ : ਦੇਖ ਲਉ, ਮੈਂ ਇਸ ਸਾਰੇ ਸੈਸ਼ਨ ਵਿੱਚ ਇਕ ਵਾਰੀ ਵੀ ਨਹੀਂ ਬੋਲਿਆ । ਇਹ ਮੇਰੀ ਪਹਿਲੀ ਸਪੀਚ ਹੈ ।

ਸ੍ਰੀ ਸਭਾਪਤੀ: ਇਹ ਤਾਂ ਹੋ ਸਕਦਾ ਹੈ ਕਿ ਮੈਂ ਤੁਹਾਨੂੰ ਦੋ, ਚਾਰ ਪੰਜ ਮਿੰਟ ਹੋਰ ਦੇ ਦਿਆਂ ਪਰ ਉਸ ਤੋਂ ਜ਼ਿਆਦਾ ਮੈਂ ਨਹੀਂ ਜਾ ਸਕਦਾ । ਇਸ ਲਈ ਆਪਣੇ ਤਰੀਕੇ ਨਾਲ ਬੋਲ ਲਓ । ਜਿਹੜੇ ਤੁਹਾਡੇ ਜ਼ਰੂਰੀ ਪੁਆਇੰਟਸ ਹਨ ਉਨ੍ਹਾਂ ਨੂੰ ਸਟਰੈਸ ਕਰ ਲਉ ਬਾਕੀ ਫਿਰ ਫ਼ਿਫ਼ਟੀ-ਫ਼ਿਫ਼ਟੀ ਦਾ ਤਾਂ ਸਭਨਾਂ ਨੂੰ ਪਤਾ ਹੀ ਹੈ । (I can give him at the most four or five minutes more to speak but I cannot go beyond that. The hon. Member may so regulate his speech that he may emphasise only his important points. So far as fifty fifty is concerned, everybody knows about it.)

ਸਰਦਾਰ ਨੱਥਾ ਸਿੰਘ (ਬਿਜਲੀ ਅਤੇ ਸਿੰਚਾਈ ਦੇ ਰਾਜ ਮੰਤਰੀ) : ਇਨ੍ਹਾਂ ਨੂੰ ਜ਼ਿਆਦਾ ਪਤਾ ਹੈ ਕਿਉਂਕਿ ਇਹ ਆਪ ਫ਼ਿਫ਼ਟੀ ਫ਼ਿਫ਼ਟੀ ਕਰਦੇ ਰਹੇ ਹਨ । (ਵਿਘਨ)

ਸਰਦਾਰ ਗੁਰਚਰਨ ਸਿੰਘ ਗਾਲਿਬ : ਮੈਂ ਜ਼ਿਆਦਾ ਡਿਟੇਲਜ਼ ਵਿੱਚ ਨਹੀਂ ਜਾਂਦਾ । ਜਿਹੜੇ ਓਵਰਲੈਪਿੰਗ ਵਾਲੇ ਰੂਟ ਸਨ ਉਨ੍ਹਾਂ ਨੂੰ ਬਦਲ ਕੇ ਤਿੰਨ ਤਿੰਨ ਸੌ ਮੀਲ ਦੇ ਰੂਟ ਦਿੱਤੇ ਗਏ (ਵਿਘਨ) ਚੇਅਰਮੈਨ ਸਾਹਿਬ, ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇਹ ਜੋ ਨਵੀਂ ਸਰਕਾਰ ਬਣੀ ਹੈ ਇਹ ਕਾਂਗਰਸ ਨੇ ਨਹੀਂ ਬਣਾਈ ਇਹ ਤਾਂ ਉਧਰ ਬੈਠੇ ਟਰਾਂਸਪੋਰਟਰਜ਼ ਨੇ ਬਣਾਈ ਹੈ ਔਰ ਇਹ ਟਰਾਂਸਪੋਰਟਰਜ਼ ਦੀ ਗੌਰਮਿੰਟ ਹੈ । ਇਸੇ ਲਈ ਇਨ੍ਹਾਂ ਨੇ ਇਸ ਵਿੱਚ ਲੁਟ ਮਚਾਈ ਹਈ ਹੈ ਔਰ ਜਿਹੜੀ ਫ਼ਿਫ਼ਟੀ-ਫ਼ਿਫ਼ਟੀ ਵਾਲੀ ਸਕੀਮ ਕਾਂਗਰਸ ਗਰਮਿੰਟ ਨੇ ਬਣਾਈ ਸੀ ਉਸ ਉੱਤੇ ਵੀ ਮਿੱਟੀ ਪਾ ਦਿਤੀ।

ਇਸੇ ਤਰ੍ਹਾਂ ਇਨ੍ਹਾਂ ਨੇ ਸੜਕਾਂ ਬਾਰੇ ਵੀ ਪਿੰਡਾਂ ਵਿੱਚ ਬੜਾ ਪਰਚਾਰ ਕੀਤਾ ਹੈ ਔਰ ਇਸ ਤਰ੍ਹਾਂ ਭੋਲੇ ਭਾਲੇ ਲਕਾਂ ਦੀ ਤੱਵਜਹ ਖਿਚਣ ਦੀ ਕੋਸ਼ਿਸ਼ ਕੀਤੀ ਹੈ ਕਿ ਜਿਹੜੇ ਉਨ੍ਹਾਂ ਨੂੰ ਲਾਅਨਤਾਂ ਪਾਂਦੇ ਸੀ ਕਿ ਡੀਫੈਕਸ਼ਨ ਕਿਉਂ ਕੀਤੀ ਉਨ੍ਹਾਂ ਦਾ ਧਿਆਨ ਦੂਜੇ ਪਾਸੇ ਪਾਇਆ ਜਾਵੇ। ਲੋਕਾਂ ਦੇ ਮਨਾਂ ਨੂੰ ਆਪਣੀ ਤਰਫ਼ ਖਿਚਣ ਕਰਕੇ ਇਹ ਨਾਅਰਾ ਲਗਾ ਦਿੱਤਾ ਹੈ ਕਿ 2600 ਮੀਲ ਸੜਕਾਂ ਬਣਾ ਦੇਣੀਆਂ ਹਨ। ਐਲਾਨ ਤਾਂ ਕਰ ਦਿੱਤਾ ਹੈ ਮਗਰ ਕੋਈ ਹਿਸਾਬ ਕਿਤਾਬ ਦੀ ਗੱਲ ਨਹੀਂ ਕੀਤੀ। ਫਟਾ ਫਟ ਲੋਕ ਮਿੱਟੀ ਪਾਣ ਲੱਗ ਪਏ ਮਗਰ ਜਦੋਂ ਬਜਟ ਪੜ੍ਹਿਆ ਤਾਂ ਇਸ ਦੇ ਵਿੱਚ ਸਿਰਫ ਤਿਨ ਕਰੋੜ ਰੁਪਿਆ ਹੀ ਇਸ ਮਕਸਦ ਲਈ ਨਜ਼ਰ ਆਇਆ ਹੈ। ਹਿਸਾਬ ਦੇ ਮੁਤਾਬਿਕ ਇਸ ਕਾਂਗਰਸ ਸਪੋਰਟਿਡ ਗੌਰਮੈਂਟ ਨੇ ਇਨ੍ਹਾਂ ਸੜਕਾਂ ਤੇ ਕੋਈ ਬਾਰਾਂ ਕਰੋੜ ਰੁਪਿਆ ਲਗਾਉਣਾ ਹੈ ਪਰ ਇਸ ਨੂੰ ਕਿਥੋਂ ਪੂਰਾ ਕੀਤਾ ਜਾਵੇਗਾ ਇਹ ਨਹੀਂ ਦਸਿਆ ਗਿਆ ਔਰ ਇਸ ਤਰ੍ਹਾਂ ਲੋਕਾਂ ਦੇ ਨਾਲ ਇਕ ਫਰਾਡ ਕੀਤਾ ਗਿਆ ਹੈ।

ਉਪ-ਮੰਤਰੀ (ਸਰਦਾਰ ਸਰਦਾਰ ਸਿੰਘ ਕੋਹਲੀ) : ਬਜਟ ਵਿੱਚ ਹੈਗਾ।

ਸਰਦਾਰ ਗੁਰਚਰਨ ਸਿੰਘ ਗਾਲਿਬ : ਇਸ ਤੋਂ ਇਲਾਵਾ, ਚੇਅਰਮੈਨ ਸਾਹਿਬ, ਹਰ ਪਾਸੇ ਲੋਕਾਂ ਦੇ ਨਾਲ ਵਿਤਕਰਾ ਕੀਤਾ ਜਾਂਦਾ ਹੈ। ਇਕ ਨਵਾਂ ਵਿਤਕਰਾ ਪੰਜਾਬ ਦੀਆਂ ਸਰਵਿਸਿਜ਼ ਵਿਚ ਪਾਇਆ—ਐਗਜ਼ਕਟਿਵ ਮੈਜਿਸਟਰੇਟਸ ਦੇ ਗਰੇਡ ਤਾਂ ਵਧਾ ਦਿੱਤੇ ਹਨ ਮਗਰ ਜੂਡੀਸ਼ਲ ਮਜਿਸ-ਟਰੇਟਸ ਨੂੰ ਇਗਨੋਰ ਕਰ ਦਿੱਤਾ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਵਿਤਕਰਾ ਕਿਉਂ ਕੀਤਾ ਗਿਆ ਹੈ। ਕੀ ਇਸ ਲਈ ਕਿ ਜੂਡੀਸ਼ਲ ਮੈਜਿਸਟਰੇਟਸ ਤੁਹਾਡੇ ਕਹਿਣ ਵਿੱਚ ਨਹੀਂ ਆਉਂਦੇ ਔਰ ਐਗਜ਼ੈਕਟਿਵ ਮੈਜਿਸਟਰੇਟਸ ਤੋਂ ਤੁਸਾਂ ਸਾਡੇ ਖਿਲਾਫ਼ ਕੇਸ ਬਣਾਉਣੇ ਹੁੰਦੇ ਹਨ। ਜੂਡੀਸ਼ਲ ਮੈਜਿਸਟਰੇਟਸ ਐਗਜ਼ੈਕਟਿਵ ਮੈਜਿਸਟਰੇਟਾਂ ਨਾਲੋਂ ਜ਼ਿਆਦਾ ਕੁਆਲੀਫਾਈਡ ਹਨ, ਉਨ੍ਹਾਂ ਨੇ ਜਜਮੈਂਟਾਂ ਲਿਖਣੀਆਂ ਹੁੰਦੀਆਂ ਹਨ। ਚੇਅਰਮੈਨ ਸਾਹਿਬ, ਇਨ੍ਹਾਂ ਦੇ ਫੈਸਲੇ ਮੁਤਾਬਿਕ ਛੇ ਸਾਲ ਤੋਂ ਬਾਅਦ ਨਵਾਂ ਗਰਡ ਅਪਣੇ ਆਪ ਮਿਲ ਜਾਣਾ ਹੈ ਇਸ ਲਈ ਇਸ ਵਿੱਚ ਸਿਰਫ 20 ਪੀ. ਸੀ. ਐਸ. ਦੇ ਜੂਡੀਸ਼ਲ ਮੈਜਿਸਟਰੇਟਸ ਅਫੈਕਟਿਡ ਹਨ ਅਗਰ ਉਨ੍ਹਾਂ 20 ਬੰਦਿਆਂ ਨੂੰ ਵੀ ਨਵਾਂ ਗਰੇਡ ਦੇ ਦਿਤਾ ਜਾਵੇ ਤਾਂ ਸਾਰੇ ਪੰਜਾਬ ਵਿੱਚ ਪੀ. ਸੀ. ਐਸ. ਅਫ਼ਸਰਾਂ ਦਾ ਗਰੇਡ ਐਟ ਪਾਰ ਆ ਸਕਦਾ ਹੈ। ਸਾਫ਼ ਜ਼ਾਹਿਰ ਹੈ ਕਿ ਐਗਜ਼ਕਟਿਵ ਸਾਈਡ ਵਾਲੇ ਝੂਠੇ ਮੁਕੱਦਮੇ ਬਣਾਉਣ ਵਿੱਚ ਇਨ੍ਹਾਂ ਦੀ ਮਦਦ ਕਰਦੇ ਹਨ ਉਨ੍ਹਾਂ ਨੂੰ ਦੇ ਦਿੱਤਾ ਗਿਆ ਹੈ ਔਰ ਜੂਡੀਸ਼ਲ ਸਾਈਡ ਵਾਲੇ ਇਨ੍ਹਾਂ ਦੇ ਬੁਲਾਵੇ ਵਿਚ ਨਹੀਂ ਆਉਂਦੇ। ਐਸੀ ਫਜ਼ੂਲ ਜਿਹੀ ਗੱਲ ਕਿਸੇ ਸਰਕਾਰ ਵਿੱਚ ਨਹੀਂ ਹੋਈ।

ਇੰਡਸਟਰੀ ਬਾਰ ਵੀ ਮੈਂ ਕੁਝ ਸ਼ਬਦ ਕਹਿਣਾ ਚਾਹੁੰਦਾ ਹਾਂ। ਇਸ ਸਬੰਧ ਵਿੱਚ ਫਰੰਟ ਵਜ਼ਾਰਤ ਤੇ ਬੜਾ ਇਤਰਾਜ਼ ਕੀਤਾ ਗਿਆ ਔਰ ਨੁਕਤਾਚੀਨੀ ਕੀਤੀ ਗਈ। ਚੇਅਰਮੈਨ ਸਾਹਿਬ, ਸਾਡੇ ਵੇਲੇ ਇਕ ਕੇਸ ਨੋਟਿਸ ਵਿੱਚ ਆਇਆ ਕਿ 10,000 ਡੀਜ਼ਲ ਇੰਜਨ ਪੰਜਾਬ ਗਰਮੈਂਟ ਨੇ ਕਿਸੇ ਦੂਜੇ ਸੂਬ ਤੋਂ ਖਰੀਦੇ ਜਦ ਕਿ ਪੰਜਾਬ ਵਿੱਚ ਉਸ ਤੋਂ ਚੰਗਾ ਮਾਲ ਘੱਟ ਕੀਮਤ ਤੇ ਮਿਲ ਸਕਦਾ ਸੀ ਪਰ ਵਧ ਕੀਮਤ ਤੇ ਬਾਹਰੋਂ ਮੰਗਵਾਇਆ।

ਮੀਟਿੰਗ ਹੋਈ, ਗਿਲ ਸਾਹਿਬ ਦੀ ਚੇਅਰਮੈਨਸ਼ਿਪ ਵਿਚ, ਪੁਛ ਗਿਛ ਹੋ ਰਹੀ ਸੀ, ਮਗਰ ਇਹ ਡਿਫੈਕਸ਼ਨ ਹੀ ਕਰ ਗਏ। ਗੋਰਮੈਂਟ ਟੁੱਟ ਗਈ।

ਇਕ ਆਵਾਜ਼ : ਇਨ੍ਹਾਂ ਨੂੰ ਡਿਫੈਕਸ਼ਨ ਦੇ ਮਾਅਨੇ ਹੀ ਨਹੀਂ ਪਤਾ। ਉਹ ਤਾਂ ਉਧਰ ਹੀ ਬੈਠੇ ਹਨ ਇਹ ਆਪ ਹੀ ਉਧਰ ਚਲੇ ਗਏ ਹਨ।

ਸ੍ਰੀ ਸਭਾਪਤੀ (ਸ੍ਰੀ ਲਾਲ ਚੰਦ ਸਬਰਵਾਲ) : ਆਪ ਨੂੰ ਪਤਾ ਨਹੀਂ ਕਿਉਂਕਿ ਆਪ ਦੋਵੇਂ ਪਾਸੇ ਨਹੀਂ ਬੈਠੇ । (The hon. Member does not know as he never sat on both sides.)

ਸਨਅਤ ਮੰਤਰੀ : ਉਨ੍ਹਾਂ ਇੰਜਨਾਂ ਦਾ ਕੀ ਬਣਿਆ ?

ਸਰਦਾਰ ਗੁਰਚਰਨ ਸਿੰਘ ਗਾਲਿਬ : ਉਹ ਤਾਂ ਵਿਚੇ ਹੀ ਰਹਿ ਗਏ । ਆਪ ਉਧਰ ਜਾ ਬੈਠੇ । ਚੇਅਰਮੈਨ ਸਾਹਿਬ, ਮੈਂ ਇਹ ਅਰਜ਼ ਕਰਨੀ ਹੈ ਕਿ ਇਹ ਕਿਸਾਨਾਂ ਤੇ ਜੋ ਟੈਕਸ ਲਗਾਇਆ ਹੈ ਇਹ ਜਮਹੂਰੀਅਤ ਦੇ ਅਸੂਲਾਂ ਦੇ ਬਿਲਕੁਲ ਉਲਟ ਹੈ । ਮੈਂ ਇਸ ਮਾਈਨਾਰਿਟੀ ਗੌਰਮਿੰਟ ਨੂੰ ਦਸਣਾ ਚਾਹੁੰਦਾ ਹਾਂ ਕਿ ਲਕ ਇਹ ਪੇ ਨਹੀਂ ਕਰਨਗੇ ਅਤੇ ਅਸੀਂ ਉਨ੍ਹਾਂ ਨੂੰ ਪੇ ਨਹੀਂ ਕਰਨ ਦਿਆਂਗੇ । (ਆਪੋਜੀਸ਼ਨ ਵਲੋਂ ਤਾੜੀਆਂ) ਬਿਲਕੁਲ ਰੀਅਲਾਈਜ਼ ਨਹੀਂ ਕਰਨ ਦਿਆਂਗੇ । ਲੋਕਾਂ ਪਾਸ ਅਨ-ਇਕਨਾਮਿਕ ਯੂਨਿਟਸ ਹਨ । ਇਹ ਜਿਨ੍ਹਾਂ ਦੀ ਸਪੋਰਟ ਨਾਲ ਇਥੇ ਬੈਠੇ ਹਨ ਉਸ ਪਾਰਟੀ ਨੇ ਇਕ ਮੋਸ਼ਨ ਕੀਤੀ ਹੈ ਕਿ ਅਸੀਂ 10 ਏਕੜ ਤਕ ਮਾਲੀਆ ਮਾਫ਼ ਕਰਾਂਗੇ । ਇਨ੍ਹਾਂ ਨੇ ਤਾਂ ਉਨ੍ਹਾਂ ਤੇ ਸਗੋਂ ਡੇਢ ਗੁਣਾਂ ਕਰ ਦਿੱਤਾ ਹੈ । ਇਸ ਦੀ ਕੋਈ ਜਸਟੀਫੀਕੇਸ਼ਨ ਨਹੀਂ ਹੈ । ਇਹ ਪੁਲਿਸ ਦੀ ਮਦਦ ਨਾਲ ਦੌਰੇ ਕਰਦੇ ਹਨ ਕਿਉਂਕਿ ਇਹ ਲੋਕਾਂ ਦੇ ਨਾਲ ਧੱਕਾ ਕਰਦੇ ਹਨ । ਲੋਕ ਇਨ੍ਹਾਂ ਨੂੰ ਕਾਲੇ ਝੰਡੇ ਦਿਖਾਉਂਦੇ ਹਨ । ਗਿਲ ਸਾਹਿਬ ਦੀ ਪਾਪੂਲੈਰਿਟੀ ਦਾ ਇਹ ਹਾਲ ਹੈ ਕਿ ਇਹ ਜਲੰਧਰ ਵਿੱਚ ਇਨਾਮ ਵੰਡਣ ਲਈ ਗਏ ਤਾਂ ਮੁੰਡਿਆਂ ਨੇ ਕਿਹਾ ਕਿ ਅਸੀਂ ਇਨ੍ਹਾਂ ਦੇ ਪਲੀਤ ਹਥਾਂ ਕੋਲੋਂ ਇਨਾਮ ਨਹੀਂ ਲੈਣੇ......(ਵਿਘਨ) ਇਹ ਅਖਬਾਰ ਟ੍ਰਿਬਯੂਨ ਦੀ ਖਬਰ ਹੈ ।

ਚੇਅਰਮੈਨ ਸਾਹਿਬ, ਮੈਂ ਇਕ ਹੋਰ ਗੱਲ ਹਾਊਸ ਦੇ ਨੋਟਿਸ ਵਿੱਚ ਲਿਆਉਣੀ ਚਾਹੁੰਦਾ ਹਾਂ । ਸਰਕਾਰਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ ਕਦੇ ਕਿਸੇ ਪਾਰਟੀ ਦਾ ਰਾਜ ਹੁੰਦਾ ਹੈ ਤੇ ਕਦੇ ਕਿਸ ਦਾ । ਮਗਰ ਅੱਜ ਇਸ ਸਰਕਾਰ ਨੇ ਗਲਤ ਰਵਾਇਤਾਂ ਕਾਇਮ ਕੀਤੀਆਂ ਹਨ । ਇਹ ਡੈਮੋਕਰਸੀ ਨੂੰ ਖਤਮ ਕਰਨ ਵਾਲੀਆਂ ਗੱਲਾਂ ਹਨ । ਇਹ ਸਰਕਾਰ ਪੰਜਾਬ ਦੇ ਸ਼ਰੀਫ, ਸਾਹਿਬੇ ਜਾਇਦਾਦ ਅਤੇ ਭਲੇਮਾਣਸ ਲੋਕਾਂ ਤੇ ਝੂਠੇ ਮੁਕਦਮੇ ਬਣਾਉਂਦੀ ਹੈ, ਉਨ੍ਹਾਂ ਦੇ ਲਾਇਸੈਂਸ ਕੈਂਸਲ ਕਰਦੀ ਹੈ । ਇਹ ਅਸੈਂਬਲੀ ਸਭ ਤੋਂ ਮੁਤਬੱਰਕ ਜਗ੍ਹਾ ਸਮਝੀ ਜਾਂਦੀ ਹੈ, ਇਥੇ ਚੀਫ ਮਨਿਸਟਰ ਸਾਹਿਬ ਸਰਾਸਰ ਝੂਠ ਬੋਲ ਜਾਂਦੇ ਹਨ ਕਿ ਕਿਸੇ ਤੇ ਕਿਤੇ ਕੋਈ ਮੁਕਦਮਾ ਨਹੀਂ ਹੈ । ਮੈਂ ਇਕ ਕਾਲ ਅਟੈਨਸ਼ਨ ਮੋਸ਼ਨ ਦਿਤੀ ਸੀ, ਉਹ ਹਾਲੇ ਝਗੜੇ ਵਿੱਚ ਹੀ ਹੈ । ਉਹ ਇਹ ਸੀ ਕਿ ਪੰਜਾਬ ਦੀ ਸੋਸ਼ਲਿਸਟ ਪਾਰਟੀ ਦੇ ਚੇਅਰਮੈਨ ਤੇ ਕਿਸੇ ਸਰਪੰਚ ਤੋਂ ਝੂਠੀ ਐਪਲੀਕੇਸ਼ਨ ਲੈ ਕੇ ਝੂਠਾ ਇਲਜ਼ਾਮ ਲਾ ਦਿਤਾ ਅਤੇ ਇਕ ਐਸੀ ਜਗ੍ਹਾ ਬਾਰੇ ਜਿੱਥੇ ਉਹ ਗਿਆ ਹੀ ਨਹੀਂ । ਉਹ ਇਕ ਸ਼ਰੀਫ ਹਿੰਦੂ ਜੈਂਟਲਮੈਨ ਹੈ, ਚਾਰ ਪੰਜ ਹਜ਼ਾਰ ਰੁਪਿਆ ਇਨਕਮ ਟੈਕਸ ਦਿੰਦਾ ਹੈ, ਇਕ ਵੱਡਾ ਟਿੰਬਰ ਮਰਚੈਂਟ ਹੈ, ਪੰਜਾਬ ਐਸ. ਐਸ. ਪੀ. ਦਾ ਚੇਅਰਮੈਨ ਹੈ, ਕਿ ਉਸ ਨੇ ਉਥੇ ਜਾ ਕੇ ਇਕ ਮੁੰਡੇ ਨੂੰ ਮਾਰਿਆ । ਥਾਣੇਦਾਰ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ, ਹਵਾਲਾਤ ਵਿੱਚ ਇਕ ਹੋਰ ਕੋਈ ਕਾਤਿਲ ਸੀ । ਉਸ ਨੂੰ ਇਸ ਜੈਂਟਲਮੈਨ ਦੀ ਗਤ ਬਣਾਉਣ ਲਈ ਕਿਹਾ । ਉਸ ਨੂੰ ਉਸ ਨੇ ਸੁਤੇ ਪਏ ਨੂੰ ਮਾਰਿਆ, ਜਦ ਉਸ ਨੇ ਸ਼ੋਰ ਪਾਇਆ ਤਾਂ ਕਿਸੇ ਹੋਰ ਹਵਾਲਾਤੀ ਨੇ ਆ ਕੇ ਛੁੜਾਇਆ ਅਤੇ ਬਚਾਇਆ । ਇਨ੍ਹਾਂ ਨੇ ਅਗਲੇ ਦਿਨ ਉਸ ਨੂੰ ਮੋਗੇ ਦੇ ਥਾਣੇ ਲੈ ਜਾਕੇ ਮਾਰਿਆ । ਮੈਂ ਮਰੜੀ ਸਾਹਿਬ ਨੂੰ ਕਹਿੰਦਾ ਹਾਂ ਕਿ ਇਨ੍ਹਾਂ ਨੇ ਸਦਾ ਹੀ ਇਥੇ ਨਹੀਂ ਬੈਠੇ ਰਹਿਣਾ । ਜਿਥੇ ਉਮਰਾ ਨੰਗਲ ਨੂੰ ਹਵਾਲਾਤ ਵਿੱਚ ਰਖਿਆ ਸੀ ਉਥੇ ਹੀ ਤੁਸੀਂ ਵੀ ਜਾਣਾ ਹੈ । ਤੁਸੀਂ ਬੜੀਆਂ ਗਲਤ ਰਵਾਇਤਾਂ ਕਾਇਮ ਕਰ ਰਹੇ ਹੋ । ਅਸੀਂ ਤਾਂ ਜੱਟਾਂ ਦੇ ਮੁੰਡੇ ਹਾਂ ਅਸੀਂ ਕਿਹਾ ਕਰਦੇ ਸੀ ਕਿ ਜੇ ਕੋਈ ਡਿਕਟੇਟਰ ਆ

ਗਿਆ ਤਾਂ ਅਸੀਂ ਤਾਂ ਮੁੰਜ ਕੁਟ ਲਵਾਂਗੇ ਮਗਰ ਤੁਹਾਥੋਂ ਕੋਹਲੂ ਨਹੀਂ ਗੇੜਿਆ ਜਾਣਾ । ਤੁਹਾਡੀ ਇਹ ਲੰਬੀ ਦਾੜ੍ਹੀ ਵੀ ਉਲਝ ਜਾਇਆ ਕਰੇਗੀ ਧੋਤੀ ਨਹੀਂ ਜਾਣੀ ।

(ਇਸ ਸਮੇਂ 4–5 ਮੈਂਬਰ ਕਾਂਗਰਸ ਬੈਂਚਾਂ ਤੋਂ ਪੁਆਇੰਟ ਆਫ ਆਰਡਰ ਤੇ ਉਠੇ ।)

ਸ੍ਰੀ ਸਭਾਪਤੀ : ਬੈਠੋ ਜੀ, ਇਕ ਬਾਰ ਪ੍ਰਬੋਧ ਚੰਦਰ ਹੋਰਾਂ ਨੇ ਇਸੇ ਤਰ੍ਹਾਂ ਦੀ ਗਲ ਕੀਤੀ ਸੀ ਤਾਂ ਸਰਦਾਰ ਗੁਰਚਰਨ ਸਿੰਘ ਉਨ੍ਹਾਂ ਨੂੰ ਬਾਹਰ ਤਕ ਲੈ ਗਿਆ ਸੀ । ਇਹ ਲਫਜ਼ ਵਿਦਡਰਾ ਹੋਣੇ ਚਾਹੀਦੇ ਹਨ । (The hon. Member may take his seat. Once Shri Prabodh Chandra used such words and Sardar Gurcharn Singh even took him out. The hon. Member should withdraw these words.)

ਸਰਦਾਰ ਗੁਰਚਰਨ ਸਿੰਘ ਗਾਲਿਬ : ਮੈਂ ਇਨ੍ਹਾਂ ਦੀ ਕੋਈ ਬੇਅਦਬੀ ਤਾਂ ਨਹੀਂ ਕੀਤੀ । ਮੈਂ ਤਾਂ ਇਹੀ ਕਿਹਾ ਹੈ ਕਿ ਇਨ੍ਹਾਂ ਨੂੰ ਤਕਲੀਫ ਹੋਵੇਗੀ । ਖੈਰ ਮੈਂ ਵਿਦਡਰਾ ਕਰਦਾ ਹਾਂ ।

ਸਰਦਾਰ ਨੱਥਾ ਸਿੰਘ (ਬਿਜਲੀ ਅਤੇ ਸਿੰਚਾਈ ਦੇ ਰਾਜ ਮੰਤਰੀ) : ਇਹ ਲਫਜ਼ ਵਾਪਸ ਹੋਣੇ ਚਾਹੀਦੇ ਹਨ ।

ਸਰਦਾਰ ਗੁਰਚਰਨ ਸਿੰਘ ਗਾਲਿਬ : ਵਾਪਸ ਲੈ ਲਏ ਹਨ ।

ਸਰਦਾਰ ਕਰਨੈਲ ਸਿੰਘ ਮਰੜ੍ਹੀ : (ਡਿਪਟੀ ਮਨਿਸਟਰ) ਜੇਲ੍ਹ ਦਾ ਮਹਿਕਮਾ ਮੇਰੇ ਪਾਸ ਹੈ, ਗਾਲ੍ਹਾਂ ਕਢਣ ਦੀ ਲੋੜ ਨਹੀਂ, ਆਪ ਦੀ ਮੈਂ ਇਜ਼ਤ ਹੀ ਕਰਾਂਗਾ ।

ਸਰਦਾਰ ਗੁਰਚਰਨ ਸਿੰਘ ਗਾਲਿਬ : ਮੈਂ ਇਸ ਗਲ ਦੇ ਹੱਕ ਵਿੱਚ ਨਹੀਂ ਹਾਂ ਕਿ ਝੂਠੇ ਮੁਕਦਮੇ ਬਣਾਏ ਜਾਣ ।

ਇਥੇ ਹੀ ਬਸ ਨਹੀਂ ਹੈ । ਇਕ ਗੱਲ ਮੈਂ ਆਪ ਦੇ ਸਾਹਮਣੇ ਰਖਦਾ ਹਾਂ ਜੋ ਦਸਦੀ ਹੈ ਹੈ ਕਿ ਸਰਦਾਰ ਗਿਲ ਕਿਸ ਇੰਤਹਾ ਤਕ ਗਿਰਾਵਟ ਨੂੰ ਪਹੁੰਚ ਗਿਆ ਹੈ । ਚੇਅਰਮੈਨ ਸਾਹਿਬ, ਸਰਦਾਰ ਲਛਮਣ ਸਿੰਘ ਗਿਲ ਅਕਾਲੀ ਟਿਕਟ ਤੇ ਜਗਰਾਉਂ ਦੀ ਕਾਉਂਕੇ ਕਨਸਟੀਚੁਐਂਸੀ ਤੋਂ ਖੜੇ ਹੋਏ । ਉਥੋਂ ਦੇ ਇਕ ਲੜਕੇ ਨੇ ਇਨ੍ਹਾਂ ਦੀ ਬੜੀ ਮਦਦ ਕੀਤੀ, ਇਨ੍ਹਾਂ ਨੂੰ ਆਪਣਾ ਟਰੱਕ ਅਤੇ ਟਰਾਲੀ ਇਨ੍ਹਾਂ ਦੀ ਇਲੈਕਸ਼ਨ ਵਿਚ ਲਗਾਈ ਰਖੀ । ਅਖੀਰਲੇ ਦਿਨ ਟਰਾਲੀ ਦੇ ਉਲਟਨ ਕਰਕੇ ਉਹ ਵਿਚਾਰਾ ਲੜਕਾ ਮਾਰਿਆ ਗਿਆ । ਉਹ ਆਪਣੀ ਭੈਣ ਦਾ ਇਕੋ ਇਕ ਭਰਾ ਸੀ । ਗਿਲ ਸਾਹਿਬ ਉਥੇ ਗਏ ਤਾਂ ਉਸ ਭੈਣ ਨੂੰ ਕਹਿਣ ਲਗੇ ਤੂੰ ਮੇਰੀ ਭੈਣ ਹੈਂ ਮੈਂ ਹੀ ਤੇਰਾ ਭਰਾ ਹਾਂ । ਉਹ ਲੜਕੀ ਮੇਰੇ ਹਲਕੇ ਵਿਚ ਵਿਆਹੀ ਹੋਈ ਹੈ । ਉਸ ਦਾ ਹਜ਼ਬੈਂਡ ਮੇਰੀ ਮਦਦ ਕਰਦਾ ਹੈ । ਬਹਾਦਰ ਸਿੰਘ ਜੋ ਇਸ ਹਿਸਾਬ ਨਾਲ ਗਿਲ ਸਾਹਿਬ ਦਾ ਭਾਣਜਾ ਲਗਦਾ ਹੈ ਮੇਰੇ ਨਾਲ ਤਅੱਲੁਕ ਰਖਦਾ ਹੈ । ਚੇਅਰਮਨ ਸਾਹਿਬ, ਇਨ੍ਹਾਂ ਦਾ ਇਖਲਾਕ ਦੇਖੋ ਇਨ੍ਹਾਂ ਦੇ ਇਖਲਾਕ ਦੀ ਗਿਰਾਵਟ ਦੀ ਹੱਦ ਦੇਖੋ ਕਿ ਕਿਉਂਕਿ ਬਹਾਦਰ ਸਿੰਘ ਮੇਰੀ ਮਦਦ ਕਰਦਾ ਹੈ ਇਸ ਲਈ ਉਸ ਦਾ ਅਸਲਾ ਜ਼ਬਤ ਕਰ ਲਿਆ । ਅੰਦਾਜ਼ਾ ਲਾਉ ਇਨ੍ਹਾਂ ਦੀ ਗਿਰਾਵਟ ਦਾ ਕਿ ਜਿਸ ਨੂੰ ਭੈਣ ਕਿਹਾ ਜਿਸ ਦਾ ਭਰਾ ਇਨ੍ਹਾਂ ਲਈ ਮਾਰਿਆ ਗਿਆ, ਉਸ ਦੀ ਭੈਣ ਦਾ ਅਸਲਾ ਜ਼ਬਤ ਕਰ ਲਿਆ ਕਿ ਉਹ ਗੁਰਚਰਨ ਸਿੰਘ ਦੀ ਮਦਦ ਕਰਦੇ ਹਨ । (ਵਿਘਨ) ਇਹ ਹਾਲਤ ਹੈ, ਇਨ੍ਹਾਂ ਦੀ ਨੇਕੀ ਦਾ ਸਭ ਨੂੰ ਪਤਾ ਹੈ ਇਹ ਗਿਰਾਵਟ ਦੀ ਹੱਦ ਹੈ । ਇੰਨਾਂ ਕਹਿ ਕੇ ਮੈਂ ਬੈਠਦਾ ਹਾਂ ।

ਸ੍ਰੀ ਸਭਾਪਤੀ : ਗਿਆਨੀ ਬਖਤਾਵਰ ਸਿੰਘ ਹੋਰਾਂ ਦੀਆਂ ਬੜੀਆਂ ਲੰਬੀਆਂ ਚਿਟਾਂ ਤੇ ਚਿਟਾਂ ਆ ਰਹੀਆਂ ਹਨ, ਇਸ ਲਈ ਉਨ੍ਹਾਂ ਨੂੰ ਪਹਿਲਾਂ ਟਾਈਮ ਦਿੰਦਾ ਹਾਂ । (Giani Bakhtawar Singh is sending long chits, so I allow him to speak first.)

ਗਿਆਨੀ ਬਤਖਾਵਰ ਸਿੰਘ ਰਾਏ (ਗੁਰੂ ਹਰਸਹਾਇ, ਐਸ. ਸੀ.) : ਸਤਕਾਰਯੋਗ ਚੇਅਰਮੈਨ ਸਾਹਿਬ, ਅਜ ਜੋ ਬਜਟ ਪੇਸ਼ ਕੀਤਾ ਗਿਆ ਹੈ ਇਸ ਲਈ ਮੈਂ ਸਰਕਾਰ ਨੂੰ ਮੁਬਾਰਕਬਾਦ ਪੇਸ਼ ਕਰਦਾ ਹਾਂ । (ਤਾੜੀਆਂ) ਕਿਉਂਕਿ ਇਸ ਵਿੱਚ ਉਨ੍ਹਾਂ ਲੋਕਾਂ ਤੇ ਟੈਕਸ ਲਾਇਆ ਗਿਆ ਹੈ ਜੋ ਵਿਹਲੜ ਹਨ ਅਤੇ ਐਸ਼ੋਇਸ਼ਰਤ ਵਿੱਚ ਪਏ ਹੋਏ ਹਨ । ਇਹ ਟੈਕਸ ਜਾਇਜ਼ ਹਨ । ਜੋ ਲਾਟਰੀ ਸਿਸਟਮ ਜਾਰੀ ਕੀਤਾ ਹੈ ਇਹ ਵੀ ਜਾਇਜ਼ ਹੈ । ਲੋਕ ਰੋਜ਼ ਜੂਆ ਖੇਡਦੇ ਹਨ । ਲਾਟਰੀ ਸਿਸਟਮ ਨਾਲ ਇਹ ਹੋਵੇਗਾ ਕਿ ਗਰੀਬਾਂ ਤੇ ਟੈਕਸ ਘੱਟ ਲਗੇਗਾ । ਇਹ ਸਿਸਟਮ ਵੀ ਠੀਕ ਹੈ । ਫਿਰ ਟਿਊਬਵੈਲਜ਼ ਦਾ ਆਬਿਆਨਾ ਵਧਾਇਆ ਗਿਆ ਹੈ, ਇਹ ਵੀ ਠੀਕ ਹੈ ਕਿਉਂਕਿ ਇਹ ਸਿਰਫ ਸਰਕਾਰੀ ਟਿਊਬਵੈਲਾਂ ਤੇ ਵਧਾਇਆ ਗਿਆ ਹੈ । ਇਹ ਵੀ ਜਾਇਜ਼ ਹੈ ।

ਅਸੀਂ ਪੰਜਾਬ ਵਿੱਚ ਕਪਾਹ ਤੇ ਸਪਰੇ ਵਗੈਰਾ ਕਰਕੇ ਇਸ ਦੀ ਪੈਦਾਵਾਰ ਵਧਾਈ ਹੈ ਇਹ ਜੋ ਪੰਜਾਬ ਤੋਂ ਬਾਹਰ ਜਾਵੇ ਉਸ ਤੇ ਸੌ ਰੁਪੈ ਪਿੱਛੇ ਘਟੋ ਘਟ 5 ਰੁਪਏ ਟੈਕਸ ਲਾਇਆ ਜਾਵੇ । ਬਾਕੀ ਦੇ ਜੋ ਟੈਕਸ ਹਨ ਉਹ ਠੀਕ ਨਹੀਂ ਹਨ ।

ਹੁਣ ਮੈਂ ਕੁਝ ਐਗਰੀਕਲਚਰ ਡਿਪਾਰਟਮੈਂਟ ਬਾਰੇ ਕਹਿਣਾ ਚਾਹੁੰਦਾ ਹਾਂ । ਮੈਂ ਸਮਝਦਾ ਹਾਂ ਕਿ ਇਨ੍ਹਾਂ ਦੇ ਜੋ ਐਕਸਪਰਟਸ ਹਨ ਇਹ ਕੁਝ ਨਹੀਂ ਕਰਦੇ, ਇਨ੍ਹਾਂ ਨੂੰ ਰਾਜਸਥਾਨ ਵਿੱਚ ਇਕ ਬੜਾ ਭਾਰੀ ਫਾਰਮ ਕਾਇਮ ਕਰਕੇ ਉਥੇ ਭੇਜ਼ ਦਿੱਤਾ ਜਾਵੇ । ਫਿਰ ਦੇਖਿਆ ਜਾਵੇ ਕਿ ਇਹ ਪਦਾਵਾਰ ਕਿੰਨੀ ਵਧਾਉਂਦੇ ਹਨ । ਮੈਂ ਜਦੋਂ ਡਿਪਟੀ ਮਨਿਸਟਰ ਸਾਂ ਤਾਂ ਮੈਂ ਮਾਲੋਵਾਲ ਅਤੇ ਅਬੋਹਰ ਦੇ ਫਾਰਮ ਦੇਖਣ ਗਿਆ । ਉਹ ਖਸਾਰੇ ਵਿੱਚ ਜਾ ਰਹੇ ਹਨ । ਉਥੇ ਕੋਈ ਐਕਸਪੈਰੀਮੈਂਟ ਨਹੀਂ ਹੋ ਰਿਹਾ । ਮੈਨੂੰ ਇਹ ਦਸਿਆ ਗਿਆ ਕਿ ਮਾਲੋਵਾਲ ਦਾ ਜੋ ਫਾਰਮ ਹੈ ਇਹ ਯੂਨੀਵਰਸਿਟੀ ਦੇ ਅੰਡਰ ਹੈ । ਉਥੇ ਦਾ ਮੈਨੇਜਰ ਕਈ ਕਈ ਦਿਨ ਉਥੇ ਨਹੀਂ ਆਉਂਦਾ । ਹਜ਼ਾਰਾਂ ਰੁਪਿਆਂ ਦੀਆਂ ਉਨ੍ਹਾਂ ਦੀਆਂ ਕੋਠੀਆਂ ਬਣੀਆਂ ਹੋਈਆਂ ਹਨ । ਬੈਲਾਂ ਦਾ ਦਾਣਾ ਪੱਲੇਦਾਰ ਖਾਂਦੇ ਹਨ, ਪਸ਼ੂਆਂ ਨੂੰ ਪੂਰੀ ਖੁਰਾਕ ਨਹੀਂ ਮਿਲਦੀ । ਇਸ ਤਰ੍ਹਾਂ ਦੀਆਂ ਇਖ਼ਲਾਕੀ ਗਿਰਾਵਟ ਦੀਆਂ ਗੱਲਾਂ ਹੋ ਰਹੀਆਂ ਹਨ । ਮੈਂ ਕਹਿੰਦਾ ਹਾਂ ਕਿ ਇਨ੍ਹਾਂ ਫਾਰਮਾਂ ਨੂੰ ਬੰਦ ਕਰਕੇ ਇਕ ਵੱਡੇ ਸਕੇਲ ਤੇ ਫਾਰਮ ਕਿਸੇ ਹੋਰ ਸੂਬੇ ਵਿੱਚ ਕਾਇਮ ਕੀਤਾ ਜਾਵੇ ਜਿੱਥੇ ਬੀਜ ਪੈਦਾ ਕੀਤੇ ਜਾਣ । ਅਗਰ ਮੈਂ ਡਿਪਟੀ ਮਨਿਸਟਰ ਰਹਿੰਦਾ ਤਾਂ ਮੈਂ ਯਕੀਨ ਦਿਵਾਉਂਦਾ ਹਾਂ ਕਿ ਮੈਂ ਇਸ ਤਰ੍ਹਾਂ ਕਰ ਦੇਣਾ ਸੀ । ਅਗਰ ਰਾਜਸਥਾਨ ਵਿੱਚ ਰੂਸੀ ਆਕੇ ਬਣਾ ਸਕਦੇ ਹੋਣ, ਹੋਰ ਬਣਾ ਸਕਦੇ ਹੋਣ ਤਾਂ ਕੀ ਪੰਜਾਬ ਵਾਲੇ ਕੁਝ ਰਕਬਾ ਲੈ ਕੇ ਫਾਰਮ ਨਹੀਂ ਬਣਾ ਸਕਦੇ । ਇਹ ਜ ਇਨ੍ਹਾਂ ਫਾਰਮਾਂ ਹੇਠ ਗਰੀਬਾਂ ਦੀ ਜ਼ਮੀਨ ਹੈ ਇਹ ਉਨ੍ਹਾਂ ਨੂੰ ਦੇ ਦੇਣੀ ਚਾਹੀਦੀ ਹੈ । ਇਹ ਠੀਕ ਹੈ ਕਿ ਐਗਰੀਕਲਚਰ ਦੇ ਮਹਿਕਮੇ ਨੇ ਮਿਹਨਤ ਕੀਤੀ ਹੈ, ਇਸ ਵਿਚ ਸ਼ੱਕ ਨਹੀਂ ਹੈ ਮਗਰ ਅਜੇ ਤਕ ਮਸ਼ੀਨ ਪਾਰਟਸ ਇਹ ਹਾਲੇ ਤਕ ਮੁਹੈਯਾ ਨਹੀਂ ਕਰ ਸਕੇ, ਮੈਂ ਇਹ ਐਕਸਪਰਟਸ ਨੂੰ ਪੁਛਿਆ ਕਿ ਕੋਈ ਕਿਸਾਨ ਬੈਲਾਂ ਨਾਲ ਬੀਜ ਕਿਵੇਂ ਪਾ ਸਕਦਾ ਹੈ । 14 ਫਰਵਰੀ ਨੂੰ ਟਰੈਕਟਰਾਂ ਦੀ ਇਕ ਨੁਮਾਇਸ਼ ਹੋਈ, ਉਥੇ ਐਕਸਪਰਟਸ ਨੂੰ ਮੈਂ ਇਹ ਪੁਛਿਆ ।

ਸ੍ਰੀ ਸਭਾਪਤੀ : ਕੋਹਲੀ ਸਾਹਿਬ, ਜਦ ਕਈ ਮੈਂਬਰ ਬੋਲ ਰਿਹਾ ਹੋਵੇ ਤਾਂ ਉਸ ਦੇ ਅਤੇ ਚੇਅਰ ਦੇ ਵਿੱਚੋਂ ਨਹੀਂ ਗੁਜ਼ਰਨਾ ਚਾਹੀਦਾ । ਹੁਣ ਠੀਕ ਹੈ ਅੱਗੇ ਤੋਂ ਖ਼ਿਆਲ ਰਖਣਾ । (Sardar

Sardara Singh Kohli may please note that if an hon. Member is speaking he should not cross the floor between that hon. Member and the Chair. Now it is all right. He should note it for future.)

ਗਿਆਨੀ ਬਖ਼ਤਾਵਰ ਸਿੰਘ ਰਾਏ : ਮੈਂ ਅਰਜ਼ ਕਰਦਾ ਹਾਂ ਕਿ ਕੋਆਪਰੇਟਿਵ ਡਿਪਾਰਟਮੈਂਟ ਵਿੱਚ ਕਾਫੀ ਮਿਹਨਤ ਕੀਤੀ ਗਈ ਹੈ ਅਤੇ ਇਸ ਨੂੰ ਹੋਰ ਸੁਧਾਰਨ ਦੀ ਲੋੜ ਹੈ । ਮੈਂ ਆਪ ਇਹ ਵੇਖਿਆ ਹੈ ਕਿ ਕੋਆਪਰੇਟਿਵ ਡਿਪਾਰਟਮੈਂਟ ਵਿੱਚ ਬੜੇ ਗਲਤ ਆਦਮੀ ਨੇ ਔਰ ਅਜਿਹੇ ਗਲਤ ਆਦਮੀ ਹਨ ਅਤੇ ਅਜਿਹੇ ਖੁਸ਼ਾਮਦੀ ਹਨ ਕਿ ਜੋ ਪੈਸਾ ਗਰੀਬ ਜਨਤਾ ਦਾ ਸੀ ਉਸ ਨੂੰ ਉਨ੍ਹਾਂ ਨੇ ਆਪਣੇ ਜ਼ਾਤੀ ਮੁਫਾਦ ਲਈ ਅਤੇ ਜ਼ਾਤੀ ਗਰਾਜ਼ ਲਈ ਵਰਤਿਆ । ਇਹ ਉਨ੍ਹਾਂ ਦਾ ਗੁਨਾਹ ਨਾ ਕਾਬਲੇ ਮਾਫੀ ਹੈ । ਮੈਂ ਜ਼ਿਲਾ ਫਿਰੋਜ਼ਪੁਰ ਦੇ ਵਿੱਚ ਕੋਆਪਰੇਟਿਵ ਟਰਾਂਸਪੋਰਟ ਦਾ ਜ਼ਿਕਰ ਕਰਦਾ ਹਾਂ। ਜਿਹੜੇ ਕੋਆਪਰੇਟਿਵ ਲੀਹਾਂ ਤੇ ਚਲਣ ਵਾਲੇ ਅਦਾਰੇ ਹਨ ਮੈਂ ਉਨ੍ਹਾਂ ਸੁਸਾਇਟੀਆਂ ਨੂੰ ਹੱਥ ਪਾਣਾ ਚਾਹੁੰਦਾ ਸਾਂ ਪਰ ਇਨ੍ਹਾਂ ਨੇ ਇਕ ਵੱਡੀ ਤਕੜੀ ਸਾਜ਼ਸ਼ ਕਰਕੇ ਮੇਰੇ ਖਿਲਾਫ਼ ਖੜੀ ਕਰ ਦਿੱਤੀ। (ਵਿਘਨ) ਕੋਈ ਬਾਤ ਨਹੀਂ ਸੀ। ਪਰ ਮੈਂ ਇਹ ਗੱਲ ਸਾਫ ਕਰ ਦਿਆਂ ਕਿ ਮੈਨੂੰ ਰੋਕਣ ਵਾਲਾ ਕੌਣ ਹੋ ਸਕਦਾ ਹੈ ਸਮੇਂ ਸਿਰ ਕੁਦਰਤ ਦਸੇਗੀ। ਅਤੇ ਜੇਕਰ ਮੈਨੂੰ ਫਿਰ ਮੌਕਾ ਮਿਲਿਆ ਤਾਂ ਵੀ ਮੈਂ ਰੁਕਾਂਗਾ ਨਹੀਂ । ਮੈਂ ਉਥੇ ਆਫੀਸ਼ਲ ਅਤੇ ਆਫੀਸਰਾਂ ਨੂੰ ਐਡਰੈਸ ਕੀਤਾ ਤਾਂ ਕਈ ਗੱਲਾਂ ਦਾ ਪਤਾ ਲਗਿਆ ਤੇ ਉਹ ਜਾਣਦੇ ਨੇ ਕਿ ਮੈਂ ਕੀ ਕੁਝ ਕਿਹਾ। ਉਨ੍ਹਾਂ ਦੇ ਮਨਾਂ ਦਾ ਮੈਨੂੰ ਪਤਾ ਹੈ ਅਤੇ ਮੈਨੂੰ ਇਹ ਵੀ ਪਤਾ ਹੈ ਕਿ ਉਨ੍ਹਾਂ ਦੇ ਮਨ ਤੇ ਕੀ ਗੁਜ਼ਰਦੀ ਸੀ ਅਤੇ ਉਨ੍ਹਾਂ ਦੇ ਮਨਾਂ ਦੀ ਕੀ ਅਵਸਥਾ ਸੀ । ਇਸ ਸਬਧ ਵਿੱਚ ਮੈਂ ਕੋਆਪਰੇਸ਼ਨ ਦੇ ਵਜ਼ੀਰ ਚੌਧਰੀ ਕਰਤਾਰ ਸਿੰਘ ਨੂੰ ਕਿਹਾ ਹੈ ਅਤੇ ਕੁਝ ਗੱਲਾਂ ਦਸੀਆਂ ਵੀ ਹਨ ਉਨ੍ਹਾਂ ਅਦਾਰਿਆਂ ਬਾਰੇ ਜਿਹੜੇ ਕੋਆਪਰੇਟਿਵ ਸੈਕਟਰ ਵਿੱਚ ਖੁਲੇ ਹੋਏ ਹਨ । ਫਿਰੋਜ਼ਪੁਰ ਦੇ ਸੈਂਟਰਲ ਕੋਆਪਰੇਟਿਵ ਬੈਂਕ ਵਿੱਚ ਇਕੋ ਹੀ ਆਦਮੀ ਪਿਛਲੇ ਅਠ ਸਾਲਾਂ ਤੋਂ ਚਲਿਆ ਆ ਰਿਹਾ ਹੈ ਹਾਲਾਂਕਿ ਉਸ ਦੇ ਖਿਲਾਫ 40 ਤੋਂ ਵਧ ਗ਼ਬਨ ਦੇ ਕੇਸ ਬਣੇ ਸੀ। ਪਰ ਮੈਨੂੰ ਪਤਾ ਹੈ ਕਿ ਅੱਜ ਅਫਸਰ ਮਜਬੂਰ ਨੇ ਕੁਝ ਨਹੀਂ ਕਰ ਸਕਦੇ । ਇਸ ਨੇ ਅਸਤੀਫ਼ਾ ਵੀ ਦਿੱਤਾ ਸੀ ਪਰ ਅੱਜ ਇਹ ਹਾਲਤ ਹੈ ਕਿ ਕੋਈ 84 ਹਜ਼ਾਰ ਰੁਪਿਆ ਗਰੀਬ ਜਨਤਾਂ ਦਾ ਅੱਠਾਂ ਸਾਲਾਂ ਤੋਂ ਇਸ ਪਾਸੇ ਲਗਾ ਫਿਰਿਆ ਅਜੇ ਤਕ ਕੋਈ ਕਾਰਵਾਈ ਨਹੀਂ ਕੀਤੀ ਗਈ । ਕਿਤਨੇ ਅਫ਼ਸੋਸ ਵਾਲੀ ਬਾਤ ਹੈ ।

ਇਸ ਤੋਂ ਅੱਗੇ ਚੇਅਰਮੈਨ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਜੋ ਹੈ ਉਸ ਦੇ ਬਾਰੇ ਅਤੇ ਖਾਸ ਕਰਕੇ ਜੋ ਫਿਰੋਜ਼ਪੁਰ ਦੇ ਬਾਰਡਰ ਦਾ ਇਲਾਕਾ ਹੈ ਉਸ ਦੇ ਬਾਰੇ ਵਿੱਚ ਕਹਿਣਾ ਹੈ । ਜੋ ਗੁਰਦਾਸਪੁਰ ਤੇ ਅੰਮ੍ਰਿਤਸਰ ਦਾ ਬਾਰਡਰ ਦਾ ਇਲਾਕਾ ਹੈ ਉਸ ਵਿੱਚ ਜੇਕਰ ਪਾਕਿਸਤਾਨੀ ਆਕੇ ਖੇਮ ਕਰਨ ਨੂੰ ਤਬਾਹ ਕਰ ਸਕਦੇ ਹਨ ਅਤੇ ਉਸ ਨੂੰ ਆਪਣੇ ਕਬਜ਼ੇ ਵਿੱਚ ਕਰ ਸਕਦੇ ਹਨ ਅਤੇ ਗੁਰਦਾਸਪੁਰ ਵਿੱਚ ਤਬਾਹੀ ਕਰ ਸਕਦੇ ਹਨ ਤੇ ਲੋਕਾਂ ਨੂੰ ਉਥੋਂ ਭਜਾ ਸਕਦੇ ਹਨ ਅਤੇ ਇਲਾਕੇ ਨੂੰ ਵੀ ਤਬਾਹ ਕਰ ਸਕਦੇ ਹਨ ਤਾਂ ਉਹ ਫਿਰੋਜ਼ਪੁਰ ਵਿੱਚ ਤਬਾਹੀ ਕੀ ਨਹੀਂ ਸਨ ਕਰ ਸਕਦੇ? ਪਰ ਇਸ ਇਲਾਕੇ ਦੇ ਰਾਏ ਸਿਖਾਂ ਨੇ ਉਨ੍ਹਾਂ ਨੂੰ ਠੱਲ ਪਾਈ । ਇਸ ਇਲਾਕੇ ਵਿੱਚ ਰਾਏ ਸਿਖਾਂ ਨੂੰ ਆਬਾਦ ਕੀਤਾ ਗਿਆ ਉਨ੍ਹਾਂ ਨੂੰ ਪਛੜਿਆ ਰਖਿਆ ਗਿਆ ਹੈ ਜਰਾਇਮ ਪੇਸ਼ਾ ਦੀ ਕਲਾਜ਼ ਉਨ੍ਹਾਂ ਤੇ ਲਗਾ ਦਿਤੀ ਗਈ ਹੈ ਅਤੇ ਜਾਣ ਬੁਝ ਕੇ ਪਿਛਲੇ 100 ਸਾਲ ਤੋਂ ਅੰਗਰੇਜ਼ ਨੇ ਜਾਣ ਕੇ ਇਸ ਤਰ੍ਹਾਂ ਕੀਤਾ ਉਨ੍ਹਾਂ ਨੂੰ ਮਾੜੇ ਸਮਝ ਕੇ ਅੱਗੇ ਨਹੀਂ ਆਉਣ ਦਿੱਤਾ ਅਤੇ ਇਹੀ ਭਾਵਨਾ ਅਜ ਸਰਕਾਰ ਦੇ ਮਨ ਵਿੱਚ ਇਨ੍ਹਾਂ ਲੋਕਾਂ ਦੇ ਬਾਰੇ ਵਿੱਚ ਚਲੀ ਆ ਰਹੀ ਹੈ। ਮੈਂ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦ ਫਿਰੋਜ਼ਪੁਰ ਬਾਰਡਰ ਤੇ ਹਮਲਾ ਕੀਤਾ ਗਿਆ ਤਾਂ ਇਨ੍ਹਾਂ ਹੀ ਰਾਏ ਸਿੱਖਾਂ ਦੀ ਹਿੰਮਤ ਨਾਲ ਲੋਕਾਂ ਨੇ ਪਾਕਿਸਤਾਨੀਆਂ ਨਾਲ

[ਗਿਆਨੀ ਬਖਤਾਵਰ ਸਿੰਘ ਰਾਏ]

ਟੱਕਰ ਲਈ ਅਤੇ ਉਨ੍ਹਾਂ ਨੂੰ ਦਬਾ ਕੇ ਰਖਿਆ। ਇਨ੍ਹਾਂ ਦਾ ਦਬਾ ਸੀ ਅਤੇ ਦਬਾ ਹੈ ਅਤੇ ਪਾਕਿਸਤਾਨੀ ਫਾਜ਼ਿਲਕਾ ਤੋਂ ਤਿੰਨ ਮੀਲ ਬਾਹਰ ਆਪਣੇ ਮੋਰਚੇ ਬਨਾਣ ਲਗ ਪਏ । ਖੇਮ ਕਰਨ ਵਾਂਗ ਕੀ ਫਾਜ਼ਿਲਕਾ ਹੈਸੀਅਤ ਨਹੀਂ ਸੀ ਰਖਦਾ? ਪਰ ਇਸ ਪਾਸੇ ਧਿਆਨ ਨਹੀਂ ਦਿੱਤਾ ਗਿਆ। ਫਾਜ਼ਿਲਕਾ ਬਾਰਡਰ ਤੇ ਲੜਨ ਵਾਲੇ ਕੌਣ ਸਨ ਇਹ ਰਾਏ ਸਿਖ ਜੋ ਹੋਮ ਗਾਰਡ ਦੇ ਬੰਦੇ ਸਨ ਇਨ੍ਹਾਂ ਨੇ ਮੁਕਾਬਲਾ ਕੀਤਾ ਅਤੇ ਹਜ਼ਾਰਾਂ ਬੰਦੇ ਸ਼ਹੀਦ ਹੋਏ ਪਰ ਇਨ੍ਹਾਂ ਬਹਾਦਰਾਂ ਲਈ ਸਰਕਾਰ ਪਾਸ ਕੋਈ ਪ੍ਰਸੰਸਾ ਨਹੀਂ । ਮੈਂ ਸੱਚ ਕਹਿਣਾ ਚਾਹੁੰਦਾ ਹਾਂ ਕਿ ਸਰਕਾਰਾਂ ਵੀ ਹੁੰਦੀਆਂ ਹਨ ਅਤੇ ਸਰਕਾਰੀ ਕਰਮਚਾਰੀ ਵੀ ਹੁੰਦੇ ਹਨ ਅਤੇ ਕਾਰਵਾਈਆਂ ਵੀ ਹੁੰਦੀਆਂ ਹਨ ਪਰ ਇਸ ਇਲਾਕੇ ਵਲ ਕੋਈ ਧਿਆਨ ਨਹੀਂ ਦਿੱਤਾ ਗਿਆ। ਸਰਦਾਰ ਦਰਬਾਰਾ ਸਿੰਘ, ਮੇਰੇ ਕਹਿਣ ਤੇ ਇਥੇ ਪੁਜੇ ਸਨ ਅਤੇ ਇਨ੍ਹਾਂ ਨੇ ਹਾਲਾਤ ਵੇਖੇ ਸਨ । ਮੈਂ ਇਸ ਗੱਲ ਨੂੰ ਪਹਿਲਾਂ ਵੀ ਕਿਹਾ ਸੀ ਅਤੇ ਆਪਣੇ ਪਰਚੇ ਵਿਚ ਵੀ ਲਿਖਿਆ ਸੀ ਕਿ ਇਹ ਸਰਕਾਰ ਖੁਸ਼ਾਮਦੀਆਂ ਦੀ ਸਰਕਾਰ ਹੈ ਅਤੇ ਬੜੇ ਬੜੇ ਖੁਸ਼ਾਮਦੀਆਂ ਦੀ ਅੱਜ ਕਲ ਚਾਂਦੀ ਹੈ । ਜਦ ਵੀ ਕੋਈ ਬੜਾ ਅਫ਼ਸਰ ਜਾਂ ਲੀਡਰ ਜਾਂ ਮਨਿਸਟਰ ਜਾਂਦਾ ਹੈ ਤਾਂ ਇਹ ਹੱਥਾਂ ਵਿੱਚ ਹਾਰ ਲੈ ਕੇ ਉਨ੍ਹਾਂ ਦੇ ਮਗਰ ਮਗਰ ਫਿਰਦੇ ਹਨ ਤਨਤਨਾਤੇ ਹੋਏ ਅਤੇ ਲੋਕ ਹਿਤੈਸ਼ੀ ਜੋ ਹਨ ਉਨਾਂ ਨੂੰ ਆਪਣੀਆਂ ਤਕਲੀਫਾਂ ਇਨ੍ਹਾਂ ਅਫਸਰਾਂ ਤੇ ਮਨਿਸਟਰਾਂ ਪਾਸ ਰਖਣ ਦਾ ਮੌਕਾ ਹੀ ਨਹੀਂ ਦਿੰਦੇ । ਉਹ ਦੱਸ ਨਹੀਂ ਸਕਦੇ ਕਿ ਪਿੰਡਾਂ ਦੀਆਂ ਕੀ ਮੁਸ਼ਕਲਾਂ ਹਨ ਤੇ ਕੀ ਹਾਲਤ ਹੈ । ਇਹ ਸਰਕਾਰ ਝੋਲੀ ਚੁਕਾਂ ਤੇ ਖੁਸ਼ਾਮਦੀਆਂ ਦੀ ਸਰਕਾਰ ਹੈ। ਮੈਂ ਸਰਦਾਰ ਗਿਲ ਨੂੰ ਕਹਾਂਗਾ, ਆਪਣੇ ਲੀਡਰ ਨੂੰ ਕਹਾਂਗਾ ਕਿ ਉਹ ਇਸ ਤਰ੍ਹਾਂ ਦੇ ਟੋਲੇ ਤੋਂ ਬਚਣ ਨਹੀਂ ਤਾਂ ਨਾ ਉਹ ਆਪ ਬਚਣਗੇ ਤੇ ਨਾ ਹੀ ਲੋਕ ਬਚਣਗੇ । ਕੋਈ ਵੀ ਤਬਾਹੀ ਤੋਂ ਨਹੀਂ ਬਚ ਸਕਦਾ । ਫਰੰਟ ਦੀ ਸਰਕਾਰ ਵਲੇ ਮੈਂ ਕਿਹਾ ਸੀ, ਸਰਦਾਰ ਗੁਰਚਰਨ ਸਿੰਘ ਸਾਹਮਣੇ ਬੈਠੇ ਹਨ,ਇਕ ਸਟੇਜ ਤੇ ਖਾਣਾ ਖਾਂਦਿਆਂ ਇਹ ਕਿਹਾ ਸੀ ਕਿ ਗੁਰਚਰਨ ਸਿੰਘ ਜੋ ਆਦਮੀ ਆਪਣੇ ਕੌਲ ਤੇ ਫੇਲ੍ਹ ਦਾ ਪੂਰਾ ਨਹੀਂ ਉਹ ਦੁਨੀਆਂ ਵਿੱਚ ਕਦੇ ਕਾਮਯਾਬ ਨਹੀਂ ਹੋ ਸਕਦਾ । ਇਹ ਸਾਹਮਣੇ ਸਾਖਿਆਤ ਬੈਠੇ ਹਨ ਇਨ੍ਹਾਂ ਤੋਂ ਪੁਛ ਲਉ । ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਗਿੱਲ ਸਾਹਿਬ, ਜਕਰ ਤੁਸੀਂ ਇਸ ਤਰ੍ਹਾਂ ਖੁਸ਼ਾਮਦੀਆਂ ਨੂੰ ਨਾਲ ਰਖੋਗੇ ਅਤੇ ਗਲਤ ਬਾਤ ਨੂੰ ਸਾਹਮਣੇ ਰਖੋਗੇ ਤਾਂ ਯਕੀਨ ਸਮਝੋ ਇਹ ਤੁਹਾਡੀ ਨਾਪਾਇਦਾਰੀ ਹੋਵੇਗੀ । (ਵਿਘਨ) (ਵਿਰੋਧੀ ਦਲ ਵਲੋਂ ਪ੍ਰਸੰਸਾ) ਮੈਂ ਉਸੇ ਤਰ੍ਹਾਂ ਕਾਇਮ ਹਾਂ ਹਟ ਨਹੀਂ ਸਕਦਾ, ਮਿਟ ਨਹੀਂ ਸਕਦਾ। ਮੈਂ ਗਿਲ ਸਾਹਿਬ ਤੁਹਾਡੀ ਤਕੜਾ ਹੋ ਕੇ ਮਦਦ ਕਰਾਂਗਾ ਜੇਕਰ ਤੁਸੀਂ ਸਹੀ ਚਲਦੇ ਰਹੇ ਤਾਂ,ਤੇ ਜੇਕਰ ਸਹੀ ਨਾ ਚਲੇ ਤਾਂ ਫਿਰ ਮੈਂ ਸੋਚ ਲਵਾਂਗਾ । (ਵਿਘਨ) (ਵਿਰੋਧੀ ਦਲ ਵਲੋਂ ਪ੍ਰਸ਼ੰਸਾ)

ਇਕ ਗੱਲ ਮੈਂ ਚੇਅਰਮੈਨ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਜੋ ਰਾਏ ਸਿਖ ਬਾਰਡਰ ਤੇ ਬੈਠੇ ਹਨ ਬੜਾ ਅਫ਼ਸੋਸ ਹੈ ਕਿ ਫਰੰਟ ਦੀ ਸਰਕਾਰ ਨੇ ਜੋ ਪੰਜਾਂ ਕਿਸ਼ਤਾਂ ਦੀ ਗੱਲ ਉਨ੍ਹਾਂ ਨਾਲ ਕੀਤੀ ਸੀ ਉਸ ਤੇ ਅਮਲ ਨਹੀਂ ਕੀਤਾ ਗਿਆ । ਸੰਨ 1965 ਦੀ ਰਬੀ ਦੀ ਗਿਰਦਾਵਰੀ ਅਨੁਸਾਰ ਜਿਹੜੇ ਪਾਕਿਸਤਾਨ ਦੇ ਏਰੀਏ ਤੇ ਬੈਠੇ ਸਨ ਰੈਡਕਲਿਫ ਅਵਾਰਡ ਦੇ ਅਨੁਸਾਰ ਸੰਨ 1962—63 ਵਿਚ ਪਾਕਿਸਤਾਨੀ ਰਕਬ ਤੇ ਬੈਠੇ ਸਨ ਤੇ ਮੇਰਾ ਭਾਈਚਾਰਾ ਅਤੇ ਹਜ਼ਾਰਾਂ ਫੈਮਲੀਆਂ ਆਬਾਦ ਹੋਈਆਂ ਸਨ । ਮੈਂ ਸਰਕਾਰ ਨੂੰ ਸੰਨ 1962 ਵਿੱਚ ਵੀ ਕਿਹਾ ਸੀ ਕਿ ਮੈਂ ਉਨ੍ਹਾਂ ਲੋਕਾਂ ਨੂੰ ਪਾਕਿਸਤਾਨੀ ਬਣਾ ਦੇਣ ਲਈ ਤਰਜੀਹ ਦਿਆਂਗਾ ਕਿਉਂਕਿ ਉਨ੍ਹਾਂ ਨਾਲ ਸੰਨ 1947 ਵਿੱਚ ਵਾਅਦਾ ਕੀਤਾ ਗਿਆ ਸੀ ਕਿ ਤੁਹਾਨੂੰ ਉਖਾੜਾਂਗੇ ਨਹੀਂ ਪਰ ਸੰਨ 1949 ਵਿੱਚ ਉਨ੍ਹਾਂ ਨੂੰ ਉਖਾੜ ਕੇ ਕੋਈ ਰਾਜਿਸਥਾਨ ਤੇ ਕੋਈ ਯੂ. ਪੀ. ਵਿੱਚ ਭੇਜ ਦਿੱਤੇ ਗਏ । ਮੈਂ ਪੁਛਦਾ ਹਾਂ ਕਿ ਤੁਹਾਨੂੰ ਕੀ ਹਕ ਸੀ ਇਸ ਤਰ੍ਹਾਂ ਕਰਨ ਦਾ। ਉਹ ਪਾਕਿਸਤਾਨੀ ਏਰੀਏ ਤੇ ਬੈਠੇ ਸਨ ਉਨ੍ਹਾਂ ਨੂੰ ਹਿੰਦੁਸਤਾਨ ਦੀ ਨਹੀਂ ਪਾਕਿਸਤਾਨ

ਦੀ ਹਕੂਮਤ ਮੰਨ ਲੈਣ ਦਿਉ । ਪਰ ਇਸ ਤਰ੍ਹਾਂ ਨਹੀਂ ਕੀਤਾ ਗਿਆ ਤੇ ਨਤੀਜਾ ਇਹ ਹੋਇਆ ਕਿ ਉਹ ਅੱਜ ਤਕ ਆਪਣੇ ਪੈਰਾਂ ਤੇ ਖੜੇ ਨਹੀਂ ਹੋ ਸਕੇ । ਇਸ ਦੇ ਨਾਲ ਹੀ ਜਿਹੜੇ ਰਾਏ ਸਿਖ ਸਿਧਵਾਂ ਬੇਟ ਤੇ ਬੈਠੇ ਹਨ, ਜਿਹੜੇ ਫਿਰੋਜ਼ਪੁਰ ਦੇ ਬਾਰਡਰ ਤੇ ਬੈਠੇ ਹਨ ਉਨ੍ਹਾਂ ਨੂੰ ਹਕੂਕ ਨਹੀਂ ਦਿੱਤੇ ਜਾ ਰਹੇ । ਸਿਧਵਾਂ ਬੇਟ ਦੇ ਰਾਏ ਸਿਖਾਂ ਦੇ ਕੇਸ ਬਾਰੇ ਹਾਈ ਕੋਰਟ ਦੀ ਸਟੇ ਦੇਣ ਦੇ ਬਾਵਜੂਦ ਵੀ ਹਾਲਾਤ ਨਹੀਂ ਬਦਲੇ । ਸਗੋਂ ਹਾਲਤ ਇਹ ਹੋ ਗਈ ਹੈ ਕਿ ਮੇਰੇ ਹਿੰਦੁਸਤਾਨੀ ਅਤੇ ਪੰਜਾਬੀ ਹੁੰਦੇ ਹੋਏ ਵੀ ਮੇਰੇ ਪੈਸੇ ਉਥੇ ਨਹੀਂ ਲਏ ਗਏ ਹਾਲਾਂਕਿ ਪਜ ਸਟੈਂਡਰਡ ਏਕੜ ਦਾ ਮੇਰਾ ਰਾਈਟ ਉਸ ਏਰੀਏ ਵਿੱਚ ਸੀ । ਮੈਨੂੰ ਦਸਿਆ ਜਾਵੇ ਕਿ ਕੀ ਬਾਤ ਹੈ ਔਰ ਕੀ ਮਜਬੂਰੀ ਹੈ ਜਿਸ ਕਾਰਨ ਇਸ ਤਰ੍ਹਾਂ ਕੀਤਾ ਜਾਂਦਾ ਹੈ ਔਰ ਕਿਆਮਤ ਬਰਪਾ ਕਰ ਦਿਤੀ ਜਾਂਦੀ ਹੈ ਗਰੀਬ ਲੋਕਾਂ ਲਈ । ਮੈਂ ਇਹ ਕਹਾਂਗਾ ਕਿ ਜਦ ਇਕ ਅਸੈਂਬਲੀ ਦਾ ਫੈਸਲਾ ਹੋ ਗਿਆ, ਕੈਬਨਿਟ ਦਾ ਫੈਸਲਾ ਹੋ ਗਿਆ ਤਾਂ ਉਸ ਤੇ ਅਮਲ ਕਿਉਂ ਨਹੀਂ ਕੀਤਾ ਜਾਂਦਾ ਤੇ ਇਸ ਗੱਲ ਨੂੰ ਯਾਦ ਰਖ ਕਿ ਜੇਕਰ ਇਸ ਫਸਲੇ ਨੂੰ ਤੁਸੀਂ ਬਦਲ ਦਿੱਤਾ, ਜਿਹੜਾ ਕਿ ਪੰਜ ਸਾਲ ਦੀਆਂ ਕਿਸ਼ਤਾਂ ਵਾਲਾ ਕੀਤਾ ਗਿਆ ਸੀ, ਜੋ ਰਬੀ ਸੰਨ 1965 ਦਾ ਫੈਸਲਾ ਹੈ, ਤਾਂ ਲੋਕੀ ਮਰ ਜਾਣਗੇ ਪਰ ਜਾਣ ਕਿਥੇ । ਇਹ ਗਲ ਯਾਦ ਰਖੋ ਕਿ ਉਹ ਇਨ੍ਹਾਂ ਜ਼ਮੀਨਾਂ ਤੋਂ ਨਹੀਂ ਉਠਣਗੇ ਅਤੇ ਕਿਤੇ ਵੀ ਨਹੀਂ ਚਲੇ ਜਾਣਗੇ । ਇਸ ਤਰ੍ਹਾਂ ਇਕ ਗੜਬੜ ਪੈਦਾ ਹੋ ਜਾਵੇਗੀ । ਮੈਂ ਸਮਝਦਾ ਹਾਂ ਕਿ ਪਟਵਾਰੀ ਜਿਹੜਾ ਹੈ ਉਹ ਕਾਤਲ ਹੈ ਮੇਰੇ ਪੰਜਾਬ ਦਾ ਉਸ ਨੇ ਗਿਰਦਾਵਰੀਆਂ ਬਦਲ ਕੇ ਲੋਕਾਂ ਨੂੰ ਲੜਾਇਆ ਹੈ । ਹਾਈ ਕੋਰਟ ਦੇ ਸਟੇ ਹੋਣ ਤੇ ਵੀ ਗਜ਼ੀਵਾਲਾ, ਤਸੀਲ ਫਿਰੋਜ਼ਪੁਰ ਵਿਚ ਜੋ ਤਸ਼ੱਦਦ ਪੁਲਿਸ ਵਲੋਂ ਕੀਤਾ ਗਿਆ, ਔਰਤਾਂ ਨੂੰ ਮਾਰਿਆ ਗਿਆ, ਬੱਚਿਆਂ ਤੇ ਹੱਥ ਚੁਕਿਆ ਗਿਆ ਅਤੇ ਬੰਦਿਆਂ ਤੇ ਜੋ ਜੋ ਜ਼ੁਲਮ ਪੁਲਿਸ ਨੇ ਕੀਤਾ ਉਹ ਬਿਆਨ ਤੋਂ ਬਾਹਰ ਹੈ । ਹਾਈ ਕੋਰਟ ਨੇ ਇਹ ਸਟੇ ਦਿਤਾ ਕਿ ਲੋਕਾਂ ਨੂੰ ਨਾ ਉਠਾਇਆ ਜਾਏ ਤਾਂ ਇਸ ਫੈਸਲੇ ਤੇ ਜੋ ਕੁਝ ਪੁਲਿਸ ਨੇ ਕੀਤਾ ਉਸ ਦੀ ਮਿਸਾਲ ਨਹੀਂ ਮਿਲਦੀ । (ਵਿਘਨ)

ਸ੍ਰੀ ਸਭਾਪਤੀ (ਸ੍ਰੀ ਲਾਲ ਚੰਦ ਸਭਰਵਾਲ) : ਮੈਂ ਗਿਆਨੀ ਜੀ, ਤੁਹਾਨੂੰ ਬੋਲਣ ਤੋਂ ਰੋਕ ਨਹੀਂ ਰਿਹਾ ਮੈਂ ਤਾਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਜੇਕਰ ਕੋਈ ਬਲ ਰਿਹਾ ਹੋਵੇ ਤਾਂ ਉਸ ਨੂੰ ਕਰਾਸ ਨਹੀਂ ਕੀਤਾ ਜਾ ਸਕਦਾ ਭਾਵੇਂ ਤੁਸੀਂ ਕਿੰਨਾ ਹੀ ਝੈਠਦੇ ਕਰਾਸ ਕਰੋ । ਤਰੀਕਾ ਇਹ ਹੈ ਕਿ ਜਦ ਕੋਈ ਮੈਂਬਰ ਬੋਲ ਰਿਹਾ ਹੋਵੇ ਤਾਂ ਉਸ ਦੀ ਪਿਛਲੀ ਸੀਟ ਤੇ ਆ ਕੇ ਬੈਠ ਜਾਉ ਤੇ ਫਿਰ ਜਦ ਉਹ ਸਪੀਚ ਖਤਮ ਕਰੇ ਤਾਂ ਆਪਣੀ ਸੀਟ ਤੇ ਆ ਜਾਉ । (I am not asking Giani Bakhtawar Singh Rai to conclude his speech but I am telling the Chief Minister that when an hon. Member is speaking the floor should not be crossed before him, even though it may be done by bowing low. The convention is that when an hon. Member is speaking you may take the seat behind him and when he has finished his speech you may come to your own seat.)

ਮੁੱਖ ਮੰਤਰੀ : ਬਹੁਤ ਅੱਛਾ ਜੀ । ਬਿਲਕੁਲ ਠੀਕ ਹੈ ਜੀ ।

ਗਿਆਨੀ ਬਖ਼ਤਾਵਰ ਸਿੰਘ ਰਾਏ : ਮੈਂ ਇਕ ਬੇਨਤੀ ਰਾਜ ਮੰਤਰੀ ਸਰਦਾਰ ਨੱਥਾ ਸਿੰਘ ਹੋਰਾਂ ਨੂੰ ਕੀਤੀ ਸੀ । ਇਸ ਗੱਲ ਦਾ ਜ਼ਿਕਰ ਕੀਤਾ ਹੈ ਕਿ ਤਿੰਨ ਜਾਂ ਚਾਰ ਹੈਡ ਹਨ, ਸੁਲੇਮਾਨਕੀ ਹੈਡ, ਹੁਸੈਨੀਵਾਲਾ ਹੈਡ, ਅਬੋਹਰਵਾਲਾ ਬੀੜ ਤਲਾਅ, ਇਸ ਦਾ ਜਿੰਨਾ ਫਾਲਤੂ ਪਾਣੀ ਹੈ ਉਸ ਨਾਲ 100 ਸਾਲ ਤੋਂ ਬੰਜਰ ਪਈ ਜ਼ਮੀਨ ਨੂੰ ਆਬਾਦ ਕੀਤਾ ਗਿਆ ਹੈ । ਅਤੇ ਇਹ ਫੈਸਲਾ

[ਗਿਆਨੀ ਬਖਤਾਵਰ ਸਿੰਘ ਰਾਏ]

ਕੀਤਾ ਗਿਆ ਸੀ ਕਿ ਇਸ ਆਬਾਦ ਕੀਤੇ ਰਕਬੇ ਦਾ ਅੱਧਾ ਹਿੱਸਾ ਰਾਏ ਸਿੱਖਾਂ ਨੂੰ ਦਿਤਾ ਜਾਵੇਗਾ ਅਤੇ ਅੱਧਾ ਹਿੱਸਾ ਹਰੀਜਨਾਂ ਨੂੰ ਦਿੱਤਾ ਜਾਵੇਗਾ ਅਤੇ ਕਈ ਦਫਾ ਪੱਟਾ ਐਕਸਟੈਂਡ ਕੀਤਾ ਗਿਆ ਪਰ ਹੁਣ ਅਫ਼ਸਰ ਕਹਿੰਦੇ ਨੇ ਕਿ ਪੱਟਾ ਐਕਸਟੈਂਡ ਨਹੀਂ ਕੀਤਾ ਜਾਵੇਗਾ, ਪੱਟਾ ਨੀਲਾਮ ਕੀਤਾ ਜਾਵੇਗਾ। ਇਸ ਤਰ੍ਹਾਂ ਕਰਨ ਨਾਲ ਲੋਕਾਂ ਦਾ ਰਾਈਟ ਮਾਰਿਆ ਜਾਵੇਗਾ । ਲੋਕ ਕਿਥੇ ਜਾਣਗੇ ? ਉਨ੍ਹਾਂ ਦੀ ਜਿਨੀ ਵੀ ਮਿਹਨਤ ਕੀਤੀ ਹੋਈ ਹੈ ਉਸ ਦਾ ਫਲ ਹੋਰ ਲੋਕਾਂ ਨੂੰ ਮਿਲ ਜਾਵੇਗਾ । ਇਸ ਲਈ ਮੈਂ ਰਾਜ ਮੰਤਰੀ ਪਾਸ ਬੇਨਤੀ ਕਰਾਂਗਾ ਕਿ ਇਹ ਇਸ ਫਾਈਲ ਨੂੰ ਮੰਗਾ ਲੈਣ ਅਤੇ ਯੋਗ ਫੈਸਲਾ ਛੇਤੀ ਦੇਣ ਜਿਸ ਨਾਲ ਲੋਕਾਂ ਦੀ ਤਸੱਲੀ ਹੋਵੇ ।

ਮੈਂ ਹੈਰਾਨ ਹਾਂ, ਚੇਅਰਮੈਨ ਸਾਹਿਬ, ਕਿ ਸੜਕਾਂ ਦੇ ਕਿਨਾਰੇ, ਦਰਿਆਵਾਂ ਦੇ ਕਿਨਾਰੇ ਜੰਗਲਾਤ ਵਾਲੇ ਸਫ਼ੈਦੇ ਦੇ ਦਰਖਤ ਲਗਾ ਰਹੇ ਹਨ ਜਿਨ੍ਹਾਂ ਦੀ ਕੀਮਤ 10 ਸਾਲ ਬਾਅਦ ਕੁਝ ਵੀ ਨਹੀਂ ਰਹਿਣੀ । ਜਿਹੜਾ ਅਫ਼ਸਰ ਅਮਰੀਕਾ ਤੋਂ ਹੋ ਕੇ ਆਉਂਦਾ ਹੈ ਅਤੇ ਉਥੇ ਕੁਝ ਵੇਖ ਕੇ ਆਉਂਦਾ ਹੈ ਉਸ ਨੂੰ ਇਥੇ ਆ ਕੇ ਖ਼ਿਆਲ ਇਹ ਹੁੰਦਾ ਹੈ ਕਿ ਉਸ ਗੱਲ ਨੂੰ ਇਥੇ ਵੀ ਸ਼ੁਰੂ ਕਰ ਦਿਤਾ ਜਾਵੇ । ਇਕ ਅਫ਼ਸਰ ਉਥੇ ਜਾਕੇ ਚਕੰਦਰ ਨੂੰ ਗਮਲਿਆਂ ਵਿਚ ਲਗਾ ਵੇਖ ਆਇਆ ਪਰ ਇਥੇ ਆਣ ਕੇ ਕਹਿਣ ਲਗਾ ਕਿ ਤੁਸੀਂ ਵੀ ਗਮਲਿਆਂ ਵਿੱਚ ਚਕੰਦਰ ਲਗਾਉ ਜਿਹੜੀ ਲਾਲ ਹੁੰਦੀ ਹੈ ਅਤੇ ਜਿਸ ਤੋਂ ਖੰਡ ਬਣਦੀ ਹੈ । (ਹਾਸਾ)

ਇਥੇ ਆਪ ਇਸ ਗੱਲ ਨੂੰ ਵੇਖਦੇ ਨਹੀਂ ਅਫ਼ਸਰ ਕਿ ਕਿਸ ਇਲਾਕੇ ਵਿੱਚ ਕੀ ਲਗ ਸਕਦਾ ਹੈ ਅਤੇ ਬਾਹਰ ਦਾ ਜਿਹੜਾ ਖ਼ਿਆਲ ਆਇਆ ਉਸ ਨੂੰ ਲਾਗੂ ਕਰ ਦਿੱਤਾ । ਇਹ ਠੀਕ ਹੈ ਕਿ ਸਰਕਾਰ ਵਲੋਂ ਇਕ ਇਸ ਤਰ੍ਹਾਂ ਦਾ ਫਾਰਮ ਸੈਟ ਅੱਪ ਕੀਤਾ ਗਿਆ ਹੈ ਕਿ ਫਲਾਨਾ ਪੌਦਾ ਫਲਾਣੀ ਥਾਂ ਤੇ ਡੀਵੈਲਪ ਕਰ ਸਕਦਾ ਹੈ (ਵਿਘਨ) ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੀ ਲੁਧਿਆਣੇ ਦੇ ਇਲਾਕੇ ਵਿੱਚ ਸੜਕ ਦੇ ਨਾਲ ਨਾਲ ਤੇ ਦਰਿਆਵਾਂ ਦੇ ਕੰਢਿਆਂ ਤੇ ਅੰਬ ਨਹੀਂ ਲਗ ਸਕਦਾ ਜਾਂ ਸ਼ੀਸ਼ਮ ਤੇ ਟਾਹਲੀ ਨਹੀਂ ਲਗ ਸਕਦੀ । ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਸੋਚ ਸਮਝ ਕੇ ਆਰਡਰ ਕਰਨੇ ਚਾਹੀਦੇ ਹਨ ਅਤੇ ਉਨ੍ਹਾਂ ਦੀ ਇੰਪਲੀਮੈਂਟੇਸ਼ਨ ਸੋਚ ਸਮਝ ਕੇ ਅਫਸਰਾਂ ਨੂੰ ਕਰਨੀ ਚਾਹੀਦੀ ਹੈ ।

ਮੈਂ ਇਕ ਗੱਲ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਬਾਰੇ ਕਹਿਣੀ ਚਾਹੁੰਦਾ ਹਾਂ ਅਤੇ ਮੈਂ ਇਹ ਸਮਝਦਾ ਹਾਂ ਕਿ ਜਦ ਤਕ ਇਹ ਨਹੀਂ ਹੋਵੇਗੀ ਗਰੀਬ ਤੇ ਕਰ ਦਾ ਭਾਰ ਕਾਇਮ ਰਹੇਗਾ । ਟ੍ਰਾਂਸਪੋਰਟਰਾਂ ਨੇ ਬੜੀ ਹੁਸ਼ਿਆਰੀ ਨਾਲ ਘਾਲੇ ਮਾਲੇ ਕਰਕੇ ਜਿਸ ਤਰੀਕੇ ਨਾਲ ਰੂਟ ਪਰਮਿਟ ਲਏ ਹਨ ਅਤੇ ਲੈਂਦੇ ਹਨ ਮੈਨੂੰ ਉਸ ਦਾ ਸਾਰਾ ਪਤਾ ਹੈ । ਇਹ ਸਮਾਜ ਅਤੇ ਸਰਕਾਰ ਦੇ ਸਿਰ ਤੇ ਛਾਏ ਹੋਏ ਹਨ ਅਤੇ ਅਸਰ ਅੰਦਾਜ਼ ਹਨ ਅਤੇ ਸਮਾਂ ਆ ਰਿਹਾ ਹੈ ਅਤੇ ਉਹ ਵੇਖੇ ਜਾਣਗੇ ਦੁਨੀਆਂ ਦੀ ਦਿਆਨਤਦਾਰੀ ਦੀ ਨਿਗਾਹ ਨਾਲ । ਅਤੇ ਇਨ੍ਹਾਂ ਦਾ ਨਾਮ ਹੀ ਨਹੀਂ ਰਹੇਗਾ ਜੇ ਇਹ ਇਸ ਤਰ੍ਹਾਂ ਕਰਦੇ ਰਹੇ । (ਵਿਘਨ) ਮੈਂ ਤਾਂ ਇਹ ਕਹਾਂਗਾ ਕਿ ਰਿਕਸ਼ਾ ਚਲਾਉਣ ਵਾਲਿਆਂ ਦੀ ਯੂਨੀਅਨ ਹੈ ਅਤੇ ਟਾਂਗੇ ਵਾਲਿਆਂ ਦੀ ਯੂਨੀਅਨ ਬਣਾ ਦਿੱਤੀ ਜਾਵੇ ਅਤੇ ਉਨ੍ਹਾਂ ਨੂੰ ਰੂਟ ਪਰਮਿਟ ਦੇ ਦਿੱਤੇ ਜਾਣ ਇਸੇ ਤਰ੍ਹਾਂ ਹੀ ਅਸੀਂ ਸੋਸ਼ਲਿਸਟਿਕ ਪੈਟਰਨ ਆਫ ਸੁਸਾਇਟੀ ਕਾਇਮ ਕਰ ਸਕਾਂਗੇ । ਜੇਕਰ ਇਸ ਤਰ੍ਹਾਂ ਨਾ ਕੀਤਾ ਗਿਆ ਤਾਂ ਸਰਕਾਰ ਆਪਣੀਆਂ ਵੀ ਜੜ੍ਹਾਂ ਖੋਖਲੀਆਂ ਕਰ ਲਏਗੀ ਅਤੇ ਸੂਬੇ ਨੂੰ ਵੀ ਕਮਜ਼ੋਰ ਕਰ ਦੇਵੇਗੀ ।

ਇਸ ਤੋਂ ਅੱਗੇ ਇਹ ਇਕ ਆਮ ਸ਼ਿਕਾਇਤ ਹੈ ਅਤੇ ਫਰੰਟ ਦੀ ਸਰਕਾਰ ਵੇਲੇ ਵੀ ਸੀ ਕਿ ਪਬਲਿਕ ਗ੍ਰੀਵੈਂਸਿਜ਼ ਅਫ਼ਸਰ ਜੋ ਜ਼ਿਲੇ ਵਿੱਚ ਅਫ਼ਸਰ ਲਗਾਏ ਜਾਂਦੇ ਹਨ ਉਹ ਆਈ.ਏ.ਐਸ. ਕਾਡਰ ਦੇ ਲਗਾਏ ਜਾਣ ਅਤੇ ਡੀ. ਸੀ. ਤੋਂ ਸੀਨੀਅਰ ਰੈਂਕ ਦੇ ਹੋਣ ਕਿਉਂਕਿ ਉਨ੍ਹਾਂ ਨੇ ਸਾਰੇ ਜ਼ਿਲੇ ਦੀਆਂ ਸ਼ਿਕਾਇਤਾਂ ਨੂੰ ਸੁਣਨਾ ਹੁੰਦਾ ਹੈ । ਅਗਰ ਐਸ. ਡੀ. ਐਮ. ਤੇ ਡੀ. ਸੀ. ਦੇ ਖਿਲਾਫ਼ ਕੋਈ ਸ਼ਿਕਾਇਤ ਆਵੇ, ਜਿਸ ਦਾ ਫੈਸਲਾ ਉਹ ਆਪ ਨਹੀਂ ਕਰ ਸਕਦੇ ਤਾਂ ਫਿਰ ਉਹ ਸਬੰਧਤ ਮਨਿਸਟਰ ਦੇ ਕੋਲ ਹਲਫੀਆ ਬਿਆਨ ਨਾਲ ਕੇਸ ਭੇਜ ਦੇਣ ਤਾਂਕਿ ਉਹ ਪੜਤਾਲ ਕਰਵਾ ਸਕੇ ਅਤੇ ਜਿਹੜੇ ਲੋਕ ਮਾਰੇ ਮਾਰੇ ਆਉਂਦੇ ਹਨ ਉਨ੍ਹਾਂ ਦਾ ਕੰਮ ਤੇਜ਼ੀ ਨਾਲ ਹੋ ਸਕੇ । ਮੈਂ ਇਸੇ ਸਬੰਧ ਵਿੱਚ ਚੀਫ ਮਨਿਸਟਰ ਸਾਹਿਬ ਪਾਸ ਬੇਨਤੀ ਕਰਾਂਗਾ ਕਿ ਜਿੱਥੇ ਗ੍ਰੀਵੈਂਸਿਜ਼ ਅਫਸਰ ਹਨ ਉਨ੍ਹਾਂ ਪਾਸ ਜੀਪਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਤਾਂਕਿ ਸ਼ਿਕਾਇਤ ਦੇ ਆਉਣ ਤੇ ਜੇਕਰ ਕੋਈ ਹਲਫੀਆ ਬਿਆਨ ਦਿੰਦਾ ਹੈ ਤਾਂ ਆਨ ਦੀ ਸਪਾਟ ਜਾ ਕੇ ਮੌਕੇ ਤੇ ਜਾ ਕੇ ਇਨਕੁਆਇਰੀ ਕਨਡਕਟ ਕਰ ਲੈਣ ਅਤੇ ਆਪਣੇ ਤੋਂ ਸੀਨੀਅਰ ਅਫਸਰ ਜਾਂ ਕੁਲੈਕਟਰ ਪਾਸ ਸਬਮਿਟ ਕਰ ਦੇਣ । ਅਤੇ ਜੇਕਰ ਅਦਾਲਤ ਵਿੱਚ ਜਾਕੇ ਚੈਲਿੰਜ ਕਰਨਾ ਹੋਏ ਤਾਂ ਕਰ ਦੇਣ । ਅੱਜ ਕਲ ਜਿਹੜਾ ਲੋਕਾਂ ਦਾ ਚੰਡੀਗੜ੍ਹ ਵਿਚ ਤਾਂਤਾਂ ਆਣਾ ਸ਼ੁਰੂ ਹੋ ਗਿਆ ਹੈ ਇਸ ਨੂੰ ਰੋਕਣ ਲਈ ਜ਼ਿਲੇ ਵਿੱਚ ਗਰੀਵੈਂਸ ਅਫਸਰਾਂ ਪਾਸ ਪੂਰਾ ਸਟਾਫ ਦਿਉ ਅਤੇ ਜੀਪਾਂ ਦਿਉ । ਮੈਂ ਸਮਝਦਾ ਹਾਂ ਕਿ ਜੀਪਾਂ ਜਿਹੜੀਆਂ ਬੀ. ਡੀ. ਓਜ਼. ਪਾਸ ਹਨ ਉਨ੍ਹਾਂ ਨੂੰ ਉਨ੍ਹਾਂ ਪਾਸੋਂ ਹਟਾ ਲਿਆ ਜਾਵੇ ਉਹ ਬੇਕਾਰ ਪਈਆਂ ਹਨ ਅਤੇ ਜੇਕਰ ਪੰਚ ਅਤੇ ਸਰਪੰਚ ਬਾਈਸਿਕਲ ਤੇ ਜਾ ਸਕਦੇ ਹਨ ਤਾਂ ਬੀ. ਡੀ. ਓ. ਵੀ ਲੋੜ ਪੈਣ ਤੇ ਬਾਈਸਿਕਲ ਵਰਤ ਸਕਦਾ ਹੈ । ਉਨ੍ਹਾਂ ਲਈ ਜੀਪ ਜ਼ਰੂਰੀ ਨਹੀਂ । ਇਹ ਜੀਪਾਂ ਪੀ. ਜੀ. ਓਜ਼ ਨੂੰ ਦਿੱਤੀਆਂ ਜਾਣ ਤਾਂ ਕਿ ਜ਼ਿਲੇ ਦੀਆਂ ਸ਼ਿਕਾਇਤਾਂ ਦਾ ਛੇਤੀ ਨਿਪਟਾਰਾ ਹੋ ਸਕੇ ।

ਇਕ ਗੱਲ ਮੈਂ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਐਕਸਾਈਜ਼ ਅਤੇ ਟੈਕਸੇਸ਼ਨ ਦੇ ਜਿਹੜੇ ਤੁਸੀਂ ਪ੍ਰੋਵਿਨਸ਼ਲ ਮੈਂਬਰ ਬਣਾਏ ਹਨ ਉਹ ਕੀ ਕਰਦੇ ਹਨ । ਤੁਹਾਨੂੰ ਪਤਾ ਹੈ ਕਿ ਫਿਰੋਜ਼ਪੁਰ ਸ਼ਹਿਰ ਵਿੱਚ ਪੁਲ ਹੈ ਜਿਹੜਾ ਮਿਊਂਨਿਸੀਪਲ ਕਮੇਟੀ ਦੀ ਹਦੂਦ ਤੋਂ ਬਾਹਰ ਹੈ। ਚੁੰਗੀ ਅਤੇ ਕੈਂਟ ਸਟੇਸ਼ਨ ਦੇ ਵਿਚਕਾਰ ਦੇ ਇਲਾਕੇ ਵਿੱਚ ਉਹ ਦੁਕਾਨਾਂ ਖੋਲ੍ਹ ਕੇ ਵਪਾਰ ਕਰਦੇ ਹਨ ਅਤੇ ਹਜ਼ਾਰਾਂ ਰੁਪਏ ਦਾ ਸੇਲਜ਼ ਟੈਕਸ ਬਚਾਇਆ ਜਾ ਰਿਹਾ ਹੈ (ਵਿਘਨ) ਜੇਕਰ ਨਾਮ ਚਾਹੋਗੇ ਤਾਂ ਉਨ੍ਹਾਂ ਫਰਮਾਂ ਦੇ ਜੋ ਇਸ ਤਰਾਂ ਕਰ ਰਹੇ ਹਨ ਨਾਮ ਵੀ ਦਸਣ ਨੂੰ ਤਿਆਰ ਹਾਂ ਕਿਉਂਕਿ ਇਹ ਇਲਾਕਾ ਨਾ ਛਾਉਣੀ ਹੈ ਤੇ ਨਾ ਸ਼ਹਿਰ ਵਿਚ ਸ਼ਾਮਿਲ ਹੈ । (ਵਿਘਨ)

ਤੁਸੀਂ ਉਨ੍ਹਾਂ ਨੂੰ ਐਕਸਾਈਜ਼ ਅਤੇ ਟੈਕਸੇਸ਼ਨ ਦਾ ਪ੍ਰੋਵਿੰਸ਼ਲ ਮੈਂਬਰ ਬਣਾ ਦਿੱਤਾ ਹੈ । ਮੈਂ ਇਹ ਗੱਲ ਪੂਰੀ ਜ਼ਿੰਮੇਵਾਰੀ ਦੇ ਨਾਲ ਕਹਿ ਸਕਦਾ ਹਾਂ ਕਿ ਬਹੁਤ ਸਾਰਾ ਪੈਸਾ ਇਸ ਤਰ੍ਹਾਂ ਜਿਹੜਾ ਚੋਰੀ ਹੁੰਦਾ ਹੈ ਉਹ ਬਚਾਇਆ ਜਾ ਸਕਦਾ ਹੈ ।

ਸ੍ਰੀ ਬਾਲੂ ਰਾਮ ਬੰਥ : ਇਹ ਸੇਲਜ਼ ਟੈਕਸ ਕਿਵੇਂ ਚੋਰੀ ਹੁੰਦਾ ਹੈ ?

ਗਿਆਨੀ ਬਖ਼ਤਾਵਰ ਸਿੰਘ ਰਾਏ : ਮਹਾਰਾਜ ਬਾਲੂ ਰਾਮ ਜੀ, ਐਵੇਂ ਧੋਲੇ ਆ ਗਏ ਤੁਹਾਡੇ । ਇਕ ਪਰਚੀ ਦੇਵ ਰਤਨ ਤੁਲੀ ਦਾ 500 ਰੁਪਏ ਦਾ ਬਿਲ ਬਣਾ ਕੇ ਕਟ ਦਿਦਾ ਹੈ ਅਤੇ ਪੁਲ ਤੋਂ ਪਾਰ ਟਪਕੇ ਜਿੱਥੇ ਕਿ ਸਟਾਕ ਹੈ ਰਤੀਆ ਰਾਮ ਨੂੰ ਕਹਿੰਦਾ ਹੈ ਕਿ ਇਸ ਨੂੰ ਰੇਡੀਓ ਸੈਟ ਦੇ ਦੇ । ਉਹ ਉਥੋਂ ਸੈਟ ਲੈ ਕੇ ਪਿੰਡ ਚਲਿਆ ਜਾਂਦਾ ਹੈ । ਹੁਣ ਸਮਝ ਵਿੱਚ ਆ ਗਿਆ ਕਿ ਕਿਵੇਂ ਸੇਲਜ਼ ਟੈਕਸ ਬਚਾਇਆ ਜਾ ਸਕਦਾ ਹੈ ? ਆਇਆ ਖਿਆਲ ਸ਼ਰੀਫ ਦੇ ਵਿੱਚ । (ਹਾਸਾ)

[ਗਿਆਨੀ ਬਖ਼ਤਾਵਰ ਸਿੰਘ ਰਾਏ]

ਇਕ ਗੱਲ ਮੈਂ ਏਥੇ ਸੀਨੀਅਰ ਵਰਨੈਕੂਲਰ ਟੀਚਰਜ਼ ਦੇ ਮੁਤੱਲਿਕ ਕਹਿਣੀ ਚਾਹੁੰਦਾ ਹਾਂ। ਜਦੋਂ ਤੋਂ ਵੀ ਟੀਚਰਜ਼ ਦੇ ਗਰੇਡ ਰੀਵਾਈਜ਼ ਹੁੰਦੇ ਹਨ ਇਨ੍ਹਾਂ ਦਾ ਕੋਈ ਖ਼ਿਆਲ ਨਹੀਂ ਹੁੰਦਾ। ਮਹਿਕਮੇ ਦੇ ਅਫ਼ਸਰਾਂ ਨੂੰ ਪਤਾ ਹੀ ਨਹੀਂ ਕਿ ਵਰਨੈਕੂਲਰ ਟੀਚਰ ਵੀ ਕੋਈ ਹੁੰਦਾ ਹੈ ਜਾਂ ਨਹੀਂ, ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਐਸ. ਵੀ. ਦੀ ਵੀ ਕੋਈ ਕੁਆਲੀਫੀਕੇਸ਼ਨ ਹੁੰਦੀ ਹੈ ਜਾਂ ਨਹੀਂ। ਚੀਫ ਮਨਿਸਟਰ ਸਾਹਿਬ ਨੇ ਕੋਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ ਵੀ ਮੰਨੀਆਂ ਪਰ ਇਸ ਦਾ ਅਸਰ ਇਸ ਪੋਸਟ ਤੇ ਨਹੀਂ ਹੋਇਆ।

ਇਕ ਮੈਂ ਸਟੂਡੈਂਟਸ ਦੇ ਮੁਤੱਲਿਕ ਅਰਜ਼ ਕਰ ਦਿਆਂ ਕਿ ਕੁਝ ਇਸ ਕਿਸਮ ਦਾ ਅਸਰ ਤਾਲੀਮ ਦਾ ਗ਼ਲਤ ਮੁੰਡਿਆਂ ਨੂੰ ਮਿਲ ਜਾਣ ਕਰਕੇ ਇਨ੍ਹਾਂ ਨੂੰ ਗੁੰਡੇ ਬਣਾ ਦਿੱਤਾ ਹੈ। ਇਹ ਮੁੰਡਿਆਂ ਨੂੰ ਗ਼ਲਤ ਤਾਲੀਮ ਦੇਣ ਦਾ ਹੀ ਨਤੀਜਾ ਹੈ ਕਿ ਉਹ ਰੇਲ ਗੱਡੀ ਦੀਆਂ ਜੰਜੀਰਾਂ ਖਿਚਦੇ ਹਨ, ਬਸਾਂ ਨੂੰ ਅੱਗਾਂ ਲਾਉਂਦੇ ਹਨ, ਗਵਰਨਮੈਂਟ ਪਰਾਪਰਟੀ ਨੂੰ ਸਾੜਦੇ ਹਨ, ਨੇਸ਼ਨ ਦਾ ਨੁਕਸਾਨ ਕਰਦੇ ਹਨ। ਇਹ ਉਹੀ ਲੋਕ ਹਨ ਜਿਹੜੇ ਪੰਜਾਬ ਦੇ ਅੰਦਰ ਗੁੰਡਾ-ਗਰਦੀ ਕਰਦੇ ਹਨ। ਮੈਂ ਕਹਿੰਦਾ ਹਾਂ ਕਿ ਇਸ ਤੋਂ ਚੰਗਾ ਤਾਂ ਇਹ ਹੈ ਕਿ ਇੰਜੀਨੀਅਰਿਗ ਕਾਲਜ, ਟੈਕਨੀਕਲ ਅਦਾਰੇ ਬੰਦ ਕਰ ਦਿਉ, ਕੋਈ ਜ਼ਰੂਰਤ ਨਹੀਂ ਇਤਨੀਆਂ ਵੱਡੀਆਂ ਵੱਡੀਆਂ ਬਿਲਡਿੰਗਾਂ ਦੇ ਵਿਚ ਇਨ੍ਹਾਂ ਕਾਲਜਾਂ ਦੀ, ਜਿਨ੍ਹਾਂ ਦੇ ਸੂਦ ਦੇ ਅਰਬਾਂ ਰੁਪਏ ਬਣਦੇ ਹਨ। ਅਸੀਂ ਸਮਝਦੇ ਹਾਂ ਕਿ ਕੋਈ ਤਾਮੀਰੀ ਕੰਮ ਹੋਣੇ ਚਾਹੀਦੇ ਹਨ ਜਾਂ ਕੋਈ ਹੋਰ ਤਾਮੀਰੀ ਢੰਗ ਦੀ ਐਜੂਕੇਸ਼ਨ ਮਿਲਣੀ ਚਾਹੀਦੀ ਹੈ ਤਾਂਕਿ ਇਹ ਸਟੂਡੈਂਟਸ ਮੁਲਕ ਦੀ ਐਗਰੀਕਲਚਰ ਦੀ ਕੋਈ ਸੇਵਾ ਕਰਦੇ।

ਸ੍ਰੀ ਅ. ਵਿਸ਼ਵਨਾਥਨ : ਜਦੋਂ ਤਾਈਂ ਇਹ ਸਟੂਡੈਂਟਸ ਹਨ ਤੁਸੀਂ ਮਨਿਸਟਰ ਨਹੀਂ ਬਣ ਸਕਦੇ।

ਗਿਆਨੀ ਬਖ਼ਤਾਵਰ ਸਿੰਘ ਰਾਏ: ਕਾਲੂ ਰਾਮ ਜੀ, ਮੈਂ ਇਹ ਅਰਜ਼ ਕੀਤੀ ਸੀ ਕਿ ਉਹ ਤਾਲੀਮ ਲੈਣ ਜਾਂਦੇ ਹਨ ਪਰ ਗੁੰਡੇ ਹੋ ਕੇ ਨਿਕਲਦੇ ਹਨ। ਇਕ ਗੱਲ ਹੋਰ ਮੈਂ ਕਹਾਂਗਾ ਕਿ ਗਰੀਬਾਂ ਨੂੰ ਐਜੂ-ਕੇਸ਼ਨ ਫਰੀ ਹੋਣੀ ਚਾਹੀਦੀ ਹੈ। ਇਕ ਗਰੀਬ ਆਦਮੀ ਜਿਸਦੀ 3,600 ਰੁਪਏ ਤੋਂ ਘਟਦੀ ਸਾਲਾਨਾ ਆਮਦਨ ਹੈ ਉਹ ਆਪਣੇ ਬੱਚੇ ਦੀ ਤਾਲੀਮ ਲਈ ਖਰਚ ਨਹੀਂ ਕਰ ਸਕਦਾ। ਅਮੀਰ ਆਦਮੀ ਜਿਸ ਦੇ ਪਾਸ ਪੈਸੇ ਹਨ ਟੀਚਰ ਨੂੰ ਘਰ ਬੁਲਾਕੇ ਆਪਣੇ ਬੱਚਿਆਂ ਨੂੰ ਤਾਲੀਮ ਦਿਲਵਾ ਕੇ ਕਾਬਲ ਬਣਾ ਸਕਦਾ ਹੈ ਪਰ ਇਕ ਗਰੀਬ ਆਦਮੀ ਪੈਸੇ ਖਰਚ ਨਹੀਂ ਕਰ ਸਕਦਾ। ਅਮੀਰ ਆਦਮੀ ਨੂੰ ਜੇ ਚਾਰ ਗੁਣਾਂ ਵੀ ਪੈਸਾ ਖਰਚ ਕਰਨਾ ਪਵੇ ਤਾਂ ਉਹ ਤਾਲੀਮ ਦਿਲਵਾ ਸਕਦਾ ਹੈ।

ਇਹ ਗੱਲ ਵੀ ਮੈਂ ਕਹੇ ਬਗੈਰ ਨਹੀਂ ਰਹਿ ਸਕਦਾ ਕਿ ਅੱਜ ਐਜੂਕੇਸ਼ਨ ਦੇ ਤਰੀਕਾ-ਕਾਰ ਨੂੰ ਵੀ ਖਰਾਬ ਕੀਤਾ ਗਿਆ ਹੈ। ਜਿਸ ਆਦਮੀ ਦਾ ਕੰਮ ਕਿਤਾਬਾਂ ਲਿਖਣਾ ਹੈ ਜੇ ਉਹ ਗ਼ਰੀਬ ਹੈ ਤਾਂ ਉਸ ਦਾ ਨਾਉਂ ਵੀ ਲਿਖਾਰੀ ਦੀ ਥਾਂ ਨਹੀਂ ਆ ਸਕਦਾ ਕਿਉਂਕਿ ਉਸ ਦੇ ਪਾਸ ਇਤਨਾ ਪੈਸਾ ਨਹੀਂ ਹੁੰਦਾ ਕਿ ਉਹ ਕਿਤਾਬਾਂ ਛਪਵਾਏ। ਉਨ੍ਹਾਂ ਲੋਕਾਂ ਦੀਆਂ ਲਿਖੀਆਂ ਹੋਈਆਂ ਕਿਤਾਬਾਂ ਵਿਕਦੀਆਂ ਹਨ ਜਿਨ੍ਹਾਂ ਦੇ ਪਾਸ ਪੈਸਾ ਹੁੰਦਾ ਹੈ। ਜਿਹੜੇ ਅਸਲੀ ਕਿਤਾਬਾਂ ਲਿਖਣ ਵਾਲੇ ਹਨ ਉਨ੍ਹਾਂ ਦਾ ਤਾਂ ਨਾਉਂ ਵੀ ਕਿਤਾਬਾਂ ਤੇ ਨਹੀਂ ਆਉਂਦਾ। ਮੈਂ ਚੇਅਰਮੈਨ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਪਰ ਇਕ ਗਲ ਮੈਂ ਉਨ੍ਹਾਂ ਭਰਾਵਾਂ ਨੂੰ ਕਹਿਣੀ ਚਾਹੁੰਦਾ ਹਾਂ (ਪ੍ਰੈਸ ਗੈਲਰੀ ਨੂੰ ਇਸ਼ਾਰਾ ਕਰਦੇ ਹੋਏ) ਉਹ ਭਾਵੇਂ ਮੇਰੇ ਤੋਂ ਉਚੇ ਬੈਠੇ ਹੋਏ ਹਨ ਪਰ ਉਨ੍ਹਾਂ ਨੇ ਇਸ ਪੰਜਾਬ ਨੂੰ ਅੱਗ ਲਗਾਈ ਹੋਈ ਹੈ.....

ਸ੍ਰੀ ਸਭਾਪਤੀ : ਗਿਆਨੀ ਜੀ, ਜਿਹੜੇ ਇਸ ਹਾਊਸ ਦੇ ਮੈਂਬਰ ਸਾਹਿਬਾਨ ਹਨ ਉਨ੍ਹਾਂ ਤੇ ਤੁਸੀਂ ਕੋਈ ਇਤਰਾਜ਼ ਕਰ ਸਕਦੇ ਹੋ, ਚੇਅਰ ਤੇ ਇਤਰਾਜ਼ ਕਰ ਸਕਦੇ ਹੋ ਪਰ ਪ੍ਰੈਸ ਗੈਲਰੀ ਤੇ ਤੁਸੀਂ ਕੋਈ ਇਤਰਾਜ਼ ਨਹੀਂ ਕਰ ਸਕਦੇ । (*Addressing Giani Bakhtawar Singh Rai.* The hon. Member can criticise the hon. Members of this House, he can criticise the Chair, but he cannot say anything against the Press Gallery.)

ਗਿਆਨੀ ਬਖ਼ਤਾਵਰ ਸਿੰਘ ਰਾਏ : ਮੈਂ ਅਰਜ਼ ਕਰਾਂ ਕਿ ਉਨ੍ਹਾਂ ਦੀਆਂ ਕਲਮਾਂ ਰਹਿ ਜਾਂਦੀਆਂ ਹਨ ਸਹੀ ਗਲ ਨੂੰ ਲਿਖਦਿਆਂ। 16 ਅਤੇ 17 ਸਤੰਬਰ ਦੇ ਜੋ ਵਾਕਿਆਤ ਹਨ, ਉਹ ਮੈਂ ਚੈਲੰਜ ਕਰਦਾ ਹਾਂ ਕਿ ਇਨ੍ਹਾਂ ਅਖਬਾਰਾਂ ਨੇ ਉਕਾ ਹੀ ਨਹੀਂ ਛਾਪੇ । ਇਨ੍ਹਾਂ ਦਿਨਾਂ ਦੇ ਵਾਕੇ ਦੀ ਸਹੀ ਖ਼ਬਰ ਮੈਂ ਇਨ੍ਹਾਂ ਅਖ਼ਬਾਰਾਂ ਵਾਲਿਆਂ ਨੂੰ ਲਿਖ ਕੇ ਵੀ ਭੇਜੀ ਪਰ ਇਨ੍ਹਾਂ ਨੇ ਇਕ ਸਤਰ ਵੀ ਛਾਪਣ ਦੀ ਜੁਰਅਤ ਨਹੀਂ ਕੀਤੀ । ਮੈਂ ਪ੍ਰੈਸ ਵਾਲਿਆਂ ਨੂੰ ਵਾਰਨਿੰਗ ਦਿੰਦਾ ਹਾਂ ਕਿ ਉਹ ਆਪਣੇ ਫਰਜ਼ ਵਿੱਚ ਕੋਤਾਹੀ ਕਰਦੇ ਹਨ । ਜਿਹੜੀਆਂ ਖਬਰਾਂ ਮੇਰੇ ਮੁਤੱਲਿਕ ਛਾਪੀਆਂ ਵੀ ਗਈਆਂ ਉਹ ਬਿਲਕੁਲ ਗ਼ਲਤ ਸਨ । ਇਹ ਮੇਰੇ ਨਾਲ ਜ਼ਿਆਦਤੀ ਨਹੀਂ ਇਹ ਉਸ ਸਮਾਜ ਤੇ ਇਕ ਬਦਨੁਮਾ ਧੱਬਾ ਹੈ ਜਿਹੜੀ ਉਨ੍ਹਾਂ ਨੂੰ ਆਪਣੇ ਫਰਜ਼ ਵਿਚ ਕੋਤਾਹੀ ਕਰਨ ਲਈ ਪ੍ਰੇਰਦੀ ਹੈ । ਇਹ ਮੇਰੀ ਬਦਨਾਮੀ ਨਹੀਂ, ਇਹ ਸਮਾਜ ਦੀ ਬਦਨਾਮੀ ਹੈ ।

ਚੌਧਰੀ ਦਰਸ਼ਨ ਸਿੰਘ: ਚੇਅਰਮੈਨ ਸਾਹਿਬ, ਕਾਂਗਰਸ ਪਾਰਟੀ ਵਲੋਂ ਜੋ ਲਿਸਟ ਭੇਜੀ ਗਈ ਹੈ ਅੱਜ ਤਕ ਚਾਰ ਸਪੀਕਰ ਬੋਲੇ ਹਨ ਜਿਨ੍ਹਾਂ ਵਿੱਚੋਂ ਕੇਵਲ ਇਕ ਸਪੀਕਰ ਕਾਂਗਰਸ ਪਾਰਟੀ ਵਲੋਂ ਬੋਲਿਆ ਹੈ ।

ਸ੍ਰੀ ਸਭਾਪਤੀ : ਮੈਨੂੰ ਲਿਸਟ ਮਿਲ ਗਈ ਹੈ ਜਿਹਦੇ ਵਿਚ ਜਿਹੜੇ ਮੇਰੇ ਪਾਸ ਨਾਉਂ ਸਪੀਕਰ ਸਾਹਿਬ ਲਿਖ ਕੇ ਦੇ ਗਏ ਹਨ ਉਹ ਨੰਬਰਵਾਰ ਇਸ ਤਰ੍ਹਾਂ ਹਨ। ਪੰਡਤ ਮਹਨ ਲਾਲ, ਸਰਦਾਰ ਮਹਿੰਦਰ ਸਿੰਘ ਗਿਲ, ਸਰਦਾਰ ਹਰਬੰਸ ਸਿੰਘ ਸਿੱਧੂ ਅਤੇ ਸਰਦਾਰ ਸਿਕੰਦਰ ਸਿਘ । (I have received the list, in which the hon. Speaker has mentioned serially the names of the hon. Members They are Pt. Mohan Lal, Sardar Mohinder Singh Gill, Sardar Harbans Singh Sidhu and Sardar Sikandar Singh.)

(ਚੌਧਰੀ ਦਰਸ਼ਨ ਸਿੰਘ ਅਤੇ ਭਗਤ ਗੁਰਾਂ ਦਾਸ ਹੰਸ ਨੇ ਵੀ ਆਪਣਾ ਨਾਉਂ ਲਿਖਣ ਲਈ ਇਨਸਿਸਟ ਕੀਤਾ) ।

ਸ੍ਰੀ ਸਭਾਪਤੀ : ਤੁਹਾਡਾ ਨਾਉਂ ਵੀ ਇਨਕਲੂਡ ਕਰ ਲਿਆ ਗਿਆ ਹੈ । (The names of the hon. Members have also been included.)

ਕਾਮਰੇਡ ਭਾਨ ਸਿੰਘ ਭੌਰਾ (ਭਦੌੜ, ਐਸ. ਸੀ.) : ਜਿਹੜਾ ਬਜਟ ਖਜ਼ਾਨਾ ਮੰਤਰੀ ਨੇ ਪੇਸ਼ ਕੀਤਾ ਹੈ ਮੈਂ ਉਸ ਦੀ ਹਮਾਇਤ ਕਰਨ ਲਈ ਨਹੀਂ ਸਗੋਂ ਇਸ ਦੀ ਵਿਰੋਧਤਾ ਕਰਨ ਲਈ ਖੜਾ ਹੋਇਆ ਹਾਂ । ਮੈਂ ਇਸ ਦੀ ਕਿਸੇ ਪਹਿਲੂ ਤੋਂ ਤਾਰੀਫ ਨਹੀਂ ਕਰਦਾ ਸਗੋਂ ਮੈਂ ਇਸ ਦੀ ਨਿੰਦਿਆ ਕਰਦਾ ਹਾਂ । ਇਸ ਬਜਟ ਨੂੰ ਮੈਂ ਆਪਣੇ ਸ਼ਬਦਾਂ ਦੇ ਵਿੱਚ ਨਹੀਂ ਕਹਿੰਦਾ ਸਗੋਂ ਬਾਬੂ ਬ੍ਰਿਸ਼ਭਾਨ ਦੇ ਸ਼ਬਦਾਂ ਵਿੱਚ ਕਹਿੰਦਾ ਹਾਂ ਕਿ ਇਹ ਬਜਟ ਐਂਟੀ ਜਨਤਾ ਹੈ ਅਤੇ ਰੀਐਕਸ਼ਨਰੀ ਬਜਟ ਹੈ, ਲੋਕਾਂ ਵਿਰੋਧੀ ਅਤੇ ਪਿਛਾਂ ਖਿਚੂ ਹੈ । ਲੋਕਾਂ ਨੇ ਇਸ ਸਰਕਾਰ ਤੋਂ ਬੜੀਆਂ ਆਸਾਂ ਲਾਈਆਂ ਹੋਈਆਂ

[ਕਾਮਰੇਡ ਭਾਨ ਸਿੰਘ ਭੌਰਾ]
ਸਨ ਪਰ ਇਸ ਬਜਟ ਦੇ ਆਉਣ ਤੇ ਉਨ੍ਹਾਂ ਨੂੰ ਬੜੀ ਨਿਰਾਸ਼ਾ ਹੋਈ ਹੈ । ਇਸ ਸਰਕਾਰ ਨੇ ਜਿਹੜੇ ਅਹਿਮ ਪੁਆਇੰਟਸ ਸਨ ਉਨ੍ਹਾਂ ਨੂੰ ਛੇੜਿਆ ਤਕ ਨਹੀਂ । ਇਨ੍ਹਾਂ ਨੇ ਕੀਤਾ ਕੀ ਹੈ ਕਿ ਹੈਲਥ ਤੇ ਟੈਕਸ ਲਾਏ, ਐਜੂਕੇਸ਼ਨ ਦੀ ਪਾਲਿਸੀ ਨੂੰ ਤੋੜਿਆ ਅਤੇ ਛੇਵੀਂ ਤੋਂ ਲੈ ਕੇ ਅੱਠਵੀਂ ਤਕ ਫੀਸਾਂ ਵਧਾਈਆਂ । ਮਾਰਕਿਟ ਫੀਸ ਵਧਾਈ । ਇਹ ਸਰਕਾਰ ਇਤਨੀ ਪੜ੍ਹੀ ਲਿਖੀ ਹੈ ਕਿ ਇਨ੍ਹਾਂ ਨੂੰ ਇਤਨਾ ਵੀ ਪਤਾ ਨਹੀਂ ਕਿ ਮਾਰਕਿਟ ਕਮੇਟੀਆਂ ਅਟਾਨੋਮਸ ਬਾਡੀਜ਼ ਹਨ ਇਹ ਉਨ੍ਹਾਂ ਦੇ ਮੁਆਮਲੇ ਵਿੱਚ ਦਖਲ ਦੇ ਹੀ ਨਹੀਂ ਸਕਦੇ । ਇਸ ਤਰ੍ਹਾਂ ਇਨ੍ਹਾਂ ਨੇ ਇਲੈਕਟਰਿਕ ਚਾਰਜਿਜ਼ ਵਧਾਏ ਹਨ, ਇਸ ਤੋਂ ਪਹਿਲਾਂ ਦੀ ਜਿਹੜੀ ਸਕੀਮ ਸੀ ਉਹ ਹੀ ਠੀਕ ਸੀ ਕਿ ਚਾਰਜਿਜ਼ ਮਾਲੀਏ ਦੇ ਨਾਲ ਹੀ ਉਗਰਾਹ ਲਿਆ ਜਾਂਦਾ ਸੀ, ਪਰ ਇਸ ਤਰ੍ਹਾਂ ਹੁਣ ਇਨ੍ਹਾਂ ਨੇ ਕਿਸਾਨ ਨੂੰ ਤੰਗ ਕਰਨ ਲਈ ਅਤੇ ਭਰਿਸ਼ਟਾਚਾਰ ਦੇ ਵਿੱਚ ਵਾਧਾ ਕਰਨ ਲਈ ਕੀਤਾ ਹੈ ।

ਕੁਰੱਪਸ਼ਨ ਵਧੇਗੀ, ਭ੍ਰਿਸ਼ਟਾਚਾਰ ਵਧੇਗਾ । ਪਟਵਾਰੀ ਟਿਊਬਵੈਲਾਂ ਦੇ ਉਪਰੇਟਰਾਂ ਦੇ ਨਾਮ ਰਜਿਸਟਰ ਵਿੱਚੋਂ ਕੱਟ ਦਿੰਦਾ ਹੈ । ਇਹੋ ਜਿਹੇ ਕੇਸ ਅੱਗੇ ਹੀ ਹਾਈਕੋਰਟ ਵਿਚ ਚਲ ਰਹੇ ਹਨ । ਇਸ ਨਾਲ ਕੁਰਪਸ਼ਨ ਵਧੇਗੀ । ਇਨ੍ਹਾਂ ਨੇ ਕਿਹਾ ਕਿ ਕਿਸਾਨ ਪਾਣੀ ਤੋੜ ਦਿੰਦੇ ਹਨ । ਮੱਕੜ ਸਾਹਿਬ ਨੇ ਕਿਹਾ ਹੈ ਕਿ ਇਸ ਵਾਸਤੇ ਇਹ ਸਕੀਮ ਅਡਾਪਟ ਕੀਤੀ ਹੈ । ਪਰ, ਚੇਅਰਮੈਨ ਸਾਹਿਬ, ਉਨ੍ਹਾਂ ਤੋਂ ਆਬਿਆਨਾ ਲੈ ਲਿਆ ਜਾਂਦਾ ਹੈ ਪਰ ਉਨ੍ਹਾਂ ਨੂੰ ਪਾਣੀ ਪੂਰਾ ਸਪਲਾਈ ਨਹੀਂ ਕੀਤਾ ਜਾਂਦਾ । ਮੈਂ ਇਨ੍ਹਾਂ ਨੂੰ ਸੁਝਾਉ ਦਿੰਦਾ ਹਾਂ ਕਿ ਮੀਟਰ ਸਿਸਟਮ ਨੂੰ ਲਾਗੂ ਕਰ ਲਉ । ਜਿਤਨਾ ਕੋਈ ਪਾਣੀ ਖਰਚ ਕਰੇ ਉਤਨਾ ਹੀ ਪੈਸਾ ਦੇਵੇ । ਹੁਣ ਤਾਂ ਨਹਿਰਾਂ ਵਿਚ ਪਾਣੀ ਹੀ ਨਹੀਂ ਆਉਂਦਾ ਕਿਸਾਨ ਨੂੰ ਪਾਣੀ ਨਹੀਂ ਮਿਲਦਾ ਪਰ ਉਸ ਤੋਂ ਆਬਿਆਨਾ ਪੂਰਾ ਲੈ ਲਿਆ ਜਾਂਦਾ ਹੈ । ਇਹ ਗਲਤ ਗੱਲ ਹੈ ।

5.00 p.m.

ਫਿਰ ਮੈਂ ਟੈਕਸਾਂ ਦੀ ਗੱਲ ਕਰਦਾ ਹਾਂ । ਪਿਛਲੇ ਪੰਜਾਂ ਸਾਲਾਂ ਵਿੱਚ ਅਸੀਂ ਕਦੇ ਇਨੇ ਟੈਕਸ ਨਹੀਂ ਸੀ ਦੇਖੇ ਕਿਸੇ ਵੀ ਬਜਟ ਵਿੱਚ । ਇਸ ਤੋਂ ਪਹਿਲਾਂ ਦੀ ਗੱਲ ਮੈਂ ਨਹੀਂ ਕਰਦਾ । ਪਰ ਦੁੱਖ ਦੀ ਗੱਲ ਇਹ ਹੈ ਕਿ ਇਤਨੇ ਟੈਕਸ ਲਾਕੇ ਵੀ ਇਨ੍ਹਾਂ ਨੇ ਸੂਬੇ ਦੀ 24 ਪਰਸੈਂਟ ਆਬਾਦੀ ਜੋ ਕਿ ਹਰੀਜਨ ਹਨ ਉਨ੍ਹਾਂ ਦੀ ਭਲਾਈ ਲਈ ਇਕ ਵੀ ਪੈਸਾ ਵਧ ਨਹੀਂ ਰਖਿਆ । ਇਨ੍ਹਾਂ ਗਰੀਬਾਂ ਦਾ ਧਿਆਨ ਨਹੀਂ ਰਖਿਆ । ਇਹ ਬੜੀ ਅਜੀਬ ਗੱਲ ਹੈ । ਜਿਹੜੀ ਪਾਰਟੀ ਆਪਣੇ ਆਪ ਨੂੰ ਹਰੀਜਨਾਂ ਦੀ ਪਾਰਟੀ ਕਹਿੰਦੀ ਹੈ ਅਤੇ ਸਾਰੀ ਦੀ ਸਾਰੀ ਉਧਰ ਚਲੀ ਗਈ ਹੈ ਉਸ ਨੇ ਵੀ ਕੋਈ ਧਿਆਨ ਨਹੀਂ ਦਿਤਾ । ਪਿਛੇ ਜਿਹੇ ਚੀਫ਼ ਮਨਿਸਟਰ ਨੇ ਇਕ ਮੀਟਿੰਗ ਬੁਲਾਈ ਸੀ ਭਾਵੇਂ ਬਾਅਦ ਵਿੱਚ ਅਸੀਂ ਵਾਕ ਆਊਟ ਕਰ ਆਏ ਸੀ ਪਰ ਉਸ ਮੀਟਿੰਗ ਵਿਚ ਵੀ ਅਸੀਂ ਕੁਝ ਤਜਵੀਜ਼ਾਂ ਪਸ਼ ਕੀਤੀਆਂ ਸਨ । ਅਸੀਂ ਕਿਹਾ ਸੀ ਕਿ ਜ਼ਮੀਨ ਦਾ ਜੋ ਮਾਮਲਾ ਹੈ, ਇਹ ਲਾਟਰੀ ਸਿਸਟਮ ਨਾਲ ਹੀ ਹੱਲ ਹੋਣਾ ਚਾਹੀਦਾ ਹੈ । ਇਸ ਵਿੱਚ ਤਬਦੀਲੀ ਨਹੀਂ ਕਰਨੀ ਚਾਹੀਦੀ । ਯੂਨਾਈਟਿਡ ਫਰੰਟ ਗੌਰਮਿੰਟ ਦੀ ਇਹ ਇਕ ਚੰਗੀ ਗੱਲ ਸੀ । ਇਸ ਨੂੰ ਬਦਲਣਾ ਨਹੀਂ ਚਾਹੀਦਾ । (ਘੰਟੀ)

ਸ੍ਰੀ ਸਭਾਪਤੀ : ਡਾਕਟਰ ਸਾਹਿਬ, ਜਦ ਇਕ ਮੈਂਬਰ ਬੋਲ ਰਿਹਾ ਹੋਵੇ ਤਾਂ ਉਸ ਦੇ ਅੱਗੋਂ ਨਹੀਂ ਲੰਘਣਾ ਚਾਹੀਦਾ । (Doctor Sahib, one should not cross the floor of the House when an hon. Member is speaking.)

ਡਾਕਟਰ ਬਲਦੇਵ ਪ੍ਰਕਾਸ਼ : ਚੇਅਰਮੈਨ ਸਾਹਿਬ, ਅਰਜ਼ ਇਹ ਹੈ ਕਿ ਜਦ ਇਕ ਮੈਂਬਰ ਬੋਲ ਰਿਹਾ ਹੋਵੇ ਤਾਂ ਉਸ ਦੇ ਔਰ ਚੇਅਰ ਦੇ ਦਰਮਿਆਨ ਦਾ ਏਰੀਆ ਨਹੀਂ ਕਰਾਸ ਕਰਨਾ ਚਾਹੀਦਾ । ਪਿੱਛੋਂ ਆਉਣ ਦੀ ਕੋਈ ਗੱਲ ਨਹੀਂ ।

ਸ੍ਰੀ ਚੇਅਰਮੈਨ : ਨਹੀਂ ਨਹੀਂ ਇਸ ਤਰ੍ਹਾਂ ਨਹੀਂ ਰੂਲ ਇਹ ਕਹਿੰਦੇ ਹਨ। (No that It is not so, the rule says.)

"A Member is not to cross between the line."

Dr. Baldev Parkash : I am very sorry, Sir.

ਸ੍ਰੀ ਸਭਾਪਤੀ : ਛੱਜੂ ਰਾਮ ਜੀ ਠੀਕ ਤਰ੍ਹਾਂ ਲੰਘੇ ਹਨ। (Shri Chajju Ram has done it in a right way.)

ਡਾਕਟਰ ਬਲਦੇਵ ਪ੍ਰਕਾਸ਼ : ਮਾਫ਼ੀ ਮੰਗਦਾ ਹਾਂ ਜੀ।

ਸਰਦਾਰ ਅਮਰ ਸਿੰਘ ਦੋਸਾਂਝ: ਚੇਅਰਮੈਨ ਸਾਹਿਬ, ਜੇ ਕਿਸੇ ਮੈਂਬਰ ਨੂੰ ਪਿਸ਼ਾਬ ਆਇਆ ਹੋਵੇ ਤਾਂ ਕੀ ਉਹ ਕਿਸੇ ਮੈਂਬਰ ਦੀ ਤਕਰੀਰ ਖਤਮ ਹੋਣ ਤਕ ਬੈਠਾ ਹੀ ਰਹੇ ?

ਸ੍ਰੀ ਸਭਾਪਤੀ : ਇਹ ਤਾਂ ਤੁਹਾਡੇ ਆਪਣੇ ਹੀ ਬਣਾਏ ਹੋਏ ਕਾਨੂੰਨ ਹਨ। ਇਤਨੀ ਤਕਲੀਫ ਤਾਂ ਉਠਾਣੀ ਹੀ ਪਏਗੀ। (These rules have been framed by the hon. Members themselves. Now these have to be observed by all of us.)

ਕਾਮਰੇਡ ਭਾਨ ਸਿੰਘ ਭੌਰਾ : ਮੈਂ ਅਰਜ਼ ਕਰ ਰਿਹਾ ਸੀ ਕਿ ਲਾਟਰੀ ਸਿਸਟਮ ਬਹੁਤ ਅੱਛਾ ਸੀ। ਇਨ੍ਹਾਂ ਨੇ ਹਰੀਜਨਾਂ ਦਾ ਲੱਖਾਂ ਰੁਪਿਆ ਬਰਬਾਦ ਕਰ ਦਿੱਤਾ। ਇਹ ਫੈਸਲਾ ਬਦਲਣਾ ਗਲਤੀ ਸੀ। ਕਿਉਂਕਿ ਕਈ ਹਰੀਜਨਾਂ ਨੇ ਇਨ੍ਹਾਂ ਵਾਸਤੇ ਦਰਖਾਸਤਾਂ ਦਿੱਤੀਆਂ ਹੋਈਆਂ ਸਨ। ਹੁਣ ਉਨ੍ਹਾਂ ਦਾ ਉਹ ਪੈਸਾ ਜ਼ਾਇਆ ਚਲਾ ਗਿਆ ਹੈ। ਚੇਅਰਮੈਨ ਸਾਹਿਬ, ਜੇ ਲੋਕਾਂ ਤੋਂ ਜ਼ਮੀਨ ਲੈਣੀ ਹੈ ਤਾਂ ਨਵਾਂ ਕਾਨੂੰਨ ਬਣਾਉਣਾ ਪਏਗਾ। ਕਿਉਂਕਿ ਉਧਰ ਜਿਹੜੇ ਸਜਣ ਸਰਕਾਰ ਦੇ ਪਿੱਛੇ ਬੈਠੇ ਹਨ...(ਵਿਘਨ) ਇਧਰ ਵੀ ਹੋਣਗੇ, ਉਨ੍ਹਾਂ ਨੇ ਲੱਖਾਂ ਏਕੜ ਜ਼ਮੀਨ ਹੜੱਪ ਕਰ ਰਖੀ ਹੈ। ਉਨ੍ਹਾਂ ਨੇ ਪੈਪਸੂ ਅਤੇ ਪੰਜਾਬ ਦੇ ਲੈਂਡ ਐਕਟਾਂ ਦੀ ਉਲੰਘਣਾ ਕਰਦੇ ਹੋਏ ਲੱਖਾਂ ਏਕੜ ਜ਼ਮੀਨ ਫਾਰਮਾਂ ਅਤੇ ਬਾਗਾਂ ਦੀ ਸ਼ਕਲ ਵਿੱਚ ਦਬਾ ਰਖੀ ਹੈ। ਉਨ੍ਹਾਂ ਤੋਂ ਇਹ ਜ਼ਮੀਨ ਲੈਣ ਲਈ ਨਵਾਂ ਕਾਨੂੰਨ ਬਣਾਉਣਾ ਪਏਗਾ।

ਫਿਰ ਮੈਂ ਐਜੂਕੇਸ਼ਨ ਦੇ ਬਾਰੇ ਅਰਜ਼ ਕਰਦਾ ਹਾਂ ਕਿ ਜੇ ਤੁਸੀਂ ਹਰੀਜਨਾਂ ਨੂੰ ਐਜੂਕੇਸ਼ਨ ਦਿਵਾਉਣਾ ਚਾਹੁੰਦੇ ਹੋ ਤਾਂ ਉਨ੍ਹਾਂ ਦੇ ਵਜ਼ੀਫੇ ਵਧਾਉ। ਉਨ੍ਹਾਂ ਦੇ ਵਜ਼ੀਫੇ ਉਹੀ ਹਨ ਜਿਹੜੇ ਕਿ 1950 ਵਿੱਚ ਸਨ। ਮਹਿੰਗਾਈ ਉਸ ਤੋਂ ਤਿੰਨ ਗੁਣਾਂ ਵੱਧ ਚੁਕੀ ਹੈ। ਦੂਜੀਆਂ ਤਨਖਾਹਾਂ ਵਧਾਈਆਂ ਜਾ ਚੁਕੀਆਂ ਹਨ। ਪਰ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਗਿਆ। ਫਿਰ ਇਨ੍ਹਾਂ ਨੇ ਕਿਹਾ ਹੈ ਕਿ ਇਸ ਬਾਰੇ ਇਕ ਕਾਰਪੋਰੇਸ਼ਨ ਬਣਾਈ ਜਾਵੇਗੀ। ਇਸ ਕਾਰਪੋਰੇਸ਼ਨ ਨਾਲ ਕੁਰੱਪਸ਼ਨ ਵਧੇਗੀ। ਇਹ ਕੁਝ ਆਦਮੀਆਂ ਨੂੰ ਲੋਕਾਂ ਤੇ ਬਿਠਾਉਣ ਲਈ ਇਹ ਕਾਰਪੋਰੇਸ਼ਨ ਬਣਾ ਰਹੇ ਹਨ। ਉਨ੍ਹਾਂ ਕੁਝ ਆਦਮੀਆਂ ਨੂੰ ਡਾਇਰੈਕਟਰ ਬਣਾਕੇ ਲੋਕਾਂ ਤੇ ਬਿਠਾ ਦਿੱਤਾ ਜਾਵੇਗਾ। ਅੱਗੇ ਹੀ ਬਿਜਲੀ ਬੋਰਡ ਆਦਿ ਆਟੋਨਮਸ ਬਾਡੀਆਂ ਤੋਂ ਸਾਨੂੰ ਤਜਰਬਾ ਹੋ ਚੁਕਾ ਹੈ ਕਿ ਇਹ ਕੁਝ ਚਿਰ ਬਾਅਦ ਸਾਡੇ ਵਾਸਤੇ ਸਿਰ ਦਰਦੀ ਬਣ ਜਾਂਦੀਆਂ ਹਨ। ਇਸ ਲਈ ਇਹ ਕਾਰਪੋਰੇਸ਼ਨ ਨਹੀਂ ਬਣਨੀ ਚਾਹੀਦੀ।

ਫਿਰ ਮੈਂ ਮਿਨੀਮਮ ਵੇਜਿਜ਼ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਮਹਿੰਗਾਈ ਅੱਗੇ ਨਾਲੋਂ ਤਿਨ ਗੁਣਾਂ ਵਧ ਚੁੱਕੀ ਹੈ। ਪਰ ਹਾਲੇ ਵੀ ਪਿੰਡ ਦੇ ਮਜ਼ਦੂਰਾਂ ਦੀ ਮਜ਼ਦੂਰੀ ਉਤਨੀ ਹੀ ਹੈ। ਉਨ੍ਹਾਂ ਵਲ

[ਕਾਮਰੇਡ ਭਾਨ ਸਿੰਘ ਭੌਰਾ]

ਵੀ ਧਿਆਨ ਦਿੱਤਾ ਜਾਣਾ ਚਾਹੀਦਾ ਹੈ । ਇਨ੍ਹਾਂ ਦੀ ਵੇਜਿਜ਼ ਵੀ ਰਿਵਾਈਜ਼ ਕਰਨੀਆਂ ਚਾਹੀਦੀਆਂ ਹਨ । ਫਿਰ ਚੌਕੀਦਾਰਾ ਟੈਕਸ ਹੈ ਇਹ ਵੀ ਖ਼ਤਮ ਹੋਣਾ ਚਾਹੀਦਾ ਹੈ ।

ਫਿਰ ਪਿੰਡਾਂ ਵਿੱਚ ਲੋਕਾਂ ਨੂੰ ਅੱਵਲ ਤਾਂ ਜ਼ਮੀਨ ਹੀ ਨਹੀਂ ਮਿਲੀ ਜੇ ਮਿਲੀ ਹੈ ਤਾਂ ਉਸ ਦੀ ਨਿਸ਼ਾਨਦੇਹੀ ਨਹੀਂ ਹੋਈ । ਇਸ ਵੱਲ ਵੀ ਧਿਆਨ ਦਿੱਤਾ ਜਾਵੇ । ਫਿਰ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਭਲਾਈ ਅਫ਼ਸਰ ਦਾ ਕੋਈ ਸਟੇਟਸ ਨਹੀਂ ਹੈ । ਇਹ ਤਹਿਸੀਲਦਾਰ ਤੋਂ ਵੀ ਘੱਟ ਸਟੇਟਸ ਦਾ ਹੈ। ਇਸ ਦਾ ਰੈਂਕ ਘੱਟ ਤੋਂ ਘੱਟ ਗਜ਼ਟਿਡ ਹੋਣਾ ਚਾਹੀਦਾ ਹੈ। ਇਸ ਦਾ ਦਰਜਾ ਵੀ ਦੂਜਿਆਂ ਅਫਸਰਾਂ ਦੇ ਬਰਾਬਰ ਹੋਣਾ ਚਾਹੀਦਾ ਹੈ ।

ਸਰਦਾਰ ਕਰਨੈਲ ਸਿੰਘ ਮਰੜੀ : ਸਭਾਪਤੀ ਜੀ ਇਕ ਮਾਨਯੋਗ ਮੈਂਬਰ ਭੌਰਾ ਸਾਹਿਬ ਦੇ ਅਗੋਂ ਲੰਘ ਗਿਆ ਹੈ ।

ਸ੍ਰੀ ਸਭਾਪਤੀ : ਮਰੜ੍ਹੀ ਸਾਹਿਬ ਨੇ ਇਤਰਾਜ਼ ਕੀਤਾ ਹੈ ਕਿ ਮੈਂਬਰ ਸਾਹਿਬ ਬੋਲ ਰਹੇ ਸੀ ਤਾਂ ਮੈਂਬਰ ਸਾਹਿਬ ਉਨ੍ਹਾਂ ਦੇ ਅਗੇ ਤੋਂ ਲੰਘ ਗਏ ਹਨ । ਇਹ ਠੀਕ ਨਹੀਂ ਹੈ । (Sardar Karnail Singh Mararhi has objected that an hon. Member crossed the floor when the hon. Member Comrade Bhan Singh Bhaura was speaking. This is not proper.)

ਸ੍ਰੀ ਅ. ਵਿਸ਼ਵਨਾਥਨ : ਕਰਾਸ ਤਾਂ ਨਹੀਂ ਕੀਤਾ ।

ਸ੍ਰੀ ਸਭਾਪਤੀ : ਤੁਸੀਂ ਪਿਛਲਿਆਂ ਬੈਂਚਾਂ ਤੇ ਬੈਠੋ । (ਸ਼ੋਰ) (The hon. Member may take his seat on the back benches.) (noise)

ਕਾਮਰੇਡ ਭਾਨ ਸਿੰਘ ਭੌਰਾ : ਫਿਰ ਇਸ ਸਰਕਾਰ ਨੇ ਇਕ ਓ. ਐਸ. ਡੀ. ਲਗਾਇਆ । ਪਰ ਉਸ ਨੂੰ ਹਾਲੇ ਤਕ ਆਪਣੀਆਂ ਡਿਊਟੀਜ਼ ਅਤੇ ਫੰਕਸ਼ਨਜ਼ ਦਾ ਪਤਾ ਨਹੀਂ ਲਗਾ । ਸਾਡੇ ਇਸ ਮਹਿਕਮੇ ਦੇ ਮਨਿਸਟਰ ਸਾਹਿਬ ਤਾਂ ਇਹੋ ਜਿਹੇ ਹੀ ਹਨ । ਪਰ ਡਾਕਟਰ ਸਾਹਿਬ ਨੂੰ ਆਪ ਹੀ ਧਿਆਨ ਦੇਣਾ ਚਾਹੀਦਾ ਸੀ ਭਾਵੇਂ ਇਹ ਵਜ਼ੀਰ ਨਾਅਹਿਲ ਹੈ, ਪਰ ਇਨ੍ਹਾਂ ਨੂੰ ਤਾਂ ਧਿਆਨ ਦੇਣਾ ਚਾਹੀਦਾ ਹੈ। ਫਿਰ ਮੈਂ ਰੋਡ ਟਰਾਂਸਪੋਰਟ ਦੇ ਬਾਰੇ ਕੁਝ ਕਹਾਂਗਾ। ਅਜ ਕਲ ਉਨ੍ਹਾਂ ਵਰਕਰਾਂ ਦੀ ਹੜਤਾਲ ਚਲ ਰਹੀ ਹੈ। ਇਨ੍ਹਾਂ ਨੇ ਵਰਕਰਾਂ ਨਾਲ ਜੋ ਵਰਤਾਉ ਕੀਤਾ ਹੈ ਉਹ ਸਾਰਿਆਂ ਦੇ ਸਾਹਮਣੇ ਹੈ । ਪਰ, ਚੇਅਰਮੈਨ ਸਾਹਿਬ, ਮੈਂ ਤੁਹਾਡੇ ਸਾਹਮਣੇ ਇਕ ਬਹੁਤ ਹੀ ਸੀਰੀਅਸ ਗੱਲ ਰੱਖਣੀ ਚਾਹੁੰਦਾ ਹਾਂ । ਤੁਸੀਂ ਮੇਰੇ ਨਾਲ ਜਾਕੇ ਚੈਕ ਕਰ ਸਕਦੇ ਹੋ ਕਿ ਫਿਰੋਜ਼ਪੁਰ ਵਿੱਚ ਨਿਊ ਸਮੁੰਦਰੀ ਟਰਾਂਸਪੋਰਟ ਕੰਪਨੀ ਵਿੱਚ ਪੰਜਾਬ ਰੋਡਵੇਜ਼ ਦੀਆਂ ਬਸਾਂ ਦੇ ਪੁਰਜ਼ੇ ਬਦਲੇ ਜਾ ਰਹੇ ਹਨ। ਇਹ ਇਸ ਲਈ ਕੀਤਾ ਜਾ ਰਿਹਾ ਹੈ ਕਿ ਰੋਡਵੇਜ਼ ਦੇ ਵਰਕਰਾਂ ਦੇ ਖਿਲਾਫ਼ ਕੇਸ ਤਿਆਰ ਕੀਤੇ ਜਾ ਸਕਣ । ਸਰਦਾਰ ਗਿਰਧਾਰਾ ਸਿੰਘ ਦੀ ਕੰਪਨੀ ਵਿੱਚ ਇਹ ਹੋ ਰਿਹਾ ਹੈ । (ਸ਼ੋਰ) ਇਹ ਸਭ ਕੁਝ ਵਰਕਰਾਂ ਨੂੰ ਬਦਨਾਮ ਕਰਨ ਦੀ ਖਾਤਰ ਕੀਤਾ ਜਾ ਰਿਹਾ ਹੈ ।

ਫਿਰ ਮੈਂ ਤੁਹਾਡੇ ਨੋਟਿਸ ਵਿੱਚ ਇਕ ਹੋਰ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਹੁਣੇ ਪਿਛੇ ਜਿਹੇ ਬਣੇ ਵਜ਼ੀਰ ਸ਼੍ਰੀ ਹਰਭਜ ਰਾਮ ਨੇ ਸਾਰੇ ਪਿੰਡ ਦੀ ਨੀਂਦ ਹਰਾਮ ਕਰ ਰਖੀ । ਪਿਡ ਵਿੱਚ ਪੁਲਿਸ ਬੈਠੀ ਹੈ । ਉਨ੍ਹਾਂ ਨੇ ਉਨ੍ਹਾਂ ਲੋਕਾਂ ਨੂੰ ਵੀ ਤੰਗ ਕੀਤਾ ਹੈ ਜਿਨ੍ਹਾਂ ਨੇ ਇਲੈਕਸ਼ਨਾਂ ਵਿੱਚ ਉਨ੍ਹਾਂ ਦੇ ਖ਼ਿਲਾਫ਼ ਵੋਟਾਂ ਪਾਈਆਂ ਸਨ। ਮੇਰੇ ਕੋਲ ਇਕ ਅਖਬਾਰ ਦੀ ਕਟਿੰਗ ਹੈ, ਇਸ ਵਿਚ ਲਿਖਿਆ ਹੈ ਕਿ ਉਨ੍ਹਾਂ ਨੇ ਆਪਣੇ ਇਕ ਵਿਰੋਧੀ ਨੂੰ ਦੋ ਵਾਰ ਗ੍ਰਿਫਤਾਰ ਕਰਵਾਇਆ । ਉਸ ਨੂੰ ਇਤਨਾ ਮਾਰਿਆ ਗਿਆ ਕਿ ਉਸ ਨੂੰ ਜਦ ਕਚਹਿਰੀ ਵਿੱਚ ਲਿਆਏ ਤਾਂ ਉਹ ਬੇਹੋਸ਼ ਹੋ ਕੇ ਡਿਗ ਪਿਆ । ਇਹ ਕੰਮ ਜੋ ਸਰਕਾਰ ਕਰ ਰਹੀ ਹੈ ਇਹ ਗ਼ਲਤ ਹਨ ।

ਸ੍ਰੀ ਸਭਾਪਤੀ : ਤੁਸੀਂ ਇਕ ਦੋ ਮਿੰਟਾਂ ਵਿੱਚ ਖਤਮ ਕਰ ਦਿਉ। (The hon. Member may please wind up his speech in two minutes.)

ਕਾਮਰੇਡ ਭਾਨ ਸਿੰਘ ਭੌਰਾ : 17 ਤਾਰੀਖ਼ ਨੂੰ ਅਸੀਂ ਬਰਨਾਲੇ ਵਿਚ ਸਰਕਾਰ ਦੇ ਖਿਲਾਫ਼ ਇਕ ਜਲਸਾ ਕਰਨਾ ਸੀ। ਪਰ ਇਨ੍ਹਾਂ ਨੇ ਸਾਨੂੰ ਲਾਊਡ-ਸਪੀਕਰ ਦੀ ਇਜਾਜ਼ਤ ਨਹੀਂ ਦਿੱਤੀ। ਪਤਾ ਨਹੀਂ ਇਨ੍ਹਾਂ ਨੇ ਜ਼ਿਲਾ ਅਧਿਕਾਰੀਆਂ ਨੂੰ ਕੀ ਕਿਹਾ। ਪਰ ਸਾਨੂੰ ਲਾਊਡ-ਸਪੀਕਰ ਦੀ ਇਜਾਜ਼ਤ ਨਹੀਂ ਮਿਲੀ। ਫਿਰ ਇਸ ਬਜਟ ਵਿੱਚ ਫਲੱਡਜ਼ ਦੇ ਬਾਰੇ ਕੋਈ ਰੁਪਿਆ ਨਹੀਂ ਰਖਿਆ ਗਿਆ। ਫਲੱਡ ਕੰਟਰੋਲ ਲਈ ਕੋਈ ਰੁਪਿਆ ਨਹੀਂ ਰਖਿਆ ਗਿਆ। ਡਰੇਨਜ਼ ਕੱਢਣ ਵਲ ਧਿਆਨ ਦੇਣਾ ਚਾਹੀਦਾ ਹੈ। ਐਂਟੀ-ਕੁਰੱਪਸ਼ਨ ਵਾਸਤੇ ਜਿਹੜੀ ਗੱਲ ਕੀਤੀ ਹੈ ਕਿ ਕਮੇਟੀ ਬਣਾਈ ਗਈ ਹੈ। ਉਹ ਕਮੇਟੀ ਨਹੀਂ ਹੋਣੀ ਚਾਹੀਦੀ ਬਲਕਿ ਜੁਡੀਸ਼ੀਅਲ ਕਮਿਸ਼ਨ ਬਨਣਾ ਚਾਹੀਦਾ ਹੈ। ਪੁਲਿਸ ਬਸਾਂ ਵਿੱਚ ਫ਼ਰੀ ਟਰੈਵਲ ਕਰਦੀ ਹੈ। ਜੇ ਕੋਈ ਬਸ ਵਾਲਾ ਪੁਲਿਸ ਵਾਲਿਆਂ ਦਾ ਟਿਕਟ ਕੱਟ ਦੇਵੇ ਤਾਂ ਪੁਲਿਸ ਵਾਲੇ ਉਨ੍ਹਾਂ ਦਾ ਚਾਲਾਨ ਕਰ ਦਿੰਦੇ ਹਨ। ਪੁਲਿਸ ਵਾਲਿਆਂ ਕੋਲ ਚੈਕਿੰਗ ਅਥਾਰਿਟੀ ਨਹੀਂ ਹੋਣੀ ਚਾਹੀਦੀ।

ਸਰਦਾਰ ਭਗਤ ਸਿੰਘ, ਜਿਹੜੇ ਕਿ ਹਿੰਦੁਸਤਾਨ ਦੇ ਸਭ ਤੋਂ ਵੱਡੇ ਸ਼ਹੀਦ ਹੋਏ ਹਨ ਉਨ੍ਹਾਂ ਦਾ ਬੁਤ ਸਕੱਤਰੇਤ ਦੇ ਸਾਹਮਣੇ ਲਗਣਾ ਚਾਹੀਦਾ ਹੈ। ਬਿਹਾਰ ਵਿੱਚ ਇਸੇ ਤਰ੍ਹਾਂ ਇਕ ਬੜਾ ਫਸਟ ਕਲਾਸ ਬੁੱਤ ਲਗਾਇਆ ਹੋਇਆ ਹੈ।

ਸਰਦਾਰ ਗਿਰਧਾਰਾ ਸਿੰਘ: ਮੇਰੀ ਵਰਕਸ਼ਾਪ ਵਿੱਚ ਕਦੇ ਵੀ ਪੁਰਜ਼ੇ ਬਦਲਨ ਦਾ ਕੰਮ ਨਹੀਂ ਹੋਇਆ। ਇਹ ਜਿਹੜਾ ਭੌਰਾ ਸਾਹਿਬ ਨੇ ਇਸ ਬਾਰੇ ਮੇਰੇ ਤੇ ਇਲਜ਼ਾਮ ਲਾਇਆ ਹੈ ਪੁਰਜ਼ੇ ਬਦਲਨ ਦਾ, ਇਹ ਗ਼ਲਤ ਹੈ।

ਸਰਦਾਰ ਮਹਿੰਦਰ ਸਿੰਘ ਗਿੱਲ (ਫ਼ਿਰੋਜ਼ਪੁਰ ਛਾਉਣੀ): ਸਤਿਕਾਰ ਯੋਗ ਚੇਅਰਮੈਨ ਸਾਹਿਬ, 1 ਮਾਰਚ, 1968 ਨੂੰ ਡਾਕਟਰ ਜਗਜੀਤ ਸਿੰਘ ਹੋਰਾਂ ਨੇ 1968–69 ਦਾ ਬਜਟ ਪੇਸ਼ ਕੀਤਾ। ਇਸ ਬਜਟ ਨੂੰ ਪੜ੍ਹਿਆਂ ਪਤਾ ਲਗਦਾ ਹੈ ਕਿ ਪੰਜਾਬ ਸਰਕਾਰ ਨੇ ਪੰਜਾਬ ਵਿੱਚ ਤੇਰਾਂ ਟੈਕਸਿਜ਼ ਲਾਏ ਹਨ ਜਿਨ੍ਹਾਂ ਤੋਂ ਕੁੱਲ ਆਮਦਨ 6.66 ਕਰੋੜ ਰੁਪਏ ਹੋਵੇਗੀ। ਜਦੋਂ ਪਿਛਲੇ ਸਾਲ ਦਾ ਬਜਟ ਪੇਸ਼ ਕੀਤਾ ਉਸ ਵੇਲੇ ਫਰੰਟ ਸਰਕਾਰ ਰਾਜ ਕਰਦੀ ਸੀ। ਉਸ ਵੇਲੇ ਪੰਜਾਬ ਵਿੱਚ ਵਾਹੀਕਾਰ ਦਲ ਬਣਿਆ। ਇਸ ਨੇ ਕਿਸਾਨਾਂ ਦੇ ਹੱਕ ਵਿੱਚ ਮੋਰਚਾ ਲਾਉਣ ਦਾ ਫ਼ੈਸਲਾ ਕੀਤਾ। ਉਸ ਵੇਲੇ ਡਾਕਟਰ ਜਗਜੀਤ ਸਿੰਘ ਇਸ ਦਲ ਦੇ ਡਿਕਟੇਟਰ ਥਾਪੇ ਗਏ। ਹੁਣ ਜਦੋਂ ਡਾਕਟਰ ਜਗਜੀਤ ਸਿੰਘ ਨੇ ਬਜਟ ਪੇਸ਼ ਕੀਤਾ ਤਾਂ ਉਸ ਵਿੱਚ ਵਾਹੀਕਾਰਾਂ ਦਾ ਖ਼ੂਨ ਪੇਸ਼ ਕੀਤਾ ਹੈ।। (ਪ੍ਰਸੰਸਾ ਆਪੋਜ਼ੀਸ਼ਨ ਵਲੋਂ) ਆਖ਼ਰ ਡਿਕਟੇਟਰ ਹੋਏ ਹੀ ਇਸੇ ਕਰਕੇ, ਜਾਂ ਹਨੇ ਜਾਂ ਬੰਨੇ। ਡਿਕਟੇਟਰ ਕੋਲੋਂ ਹੀ 6.66 ਕਰੋੜ ਦੇ ਟੈਕਸ ਲਾਏ ਗਏ ਹਨ। ਕਿਸਾਨ ਤੇ 3.55 ਕਰੋੜ ਦੇ ਟੈਕਸ ਲਗੇ ਨੇ ਜਿਹੜਾ ਮੈਂ ਵੇਰਵੇ ਸਹਿਤ ਦੱਸ ਸਕਦਾ ਹਾਂ:—

ਪਾਣੀ ਤੇ ਟੈਕਸ—1.55 ਕਰੜ
ਸਰਕਾਰੀ ਟਿਊਬ-ਵੈਲ—1.22 ਕਰੜ
ਮਾਰਕਿਟ ਫੀਸ—1.20 ਕਰੋੜ

ਮੈਂ ਇਸ ਹਾਊਸ ਵਿੱਚ ਇਹ ਦੱਸਣਾ ਜ਼ਰੂਰੀ ਸਮਝਦਾ ਹਾਂ ਕਿ ਇਹ ਕਿਹਾ ਗਿਆ ਹੈ ਕਿ ਕਿਸਾਨ ਉੱਤੇ ਟੈਕਸ ਨਹੀਂ ਲਗਾ ਬਲਕਿ ਟੈਕਸ ਵਪਾਰੀ ਉੱਤੇ ਲਗਦਾ ਹੈ। ਪਰ ਇਹ ਬਿਲਕੁੱਲ

[ਸਰਦਾਰ ਮਹਿੰਦਰ ਸਿੰਘ ਗਿੱਲ]

ਗਲਤ ਹੈ । ਜੋ ਪੰਜਾਬ ਦੇ ਆੜ੍ਹਤੀਏ ਹਨ ਸਿਵਾਏ ਕਾਰਪੋਰੇਸ਼ਨ ਸਟੋਰਜ਼ ਦੇ ਬਾਕੀ ਤੇ ਜ (ਮਾਰਕਿਟ ਫ਼ੀਸ) ਟੈਕਸ ਲਗਦਾ ਸੀ ਉਹ ਕਿਸਾਨ ਤੋਂ ਹੀ ਕਟਦੇ ਰਹੇ ਹਨ। ਹੁਣ ਇਹ ਟੈਕਸ 40 ਪੈਸੇ ਦੀ ਬਜਾਏ ਇਕ ਰੁਪਿਆ ਲਗਣਾ ਹੈ । ਇਸ ਦੀ ਕੁੱਲ ਆਮਦਨ ਜੋ 1.20 ਕਰੋੜ ਰੁਪਏ ਹੋਣੀ ਹੈ ਉਹ ਸਾਰਾ ਬੋਝ ਕਿਸਾਨਾਂ ਤੇ ਹੀ ਪੈਂਦਾ ਹੈ । ਇਹ ਠੀਕ ਹੈ ਸਰਦਾਰ ਪ੍ਰਤਾਪ ਸਿਘ ਕੈਰੋਂ ਤੋਂ ਬਾਅਦ ਏਥੇ ਬੁਜ਼ਦਿਲ ਚੀਫ਼ ਮਨਿਸਟਰ ਆਏ।

ਸ੍ਰੀ ਸਭਾਪਤੀ : ਸਰਦਾਰ ਮਹਿੰਦਰ ਸਿੰਘ ਬੁਜ਼ਦਿਲ ਦਾ ਲਫਜ਼ ਨਾ ਵਰਤੋ। (*Addressing Sardar Mohinder Singh* : The hon. Member should avoid using the word "Buzdil.")

ਸਰਦਾਰ ਮੁਹਿੰਦਰ ਸਿਘ ਗਿੱਲ : ਇਸੇ ਸਰਕਾਰ ਨੇ ਪੰਜਾਬੀ ਨੂੰ ਸ਼ੁਰੂ ਕਰਕੇ ਇਕ ਬੜਾ ਦਿਲ ਭਰਿਆ ਕੰਮ ਕੀਤਾ ਜੋ ਇਹ ਕੰਮ ਸੰਤ ਬਾਬਾ ਫ਼ਤਿਹ ਸਿੰਘ ਦੀ ਪਾਰਟੀ ਨਾ ਕਰ ਸਕੀ । ਉਸ ਨੂੰ ਇਸ ਸਰਕਾਰ ਨੇ ਕਰਕੇ ਦਿਖਾ ਦਿੱਤਾ ਹੈ । ਸੋ ਦਾਦ ਦਿੰਦਾ ਹਾਂ ਮੈਂ ਇਸ ਸਰਕਾਰ ਦੀ । (ਸ਼ੋਰ ਆਪੋਜ਼ੀਸ਼ਨ ਵਲੋਂ)

ਚੇਅਰਮੈਨ ਸਾਹਿਬ, ਜੋ ਟੈਕਸ ਲਗੇ ਹਨ ਉਹ ਸਰਕਾਰ ਚਲਾਉਣ ਲਈ ਲਾਉਣੇ ਪੈਂਦੇ ਹਨ। (ਸ਼ੋਰ ਆਪੋਜੀਸ਼ਨ ਵਲੋਂ)

ਇੰਨਾ ਜ਼ਰੂਰ ਹੈ ਕਿ ਜੇ ਟੈਕਸ ਲਾਉਣੇ ਹੀ ਸਨ ਤਾਂ ਇਸ ਕਿਸਮ ਦੇ ਟੈਕਸ ਲਾਏ ਜਾਂਦੇ ਜਿਸ ਦਾ ਬੋਝ ਅਮੀਰਾਂ ਤੇ ਪੈਂਦਾ । ਇਹ ਟੈਕਸ, ਕਾਰਾਂ ਤੇ, ਮੋਟਰ ਸਾਈਕਲਾਂ ਤੇ, ਟਰੱਕਾਂ ਤੇ ਲਾਏ ਜਾਣੇ ਚਾਹੀਦੇ ਸਨ । ਕੋਲਡ ਸਟੋਰੇਜ਼ ਤੇ ਲਾਉਣੇ ਚਾਹੀਦੇ ਸਨ ।

ਜਿੱਥੋਂ ਤਕ ਸੇਮ ਦੀਆਂ ਨਾਲਿਆਂ ਦਾ ਤੁਅੱਲਕ ਹੈ ਮੈਂ ਅਰਜ਼ ਕਰਾਂ ਕਿ ਇਸ ਬਾਰੇ ਕੋਈ ਜ਼ਿਕਰ ਨਹੀਂ । ਸਰਦਾਰ ਨੱਥਾ ਸਿੰਘ ਹੋਰਾਂ ਨੂੰ ਮੈਂ ਪੰਦਰਾਂ ਪਿੰਡਾਂ ਵਿੱਚ ਅੱਖੀਂ ਦਿਖਾਇਆ ਕਿ ਸੇਮ ਨਾਲ ਉਥੇ ਕੀ ਬੁਰਾ ਹਾਲ ਹਇਆ ਹੈ। ਉਥੇ ਕਿਸਾਨਾਂ ਦੀ ਕੀ ਹਾਲਤ ਹੋਵੇਗੀ। ਇਸ ਬਜਟ ਵਿਚ ਸੇਮ ਦਾ ਬਿਲਕੁਲ ਜ਼ਿਕਰ ਨਹੀਂ ਹੈ । ਸੇਮ ਵਾਸਤੇ ਕੋਈ ਬੰਦੋਬਸਤ ਕਰਨਾ ਚਾਹੀਦਾ ਹੈ ਤਾਂਕਿ ਗਰੀਬ ਕਿਸਾਨ ਵੱਧ ਤੋਂ ਵੱਧ ਉਤਪਾਦਨ ਕਰ ਸਕਣ । ਮੈਂ ਇਸ ਬਜਟ ਦੀ ਸ਼ਲਾਘਾ ਤਾਂ ਨਹੀਂ ਕਰਦਾ ਕਿਉਂਕਿ ਇਸ ਨਾਲ ਕਿਸਾਨਾਂ ਦਾ ਲੱਕ ਟੁਟ ਗਿਆ ਹੈ ।

ਚੇਅਰਮੈਨ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਇਨ੍ਹਾਂ ਟੈਕਸਾਂ ਤੇ ਮੁੜ ਵਿਚਾਰ ਕਰਕੇ ਪੇਸ਼ ਕੀਤੇ ਜਾਣ। ਵਿਦਿਆ ਤੇ ਟੈਕਸ ਲਾਉਣਾ ਬੜੀ ਸ਼ਰਮ ਦੀ ਗੱਲ ਹੋਵੇਗੀ। ਕਾਂਗਰਸ ਸਰਕਾਰ ਨੇ ਦਸਵੀਂ ਤਕ ਫ਼ੀਸ ਮੁਆਫ ਕੀਤੀ। ਛੇਵੀਂ ਤੋਂ ਅੱਠਵੀਂ ਤਕ ਫ਼ੀਸ ਨਹੀਂ ਲਗਣੀ ਚਾਹੀਦੀ ।

ਗਹਿਣੇ ਰਖਣ ਵਾਲੀ ਜ਼ਮੀਨ ਤੇ ਟੈਕਸ ਨਹੀਂ ਲਗਣਾ ਚਾਹੀਦਾ । ਬੈ ਵਾਲੀ ਜ਼ਮੀਨ ਤੇ ਟੈਕਸ ਹੋਵੇ ਤਾਂ ਕੋਈ ਮਾੜੀ ਗੱਲ ਨਹੀਂ। ਮੈਂ ਸਮਝਦਾ ਹਾਂ ਕਿ ਜੇ ਕਰਨਾ ਹੀ ਹੈ ਤਾਂ ਬੈ ਵਾਲੀ ਉੱਤੇ ਵਧਾ ਦੇਣ, ਹਿਬਾ ਨਾਮਾ ਔਰ ਗਹਿਣੇ ਵਾਲੀ ਜ਼ਮੀਨ ਉੱਤੇ ਫ਼ੀਸ ਨਹੀਂ ਵਧਾਉਣੀ ਚਾਹੀਦੀ। ਬਾਕੀ ਜੋ ਇਨ੍ਹਾਂ ਨੇ ਪੰਜਾਬ ਵਿੱਚ ਹਸਪਤਾਲਾਂ ਵਿੱਚ ਮਰੀਜ਼ਾਂ ਉੱਤੇ ਫ਼ੀਸ ਲਾਈ ਹੈ ਉਹ ਵੀ ਠੀਕ ਨਹੀਂ ਕੀਤਾ। ਕਿਉਂਕਿ 10 ਪੈਸੇ ਅੱਗੇ ਇਕ ਵੇਲੇ ਪਰਚੀ ਦੇ ਲੈਂਦੇ ਸਨ ਹੁਣ ਉਨ੍ਹਾਂ ਨੇ ਰੋਜ਼ ਲੈਣੇ ਸ਼ੁਰੂ ਕਰਵਾ ਦੇਣੇ ਹਨ। 25 ਪੈਸੇ ਜਿਹੜਾ ਮਰੀਜ਼ ਦਾਖ਼ਲ ਹੈ ਉਸ ਕੋਲੋਂ ਲੈਣੇ ਹਨ । ਇਸ ਦੀ ਬਜਾਏ ਜਿਹੜ ਅਮੀਰ ਆਦਮੀ, ਸਰਮਾਏਦਾਰ ਆਦਮੀ ਸਪੇਸ਼ਲ ਵਾਰਡਾਂ ਵਿੱਚ ਰਹਿੰਦੇ ਹਨ, ਮੈਂ ਸਮਝਦਾ ਹਾਂ, ਕਿ ਜੇ ਉਨ੍ਹਾਂ

ਤੇ ਦੋ ਰੁਪਏ ਰੋਜ਼ ਦੇ ਵੀ ਟੈਕਸ ਲਾ ਦੇਣ ਤਾਂ ਕੋਈ ਜ਼ਿਆਦਾ ਨਹੀਂ। ਇਸ ਲਈ ਇਹ ਸਪੈਸ਼ਲ ਵਾਰਡਾਂ ਵਾਲਿਆਂ ਤੇ ਲੱਗਣਾ ਚਾਹੀਦਾ ਹੈ। ਗਰੀਬਾਂ ਤੇ ਨਹੀਂ ਲੱਗਣਾ ਚਾਹੀਦਾ। ਸੋ ਮੈਂ ਅੰਤ ਵਿੱਚ ਫਿਰ ਇਕ ਗੱਲ ਦੱਸਣੀ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਇਹ ਜਿਹੜੀ ਪੰਜਾਬ ਕਾਂਗਰਸ ਨੇ ਸਪੋਰਟ ਦਿੱਤੀ ਹੈ ਪੰਜਾਬ ਸਰਕਾਰ ਨੂੰ, ਇਸ ਵਿੱਚ ਪੰਜਾਬ ਕਾਂਗਰਸ ਨੇ ਬੜਾ ਵੱਡਾ ਪੰਜਾਬ ਦਾ ਭਲਾ ਕੀਤਾ ਹੈ। ਕਿਉਂਕਿ ਸਰਦਾਰ ਗੁਰਨਾਮ ਸਿੰਘ ਦੀ ਸਰਕਾਰ ਵੇਲੇ ਜ ਕਮਿਉਨਿਸਟਾਂ ਨੇ ਇਸ ਪੰਜਾਬ ਵਿੱਚ ਇੰਡਸਟਰੀ ਤੇ ਪੰਜਾਬ ਦੇ ਅਮਨ ਨੂੰ ਭੰਗ ਕਰਨ ਦੀ ਕੋਸ਼ਿਸ਼ ਕੀਤੀ ਸੀ, ਉਸ ਤੋਂ ਬਚਾਇਆ ਹੈ। ਅਸੀਂ ਇਸ ਵਿੱਚ ਇਕ 17 ਬੂਟਿਆਂ ਦਾ ਬਾਗ ਲਾਇਆ ਹੈ, ਚੇਅਰਮੈਨ ਸਾਹਿਬ, ਪੰਜਾਬ ਵਿਚ। 43 ਅਸੀਂ ਇਸ ਦੇ ਮਾਲੀ ਹਾਂ। ਅਸੀਂ ਇਨ੍ਹਾਂ ਦੀ ਬਿਮਾਰੀਆਂ ਤੋਂ ਰਾਖੀ ਕਰਨੀ ਹੈ ਜਿਹੜੀਆਂ ਇਹ ਸਾਹਮਣੇ ਬੈਠੀਆਂ ਹਨ (ਸ਼ੋਰ)। ਇਸ ਬਾਗ ਦੇ ਬਚਾਉਣ ਨਾਲ ਹੀ ਪੰਜਾਬ ਦਾ ਭਲਾ ਹੋ ਸਕਦਾ ਹੈ। ਬਜਟ ਤੇ ਰਾਏ ਵਿਚ ਫਰਕ ਹੋ ਸਕਦਾ ਹੈ, ਕਿਉਂਕਿ ਬਜਟ ਜਿਹੜਾ ਹੈ, ਉਹ ਕਿਸਾਨ, ਮਜ਼ਦੂਰ ਤੇ ਗਰੀਬਾਂ ਨੂੰ ਧਕਾ ਪਹੁੰਚਾਉਂਦਾ ਹੈ, ਪਰ ਇਹ ਸਰਕਾਰ ਜਿਹੜੀ ਹੈ ਇਹ ਪਜਾਬ ਦੇ ਭਲੇ ਵਾਸਤੇ ਬਣਾਈ ਗਈ ਸੀ, ਅਸੀਂ ਇਸ ਨੂੰ ਸਪੋਰਟ ਦਿਦੇ ਰਹਾਂਗੇ (ਥੰਪਿੰਗ)। ਬਾਕੀ, ਚੇਅਰਮੈਨ ਸਾਹਿਬ, ਇਨਾਂ ਕੁਝ ਕਹਿੰਦਾ ਹੋਇਆ ਮੈਂ ਇਹ ਬਨਤੀ ਕਰਾਂਗਾ ਕਿ ਇਹ ਸਰਕਾਰ ਵਲੋਂ ਜਿਹੜਾ ਕਿਸਾਨਾਂ ਉੱਤੇ ਟੈਕਸ ਲਾਇਆ ਗਿਆ ਹੈ, ਸਕੂਲਾਂ ਵਿਚ ਜਿਹੜੀ ਫੀਸ ਲਾਈ ਗਈ ਹੈ, ਇਸ ਨੂੰ ਛਡਕੇ ਵੱਡੇ-ਵੱਡੇ ਸਰਮਾਏਦਾਰ, ਜਾਗੀਰਦਾਰ ਜਿਹੜੇ ਹਨ, ਉਨ੍ਹਾਂ ਤੇ ਹੀ ਲਗਾਈ ਜਾਵੇ। ਹਾਲੇ ਵੀ ਮੈਂ ਕਹਿੰਦਾ ਹਾਂ ਕਿ ਕਈ ਲੋਕ 30 ਸਟੈਂਡਰਡ ਏਕੜ ਤੋਂ ਵੱਧ ਜ਼ਮੀਨ ਲਈ ਬੈਠੇ ਹਨ, ਕਈਆਂ ਨੇ ਆਪਣੇ ਭਰਾਵਾਂ, ਘਰ ਵਾਲੀਆਂ, ਆਪਣੇ ਬਚਿਆਂ—ਜਿਹੜਾ ਕਿ ਬਚਾ ਹਾਲੀ ਦੋ ਮਹੀਨਿਆਂ ਦਾ ਹੀ ਹੁੰਦਾ ਹੈ ਉਸ ਦੇ ਨਾਂ ਵੀ ਜ਼ਮੀਨ ਲਾਈ ਹੋਈ ਹੈ। ਇਸ ਕਰਕੇ ਉਨ੍ਹਾਂ ਤੇ ਟੈਕਸ ਲਾਉ। ਇਹ ਮਾਲੀਆ ਜਿਹੜਾ 5 ਏਕੜ ਤੇ ਲਾਇਆ ਗਿਆ ਹੈ, ਇਹ ਉਸ ਦੀ ਬਜਾਏ 30 ਏਕੜ ਤੋਂ ਉੱਤੇ ਵਾਲੇ ਤੇ ਲਗਣਾ ਚਾਹੀਦਾ ਹੈ ਤਾਂ ਜੋ ਕਿਸਾਨ ਦਾ ਭਲਾ ਹੋ ਸਕੇ।

ਭਗਤ ਗੁਰਾਂਦਾਸ ਹੰਸ (ਸ਼ਾਮ ਚੁਰਾਸੀ—ਐਸ. ਸੀ.) : ਮਾਨਯੋਗ ਚੇਅਰਮਨ ਸਾਹਿਬ, ਬਜਟ ਪੇਸ਼ ਹੋਇਆ ਹੈ, ਇਹ ਦੱਸਦਾ ਹੈ ਕਿ ਗੌਰਮਿੰਟ ਨੇ ਕੀ ਕੰਮ ਕਰਨਾ ਹੈ। ਟੈਕਸ ਦੇ ਮੁਤੱਲਿਕ ਵੀ ਬੜੇ ਜ਼ੋਰ ਨਾਲ ਕਿਹਾ ਗਿਆ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀਆਂ ਹਕੂਮਤਾਂ ਟੈਕਸ ਨਹੀਂ ਲਾਉਂਦੀਆਂ ਉਹ ਹਕੂਮਤ ਨਹੀਂ ਕਰ ਸਕਦੀਆਂ। ਅਗਰ ਪਿਛੇ ਅਸੀਂ ਇਤਿਹਾਸ ਦੀ ਤਰਫ ਦੇਖੀਏ, ਸਤਿਯੁਗ ਦੇ ਵਿੱਚ ਵੀ ਜਿਸ ਵੇਲੇ ਰਾਜਾ ਹਰੀ ਚੰਦ ਦਾ ਰਾਜ ਸੀ ਉਸ ਵੇਲੇ ਵੀ ਟੈਕਸ ਲਗਦੇ ਸਨ। ਲੇਕਿਨ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਕੰਧੇ ਉਸ ਟੈਕਸ ਦਾ ਬੋਝ ਬਰ—ਦਾਸ਼ਤ ਕਰ ਸਕਣ, ਉਥੇ ਹੀ ਲਗਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਅੱਜ ਦੀ ਸਰਕਾਰ ਨੇ ਜਿਹੜੇ ਟੈਕਸ 6 ਕਰੋੜ 66 ਲੱਖ ਰੁਪਏ ਦੇ ਲਗਾਏ ਹਨ, ਇਨ੍ਹਾਂ ਦੀ ਵੀ ਕੁਝ ਮਜਬੂਰੀ ਸਾਬਤ ਹੁੰਦੀ ਹੈ ਕਿਉਂਕਿ ਪਹਿਲੀ ਸਰਕਾਰ ਜਿਸ ਵੇਲੇ ਇਥੇ ਕਾਇਮ ਹੋਈ, ਉਨ੍ਹਾਂ ਨੇ ਇਸ ਭਾਵ ਨਾਲ ਨਹੀਂ ਸੋਚਿਆ ਕਿ ਅਸੀਂ ਹਕੂਮਤ ਕਰਨੀ ਹੈ। ਉਨ੍ਹਾਂ ਨੇ ਕਿਹਾ ਕਿ ਪਤਾ ਨਹੀਂ ਕਿ ਅਸੀਂ ਨਵੇਂ ਨੋਟ ਬਣਾ ਲਏ ਤਾਂ ਅਗਲੀ ਵਾਰੀ ਜ਼ਰੂਰਤ ਨਹੀਂ ਪੈਣੀ। ਬਜਟ ਤਾਂ ਜ਼ਰੂਰ ਬਨਾਉਣਾ ਪੈਂਦਾ ਹੈ, ਗਿੱਲ ਸਾਹਿਬ ਦੀ ਸਰਕਾਰ ਨੇ ਹਰੀਜਨਾਂ ਦੇ ਮੁਤੱਲਿਕ, ਕਈ ਦੋਸਤਾਂ ਨੇ ਕਿਹਾ ਹੈ ਕਿ ਕੁਝ ਨਹੀਂ ਕੀਤਾ। ਇਹ ਠੀਕ ਹੈ। ਮਗਰ ਜਿਹੜੀ ਸਰਕਾਰ 8 ਮਹੀਨੇ ਰਹੀ, ਉਸਨੇ ਜਾਂ ਹਰ ਵੀ ਜਿਹੜੀ ਰਹੀ ਸੀ, ਉਸ ਨੇ ਵੀ ਹਰੀਜਨਾਂ ਨੂੰ ਖ਼ਤਮ ਕਰਨ ਦਾ ਯਤਨ ਕੀਤਾ ਸੀ। ਬਲਕਿ ਕੋਈ ਹਰਜਨਾਂ ਨੂੰ ਇਗਨਰ ਕਰ ਦਿਤਾ। ਜਿਹੜੇ ਹਰੀਜਨਾਂ ਨੂੰ ਜ਼ਮੀਨ ਦਿਤੀ ਸੀ ਉਸ ਜ਼ਮੀਨ ਦੀਆਂ ਨੀਲਾਮੀਆਂ ਵੀ ਬੰਦ ਕਰ ਦਿਤੀਆਂ ਸਨ। ਪਰ ਏਨੀ ਗੱਲ ਦਾ ਮੈਂ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਦੁਬਾਰਾ ਉਹ ਸ਼ੁਰੂ ਕਰ ਦਿਤੀਆਂ ਹਨ ਤਾਂ ਕਿ ਜਿਹੜੀ ਕਮੀ ਹੋ ਗਈ ਸੀ ਉਹ ਪੂਰੀ ਹੋਣ ਦੀ ਉਮੀਦ ਰੱਖਦੇ ਹਾਂ। ਹਰੀਜਨ ਸਮਾਜ

[ਭਗਤ ਗੁਰਾਂਦਾਸ ਹੰਸ]

ਦਾ ਇਕ ਪਛੜਿਆ ਅੰਗ ਹੈ । ਮੈਂ ਇਹ ਵੀ ਖ਼ਿਆਲ ਕਰਦਾ ਹਾਂ ਕਿ ਹਰੀਜਨਾਂ ਦੇ ਇਲਾਵਾ ਕੋਈ ਵੀ ਇਸ ਪੰਜਾਬ ਵਿੱਚ ਰਹਿਣ ਵਾਲਾ ਹੋਵੇ, ਚਾਹੇ ਉਹ ਜੱਟ ਹੈ, ਚਾਹੇ ਉਹ ਛੋਟਾ ਜ਼ਿਮੀਂਦਾਰ ਹੈ, ਚਾਹੇ ਉਹ ਛੋਟਾ ਦੁਕਾਨਦਾਰ ਹੈ, ਕਈਆਂ ਦੀ ਤਾਂ ਹਰੀਜਨਾਂ ਨਾਲੋਂ ਵੀ ਚੰਗੀ ਹਾਲਤ ਨਹੀਂ। ਮੈਂ ਕਹਿੰਦਾ ਹਾਂ ਕਿ ਜਦ ਹਰੀਜਨਾਂ ਦੀ ਐਮ. ਏ. ਤਕ ਫ਼ੀਸ ਮੁਆਫ ਹੈ, ਏਸ ਤਰ੍ਹਾਂ ਉਨ੍ਹਾਂ ਗਰੀਬ ਬੱਚਿਆਂ ਦੀ ਵੀ ਮੁਆਫ਼ ਹੋਣੀ ਚਾਹੀਦੀ ਹੈ । ਮੈਂ ਕਹਿੰਦਾ ਹਾਂ ਕਿ ਜਿਹੜਾ ਗਰੀਬ ਬਚਾ ਪੜ੍ਹਨ ਵਿਚ ਕਾਬਲ ਹੈ, ਉਸ ਦੀ ਵੀ ਫ਼ੀਸ ਮੁਆਫ਼ ਹੋਣੀ ਚਾਹੀਦੀ ਹੈ। ਤਾਂਕਿ ਉਹ ਵੀ ਆਪਣਾ ਜੀਵਨ ਉੱਚਾ ਕਰ ਸਕੇ ਕਿਉਂਕਿ ਉਹ ਵੀ ਇਸ ਦੇਸ਼ ਦੀ ਹੀ ਸੰਤਾਨ ਹੈ । ਗਿੱਲ ਸਾਹਿਬ ਨੇ ਕਿਹਾ ਹੈ ਕਿ ਸੌ ਰੁਪਏ ਵਿੱਚ ਕਣਕ ਦਿੱਤੀ ਜਾਵੇਗੀ, ਜ਼ਿਮੀਂਦਾਰ ਨੂੰ ਰੀਲੀਫ਼ ਦੇਣ ਵਾਸਤੇ, ਬੜੀ ਅੱਛੀ ਗਲ ਹੈ । ਜ਼ਿਮੀਂਦਾਰ ਨੂੰ ਰੀਲੀਫ਼ ਜ਼ਰੂਰ ਦੇਣੀ ਚਾਹੀਦੀ ਹੈ ਕਿਉਂਕਿ ਕਿਸਾਨ ਦੁਕਾਨਦਾਰ ਦੀ ਤਰ੍ਹਾਂ ਆਪਣੀ ਫ਼ਸਲ ਦਾ ਕੋਈ ਐਸਟੀਮੇਟ ਨਹੀਂ ਲਾਉਂਦਾ ਕਿ ਮੈਨੂੰ ਕੀ ਮੁਨਾਫ਼ਾ ਹੋਵੇਗਾ। ਉਹ ਤਾਂ ਆਪਣੇ ਅੰਧ ਵਿਸ਼ਵਾਸ ਨਾਲ ਕੰਮ ਕਰਦਾ ਹੈ, ਉਹ ਮੁਨਾਫ਼ੇ ਦੀ ਤਰਫ ਨਹੀਂ ਦੇਖਦਾ । ਗਿੱਲ ਸਾਹਿਬ ਨੇ ਇਹ ਵੀ ਕਿਹਾ ਹੈ ਕਿ ਗਰੀਬਾਂ ਨੂੰ ਅਸੀਂ ਘੱਟ ਕੀਮਤ ਤੇ ਕਣਕ ਦਿਆਂਗੇ । ਇਸ ਤੋਂ ਬਹੁਤ ਹੈਰਾਨੀ ਹੁੰਦੀ ਹੈ ਕਿ ਕੀ ਉਸ ਦੇ ਵਾਸਤੇ ਉਹ ਕੋਈ ਹੋਰ ਮਹਿਕਮਾ ਖੋਲ੍ਹਣਗੇ ਜਿਹੜਾ ਕਿ ਗਰੀਬਾਂ ਦੇ ਸਰਟੀਫ਼ੀਕੇਟ ਲੈ ਕੇ ਉਨ੍ਹਾਂ ਨੂੰ ਕਣਕ ਸਸਤੀ ਦੇਵੇਗਾ। ਇਸ ਦੀ ਬਜਾਏ ਇਹ ਕਰ ਦਿੰਦੇ ਕਿ ਜਿਹੜਾ ਜ਼ਿਮੀਂਦਾਰ ਟਿਊਬ-ਵੈਲ ਲਗਾਉਂਦਾ ਹੈ ਉਸ ਨੂੰ ਟਿਊਬ-ਵੈਲ ਦਾ ਖ਼ਰਚ ਮੁਫ਼ਤ ਦਿੱਤਾ ਜਾਵੇ, ਉਸ ਨੂੰ ਬਿਜਲੀ ਫ਼ਰੀ ਦਿਤੀ ਜਾਵੇ । ਜਿਹੜੀ ਖਾਦ ਦੀ ਬੋਰੀ 28 ਰੁਪਏ ਹੋ ਗਈ ਹੈ, ਉਹ ਜ਼ਿਮੀਂਦਾਰ ਨੂੰ 10 ਰੁਪਏ ਵਿਚ ਦਿਤੀ ਜਾਵੇ ਤਾਂਕਿ ਉਹ ਅੱਛੀ ਤਰ੍ਹਾਂ ਨਾਲ ਕਾਸ਼ਤ ਕਰ ਸਕੇ । ਕੀਮਤ ਨੂੰ ਲੈਵਲ ਤੇ ਰੱਖਣਾ ਚਾਹੀਦਾ ਹੈ ਤਾਂਕਿ ਦੇਸ਼ ਦਾ ਜਿਹੜਾ ਗਰੀਬ ਹੈ ਉਸਦਾ ਵੀ ਭਲਾ ਹੋ ਸਕੇ । ਪਿੰਡਾਂ ਵਿਚ ਮੈਂ ਦੇਖਿਆ ਹੈ ਕਿ ਕਈ ਲੋਕ ਐਸੇ ਹਨ ਜਿਨ੍ਹਾਂ ਦੇ ਕੋਲ ਕੋਈ ਜ਼ਮੀਨ ਨਹੀਂ ਹੁੰਦੀ ਉਹ ਲੋਕਾਂ ਦੀ ਵਾਹੀ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ। ਲੋਕਾਂ ਦੀ ਸੇਪੀ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ। ਮਗਰ ਐਸਾ ਨਹੀਂ ਕਿ ਉਹ ਹੜਤਾਲ ਨਹੀਂ ਕਰ ਸਕਦੇ । ਅੱਜ ਮੁਲਾਜ਼ਮ ਵੀ ਬੜੀ ਜਦੋ ਜਹਿਦ ਕਰਨ ਵਾਸਤੇ ਹੜਤਾਲ ਜਾਂ ਨਾਹਰੇ ਲਾਉਂਦੇ ਹਨ । ਮਗਰ ਜਿਹੜੇ ਸ਼ਹਿਰਾਂ ਜਾਂ ਪਿੰਡਾਂ ਵਿਚ ਗਰੀਬ ਲੋਕ ਮਜ਼ਦੂਰੀ ਦਾ ਕੰਮ ਕਰਦੇ ਹਨ ਉਨ੍ਹਾਂ ਦੀ ਤਰਫ਼ ਵੀ ਧਿਆਨ ਦੇਣਾ ਚਾਹੀਦਾ ਹੈ । ਗਰੀਬ ਆਦਮੀ ਤਾਂ ਦ ਤਿੰਨ ਰੁਪਏ ਬੜੀ ਮੁਸ਼ਕਲ ਨਾਲ ਕਮਾਉਂਦਾ ਹੈ ਬਲਕਿ ਕਈ ਵੇਲੇ ਤਾਂ ਉਸ ਨੂੰ ਰੋਜ਼ੀ ਵੀ ਨਹੀਂ ਮਿਲਦੀ । ਮੈਂ ਹਰੀਜਨਾਂ ਦੇ ਮੁਤੱਅਲਿਕ ਅਰਜ਼ ਕਰਨੀ ਚਾਹੁੰਦਾ ਹਾਂ । ਇਸ ਹਾਊਸ ਨੇ ਇਕ ਕਮੇਟੀ ਬਣਾਈ ਸੀ ਜਿਸ ਦਾ ਨਾਂ ਇੱਵੇਲੂਏਸ਼ਨ ਕਮੇਟੀ ਹੈ। ਜਿਸ ਦੇ ਚੇਅਰਮੈਨ ਬਾਬੂ ਬ੍ਰਿਸ਼ਭਾਨ ਜੀ ਸਨ । ਉਸ ਨੇ ਕਾਫੀ ਸਿਫ਼ਾਰਸ਼ਾਂ ਕੀਤੀਆਂ ਸਨ ਜਿਹੜੀਆਂ ਕਿ ਹਰੀਜਨਾਂ ਦੇ ਸੁਧਾਰ ਵਾਸਤੇ ਬੜੀਆਂ ਅੱਛੀਆਂ ਸਨ । ਸੋ ਗਿੱਲ ਸਾਹਿਬ ਨੂੰ ਵੀ ਚਾਹੀਦਾ ਹੈ ਕਿ ਉਹ ਜਿਹੜੀਆਂ ਸਿਫਾਰਸ਼ਾਂ ਕੀਤੀਆਂ ਗਈਆਂ ਹਨ ਉਨ੍ਹਾਂ ਤੇ ਅਮਲ ਕਰਨ ਅਤੇ ਹਰੀਜਨਾਂ ਦੀ ਹਾਲਤ ਠੀਕ ਕਰਨੀ ਚਾਹੀਦੀ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਹਰੀਜਨਾਂ ਨੂੰ ਜ਼ਮੀਨ ਮਿਲਦੀ ਹੈ ਉਸ ਦਾ ਕੋਈ ਫਾਇਦਾ ਨਹੀਂ। ਵੈਲਫੇਅਰ ਦੀ ਤਰਫੋਂ ਹਰੀਜਨਾਂ ਨੂੰ 900 ਰੁਪਏ ਤੇ ਜ਼ਮੀਨ ਲੈ ਕੇ ਦਿਤੀ ਜਾਂਦੀ ਹੈ । ਉਹ ਘਟੀਆ ਤੋਂ ਘਟੀਆ ਜ਼ਮੀਨ ਲੈਂਦਾ ਹੈ, ਉਹ ਕਹਿੰਦਾ ਹੈ ਕਿ ਮੈਂ ਮਾਲਕ ਬਣ ਜਾਵਾਂ, ਜ਼ਿਮੀਂਦਾਰ ਬਣ ਜਾਵਾਂ । ਪਰ ਉਸ ਜ਼ਮੀਨ ਤੇ ਖੂਹ ਕੋਈ ਨਹੀਂ ਹੁੰਦਾ। ਟਿਊਬ-ਵੈਲ ਵਾਸਤੇ ਉਸ ਨੂੰ ਕਰਜ਼ਾ ਨਹੀਂ ਮਿਲ ਸਕਦਾ । 5 ਏਕੜ ਜ਼ਮੀਨ ਲੈ ਕੇ ਉਹ ਰੇਤੇ ਵਿੱਚ ਬੈਠ ਜਾਂਦਾ ਹੈ। ਉਥੋਂ ਤਾਂ ਉਹ ਆਪਣੇ ਬੱਚਿਆਂ ਨੂੰ ਵੀ ਰੋਟੀ ਨਹੀਂ ਖਿਲਾ ਸਕਦਾ । ਇਸ ਲਈ ਮੈਂ ਅਰਜ਼ ਕਰਦਾ ਹਾਂ ਅਤੇ ਅੱਗੇ ਵੀ ਕਈ ਦਫ਼ਾ ਕੀਤੀ ਹੈ ਕਿ ਅਗਰ ਤੁਸੀਂ ਹਰੀਜਨਾਂ ਨੂੰ ਵਸਾਉਣਾ ਚਾਹੁੰਦੇ ਹੋ ਤਾਂ ਜਿਹੜੀਆਂ ਬੰਜਰ ਜ਼ਮੀਨਾਂ ਪਈਆਂ ਹਨ ਜਾਂ ਜਿਹੜੀਆਂ

ਤੁਸੀਂ ਨਿਲਾਮੀ ਵਿਚ ਦਿੰਦੇ ਹੋ, ਹਰੀਜਨ ਨੂੰ ਕਰਜ਼ਾ ਦਿਉ। ਇਸ ਦੇ ਇਲਾਵਾ ਜੋ ਗਰੀਬ ਮੁਜ਼ਾਰਾ ਹੈ ਉਸ ਨੂੰ ਵੀ ਕਰਜ਼ਾ ਦਿਉ। ਟਿਊਬ-ਵੈਲ ਲਾ ਕੇ ਦਿਉ, ਉਸ ਨੂੰ ਦਸ ਦਸ ਜਾਂ ਬਾਰਾਂ ਬਾਰਾਂ ਏਕੜ ਦਾ ਪਲਾਟ ਦਿਉ, ਇਸ ਨਾਲ ਇਕ ਤਾਂ ਰੋਟੀ ਦਾ ਮਸਲਾ ਹਲ ਹੋ ਸਕਦਾ ਹੈ ਦੂਸਰਾ ਦੇਸ਼ ਵਿਚ ਅਨਾਜ ਦਾ ਜੋ ਤੋੜਾ ਹੈ ਉਹ ਵੀ ਦੂਰ ਹੋ ਸਕਦਾ ਹੈ। ਇਸ ਦੀ ਤਰਫ਼ ਗੌਰਮਿੰਟ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਹੋਈ ਹੈ ਕਿ ਪੰਜਾਬ ਵਿਚ ਇਹ ਜਿਹੜੀ ਮਨਿਸਟਰੀ ਬਣੀ ਹੈ, ਉਸ ਵਿੱਚ ਚਾਰ ਵਜ਼ੀਰ ਹੁਸ਼ਿਆਰਪੁਰ ਜ਼ਿਲੇ ਦੇ ਬਣ ਗਏ ਹਨ। ਹੁਸ਼ਿਆਰਪੁਰ ਔਰ ਜਲੰਧਰ ਦੇ ਲੋਕਾਂ ਨੇ (ਬਾਬਿਆਂ ਨੇ) ਅੰਗ੍ਰੇਜ਼ ਨੂੰ ਆਪਣੇ ਦੇਸ਼ ਵਿਚੋਂ ਕੱਢਣ ਲਈ ਬੜੀਆਂ ਕੁਰਬਾਨੀਆਂ ਕੀਤੀਆਂ। ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਲੜਾਈ ਲੜੀ ਔਰ ਆਪਣੇ ਪਰਾਣ ਤੇ ਆਪਣੀ ਜਾਇਦਾਦ ਦੀ ਪਰਵਾਹ ਨਹੀਂ ਕੀਤੀ, ਮਗਰ ਇਹ ਹਕੂਮਤ ਉਨ੍ਹਾਂ ਦੀ ਤਰਫ ਧਿਆਨ ਨਹੀਂ ਦਿੰਦੀ। ਸਾਨੂੰ ਬੜੀ ਖੁਸ਼ੀ ਸੀ ਕਿ ਹੁਸ਼ਿਆਰਪੁਰ ਦੇ ਚਾਰ ਵਜ਼ੀਰ ਬਣ ਗਏ ਹਨ ਅਤੇ ਹੁਸ਼ਿਆਰਪੁਰ ਵਾਸਤੇ ਬਜਟ ਵਿੱਚ ਕੁਝ ਨਾ ਕੁਝ ਜ਼ਰੂਰ ਹੋਵੇਗਾ, ਮਗਰ ਮੈਂ ਪੜ੍ਹ ਕੇ ਬੜਾ ਮਹਿਸੂਸ ਕੀਤਾ ਹੈ ਕਿ ਹੁਸ਼ਿਆਰਪੁਰ ਦੇ ਚਾਰ ਵਜ਼ੀਰਾਂ ਨੇ ਹੁਸ਼ਿਆਰਪੁਰ ਵਾਸਤੇ ਕੁਝ ਨਹੀਂ ਰਖਿਆ। (ਵਿਘਨ)।

ਇਕ ਮਾਨਯੋਗ ਮੈਂਬਰ : ਇਹ ਇਮਪਾਰਸ਼ਲ ਵਜ਼ੀਰ ਲੱਗਦੇ ਹਨ। (ਸ਼ੋਰ)।

ਭਗਤ ਗੁਰਾਂਦਾਸ ਹੰਸ : ਮੈਂ ਵੀ ਮੰਨਦਾ ਹਾਂ ਕਿ ਉਨ੍ਹਾਂ ਦਾ ਸਿਰਫ਼ ਹੁਸ਼ਿਆਰਪੁਰ ਨਾਲ ਹੀ ਨਾਤਾ ਨਹੀਂ ਰਿਹਾ ਬਲਕਿ ਸਾਰੇ ਪੰਜਾਬ ਨਾਲ ਉਨ੍ਹਾਂ ਦਾ ਰਿਸ਼ਤਾ ਹੈ। ਇਹ ਨਹੀਂ ਹੋਣਾ ਚਾਹੀਦਾ ਕਿ ਖੂਹ ਦੇ ਨਜ਼ਦੀਕ ਦੇ ਕਿਆਰੇ ਭਰ ਜਾਣ ਔਰ ਪਿਛੇ ਵਾਲਿਆਂ ਨੂੰ ਪਾਣੀ ਨਾ ਦਿੱਤਾ ਜਾਵੇ। ਉਨ੍ਹਾਂ ਦਾ ਵੀ ਖਿਆਲ ਰਖਣਾ ਚਾਹੀਦਾ ਹੈ। ਕੰਡੀ ਦਾ ਜਿਹੜਾ ਇਲਾਕਾ ਹੈ ਸੰਨ 1947 ਵਿੱਚ ਮੁਸਲਮਾਨ ਇਸ ਨੂੰ ਛੱਡ ਕੇ ਗਏ। ਜਿਨ੍ਹਾਂ ਨੂੰ ਉਹ ਜ਼ਮੀਨ ਅਲਾਟ ਹੋਈ ਉਹ ਕਬਜ਼ਾ ਵੀ ਲੈਣ ਨਹੀਂ ਆਏ। ਹਰੀਜਨਾਂ ਨੂੰ ਉਹ ਜ਼ਮੀਨ ਅਲਾਟ ਕੀਤੀ ਗਈ ਪਰ ਫਿਰ ਗੌਰਮਿੰਟ ਨੇ ਉਹ ਇਲਾਕਾ ਮਹਿਕਮਾ ਜੰਗਲਾਤ ਨੂੰ ਦੇ ਦਿੱਤਾ। ਜਿਹੜੀ ਜ਼ਮੀਨ ਹਰੀਜਨ ਕਾਸ਼ਤ ਕਰਦੇ ਸਨ ਉਹ ਜੰਗਲਾਤ ਵਾਲਿਆਂ ਨੇ ਖੋਹ ਲਈ। ਠੀਕ ਹੈ ਕਿ ਮੁਲਕ ਨੂੰ ਖੁਸ਼ਹਾਲ ਕਰਨ ਵਾਸਤੇ ਜੰਗਲਾਤ ਦਾ ਹੋਣਾ ਵੀ ਜ਼ਰੂਰੀ ਹੈ ਪਰ ਇਸ ਮਕਸਦ ਲਈ ਪਹਾੜ ਦੇ ਪਜ ਸਤ ਮੀਲ ਲਾਗੇ ਦਾ ਜਿਹੜਾ ਇਲਾਕਾ ਹੈ ਉਹ ਜਗਲਾਤ ਨੂੰ ਦੇ ਦਿਉ ਮਗਰ ਇਹ ਨਹੀਂ ਕਿ ਸ਼ਹਿਰ ਨੂੰ ਵੀ ਜੰਗਲਾਤ ਬਣਾ ਲਿਆ ਜਾਵੇ। ਇਤਨਾ ਹੀ ਨਹੀਂ ਜੰਗਲਾਤ ਵਾਲਿਆਂ ਨੇ ਜਿਹੜੇ ਉਥੇ ਰਾਖੇ ਰਖੇ ਹੋਏ ਹਨ ਉਹ ਜਿਹੜੇ ਪਸ਼ੂ ਉਥੇ ਚਲੇ ਜਾਂਦੇ ਹਨ—ਹਾਲਾਂਕਿ ਉਥੇ ਉਨ੍ਹਾਂ ਨੇ ਕੋਈ ਫਸਲਾਂ ਨਹੀਂ ਬੀਜੀਆਂ ਹੋਈਆਂ ਉਹ ਰਾਖੇ ਉਨ੍ਹਾਂ ਪਸ਼ੂਆਂ ਨੂੰ ਪਕੜ ਲੈਂਦੇ ਹਨ ਔਰ ਦਸ ਦਸ ਰੁਪਏ ਲੈ ਕੇ ਹੀ ਛਡਦੇ ਹਨ। ਇਹ ਰੁਪਿਆ ਸਰਕਾਰ ਦੇ ਖਜ਼ਾਨੇ ਵਿਚ ਨਹੀਂ ਜਾਂਦਾ ਬਲਕਿ ਉਨ੍ਹਾਂ ਦੀਆਂ ਜੇਬਾਂ ਵਿੱਚ ਹੀ ਚਲਾ ਜਾਂਦਾ ਹੈ। ਇਸ ਨੂੰ ਬੰਦ ਕਰਨਾ ਚਾਹੀਦਾ ਹੈ ਔਰ ਜਿਹੜਾ ਰੋਪੜ ਤੋਂ ਲੈ ਕੇ ਦਸੂਏ ਤਕ ਦਾ ਇਲਾਕਾ ਹੈ, ਜਿਹੜਾ ਬੇਕਾਰ ਪਿਆ ਹੋਇਆ ਹੈ, ਕਾਬਲੇ ਕਾਸ਼ਤ ਹੈ ਉਸ ਦੇ 12–12 ਏਕੜ ਦੇ ਪਲਾਟ ਬਣਾ ਕੇ ਹਰੀਜਨ ਔਰ ਗਰੀਬ ਮੁਜ਼ਾਰਿਆਂ ਨੂੰ, ਜਿਹੜੇ ਆਪਣੇ ਹੱਥੀਂ ਕਾਸ਼ਤ ਕਰਦੇ ਹੋਣ, ਦੇ ਦਿਤੇ ਜਾਣ। ਇਹ ਨਾ ਹੋਵੇ ਕਿ ਜਿਸ ਤਰ੍ਹਾਂ ਹੁਣ ਹੁੰਦਾ ਹੈ ਕਿ ਅਗਰ ਕੋਈ ਕਿਸੇ ਕਮੇਟੀ ਵਿਚ ਹੈ ਤਾਂ ਉਹ ਆਪਣੇ ਬੰਦਿਆਂ ਨੂੰ ਦੇ ਦੇਵੇ ਔਰ ਬਾਅਦ ਵਿੱਚ ਕਿਸੇ ਹੋਰ ਨੂੰ ਦੇ ਦੇਵੇ। ਅਗਰ ਇਸ ਤਰ੍ਹਾਂ ਪਲਾਟ ਬਣਾ ਕੇ ਹਰੀਜਨਾਂ ਔਰ ਗਰੀਬ ਕਿਸਾਨ ਮੁਜ਼ਾਰਿਆਂ ਨੂੰ ਇਹ ਜ਼ਮੀਨ ਦਿਤੀ ਜਾਵੇ ਤਾਂ ਮੈਂ ਪੂਰੀ ਆਸ ਕਰਦਾ ਹਾਂ ਕਿ ਨਾ ਸਿਰਫ਼ ਉਨ੍ਹਾਂ ਨੂੰ ਰੋਟੀ ਦਾ ਸਾਧਨ ਮਿਲੇਗਾ ਸਗੋਂ ਦੇਸ਼ ਦੀ ਜ਼ਰੱਈ ਪੈਦਾਵਾਰ ਦਾ ਮਸਲਾ ਹੱਲ ਕਰਨ ਵਿਚ ਵੀ ਉਹ ਬਹੁਤ ਸਾਰਾ ਹਿੱਸਾ ਪਾਉਣਗੇ।

[ਭਗਤ ਗੁਰਾਂ ਦਾਸ ਹੰਸ]

ਹੁਣ ਮੈਂ ਸੈਨਿਕ ਸਕੂਲਾਂ ਦੀ ਗੱਲ ਕਰਦਾ ਹਾਂ। ਗਰੀਬ ਔਰ ਹਰੀਜਨਾਂ ਦੇ ਭਾਵੇਂ ਜਿਤਨੇ ਸ਼ਾਈਨਿੰਗ ਬੱਚੇ ਕਿਉਂ ਨਾ ਹੋਣ ਉਹ ਸੈਨਿਕ ਸਕੂਲਾਂ ਵਿਚ ਦਾਖ਼ਲ ਨਹੀਂ ਹੋ ਸਕਦੇ । ਅਮੀਰਾਂ ਦੇ ਲੜਕੇ ਹੀ ਇਨ੍ਹਾਂ ਸਕੂਲਾਂ ਵਿੱਚ ਭਰਤੀ ਹੁੰਦੇ ਹਨ। ਨਤੀਜਾ ਇਹ ਹੁੰਦਾ ਹੈ ਕਿ ਜਿਸ ਵਕਤ ਆਈ. ਏ. ਐਸ. ਔਰ ਦੂਸਰੀਆਂ ਨੌਕਰੀਆਂ ਵਾਸਤੇ ਮੁਕਾਬਲਾ ਹੁੰਦਾ ਹੈ, ਤਾਂ ਗਰੀਬ ਕਲਰਕ, ਚਪੜਾਸੀ, ਛੋਟੇ ਦੁਕਾਨਦਾਰ, ਔਰ ਸਾਡੇ ਹਰੀਜਨਾਂ ਦੇ ਬੱਚੇ ਪਿੱਛੇ ਰਹਿ ਜਾਂਦੇ ਹਨ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਾਂ ਤਾਂ ਇਨ੍ਹਾਂ ਸਕੂਲਾਂ ਨੂੰ ਬਿਲਕੁਲ ਹੀ ਬੰਦ ਕਰ ਦਿੱਤਾ ਜਾਵੇ ਜਾਂ ਇਨ੍ਹਾਂ ਦੇ ਵਿੱਚ ਗਰੀਬ ਹਰੀਜਨਾਂ ਔਰ ਦੂਸਰੀਆਂ ਛੋਟੀਆਂ ਸ਼ਰੇਣੀਆਂ ਦੇ ਬੱਚਿਆਂ ਨੂੰ ਮੁਫ਼ਤ ਤਾਲੀਮ ਦਿਤੀ ਜਾਵੇ ਤਾਂਕਿ ਉਨ੍ਹਾਂ ਦਾ ਜੀਵਨ ਵੀ ਉੱਚਾ ਹੋ ਸਕੇ । ਇਹ ਨਹੀਂ ਹੋਣਾ ਚਾਹੀਦਾ ਕਿ ਅਮੀਰ ਅਮੀਰ ਹੁੰਦਾ ਜਾਵੇ ਔਰ ਜਿਹੜਾ ਗਰੀਬ ਹੈ ਉਸ ਨੂੰ ਉਪਰ ਔਰ ਅਗੇ ਵਧਣ ਦਾ ਮੌਕਾ ਹੀ ਨਾ ਮਿਲੇ ।

ਇਸ ਦੇ ਨਾਲ ਹੀ ਇਕ ਹੋਰ ਪਰੌਬਲਮ ਵੀ ਹੈ । ਕਈ ਐਸੇ ਦਫ਼ਤਰ ਵੀ ਹਨ ਜਿਨ੍ਹਾਂ ਵਿੱਚ ਹਰੀਜਨ ਬੜੇ ਲਾਇਕ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਇਮਤਿਹਾਨ ਵਿੱਚ ਨਹੀਂ ਬੈਠਣ ਦਿਤਾ ਜਾਂਦਾ । ਕਈ ਫਿਰਕਾਪ੍ਰਸਤ ਲੋਕ ਐਸੇ ਹਨ ਜਿਹੜੇ ਨਹੀਂ ਚਾਹੁੰਦੇ ਕਿ ਹਰੀਜਨ ਜ਼ਿੰਦਗੀ ਦੀ ਦੌੜ ਵਿਚ ਉਨ੍ਹਾਂ ਦੇ ਕੰਧੇ ਨਾਲ ਕੰਧਾ ਮਿਲਾ ਕੇ ਚਲਣ । ਮੈਂ ਕਈ ਐਸੀਆਂ ਮਿਸਾਲਾਂ ਦੇ ਸਕਦਾ ਹਾਂ ਕਿ ਹਰੀਜਨਾਂ ਦੇ ਨਾ ਸਿਰਫ਼ ਦਸਵੀਂ ਪਾਸ ਬਲਕਿ ਬੀ. ਏ. ਔਰ ਐਮ. ਏ. ਪਾਸ ਲਾਇਕ ਮੁੰਡੇ ਹਨ ਜਿਹੜੇ ਹਿੰਦੂ ਔਰ ਸਿੱਖ ਨੌਜਵਾਨਾਂ ਨਾਲੋਂ ਜ਼ਿਆਦਾ ਨੰਬਰ ਲੈ ਕੇ ਨਿਕਲਦੇ ਹਨ ਪਰ ਉਨ੍ਹਾਂ ਨੂੰ ਇਗਨੋਰ ਕੀਤਾ ਜਾਂਦਾ ਹੈ। ਕਿਉਂ ? ਇਸ ਲਈ ਕਿ ਉਨ੍ਹਾਂ ਦੇ ਵਾਲਦੈਨ ਦੀ ਇਕਨਾਮਿਕ ਹਾਲਤ ਅੱਛੀ ਨਹੀਂ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਜਿਹੜੇ ਸਾਡੇ ਲਾਇਕ ਮੁੰਡੇ ਅੱਛੇ ਨੰਬਰ ਲੈ ਸਕਦੇ ਹਨ, ਲਿਆਕਤ ਵਿਖਾ ਸਕਦੇ ਹਨ, ਉਨ੍ਹਾਂ ਦੀ ਲਿਆਕਤ ਵਿੱਚ ਰੁਕਾਵਟ ਨਹੀਂ ਪਾਉਣੀ ਚਾਹੀਦੀ ਔਰ ਉਨ੍ਹਾਂ ਨੂੰ ਹਰ ਦੌੜ ਵਿੱਚ ਅੱਗੇ ਵਧਣ ਦੇ ਮੌਕੇ ਦਿੱਤੇ ਜਾਣੇ ਚਾਹੀਦੇ ਹਨ ।

ਇਥੇ ਕਾਂਗਰਸ ਪਾਰਟੀ ਬਾਰੇ ਬੜੀ ਨੁਕਤਾ ਚੀਨੀ ਕੀਤੀ ਗਈ। ਬੜੇ ਤਾਅਨੇ ਦਿੱਤੇ ਗਏ ਕਿ ਕਾਂਗਰਸ ਨੇ ਇਹ ਕੀਤਾ, ਉਹ ਕੀਤਾ । ਮੈਂ ਕਹਿੰਦਾ ਹਾਂ ਕਿ ਕਾਂਗਰਸ ਨੇ ਦੇਸ਼ ਦੀ ਉਸਾਰੀ ਵਾਸਤੇ ਉਹ ਕੁਝ ਕੀਤਾ ਜੋ ਦੁਨੀਆਂ ਵਿੱਚ ਕੋਈ ਨਹੀਂ ਕਰ ਸਕਿਆ। ਸਦੀਆਂ ਤਕ ਇਕ ਇਨਸਾਨ ਜਿਸ ਨੂੰ ਅਛੂਤ ਕਹਿ ਕੇ ਦੁਰਕਾਰਿਆ ਜਾਂਦਾ ਸੀ, ਹਰੀਜਨ ਦੇ ਨਾਂ ਤੇ ਪੁਕਾਰਿਆ ਗਿਆ, ਜਿਨ੍ਹਾਂ ਨੂੰ ਕੋਈ ਲਾਗੇ ਨਹੀਂ ਸੀ ਲਗਣ ਦਿੰਦਾ ਹੁੰਦਾ, ਅੱਜ ਮਹਾਤਮਾ ਗਾਂਧੀ ਜੀ ਦੀਆਂ ਕੁਰਬਾਨੀਆਂ ਦੇ ਸਦਕੇ ਹਰ ਸ਼ੋਅਬੇ ਵਿੱਚ ਉਸ ਨੂੰ ਪੂਰੇ ਅਧਿਕਾਰ ਪ੍ਰਾਪਤ ਹਨ। ਮੈਂ ਤਾਂ ਇਸ ਦੇ ਲਈ ਕਾਂਗਰਸ ਨੂੰ ਹੀ ਧੰਨਵਾਦ ਦਿਆਂਗਾ। ਇਥੇ ਇਤਿਹਾਸ ਦੀਆਂ ਗੱਲਾਂ ਦੱਸੀਆਂ ਗਈਆਂ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਗਰ ਕਿਸੇ ਨੂੰ ਵਿਰਾਗ ਹੋ ਜਾਵੇ ਤਾਂ ਉਹ ਪਰਵਾਰ ਨੂੰ ਛਡ ਦਿੰਦਾ ਹੈ, ਪੁੱਤਰ, ਧਨ, ਦੌਲਤ ਸਭ ਨੂੰ ਖ਼ਤਮ ਕਰ ਦਿੰਦਾ ਹੈ (ਵਿਘਨ) ਪਰ ਆਤਮ ਸਨਮਾਨ ਔਰ ਮਾਨ ਨਹੀਂ ਛਡਿਆ ਜਾਂਦਾ। ਸਾਡੇ ਦੇਸ਼ ਵਿੱਚ ਅੱਠ ਮਹੀਨਿਆਂ ਵਿੱਚ ਕੁਝ ਦੋਸਤਾਂ ਨੇ ਕੀ ਕੁਝ ਨਹੀਂ ਕੀਤਾ ਮੈਂ ਇਸ ਬਾਰੇ ਜ਼ਿਆਦਾ ਕੁਝ ਨਹੀਂ ਕਹਿਣਾ ਚਾਹੁੰਦਾ, ਤੁਸੀਂ ਸਭ ਆਪ ਜਾਣਦੇ ਹੋ, ਪਰ ਅਸੀਂ ਫਿਰ ਵੀ ਆਪਣੇ ਧਰਮ ਔਰ ਮਾਨ ਤੇ ਕਾਇਮ ਰਹੇ । ਗਾਂਧੀ ਜੀ ਨੇ ਸਾਨੂੰ ਜਿਹੜਾ ਅਸੂਲ ਦਸਿਆ ਅਸੀਂ ਉਸ ਉੱਤੇ ਕਾਇਮ ਰਹੇ । ਮੈਂ ਫ਼ਖਰ ਦੇ ਨਾਲ ਕਹਿ ਸਕਦਾ ਹਾਂ ਕਿ ਕਾਂਗਰਸ ਪਾਰਟੀ ਦੇ ਕਈ ਹਰੀਜਨ ਮੈਂਬਰ ਐਸੇ ਹਨ ਜਿਨ੍ਹਾਂ ਨੂੰ ਕਈ ਤਰ੍ਹਾਂ ਦੇ ਲਾਲਚ ਦਿੱਤੇ ਗਏ ਪਰ ਅਸੀਂ ਮਹਾਤਮਾ ਗਾਂਧੀ ਜੀ ਦੇ ਅਸੂਲ ਉੱਤੇ ਕਾਇਮ ਰਹੇ ਔਰ ਕਿਸੇ ਲਾਲਚ ਵਿੱਚ ਨਹੀਂ ਆਏ (ਘੰਟੀ) ਮੈਂ ਗਿੱਲ ਸਾਹਿਬ ਦੀ ਖਿਦਮਤ ਵਿੱਚ ਅਰਜ਼ ਕਰਦਾ

ਹਾਂ ਕਿ ਅਗਰ ਤੁਸੀਂ ਜਨਤਾ ਦੀ ਸੇਵਾ ਕਰਨਾ ਚਾਹੁੰਦੇ ਹੋ ਤਾਂ ਜ਼ਰੂਰੀ ਹੈ ਕਿ ਹਰ ਛੋਟੇ ਆਦਮੀ ਨੂੰ, ਹਰੀਜਨ ਨੂੰ, ਰੋਟੀ, ਕਪੜਾ ਤੇ ਮਕਾਨ ਮਿਲੇ ਤਾਕਿ ਉਹ ਆਪਣੀ ਜ਼ਿੰਦਗੀ ਅੱਛੀ ਤਰ੍ਹਾਂ ਦੇ ਨਾਲ ਬਤੀਤ ਕਰ ਸਕੇ (ਘੰਟੀ) ਇਨ੍ਹਾਂ ਅੱਖਰਾਂ ਦੇ ਨਾਲ, ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸਾਂ ਮੈਨੂੰ ਵਕਤ ਦਿੱਤਾ ਹੈ ਔਰ ਅੰਤ ਵਿੱਚ ਫੇਰ ਬੇਨਤੀ ਕਰਾਂਗਾ ਕਿ ਆਪਣੇ ਦੇਸ਼ ਵਿੱਚ ਖੁਸ਼ਹਾਲੀ ਤਦ ਹੀ ਆ ਸਕਦੀ ਹੈ ਕਿ ਇਸ ਨੂੰ ਅਸੀਂ ਸਾਰੇ ਆਪਣਾ ਦੇਸ਼ ਹੀ ਸਮਝੀਏ ਔਰ ਐਸਾ ਸਮਝ ਕੇ ਦੇਸ਼ ਦੇ ਸਮੁੱਚੇ ਹਿੱਤਾਂ ਨੂੰ ਮੁੱਖ ਰਖਕੇ ਕੰਮ ਕਰੀਏ, ਸਿਰਫ ਨੁਕਤਾ ਚੀਨੀ ਕਰਨ ਨਾਲ ਹੀ ਕੁਝ ਨਹੀਂ ਬਣਦਾ । ਸਾਨੂੰ ਰਲ ਕੇ ਦੇਸ਼ ਦੀ ਉਸਾਰੀ ਵਿੱਚ ਹਿੱਸਾ ਪਾਣਾ ਪਵੇਗਾ । ਮੈਨੂੰ ਇਥੇ ਇਕ ਗੱਲ ਯਾਦ ਆ ਗਈ ਹੈ । ਚੇਅਰਮੈਨ ਸਾਹਿਬ, ਇਕ ਵੇਰ ਇਕ ਆਦਮੀ ਨੇ ਕੋਈ ਤਸਵੀਰ ਬਣਾਈ ਔਰ ਲੋਕਾਂ ਨੂੰ ਕਹਿਣ ਲਗਾ ਕਿ ਇਸ ਵਿੱਚ ਨੁਕਸ ਕਢੋ । ਵੀਹਾਂ ਆਦਮੀਆਂ ਨੇ ਉਸ ਵਿੱਚ ਨੁਕਸ ਕੱਢ ਦਿੱਤੇ । ਅਗਲੇ ਦਿਨ ਉਸ ਨੇ ਕਾਗਜ਼ ਪੈਨਸਲ ਨਾਲ ਰਖ ਕੇ ਕਿਹਾ ਕਿ ਮੇਹਰਬਾਨੀ ਕਰਕੇ ਇਸ ਵਿੱਚ ਜਿਹੜੇ ਨੁਕਸ ਹਨ ਉਨ੍ਹਾਂ ਨੂੰ ਰਫਾ ਕਰ ਦਿਉ । ਕੋਈ ਆਦਮੀ ਵੀ ਅਗੇ ਨਹੀਂ ਆਇਆ । ਮੇਰੇ ਕਹਿਣ ਦਾ ਭਾਵ ਇਹ ਹੈ ਕਿ ਨੁਕਤਾਚੀਨੀ ਦੀ ਖਾਤਰ ਨੁਕਤਾਚੀਨੀ ਤਾਂ ਬਹੁਤ ਕੀਤੀ ਜਾ ਸਕਦੀ ਹੈ ਪਰ ਸਾਨੂੰ ਸਿੱਧੇ ਤੌਰ ਤੇ ਬੋਲਣਾ ਔਰ ਸਹੀ ਤੌਰ ਤੇ ਕੰਮ ਕਰਨਾ ਚਾਹੀਦਾ ਹੈ ਤਾਂਕਿ ਦੇਸ਼ ਤਰੱਕੀ ਕਰ ਸਕੇ ।

ਸ੍ਰੀ ਸਭਾਪਤੀ : ਸਰਦਾਰ ਗੁਰਚਰਨ ਸਿੰਘ ਜੀ ਨੇ ਜਿਹੜੇ ਮੈਂਬਰਾਂ ਦੇ ਨਾਮ ਲਿਖ ਕੇ ਦਿੱਤੇ ਹਨ ਉਸ ਦੇ ਵਿੱਚ ਟਪਿਆਲਾ ਜੀ ਦਾ ਨਾਮ ਤਾਂ ਹੈ ਪਰ ਜੰਗੀਰ ਸਿੰਘ ਫਗੂਵਾਲੀਆ ਸਾਹਿਬ ਦਾ ਨਹੀਂ। ਇਸ ਲਈ ਮੈਂ ਟਪਿਆਲਾ ਸਾਹਿਬ ਨੂੰ ਕਾਲ ਅਪੌਨ ਕਰਦਾ ਹਾਂ । (The list containing the names of the hon. Members sent by Sardar Gurcharan Singh includes the name of Comrade DalipSi ngh Tapiala but the name of S. Jangir Singh Phaguwalia is not included therein. So I call upon Comrade Dalip Singh Tapiala to speak.)

ਕਾਮਰੇਡ ਦਲੀਪ ਸਿਘ ਟਪਿਆਲਾ (ਅਜਨਾਲਾ) ਚੇਅਰਮੈਨ ਸਾਹਿਬ, ਕਿਸੇ ਬਜਟ ਵਿਚ ਚੰਦ ਡਿਵੈਲਪਮੈਂਟ ਜਾਂ ਰੀਲੀਫ਼ਮੈਯਰਜ਼ ਦਾ ਜ਼ਿਕਰ ਕਰ ਦੇਣ ਨਾਲ ਉਹ ਬਜਟ 'ਪਰੋ–ਪੀਪਲ' ਨਹੀਂ ਬਣ ਜਾਂਦਾ । ਕਿਸੇ ਬਜਟ ਨੂੰ ਲੋਕ ਪੱਖੀ ਤਦ ਹੀ ਕਿਹਾ ਜਾ ਸਕਦਾ ਹੈ ਕਿ ਜਿਹੜੀ ਸਰਕਾਰ ਵਲੋਂ ਉਹ ਬਜਟ ਪੇਸ਼ ਹੋ ਰਿਹਾ ਹੋਵੇ ਇਹ ਦੇਖਣਾ ਹੁੰਦਾ ਹੈ ਕਿ ਉਹ ਸੂਬੇ ਵਿੱਚ ਜਾਂ ਦੇਸ਼ ਵਿੱਚ ਬੇਸੀਕਲੀ ਕਿਸ ਕਿਸਮ ਦੀਆਂ ਇਕਨਾਮਿਕ ਪਾਲੀਸੀਜ਼ ਪਰਸੂ ਕਰਦੀ ਹੈ । ਜਿਹੜੇ ਟੈਕਸ ਲਗਾਏ ਗਏ ਹਨ ਜਾਂ ਲਗਾਉਣ ਦਾ ਐਲਾਨ ਕੀਤਾ ਗਿਆ ਹੈ ਮੇਰੇ ਕੁਝ ਕਾਂਗਰਸ ਭਾਈਆਂ ਨੇ ਉਨ੍ਹਾਂ ਦੇ ਨਾਲ ਇਖ਼ਤਲਾਫ ਕੀਤਾ ਹੈ । ਹਕੀਕਤ ਇਹ ਹੈ ਕਿ ਇਸ ਬਜਟ ਵਿੱਚ ਜਿਹੜੀਆਂ ਪਾਲਿਸੀਜ਼ ਨੂੰ ਪਰਸੂ ਕੀਤਾ ਗਿਆ ਹੈ ਉਹ ਕਾਂਗਰਸ ਦੀਆਂ ਪਾਲਿਸੀਜ਼ ਹੀ ਨੇ । ਉਨ੍ਹਾਂ ਦੋਸਤਾਂ ਨੂੰ ਇਖ਼ਤਲਾਫ਼ ਸਿਰਫ ਇਸ ਗੱਲ ਨਾਲ ਹੈ ਕਿ ਪਿਛਲੇ ਦਸ ਸਾਲਾਂ ਵਿੱਚ ਕਾਂਗਰਸ ਨੇ ਸਾਰੇ ਮੁਲਕ ਦੇ ਵਿੱਚ ਡਾਇਰੈਕਟ ਟੈਕਸੇਸ਼ਨ ਦੀ ਪਾਲਿਸੀ ਨੂੰ ਤਰਕ ਕੀਤਾ ਹੋਇਆ ਸੀ ਔਰ ਆਮ ਤੌਰ ਤੇ ਲੋਕਾਂ ਉੱਤੇ ਇਨਡਾਇਰੈਕਟ ਟੈਕਸੇਸ਼ਨ ਦਾ ਬੋਝ ਪਾਇਆ ਜਾਂਦਾ ਸੀ । ਮਗਰ ਕਿਉਂਕਿ ਗਿਲ ਸਾਹਿਬ ਦੀ ਸਰਕਾਰ ਨੇ ਪੰਜਾਬ ਦੇ ਵਿੱਚ ਡਾਇਰੈਕਟ ਟੈਕਸੇਸ਼ਨ ਨੂੰ ਫਿਰ ਸ਼ੁਰੂ ਕੀਤਾ ਹੈ ਇਸ ਲਈ ਉਨ੍ਹਾਂ ਭਾਈਆਂ ਨੇ ਇਸ ਬਜਟ ਦੇ ਨਾਲ ਇਖ਼ਤਲਾਫ ਕੀਤਾ ਹੈ ਔਰ ਉਹ ਇਸ ਗੱਲ ਦਾ ਪੂਰਾ ਯਤਨ ਕਰ ਰਹੇ ਹਨ ਕਿ ਜਿਹੜੀ ਇਨ੍ਹਾਂ ਨੇ ਡਾਇਰੈਕਟ ਟੈਕਸੇਸ਼ਨ ਲਗਾਉਣ ਦੀ ਗਲਤੀ ਕੀਤੀ ਹੈ ਉਹ ਵਾਪਿਸ ਲੈ ਕੇ ਇਨਡਾਇ-ਰੈਕਟ ਟੈਕਸੇਸ਼ਨ ਦੀ ਪਾਲਿਸੀ ਨੂੰ ਪਰਸੂ ਕਰਨ ।

[ਕਾਮਰੇਡ ਦਲੀਪ ਸਿੰਘ ਟਪਿਆਲਾ]

ਜਿੱਥੋਂ ਤਕ ਡਿਵੈਲਪਮੈਂਟ ਸਕੀਮਜ਼ ਦਾ ਤਅੱਲੁਕ ਹੈ ਬ੍ਰਿਟਿਸ਼ ਪੀਰੀਅਡ ਦੇ ਅੰਦਰ ਵੀ ਅਸੈਂਬਲੀਆਂ ਵਿੱਚ ਬਜਟ ਪੇਸ਼ ਹੁੰਦਾ ਰਿਹਾ ਹੈ। ਉਸ ਪੀਰੀਅਡ ਵਿੱਚ ਵੀ ਸੜਕਾਂ, ਰੇਲਾਂ ਅਤੇ ਸਕੂਲ ਬਣਦੇ ਰਹੇ ਹਨ। ਉਸ ਬਜਟ ਨੂੰ ਪੇਸ਼ ਕਰਨ ਵਾਲੇ ਵੀ ਕਿਹਾ ਕਰਦੇ ਸਨ ਕਿ ਇਹ ਡਿਵੈਲਪਮੈਂਟ ਦਾ ਬਜਟ ਹੈ। ਮਗਰ ਸੈਂਟਰਲ ਅਸੈਂਬਲੀ ਵਿੱਚ ਕਿਹਾ ਕਰਦੇ ਸੀ ਕਿ ਅਸਲ ਵਿੱਚ ਇਹ ਬਜਟ ਉਸ ਇਕਾਨੋਮੀ ਦਾ ਬੇਸਿਜ਼ ਲੇ ਕਰਦਾ ਹੈ ਜੋ ਇੰਪੀਰੀਅਲਿਸਟ ਇਕਾਨੋਮੀ ਨੂੰ ਮਜ਼ਬੂਤ ਕਰਦੀ ਹੈ। ਇਸੇ ਤਰ੍ਹਾਂ ਦੇ ਬਜਟ ਕਾਂਗਰਸ ਨੇ ਵੀ ਸੈਂਟਰ ਅਤੇ ਸੂਬਿਆਂ ਵਿੱਚ ਵੀ ਪੇਸ਼ ਕੀਤੇ ਹਨ ਅਤੇ ਬਜਟ ਪੇਸ਼ ਕਰਨ ਵਾਲੇ ਇਹ ਕਹਿੰਦੇ ਰਹੇ ਹਨ ਕਿ ਉਨ੍ਹਾਂ ਦਾ ਨਸਬੁਲਐਨ ਸੋਸ਼ਲਿਸਟ ਪੈਟਰਨ ਕਾਇਮ ਕਰਨ ਦਾ ਹੈ, ਦੌਲਤ ਦੀ ਨਾਬਰਾਬਰੀ ਨੂੰ ਖ਼ਤਮ ਕਰਨ ਦਾ ਹੈ ਮਗਰ ਉਨ੍ਹਾਂ ਦੇ 20 ਸਾਲ ਦੇ ਰਾਜ ਦੇ ਜੋ ਸਿਟੇ ਨਿਕਲੇ ਹਨ ਉਨ੍ਹਾਂ ਤੇ ਬਹੁਤੀ ਬਹਿਸ ਦੀ ਲੋੜ ਨਹੀਂ ਹੈ। ਜਿਹੜੇ ਕਾਂਗਰਸੀ ਭਾਈ ਸੋਸ਼ਲਿਸਟ ਫੋਰਮ ਨਾਲ ਤਅੱਲੁਕ ਰਖਦੇ ਹਨ ਜਾਂ ਕੁਝ ਪ੍ਰੋਗ੍ਰੈਸਿਵ ਵੀਊ ਰਖਦੇ ਹਨ ਉਨ੍ਹਾਂ ਨੂੰ ਇਸ ਗੱਲ ਨਾਲ ਇਖਤਿਲਾਫ ਨਹੀਂ ਹੋਵੇਗਾ ਕਿ ਦੇਸ਼ ਦੇ ਅੰਦਰ ਪਿਛਲੇ 20 ਸਾਲਾਂ ਵਿੱਚ ਮਨਾਪਲੀ ਦੀ ਡਿਵੈਲਪਮੈਂਟ ਹੋਈ ਹੈ, ਦੌਲਤ ਸਿਰਫ ਚੰਦ ਹੱਥਾਂ ਵਿੱਚ ਜਮ੍ਹਾਂ ਹੋਈ ਹੈ ਅਤੇ ਜ਼ਮੀਨ ਹਲਵਾਹਾਂ ਨੂੰ ਨਹੀਂ ਮਿਲੀ। ਜਿੱਥੋਂ ਤਕ ਮੁਲਕ ਦੀ ਇਕਾਨੋਮੀ ਦਾ ਤਅੱਲੁਕ ਹੈ ਇੰਮਪੀਰੀਅਲਿਸਟ ਮਨੀ ਦੀ ਪੈਨੀਟਰੇਸ਼ਨ ਜ਼ੋਰ ਸ਼ੋਰ ਨਾਲ ਹੋਈ ਹੈ। ਇਸ ਬਜਟ ਤੇ ਕੁਝ ਦੋਸਤਾਂ ਨੇ ਬੋਲਦੇ ਹੋਏ ਕਿਹਾ ਕਿ ਇਹ ਇਕ ਪ੍ਰੋਗ੍ਰੈਸਿਵ ਬਜਟ ਹੈ। ਮੈਂ ਕਹਿੰਦਾ ਹਾਂ ਕਿ ਇਹ ਗੱਲ ਨਹੀਂ ਕਹੀ ਜਾ ਸਕਦੀ। ਇਹ ਜੋ ਭਾਈ ਬੋਲੇ ਉਨ੍ਹਾਂ ਨੇ ਲਿੰਕ ਰੋਡਜ਼ ਦਾ ਜ਼ਿਕਰ ਕੀਤਾ, ਡਿਵੈਲਪਮੈਂਟ ਸਕੀਮਾਂ ਦਾ ਜ਼ਿਕਰ ਕੀਤਾ। ਲੇਕਿਨ ਮੈਂ ਇਹਨਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਇਹ ਸਮਝਣ ਦੀ ਕੋਸ਼ਿਸ਼ ਕਰੋ ਕਿ ਤੁਸੀਂ ਕਿਹੜੀਆਂ ਇਕਨਾਮਿਕ ਬੇਸਿਕ ਪਾਲਸੀਆਂ ਪਰਸੂ ਕਰਨਾ ਚਾਹੁੰਦੇ ਹੋ। ਹਕੀਕਤ ਦੇ ਅੰਦਰ ਇਨ੍ਹਾਂ ਦੀ ਕੋਈ ਇਕਨਾਮਿਕ ਪਾਲਿਸੀ ਹੀ ਨਹੀਂ ਹੈ। ਇਹ ਬਜਟ ਤਾਂ ਕਾਂਗਰਸ ਦੀ ਪੁਰਾਣੀ ਸ਼ਰਾਬ ਨੂੰ ਨਵੀਆਂ ਬੋਤਲਾਂ ਵਿੱਚ ਭਰ ਕੇ ਰਖ ਦਿੱਤਾ ਗਿਆ ਹੈ। (ਵਿਘਨ) ਮੈਂ ਜਿਸ ਵੇਲੇ ਕਹਿੰਦਾ ਹਾਂ ਕਿ ਇਹ ਜਨਤਾ ਪਾਰਟੀ ਕੀ ਇਕਨਾਮਿਕ ਪਾਲੀਸੀ ਪਰਸੂ ਕਰਨਾ ਚਾਹੁੰਦੀ ਹੈ ਤਾਂ ਇਹ ਮੈਨੂੰ ਮਾਫ ਕਰਨ, ਇਨ੍ਹਾਂ ਵਿੱਚੋਂ ਬਹੁਤ ਸਾਰੇ ਦੋਸਤ ਇਸ ਗਲ ਨੂੰ ਸਮਝਦੇ ਹੀ ਨਹੀਂ ਕਿ ਇਕਨਾਮਿਕ ਪਾਲੀਸੀ ਕੀ ਹੁੰਦੀ ਹੈ। ਅਜ ਕਲ ਹੀ ਸਵਾਲਾਂ ਦੇ ਸਮੇਂ ਇਨ੍ਹਾਂ ਤੋਂ ਪੁੱਛਿਆ ਜਾਂਦਾ ਸੀ ਕਿ ਟਰਾਂਸਪੋਰਟ ਨੂੰ ਆਪ ਦੀ ਸਰਕਾਰ ਨੈਸ਼ਨਲਾਈਜ਼ ਕਰਨਾ ਚਾਹੁੰਦੀ ਹੈ ਜਾਂ ਨਹੀਂ, ਤਾਂ ਇਹ ਖਾਮੋਸ਼ ਰਹੇ। ਇਨ੍ਹਾਂ ਤੋਂ ਪੁਛਿਆ ਗਿਆ ਕਿ ਕੀ ਤੁਸੀਂ ਟਰਾਂਸਪੋਰਟ ਦੀ ਮਨਾਪਲੀ ਤੋੜਨ ਲਈ ਤਿਆਰ ਹੋ, ਤਾਂ ਖਾਮੋਸ਼। ਮੈਂ ਸਮਝਦਾ ਹਾਂ ਕਿ ਹਕੀਕਤ ਵਿੱਚ ਇਹ ਤਾਂ ਡਮੀ ਵਜ਼ਾਰਤ ਹੈ ਜਿਸ ਦੀ ਵਾਇਰ ਪੁਲਿੰਗ ਉਧਰ ਬੈਠਣ ਵਾਲੇ ਕਾਂਗਰਸੀ ਕਰ ਰਹੇ ਹਨ ਅਤੇ ਜਦੋਂ ਉਨ੍ਹਾਂ ਦਾ ਦਿਲ ਚਾਹੇਗਾ ਉਹ ਇਨ੍ਹਾਂ ਨੂੰ ਲਾਂਭੇ ਕਰ ਦੇਣਗੇ (ਵਿਘਨ)। ਬਾਬੂ ਜੀ ਕਹਿੰਦੇ ਹਨ ਕਿ ਤੁਸੀਂ ਵੀ ਤਾਂ ਇਹੀ ਕੀਤਾ। ਇਹ ਕੋਈ ਜਵਾਬ ਨਹੀਂ ਹੈ। ਕੁਝ ਦੇਰ ਤੋਂ ਇਕ ਨਵੀਂ ਹੀ ਟੈਕਨੀਕ ਮੈਂ ਇਥੇ ਜਵਾਬ ਦੇਣ ਦੀ ਦੇਖੀ ਹੈ। ਜਦੋਂ ਕੋਈ ਨੁਕਤਾਚੀਨੀ ਕਰਦਾ ਹੈ ਤਾਂ ਇਹ ਜਵਾਬ ਦਿੰਦੇ ਹਨ ਕਿ ਆਪ ਕੀ ਕਰਦੇ ਰਹੇ ਹੋ। ਜਵਾਬ ਇਹ ਹੋਣਾ ਚਾਹੀਦਾ ਹੈ ਕਿ ਜੋ ਨੁਕਤਾਚੀਨੀ ਕੀਤੀ ਗਈ ਹੈ ਇਹ ਹਕੀਕਤ ਦੀ ਕਸੌਟੀ ਤੇ ਪੂਰੀ ਉਤਰਦੀ ਹੈ ਜਾਂ ਨਹੀਂ, ਮਗਰ ਇਨ੍ਹਾਂ ਦਾ ਜਵਾਬ ਤਾਂ ਉਸ ਸ਼ਰਾਬੀ ਵਰਗਾ ਹੈ ਜਿਸਨੂੰ ਪੁੱਛੇ ਜਾਣ ਤੇ ਉਸ ਨੇ ਕਿਹਾ ਕਿ ਕਿਉਂਕਿ ਤੂੰ ਪੀਂਦਾ ਹੈ ਇਸ ਲਈ ਮੈਂ ਵੀ ਪੀਂਦਾ ਹਾਂ। ਮਗਰ ਇਹ ਤਰੀਕਾ ਠੀਕ ਨਹੀਂ ਹੈ ਜਵਾਬ ਦੇਣ ਦਾ।

ਜਿੱਥੋਂ ਤਕ ਬਜਟ ਦਾ ਤਅੱਲੁਕ ਹੈ ਇਹ ਐਂਟੀ-ਪੀਪਲ ਹੈ ਅਤੇ ਇਸ ਦਾ ਕਾਮਨ ਮੈਨ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੈ। ਇਸ ਲਈ ਮੈਂ ਸਾਰੇ ਹਾਊਸ ਨੂੰ ਰਿਕੁਐਸਟ ਕਰਾਂਗਾ ਕਿ ਇਸ ਨੂੰ ਬਿਲਕੁਲ ਮਨਜ਼ੂਰ ਕਰਨ ਦੀ ਜ਼ਰੂਰਤ ਨਹੀਂ ਹੈ, ਇਸ ਨੂੰ ਰੀਜੈਕਟ ਕਰਨਾ ਚਾਹੀਦਾ ਹੈ। ਮੈਂ ਆਪਣੇ

ਕਾਂਗਰਸੀ ਭਾਈਆਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਗੱਲਾਂ ਸੋਸ਼ਲਿਸਟ ਫ਼ੌਰਮ ਦੀਆਂ ਕਰਦੇ ਹੋ । ਜਦੋਂ ਬਾਹਰ ਮਿਲਦੇ ਹੋ ਤਾਂ ਕਹਿੰਦੇ ਹੋ ਕਿ ਮਨਾਪਲੀ ਡਿਵੈਲਪ ਹੋ ਰਹੀ ਹੈ, ਡੀਫੈਕਟਿਵ ਐਗਰੇਰੀਅਨ ਰਿਫ਼ਾਰਮਜ਼ ਹੋਈਆਂ ਹਨ, ਇੰਪੀਰੀਅਲਿਸਟ ਮਨੀ ਦੀ ਪੈਨੀਟ੍ਰੇਸ਼ਨ ਹੋਈ ਹੈ ਮਗਰ ਜਦੋਂ ਇਸ ਬਜਟ ਤੇ ਵੋਟਾਂ ਪੈਣੀਆਂ ਹਨ ਤਾਂ ਤੁਸੀਂ ਦੋਹਾਂ ਲਤਾਂ ਤੇ ਖੜੋ ਕੇ ਦੋਵੇਂ ਬਾਹਾਂ ਚੁਕ ਕੇ ਇਸ ਦੇ ਹੱਕ ਵਿੱਚ ਵੋਟ ਦੇਣਾ ਹੈ। ਇਹ ਆਪ ਦੇ ਇਮਤਿਹਾਨ ਦਾ ਵਕਤ ਹੈ । ਤੁਸੀਂ ਲੋਕਾਂ ਨਾਲ ਵਾਅਦੇ ਕੀਤੇ ਹਨ। ਉਨ੍ਹਾਂ ਮੁਤਾਬਕ ਇਸ ਬਜਟ ਨੂੰ ਰੀਜੈਕਟ ਕਰੋ । (ਵਿਘਨ) ਇਹ ਜਵਾਬ ਨਹੀਂ ਹੈ । ਇਹ ਜੋ ਇਨ੍ਹਾਂ ਨੇ ਦਰੁਸਤ ਕਿਹਾ ਹੈ ਕਿ ਅਸੀਂ ਜੱਜ ਸਾਹਿਬ ਨਾਲ ਜੱਫੀਆਂ ਪਾਈਆਂ ਹਨ । (ਇਕ ਆਵਾਜ਼: ਜਨ ਸੰਘ ਨਾਲ ।) (ਵਿਘਨ)

ਸ੍ਰੀ ਸਭਾਪਤੀ : ਅਗਰ 15 ਮਿੰਟਾਂ ਵਿੱਚ ਸਾਰੀਆਂ ਗੱਲਾਂ ਕਹਿਣੀਆਂ ਹੋਣ ਤਾਂ 2–3 ਮਿੰਟ ਤਾਂ ਇਸ ਤਰ੍ਹਾਂ ਇੰਟਰਪਸ਼ਨਜ਼ ਵਿੱਚ ਹੀ ਚਲੇ ਜਾਣਗੇ । ਆਪ ਨੂੰ ਟਾਈਮ ਦਿੱਤਾ ਜਾਵੇਗਾ । ਆਪ ਜੋ ਮਰਜ਼ੀ ਜਨ ਸੰਘ ਤੇ ਬੋਲਣਾ । (If the hon. Member has to finish his speech in 15 minutes, then 2,3 minutes will be wasted in this way in interruptions. The other hon. Member will be given time, then he may say anything against Jan Sangh.

ਕਾਮਰੇਡ ਦਲੀਪ ਸਿੰਘ ਟਪਿਆਲਾ : ਇਸ ਵਿੱਚ ਸ਼ਕ ਨਹੀਂ ਹੈ ਕਿ ਇਥੇ 8 ਮਹੀਨੇ ਯੂਨਾਈ-ਟਿਡ ਫ਼ਰੰਟ ਦੀ ਹਕੂਮਤ ਰਹੀ ਹੈ ਅਤੇ ਉਸ ਵਿੱਚ ਅਸੀਂ ਹਿੱਸੇਦਾਰ ਰਹੇ ਹਾਂ । ਪਰ ਯੂਨਾਈਟਿਡ ਫ਼ਰੰਟ ਨੇ ਆਪਣਾ ਨਸੁਬਲਐਨ ਕਦੇ ਵੀ ਸੋਸ਼ਲਿਸਟ ਪੈਟਰਨ ਨਹੀਂ ਡਿਕਲੇਅਰ ਕੀਤਾ ਅਤੇ ਮੈਂ ਇਹ ਸਾਫ ਕਹਿ ਦੇਣਾ ਚਾਹੁੰਦਾ ਹਾਂ ਕਿ ਜਿੱਥੋਂ ਤਕ ਫ਼ਰੰਟ ਦਾ ਤਅੱਲੁਕ ਹੈ ਉਸ ਵਿੱਚ ਡੈਮੋਕ੍ਰੈਟਿਕ ਕਮਜ਼ੋਰੀਆਂ ਹੋਣਗੀਆਂ ਕਿਉਂਕਿ ਅਸੀਂ ਮੁਖਤਲਿਫ ਪਾਰਟੀਆਂ ਇਕੱਠੀਆਂ ਹੋਈਆਂ ਸਾਂ, ਸਾਡੇ ਪ੍ਰੋਗਰਾਮ ਜੁਦਾ ਜੁਦਾ ਸਨ ਪਰ ਅਸੀਂ ਇਕ ਡੈਫ਼ੀਨਿਟ ਪ੍ਰੋਗਰਾਮ ਤੇ ਇਕੱਠੇ ਹੋਏ ਸਾਂ । ਉਹ 11 ਨੁਕਾਤੀ ਪ੍ਰੋਗਰਾਮ ਸੀ । ਅਸੀਂ ਕਦੇ ਦਾਅਵਾ ਨਹੀਂ ਸੀ ਕੀਤਾ ਕਿ ਅਸੀਂ ਸੋਸ਼ਲਿਜ਼ਮ ਕਾਇਮ ਕਰਨਾ ਹੈ ਮਗਰ ਗਿਲ ਸਾਹਿਬ ਦੀ ਸਰਕਾਰ ਦਾ ਭਾਸ਼ਨ ਪੜ੍ਹੋ, ਸਤਪਾਲ ਜੀ, ਉਸ ਦੇ ਆਖਿਰ ਵਿੱਚ ਇਹੀ ਲਿਖਿਆ ਹੈ ਕਿ ਇਸ ਸਰਕਾਰ ਦਾ ਆਦਰਸ਼ ਸੋਸ਼ਲਿਸਟ ਪੈਟਰਨ ਹੈ ਅਤੇ ਇਹ ਪੰਜਾਬ ਨੂੰ ਉਸ ਤਰਫ਼ ਲੈ ਜਾਣਾ ਚਾਹੁੰਦੇ ਹਨ । (ਵਿਘਨ) ਮਗਰ ਦੂਜੇ ਪਾਸੇ ਇਨ੍ਹਾਂ ਦਾ ਜੋ ਪਬਲਿਸਿਟੀ ਵਿਭਾਗ ਹੈ ਉਸਦਾ ਛਪਿਆ ਹੋਇਆ 12 ਨੁਕਤਿਆਂ ਵਾਲਾ ਪ੍ਰੋਗਰਾਮ ਸਭ ਨੂੰ ਮਿਲਿਆ ਹੈ । ਉਸ ਵਿੱਚ ਕੋਈ ਗੱਲ ਸਾਫ਼ ਨਹੀਂ ਹੈ। ਇਕ ਗਲ ਉਸ ਵਿੱਚ ਹੈ ਕਿ ਇਹ ਗੌਰਮਿੰਟ ਇਨਤਹਾ ਪਸੰਦਾਂ ਨੂੰ ਰਗੜ ਦੇਵੇਗੀ। ਡਰਾਉਣ ਦੀ ਕੋਸ਼ਿਸ਼ ਕੀਤੀ ਹੈ। ਇਨਤਹਾ ਪਸੰਦ ਦੇ ਮਾਅਨੇ ਕੀ ਹਨ—ਗੜਬੜ ਪਾਉਣ ਵਾਲਾ, ਮੁਲਕ ਵਿੱਚ ਅਬਤਰੀ ਫੈਲਾਉਣ ਵਾਲਾ । (ਵਿਘਨ) ਮਗਰ ਇਨਤਹਾ ਪਸੰਦ ਟਰਮ ਦੇ ਇਹ ਮਾਅਨੇ ਨਹੀਂ ਹਨ । ਉਸ ਦਾ ਮਤਲਬ ਚੀਫ ਮਨਿਸਟਰ ਸਾਹਿਬ ਸਮਝੇ ਨਹੀਂ ਹਨ। ਉਸ ਤੋਂ ਮਾਲੂਮ ਇਹ ਹੁੰਦਾ ਹੈ ਕਿ ਚੀਫ਼ ਮਨਿਸਟਰ ਸਾਹਿਬ ਦਾ ਮਤਲਬ ਇਹ ਹੈ ਕਿ ਜੋ ਇਨ੍ਹਾਂ ਦੀ ਹਕੂਮਤ ਨੂੰ ਤੋੜੇਗਾ, ਜੋ ਇਨ੍ਹਾਂ ਦੇ ਸਾਹਮਣੇ ਅੜੇਗਾ, ਇਹ ਉਸ ਨੂੰ ਰਗੜ ਕੇ ਰਖ ਦੇਣਗੇ, ਡੰਡੇ ਨਾਲ ਦਬਾਉਣ ਦੀ ਕੋਸ਼ਿਸ਼ ਕਰਨਗੇ । (ਵਿਘਨ) ਮੈਂ ਇਹ ਗਲ ਸਾਫ਼ ਕਰ ਦੇਣੀ ਚਾਹੁੰਦਾ ਹਾਂ ਕਿ ਇਸ ਵਕਤ ਸਾਰੇ ਦੇਸ਼ ਦੇ ਲੋਕਾਂ ਵਿੱਚ ਬੇਚੈਨੀ ਹੈ; ਮਜ਼ਦੂਰਾਂ ਵਿੱਚ ਵੀ, ਕਿਸਾਨਾਂ ਵਿੱਚ ਵੀ, ਸਰਕਾਰੀ ਮੁਲਾਜ਼ਮਾਂ ਵਿੱਚ ਵੀ । ਸਾਰੇ ਦੇਸ਼ ਵਿੱਚ ਹੜਤਾਲਾਂ ਹੋ ਰਹੀਆਂ ਹਨ। ਕੀ ਇਹ ਹੜਤਾਲਾਂ ਕਿਸੇ ਸ਼ਰਾਰਤੀ ਆਦਮੀ ਦੀ ਈਮਾ ਤੇ ਹੋਈਆਂ ਹਨ ? ਨਹੀਂ ਇਹ ਕਾਂਗਰਸ

[ਕਾਮਰੇਡ ਦਲੀਪ ਸਿੰਘ ਟਪਿਆਲਾ]

ਦੀਆਂ 20 ਸਾਲ ਦੀਆਂ ਪਾਲਿਸੀਆਂ, ਇਕਨਾਮਿਕ ਪਾਲਿਸੀਆਂ ਦੇ ਲਾਜੀਕਲ ਕਨਕਲੂਯਨ ਵਜੋਂ ਹੋਈਆਂ ਹਨ । ਮੈਂ ਗਿੱਲ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਆਪ ਦੀ ਵੀ ਉਹੀ ਪਾਲਿਸੀ ਹੈ । ਅਗਰ ਇਸ ਦੇ ਸਿੱਟੇ ਵਜੋਂ ਲੋਕ ਭੁਖੇ ਮਰੇ, ਅਤੇ ਮਹਿੰਗਾਈ ਦੇ ਸ਼ਿਕਾਰ ਹੋਏ ਤਾਂ ਅਸੀਂ ਲੋਕਾਂ ਦਾ ਸਾਥ ਨਹੀਂ ਛਡ ਸਕਦੇ । ਅਗਰ ਆਪ ਦੇ ਡੰਡੇ ਤਗੜੇ ਹਨ ਤਾਂ ਅਸੀਂ ਗਰਦਨਾਂ ਮਜ਼ਬੂਤ ਕਰਕੇ ਮੈਦਾਨ ਵਿੱਚ ਆਵਾਂਗੇ (ਤਾੜੀਆਂ) । ਬੜੀ ਅਜੀਬ ਗੱਲ ਹੈ ਕਿ ਮੁਲਕ ਭਰ ਵਿੱਚ ਚੰਦ ਮੁੱਠੀ ਭਰ ਕਾਰਖ਼ਾਨੇਦਾਰ ਲਖਾਂ ਰੁਪਏ ਕਮਾਉਂਦੇ ਹਨ ਲੇਕਿਨ ਅਗਰ ਮਜ਼ਦੂਰ ਕਹਿੰਦਾ ਹੈ ਕਿ ਵਧ ਰਹੀ ਮਹਿਗਾਈ ਕਰਕੇ ਮੇਰੀ ਉਜਰਤ ਵਧਾਉ, ਬੋਨਸ ਦਿਉ ਤਾਂ ਕਈ ਭਾਈ ਕਹਿੰਦੇ ਹਨ ਕਿ ਬੜੇ ਸ਼ਰਾਰਤੀ ਹਨ । ਮੈਂ ਇਨ੍ਹਾਂ ਤੋਂ ਪੁਛਦਾ ਹਾਂ ਕਿ ਆਪ ਨੂੰ ਅਜ ਤਕ ਕਿਸੇ ਕਾਰਖਾਨੇਦਾਰ, ਕਿਸੇ ਬਲੈਕ ਮਾਰਕਿਟ ਕਰਨ ਵਾਲੇ ਨੂੰ ਗ੍ਰਿਫਤਾਰ ਕਰਨ ਦਾ ਹੌਂਸਲਾ ਕਿਉਂ ਨਹੀਂ ਹੋਇਆ ? ਤੁਸੀਂ ਉਨ੍ਹਾਂ ਪਾਸੋਂ ਡਰਦੇ ਹੋ ਅਤੇ ਮਜ਼ਦੂਰਾਂ ਨੂੰ ਡਰਾਉਂਦੇ ਹੋ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਤਰੀਕੇ ਨਾਲ ਜਨਤਾ ਨੂੰ ਡਰਾਉਣ ਵਾਲਿਆਂ ਦਾ ਕਦੇ ਖੁਰਾ ਖੋਜ ਵੀ ਨਹੀਂ ਲਭਣਾ, ਕਈਆਂ ਦਾ ਮਿਟ ਚੁਕਾ ਹੈ, ਤੁਸੀਂ ਤਾਂ ਕੁਝ ਵੀ ਨਹੀਂ ਹੋ, ਐਵੇਂ ਚੰਦ ਦਿਨਾਂ ਦੇ ਪਰਾਹੁਣੇ ਹੋ । ਤਾਂ ਵੀ ਮੈਂ ਆਪ ਨੂੰ ਕਹਿੰਦਾ ਹਾਂ ਕਿ ਆਪ ਨੇ ਇਕ ਪ੍ਰੋਗਰਾਮ ਬਣਾਇਆ ਸੀ ਜਿਸ ਦੇ ਆਧਾਰ ਤੇ ਲੋਕਾਂ ਤੋਂ ਵੋਟਾਂ ਲਈਆਂ ਸਨ । ਤੁਸੀਂ ਇਕ ਪ੍ਰੋਗਰਾਮ ਪੇਸ਼ ਕੀਤਾ ਸੀ ਅਤੇ ਕਿਹਾ ਸੀ ਕਿ ਕਾਂਗਰਸ ਐਂਟੀ–ਪੀਪਲ ਹੈ, ਇਸ ਨੂੰ ਵੋਟਾਂ ਨਾ ਦੇਣਾ, ਸਾਨੂੰ ਵੋਟਾਂ ਦਿਉ । ਤੁਸੀਂ ਕਿਹਾ ਸੀ ਕਿ ਸਾਡੀ ਪਾਲਿਸੀ ਕਾਂਗਰਸ ਦੇ ਖਿਲਾਫ ਲੜਨ ਦੀ ਹੈ । ਕਈ ਭਾਈ ਅਕਾਲੀ ਟਿਕਟ ਤੇ ਆਏ ਸਨ । ਉਨ੍ਹਾਂ ਨੇ ਕਿਹਾ ਸੀ ਕਿ ਅਸੀਂ ਕਾਂਗਰਸ ਦੇ ਖਿਲਾਫ ਲੜਨਾ ਹੈ। ਮੈਨੂੰ ਤਾਂ ਸਮਝ ਨਹੀਂ ਆਉਂਦੀ। ਮੈਂ ਤਰਨ ਤਾਰਨ ਦੀ ਚੋਣ ਸਮੇਂ ਆਪਣੇ ਦੋਸਤ ਗਿਲ ਸਾਹਿਬ ਨਾਲ ਸਾਂ । ਤੁਸੀਂ ਹੈਰਾਨ ਹੋਵੋਗੇ ਕਿ ਮੇਰੇ ਤੋਂ ਪਹਿਲਾਂ ਇਨ੍ਹਾਂ ਨੇ ਤਕਰੀਰ ਕੀਤੀ ਤੇ ਕਿਹਾ ਕਿ ਭਾਈਉ ਕਾਂਗਰਸ ਨੂੰ ਪਰਚੀਆਂ ਨਾ ਪਾਉਣਾ, ਇਹ ਮੁਰਦਾ ਲਾਸ਼ ਹੈ, ਕੋਈ ਵੀ ਈਮਾਨਦਾਰ ਆਦਮੀ ਕਾਂਗਰਸ ਨੂੰ ਪਰਚੀ ਨਹੀਂ ਪਾ ਸਕਦਾ, ਮਗਰ ਅੱਜ ਇਹ ਸਾਰੀ ਦੀ ਸਾਰੀ ਪਾਰਟੀ ਹੀ ਮੁਰਦਾ ਲਾਸ਼ ਵਿਚ ਬੈਠ ਗਈ ਹੈ (ਵਿਘਨ) ਹਕੀਕਤ ਦੇ ਅੰਦਰ ਉਹ ਮੁਰਦਾ ਲਾਸ਼ ਦੇ ਅੰਦਰ ਬੈਠ ਗਏ ਹਨ ।

ਇਹ ਮੁਰਦਾ ਲਾਸ਼ ਨਹੀਂ, ਜਿਹੜੀ ਆ ਕੇ ਬਹਿ ਗਈ ਹੈ ਸਗੋਂ ਹਕੀਕਤ ਇਹ ਹੈ ਕਿ ਇਹ ਆਪ ਮੁਰਦਾ ਹੋ ਕੇ ਵਜ਼ੀਰੀ ਦੀ ਖਾਤਰ ਆਪਣੇ ਈਮਾਨ ਨੂੰ ਇਨ੍ਹਾਂ ਨੇ ਕਾਂਗਰਸ ਅੱਗੇ ਵੇਚ ਦਿੱਤਾ ਹੈ । (ਵਿਘਨ) ਲੋਕਾਂ ਨੇ ਇਨ੍ਹਾਂ ਦਾ ਸਾਥ ਛੱਡ ਦਿੱਤਾ ਹੈ ਤੇ ਲਾਸ਼ ਦੀ ਗੋਦ ਵਿੱਚ ਆ ਕੇ ਬੈਠ ਗਏ।

ਸ਼੍ਰੀ ਸਭਾਪਤੀ : ਮੈਂ ਡਿਪਟੀ ਸਪੀਕਰ ਸਾਹਿਬ ਨੂੰ ਕਹਾਂਗਾ ਕਿ ਹੁਣ ਤੁਸੀਂ ਹਾਊਸ ਵਿੱਚ ਆ ਗਏ ਹੋ ਇਸ ਲਈ ਤੁਹਾਡੀ ਮੌਜੂਦਗੀ ਵਿੱਚ ਮੈਂ ਇਸ ਕੁਰਸੀ ਤੇ ਨਹੀਂ ਬੈਠ ਸਕਦਾ, ਇਸ ਲਈ ਤੁਸੀਂ ਆ ਕੇ ਕੁਰਸੀ ਸੰਭਾਲੋ । (I would request the Deputy Speaker that since he has come in the House, he should now occupy the Chair. I cannot preside when he is present in the House.)

(ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਕੁਰਸੀ ਸੰਭਾਲੀ)

ਕਾਮਰੇਡ ਦਲੀਪ ਸਿੰਘ ਟਪਿਆਲਾ : ਡਿਪਟੀ ਸਪੀਕਰ ਸਾਹਿਬ, ਮੇਰੇ ਪਾਸ ਟਾਈਮ ਬਹੁਤ ਥੋੜ੍ਹਾ ਹੈ ਇਸ ਲਈ ਸਿਰਫ਼ ਇਕ ਦੋ ਗੱਲਾਂ ਹੀ ਹੋਰ ਅਰਜ਼ ਕਰਾਂਗਾ । ਇਕ ਗੱਲ ਕੁਰੱਪਸ਼ਨ

ਦੇ ਬਾਰੇ ਵਿੱਚ ਹੈ, ਮੈਂ ਸਮਝਦਾ ਹਾਂ ਕਿ ਕੁਰੱਪਸ਼ਨ ਹਰ ਥਾਂ ਤੇ ਪ੍ਰੇਵੈਲੇਂਟ ਹੈ ਅਤੇ ਸਾਰੇ ਸੂਬੇ ਵਿਚ ਹੈ । ਇਸ ਗੱਲ ਨੂੰ ਚੀਫ ਮਨਿਸਟਰ ਨੇ ਆਪ ਵੀ ਮੰਨਿਆ ਹੈ ਅਤੇ ਇਸ ਗੱਲ ਦਾ ਜ਼ਿਕਰ ਵੀ ਕੀਤਾ ਹੈ ਕਿ ਗੌਰਮਿੰਟ ਇਕ ਹਾਈ ਪਾਵਰਡ ਕਮੇਟੀ ਲੈਜਿਸਲੇਟਰਜ਼ ਦੀ ਰਹੀਬਣਾ ਹੈ। ਲੇਕਿਨ ਮੈਂ ਅਰਜ਼ ਕਰਾਂਗਾ ਕਿ ਜਿਹੜੀ ਅਸੈਂਬਲੀ ਦੇ ਮੈਂਬਰਾਂ ਦੀ ਕਮੇਟੀ ਹੋਵੇਗੀ ਉਹ ਇਕ ਪੁਲੀਟੀਕਲ ਕਮੇਟੀ ਹੋਵੇਗੀ ਅਤੇ ਇਕ ਪਾਰਟੀਜ਼ਨ ਕਮੇਟੀ ਹੋਵੇਗੀ । ਅਗਰ ਤੁਸੀਂ ਕੁਰੱਪਸ਼ਨ ਨੂੰ ਸਹੀ ਮਾਅਨਿਆਂ ਵਿੱਚ ਦੂਰ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਇਸ ਤਰ੍ਹਾਂ ਦੀ ਕਮੇਟੀ ਇਸ ਸੂਬੇ ਵਿੱਚ ਕਾਇਮ ਕਰੋ ਜਿਸ ਤਰ੍ਹਾਂ ਦੀ ਕਿ ਪੰਜਾਬ ਐਡਮਨਿਸਟ੍ਰੇਟਿਵ ਰੀਫਾਰਮਜ਼ ਕਮਿਸ਼ਨ ਨੇ ਸਿਫਾਰਸ਼ ਕੀਤੀ ਹੈ ਅਤੇ ਇਸ ਅਸੈਂਬਲੀ ਦੀ ਕਮੇਟੀ ਦੀ ਥਾਂ ਤੇ ਇਕ ਇੰਡੀਪੈਂਡੈਂਟ ਜੁਡੀਸ਼ਲ ਟ੍ਰਿਬਯੂਨਲ ਮੁਕਰਰ ਕੀਤਾ ਜਾਵੇ ਤਾਂਕਿ ਸਾਰਿਆਂ ਦੇ ਕਿਰਦਾਰ ਜਾਂਚੇ ਜਾ ਸਕਣ ਭਾਵੇਂ ਉਹ ਮਨਿਸਟਰ ਹੈ ਜਾਂ ਮੈਂਬਰ ਹੈ ਲੇਕਿਨ ਇਸ ਕਿਸਮ ਦੀ ਕਮੇਟੀ ਜੋ ਮੁਕਰਰ ਕਰੋਗੇ ਉਹ ਕਮੇਟੀ ਪਾਰਟੀਜ਼ਨ ਕਮੇਟੀ ਹੋਵੇਗੀ ਅਤੇ ਜਿਹੜਾ ਇਸ ਕਮੇਟੀ ਤੋਂ ਤੁਸੀਂ ਕੰਮ ਲੈਣਾ ਚਾਹੁੰਦੇ ਹੋ ਉਹ ਨਹੀਂ ਲੈ ਸਕੋਗੇ । ਇਸ ਲਈ ਮੈਂ ਸਰਕਾਰ ਪਾਸ ਕਹਾਂਗਾ ਕਿ ਇਸ ਤਰ੍ਹਾਂ ਦੀ ਅਸੈਂਬਲੀ ਦੇ ਮੈਂਬਰਾਂ ਦੀ ਕਮੇਟੀ ਬਨਾਣ ਦਾ ਆਈਡੀਆ ਡ੍ਰਾਪ ਕਰ ਦਿਉ ਤੇ ਇਕ ਜੁਡੀਸ਼ਲ ਟਿਬਯੂਨਲ ਬਣਾ ਦਿਓ । ਮੇਰਾ ਖ਼ਿਆਲ ਹੈ ਕਿ ਭਾਵੇਂ ਕੋਈ ਵੀ ਮਨਿਸਟਰ ਜਾਂ ਐਮ.ਐਲ.ਏ. ਹੋਵੇ ਜਿਹੜਾ ਕੁਰੱਪਸ਼ਨ ਕਰਦਾ ਹੈ ਜਾਂ ਜਿਸ ਨੇ ਕੁਰੱਪਸ਼ਨ ਕੀਤੀ ਹੈ ਉਸ ਨੂੰ ਮਾਫ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਕਰਨਾ ਚਾਹੀਦਾ ਹੈ ਲੇਕਿਨ ਅਸੈਂਬਲੀ ਦੇ ਮੈਂਬਰਾਂ ਦੀ ਕਮੇਟੀ ਨਹੀਂ ਬਣਾਉਣੀ ਚਾਹੀਦੀ ਇਹ ਇਕ ਪਾਰਟੀਜ਼ਨ ਕਮੇਟੀ ਹੋਵੇਗੀ ।

ਆਖਿਰ ਵਿੱਚ ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਮੇਰੇ ਕੁਝ ਦੋਸਤਾਂ ਨੇ ਇਥੇ ਇਕ ਗੱਲ ਦਾ ਬਾਰ ਬਾਰ ਜ਼ਿਕਰ ਕੀਤਾ ਹੈ ਕਿ ਸੂਬੇ ਦੀ ਡਿਵੈਲਪਮੈਂਟ ਹੋ ਰਹੀ ਹੈ ਪਰ ਤੁਸੀਂ ਟੈਕਸਾਂ ਦੀ ਮੁਖਾਲਫਤ ਕਰਦੇ ਹੋ, ਤੁਸੀਂ ਸੂਬੇ ਦੀ ਡਿਵੈਲਪਮੈਂਟ ਨਹੀਂ ਕਰ ਸਕੇ ਅਤੇ ਡਿਵੈਲਪਮੈਂਟ ਲਈ ਤੁਸੀਂ ਰੀਸੋਰਸਿਜ਼ ਨੂੰ ਟੈਪ ਕਰਨ ਲਈ ਕੁਝ ਨਹੀਂ ਦਸਿਆ । ਇਹ ਸਵਾਲ ਇਨ੍ਹਾਂ ਦਾ ਠੀਕ ਹੈ ਕਿ ਸੂਬੇ ਦੀ ਡਿਵੈਲਪਮੈਂਟ ਲਈ ਪੈਸੇ ਦੀ ਲੋੜ ਹੁੰਦੀ ਹੈ ਤੇ ਸੋਰਸਿਜ਼ ਕਿਥੇ ਹਨ । ਮੈਂ ਇਸ ਦੇ ਬਾਰੇ ਵਿੱਚ ਇਹ ਦੱਸਣਾ ਚਾਹੁੰਦਾ ਹਾਂ ਕਿ ਸੋਰਸਿਜ਼ ਤਾਂ ਬਿਲਕੁਲ ਸਾਫ਼ ਹਨ । ਤੁਹਾਡੇ ਸੂਬੇ ਵਿੱਚ ਰਿਚਰ ਸੈਕਸ਼ਨ ਆਫ ਦੀ ਸੁਸਾਇਟੀ ਜਿਹੜੇ ਹਨ ਉਨ੍ਹਾਂ ਦੀ ਇਕ ਹੱਦ ਮੁਕਰਰ ਕੀਤੀ ਜਾ ਸਕਦੀ ਹੈ ਕਿ 15 ਜਾਂ 20 ਹਜ਼ਾਰ ਦੀ ਆਮਦਨ ਤਕ ਸਰਕਾਰ ਉਨ੍ਹਾਂ ਪਾਸੋਂ ਕੁਝ ਟੈਕਸ ਨਾ ਲਏ ਉਸ ਤੋਂ ਉਤਾਂਹ ਗ੍ਰੇਡਿਡ ਟੈਕਸ ਲਾਗੂ ਕਰ ਦਿੱਤਾ ਜਾਵੇ ਜਿਹੜਾ ਆਮਦਨ ਦੇ ਨਾਲ ਨਾਲ ਵਧਦਾ ਜਾਵੇ । ਤੇ ਸਭ ਤੋਂ ਜ਼ਿਆਦਾ ਆਮਦਨ ਵਾਲਿਆਂ ਕੋਲੋਂ ਬੇਸ਼ਕ 95 ਫ਼ੀ ਸਦੀ ਤਕ ਰੁਪਿਆ ਸਰਕਾਰ ਆਪਣੇ ਖਜ਼ਾਨੇ ਵਿੱਚ ਲੈ ਲਏ । ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਇਹ ਪਾਲਿਸੀ ਬਨਾਉਣੀ ਚਾਹੀਦੀ ਹੈ ਅਤੇ ਕਾਮਨ ਮੈਨ ਤੇ ਇਕ ਪੈਸਾ ਵੀ ਟੈਕਸ ਨਾ ਲਗਾਇਆ ਜਾਵੇ ਤੇ ਨਾ ਹੀ ਲੋੜ ਪੈਂਦੀ ਹੈ । ਇਸੇ ਤਰ੍ਹਾਂ ਮੈਂ ਸਮਝਦਾ ਹਾਂ ਕਿ ਐਗਰੀਕਲਚਰ ਵਿੱਚ ਇਨਕਮ ਟੈਕਸ ਦੇ ਅਧਾਰ ਨੂੰ ਲਾਗੂ ਕਰਨਾ ਚਾਹੀਦਾ ਹੈ । ਆਮ ਪੈਜ਼ੰਟਰੀ ਤੇ ਟੈਕਸ ਦੀ ਲੋੜ ਨਹੀਂ । ਸਰਕਾਰ ਵਲੋਂ ਇਹ ਲਿਖਿਆ ਗਿਆ ਹੈ ਕਿ ਖੇਤੀ ਬਾੜੀ ਦੀ ਹਾਲਤ ਬਹੁਤ ਚੰਗੀ ਹੈ । ਇਹ ਦਰੁਸਤ ਹੈ ਕਿ ਫਸਲਾਂ ਬਹੁਤ ਚੰਗੀਆਂ ਬਾਹਰ ਖੜੀਆਂ ਨਜ਼ਰ ਆ ਰਹੀਆਂ ਹਨ ਪਰ ਇਹ ਚੰਗੀ ਹਾਲਤ ਕਿਸ ਦੀ ਹੈ ? ਪੰਜਾਬ ਵਿੱਚ ਰਿਚ ਪੈਜ਼ੰਟਰੀ ਡਿਵੈਲਪ ਕੀਤੀ ਜਾ ਰਹੀ ਹੈ, ਲੈਂਡ ਲਾਰਡ ਦੀ ਇਕਾਨੋਮੀ ਨੂੰ ਡਿਵੈਲਪ ਕੀਤਾ ਜਾ ਰਿਹਾ ਹੈ, ਰਿਚ ਪੈਜ਼ੰਟ ਦਾ ਖੇਤ ਤਾਂ ਡਿਵੈਲਪ ਹੋ ਰਿਹਾ ਹੈ, ਕਿਉਂਕਿ ਉਸ ਪਾਸ ਪੈਸੇ ਹਨ ਤੇ ਉਹ 400 ਜਾਂ 500 ਰੁਪਏ ਏਕੜ ਖਰਚ ਕਰਕੇ ਖੇਤੀ ਨੂੰ ਡਿਵੈਲਪ ਕਰ ਰਿਹਾ ਹੈ ਪਰ ਪੂਅਰ ਪੈਜ਼ੰਟਰੀ ਦੀ ਹਾਲਤ ਵੇਖੋ ਕਿਤੇ ਕਿਤੇ ਟਾਵੀਂ ਟਾਵੀਂ ਕਣਕ ਖੜੀ ਨਜ਼ਰ ਆਉਂਦੀ ਹੈ, ਉਸ ਦੇ ਖੇਤ ਵਿੱਚ ਕਿਉਂਕਿ ਉਹ ਚਾਰ ਜਾਂ ਪੰਜ ਸੌ ਰੁਪਿਆ ਏਕੜ ਤੇ ਖਰਚ ਨਹੀਂ ਕਰ ਸਕਦਾ ਅਤੇ ਇਸ ਦੀ ਖੇਤੀ ਨੂੰ ਮੈਕੇਨਾਈਜ਼ਡ ਨਹੀਂ ਕਰ ਸਕਦਾ । ਤੁਸੀਂ ਫਿਰ ਕਿਸ ਗੱਲ ਤੇ ਮਾਣ ਕਰਦੇ ਹੋ ਤੁਹਾਡਾ ਮਾਣ ਇਕ ਪੂਅਰ ਸੈਕਸ਼ਨ ਦੀ ਖੇਤੀ ਨੂੰ ਦੇਖ ਕੇ ਨਹੀਂ, ਤੁਹਾਡਾ ਫਖਰ ਤਾਂ ਰਿਚ ਪੈਜ਼ੰਟਰੀ ਦੀ ਇਕਾਨੋਮੀ ਨੂੰ ਡਿਵੈਲਪਡ ਵੇਖ ਕੇ ਬਣਦਾ ਹੈ। ਤਰੱਕੀ ਹੋ ਰਹੀ ਹੈ ਪੈਜ਼ੰਟਰੀ ਰਿਚ੍ਹ ਦੀ। ਡਿਵੈਲਪਮੈਂਟ ਹੋ ਰਹੀ ਹੈ ਲੈਂਡ ਲਾਰਡ

[ਕਾਮਰੇਡ ਦਲੀਪ ਸਿੰਘ ਟਪਿਆਲਾ]

ਦੀ ਇਕਾਨੋਮੀ ਦੀ । ਜਿੱਥੋਂ ਤਕ ਪੂਅਰ ਪੈਜ਼ੰਟ ਦਾ ਅਤੇ ਮਿਡਲ ਕਲਾਸ ਦਾ ਤਅੱਲੁਕ ਹੈ ਉਸ ਵਲ ਕੋਈ ਧਿਆਨ ਨਹੀਂ ਦਿੱਤਾ ਗਿਆ ਕਿਉਂਕਿ ਉਹ 500 ਰੁਪਏ ਖਰਚ ਨਹੀਂ ਕਰ ਸਕਦਾ ਇਕ ਏਕੜ ਤੇ । ਤੁਹਾਡੀ ਪਾਲਿਸੀ ਤਾਂ ਇਹ ਹੈ ਅਤੇ ਇਹ ਬਿਲਕੁਲ ਸਾਫ਼ ਹੈ ਕਿ ਤੁਹਾਡੀ ਪਾਲਿਸੀ ਦਾ ਆਮ ਆਦਮੀ ਨਾਲ ਨੇੜੇ ਦਾ ਵੀ ਤਅੱਲੁਕ ਨਹੀਂ । ਨੇੜੇ ਦਾ ਵੀ ਵਾਸਤਾ ਨਹੀਂ । ਮੇਰਾ ਖ਼ਿਆਲ ਹੈ ਕਿ ਤੁਸੀਂ ਪੂਅਰ ਸੈਕਸ਼ਨ ਦੀ ਇਕਾਨੋਮੀ ਨੂੰ ਵੇਖਣ ਤਕ ਵੀ ਗਏ ਨਹੀਂ ਤਾਂ ਤੁਹਾਨੂੰ ਆਪ ਕੀ ਅੰਦਾਜ਼ਾ ਲਗ ਸਕਦਾ ਹੈ ਕਿ ਕੀ ਹਾਲਤ ਹੈ । ਸਾਡੇ ਸੂਬੇ ਵਿੱਚ ਮਾਲਕ ਕਿਸਾਨ ਦੀ ਕੀ ਹਾਲਤ ਹੈ । ਇਹ ਪੂਅਰ ਪੈਜ਼ੰਟਰੀ ਦਾ ਸੂਬਾ ਹੈ ਅਤੇ ਇਥੇ ਜ਼ਮੀਨ 60 ਜਾਂ 70 ਫ਼ੀਸਦੀ ਛੋਟੇ ਕਿਸਾਨ ਦੀ ਮਾਲਕੀ ਹੈ ਜਿਸ ਦੀ ਅਨਇਕਨਾਮਿਕ ਹੋਲਡਿੰਗ ਹੈ ਤੇ ਤੁਸੀਂ ਇਸ ਅਨਇਕਨਾਮਿਕ ਹੋਲਡਿੰਗ ਤੇ ਟੈਕਸ ਲਗਾਣਾ ਚਾਹੁੰਦੇ ਹੋ । ਉਸ ਪਾਸ ਸਿੰਜਾਈ ਦੇ ਸਾਧਨ ਨਹੀਂ, ਉਸ ਪਾਸ ਪੈਸਾ ਨਹੀਂ ਕਿ ਮਹਿੰਗੀ ਖਾਦ ਲੈ ਕੇ ਵਰਤੇ ਤੇ ਫਿਰ ਉਹ ਕਿਸ ਤਰ੍ਹਾਂ ਇਨਟੈਨਸਿਵ ਕਲਟੀਵੇਸ਼ਨ ਕਰ ਸਕਦਾ ਹੈ ? ਤੁਸੀਂ ਜਿਹੜੀਆਂ ਫਾਰਮਾਂ ਵੇਖੀਆਂ ਹਨ ਉਹ ਉਨ੍ਹਾਂ ਵੱਡੇ ਵੱਡੇ ਜ਼ਿਮੀਂਦਾਰਾਂ ਦੀਆਂ ਵੇਖੀਆਂ ਹਨ, ਭਾਵੇਂ ਉਹ ਉਧਰ ਬੈਠੇ ਹਨ ਜਾਂ ਏਧਰ ਬੈਠੇ ਹਨ, ਕਿ ਜਿਨ੍ਹਾਂ ਨੇ ਮੈਕਸੀਕਨ ਕਣਕ ਬੀਜੀ ਹੋਈ ਹੈ ਅਤੇ 600 ਜਾਂ 700 ਰੁਪਿਆ ਲਗਾਇਆ ਹੋਇਆ ਹੈ ਇਕ ਏਕੜ ਤੇ ਤੁਸੀਂ ਕੈਪਟਨ ਰਤਨ ਸਿੰਘ ਦਾ ਫਾਰਮ ਵੇਖਿਆ ਹੋਵੇਗਾ ਅਤੇ ਇਨ੍ਹਾਂ ਨੂੰ ਵੇਖ ਕੇ ਫੂਲੇ ਨਹੀਂ ਸਮਾਂਦੇ ਕਿ ਕਣਕ ਦੀ ਫਸਲ ਬਹੁਤ ਚੰਗੀ ਹੈ ਤੇ ਪੰਜਾਬ ਦੀ ਡਿਵੈਲਪਮੈਂਟ ਹੋ ਰਹੀ ਹੈ । ਪਰ ਮੇਰੀ ਅਰਜ਼ ਇਹ ਹੈ ਕਿ ਤੁਹਾਡੀ ਐਪ੍ਰੋਚ ਠੀਕ ਨਹੀਂ ਇਹ ਬਿਲਕੁਲ ਗਲਤ ਐਪ੍ਰੋਚ ਹੈ । ਇਸ ਬਜਟ ਦਾ ਬੇਸ਼ਤਰ ਹਿੱਸਾ ਤਾਂ ਤੁਹਾਡੇ ਤੇ ਹੀ ਖਰਚ ਹੁੰਦਾ ਹੈ ਜਾਂ ਇਨ੍ਹਾਂ ਅਮੀਰਾਂ ਤੇ ਅਤੇ ਕਾਮਨਮੈਨ ਤੇ ਆਮ ਆਦਮੀ ਤੇ ਇਹ ਬਜਟ ਖਰਚ ਨਹੀਂ ਹ ਰਿਹਾ । ਫਿਰ ਇਹ ਸਵਾਲ ਕੀਤਾ ਜਾਂਦਾ ਹੈ ਕਿ ਇਸ ਲਈ ਖਰਚ ਨਹੀਂ ਹੋ ਰਿਹਾ ਕਿ ਇਹ ਆਮ ਆਦਮੀ ਗੜ ਬੜ ਕਰਦੇ ਹਨ ਪਰ ਮੈਂ ਇਹ ਗੱਲ ਸਾਫ਼ ਕਹਿਣੀ ਚਾਹੁੰਦਾ ਹਾਂ ਕਿ ਗੜਬੜ ਉਹ ਲੋਕ ਕਰਦੇ ਹਨ ਜੋ ਚਾਹੁੰਦੇ ਹਨ ਕਿ ਮਨੀ ਚੰਦ ਆਦਮੀਆਂ ਦੇ ਹੱਥਾਂ ਵਿਚ ਰਹੇ ਗੜਬੜ ਉਹ ਲੋਕ ਕਰਦੇ ਹਨ ਜੋ ਇਹ ਚਾਹੁੰਦੇ ਹਨ ਕਿ ਮਨੀ ਕਨਸੈਨਟਰੇਟਿਡ ਹੋਵੇ ਅਤੇ ਜਿਹੜੇ ਰਾਤ ਭੁਖੇ ਸੌਂਦੇ ਹਨ ਉਨ੍ਹਾਂ ਤੇ ਇਕ ਪੈਸਾ ਵੀ ਖਰਚ ਨਾ ਹੋਵੇ । ਗੜਬੜ ਉਹ ਕਰਦੇ ਹਨ ਜੋ ਮਨਾਪਲੀ ਨੂੰ ਤਰੱਕੀ ਦੇਣ ਦਾ ਯਤਨ ਕਰਦੇ ਹਨ । ਗੜਬੜ ਉਹ ਲੋਕੀ ਕਰਦੇ ਹਨ ਜੋ ਪ੍ਰਾਈਸ ਇਨਡੈਕਸ ਦੇ ਨਾਲ ਮਜ਼ਦੂਰਾਂ ਦੀ ਮਜ਼ਦੂਰੀ ਤੇ ਬੋਨਿਸ ਵਿੱਚ ਇਜ਼ਾਫਾ ਨਹੀਂ ਕਰਦੇ । ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਡਾਊਨ ਟ੍ਰਾਡਨ ਅਤੇ ਲਿਤਾੜੇ ਹੋਏ ਦੇ ਹੱਕ ਵਿੱਚ ਕੋਈ ਵੀ ਗਲ ਨਹੀਂ ਕਰਦਾ ਪਰ ਜੇਕਰ ਤੁਸੀਂ ਇਸ ਤਰ੍ਹਾਂ ਸਾਨੂੰ ਬਦਨਾਮ ਕਰਨਾ ਚਾਹੁੰਦੇ ਹੋ ਤਾਂ ਮੈਂ ਸਾਫ਼ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਡਾਊਨ-ਟ੍ਰਾਡਨ ਦੇ ਹਕਾਂ ਨੂੰ, ਲਿਤਾੜੇ ਦੇ ਹਕਾਂ ਦੇ ਆਪਣੇ ਆਪ ਨੂੰ ਰਾਈਟ ਚੈਂਪੀਅਨ ਸਮਝਦੇ ਹਾਂ ਅਤੇ ਹਰ ਕੀਮਤ ਤੇ ਉਨ੍ਹਾਂ ਦੇ ਹਕੂਕ ਦੀ ਰਾਖੀ ਲਈ ਲੜਾਂਗੇ ਅਤੇ ਦੁਨੀਆਂ ਦੀ ਕੋਈ ਵੀ ਤਾਕਤ ਸਾਨੂੰ ਰੋਕ ਨਹੀਂ ਸਕਦੀ। (ਪ੍ਰਸ਼ੰਸਾ) (ਘੰਟੀ) ਮੈਂ ਖਤਮ ਹੀ ਕਰਨ ਵਾਲਾ ਹਾਂ, ਮੈਂ ਇਹ ਅਰਜ਼ ਕਰਾਂਗਾ ਕਿ ਤਹਾਨੂੰ ਸੋਬਰਲੀ ਸੋਚਣਾ ਚਾਹੀਦਾ ਹੈ । ਅਸੀਂ ਵੀ ਤੁਹਾਡੇ ਨਾਲ ਸੋਚਣ ਨੂੰ ਤਿਆਰ ਹਾਂ ਜੇਕਰ ਤੁਹਾਡੀ ਸੋਚ ਪਾਜ਼ੇਟਿਵ ਹੋਵੇ । ਤੁਸੀਂ ਪਾਰਟੀਜ਼ਨ ਸਪਿਰਟ ਤੋਂ ਕੰਮ ਨਾ ਲਉ। ਅਜ ਮੁਲਕ ਦੀ ਕੀ ਹਾਲਤ ਹੈ, ਮੁਲਕ ਤਬਾਹੀ ਦੇ ਕੰਢੇ ਤੇ ਆ ਕੇ ਖੜਾ ਹੋ ਗਿਆ ਹੈ ਤੇ ਜੇਕਰ ਅਸੀਂ ਇਕਾਨੋਮੀ ਨੂੰ ਇਸ ਤਰ੍ਹਾਂ ਹੀ ਕਾਇਮ ਰਖਾਂਗ ਅਤੇ ਇਨ੍ਹਾਂ ਦਾ ਪਲੜਾ ਪਕੜਾਂਗੇ ਤੇ ਡਾਊਨ ਟ੍ਰਾਡਨ ਨਾਲ ਝਗੜਾ ਕਰਾਂਗ ਤਾਂ ਯਾਦ ਰਖੋ ਨਾ ਤੁਸੀਂ ਰਹੋਗੇ ਤੇ ਨਾ ਅਸੀਂ ਰਹਾਂਗੇ । (ਪ੍ਰਸ਼ੰਸਾ) ਜਿਹੜੀਆਂ ਪਿੱਛੇ ਤੁਸੀਂ ਵੀਹ ਸਾਲ ਗਲਤੀਆਂ ਕਰਦੇ ਆਏ ਹੋ ਉਨ੍ਹਾਂ ਨੂੰ ਐਡਮਿਟ ਕਰੋ ਅਤੇ ਜਿਹੜੀ ਮਨਾਪਲੀ ਕਾਇਮ ਕਰਨ ਦੀ ਪਾਲਿਸੀ ਹੈ ਇਸ ਨੂੰ ਦੂਰ ਕਰੋ । ਲੈਂਡ ਰੀਫਾਰਮਜ਼ ਤੁਸੀਂ ਨਹੀਂ ਕਰ ਸਕੇ ਤੁਹਾਡੀ ਲਾਇਲਟੀ ਬਿਰਲਿਆਂ ਤੇ ਟਾਟਿਆਂ ਨਾਲ ਹੈ । ਇਸ ਲਈ ਮੈਂ ਕਹਾਂਗਾ ਕਿ ਇਸ ਤੋਂ ਚਗੀ

ਪਾਲਿਸੀ ਤੁਹਾਡੇ ਲਈ ਕੋਈ ਨਹੀਂ ਕਿ ਤੁਸੀਂ ਇਕੱਠੇ ਹੋ ਕੇ ਡਾਊਨ ਟ੍ਰਾਡਨ ਵਲ ਧਿਆਨ ਦਿਉ । (ਘੰਟੀ)

ਮੈਂ ਆਖਿਰ ਵਿੱਚ ਸਾਰੇ ਹਾਊਸ ਨੂੰ ਅਤੇ ਖਾਸ ਕਰ ਆਪਣੇ ਇਨ੍ਹਾਂ ਸਾਰੇ ਦੋਸਤਾਂ ਨੂੰ ਜੋ ਸਾਹਮਣੇ ਬੈਠੇ ਹਨ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਹਾਡੀ ਫਸਟ ਲਾਇਲਟੀ ਜਨਤਾ ਵਲ ਹੈ, ਲੋਕਾਂ ਵਲ ਹੈ । ਇਸ ਲਈ ਕਿਸੇ ਪਾਰਟੀਜ਼ਨ ਸਪਿਰਟ ਨਾਲ ਕੰਮ ਨਹੀਂ ਕਰਨਾ ਚਾਹੀਦਾ । ਦਿਆਨਤਦਾਰੀ ਨਾਲ ਕੰਮ ਕਰਨਾ ਚਾਹੀਦਾ ਹੈ । ਅੱਜ ਜਨਤਾ ਦੀ ਕੀ ਹਾਲਤ ਹੈ ? ਕਿਸਾਨ ਮਰ ਰਿਹਾ ਹੈ, ਮਜ਼ਦੂਰ ਪਿਸ ਰਿਹਾ ਹੈ, ਦਰਮਿਆਨਾ ਤਬਕਾ ਤਬਾਹ ਹੋ ਰਿਹਾ ਹੈ ਅਤੇ ਚੰਦ ਰਿਚਰ ਸੈਕਸ਼ਨਜ਼ ਆਫ ਦੀ ਸੁਸਾਇਟੀ ਦੀ ਚਾਂਦੀ ਹੈ ਅਤੇ ਉਨ੍ਹਾਂ ਨੇ ਇਸ ਤਰ੍ਹਾਂ ਇਨ੍ਹਾਂ ਦੇ ਦੁਆਲੇ ਜਾਲ ਵਿਛਾਇਆ ਹੋਇਆ ਹੈ ਕਿ ਸਾਰੀ ਅਡਮਨਿਸਟ੍ਰੇਸ਼ਨ ਉਨ੍ਹਾਂ ਦੀ ਗੋਲੀ ਬਣ ਕੇ ਰਹਿ ਗਈ ਹੈ । ਇਸ ਸਥਿਤੀ ਨੂੰ ਖਤਮ ਕਰੋ ਤੇ ਸਾਰੇ ਮਿਲ ਕੇ ਯੂਨਾਈਟਿਡ ਫਰੰਟ ਵਿੱਚ ਰਲ ਕੇ ਹਕੂਮਤ ਕਰੋ ਅਤੇ ਸਹੀ ਮਾਅਨਿਆਂ ਵਿੱਚ ਸੋਸ਼ਲਿਸਟਿਕ ਪੈਟਰਨ ਆਫ਼ ਸੋਸਾਇਟੀ ਨੂੰ ਕਾਇਮ ਕਰੋ । (ਸ੍ਰੀ ਸਤ ਪਾਲ ਕਪੂਰ ਵਲੋਂ ਵਿਘਨ) ਮੈਂ ਕਪੂਰ ਸਾਹਿਬ ਨੂੰ ਜਾਣਦਾ ਹਾਂ ਅਤੇ ਇਨ੍ਹਾਂ ਦੇ ਸੋਸ਼ਲਿਸਟ ਫੋਰਮ ਨੂੰ ਵੀ ਜਾਣਦਾ ਹਾਂ ਕਿ ਇਹ ਕੀ ਕੁਝ ਕਰਦੇ ਹਨ (ਵਿਘਨ)

ਲੈਫਟੀਨੈਂਟ ਭਾਗ ਸਿੰਘ : ਆਨ ਏ ਪੁਆਇੰਟ ਆਫ ਇਨਫਾਰਮੇਸ਼ਨ, ਇਫ ਹੀ ਗਿਵਜ਼ ਵੇ । ਮੈਂ ਇਨ੍ਹਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਸ ਯੂਨਾਈਟਿਡ ਫਰੰਟ ਬਨਾਣ ਦੀ ਇਨ੍ਹਾਂ ਸਲਾਹ ਦਿੱਤੀ ਹੈ ਕੀ ਉਹ ਪਹਿਲੇ ਵਰਗਾ ਹੀ ਹੈ ਜਾਂ ਹੁਣ ਕੋਈ ਨਵੀਂ ਗੱਲ ਹੋ ਗਈ ਹੈ ਅਤੇ ਉਸ ਦੀ ਸ਼ਕਲ ਬਦਲ ਦਿੱਤੀ ਗਈ ਹੈ (ਵਿਘਨ)

ਕਾਮਰੇਡ ਦਲੀਪ ਸਿੰਘ ਟਪਿਆਲਾ : ਯੂਨਾਈਟਿਡ ਫਰੰਟ ਤੋਂ ਮੇਰਾ ਮਤਲਬ ਇਹ ਸੀ ਕਿ ਜਿਹੜੇ ਹਾਲਾਤ ਕਾਂਗਰਸ ਰਾਜ ਨੇ ਪੈਦਾ ਕਰ ਦਿੱਤੇ ਹਨ ਕਿ ਮਨਾਪਲੀ ਡਿਵੈਲਪ ਹੋ ਰਹੀ ਹੈ, ਐਗਰੇਰੀਅਨ ਰੀਫਾਰਮ ਨਹੀਂ ਕੀਤੇ ਗਏ, ਇਮਪੀਰੀਅਲਿਜ਼ਮ ਦੀ ਪੈਨੀਟ੍ਰੇਸ਼ਨ ਕੀਤੀ ਜਾ ਰਹੀ ਹੈ, ਉਸ ਇਮਪੀਰੀਅਲਿਜ਼ਮ ਦੀ ਜਿਹੜੀ ਕਿ ਰਾਟਨ ਹੋ ਚੁੱਕੀ ਹੈ, ਉਸ ਤੇ ਅਮਲ ਕੀਤਾ ਜਾ ਰਿਹਾ ਹੈ, ਇਸ ਲਈ ਮੈਂ ਇਨ੍ਹਾਂ ਸਾਰੇ ਦੋਸਤਾਂ ਨੂੰ ਸਦਾ ਦਿੰਦਾ ਹਾਂ ਕਿ ਉਹ ਸਹੀ ਤਰੀਕੇ ਨਾਲ ਡੈਮਕਰੈਟਿਕ ਲੀਹਾਂ ਤੇ ਸਰਕਾਰ ਨੂੰ ਚਲਾਉਣ ਲਈ ਸਾਡੇ ਨਾਲ ਆ ਰਲਣ ਅਤੇ ਇਨ੍ਹਾਂ ਵਿਰੋਧੀ ਤਾਕਤਾਂ ਨਾਲ ਇਕਠੇ ਹੋ ਕੇ ਲੜੋ । (ਘੰਟੀ)

ਆਖਿਰ ਵਿੱਚ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇਕਰ ਤੁਸੀਂ ਸੱਚਮੁੱਚ ਕੁਰੱਪਸ਼ਨ ਦੂਰ ਕਰਨੀ ਚਾਹੁੰਦੇ ਹੋ ਤਾਂ ਲੈਜਿਸਲਟਰਾਂ ਦੀ ਕਮੇਟੀ ਕਾਇਮ ਨਾ ਕਰੋ ਉਸ ਦਾ ਹਾਲ ਤਾਂ ਓਹੀ ਹੋਵੇਗਾ ਕਿ :-

ਵੋਹੀ ਕਾਤਲ ਵੋਹੀ ਸ਼ਾਹਦ ਵੋਹੀ ਮੁਨਸਿਫ ਠਹਿਰੇ,
ਅਕਰਬਾ ਮੇਰੇ ਕਰੇਂ ਖ਼ੂਨ ਕਾ ਦਾਅਵਾ ਕਿਸ ਪਰ ।

ਕਈ ਸਾਥੀ ਇਹ ਕਹਿੰਦੇ ਨੇ ਕਿ ਸਰਦਾਰ ਗੁਰਨਾਮ ਸਿੰਘ ਨੇ ਆਪਣੀ ਵਜ਼ਾਰਤ ਵੇਲੇ ਹੀ ਇਸ ਤਰ੍ਹਾਂ ਦੀ ਲੈਜਿਸਲੇਟਰਾਂ ਦੀ ਇਕ ਕਮੇਟੀ ਕਾਇਮ ਕਰਨ ਦਾ ਸੁਝਾਉ ਦਿੱਤਾ ਸੀ ਅਤੇ ਫੈਸਲਾ ਕੀਤਾ ਸੀ। ਮੈਂ ਤਾਂ ਇਹ ਕਹਾਂਗਾ ਕਿ ਜੇਕਰ ਉਨਾਂ ਨੇ ਇਹ ਸੁਝਾਉ ਦਿੱਤਾ ਸੀ ਤਾਂ ਉਨ੍ਹਾਂ ਨੇ ਵੀ ਇਹ ਗੱਲ ਦਰੁਸਤ ਨਹੀਂ ਸੀ ਕੀਤੀ । ਕਿਉਂਕਿ ਇਸ ਤਰ੍ਹਾਂ ਦੀ ਕਮੇਟੀ ਇਕ ਪਾਰਟੀਜ਼ਨ ਕਮੇਟੀ ਹੋਵੇਗੀ । ਇਸ ਲਈ ਇਕ ਟ੍ਰਿਬਿਯੂਨਲ ਹੀ ਹੋਣਾ ਚਾਹੀਦਾ ਹੈ ਜੋ ਸ਼ਿਕਾਇਤਾਂ ਨੂੰ ਸੁਣ ਕੇ ਫੈਸਲਾ ਦੇ ਸਕੇ ।

[ਕਾਮਰੇਡ ਦਲੀਪ ਸਿੰਘ ਟਪਿਆਲਾ]

ਇਸ ਤੋਂ ਅੱਗੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕੱਲ ਜਾਂ ਪਰਸੋਂ ਤੋਂ ਜਦ ਤੋਂ ਕਿ ਬਜਟ ਪੇਸ਼ ਹੋਇਆ ਹੈ ਹਾਲਾਤ ਜੋ ਨਜ਼ਰ ਆ ਰਹੇ ਹਨ ਤੁਹਾਡੇ ਸਾਹਮਣੇ ਹਨ । ਜਿੱਥੋਂ ਤਕ ਟੈਕਸਾਂ ਦਾ ਤਅੱਲੁਕ ਹੈ, ਕਾਫੀ ਰੌਲਾ ਪਿਆ ਹੋਇਆ ਹੈ, ਰੌਲਾ ਲੋਕਾਂ ਵਿਚ ਹੈ, ਰੌਲਾ ਪਿਆ ਹੋਇਆ ਹੈ ਕਾਂਗਰਸ ਪਾਰਟੀ ਵਿੱਚ ਅਤੇ ਰੌਲਾ ਪਿਆ ਹੋਇਆ ਹੈ ਅੱਜ ਸਾਰੇ ਪੰਜਾਬ ਵਿਚ ਅਤੇ ਇਹ ਸਰਕਾਰ ਅਤੇ ਕਾਂਗਰਸ ਲੋਕਾਂ ਨੂੰ ਮੂੰਹ ਦੇਣ ਜੋਗੀ ਨਹੀਂ ਰਹੇਗੀ । ਮੈਂ ਉਨ੍ਹਾਂ ਭਾਈਆਂ ਨੂੰ ਕਹਿੰਦਾ ਹਾਂ ਕਿ ਜਿਹੜੇ ਟੈਕਸ ਤੁਸੀਂ ਲਗਾਏ ਹਨ, ਇਨ੍ਹਾਂ ਦਾ ਮਾਸਿਜ਼ ਤੇ ਆਮ ਜਨਤਾ ਤੇ ਡਾਇਰੈਕਟ ਬੋਝ ਪਿਆ ਹੈ, ਤੁਸੀਂ ਇਸ ਗੱਲ ਨੂੰ ਮਹਿਸੂਸ ਕਰੋ । ਜੇ ਇਹ ਅਜੇ ਵੀ ਵਾਪਸ ਲੈ ਲਉ ਤਾਂ ਜ਼ਰੂਰ ਕਹਾਂਗੇ ਕਿ ਤੁਸੀਂ ਚੰਗੀ ਗੱਲ ਕੀਤੀ ਹੈ । ਇਹ ਖਾਹ ਮਖਾਹ ਲੋਕਾਂ ਤੋਂ ਗੱਲਾਂ ਨਾ ਕਰਵਾਉਣ । ਇਹ ਟੈਕਸਿਜ਼ ਦੀ ਲੋਕਾਂ ਨੂੰ ਬੜੀ ਤਕਲੀਫ਼ ਹੋਈ ਹੈ । ਜਿਹੜੀਆਂ ਮੈਂ ਗਲਾਂ ਕੀਤੀਆਂ ਹਨ ਉਹ ਜਨਤਾ ਦੀ ਆਵਾਜ਼ ਹੈ । ਮੈਨੂੰ ਗਿਲ ਸਾਹਿਬ ਜਾਂ ਇਨ੍ਹਾਂ ਦੀ ਸਰਕਾਰ ਨਾਲ ਕੋਈ ਦੁਸ਼ਮਣੀ ਨਹੀਂ, ਮੈਂ ਉਨ੍ਹਾਂ ਨੂੰ ਜਨਤਾ ਦੀ ਆਵਾਜ਼ ਸੁਣਾਈ ਹੈ । ਜਿਹੜੇ ਇਸ ਕਿਸਮ ਦੀਆਂ ਗੱਲਾਂ ਉਨ੍ਹਾਂ ਤੋਂ ਕਰਾਉਂਦੇ ਹਨ ਉਹ ਮਹਿਜ਼ ਤਮਾਸ਼ਾ ਵੇਖਦੇ ਹਨ । ਉਨ੍ਹਾਂ ਦੀ ਇਨ੍ਹਾਂ ਨਾਲ ਹਮਦਰਦੀ ਕੋਈ ਨਹੀਂ । ਇਸ ਕਿਸਮ ਦੀਆਂ ਸਟਲ ਮੂਵਜ਼ ਨਾਲ ਲੋਕਾਂ ਦੀ ਬੇਹਤਰੀ ਹੋਣ ਦੀ ਬਜਾਏ ਉਨ੍ਹਾਂ ਨੂੰ 20 ਸਾਲ ਪਿੱਛੇ ਦੀ ਐਪਰੋਚ ਵਿੱਚ ਲੈ ਜਾਂਦੀਆਂ ਹਨ । ਇਨ੍ਹਾਂ ਐਸੀਆਂ ਮੂਵਜ਼ ਤੋਂ ਬਚਣਾ ਚਾਹੀਦਾ ਹੈ ਜੋ ਇਨ੍ਹਾਂ ਨੂੰ ਪਿੱਛੇ ਧਕੇਲਦੀਆਂ ਹਨ ।

6.00 p.m.

ਸਰਦਾਰ ਹਰਬੰਸ ਸਿੰਘ ਸਿੱਧੂ (ਫੂਲ) : ਜਿਹੜਾ ਬਜਟ ਖਜ਼ਾਨਾ ਮੰਤਰੀ ਜੀ ਨੇ ਪੇਸ਼ ਕੀਤਾ ਹੈ ਮੈਂ ਇਸ ਕਰਕੇ ਇਸ ਨਾਲ ਇਤਫਾਕ ਨਹੀਂ ਕਰਦਾ ਕਿਉਂਕਿ ਇਹ ਕਿਸਾਨ ਅਤੇ ਮਜ਼ਦੂਰ ਦੇ ਭਲੇ ਦਾ ਬਜਟ ਨਹੀਂ ਹੈ । ਮੈਂ ਇਸ ਦੇ ਇਕ-ਇਕ ਆਈਟਮ ਨੂੰ ਲੈਂਦਾ ਹੋਇਆ ਅਰਜ਼ ਕਰਾਂਗਾ ਕਿ ਇਸ ਦੇ ਵਿੱਚ ਕੀ-ਕੀ ਖਾਮੀਆਂ ਹਨ ।

ਇਸ ਬਜਟ ਵਿੱਚ ਮੌਜੂਦਾ ਸਰਕਾਰ ਨੇ 60 ਪੈਸੇ ਸੈਂਕੜਾ ਦੇ ਹਿਸਾਬ ਨਾਲ ਮਾਰਕਿਟ ਫੀਸ ਵਧਾਈ ਹੈ, ਇਹ ਕਹਿੰਦੇ ਹਨ ਕਿ ਸੜਕਾਂ ਬਨਾਉਣੀਆਂ ਹਨ ਮੈਂ ਪੁਛਦਾ ਹਾਂ ਕਿ ਕੀ ਇਹ ਪਿੰਡਾਂ ਵਿੱਚ ਬਣਨੀਆਂ ਹਨ ? ਇਨ੍ਹਾਂ ਨੂੰ ਕੀ ਹੱਕ ਹੈ ਕਿ ਉਹ ਉਨ੍ਹਾਂ ਤੇ ਟੈਕਸ ਲਾਉਣ ਜਿਨ੍ਹਾਂ ਦਾ ਉਨ੍ਹਾਂ ਨੂੰ ਕੋਈ ਫਾਇਦਾ ਨਹੀਂ ।

ਫਿਰ ਇਨ੍ਹਾਂ ਜਿਹੜਾ ਮਾਲੀਆ ਵਧਾਇਆ ਹੈ ਇਹ ਕਹਿੰਦੇ ਹਨ ਕਿ ਇਹ ਪੈਸਾ ਅਸੀਂ ਪੰਜਾਬੀ ਯੂਨੀਵਰਸਿਟੀ ਤੇ ਖਰਚ ਕਰਨਾ ਹੈ । ਮੈਂ ਪੁਛਦਾ ਹਾਂ ਕਿ ਪੰਜਾਬੀ ਯੂਨੀਵਰਸਿਟੀ ਦਾ ਫਾਇਦਾ ਸਿਰਫ ਇਨ੍ਹਾਂ ਜ਼ਿਮੀਂਦਾਰਾਂ ਨੂੰ ਹੀ ਹੈ, ਫੇਰ ਇਨ੍ਹਾਂ ਇੱਕਲਿਆਂ ਤੇ ਕਿਉਂ ਟੈਕਸ ਲਾਇਆ ਗਿਆ ਹੈ ਦੂਸਰਿਆਂ ਤੇ ਕਿਉਂ ਨਹੀਂ ਲਗਾਇਆ ਗਿਆ । ਇਹ ਟੈਕਸ ਜਿਹੜਾ ਲੋਕ ਦੇਣਗੇ ਇਹ ਉਨ੍ਹਾਂ ਦੀ ਨਸੈਸਟੀਜ਼ ਦੇ ਵਿੱਚੋਂ ਜਾਵੇਗਾ । ਜੇ ਟੈਕਸ ਲਾਉਣਾ ਹੀ ਸੀ ਤਾਂ ਸਰਕਾਰ ਨੂੰ ਲਗਜ਼ਰੀਜ਼ ਤੇ ਲਾਉਣਾ ਚਾਹੀਦਾ ਸੀ । ਜ਼ਿਮੀਂਦਾਰ ਤਾਂ ਪਹਿਲਾਂ ਹੀ ਸਦੀਆਂ ਤੋਂ ਦਬਿਆ ਚਲਿਆ ਆ ਰਿਹਾ ਹੈ । ਜ ਹੁਣ ਕੁਝ ਮਾੜਾ ਜਿਹਾ ਉਭਰਨ ਦਾ ਉਸ ਨੂੰ ਮੌਕਾ ਮਿਲਿਆ ਹੈ ਫੇਰ ਟੈਕਸਾਂ ਦੇ ਨਾਲ ਉਸ ਨੂੰ ਦਬਾ ਦਿਤਾ ਹੈ । ਇਸ ਤਰਾਂ ਜੇ ਉਹ ਦਬਾਇਆ ਗਿਆ ਤਾਂ ਪੁਸ਼ਤਾਂ ਤਕ ਵੀ ਇਹ ਉਠ ਨਹੀਂ ਸਕਦਾ । ਖਜ਼ਾਨਾ ਮੰਤਰੀ ਨੇ ਬਜਟ ਪੇਸ਼ ਕੀਤਾ ਪਰ ਸਾਰਿਆਂ ਨੂੰ ਕੁਝ ਨਾ ਕੁਝ ਦਿੱਤਾ, ਜ਼ਿਮੀਂਦਾਰ ਨੂੰ ਕੁਝ ਦੇਣ ਦੀ ਬਜਾਏ ਉਸ ਤੇ ਟੈਕਸ ਲਾਇਆ ਹੈ, ਜ਼ਿਮੀਂਦਾਰ ਨੂੰ ਕੋਈ ਰੀਲੀਫ ਨਹੀਂ ਦਿਤਾ ਗਿਆ ।

ਜ਼ਿਮੀਂਦਾਰਾਂ ਦਾ ਇਕ ਐਸਾ ਯੂਨਿਟ ਹੈ ਜਿਹੜਾ ਪਿੰਡਾਂ ਦੇ ਵਿਚ ਰਹਿੰਦਾ ਹੈ ਅਤੇ ਇਸ ਮੁਲਕ ਦੀ ਖੁਰਾਕ ਦੇ ਮਸਲੇ ਨੂੰ ਹਲ ਕਰਦਾ ਹੈ । ਪਰ ਇਸ ਬਜਟ ਨੂੰ ਵੇਖ ਕੇ ਕੀ ਅਸੀਂ ਕਹਿ ਸਕਦੇ ਹਾਂ ਕਿ ਇਹ ਜ਼ਿਮੀਂਦਾਰ ਦੇ ਫਾਇਦੇ ਦਾ ਬਜਟ ਹੈ ?

ਫੇਰ ਇਨ੍ਹਾਂ ਨੇ ਆਬਿਆਨਾ ਵਧਾਇਆ ਹੈ, ਜਿਸ ਦੇ ਲਈ ਮੈਂ ਕਹਿ ਸਕਦਾ ਹਾਂ ਕਿ ਇਹ ਵੀ ਉਨ੍ਹਾਂ ਦੀ ਇਕ ਗਲਤੀ ਹੈ । ਪਰ ਜੋ ਆਬਿਆਨੇ ਦੀ ਸ਼ਰ੍ਹਾ ਹੈ ਉਹ ਵੀ ਇਨ੍ਹਾਂ ਨੇ ਪੰਜਾਬ ਵਿੱਚ ਦੋਫਾੜ ਦੀ ਪਾਲਿਸੀ ਵਰਤਦੇ ਹੋਏ ਲਗਾਇਆ ਹੈ । ਜੇ ਪੰਜਾਬ ਦੇ ਇਲਾਕੇ ਵਿਚ ਇਹ 2.04 ਹੈ ਤਾਂ ਪਹਿਲੇ ਪੈਪਸੂ ਦੇ ਇਲਾਕੇ ਵਿੱਚ ਇਹ 3.5 ਹੈ । ਇਕ ਤਾਂ ਵਿਚਾਰੇ ਉਹ ਪਹਿਲਾਂ ਹੀ ਪੂਰਾ ਨਹੀਂ ਕਰ ਸਕਦੇ ਫੇਰ ਇਹ ਉਨ੍ਹਾਂ ਲੋਕਾਂ ਤੇ ਡਿਊਢਾ ਕਰਕੇ ਪਾਇਆ ਗਿਆ ਹੈ । (ਸ਼ੇਮ, ਸ਼ੇਮ, ਸ਼ੇਮ) ਕੀ ਇਹ ਪੈਪਸੂ ਦੇ ਲੋਕਾਂ ਨਾਲ ਸੌਤੀਲੀ ਮਾਂ ਵਾਲਾ ਸਲੂਕ ਨਹੀਂ ? ਜਦੋਂ 2.4 ਨਾਲ ਪੂਰੀ ਆਬਪਾਸ਼ੀ ਹੁੰਦੀ ਹੈ ਤਾਂ ਉਸ ਤੇ 3.5 ਦੇ ਹਸਾਬ ਨਾਲ ਵਧ ਅਬਿਆਨਾ ਲਗਾ ਕੇ ਹੋਰ ਬੋਝ ਕਿਉਂ ਪਾਇਆ ਗਿਆ ?

ਫੇਰ ਇਨ੍ਹਾਂ ਨੂੰ ਕੋਈ ਰਿਆਇਤਾਂ ਨਹੀਂ ਦਿੱਤੀਆਂ ਜਾਂਦੀਆਂ । ਖਾਦ ਦੀਆਂ ਕੀਮਤਾਂ, ਜਿਹੜੀ ਚੀਜ਼ ਕਿ ਜ਼ਿਮੀਂਦਾਰ ਦੀ ਨਿੱਤ ਦੀ ਵਰਤੋਂ ਦੀ ਹੈ ਕਿਸ ਤਰ੍ਹਾਂ ਵਧਦੀਆਂ ਜਾਂਦੀਆਂ ਹਨ । ਲੋਕਾਂ ਨੂੰ ਕੋਈ ਰੀਲੀਫ ਦੇਣ ਲਈ ਇਸ ਬਜਟ ਦੇ ਵਿੱਚ ਜ਼ਿਕਰ ਨਹੀਂ ਕੀਤਾ ਗਿਆ, ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਪਾਸੇ ਉਨ੍ਹਾਂ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ।

ਇਸ ਤਰ੍ਹਾਂ ਜਿਹੜੀਆਂ ਫੀਸਾਂ ਵਧਾਈਆਂ ਗਈਆਂ ਹਨ ਇਨ੍ਹਾਂ ਦਾ ਵੀ ਛੋਟੇ ਜ਼ਿਮੀਂਦਾਰਾਂ ਤੇ ਅਸਰ ਪੈਂਦਾ ਹੈ । ਅਮੀਰਾਂ ਦੇ ਬੱਚੇ ਤਾਂ ਪਹਿਲਾਂ ਹੀ ਪਬਲਿਕ ਸਕੂਲਾਂ ਦੇ ਵਿਚ ਪੜ੍ਹਦੇ ਹਨ । ਇਸ ਤਰ੍ਹਾਂ ਬੋਝ ਪਾ ਕੇ ਉਨ੍ਹਾਂ ਦੀ ਨੈਸੈਸਿਟੀ ਦੇ ਵਿੱਚੋਂ ਹੋਰ ਪੈਸੇ ਘਟ ਜਾਣਗੇ ਉਹ ਆਪਣੇ ਬੱਚਿਆਂ ਨੂੰ ਤਾਲੀਮ ਤਕ ਵੀ ਨਹੀਂ ਦੇ ਸਕਣਗੇ ।

ਇਸੇ ਤਰ੍ਹਾਂ ਛੋਟੇ ਮੁਲਾਜ਼ਮਾਂ ਦੇ ਵਲ ਵੀ ਇਸ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਜਿਹੜਾ ਟੈਕਸ 10 ਪੈਸੇ ਰੋਜ਼ ਦੇ ਹਿਸਾਬ ਨਾਲ ਹੈਲਥ ਦੇ ਮਹਿਕਮੇਂ ਰਾਹੀਂ ਲਾਇਆ ਗਿਆ ਇਹ ਵੀ ਉਨ੍ਹਾਂ ਗਰੀਬਾਂ ਤੇ ਪੈਣਾ ਹੈ ਜਿਹੜੇ ਪਹਿਲਾਂ ਹੀ ਨਹੀਂ ਦੇ ਸਕਦੇ । ਅਮੀਰ ਤਾਂ ਪਹਿਲਾਂ ਪਰਾਈਵੇਟਲੀ ਡਾਕਟਰਾਂ ਨੂੰ ਫੀਸਾਂ ਦੇ ਕੇ ਇਲਾਜ ਕਰਵਾ ਲੈਂਦੇ ਹਨ । ਹਸਪਤਾਲ ਤਾਂ ਉਹੀ ਆਉਂਦੇ ਹਨ ਜਿਹੜੇ ਪ੍ਰਾਈਵੇਟ ਡਾਕਟਰਾਂ ਨੂੰ ਫੀਸਾਂ ਨਹੀਂ ਦੇ ਸਕਦੇ, ਹੁਣ ਹਰ ਰੋਜ਼ ਉਨ੍ਹਾਂ ਤੋਂ 10 ਪੈਸੇ ਪਰਚੀ ਬਣਵਾਈ ਦੇ ਲਏ ਜਾਇਆ ਕਰਨਗੇ । ਅਗੇ ਜੇ ਉਸ ਨੂੰ ਦਾਖਲ ਹੋਣਾ ਪਵੇ ਤਾਂ 25 ਪੈਸੇ ਰੋਜ਼ ਦੇ ਹਿਸਾਬ ਨਾਲ ਲਏ ਜਾਣਗੇ । ਇਸ ਤਰ੍ਹਾਂ 25 ਪੈਸੇ ਦੇ ਕੇ ਕਿਸੇ ਵੀ ਪ੍ਰਾਈਵੇਟ ਡਾਕਟਰ ਤੋਂ ਪੱਟੀ ਕਰਵਾਈ ਜਾ ਸਕਦੀ ਹੈ । ਇਹ ਸਰਕਾਰ ਨੇ ਕੋਈ ਅੱਛੀ ਗਲ ਨਹੀਂ ਕੀਤੀ, ਸਰਕਾਰ ਨੂੰ ਏਧਰ ਧਿਆਨ ਦੇਣਾ ਚਾਹੀਦਾ ਹੈ ।

ਏਥੇ ਸਰਦਾਰ ਗੁਰਨਾਮ ਸਿੰਘ ਨੇ ਜਦੋਂ ਉਹ ਫਰੰਟ ਵਜ਼ਾਰਤ ਦੇ ਮੁਖ ਮੰਤਰੀ ਸਨ ਉਨ੍ਹਾਂ ਨੇ ਜ਼ਿਮੀਂਦਾਰਾਂ ਨੂੰ ਵਧੀਆ ਕਿਸਮ ਦਾ ਬੀਜ ਸਪਲਾਈ ਕਰਨ ਵਾਸਤੇ ਇਕ ਦਫਤਰ ਬਣਾਇਆ । ਮੈਂ ਉਨ੍ਹਾਂ ਨੂੰ ਇਹ ਇਤਲਾਹ ਦਿੱਤੀ ਕਿ ਰਾਜਸਥਾਨ ਦਾ ਕੰਡੈਮਡ ਸੀਡ 36 ਕੁਇੰਟਲ ਦੇ ਕਰੀਬ ਸਪਲਾਈ ਕੀਤਾ ਗਿਆ ਅਤੇ ਇਸ ਵਿੱਚ 60,000 ਦਾ ਗਬਨ ਹੋਇਆ । ਇਸ ਦੇ ਮੁਤੱਲਿਕ ਸਰਦਾਰ ਗੁਰਨਾਮ ਸਿੰਘ ਨੂੰ ਇਕ ਰਿਪਰੈਜ਼ੈਂਟੇਸ਼ਨ ਭੇਜੀ । ਪਰ ਉਨ੍ਹਾਂ ਦੇ ਕੰਨ ਤੇ ਜੂੰ ਤਕ ਨਹੀਂ ਰੇਂਗੀ । ਮੈਂ ਇਹ ਗੱਲ ਇਸ ਲਈ ਦੱਸ ਰਿਹਾ ਹਾਂ ਕਿ ਇਸ ਤਰ੍ਹਾਂ ਦਾ ਤਾਂ ਉਹ ਇਨਸਾਫ ਕਰਦੇ ਰਹੇ ਹਨ । ਮੈਂ ਇਕ ਗੱਲ

[ਸਰਦਾਰ ਹਰਬੰਸ ਸਿੰਘ ਸਿੱਧੂ]

ਹੋਰ ਅਰਜ਼ ਕਰਦਾ ਹਾਂ ਕਿ ਮੈਂ ਇਕ ਏ. ਐਸ. ਆਈ. ਦੇ ਖਿਲਾਫ ਇਕ ਚਿਠੀ ਲਿਖੀ ਅਤੇ ਸਾਰੀ ਪੋਜ਼ੀਸ਼ਨ ਕਲੀਅਰ ਕਰਨ ਲਈ ਇਨ੍ਹਾਂ ਨੂੰ ਮਿਲਣ ਲਈ ਟਾਈਮ ਮੰਗਿਆ ਪਰ ਅਜ ਤਾਈਂ ਮੈਨੂੰ ਕੋਈ ਜਵਾਬ ਨਹੀਂ ਆਇਆ । ਮੈਂ ਇਸ ਦੇ ਨਾਲ ਹੀ ਇਕ ਹੋਰ ਗੱਲ ਅਰਜ਼ ਕਰ ਦਿਆ ਕਿ ਮੇਰੇ ਹਲਕੇ ਵਿੱਚ ਇਕ ਮੁੰਡਾ ਗੁੰਮ ਹੋ ਗਿਆ, ਅਸੀਂ ਉਨ੍ਹਾਂ ਨੂੰ ਸਾਰੇ ਵਾਕੇ ਦੀ ਤਾਰ ਭੇਜੀ, ਅਤੇ ਇੰਟਰਵੀਊ ਮੰਗੀ ਕਿ ਸਾਰੀ ਪੁਜ਼ੀਸ਼ਨ ਕਲੀਅਰ ਕਰਨ ਲਈ ਸਾਨੂੰ ਇੰਟਰਵੀਊ ਦਿਤਾ ਜਾਵੇ ਇਸ ਬਾਰ ਇਕ ਰੈਜ਼ੋਲਿਊਸ਼ਨ ਬਣਾ ਕੇ ਭੇਜਿਆ ਅਤੇ ਇੰਟਰਵੀਊ ਮੰਗਿਆ, ਪਰ ਉਸ ਦਾ ਜਵਾਬ ਸਾਨੂੰ ਇਹ ਮਿਲਦਾ ਹੈ, ਇਹ 22 ਤਰੀਖ ਦੀ ਚਿੱਠੀ ਲਿਖੀ ਹੋਈ ਹੈ ਅਤੇ ਉਸ ਤੇ ਇਹ ਲਿਖਿਆ ਕਿ ਮੈਨੂੰ 12 ਤਾਰੀਖ ਨੂੰ ਰਾਮਪੁਰਾ ਫੂਲ ਆ ਕੇ ਮਿਲੋ । ਇਹ ਚਿਠੀ ਹੁਣ ਵੀ ਵਿਖਾਈ ਜਾ ਸਕਦੀ ਹੈ ।

ਉਹ ਚਿੱਠੀ ਬਠਿੰਡੇ ਦੀ ਬਾਰ–ਐਸੋਸੀਏਸ਼ਨ ਕੋਲ ਪਈ ਹੈ । ਇਤਨੀ ਦੇਰ ਇਨ੍ਹਾਂ ਦੇ ਆਪਣੇ ਵਕਤ ਵਿੱਚ ਹੁੰਦੀ ਰਹੀ ਹੈ । ਮੈਨੂੰ ਇਕ ਪੁਰਾਣੀ ਗੱਲ ਇਕ ਮਹਾਰਾਜੇ ਦੀ ਯਾਦ ਆਈ ਹੈ । ਜੰਗਲ ਨੂੰ ਅੱਗ ਲਗੀ ਤਾਂ ਮਹਾਰਾਜੇ ਕੋਲ 1904 ਵਿੱਚ ਰਿਪੋਰਟ ਕੀਤੀ ਗਈ । ਤਾਂ ਮਹਾਰਾਜੇ ਨੇ 1912 ਵਿੱਚ ਇਹ ਆਰਡਰ ਕੀਤੇ ਕਿ ਫਾਇਰ ਬ੍ਰੀਗੇਡ ਭੇਜ ਦਿਤਾ ਜਾਵੇ । 8 ਸਾਲਾਂ ਬਾਅਦ ਫਾਇਰ ਬ੍ਰੀਗੇਡ ਭੇਜਣ ਦੇ ਆਰਡਰ ਕੀਤੇ ਗਏ । ਇਹ ਪੁਰਾਣੇ ਮਹਾਰਾਜਿਆਂ ਦੀਆਂ ਗੱਲਾਂ ਹਨ । ਜੱਜ ਸਾਹਿਬ ਵੀ ਕਿਉਂਕਿ ਪੁਰਾਣੇ ਸਮਿਆਂ ਦੇ ਹਨ । ਇਸ ਲਈ ਉਨ੍ਹਾਂ ਨੇ ਵੀ ਉਹੀ ਗੱਲ ਕੀਤੀ ਹੈ । ਉਹ ਸਾਬਕ ਜੱਜ ਵੀ ਰਹੇ ਹਨ । ਸ਼ਾਇਦ ਇਸ ਲਈ ਇਤਨੀ ਦੇਰ ਕੀਤੀ ਹੈ । (ਹਾਸਾ) (ਸ਼ੋਰ) ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਆਪਣੇ ਬਜਟ ਵਿੱਚ ਸੜਕਾਂ ਦਾ ਸਿਲਸਿਲਾ ਬਣਾਣ ਦੀ ਗੱਲ ਕੀਤੀ ਹੈ । ਪਰ ਇਸ ਵਿੱਚ ਸਕੂਲਾਂ ਦਾ ਕੋਈ ਜ਼ਿਕਰ ਨਹੀਂ ਆਇਆ । ਸਗੋਂ ਤਾਲੀਮ ਤੇ ਟੈਕਸ ਲਾ ਕੇ ਗਰੀਬਾਂ ਤੇ ਹੋਰ ਬੋਝ ਪਾਇਆ ਗਿਆ ਹੈ । ਉਨ੍ਹਾਂ ਨੂੰ ਪਛਾੜਨ ਦੀ ਕੋਸ਼ਿਸ਼ ਕੀਤੀ ਗਈ ਹੈ । ਇਹ ਚੰਗੀ ਗੱਲ ਨਹੀਂ । ਤਾਲੀਮ ਲੈਣ ਲਈ ਤਾਂ ਅੱਗੇ ਹੀ ਲੋਕ ਬੜੇ ਔਖੇ ਹਨ । ਜਦੋਂ ਤਕ ਕਿਸੇ ਮੁਲਕ ਦੀ ਤਾਲੀਮ ਉੱਨਤੀ ਨਹੀਂ ਕਰਦੀ ਉਹ ਮੁਲਕ ਤਰੱਕੀ ਨਹੀਂ ਕਰ ਸਕਦਾ ।

ਆਵਾਜ਼ਾਂ : ਇਥੇ ਤਰੱਕੀ ਦੀ ਲੋੜ ਹੀ ਕਿਸ ਨੂੰ ਹੈ ?

ਸਰਦਾਰ ਹਰਬੰਸ ਸਿੰਘ ਸਿਧੂ : ਇਹ ਗੱਲ ਕਹਿੰਦਾ ਹੋਇਆ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿਉਂਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ।

ਸਰਦਾਰ ਗੁਰਮੀਤ ਸਿੰਘ 'ਮੀਤ' (ਮਲੋਟ) : ਡਿਪਟੀ ਸਪੀਕਰ ਸਾਹਿਬ, ਅੱਜ ਬਹੁਤ ਸਾਰੇ ਆਨਰੇਬਲ ਮੈਂਬਰਾਂ ਨੇ ਬਜਟ ਬਾਰੇ ਆਪਣੇ ਵਿਚਾਰ ਹਾਊਸ ਵਿੱਚ ਰਖੇ ਹਨ । ਮੈਂ ਵੀ ਆਪਣੇ ਵਿਚਾਰ ਹਾਊਸ ਸਾਹਮਣੇ ਰਖਣਾ ਚਾਹੁੰਦਾ ਹਾਂ । (ਵਿਘਨ)

(ਇਸ ਵੇਲ ਸਰਕਾਰੀ ਬੈਂਚਾਂ ਤੇ ਥੰਪਿੰਗ ਹੋਣੀ ਸ਼ੁਰੂ ਹੋਈ)

ਟਰਾਂਸਪੋਰਟ ਮੰਤਰੀ (ਸਰਦਾਰ ਪਰਕਾਸ਼ ਸਿੰਘ ਮਜੀਠਾ) : ਇਹ ਵੀ ਕਾਂਗਰਸ ਦੇ ਮੈਂਬਰ ਹਨ ਇਨ੍ਹਾਂ ਦੀ ਵਾਰੀ ਜ਼ਰੂਰ ਮੇਜ਼ ਵਜਾਉ ।(ਹਾਸਾ)

ਸਰਦਾਰ ਗੁਰਮੀਤ ਸਿੰਘ ਮੀਤ : ਤੁਸੀਂ ਤਾਂ ਤਬਲਚੀ ਹੋ । ਹੁਣੇ ਉਧਰੋਂ ਕੋਈ ਹੋਰ ਬੋਲਣ ਵਾਸਤੇ ਉਠਿਆ ਤਾਂ ਵੀ ਤੁਸੀਂ ਮੇਜ਼ ਵਜਾਣੇ ਹਨ । ਤੁਹਾਡਾ ਤਾਂ ਕੰਮ ਹੀ ਇਹੋ ਹੈ । (ਸ਼ੋਰ)

ਟਰਾਂਸਪੋਰਟ ਮੰਤਰੀ : ਤੁਸੀਂ ਵੀ ਤਾਂ ਇਸੇ ਹੀ ਖਾਨਦਾਨ ਦੇ ਹੋ । (ਸ਼ੋਰ)

ਸਰਦਾਰ ਗੁਰਮੀਤ ਸਿੰਘ 'ਮੀਤ' : ਤੁਸੀਂ ਵੀ ਇਧਰੋਂ ਹੀ ਗਏ ਹੋ । (ਸ਼ੋਰ) ਡਿਪਟੀ ਸਪੀਕਰ ਸਹਿਬ, ਇਹ ਜਿਹੜਾ ਬਜਟ ਜਨਤਾ ਤੇ ਟੈਕਸ ਲਾਉਣ ਲਈ ਜਨਤਾ ਪਾਰਟੀ ਵਲੋਂ ਆਇਆ ਹੈ, ਇਸ ਦੀ ਕਾਂਗਰਸ ਪਾਰਟੀ ਵਲੋਂ ਵੀ ਜੋ ਕਿ ਇਸ ਗੌਰਮਿੰਟ ਨੂੰ ਸਪੋਰਟ ਕਰ ਰਹੀ ਹੈ, ਪ੍ਰਸ਼ੰਸਾ ਨਹੀਂ ਕੀਤੀ ਗਈ। ਇਥੇ ਸਰਦਾਰ ਮਹਿੰਦਰ ਸਿੰਘ ਗਿੱਲ ਨੇ ਕਿਹਾ ਸੀ ਕਿ ਇਹ ਬਜਟ ਵਾਹੀਕਾਰ ਦਲ ਦੇ ਡਿਕਟੇਟਰ ਵਲੋਂ ਬਣਾਇਆ ਗਿਆ, ਇਹ ਡਿਕਟੇਟਰਾਂ ਵਾਲਾ ਬਜਟ ਹੈ । ਪਿਛਲੇ 15-20 ਸਾਲਾਂ ਦੇ ਬਜਟ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਪਿੱਛੇ ਕਿਸੇ ਵੀ ਸਾਲ ਇਤਨੀ ਰਕਮ ਦੇ ਇਤਨੇ ਅਮਾਊਂਟ ਦੇ ਟੈਕਸ ਜਨਤਾ ਤੇ ਨਹੀਂ ਲੱਗੇ । ਇਹ ਟੈਕਸਾਂ ਦਾ ਸਾਰਾ ਬੋਝ ਕਿਸਾਨਾਂ ਤੇ, ਰੂਰਲ ਏਰੀਏ ਦੇ ਗਰੀਬਾਂ ਤੇ ਪਾਇਆ ਹੈ । ਇਸ ਗੱਲ ਦੀ ਕਿਸੇ ਨੇ ਵੀ ਪ੍ਰਸ਼ੰਸਾ ਨਹੀਂ ਕੀਤੀ ।

ਸ਼ਾਇਦ ਮੱਕੜ ਸਾਹਿਬ, ਗੁਪਤਾ ਸਾਹਿਬ ਨੇ ਅਤੇ ਮਹੰਤ ਸਾਹਿਬ ਨੇ ਡਾਕਟਰ ਸਾਹਿਬ ਨੂੰ ਝਰਾ ਦਿੱਤਾ ਹੈ। ਇਨ੍ਹਾਂ ਟੈਕਸਾਂ ਨਾਲ ਪੰਜਾਬ ਵਿੱਚ ਹਾਹਾਕਾਰ ਮਚੀ ਹੋਈ ਹੈ । ਇਨ੍ਹਾਂ ਨੇ ਜੋ ਟੈਕਸ ਪ੍ਰੋਪੋਜ਼ਲਜ਼ ਕੀਤੀਆਂ ਹਨ, ਉਨ੍ਹਾਂ ਨਾਲ ਪੰਜਾਬ ਦੇ ਲੋਕਾਂ ਨੂੰ ਧੱਕਾ ਲਗਾ ਹੈ । ਇਨ੍ਹਾਂ ਦੇ ਨਾਲ ਇਨ੍ਹਾਂ ਦੇ ਦੋਸਤਾਂ ਨੇ ਇਹ ਕੀਤਾ ਹੈ ਕਿ "ਚੜ੍ਹ ਜਾ ਬੱਚਾ ਸੂਲੀ ਰਾਮ ਭਲੀ ਕਰੇਗਾ।" ਇਹ ਟੈਕਸ ਲਾ ਕੇ ਇਨ੍ਹਾਂ ਨੇ ਪਬਲਿਕ ਨਾਲ ਦੁਸ਼ਮਨੀ ਕੀਤੀ ਹੈ । ਇਥੇ ਮੈਨੂੰ ਇਕ ਕਹਾਣੀ ਯਾਦ ਆ ਗਈ ਹੈ । ਇਕ ਬਾਦਸ਼ਾਹ ਹਰ ਮਰਨ ਵਾਲੇ ਦਾ ਇਕ ਰੁਪਿਆ ਟੈਕਸ ਲੈਂਦਾ ਸੀ। ਇਸ ਨਾਲ ਉਸ ਦੀ ਬਦਨਾਮੀ ਹੋਈ । ਜਦ ਉਹ ਮਰ ਗਿਆ ਤਾਂ ਉਸ ਦੇ ਲੜਕੇ ਨੇ ਨਜੂਮੀਆਂ ਨੂੰ ਕਿਹਾ ਕਿ ਕੋਈ ਤਰੀਕਾ ਦੱਸੋ । ਜਿਸ ਨਾਲ ਮੈਂ ਆਪਣੇ ਪਿਤਾ ਨੂੰ ਬਦਨਾਮੀ ਤੋਂ ਬਚਾ ਦਿਆਂ । ਨਜੂਮੀਆਂ ਨੇ ਸੋਚ ਕੇ ਉਤਰ ਦਿੱਤਾ ਕਿ ਤੂੰ ਹਰ ਇਕ ਮਰਨ ਵਾਲੇ ਦੇ 2 ਰੁਪਏ ਟੈਕਸ ਲੈ । ਉਸ ਲੜਕੇ ਨੇ ਉਸ ਤਰ੍ਹਾਂ ਹੀ ਕੀਤਾ । ਤਾਂ ਲੋਕ ਕਹਿਣ ਲੱਗੇ ਕਿ ਇਸ ਨਾਲੋਂ ਤਾਂ ਇਸ ਦਾ ਪਿਤਾ ਹੀ ਚੰਗਾ ਸੀ ਜਿਹੜਾ ਇਕ ਰੁਪਿਆ ਲੈਂਦਾ ਸੀ । ਇਸ ਤਰ੍ਹਾਂ ਉਸ ਨੇ ਆਪਣੇ ਪਿਤਾ ਦੀ ਬਦਨਾਮੀ ਨੂੰ ਦੂਰ ਕੀਤਾ । (ਹਾਸਾ)

(ਇਸ ਵੇਲੇ ਸਰਦਾਰ ਗੁਰਨਾਮ ਸਿੰਘ ਸਰਦਾਰ ਗੁਰਮੀਤ ਸਿਘ ਜੀ ਅਗਲੀ ਸੀਟ ਤੇ ਆ ਗਏ)

ਸਰਦਾਰ ਸਰਦਾਰਾ ਸਿੰਘ ਕੋਹਲੀ (ਉਪ-ਮੰਤਰੀ): ਆਨ ਏ ਪੁਆਇਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਜਦ ਇਕ ਬੋਲ ਰਹੇ ਮੈਂਬਰ ਦੇ ਅੱਗੋਂ ਲੰਘਿਆ ਸਾਂ ਤਾਂ ਚੇਅਰਮੈਨ ਸਾਹਿਬ ਨੇ ਮੈਨੂੰ ਟੋਕ ਦਿੱਤਾ ਸੀ। ਹੁਣ ਤੁਸੀਂ ਇਨ੍ਹਾਂ ਪੜ੍ਹਿਆਂ ਲਿਖਿਆਂ ਦਾ ਹਾਲ ਦੇਖ ਲਉ : ਅਸੀਂ ਤਾਂ ਅਨਪੜ੍ਹ ਹਾਂ, ਇਨ੍ਹਾਂ ਪੜ੍ਹਿਆ ਲਿਖਿਆ ਦਾ ਹਾਲ ਦੇਖੋ । (ਹਾਸਾ) (ਸ਼ੋਰ)

ਸ੍ਰੀ ਸਤਪਾਲ ਡਾਂਗ : ਅੱਜ ਕਲ ਤਾਂ ਪੜ੍ਹਿਆਂ ਨਾਲੋਂ ਅਨਪੜ੍ਹ ਚੰਗੇ ਹੁੰਦੇ ਹਨ, ਤਾਂ ਹੀ ਮਨਿਸਟਰ ਬਣ ਜਾਂਦੇ ਹਨ । (ਹਾਸਾ) (ਸ਼ੋਰ)

ਸਰਦਾਰ ਗੁਰਮੀਤ ਸਿੰਘ 'ਮੀਤ' : ਫਿਰ ਡਿਪਟੀ ਸਪੀਕਰ ਸਾਹਿਬ, ਕਈ ਦੋਸਤਾਂ ਨੇ ਪਿਛਲੀ ਯੂਨਾਈਟਿਡ ਫਰੰਟ ਗੌਰਮਿੰਟ ਤੇ ਨੁਕਤਾਚੀਨੀ ਕੀਤੀ ਹੈ । ਮੈਂ ਉਨ੍ਹਾਂ ਨੂੰ ਇਹ ਯਾਦ ਦਿਲਾਉਣਾ ਚਾਹੁੰਦਾ ਹਾਂ ਕਿ ਫਰੰਟ ਗੌਰਮਿੰਟ ਨੇ ਕਿਸਾਨਾਂ ਨੂੰ ਕਿਤਨਾ ਰੀਲੀਫ ਦਿਤਾ । ਉਨ੍ਹਾਂ ਨੇ 5 ਏਕੜ ਤਕ ਮਾਲੀਆ ਮਾਫ ਕਰ ਦਿੱਤਾ। ਅਤੇ ਕਰੋੜਾਂ ਰੁਪਏ ਦਾ ਬੈਟਰਮੈਂਟ ਲੈਵੀ ਟੈਕਸ ਮਾਫ ਕੀਤਾ। ਜਿਸ ਵਾਸਤੇ ਕਿ ਇਕ ਬੜੀ ਵੱਡੀ ਮੂਵਮੈਂਟ ਚਲੀ ਸੀ ਕਿਉਂਕਿ ਫਰੰਟ ਸਰਕਾਰ ਇਹ ਸਮਝਦੀ ਸੀ ਕਿ

[ਸਰਦਾਰ ਗੁਰਮੀਤ ਸਿੰਘ 'ਮੀਤ']

ਨਹਿਰ ਦਾ ਪਾਣੀ ਦੇਣ ਦਾ ਇੰਤਜ਼ਾਮ ਕਰਨਾ ਸਰਕਾਰ ਦਾ ਫਰਜ਼ ਸੀ । ਹਾਲਾਂਕਿ ਇਹ ਕਾਨੂੰਨ ਬਣ ਚੁਕਾ ਸੀ ਕਿ ਉਨ੍ਹਾਂ ਦੀ ਵੈਲਫੇਅਰ ਵਾਸਤੇ ਜਿਤਨਾ ਖਰਚ ਆਵੇਗਾ ਉਸ ਦਾ ਅੱਧ ਕਿਸਾਨਾਂ ਕੋਲੋਂ ਲਿਆ ਜਾਵੇਗਾ ਪਰ ਫਰੰਟ ਸਰਕਾਰ ਨੇ ਉਹ ਬੈਟਰਮੈਂਟ ਲੇਵੀ ਵੀ ਕਰੋੜਾਂ ਰੁਪਏ ਦੀ ਮਾਫ ਕਰ ਦਿਤੀ ।

ਫਿਰ ਉਨ੍ਹਾਂ ਨੇ ਦਿਹਾਤੀ ਤੇ ਸ਼ਹਿਰੀ ਏਰੀਆ ਵਿਚ ਫਰਕ ਮਿਟਾਇਆ, ਭਾਵੇਂ ਉਹ ਫਰਕ ਚੀਨੀ ਦੀ ਵੰਡ ਵਿੱਚ ਸੀ ਜਾਂ ਕਿਸੇ ਹੋਰ ਚੀਜ਼ ਵਿੱਚ । ਫਿਰ ਆਮ ਲੋਕਾਂ ਨੂੰ ਰੀਲੀਫ਼ ਦਿਤਾ । ਮੁਲਾਜ਼ਮਾਂ ਦੀਆਂ ਤਨਖਾਹਾਂ ਵਧਾਈਆਂ । ਮਜ਼ਦੂਰਾ ਦੀ ਹਾਲਤ ਚੰਗੀ ਕੀਤੀ । ਲੋਕਾਂ ਨੂੰ ਸਸਤਾ ਅਨਾਜ ਦਿੱਤਾ । ਕੀਮਤਾਂ ਨੂੰ ਇਕ ਪੱਧਰ ਤੇ ਕਾਇਮ ਰੱਖਿਆ । ਅੱਜ ਇਹ ਕਹਿੰਦੇ ਹਨ ਕਿ ਅਸੀਂ ਅਨਾਜ ਦੀ ਕੀਮਤ 100 ਰੁਪਏ ਕੁਵਿੰਟਲ ਕਰ ਦੇਣੀ ਹੈ । ਕਿਸਾਨਾਂ ਤੇ 7 ਰੁਪਏ ਕਵਿੰਟਲ ਕੀਮਤ ਵਧਾ ਕੇ ਇਹ ਅਹਿਸਾਨ ਕਰ ਰਹੇ ਹਨ, ਪਰ ਨਾਲ ਹੀ ਇਨ੍ਹਾਂ ਨੇ ਆਬਿਆਨਾ 50 ਪਰਸੈਂਟ ਵਧਾ ਦਿੱਤਾ ਹੈ, ਮਾਰਕਿਟ ਕਮੇਟੀਆਂ ਦੀ ਫੀਸ ਵਧਾ ਦਿੱਤੀ ਹੈ । ਇਹ ਇਨ੍ਹਾਂ ਨੇ ਉਨ੍ਹਾਂ ਕਿਸਾਨਾਂ ਤੇ ਅਹਿਸਾਨ ਕੀਤਾ ਹੈ । ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਇਹ ਹਾਲ ਨਾ ਕਰੋ ਕਿ ਉਠਦੀ ਹੋਈ ਕਮਰ ਤੇ ਇਤਨਾ ਭਾਰ ਪਾ ਦਿਉ ਕਿ ਉਹ ਹਾਲਤ ਪੁਜ ਜਾਵੇ ਕਿ ਜੇ ਇਕ ਤਿਨਕਾ ਵੀ ਵਧ ਕਰੋ ਤਾਂ ਕਮਰ ਹੀ ਟੁੱਟ ਜਾਵੇ । ਪੰਜਾਬ ਦੇ ਕਿਸਾਨ ਨੂੰ ਇੰਸੈਂਟਿਵ ਅਤੇ ਉਤਸ਼ਾਹ ਫਰੰਟ ਗੌਰਮਿੰਟ ਨੇ ਦਿੱਤਾ ਸੀ, ਉਹ ਤੁਹਾਨੂੰ ਵੀ ਦੇਣਾ ਚਾਹੀਦਾ ਸੀ । ਤੁਹਾਨੂੰ ਉਨ੍ਹਾਂ ਨੂੰ ਖਾਦ ਦੇਣੀ ਚਾਹੀਦੀ ਸੀ, ਚੰਗਾ ਬੀਜ ਦੇਣਾ ਚਾਹੀਦਾ ਸੀ । ਉਨ੍ਹਾਂ ਨੂੰ ਇਸ ਵੇਲੇ ਖਾਦ ਅਤੇ ਬੀਜ ਦੀ ਸਖ਼ਤ ਲੋੜ ਹੈ । ਉਨ੍ਹਾਂ ਨੂੰ ਹੋਰ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ ।

ਫਿਰ ਪੰਜਾਬ ਵਿੱਚ ਟਰੈਕਟਰਾਂ ਦੀ ਫੈਕਟਰੀ ਬਾਰੇ ਇਕ ਤਜਵੀਜ਼ ਵਿਚਾਰ ਅਧੀਨ ਸੀ । ਪੰਜਾਬ ਵਿੱਚ ਟ੍ਰੈਕਟਰਾਂ ਦਾ ਇਕ ਕਾਰਖਾਨਾ ਲਾਉਣ ਦੀ ਗੱਲ ਫਰੰਟ ਸਰਕਾਰ ਕਰ ਰਹੀ ਸੀ । ਇਨ੍ਹਾਂ ਨੇ ਕਿਹਾ ਹੈ ਕਿ ਉਸ ਉੱਤੇ ਵਿਚਾਰ ਹੋ ਰਿਹਾ ਹੈ, ਉਹ ਅੰਡਰ ਕੰਸਿਡਰੇਸ਼ਨ ਹੈ । ਮੈਂ ਅਰਜ਼ ਕਰਾਂ ਕਿ ਹਿੰਦੁਸਤਾਨ ਵਿੱਚ 1,522 ਟੱਬਰਾਂ ਪਿੱਛੇ ਇਕ ਟ੍ਰੈਕਟਰ ਹੈ । ਚੀਨ ਵਿੱਚ 1,562 ਹੈਕਟਰਾਂ ਪਿੱਛੇ ਇਕ ਟ੍ਰੈਕਟਰ ਹੈ । ਭਾਰਤ ਵਿੱਚ 1,522 ਟੱਬਰਾਂ ਪਿੱਛੇ ਇਕ ਹੈ । ਯਾਨੀ ਭਾਰਤ ਵਿੱਚ 4,685 ਹੈਕਟਰਾਂ ਪਿੱਛੇ ਇਕ ਟੈਕਟਰ ਹੈ । ਜਾਪਾਨ ਵਿੱਚ 480 ਹੈਕਟਰਾਂ ਪਿਛੇ । ਹੁਣ ਲੋੜ ਹੈ ਕਿਸਾਨ ਨੂੰ ਉਤਸ਼ਾਹ ਦੇਣ ਲਈ ਉਸ ਦੀ ਇਕਾਨੋਮੀ ਨੂੰ ਠੀਕ ਕਰਨ ਲਈ ਇਸ ਪਾਸੇ ਧਿਆਨ ਦਿੱਤਾ ਜਾਵੇ । ਕਿਸਾਨ ਪੈਸੇ ਲੈਕੇ ਟ੍ਰੈਕਟਰ ਖਰੀਦਣ ਜਾਂਦਾ ਹੈ । ਜਲੰਧਰ ਵਿਚ ਦੇਖਿਆ ਹੈ ਕਿ ਲਾਟਰੀ ਵੇਲੇ ਕਿਤਨੀ ਭੀੜ ਹੁੰਦੀ ਹੈ । ਨਵੀਂ ਫਸਲ ਆਉਂਦੀ ਹੈ ਤਾਂ ਕਿਸਾਨ ਪੈਸੇ ਜੇਬ ਵਿੱਚ ਪਾ ਕੇ ਜੋ ਟ੍ਰੈਕਟਰ ਖਰੀਦਣ ਜਾਂਦਾ ਹੈ ਤਾਂ ਉਸ ਨੂੰ ਟ੍ਰੈਕਟਰ ਨਹੀਂ ਮਿਲਦਾ । ਉਹ ਛਿੜਕਣ ਵਾਲੀ ਦਵਾਈ ਲਣੀ ਚਾਹੁੰਦਾ ਹੈ ਤਾਂ ਉਸ ਨੂੰ ਦਵਾਈ ਨਹੀਂ ਮਿਲਦੀ । ਉਸ ਨੂੰ ਇਹ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ । ਮੈਂ ਸੁਝਾਉ ਦੇਣਾ ਚਾਹੁੰਦਾ ਹਾਂ ਕਿ ਇਧਰ ਧਿਆਨ ਦਿੱਤਾ ਜਾਵੇ । ਪਰ ਇਨ੍ਹਾਂ ਨੇ ਉਨ੍ਹਾਂ ਗਰੀਬਾਂ ਤੇ ਹੋਰ ਟੈਕਸੇਸ਼ਨ ਦੀ ਤਲਵਾਰ ਲਟਕਾ ਦਿੱਤੀ ਹੈ । ਉਨ੍ਹਾਂ ਤੇ ਹੋਰ ਬੋਝ ਪਾਉਣ ਦਾ ਯਤਨ ਕੀਤਾ ਹੈ । ਮੈਂ ਆਪਣੇ ਦੋਸਤਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਹਾਨੂੰ ਵੀ ਸਰਕਾਰ ਤੇ ਜ਼ੋਰ ਪਾਉਣਾ ਚਾਹੀਦਾ ਹੈ ਕਿ ਉਹ ਆਬਿਆਨੇ ਦੇ ਵਾਧੇ ਨੂੰ ਤੇ ਹੋਰ ਟੈਕਸਾਂ ਨੂੰ, ਜਿਨ੍ਹਾਂ ਦਾ ਅਸਰ ਗਰੀਬਾਂ ਤੇ ਪੈਂਦਾ ਹੈ, ਉਹ ਵਾਪਸ ਲੈ ਲਵੇ ਅਤੇ ਕਿਸਾਨਾਂ ਵਾਸਤੇ ਹੋਰ ਸਹੂਲਤਾਂ ਦਾ ਪ੍ਰਬੰਧ ਕਰੇ । ਨੰਗਲ ਫੈਕਟਰੀ ਵਿਚ ਖਾਦ ਬਣਦੀ ਹੈ । ਅਗਲੇ ਸਾਲ ਪੰਜਾਬ ਨੂੰ 12 ਲਖ ਟਨ ਖਾਦ ਦੀ ਲੋੜ ਹੈ ਉਸ ਦਾ ਪ੍ਰਬੰਧ ਕੀਤਾ ਜਾਵੇ । ਇਤਨਾ ਹੀ ਨਹੀਂ, ਸਪਰ ਵਾਸਤੇ ਦਵਾਈਆਂ ਵੀ ਕਿਸਾਨ ਨੂੰ ਨਹੀਂ ਮਿਲਦੀਆਂ, ਉਹ ਵੀ ਕਿਸਾਨ ਨੂੰ ਮਿਲਣੀਆਂ ਚਾਹੀਦੀਆਂ ਹਨ ।

ਫਿਰ ਇਨ੍ਹਾਂ ਨੇ ਟੈਕਸ ਪ੍ਰੋਪੋਜ਼ਲਾਂ ਵਿੱਚ ਪਾਣੀ ਤੇ ਵੀ ਟੈਕਸ ਲਾਇਆ ਹੈ । ਪੰਜਾਬ ਵਿੱਚ 7 ਪਰਸੈਂਟ ਜ਼ਮੀਨ ਨੂੰ ਪਾਣੀ ਮਿਲਦਾ ਹੈ । ਨਹਿਰਾਂ ਦਾ ਪਾਣੀ ਉਨ੍ਹਾਂ ਨੂੰ ਭਾਵੇਂ ਇਕ ਵਾਰ ਮਿਲੇ ਭਾਵੇਂ ਦੋ ਵਾਰ ਮਿਲੇ ਭਾਵੇਂ 6 ਵਾਰ ਮਿਲੇ ਉਨ੍ਹਾਂ ਤੋਂ ਪੈਸੇ ਪੂਰੇ ਲੈ ਲਏ ਜਾਂਦੇ ਹਨ । ਇਸ ਬਾਰੇ ਵੀ ਕੋਈ ਸੈਟਿਸ-ਫੈਕਟਰੀ ਹੱਲ ਲੱਭਣਾ ਚਾਹੀਦਾ ਹੈ ।

ਮੀਟਰ ਸਿਸਟਮ ਦੇ ਮੁਤੱਅਲਿਕ ਮੈਂ ਅਰਜ਼ ਕਰਾਂ ਕਿ ਜੋ ਕਿਸਾਨ ਵਧ ਪਾਣੀ ਲਵੇ ਉਸ ਨੂੰ ਵਧ ਟੈਕਸ ਲਗਣਾ ਚਾਹੀਦਾ ਹੈ ਅਤੇ ਜੋ ਘੱਟ ਪਾਣੀ ਲਵੇ ਉਸ ਤੇ ਘੱਟ ਟੈਕਸ ਲਗਣਾ ਚਾਹੀਦਾ ਹੈ। ਸ਼ਹਿਰ ਦੇ ਪਾਣੀ ਦੇ ਨਲਕਿਆਂ ਦੇ ਮੀਟਰ ਵਾਂਗੂ ਜੋ ਘੱਟ ਪਾਣੀ ਵਰਤਦਾ ਹੈ ਉਹਨੂੰ ਘਟ ਬਿਲ ਦੇਣਾ ਪੈਂਦਾ ਹੈ । ਇਸ ਤਰ੍ਹਾਂ ਹੀ ਕਿਸਾਨ ਜੋ ਇਕ ਫਸਲ ਨੂੰ ਪਾਣੀ ਲਾਵੇ ਉਸਨੂੰ ਚਾਰ ਫਸਲਾਂ ਨੂੰ ਲਾਉਣ ਵਾਲੇ ਕਿਸਾਨ ਤੋਂ ਘੱਟ ਟੈਕਸ ਦੇਣਾ ਚਾਹੀਦਾ ਹੈ । ਇਹ ਸਟੇਟਿਸਟਿਕਸ ਬਿਲਕੁਲ ਗਲਤ ਦਿਖਾਏ ਹੈਨ ਕਿ ਯੂ. ਪੀ. ਵਿੱਚ 100 ਪਰਸੈਂਟ ਵਧ ਹੈ ਅਤੇ ਰਾਜਸਥਾਨ ਵਿੱਚ 50 ਪਰਸੈਂਟ ਵਧ ਹੈ । ਇਹ ਬਿਲਕੁੱਲ ਗਲਤ ਹੈ ।

ਜਦੋਂ ਸਰਦਾਰ ਦਰਬਾਰਾ ਸਿੰਘ ਇਰੀਗੇਸ਼ਨ ਮਨਿਸਟਰ ਸਨ ਉਦੋਂ ਪਲੈਨਿੰਗ ਕਮਿਸ਼ਨ ਨੇ ਕਿਹਾ ਕਿ ਆਬਿਆਨਾ ਵਧਾਉਣਾ ਚਾਹੀਦਾ ਹੈ । ਉਦੋਂ ਵੀ ਕਈ ਸਟੇਟਾਂ ਵਿੱਚ ਜਿਵੇਂ ਕਿ ਕੇਰਲ ਵਿੱਚ, ਮਦਰਾਸ ਵਿੱਚ ਕਈ ਫਸਲਾਂ ਤੇ ਆਬਿਆਨਾ ਜ਼ਿਆਦਾ ਸੀ । ਪਰ ਉਦੋਂ ਵੀ ਇਹ ਫੈਸਲਾ ਹੋਇਆ ਕਿ ਕਿਸਾਨਾਂ ਤੇ ਆਬਿਆਨਾ ਵਧਾਉਣਾ ਠੀਕ ਨਹੀਂ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਇਹ ਜੋ $1\frac{1}{2}$ ਕਰੋੜ ਰੁਪਏ ਦਾ ਆਬਿਆਨੇ ਦਾ ਟੈਕਸ ਕਿਸਾਨ ਤੇ ਲਾਇਆ ਗਿਆ ਹੈ ਇਸ ਨੂੰ ਵਾਪਸ ਲੈਣਾ ਚਾਹੀਦਾ ਹੈ । ਦੂਸਰੇ, ਡਿਪਟੀ ਸਪੀਕਰ ਸਾਹਿਬ, ਭਾਖੜੇ ਦੀ ਬਿਜਲੀ ਬਾਰੇ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿਜੋ ਬਿਜਲੀ ਨੰਗਲ ਪੰਜ ਚੋਂ ਤਿੰਨ ਹਿੱਸੇ ਖਰਚ ਹੁੰਦੀ ਹੈ ਉਥੇ ਤਾਂ $1\frac{1}{2}$ ਜਾਂ ਦੋ ਪੈਸੇ ਪਰ ਯੂਨਿਟ ਦੇ ਹਿਸਾਬ ਨਾਲ ਮਿਲਦੀ ਹੈ, ਦਿੱਲੀ ਵਾਸਤੇ ਦੋ ਤੋਂ ਢਾਈ ਪੈਸੇ ਦੇ ਹਿਸਾਬ ਨਾਲ ਤੇ ਪੰਜਾਬ ਵਿੱਚ ਬਾਰਾਂ ਪੈਸੇ ਦੇ ਹਿਸਾਬ ਨਾਲ ਹੈ । ਅੱਜ ਇਸ ਨੂੰ ਦੁਗਨਾ ਕਰਨ ਦਾ ਫੈਸਲਾ ਕੀਤਾ ਹੈ । ਖਾਸ ਤੌਰ ਤੇ ਅੰਬਾਲੇ ਤੇ ਮੁੰਰਿਡੇ ਦੇ ਕਿਸਾਨਾਂ ਤੇ ਇਸ ਤਰ੍ਹਾਂ ਦੇ ਦਰ ਲਾਉਣੇ ਠੀਕ ਨਹੀਂ । ਵਾਹੀਕਾਰਾਂ ਦੇ ਡਿਕਟੇਟਰ ਸਾਹਿਬ ਨੇ ਸੈਕਟਰੀਆਂ ਦਾ ਬਣਿਆ ਹੋਇਆ ਬਜਟ ਪੜ੍ਹ ਦਿੱਤਾ ਏਥੇ ਆ ਕੇ ।

ਜੇ ਲਲੇ ਲੰਗੜਿਆਂ ਤੋਂ ਵੀ 25 ਪੈਸੇ ਲੈਣੇ ਸੀ ਤਾਂ ਹਸਪਤਾਲ ਜਾਣ ਵਾਲਿਆਂ ਦੇ ਕਪੜੇ ਹੀ ਲਾਹ ਲਉ । ਜੇ ਕੰਨ ਵਿੱਚ ਦਵਾਈ ਪੁਆਣੀ ਹੈ ਜਾਂ ਅੱਖ ਵਿੱਚ ਦਵਾਈ ਪੁਆਣੀ ਹੈ ਤਾਂ 25 ਪੈਸੇ ਲੈਣੇ ਹਨ । ਲਾਹਨਤ ਹੈ ਇਸ ਟੈਕਸ ਤੇ । ਹਸਪਤਾਲਾਂ ਤੋਂ ਅਗਲਾ ਟੈਕਸ ਤਾਂ ਫੇਰ ਕਬਰਸਤਾਨ ਤੇ ਟੈਕਸ ਲਾਉਣ ਦਾ ਨੰਬਰ ਆਉਣਾ ਹੈ ।

ਛੇਵੀਂ ਜਮਾਤ ਤੋਂ ਅੱਠਵੀਂ ਜਮਾਤ ਤਕ ਫੀਸ ਲਗਾ ਦਿੱਤੀ ਕਿਉਂਕਿ ਇਨ੍ਹਾਂ ਅਣਪੜ੍ਹਿਆਂ ਚੋਂ ਜੋ ਪੰਜਵੀਂ ਤੋਂ ਵਧ ਪੜ੍ਹਿਆ ਹੋਇਆ ਕੋਈ ਨਹੀਂ, ਇਨ੍ਹਾਂ ਨੂੰ ਇਸ ਗੱਲ ਦਾ ਕੀ ਹੈ ਜੇ ਛੇਵੀ ਤੋਂ ਫੀਸ ਲਗ ਜਾਵੇ । (ਆਪੋਜ਼ੀਸ਼ਨ ਵਲੋਂ ਥੰਪਿੰਗ)

ਸਰਦਾਰ ਪ੍ਰਤਾਪ ਸਿੰਘ ਕੈਰੋਂ ਅੱਠਵੀਂ ਜਮਾਤ ਤਕ ਫੀਸ ਮੁਆਫ ਕਰ ਗਿਆ ਸੀ । ਇਨ੍ਹਾਂ ਨੇ ਜੋ ਫੀਸ ਲਾਉਣ ਦਾ ਫੈਸਲਾ ਕੀਤਾ ਉਹ ਠੀਕ ਨਹੀਂ ।

[ਸਰਦਾਰ ਗੁਰਮੀਤ ਸਿੰਘ 'ਮੀਤ']

ਡਿਪਟੀ ਸਪੀਕਰ ਸਾਹਿਬ, ਕੈਰੋਂ ਸਰਕਾਰ ਵੇਲੇ ਇਹ ਸੋਚਿਆ ਗਿਆ ਸੀ ਕਿ ਕੁਰੂਕਸ਼ੇਤਰ ਦੀ ਯੂਨੀਵਰਸਿਟੀ ਸੰਸਕ੍ਰਿਤ ਦੀ ਤਰੱਕੀ ਲਈ ਬਨਾਉਣੀ ਸੀ ਉਸਦਾ ਖਰਚਾ ਬਰਦਾਸ਼ਤ ਕਰਨ ਲਈ ਕਿਸਾਨਾਂ ਤੇ ਟੈਕਸ ਲਾਇਆ ਗਿਆ ਸੀ। ਪਰ ਅੱਜ ਤਾਂ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਵਲੋਂ ਗਰਾਂਟਾਂ ਆ ਰਹੀਆਂ ਹਨ, ਹੁਣ ਇਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਦੇ ਨਾਂ ਤੇ ਫੇਰ ਵੀ 50 ਫੀ ਸਦੀ ਮਾਲੀਏ ਤੇ ਸਰਚਾਰਜ ਵਧਾਉਣ ਦਾ ਫੈਸਲਾ ਕਰ ਦਿੱਤਾ ਹੈ।

ਰੋਪੜ ਦੇ ਜ਼ਿਲੇ ਵਿਚ ਬਿਜਲੀ ਦੀ ਡਿਊਟੀ ਵਧਾਈ ਜਾਣ ਦਾ ਉਸ ਇਲਾਕੇ ਦੇ ਟਿਊਬ-ਵੈਲਾਂ ਤੇ ਕਾਫੀ ਮਾੜਾ ਅਸਰ ਪਵੇਗਾ।

Mr. Deputy Speaker : The House stands adjourned till 1.30 p.m. to-morrow.

6-30 p.m. (*The Sabha then adjourned till* 1-30 *p.m. on Wednesday, the 6th March*, 1968.)

697——17.7.68—306 Cepies—Pb., Govt. Press, Patiala

PUNJAB VIDHAN SABHA

DEBATES

6th March, 1968

Vol. I No. 8

OFFICIAL REPORT

CONTENTS

Wednesday, the 6th March, 1968

	PAGES
Starred Questions and Answers	(8)1
Unstarred Questions and Answers	(8)36
Adjournment Motion	(8)42
Call Attention Notice	(8)43
Questions asked on statements given by Ministers on Call Attention Notices No. 2 and 10 ..	(8)44
Presentation of the Twenty-fifth Report of the Public Accounts Committee	(8)44
Presentation of Supplementary Estimates (Second Instalment) for the year 1967-68 and the report of the Estimates Committee thereon ..	(8)45
Papers laid on the Table	(8(45)

(*Continued on the next page*)

Punjab Vidhan Sabha Secretariat, Chandigarh

Price : Rs. 7.90 P.

PAGES

Bill(s)

(i) Introduced :

The Land Acquisition (Punjab Amendment)—1968 (8)46

(ii) Considered and Passed :

1. The Pepsu Tenancy and Agricultural Lands (Amendment) — 1967. .. (8)46

2. The Punjab Security of Land Tenures (Amendment) — 1967 .. (8)50

Censure Motion Under Rule 65 .. (8)62

Naming of a Member .. (8)97

Extension of time .. .. (8)102

Walk out by Giani Bakhtawar Singh Rai .. (8)103

Short adjournment of the House .. .. (8)103

Walk out by Giani Bakhtawar Singh Rai .. (8)103

Censure Motion under Rule 65 (Resumption) .. (8)104

Extension of time .. .. (8)105

Censure Motion Under Rule 65 (*concld.*) .. .. (8)105

No Confidence Motion against the Speaker .. (8)109

ERRATA

to

Punjab Vidhan Sabha Debates

Vol. I No. 8, dated 6th March, 1968

Read	*For*	*Page*	*Line*
ਮਨਿਸਟਰ	ਮਸਿਟਰ	(8) 3	9
ਹੀ	ੀ	(8) 3	14
Sanctioned	Sane ioned	(8) 4	6
available	availabe	(8) 18	8
yes	ye	(8) 18	9
Unit Where	Un t wher	(8) 18	14
ਕਾਮਰੇਡ ਭਾਨ ਸਿੰਘ ਭੌਰਾ	ਕਾਮਰੇਡ ਭਾਨ ਸਿੰਘ ਭੁਰਾ	(8) 25	23
प्वायंट	पु अयट	(8) 32	4th from below
district	di trict	(8) 33	15
Please	P ease	(8) 34	15
the	th	(8) 36	9th from below
With	w th	(8) 36	8th from below
ਗਿਰਫ਼ਤਾਰ	ਗਿਰਰਾ	(8) 41	3rd from below
ਰਿਸ਼ੀ	ਰਿਸ਼	(8) 41	2nd from below
Member's	ember's	(8) 42	28
Shri Satya Pal Dang	Shri Satya Pal Dang	(8) 43	5
percentage	Perentage	(8) 45	24
Amendment	Amnement	(8) 46	13
World	Worl	(8) 48	18
जायदाद	जायदा	(8) 48	21
clause	cl use	(8) 51	5
श्री अध्यक्ष	श्री अयक्ष	(8) 51	13
नारनौल	नारौल	(8) 52	24
में ज़मीनें	ों जीने	(8) 52	24
1857	157	(8) 54	5
full	fll	(8) 55	9
9	.	(8) 57	9
ਮਾਰਦਾ	ਮਰਦਾ	(8) 59	8th from below

Read	*For*	*Page*	*Line*
ਘੰਟੇ	ਘਟ	(8) 60	3rd from below
1857	1 57	(8) 61	11th from below
Hon.	hioi	(8) 66	5
ਡਿਪਟੀ	ਡਿਪਟ	(8) 66	10th from below
ਪੜ੍ਹਿਆ	hੜਆ	(8) 67	10th from below
ਸੱਚੇ	ਸੱਚ	(8) 68	4
Medical	edical	(8) 68	13th from below
ਲਾਠੀ	ਲਾਠ	(8) 72	18
4 ਵਜੇ	4 ਵਜ	(8) 79	6th from below
ਮੇਰੇ ਕੋਲ	ਮੇਰੇ ਕਲ	(8) 80	13th from below
ਗੋਲ ਹੋ	ਗਲ ਹੋ	(8) 81	2nd from below
ਐਡੀ ਵਡੀ	ਅਡੀ ਵਡੀ	(8) 82	21
ਅਖਬਾਰ	ਆਖਬਾਰ	(8) 82	2nd & 3rd from below
ਸੰਸਦੀ ਮਾਮਲਿਆਂ	ਸਸਦੀ ਮਾਮਲਿਆ	(8) 83	3
ਸੰਘ	ਸਘ	(8) 83	11
ਪੁਲਿਸ	ਪਲਿਸ	(8) 86	5th from below
पोलिटीकल	ोलिटीकल	(8) 90	12
बच्चे	च्चे	(8) 90	13
डिप्टी	डिटी	(8) 90	14
लोगों	लागों	(8) 90	17
अस्तीफा	अस्तीफी	(8) 90	21
ਪੁਆਇੰਟਸ ਆਫ਼ ਆਰਡਰ	ਪੁਆਇੰਟਸ ਆਫ ਆਰਡਰਜ਼	(8) 97	17th from below
ਰਾਜ ਮੰਤਰੀ ਲੋਕ ਨਿਰਮਾਣ	ਰਾਜ ਮੀਂਤਰੀ ਲੋਕ ਨਿਰਮਾਣ	(8) 98	12th from below
Fifteen	Fiften	(8) 103	6th from below
ਮੇਰੇ	ਮਰੇ	(8) 104	5th from below
ਦੇ	ਦ	(8) 108	14
ਤਾਂ	ਤ	(8) 109	11

PUNJAB VIDHAN SABHA

Wednesday, the 6th March, 1968

The Sabha met in the Hall of the Vidhan Bhavan, Sector I, Chandigarh at 1.30 p.m. of the Clock.

(Mr. Speaker, (Lieut. Col. Joginder Singh Mann) in the Chair.

STARRED QUESTIONS AND ANSWERS

BREACHES IN BUDHLADA-JAKHAL ROAD

*980. **Sardar Gurdev Singh Sidhu :** Will the Minister of State Public Works be pleased to state—

(a) the number of places at which the Budhlada-Jakhal Road was breached due to rains during the current year ;

(b) whether it is a fact that the level of the said road was kept low at the time of its construction ;

(c) whether the Subordinate officials submitted any estimates for raising the level of the said road ; if so, the period for which the said estimates have remained pending ;

(d) whether the Government proposes to sanction the estimates referred to in part (c) above ?

Sardar Narinder Singh : (a) Four points : miles 5,7, 8 and 9

(b) No. Raising is now required due to increase in water logging.

(c) Estimates received recently from subordinate office.

(d) Yes, subject to availability of funds.

ਕਾਮਰੇਡ ਜੰਗੀਰ ਸਿੰਘ ਜੋਗਾ : ਮੈਂ ਚੀਫ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਹ ਸੜਕ 1955 ਦੇ ਫਲੱਡ ਤੋਂ ਬਾਅਦ ਸ਼ੁਰੂ ਹੋਈ ਜਾਂ ਕਿ ਫਲੱਡ ਤੋਂ ਪਹਿਲਾਂ ਸ਼ੁਰੂ । ? ਇਹ ਸੜਕ ਇਤਨੀ ਨਿਵਾਣ ਵਿਚ ਹੈ ਕਿ ਅਜ ਵੀ ਉਸ ਦੇ ਉਤੋਂ ਪਾਣੀ ਦਾ ਹੈ ।

ਰਾਜ ਮੰਤਰੀ : ਜਿਥੋਂ ਤਕ ਇਸ ਨੂੰ ਉੱਚੀ ਕਰਨ ਦਾ ਸਵਾਲ ਹੈ, ਉਦੋਂ ਸੇਮ ਨਹੀਂ ਆਈ ।

ਕਾਮਰੇਡ ਜੰਗੀਰ ਸਿੰਘ ਜੋਗਾ : ਕੀ ਗੌਰਮਿੰਟ ਇਸ ਬਾਰੇ ਇਨਕਵਾਇਰੀ ਕਰਨ ਲਈ ਾਰ ਹੈ ? ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਬਾਅਦ ਵਿਚ ਆਈ । ਮੈਂ ਕਹਿੰਦਾ ਪਹਿਲਾਂ ਆਈ ਸੀ ।

ਮੁਖ ਮੰਤਰੀ (ਸਰਦਾਰ ਲਛਮਣ ਸਿੰਘ ਗਿਲ) : ਇਹ ਤਾਂ ਤੁਸੀਂ 10 ਸਾਲ ਪਹਿਲਾਂ ਦੀ ਗੱਲ ਕਰਦੇ ਹੋ ।

CONSTRUCTION OF CERTAIN ROADS IN DISTRICT SANGRUR

*1013. **Sardar Harbans Singh Sidhu :** Will the Minister of State for Public Works be pleased to state—

(a) whether the construction of the road from Phul to Bhadaur (District Sangrur) passing through village Phul (Bhatinda), Dhipli, Phulewala, Chandabane, Chhana Gulab Singh and Nainewala has been included in the village road programme for the year 1968 ;

(b) whether any representation has been received by the Chief Engineer, P.W.D. (B&R) to include a road from village Shaina to Nainewala (2½ miles in District Sangrur) in the village road crash programme for the year 1968 ; if so, whether any earth-work has been done thereon by the villagers concerned;

(c) whether any area of land of 55 ft. width has already been earmarked by the Consolidation Department for the purpose; if so, whether the Government proposes to include it in the village road programme for 1968 for metalling it ?

Sardar Narinder Singh : (a) No ;

(b) Yes, Earth work done partly;

(c) i) Yes.

ii) Yes.

ਸਰਦਾਰ ਹਰਬੰਸ ਸਿੰਘ ਸਿਧੂ : ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਸੜਕ ਤੇ ਮਿੱਟੀ ਪੈ ਚੁਕੀ ਹੈ ਕੀ ਉਸਨੂੰ 1968 ਵਿਚ ਕੰਪਲੀਟ ਕਰ ਦਿਉਗੇ ?

ਰਾਜ ਮੰਤਰੀ : ਕੋਸ਼ਿਸ਼ ਕਰਾਂਗੇ ਕਿ 1968 ਵਿਚ ਕੰਪਲੀਟ ਕਰ ਦਈਏ ।

CONSTRUCTION OF TAPA-BHADUR ROAD IN DISTRICT SANGRUR

*1015 **Sardar Harbans Singh Sidhu :** Will the Minister of State for Public Works be pleased to state

(a) whether it is a fact that the construction of a road from Tapa to Bhadur *via* Alike, Nainewala is pending since 1914;

(b) whether it is also a fact that Kacha Kankar is lying along the entire length of the said road since 1914;

(c) whether he is aware of the fact that on the recommendation of the District Development Committee made on 5th February, 1964 the XEN, Sangrur included the said road in the Fourth Five Year Plan ;

(d) whether it is further a fact that the villagers have done earth-work on the said road ; if so, whether Government propose to take steps to metal the above-mentioned road in 1968-69 under the village road programme ?

Sardar Narinder Singh : (a) It is not in the knowledge of this department whether any such scheme was sanctioned in the year 1914 or at any stage thereafter.

(b) Yes, but the material is not on the P. W. D. Books.

(c) Yes.

(d) Earth work has been done partly by the villagers, if full contribution is deposited by the villagers, the road can be included in the crash programme.

ਸਰਦਾਰ ਹਰਬੰਸ ਸਿੰਘ ਸਿਧੂ : ਕੀ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਜਿਹੜਾ ਇਸ ਦੇ ਉਤੇ ਮੈਟੀਰੀਅਲ ਪਿਆ ਹੈ ਕੀ ਉਸ ਤੇ ਸਰਕਾਰ ਦਾ ਕੋਈ ਖਰਚ ਨਹੀਂ ਆਇਆ ?

ਰਾਜ ਮੰਤਰੀ : ਇਹ ਸੜਕ ਪੀ. ਡਬਲਿਊ. ਡੀ. ਦੀ ਨਹੀਂ ਹੈ । ਇਹ ਤਾਂ ਜ਼ਿਲਾ ਪਰੀਸ਼ਦ ਦੀ ਹੈ ।

ਸਰਦਾਰ ਹਰਬੰਸ ਸਿੰਘ ਸਿਧੂ : ਉਸ ਵੇਲੇ ਤਾਂ ਜ਼ਿਲਾ ਪਰੀਸ਼ਦ ਬਣੇ ੀ ਨਹੀਂ ਸਨ ।

ਰਾਜ ਮੰਤਰੀ : ਮੈਂ ਪਹਿਲਾਂ ਹੀ ਕਹਿ ਚੁਕਾ ਹਾਂ ਕਿ ਇਹ ਪੀ. ਡਬਲਿਊ. ਡੀ. ਦੇ ਰਿਕਾਰਡ ਵਿਚ ਨਹੀਂ ਹੈ ।

ਕਾਮਰੇਡ ਭਾਨ ਸਿੰਘ ਭੌਰਾ : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਥੇ ਮਿਟੀ ਪਾ ਦਿਤੀ ਗਈ ਹੈ, ਉਸ ਸੜਕ ਨੂੰ ਬਣਾਉਣ ਲਈ ਸਰਕਾਰ ਕੀ ਸਟੈਪ ਲੈ ਰਹੀ ਹੈ ?

ਰਾਜ ਮੰਤਰੀ : ਜਿਥੇ ਕੰਕਰ ਪਿਆ ਹੈ, ਉਸ ਨੂੰ ਹੁਣ ਬਣਾ ਦਿਆਂਗੇ ।

ਕਾਮਰੇਡ ਸਤਪਾਲ ਕਪੂਰ : ਅਗਰ ਮੈਟੀਰੀਅਲ ਕੋਈ ਚੁਕ ਕੇ ਲੈ ਜਾਵੇ ਤਾਂ ਵਜ਼ੀਰ ਸਾਹਿਬ ਦੇ ਮਹਿਕਮੇ ਨੂੰ ਕੋਈ ਇਤਰਾਜ ਤਾਂ ਨਹੀਂ ਹੋਵੇਗਾ ?

ਰਾਜ ਮੰਤਰੀ : ਮੈਂ ਬੇਨਤੀ ਕੀਤੀ ਹੈ ਕਿ ਪੀ. ਡਬਲਿਊ. ਡੀ. ਦੇ ਰਜਿਸਟਰਾਂ ਵਿਚ ਇਹ ਮੈਟੀਰੀਅਲ ਨਹੀਂ ਹੈ ਇਹ ਤਾਂ ਜ਼ਿਲਾ ਪਰੀਸ਼ਦ ਦੇ ਰਜਿਸਟਰਾਂ ਵਿਚ ਹੈ ।

ਕਾਮਰੇਡ ਜੰਗੀਰ ਸਿੰਘ ਜੋਗਾ : ਮੈਂ ਵਜ਼ੀਰ ਸਾਹਿਬ ਤੋਂ ਪੁਛਣ ਚਾਹੁੰਦਾ ਹਾਂ ਕਿ ਕੀ ਤਪਾ ਤੋਂ ਭਦੌੜ ਤੱਕ ਸੜਕ ਮਿਲਾ ਦਿਤੀ ਗਈ ਹੈ ?

ਰਾਜ ਮੰਤਰੀ : ਪੁਛ ਕੇ ਦਸ ਦਿਆਂਗੇ ।

ਕਾਮਰੇਡ ਜੰਗੀਰ ਸਿੰਘ ਜੋਗਾ : ਕੀ ਸਰਕਾਰ ਇਸ ਨੂੰ ਹੁਣ ਮੁਕੰਮਲ ਕਰਨ ਲਈ ਤਿਆਰ ਹੈ ? ਇਸ ਨੂੰ ਗੈਰ ਜ਼ਰੂਰੀ ਤਾਂ ਨਹੀਂ ਸਮਝਦੀ ?

ਰਾਜ ਮੰਤਰੀ : ਤੁਸੀਂ ਗੈਰ ਜ਼ਰੂਰੀ ਸਮਝਦੇ ਹੋ, ਅਸੀਂ ਤਾਂ ਬਣਾਉਣ ਲਈ ਜ਼ਰੂਰੀ ਸਮਝਦੇ ਹਾਂ ।

AMOUNT SANCTIONED BY PANCHAYAT SAMITI, BUDHLADA DISTRICT BHATINDA

*982. **Sardar Gurdev Singh Sidhu :** Will the Minister of State for Public works be pleased to state —

(a) whether the Budhlada Panchayat Samiti in district Bhatinda sanctioned any amount for a Harijan Dharamsala or a Janj Ghar and the Development Commissioner, was moved for giving his approval ;

(b) whether it is a fact that the sanction for the said expenditure was not given; if so, whether the Government propose to spend any amount for the construction of a Harijan Dharamsala.

Sardar Narinder Singh : (a) The Standing Committee of the Panchayat Samiti, Budhlada resolved to give Rs. 40,000/ out of Panchayat Samiti funds Grant-in-aid to the Gram Panchayats for the construction of Janj Ghars for Harijans and the Government was moved to sanction it.

(b) Yes. Government do not propose to spend any amount for the construction of such buildings as are opposed to the creation of a classless society and could perpetuate untouchability in the area.

[(ੳ) ਪੰਚਾਇਤ ਸੰਮਤੀ ਬੁਢਲਾਡਾ ਦੀ ਸਥਾਈ ਕਮੇਟੀ ਨੇ ਇਹ ਮਤਾ ਪਾਸ ਕੀਤਾ ਕਿ ਪੰਚਾਇਤ ਸੰਮਤੀ ਫੰਡ ਵਿਚੋਂ 40,000 ਰੁਪਏਦੀ ਰਕਮ ਹਰੀਜਨਾਂ ਲਈ ਜੰਜ ਘਰ ਬਣਾਉਣ ਲਈ ਗ੍ਰਾਮ ਪੰਚਾਇਤਾਂ ਨੂੰ ਸਹਾਇਤਾ ਅਨੁਦਾਨ ਦੇ ਰੂਪ ਵਿਚ ਦਿਤੀ ਜਾਵੇ ਅਤੇ ਇਸ ਦੀ ਮਨਜ਼ੂਰੀ ਲਈ ਸਰਕਾਰ ਨੂੰ ਲਿਖਿਆ ਗਿਆ ਸੀ।

(ਅ) ਹਾਂ ਜੀ, ਸਰਕਾਰ ਅਜਿਹੀਆਂ ਇਮਾਰਤਾਂ ਦੀ ਉਸਾਰੀ ਲਈ ਕੋਈ ਰਕਮ ਖਰਚ ਕਰਨ ਦੀ ਤਜਵੀਜ਼ ਨਹੀਂ ਰਖਦੀ ਜਿਹੜੀਆਂ ਇਮਾਰਤਾਂ ਕਿ ਸ਼੍ਰੇਣੀ ਰਹਿਤ ਸਮਾਜ ਪੈਦਾ ਕਰਨ ਦੇ ਮੁਨਾਫੀ ਹਨ ਅਤੇ ਇਲਾਕੇ ਵਿਚ ਛੂਤ ਛਾਤ ਨੂੰ ਕਾਇਮ ਰਖਣ ਵਿਚ ਸਹਾਇਤਾ ਦਿੰਦੀਆਂ ਹਨ

ਚੌਧਰੀ ਬਲਬੀਰ ਸਿੰਘ : ਕਲਾਸਲੈਸ ਸੁਸਾਇਟੀ ਦਾ ਜੋ ਇਨ੍ਹਾਂ ਨੇ ਕਿਹਾ ਹੈ, ਉਸ ਦਾ ਹਰੀਜਨਾਂ ਨਾਲ ਕੀ ਤਅੱਲਕ ਹੈ ? ਸਰਕਾਰ ਹਰੀਜਨਾਂ ਲਈ ਅਲਹਿਦਾ ਤੌਰ ਤੇ ਮਦਦ ਦੇ ਰਹੀ ਹੈ। ਫਿਰ ਇਹ ਜੋ ਸਹਾਇਤਾ ਮੰਗੀ ਗਈ ਹੈ ਕੀ ਇਹ ਠੀਕ ਨਹੀਂ ਹੈ ?

ਸ੍ਰੀ ਅ. ਵਿਸ਼ਵਨਾਥਨ : ਕਲਾਸਲੈਸ ਸੁਸਾਇਟੀ ਨਹੀਂ ਬਲਕਿ ਕਾਸਟਲੈਸ ਸੁਸਾਇਟੀ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ।

ਰਾਜ ਮੰਤਰੀ : ਪੰਜਾਬ ਸਰਕਾਰ ਪਾਸ ਜੋ ਕੁਝ ਲਿਖਤ ਵਿਚ ਆਇਆ ਹੈ ਉਸ ਵਿਚ ਸਿਰਫ 'ਹਰੀਜਨ ਜੰਜ ਘਰ' ਲਈ ਮੰਗ ਕੀਤੀ ਗਈ ਹੈ। ਇਸ ਲਈ ਇਹ ਸਹਾਇਤਾ ਨਹੀਂ ਦਿਤੀ ਜਾ ਸਕਦੀ। ਜੇ ਸਾਂਝੇ ਪਿੰਡ ਲਈ ਹੋਵੇ ਤਾਂ ਫਿਰ ਠੀਕ ਹੈ।

ਸ੍ਰੀ ਸਤਪਾਲ ਡਾਂਗ : ਇਹ ਜੰਜ ਘਰ ਜਿਸ ਪਿੰਡ ਵਿਚ ਬਣਨਾ ਹੈ, ਉਸ ਪਿੰਡ ਵਿਚ ਜ਼ਿਆਦਾ ਵਸੋਂ ਹਰੀਜਨਾਂ ਦੀ ਹੈ। ਕੀ ਉਥੇ ਇਹ ਨਹੀਂ ਬਣ ਸਕਦਾ ? ਕੀ ਸਰਕਾਰ ਇਸ ਤੇ ਦੁਬਾਰਾ ਗੌਰ ਕਰਨ ਲਈ ਤਿਆਰ ਹੈ ?

ਰਾਜ ਮੰਤਰੀ : ਉਸ ਦਾ ਨਾਂ ਹੀ ਹਰੀਜਨ ਜੰਜ ਘਰ ਰਖਿਆ ਗਿਆ ਹੈ। ਕਿਉਂਕਿ ਇਹ ਸਿਰਫ ਹਰੀਜਨਾਂ ਵਾਸਤੇ ਹੀ ਹੈ, ਇਸ ਲਈ ਗਰਾਂਟ ਨਹੀਂ ਦਿਤੀ ਜਾ ਸਕਦੀ।

ਸ੍ਰੀ ਸਤਪਾਲ ਡਾਂਗ : ਗਵਰਨਰ ਸਾਹਿਬ ਦੇ ਐਡਰੈਸ ਵਿਚ ਲਿਖਿਆ ਹੈ ਕਿ ਹੁਣ ਇਕ ਕਾਰਪੋਰੇਸ਼ਨ ਬਣਾਈ ਹੈ ਜੋ ਹਰੀਜਨਾਂ ਦੀ ਵੈਲਫੇਅਰ ਕਰੇਗੀ ਔਰ ਉਨਾਂ ਨੂੰ ਫੈਕਟਰੀਅ ਵਿਚ ਮੁਲਾਜ਼ਮਤਾਂ ਦਿਤੀਆਂ ਜਾਣਗੀਆਂ। ਫਿਰ ਤੁਸੀਂ ਇਹ ਹਰੀਜਨਾਂ ਲਈ ਜੰਜ ਘਰ ਕਿਉਂ ਨਹੀਂ ਬਣਨ ਦਿੰਦੇ ?

ਰਾਜ ਮੰਤਰੀ : ਡਾਂਗ ਸਾਹਿਬ, ਤੁਸੀਂ ਤਾਂ ਆਪ ਖੁਦ ਮਨਿਸਟਰ ਰਹੇ ਹੋ। ਅਸੀਂ ਬਜਟ ਵਿਚ ਹਰੀਜਨਾਂ ਲਈ ਬਹੁਤ ਪੈਸਾ ਰਖਿਆ ਹੈ।

ਚੌਧਰੀ ਦਰਸ਼ਨ ਸਿੰਘ : ਕੀ ਕਿਸੇ ਮਜ਼ਹਬ ਦੀ ਧਰਮਸ਼ਾਲਾ ਲਈ ਸਰਕਾਰ ਕੋਈ ਪੈਸਾ ਨਹੀਂ ਦੇ ਸਕਦੀ ? ਜਾਂ ਸਰਕਾਰ ਪਾਸ ਕੋਈ ਫੰਡਜ਼ ਨਹੀਂ ?

ਰਾਜ ਮੰਤਰੀ : ਕਲਾਸਲੈਸ ਸੁਸਾਇਟੀ ਦਾ ਜ਼ਿਕਰ ਕੀਤਾ ਗਿਆ ਹੈ। ਜੇ ਤਾਂ ਸਾਂਝੇ ਪਿੰਡ ਲਈ ਹੋਵੇ ਤਾਂ ਠੀਕ ਹੈ ਜੇ ਇਕੱਲੇ ਕਿਸੇ ਫਿਰਕੇ ਲਈ ਹੋਵੇ ਤਾਂ ਫਿਰ ਨਹੀਂ।

ਡਾਕਟਰ ਭਗਤ ਸਿੰਘ : ਵਜ਼ੀਰ ਸਾਹਿਬ ਨੇ ਕਲਾਸਲੈਸ ਸੁਸਾਇਟੀ ਦਾ ਜ਼ਿਕਰ ਕੀਤਾ ਹੈ। ਮਗਰ ਉਸ ਨੂੰ ਸ਼ੈਡੂਲਡ ਕਾਸਟ ਨਾਲ ਸਬੰਧਤ ਕੀਤਾ ਗਿਆ ਤਾਂ ਕੀ ਇਹ ਜਵਾਬ ਠੀਕ ਹੈ ? ਜਦ ਕਿ ਬਜਟ ਵਿਚ ਵੀ ਪ੍ਰੋਵੀਜ਼ਨ ਹੈ ਕੀ ਇਹ ਜਵਾਬ ਕੰਟਰਾਡਿਕਟਰੀ ਨਹੀਂ ?

Minister of State : This is not contradictory.

INSTRUCTIONS REGARDING MID-TERM TRANSFERS OF OFFICERS/OFFICIALS IN THE STATE

***1016. Chaudhri Darshan Singh** : Will the Chief Minister be pleased to state :

(a) whether Government has issued any circular to all Heads of Departments in the State to the effect that no mid-term transfers of officers/officials be made without the approval of the Chief Secretary ; if so, a copy thereof be laid on the Table of the House ;

(b) whether any P.C.S. Officers were transfered in the middle of the year 1967 ; if so, their names and the posts held by them ?

Sardar Lachhman Singh Gill : (a) Yes. A copy of the instructions issued on the 24th January, 1968, is laid on the Table of the House.

[Chief Minister]

(b) A statement is laid on the Table of the House.

((ੳ) ਹਾਂ ਜੀ । 24 ਜਨਵਰੀ, 1968 ਨੂੰ ਜਾਰੀ ਕੀਤੀਆਂ ਗਈਆਂ ਹਿਦਾਇਤਾਂ ਦੀ ਇਕ ਨਕਲ ਸਭਾ ਦੇ ਸਾਮ੍ਹਣੇ ਪੇਸ਼ ਹੈ ।

(ਅ) ਸਟੇਟਮੈਂਟ ਸਭਾ ਦੇ ਸਾਮ੍ਹਣੇ ਪੇਸ਼ ਹੈ ।)

No. 9348-SII 4 (1)-67/1362

From

THE CHIEF SECRETARY TO GOVERNMENT, PUNJAB.

To

ALL HEADS OF DEPARTMENTS IN THE PUNJAB

Dated, Chandigarh, the 24th January, 1968.

Subject. — Mid-term transfers-Need for regulating.

Sir,

I am directed to invite a reference to Punjab Government letter No. 3696-3GSII-66 dated the 5th May, 1965, in which mid-term transfers were decentralised and to say that the need for regulating such transfers has been further considered. Government have now decided that mid-term transfers may be ordered by the various Administrative Departments and other authorities concerned only after obtaining the approval of the Chief Minister. Accordingly all cases of mid-term transfers should be routed through the Chief Secretary with full details and reasons for the proposals.

2. These instructions may be brought to the notice of all concerned for strict compliance.

3. Receipt of this communication may please be acknowledged.

Yours faithfully,
RESHAM SINGH
Section Officer, Services II,
for Chief Secretary to Government, Punjab.

A copy is forwarded for information and necessary action to —

(i) All Financial Commissioners in the Punjab.

(ii) All Administrative Secretaries.

RESHAM SINGH
Section Officer, Services II
for Chief Secretary to Government, Punjab.

To

(i) All Financial Commissioners.

(ii) All Administrative Secretaries.

U.O.No. 9348-SII 4 (I)-67 dated Chandigarh, the 24th January, 1968.

A copy is forwarded to the Secretary to the Council of Ministers for information with reference to his U.O. communication No. 2636-Cabinet-67 dated the 27th-29th December, 1967.

RESHAM SINGH

Section Officer Services II,
for Chief Secretary to Government, Punjab.

To

The Secretary to the Council of Ministers.

U.O. No. 9348-SII 4(I)-67, Dated Chandigarh, the 24th January, 1968.

List of the PCS officers of the Executive Branch who were transferred during the period from 1st July, 1967 to 31st December, 1967.

Name of Officer	Post (s) from which transferred
1. Shri Balbir Singh Randhawa	1. D. C. Ludhiana
	2. Additional Director Consolidation Ferozepur.
2. Shri P. C. Bahl	1. D. C. Patiala
	2. Inquiry Officer Vigilance
3. Shri Jaspal Singh	Deputy Secretary Home
4. Shri Nar Narain Singh	Joint Director Industries
5. Shri Gurdarshan Singh	Deputy Secretary Revenue
6. Shri Brijinder Singh	Assistant Chief Settlement Commissioner Jullundur
7. Shri A. S. Sandhu	E.A.C.O, Chandigarh
8. Shri V. P. Capoor	Posted as U.S. Education on return from deputation at Delhi
9. Shri Ajit Singh Sahy	Additional Director Consolidation, Ferozepur.
10. Shri R. S. Kang	S. D. O., Jullundur
11. Shri Tarlochan Singh	Posted as P. G. O. Chandigarh on return from leave
12. Shri M. S. Grewal	D. D. P. O. Rupar
13. Shri Hargurdial Singh	District Relief Officer, Amritsar on expiry of post
14. Shri H. S. Aujla	Secretary Vigilance Commission (on expiry of post.)
15. Shri K. S. Virk	1. D. C. Ferozepore
	2. Deputy Secretary Revenue
16. Shri M. R. Bhagat	Deputy Director Local Bodies, Ludhiana
17. Shri Gurdev Singh Gill	S. D. O., Mansa
18. Shri D. R. Gupta	1. Under Secretary Vigilance
	2. A. O., D. P. I. Office, Chandigarh
	3. U. S. Revenue.
19. Shri Ripujit Sen	A. O. Irrigation, Chandigarh
20. Shri R. D. Joshi	Posted as Additional Director Consolidation Ferozepur on return from deputation
21. Shri Dosondha Singh	Additional Director, Consolidation Jullundur
22. Shri Aridalan Singh	Director Small Savings (proceeded on leave)
23. Shri Dharm Rattan	Posted as S. D. O., Bassi on return from leave

[Chief Minister]

Name of Officer	Post (s) from which transferred
24. Shri Onkar Singh Bains	Posted as Deputy Excise & Taxation Commissioner Jullundur on return from deputation
25. Shri Pritam Singn	S. D. O., Moga
26. Shri Hardyal Singh	S. D. O., Jagraon
27. Shri Amrik Singh	L. A. O. Urban Estates, Chandigarh
28. Shri Amar Singh	Posted as U. S. Revenue on return from leave
29. Shri D. P. Kapur	Posted as Administrative-cum Publicity Officer Civil Aviation Department
30. Shri R. R. Dhir	S. O., Sales, Jullundur
31. Shri Sardar Singh	Under Secretary Education
32. Shri D. Sharma	Under Secretary, Finance
33. Mrs. K. Goyal	S. D. O., Kharar
34. Shri Sher Singh Sandhu	I. S. D. O. Zira 2. A. O. Irrigation, Chandigarh
35. Shri Harcharn Singh	Assistant Director, Consolidation, Jullundur
36. Shri L. C. Kapur	Secretary Punjab Public Service Commission
37. Mrs. S. Dogra	1. U. S. P.W.D 2. U. S. Home 3. U. S. Finance
38. Shri Gulwant Singh	Deputy Director, Food & Supplies, Patiala
39. Shri Gurnam Singh	1. S. D. O. Ferozepur 2. L.A.O. Urban Estates, Chandigarh
40. Shri Baldev Kapur	Posted as S.D.O. Ajnala on return from deputation
41. Shri Raj Kumar Jain	E.T.O. Jullundur
42. Shri Atma Singh	1. R. A. (Agranon) Ferozepore 2. S.D. O., Zira
43. Shri Ripudaman Singh	E. A. C. O. Chandigarh
44. Shri Naunihal Singh	Divisional Agricultural Production Officer, Jullundur
45. Shri Dalip Singh	1. Magistrate, Moga 2. D.D.P.O. Rupar
46. Shri Surat Singh Grewal	Executive Magistrate Bhatinda.
47. Shri Santokh Singh	S.D. O, Jagraon
48. Shri N. S. Sahota	C. D. O, Ludhiana

Name of Officer	Post (s) from which transferred
49. Shri Ajit Singh Nagpal	S. D. O.,Ajnala
50. Shri Amar Singh Grover	E.T.O. Patiala
51. Shri M. S. Deol	S. D. O. Bassi
52. Shri M. S. Bhalla	GAI, Amritsar
53. Mrs. B. K. Phoolka	U. S. Urban Estates.
54. Shri B. R. Azad	Public Grievance Officer Sangrur
55. Shri P. R. Aggarwal	E. O. M. C., Ludhiana
56. Shri V. P. Dubey	E. O. M. C. Amritsar
57. Shri S. P. Karkara	G. A. Ferozepur
58. Shri Harbakhshish Singh	1. Executive Magistrate, Jullundur
	2. C. D. O. Jullundur
59. Shri Hardial Singh Sidhu	Executive Magistrate, Mansa,
60. Shri B. D. Dhawan	G.A. Bhatinda
61. Shri Ram Lal	G.A. I, Patiala
62. Shri Dalip Singh	Executive Magistrate, Bhatinda,
63. Shri P. S. Sharma	Judicial Magistrate, Jullundur
64. Shri Manohar Singh	Judicial Magistrate, Patti
65. Shri S. M. Dua	Executive Magistrate, Amritsar
66. Shri C. R. Joshi	G. A. Ludhiana.
67. Shri D. S. Multani	Ex. Magistrate, Jullundur
68. Shri Gian Singh Sandhu	1. E. O. M. C. Moga
	2. E.A.C. (UT), Moga
69. Shri B. D. Aggarwal	E.A.C.(UT), Amritsar
70. Shri Dayal Singh	E.A. (UT), Moga

ਚੌਧਰੀ ਦਰਸ਼ਨ ਸਿੰਘ : ਕੀ ਮੁੱਖ ਮੰਤਰੀ ਜੀ ਦਸੱਣ ਦੀ ਖੇਚਲ ਕਰਨਗੇ ਕਿ ਇਤਨੀਆਂ ਲਾਰਜ ਸਕੇਲ— 70 ਔਰ 80 ਦੇ ਕਰੀਬ ਪੀ. ਸੀ. ਐਸ. ਅਫ਼ਸਰਾਂ ਦੀਆਂ ਇਤਨੇ ਸ਼ਾਰਟ ਪੀਰੀਅਡ ਵਿਚ ਮਿਡ-ਟਰਮ ਟਰਾਂਸਫ਼ਰਜ਼ ਕਰਨ ਦੇ ਕੀ ਕਾਰਨ ਹਨ ?

ਮੁੱਖ ਮੰਤਰੀ : ਤੁਸੀਂ ਸਾਰੀਆਂ ਗੱਲਾਂ ਆਪ ਜਾਣਦੇ ਹੋ । ਕੁਝ ਤਰੱਕੀ ਕਰ ਗਏ ਕੁਝ ਤਨੱਜ਼ਲੀ ਕਰ ਗਏ, ਕੁਝ ਅਗੇ ਚਲੇ ਗਏ, ਕੁਝ ਪਿੱਛੇ ਚਲੇ ਗਏ ।

ਕਾਮਰੇਡ ਭਾਨ ਸਿੰਘ ਭੌਰਾ : ਕੀ ਮੈਂ ਮੁਖ ਮੰਤਰੀ ਸਾਹਿਬ ਤੋਂ ਜਾਣ ਸਕਦਾ ਹਾਂ ਕਿ ਕੀ ਇਹ ਠੀਕ ਹੈ ਕਿ ਸਟੇਟ ਵਿਚ ਕੁਝ ਪੀ. ਸੀ. ਐਸ. ਅਫ਼ਸਰਾਂ ਨੂੰ ਇਸ ਕਰਕੇ ਟਰਾਂਸਫ਼ਰ ਕੀਤਾ ਗਿਆ ਅਤੇ ਉਹ ਵੀ ਟੇਲੀਫ਼ੂਨ ਤੇ ਆਰਡਰ ਦੇ ਕੇ ਟਰਾਂਸਫ਼ਰ ਕੀਤਾ ਗਿਆ—ਕਿ ਉਨ੍ਹਾਂ ਨੇ ਕੁਝ ਐਮ. ਐਲ. ਏਜ਼. ਨੂੰ ਐਪਰੋਚ ਕੀਤਾ ਪਰ ਉਹ ਟੁੱਟ ਕੇ ਇਨ੍ਹਾਂ ਨਾਲ ਨਾ ਮਿਲੇ ?

ਮੁੱਖ ਮੰਤਰੀ : ਇਹ ਗੱਲ ਗਲਤ ਹੈ, ਸਰਾਸਰ ਗਲਤ ਹੈ ਜੋ ਕੁਝ ਇਨ੍ਹਾਂ ਨੇ ਕਿਹਾ ਹੈ ।

ਕਾਮਰੇਡ ਭਾਨ ਸਿੰਘ ਭੌਰਾ : ਸਪੀਕਰ ਸਾਹਿਬ, ਮੈਂ ਮਿਸਾਲ ਦੇ ਸਕਦਾ ਹਾਂ । ਬਰਨਾਲੇ ਦੇ ਐਸ. ਡੀ. ਐਮ. ਨੂੰ ਇਸੇ ਗੱਲ ਤੇ ਟਰਾਂਸਫ਼ਰ ਕੀਤਾ । ਤੁਸੀਂ ਇਨਕੁਆਇਰੀ ਕਰਵਾ ਕੇ ਵੇਖ ਲਉ । ਅਗਰ ਝੂਠ ਹੋਵੇ ਤਾਂ ਮੈਂ ਰੀਜ਼ਾਈਨ ਕਰ ਦਿਆਂਗਾ ।

ਮੁੱਖ ਮੰਤਰੀ : ਤੂੰ ਪਹਿਲੇ ਰੀਜ਼ਾਈਨ ਤਾਂ ਕਰ ।

Mr. Speaker : Next question No. *1017.

Starred Question. No. 1017 (Postponed)

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ..

ਮੁੱਖ ਮੰਤਰੀ : ਇਸ ਸਵਾਲ ਬਾਰੇ ਐਕਸਟੈਨਸ਼ਨ ਮੰਗੀ ਹੋਈ ਹੈ ।

ਚੌਧਰੀ ਦਰਸ਼ਨ ਸਿੰਘ : ਮੈਂ ਵੀ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਸ ਸਵਾਲ ਬਾਰੇ ਐਕਸਟੈਨਸ਼ਨ ਮੰਗੀ ਹੋਈ ਹੋਵੇ ਉਹ, ਸਪੀਕਰ ਸਾਹਿਬ, ਤੁਸੀਂ ਕਾਲ ਹੀ ਨਾ ਕਰਿਆ ਕਰੋ । ਇਸ ਦਾ ਰੀਕਾਰਡ ਆਪ ਦੇ ਪਾਸ ਹੁੰਦਾ ਹੈ ।

ਸ਼੍ਰੀ ਸਪੀਕਰ : ਅੱਛਾ ਜੀ । (All right please.)

PROMOTION OF SCHEDULED CASTES/BACK WARD CLASSES EMPLOYEES IN THE POLICE DEPARTMENT IN THE STATE

***879. Comrade Bhan Singh Bhaura :** Will the Chief Minister be pleased to state whether the instructions relating to the reservation in promotions for persons belonging to the Scheduled Castes and Backward Classes are also applicable to the Police Department in the State; if so, the details of promotions made by the said department category- wise after 12th September, 1963 togetherwith the total number of vacancies filled and the number of Scheduled Castes/ Backward Classes among them with their percentage ?

Sardar Lachhman Singh Gill : Yes. The instructions relating to the reservation in promotions for persons belonging to the Scheduled Castes and Backward Classes are also applicable to the Police Department in the State. A statement containing the details of promotions made by this department category-wise after 12th September, 1963 togetherwith the total number of vacancies filled and the number of Scheduled Castes/Backward Classes among them with their percentage is placed on the Table of the House.

(ਹਾਂ ਜੀ । ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਦੀਆਂ ਤਰੱਕੀਆਂ ਰਾਖਵੀਆਂ ਰਖਣ ਲਈ ਹਿਦਾਇਤਾਂ ਪੰਜਾਬ ਦੇ ਪੁਲਸ ਵਿਭਾਗ ਉਤੇ ਵੀ ਲਾਗੂ ਹੁੰਦੀਆਂ ਹਨ। 12 ਸਤੰਬਰ, 1963 ਤੋਂ ਬਾਦ ਮਹਿਕਮੇ ਨੇ ਜਿਹੜੀਆਂ ਤਰੱਕੀਆਂ ਦਿਤੀਆਂ, ਉਨ੍ਹਾਂ ਦੇ ਸ਼੍ਰੇਣੀਵਾਰ ਵੇਰਵੇ ਵਾਲਾ ਸਟੇਟਮੈਂਟ ਸਭਾ ਦੇ ਸਾਮ੍ਹਣੇ ਪੇਸ਼ ਹੈ, ਜਿਸ ਵਿਚ ਇਹ ਵੀ ਦਸਿਆ ਗਿਆ ਹੈ ਕਿ ਕੁੱਲ ਕਿਤਨੀਆਂ ਅਸਾਮੀਆਂ ਭਰੀਆਂ ਗਈਆਂ ਹਨ ਅਤੇ ਉਨ੍ਹਾਂ ਵਿਚੋਂ ਅਨੁਸੂਚਿਤ ਜਾਤੀਆਂ/ ਪਛੜੀਆਂ ਸ਼੍ਰੇਣੀਆਂ ਦੀ ਤਾਦਾਦ ਕੀ ਹੈ ਅਤੇ ਇਹ ਤਾਦਾਦ ਕਿੰਨੇ ਫ਼ੀਸਦੀ ਹੈ ।)

Promotions made after 12-9-63				Total No. of vacancies filled by members of Scheduled Castes/Backward Classes				Percentage of Scheduled Castes/Tribes and Backward Classes			
Insprs	SI.s	ASI.s	HC.s	Insprs.	SI.s	ASI.s	HC.s	Insprs.	SI.s	ASI.s	HC.s
147	457	729	3,202	3	57	90	515	2%	12½%	12½%	16%

CLERICAL CADRE

Promotions made after 12th September, 1963									
Dy. Supdt. 1	Asstts. 2	Clks. 3	Restorers 4	Jemadars 5	Daftris 6	Sr. Scale Steno. 7	Jr. Scale Steno. 8	Steno-typist 9	
10	20 (qualified) 6 (Un-qualified)	8	2	1	2	4	10	27	

Total No. of vacancies allotted to members of Scheduled Castes/Backward Classes.								
Dy. Supdt. 1	Asstts. 2	Clks. 3	Restorers 4	Jemadars 5	Daftri 6	Sr. Scale steno. 7	Jr. Scale steno. 8	Steno-typist 9
5	1	4 B.C.	1 B. C.	1	I	—	1	5

Percentage of Scheduled Castes/Tribes and Backward Classes								
Dy. Supdt. 1	Asstts. 2	Clks. 3	Restorers 4	Jemadars 5	Daftri 6	Sr. Scale Steno. 7	Jr. Scale Steno. 8	Steno-typist. 9
—	17%	50%	50%	100%	50%	—	10%	10%

ਕਾਮਰੇਡ ਭਾਨ ਸਿੰਘ ਭੌਰਾ : ਅਗਰ ਮੁੱਖ ਮੰਤਰੀ ਸਾਹਿਬ ਸਟੇਟਮੈਂਟ ਦੇਖਣ ਤਾਂ ਪਤਾ ਚਲੇਗਾ ਕਿ ਇਸ ਵਿਚ ਜਿਤਨੀਆਂ ਆਸਾਮੀਆਂ ਹਨ ਉਨ੍ਹਾਂ ਵਿਚ ਹਰੀਜਨ ਇੰਸਪੈਕਟਰ ਬਹੁਤ ਘਟ ਹਨ ਔਰ ਡੀ. ਐਸ. ਪੀ. ਤਾਂ ਹੈ ਹੀ ਕੋਈ ਨਹੀਂ । ਇਸ ਦੀ ਕੀ ਵਜਾਹ ਹੈ ?

ਮੁੱਖ ਮੰਤਰੀ : ਜਿਥੇ ਜਿਥੇ ਰਿਜ਼ਰਵੇਸ਼ਨ ਰਖੀ ਹੈ ਉਥੇ ਉਥੇ ਉਨ੍ਹਾਂ ਨੂੰ ਭਰਤੀ ਕੀਤਾ ਹੈ । ਕਿਸੇ ਖਾਸ ਕੇਸ ਬਾਰੇ ਪੁਛਣਾ ਚਾਹੋ ਤਾਂ ਅਲਹਿਦਾ ਪੁਛ ਲਓ, ਮੈਂ ਪਤਾ ਕਰਕੇ ਦੱਸ ਦਿਆਂਗਾ ।

ਕਾਮਰੇਡ ਭਾਨ ਸਿੰਘ ਭੌਰਾ : ਕੀ ਇਹ ਕਮੀ ਵੀ ਉਸੇ ਤਰ੍ਹਾਂ ਨਾਲ ਸੋਸ਼ਲਿਸਟ ਪੈਟਰਨ ਵਿਚ ਗਿਣ ਕੇ ਤਾਂ ਨਹੀਂ ਕੀਤੀ ਜਿਸ ਤਰ੍ਹਾਂ ਹੁਣੇ ਜਿਹੇ ਰਾਜਾ ਸਾਹਿਬ ਨੇ ਦਸਿਆ ਸੀ ?

ਮੁੱਖ ਮੰਤਰੀ : ਇਹ ਬਿਲਕੁਲ ਗਲਤ ਗੱਲ ਹੈ । ਜਿਹੜੇ ਤੁਸੀਂ ਹਰੀਜਨ੍ਹਾਂ ਦੇ ਹਿਤਾਂ ਦਾ ਕੰਮ ਕਰਦੇ ਹੋ, ਮੈਂ ਤੁਹਾਨੂੰ ਵੀ ਇਹ ਕਹਾਂਗਾ ਕਿ ਤੁਸੀਂ ਇਸ ਤਰ੍ਹਾਂ ਦੀ ਕੋਈ ਗੱਲ ਦਿਲ ਵਿਚ ਨਾ ਰਖੋ । ਐਸੀ ਕੋਈ ਗੱਲ ਮੇਰੇ ਦਿਲ ਵਿਚ ਨਹੀਂ ਤਾਂ ਤੁਸੀਂ ਕਿਉਂ ਛੇੜਦੇ ਹੋ ?

ਸਰਦਾਰ ਗੁਰਚਰਨ ਸਿੰਘ (ਬਾਘਾਪੁਰਾਨਾ) : ਇਹ ਜਵਾਬ ਤਾਂ ਤੁਹਾਡੇ ਚਿਹਰੇ ਤੋਂ ਜ਼ਾਹਿਰ ਹੁੰਦਾ ਹੈ ।

PERSONS ARRESTED IN CONNECTION WITH A DEMONSTRATION AT CHANDIGARH.

***881. Comrade Bhan Singh Bhaura :** Will the Chief Minister be pleased to state the number of persons arrested in the State during the month of January, 1968, in connection with the Punjab United Front's demonstration at Chandigarh on 21st January, 1968 together with the provision of law under which they were arrested ?

ਸਰਦਾਰ ਲਛਮਣ ਸਿੰਘ ਗਿਲ : ਸਾਂਝੇ ਮੋਰਚੇ ਨੇ 21 ਜਨਵਰੀ, 1968, ਨੂੰ ਚੰਡੀਗੜ੍ਹ ਵਿਖੇ ਜਿਹੜਾ ਮੁਜ਼ਾਹਿਰਾ ਕੀਤਾ ਉਸ ਸਿਲਸਿਲੇ ਵਿਚ ਜਨਵਰੀ, 1968 ਦੇ ਮਹੀਨੇ ਵਿੱਚ ਕੋਈ ਗਰਿਫ਼ਤਾਰੀ ਨਹੀਂ ਸੀ ਕੀਤੀ ਗਈ ।

[No arrest was made during the month of January, 1968, in connection with the United Front's demonstration at Chandigarh on 21st January, 1968.]

ਕਾਮਰੇਡ ਭਾਨ ਸਿੰਘ ਭੌਰਾ : ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਜਿਤਨੀਆਂ ਵੀ ਗਿਰਫਤਾਰੀਆਂ ਅੰਮ੍ਰਿਤਸਰ, ਸੰਗਰੂਰ ਔਰ ਦੂਸਰੇ ਜ਼ਿਲਿਆਂ ਵਿਚ ਹੋਈਆਂ ਇਹ ਕਿਸ ਸਿਲਸਿਲੇ ਵਿਚ ਹੋਈਆਂ ?

ਮੁੱਖ ਮੰਤਰੀ : ਇਹ ਗਿਰਫਤਾਰੀਆਂ ਕੀਤੀਆਂ 107/151 ਦਫ਼ਾ ਦੇ ਤਹਿਤ ਤੁਸੀਂ ਪਰਾਣੇ ਐਮ. ਐਲ. ਏ. ਹੋ, ਤਜਰਬਾਕਾਰ ਹੋ, ਸਭ ਕੁਝ ਤੁਹਾਨੂੰ ਪਤਾ ਹੈ । ਮੈਂ ਜ਼ਿਲੇ ਵਾਰ ਸੂਚਨਾ ਵੀ ਪੜ੍ਹ ਦਿੰਦਾ ਹਾਂ, ਇਹ ਇਸ ਤਰ੍ਹਾਂ ਹੈ :

1. ਅੰਮ੍ਰਿਤਸਰ—59
2. ਲੁਧਿਆਣਾ—26
3. ਜਲੰਧਰ—30

4. ਪਟਿਆਲਾ—25
5. ਫ਼ਿਰੋਜ਼ਪੁਰ—49
6. ਹੁਸ਼ਿਆਰਪੁਰ—31
7. ਬਠਿੰਡਾ—27
8. ਰੋਪੜ—22
9. ਕਪੂਰਥਲਾ—3
10. ਗੁਰਦਾਸਪੁਰ—23
11. ਸੰਗਰੂਰ—11

ਸ੍ਰੀ ਅ. ਵਿਸ਼ਵਨਾਥਨ : ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ 21 ਤਰੀਖ ਵਾਲੇ ਚੰਡੀਗੜ੍ਹ ਦੇ ਮੁਜ਼ਾਹਰੇ ਤੋਂ ਜਿਹੜਾ ਸਰਕਾਰ ਨੂੰ ਖ਼ਤਰਾ ਪੈਦਾ ਹੋ ਗਿਆ ਸੀ, ਇਸੇ ਕਰ ਕੇ, ਇਹ ਗਰਿਫ਼ਤਾਰੀਆਂ ਦਫ਼ਾ 107/151 ਹੇਠ ਹੋਈਆਂ ਹਨ ਜਾਂ ਕਿਸੇ ਹੋਰ ਕਾਰਨ ਕਰਕੇ ਵੀ ਹੋਈਆਂ ਹਨ ?

ਮੁੱਖ ਮੰਤਰੀ : ਸਾਡਾ ਤਾਂ ਇਹੀ ਤਜਰਬਾ ਦਸਦਾ ਹੈ ਕਿ ਜਿਹੜੀਆਂ ਦਫ਼ਾ 107/151 ਹੇਠ ਅਰੈਸਟਸ ਹੁੰਦੀਆਂ ਹਨ, ਉਹ ਪਹਿਲਾਂ ਹੀ ਹੋ ਜਾਂਦੀਆਂ ਹਨ ।

श्री अ० विश्वनाथन : आन ए प्वायंट आफ़ आर्डर, सर । स्पीकर साहिब, अभी अभी मेरे सवाल का जवाब देते हुए मुख्य मन्त्री महोदय ने कहा था कि चंडीगढ़ के 21 तारीख वाले मुज़ाहरे के सिलसिले में कोई गिरफतारियां नहीं की गईं और मेरे सप्लीमेंटरी सवाल के जवाब में इन्हों ने बताया है कि इन का तजरुबा यह कहता है कि ऐसी गिरफतारियां मुज़ाहरे से पहले की जाती हैं । इस का मतलब साफ़ है कि यह गिरफतारियां डायरैक्टली इसी मुज़ाहरे के सम्बन्ध में थीं और पहले एक गलत जवाब देकर इन्होंने हाऊस को मिसलीड किया है ।

ਮੁੱਖ ਮੰਤਰੀ : ਇਹ ਮਤਲਬ ਮੇਰਾ ਨਹੀਂ ਸੀ । ਮੈਂ ਤਾਂ ਸਿਰਫ਼ ਤੁਹਾਡੀ ਛੇੜਖਾਨੀ ਦਾ ਜਵਾਬ ਦਿੱਤਾ ਸੀ । ਮੈਂ ਬੜੇ ਅਦਬ ਨਾਲ ਬੇਨਤੀ ਕਰਦਾ ਹਾਂ ਕਿ ਦਫ਼ਾ 107/151 ਹੇਠ ਇਤਨੀਆਂ ਗਿਰਫ਼ਤਾਰੀਆਂ ਕੀਤੀਆਂ ਗਈਆਂ ।

ਸ੍ਰੀ ਅ. ਵਿਸ਼ਵਨਾਥਨ : ਇਸ ਨਾਲ ਖਤਰਾ ਕਿਸ ਨੂੰ ਸੀ ?

ਮੁੱਖ ਮੰਤਰੀ : ਸਰਕਾਰ ਨੂੰ ।

ਸ੍ਰੀ ਅ. ਵਿਸ਼ਵਨਾਥਨ : ਕਹਿੰਦੇ ਹਨ ਕਿ ਸਰਕਾਰ ਨੂੰ ਖਤਰਾ ਸੀ । ਸਰਕਾਰ ਨੂੰ ਕਾਹਦਾ ਖਤਰਾ ਸੀ ?

ਮੁੱਖ ਮੰਤਰੀ : ਲਾ ਐਂਡ ਆਰਡਰ ਤਾਂ ਸਰਕਾਰ ਨੇ ਹੀ ਵੇਖਣਾ ਹੁੰਦਾ ਹੈ । (ਵਿਘਨ) (ਸ਼ੋਰ)

ਸ੍ਰੀ ਸਤਪਾਲ ਡਾਂਗ : ਕੀ ਚੀਫ਼ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਤੁਹਾਡੇ ਕੁਲੀਗ ਚੌਧਰੀ ਕਰਤਾਰ ਸਿੰਘ ਨੇ ਅੱਪਰ ਹਾਊਸ ਵਿਚ ਜਿਹੜਾ ਬਿਆਨ ਦਿੱਤਾ ਹੈ ਕਿ 18 ਤਰੀਖ ਤੋਂ ਲੈ ਕੇ 21 ਤਰੀਖ ਤਕ ਚੰਡੀਗੜ੍ਹ ਵਿਚ ਜਿਹੜਾ ਮੁਜ਼ਾਹਰਾ ਸੀ ਉਸ ਸਿਲਸਿਲੇ ਵਿਚ ਤਿੰਨ ਦਿਨਾਂ ਵਿਚ ਲਗਭਗ 300 ਗਿਰਫ਼ਤਾਰੀਆਂ ਪੰਜਾਬ ਵਿਚ ਅਲਗ

[ਸ਼੍ਰੀ ਸਤਪਾਲ ਡਾਂਗ]

ਅਲਗ ਸਿਆਸੀ ਪਾਰਟੀਆਂ ਦੇ ਵਰਕਰਾਂ ਦੀਆਂ ਹੋਈਆਂ, ਅਗਰ ਇਹ ਗਿਰਫ਼ਤਾਰੀਆਂ 21 ਤਾਰੀਖ਼ ਦੇ ਚੰਡੀਗੜ੍ਹ ਦੇ ਮੁਜ਼ਾਹਰੇ ਦੇ ਨਾਲ ਸਬੰਧਤ ਨਹੀਂ ਸਨ ਤਾਂ ਕਾਹਦੇ ਨਾਲ ਸਬੰਧਤ ਸਨ ?

ਮੁੱਖ ਮੰਤਰੀ : ਉਪਰ ਵਾਲੀ ਗੱਲ ਜਦੋਂ ਪੁਛੋਗੇ ਤਾਂ ਦਸਾਂਗਾ, ਥੱਲੇ ਦਾ ਸਵਾਲ ਪੁਛਿਆ ਹੈ ਔਰ ਮੈਂ ਉਸ ਦਾ ਜਵਾਬ ਦੇ ਦਿਤਾ ਹੈ ।

ਸ਼੍ਰੀ ਸਤਪਾਲ ਡਾਂਗ: ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਸਵਾਲ ਪੁੱਛ ਰਿਹਾ ਹਾਂ ।

ਮੁੱਖ ਮੰਤਰੀ : ਪੁੱਛੋ ।

ਸ਼੍ਰੀ ਸਤਪਾਲ ਡਾਂਗ : ਤੁਸਾਂ ਕਿਹਾ ਹੈ ਕਿ ਚੰਡੀਗੜ੍ਹ ਵਿਚ ਜਿਹੜਾ 21 ਤਾਰੀਖ ਨੂੰ ਮੁਜ਼ਾਹਰਾ ਹੋਇਆ ਉਸ ਸਬੰਧ ਵਿਚ ਕੋਈ ਗਿਰਫ਼ਤਾਰੀ ਨਹੀਂ ਹੋਈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਕੀ ਇਤਫ਼ਾਕ ਹੈ ਕਿ ਚੰਡੀਗੜ੍ਹ ਜਿਹੜਾ ਮੁਜ਼ਾਹਰਾ ਹੁੰਦਾ ਹੈ ਉਸ ਤੋਂ ਤਿੰਨ ਦਿਨ ਪਹਿਲਾਂ ਸਾਰੇ ਪੰਜਾਬ ਵਿਚ 300 ਦੇ ਲਗਭਗ ਸਿਆਸੀ ਵਰਕਰਾਂ ਦੀਆਂ ਗਿਰਫ਼ਤਾਰੀਆਂ ਹੋਈਆਂ ?

ਮੁੱਖ ਮੰਤਰੀ : ਜਿਹੜੀ ਲਿਸਟ ਮੈਂ ਪੜ੍ਹੀ ਹੈ ਇਸ ਦਾ ਜੋੜ ਵੀ ਤਕਰੀਬਨ 300 ਹੀ ਬਣਦਾ ਹੈ। ਇਸ ਦਾ ਮੁਜ਼ਾਹਰੇ ਦੇ ਨਾਲ ਕੋਈ ਸਬੰਧ ਨਹੀਂ । ਇਹ ਜਿਹੜੀਆਂ ਗਿਰਫ਼ਤਾਰੀਆਂ ਹੋਈਆਂ ਇਹ 107/151 ਦੇ ਤਹਿਤ ਕੀਤੀਆਂ ਗਈਆਂ ।

ਸ਼੍ਰੀ ਸਤਪਾਲ ਡਾਂਗ : ਕੀ ਇਸ ਦਾ ਇਹੀ ਮਤਲਬ ਨਹੀਂ ਹੈ ਕਿ ਇਹ ਸਾਰੀਆਂ ਗਿਰਫ਼ਤਾਰੀਆਂ 21 ਤਰੀਖ਼ ਵਾਲੇ ਮੁਜ਼ਾਹਰੇ ਦੇ ਸਿਲਸਿਲੇ ਵਿਚ ਕੀਤੀਆਂ ਗਈਆਂ ?

ਮੁੱਖ ਮੰਤਰੀ : ਇਹ ਤੁਹਾਡੀ ਆਪਣੀ ਰਾਏ ਹੈ ।

ਕਾਮਰੇਡ ਸਤਪਾਲ ਕਪੂਰ : ਕੀ ਚੀਫ਼ ਮਨਿਸਟਰ ਸਾਹਿਬ ਇਹ ਪ੍ਰੈਕਟਿਸ ਬੰਦ ਕਰ ਦੇਣਗੇ ਕਿ ਪੁਲਿਟੀਕਲ ਡਿਮਾਂਸਟਰੇਸ਼ਨ ਨੂੰ ਰੋਕਣ ਵਾਸਤੇ ਜਿਹੜੀਆਂ ਮੁਖਤਲਿਫ਼ ਦਫ਼ਾਤ ਦੇ ਤਹਿਤ ਗਿਰਫ਼ਤਾਰੀਆਂ ਕੀਤੀਆਂ ਜਾਂਦੀਆਂ ਹਨ ਉਨ੍ਹਾਂ ਨੂੰ ਬੰਦ ਕਰ ਦਿੱਤਾ ਜਾਵੇ ? (ਆਪੋਜ਼ੀਸ਼ਨ ਵਲੋਂ ਤਾੜੀਆਂ)

ਮੁੱਖ ਮੰਤਰੀ : ਸਰਕਾਰ ਨਾ ਇਹ ਸ਼ੁਰੂ ਕਰਦੀ ਹੈ ਔਰ ਨਾ ਹੀ ਬੰਦ ਕਰਨ ਦਾ ਕੋਈ ਸਵਾਲ ਹੈ । ਹਰ ਇਕ ਪਾਰਟੀ ਦਾ ਹੱਕ ਹੁੰਦਾ ਹੈ ਕਿ ਉਹ ਪੁਲਿਟੀਕਲ ਡਿਮਾਂਸਟਰੇਸ਼ਨ ਕਰ ਸਕੇ ਲੇਕਿਨ ਉਸ ਦੇ ਨਾਲ ਅਗਰ ਕੋਈ ਖ਼ਤਰਾ ਹੁੰਦਾ ਹੈ, ਕੋਈ ਝਗੜਾ ਹੁੰਦਾ ਹੈ, ਕੋਈ ਝਗੜਾ ਕਰਵਾਇਆ ਜਾਂਦਾ ਹੈ ਜਾਂ ਕਰਾਇਆ ਜਾ ਸਕਦਾ ਹੈ ਤਾਂ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਉਹ ਕਾਸ਼ਸ ਰਹੇ ।

श्री ग्र० विश्वनाथन : क्या मुख्य मन्त्री महोदय बताएंगे कि गिरफतार शुदगान के अन्दर म्युनिसिपल कमिश्नर आल इंडिया पार्टीज़ के डिस्ट्रिक्ट सैक्रेटरीज़ और प्रैज़ीडैंट वगैरह थे, क्या इन को आप अनसोशल ऐलीमैंट समझते हैं ?

मुख्य मन्त्री : इस में जो बात पूछी गई है वह मैंने बता दी है । इस के अलावा अगर आप और बात जानना चाहते हैं तो अलग नोटिस दे दें । पता करके बता दूंगा ।

Shri A. Vishwanathan : On a point of order, Sir.

Mr. Speaker : What is your point of order ?

Sri A. Vishwanathan: Sir, the Chief Minister is trying to evade the question. सवाल यह है कि मुजाहरे के सम्बन्ध में स्यासी गिरफ़तारियां हुई। इन्होंने कहा था कि स्यासी गिरफतारियां नहीं हुई लेकिन जहां खतरा पैदा हुआ वहां 107 और 151 दफात लागू कर के गिरफतारियां कर ली और उन में म्यूनिसिपल कमिश्नर्ज़ थे, आल इंडिया पार्टीज़ के डिस्ट्रिक्ट सैक्रेटरीज़ और प्रेज़ीडेंट थे, लैजिस्लेटर्ज़ भी थे। उन को इस डिमांस्ट्रेशन के दो या तीन दिन पहले गिरफतार किया जाता है, क्या यह स्यासी गिरफतारियां नहीं ?

Is it not repression ? Is it not political vindictiveness ? यह इस सवाल के जवाब को ईवेड कर रहे हैं और सरकमवेंट करना चाहते हैं। मैं इस में आप की प्रोटैक्शन चाहता हूं। इस तरह से इन को सवाल का जवाब साईड ट्रैक नहीं करना चाहिए और स्पेसिफिक जवाब दिलाया जाए।

ਵਿੱਤ ਮੰਤਰੀ : ਸਰਕਾਰ ਤੇ ਕਿਸੇ ਤਰ੍ਹਾਂ ਦੀ ਕੋਈ ਬਾਈਡਿੰਗ ਨਹੀਂ ਹੈ।

श्री अ० विश्वनाथन : On a point of order, Sir. अभी वित्त मन्त्री महोदय ने कहा है कि it is not binding यह तो आप का काम है कि जवाब आए। इस पर जनता का पैसा खर्च होता है। अगर यह सवालों के जवाब नहीं देंगे तो क्या करेंगे ?

ਸ੍ਰੀ ਸਪੀਕਰ : ਬੜੇ ਕਾਬਲ ਵਕੀਲ ਸਾਹਿਬ ਆਪ ਰੂਲਜ਼ ਪੜ੍ਹ ਲਉ, ਉਨ੍ਹਾਂ ਵਿਚ ਲਿਖਿਆ ਹੈ ਕਿ ਇਹ ਜ਼ਰੂਰੀ ਨਹੀਂ ਹੈ ਕਿ ਇਹ ਜਵਾਬ ਦੇਣ। (The hon. Member who is a capable lawyer should go through the rules. It is laid down that it is not obligatory for the Government to give a reply.)

श्री अ० विश्वनाथन : यह तो हर सवाल का जवाब हो सकता है।

ਸ੍ਰੀ ਸਪੀਕਰ : ਆਪ ਨੂੰ ਕਾਫੀ ਜਵਾਬ ਦਿਤੇ ਗਏ ਹਨ ਉਨ੍ਹਾਂ ਵਿਚੋਂ ਜੋ ਆਪ ਕਢਣਾ ਚਾਹੋ ਕਢ ਲਉ। (A large number of replies have come. The hon. Member may make out whatever he can.)

चौधरी बलबीर सिंह : मुख्य मन्त्री महोदय ने सभा में एक सवाल के जवाब में कहा था कि आगे सरकार ने दफा 107/151 का गलत इस्तेमाल किया है, आगे को सरकार इन कामों के लिये नहीं करेगी। वह सवाल हज़ारा सिंह गिल के बारे में था। तब इन्होंने ने एशोरेंस दी थीं, तो क्या सरकार ने यह ठीक कार्यवाही की है ? (विघन)

ਸ੍ਰੀ ਸਪੀਕਰ : ਅਜਿਹੀ ਅਸ਼ੋਰੈਂਸ ਕੋਈ ਨਹੀਂ ਦੇ ਸਕਦਾ । (No body can give such an assurance.)

चौधरी बलबीर सिंह : मैं आप को सवाल का नम्बर दे दूंगा, आप पढ़ लें ।

ARRESTS MADE IN CONNECTION WITH THE DEMONSTRATION HELD AT CHANDIGARH ON 21ST JANUARY, 1968

*891. **Comrade Harkishan Singh Surjit** (Put by Com. Dalip Singh Tapiala) : Will the Chief Minister be pleased to state :

(a) the total number of workers of various parties, if any, arrested district-wise in connection with the demonstration held at Chandigarh on 21st January, 1968;

(b) the extent of Police force mobilized with a view to stop the demonstrators from reaching Chandigarh ;

(c) whether any lathi-charges were resorted to over the persons from joining the said demonstration ;

(d) the total expenditure incurred in connection with the said demonstration ?

ਸਰਦਾਰ ਲਛਮਣ ਸਿੰਘ ਗਿਲ: (ੳ) ਚੰਡੀਗੜ੍ਹ ਵਿਚ 21 ਜਨਵਰੀ, 1968 ਨੂੰ ਹੋਏ ਮੁਜ਼ਾਹਿਰੇ ਦੇ ਸਬੰਧ ਵਿਚ ਕੋਈ ਗਿਰਫ਼ਤਾਰੀ ਨਹੀਂ ਸੀ ਕੀਤੀ ਗਈ।

(ਅ) ਕੋਈ ਨਹੀਂ ।

(ੲ) ਕੋਈ ਨਹੀਂ।

(ਸ) 21 ਜਨਵਰੀ, 1968 ਨੂੰ ਚੰਡੀਗੜ੍ਹ ਵਿਚੇ ਹੋਏ ਇਸ ਮੁਜ਼ਾਹਿਰੇ ਦੇ ਸਿਲਸਿਲੇ ਵਿਚ ਕੋਈ ਖਰਚ ਨਹੀਂ ਕੀਤਾ ਗਿਆ ਸੀ।

[(a) No arrest was made in connection with the demonstration held at Chandigarh on 21st January, 1968.

(b) Nil.

(c) No.

(d) No expenditure was incurred in connection with this demonstration held at Chandigarh on 21st January, 1968.]

ਕਾਮਰੇਡ ਦਲੀਪ ਸਿੰਘ ਟਪਿਆਲਾ : ਕੀ ਮੁਖ ਮੰਤਰੀ ਜੀ ਦੱਸਣਗੇ ਕਿ ਇਹ ਗਿਰਫਤਾਰੀਆਂ ਸੂਬੇ ਦੇ ਅਮਨ ਨੂੰ ਭੰਗ ਹੋਣ ਤੋਂ ਰੋਕਣ ਲਈ ਕੀਤੀਆਂ ਗਈਆਂ ?

ਮੁੱਖ ਮੰਤਰੀ : ਦਫ਼ਾ 107/151 ਦਾ ਤਾਂ ਮਤਲਬ ਹੀ ਇਹ ਹੈ ਕਿ ਫ਼ੌਰੀ ਨੁਕਸ ਅਮਨ ਨੂੰ ਰੋਕਣਾ।

ਕਾਮਰੇਡ ਦਲੀਪ ਸਿੰਘ ਟਪਿਆਲਾ : ਕੀ ਇਹ ਗ੍ਰਿਫ਼ਤਾਰੀਆਂ ਕਿਸੇ ਵਿਅਕਤੀ ਨੂੰ ਖਤਰੇ ਦੇ ਪੇਸ਼ੇਨਜ਼ਰ ਕੀਤੀਆਂ ਗਈਆਂ ਜਾਂ ਸਟੇਟ ਨੂੰ ਖਤਰੇ ਦੇ ਪੇਸ਼ੇਨਜ਼ਰ ?

ਸ੍ਰੀ ਸਪੀਕਰ : ਦੋਵੇਂ ਗੱਲਾਂ ਹੋ ਸਕਦੀਆਂ ਹਨ। (May be these arrests were effected on both the grounds) (ਵਿਘਨ)

ਉਪ-ਮੰਤ੍ਰੀ (ਸਰਦਾਰ ਕਰਨੈਲ ਸਿੰਘ ਮਰੜੀ) : ਆਨ ਏ ਪੁਆਇੰਟ ਆਫ਼ ਆਰਡਰ ਸਰ ਸਪੀਕਰ ਸਾਹਿਬ, ਪਹਿਲਾਂ ਜਰਨੈਲ ਸਾਹਿਬ ਅਤੇ ਹੁਣ ਇਕ-ਦੋ ਹੋਰ ਮੈਂਬਰ ਆਪਦੇ ਅਤੇ ਬੋਲਣ ਵਾਲੇ ਮੈਂਬਰ ਦੇ ਦਰਮਿਆਨ ਦੀ ਨਿਕਲੇ ਹਨ, ਇਨ੍ਹਾਂ ਨੂੰ ਰੋਕਿਆ ਜਾਵੇ।

ਕਾਮਰੇਡ ਦਲੀਪ ਸਿੰਘ ਟਪਿਆਲਾ : ਕੀ ਵਜ਼ੀਰ ਸਾਹਿਬ ਦਸੱਣਗੇ ਕਿ ਇਹ ਗ੍ਰਿਫਤਾਰੀਆਂ ਅੱਡ ਅੱਡ ਜ਼ਿਲ੍ਹਿਆਂ ਵਿਚ ਕੁਝ ਆਦਮੀਆਂ ਤੋਂ ਖਤਰੇ ਦੇ ਪੇਸ਼ੇਨਜ਼ਰ ਕੀਤੀਆਂ ਗਈਆਂ ?

ਮੁੱਖ ਮੰਤ੍ਰੀ : ਦਫ਼ਾ 107/151 ਇਸ ਕਰਕੇ ਲਾਈ ਗਈ ਕਿ ਕਿਤੇ ਕਿਸੇ ਨੂੰ ਨੁਕਸਾਨ ਨਾ ਪਹੁੰਚੇ, ਕਿਸੇ ਦੀ ਜਾਇਦਾਦ ਨੂੰ ਨੁਕਸਾਨ ਨਾ ਪਹੁੰਚੇ, ਲੜਾਈ ਝਗੜਾ ਨਾ ਹੋਵੇ, ਫਿਰਕੇਦਾਰੀ ਝਗੜਾ ਨਾ ਹੋਵੇ। ਤੁਸੀਂ ਤਾਂ ਬੜੇ ਸਿਆਣੇ ਹੋ, ਸਭ ਕੁਝ ਜਾਣਦੇ ਹੋ।

ਲੈਫਟੀਨੈਂਟ ਭਾਗ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮਰੜੀ ਸਾਹਿਬ ਨੇ ਇਕ ਪੁਆਇੰਟ ਆਫ਼ ਆਰਡਰ ਰੇਜ਼ ਕੀਤਾ ਸੀ, ਆਪ ਨੇ ਉਸ ਦਾ ਜਵਾਬ ਨਹੀਂ ਦਿਤਾ।

ਸ੍ਰੀ ਸਪੀਕਰ : ਉਸ ਦੀ ਲੋੜ ਨਹੀਂ। (ਵਿਘਨ) (That does not need a ruling.)

ਕਾਮਰੇਡ ਭਾਨ ਸਿੰਘ ਭਰਾ : ਕਾਮਰੇਡ ਤੇਜਾ ਸਿੰਘ ਸੁਤੰਤਰ ਨੂੰ ਸਟੇਜ ਤੇ ਸਪੀਚ ਦਿੰਦੇ ਹੋਏ ਪਕੜਿਆ ਅਤੇ ਜੋ ਲੋਕ ਇਥੇ ਆ ਰਹੇ ਸਨ ਉਨ੍ਹਾਂ ਨੂੰ ਬਸਾਂ ਵਿਚੋਂ ਉਤਾਰਿਆ ਗਿਆ, ਸਾਰੀਆਂ ਬਸਾਂ ਚੈਕ ਕੀਤੀਆਂ ਗਈਆਂ। ਇਸ ਤਰ੍ਹਾਂ ਦਾ ਕਿਹੜਾ ਖਤਰਾ ਹੋ ਗਿਆ ਸੀ ?

ਮੁੱਖ ਮੰਤਰੀ : ਤੁਸੀਂ ਨੋਟਿਸ ਦੇ ਦਿਉ ਇਨਕੁਆਇਰੀ ਕਰ ਲਵਾਂਗੇ ਕਿ ਕਿਉਂ ਪਕੜਿਆ। 107/151 ਦੇ ਤਹਿਤ ਪਕੜਿਆ ਹੈ। (ਵਿਘਨ)

REVERSIONS OF CERTAIN POLICE OFFICIALS

*938. **Shri Satyapal Dang :** Will the Chief Minister be pleased to state :

(a) whether the promotions/reversions of the officers/officials in the Police Department are governed by any rules, if so, a copy of the rules be placed on the Table of the House;

(b) whether it is a fact that on 1st October, 1967 or there-about, about 40 to 50 officials of the Police department have been reverted from S.I.s to A.S.I.s and A.S.I.s to Head Con tables, etc., if so, the names of the officials so reverted togetherwith their ranks and the period for which they had officiated before their reversion ;

[**Shri Satyapal Dang**]

(c) whether it is a fact that while some senior officials have been reverted, junior ones continue officiating in higher posts ; if so, the reasons thereof ?

Sardar Lachhman Singh Gill : (a) Promotions in the Police Department in this State are governed by Chapter XIII of the Punjab Police Rules, (1938) Vol. II which is a printed published document and is available in the State Libraries.

(b) Yes. Names of the Sub-Inspectors and A.S.I.s reverted to the rank of A.S.I.s and Head Constables, respectively, are given in the list enclosed alongwith the period for which they had officiated before their reversions.

(c) No senior official continues to officiate in higher post in the Range/Unit where the seniority of the officials shown in the list referred to at (b) above is maintained. However, some officials who are on deputation to other departments continue officiating in higher ranks but their *interse* seniority is not affected.

[(ੳ) ਪੰਜਾਬ ਦੇ ਪੁਲੀਸ ਮਹਿਕਮੇ ਦੀਆਂ ਤਰੱਕੀਆਂ, ਪੰਜਾਬ ਪੁਲੀਸ ਰੂਲਜ਼ (1938) ਜਿਲਦ II ਅਧੀਨ ਕੀਤੀਆਂ ਜਾਂਦੀਆਂ ਹਨ, ਜਿਹੜੇ ਕਿ ਛਪੇ ਹੋਏ ਹਨ ਅਤੇ ਸਟੇਟ ਲਾਇਬਰੇਰੀਆਂ ਵਿਚ ਮਿਲ ਸਕਦੇ ਹਨ ।

(ਅ) ਹਾਂ ਜੀ । ਜਿਨ੍ਹਾਂ ਸਬ-ਇੰਸਪੈਕਟਰਾਂ ਅਤੇ ਸਹਾਇਕ ਸਬ-ਇੰਸਪੈਕਟਰਾਂ ਨੂੰ ਬਿਲ ਤਰਤੀਬ ਮੁੜਕੇ ਸਹਾਇਕ ਸਬ-ਇੰਸਪੈਕਟਰ ਅਤੇ ਹੈਡ ਕਾਂਸਟੇਬਲ ਬਣਾ ਦਿੱਤਾ ਗਿਆ ਸੀ, ਉਨ੍ਹਾਂ ਦੇ ਨਾਂ ਨਾਲ ਨਥੀ ਕੀਤੀ ਸੂਚੀ ਵਿੱਚ ਦਰਜ ਹਨ । ਇਹ ਨਾਲੇ ਇਹ ਵੀ ਦਸਿਆ ਗਿਆ ਹੈ ਕਿ ਮੁੜ ਕੇ ਆਪਣੇ ਅਹੁਦੇ ਤੇ ਪਰਤਣ ਤੋਂ ਪਹਿਲਾਂ ਕਾਇਮ ਮੁਕਾਮ ਦੇ ਰੂਪ ਵਿਚ ਉਹ ਕਿੰਨਾ ਚਿਰ ਕੰਮ ਕਰਦੇ ਰਹੇ ।

(ੲ) ਜਿਥੇ ਉਪਰੋਕਤ 'ਅ' ਵਿਚ ਦੱਸੀ ਗਈ ਸੂਚੀ ਵਿਚ ਦਰਸਾਏ ਗਏ ਕਰਮਚਾਰੀਆਂ ਦੀ ਸੀਨੀਅਰਤਾ (Seniority) ਰਖੀ ਜਾਂਦੀ ਹੈ, ਉਥੇ ਰੇਂਜ/ਯੂਨਟ ਵਿਚ ਕੋਈ ਸੀਨੀਅਰ ਕਰਮਚਾਰੀ ਉਚੀ ਪਦਵੀ ਉਤੇ ਕਾਇਮ ਮੁਕਾਮ ਸੂਰਤ ਵਿਚ ਕੰਮ ਨਹੀਂ ਕਰ ਰਿਹਾ । ਤਾਂ ਵੀ ਕੁਝ ਕੁ ਕਰਮਚਾਰੀ ਜਿਹੜੇ ਕਿ ਹੋਰ ਮਹਿਕਮਿਆਂ ਕੋਲ ਡੈਪੂਟੇਸ਼ਨ ਉਤੇ ਗਏ ਹੋਏ ਹਨ, ਉਹ ਉੱਚੀਆਂ ਪਦਵੀਆਂ ਉਤੇ ਕਾਇਮ ਮੁਕਾਮ ਸੂਰਤ ਵਿਚ ਕੰਮ ਕਰ ਰਹੇ ਹਨ ਪਰ ਉਨ੍ਹਾਂ ਦੀ ਪ੍ਰਸਪਰ ਸੀਨੀਅਰਤਾ ਵਿੱਚ ਕੋਈ ਫਰਕ ਨਹੀਂ ਪੈਂਦਾ ।]

Names of SIs/ASIs who were promoted on *ad-hoc* basis but were reverted with effect from 1st October, 1967 for lack of vacancies

Serial No.	*Name and No.*	*Date/order of promotion*	*Date on which reverted as ASI*	*Period for which officiated*		
				Yrs.	M.	Days
(a)	**Sub-Inspectors reverted as ASIS**					
1.	Shri Man Singh No. 28/GSP of Amritsar	10-1-64	1-10-67	3	8	21

Serial No.	Name and No.	Date/Order of promotion	Date on which reverted as ASI	Period for which officiated		
2.	Shri Swarn Singh, No. 241/B CID	10-1-64	1-10-67	3	8	21
3.	Shri Piara Singh, No. 236/B of CID	26-6-64	1-10-67	3	3	3
4.	Shri Rup Lal, 238/B of CID	10-1-64	1-10-67	3	8	21
5.	Shri Gian Chand, No. 234/B of Ferozepur	18-1 64	1-10-67	3	8	21
6.	Shri Raghubans Lal, No. 232/B of SIB	Promoted,—vide this office order No. 2/CBR, dated 9th January, 1964	1-10-67	Offg. He is still offg. as SI against SIB vacancy		
7.	Shri Paramjit Singh, 224/B of Amritsar	10-1-64	1-10-67	3	8	21
8.	Shri Sukhcharan Singh, No. 215/B of UT/Chandigarh	5-12-66	1-10-67	0	9	26
9.	Shri Kartar Singh, 204/B of Ferozepur	11-1-64	1-10-67	3	8	20

(b) Assistant Sub-Inspectors reverted as Head Constables

Serial No.	Name and No.	Date/Order of promotion	Date on which reverted as H.C.	Period for which officiated		
1	2	3	4	5		
				Yrs.	M.	Days
1.	Shri Behari Lal, 1741/ASR of Amritsar	9-8-67	1-10-67	0	1	22
2.	Shri Niranjan Dass. No. 1278/ASR of Amritsar	8-8-67	1-10-67	0	1	23
3.	Shri Kirpa Singh, No. 1466/ASR of Amritsar	15-8-67	1-10-67	0	1	16
4.	Shri Bela Singh, 537/ASR of Amritsar	14-8-67	1-10-67	0	1	17
5.	Shri Partap Singh, 948/FZR of Hoshiarpur	12-8-67	1-10-67	0	1	19
6.	Shri Nand Singh, 386/ASR of Amritsar	11-8-67	1-10-67	0	1	11
7.	Shri Ram Dass, 1774/ASR of Amritsar	15-8-67	1-10-67	0	1	16
8.	Shri Gurmej Singh, 562/ASR of Amritsar	15-8-67	1-10-67	0	1	16
9.	Shri Piara Singh, 1201/ASR of Amritsar	16-8-67	1-10-67	0	1	15
10.	Shri Gurdial Singh, 1669/ASR of Amritsar	8-8-67	1-10-67	0	1	24
11.	Shri Ram Rachhpal, 243/ASR of Amritsar	8-8-67	1-10-67	0	1	23
12.	Shri Hazara Singh, 153/ASR of Amritsar	15-8-67	1-10-67	0	1	16

[Chief Minister]

Serial No.	Name and No.	Date/Order of promotion	Date on which reverted as H.C.	Period for which officiated		
				Yrs	M.	D.
13.	Shri Chanan Singh, 1214/ASR of Amritsar	16-8-67	1-10-67	0	1	5
14.	Shri Thakar Singh, 465/ASR of Amritsar	19-8-67	1-10-67	0	1	12
15.	Shri Achhar Singh, 732/ASR of Amritsar	1-8-67	1-10-67	0	2	—
16.	Shri Swaran Singh, 337/GSP of Gurdaspur	14-8-67	1-10-67	0	1	18
17.	Shri Bhim Sain, 1197/FZR of Ferozepur	8-8-67	1-10-67	0	1	23
18.	Shri Tirath Ram, 21/FZR of Ferozepur	25-8-67	1-10-67	0	1	6
19.	Shri Kasturi Lal, 584 of FZR of Ferozepur	28-7-67	1-10-67	0	2	3
20.	Shri Nand Lal, 451/FZR of Ferozepur	17-8-67	1-10-67	0	1	14
21.	Shri Tej Ram Singh, 1837/FZR of Ferozepur	28-7-67	1-10-67	0	2	3
22.	Shri Vidya Sagar, 1290/FZR of Ferozepur	9-8-67	1-10-67	0	1	22
23.	Shri Didar Singh, 3405			1½ years		
24.	Shri Hari Singh, 3438			1½ years		
25.	Shri Manphool Singh, 615/AP Bn.			1½ years		
26.	Shri Dalip Singh, 1286			1½ years		
27.	Shri Sohan Singh, 2652			1½ years		
28.	Shri Bakhshish Singh, 4602			1½ years		
29.	Shri Gurmit Singh, 3449			1½ years		
30.	Shri Iqbal Singh, 3194			½ year		
31.	Shri Jagdish Singh, 7173			1½ years		
32.	Shri Sadhu Singh, 1329			1½ years		
33.	Shri Gurnam Singh, 4932			1½ years		
34.	Shri Karnail Singh, 570			1 year		
35.	Shri Ajaib Singh, 3431			1½ years		
36.	Shri Hoshiar Singh, 4229			1 year		
37.	Shri Gurnek Singh, 5448			1½ years		
38.	Shri Dina Nath, 2213			½ year		
39.	Shri Jarnail Singh, 4846			1½ years		
40.	Shri Chanan Singh, 2760			3½ years		
41.	Shri Sucha Singh, 11/1146			9 mohths		

Serial No.	Name and No.	Date/Order of promotion	Date on which reverted as H.C.	Period for which officiated
1	2	3	4	5
42.	Shri Darbara Singh, 403			3 years
43.	Shri Nirmal Singh, 1346			1½ years
44.	Shri Ujagar Singh, 3109			2 years
45.	Shri Brij Lal, 1104			1½ years
46.	Shri Dalip Singh, 2853			1½ year
47.	Shri Yog Raj, 243			1½ years
48.	Shri Chanan Singh, 91			1½ years
49.	Shri Niranjan Singh, 396			1½ years
50.	Shri Roshan Lal, 2165			1½ years
51.	Shri Charan Kanwaljit Singh, 4995			1½ years
52.	Shri Amar Nath, 47			1½ years
53.	Shri Banwari Lal, 3901			1½ years
54.	Shri Rachhpal Singh 2662			1½ years
55.	Shri Sabaz Singh, 1261			1 year
56.	Shri Gurpartap Singh. 174			6 months
57.	Shri Harbhajan Singh, 2841			½ years
58.	Shri Gurnam Singh, 320/AP Bn.			½ year
59.	Shri Mela Singh, 5460			½ year
60.	Shri Joginder Singh, 5102			½ year
61.	Shri Amit Singh, 36/139			½ year
62.	Shri Niranjan Singh, 6202			½ year
63.	Shri Gian Singh, 1298			½ year
64.	Shri Raj Balochan, 235			½ year
65.	Shri Gurdial Singh, 3059			½ year
66.	Shri Surinder Lal, 4409			½ year
67.	Shri Gurdip Singh, 3020			½ year
68.	Shri Charanjit Singh, 4061			½ year
69.	Shri Dalbir Singh, 4891			½ year
70.	Shri Randhir Singh, 5648			½ year
71.	Shri Baldev Singh, 235			4 years
72.	Shri Ravi Dutt, 994			4 years
73.	Shri Lalji Ram, 12			2½ years
74.	Shri Lishan Chand, 2588			3½ years
75.	Shri Ajit Singh, 224			1½ years
76.	Shri Shankar Singh, 2972			1½ years
77.	Shri Harnek Singh, 90/AP Bn.			1½ years
78.	Shri Nazar Singh, 304/GRP			6 Yrs 4 M. 6 days

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਸਵਾਲ ਦੇ ਆਖਰੀ ਹਿੱਸੇ ਵਿਚ ਲਿਖਿਆ ਹੈ—

"Whether it is a fact that while senior officials have been reverted, junior ones continue officiating in higher posts, if so, the reasons therefor."

ਇਨ੍ਹਾਂ ਨੇ ਜਵਾਬ ਦਿਤਾ ਹੈ ਕਿ ਕੋਈ ਸੀਨੀਅਰ ਅਫ਼ਸਰ ਆਫ਼ੀਸ਼ੀਏਟ ਨਹੀਂ ਕਰ ਰਿਹਾ । ਮੈਂ ਪੁਛਿਆ ਸੀ ਕਿ ਜਦ ਰੀਵਰਸ਼ਨਜ਼ ਕੀਤੀਆਂ ਤਾਂ ਕੀ ਇਹ ਹਕੀਕਤ ਹੈ ਕਿ ਸੀਨੀਅਰ ਅਫ਼ਸਰਾਂ ਨੂੰ ਰੀਵਰਟ ਕਰ ਦਿਤਾ ਅਤੇ ਜੂਨੀਅਰ ਆਫ਼ੀਸ਼ੀਏਟ ਕਰਦੇ ਰਹੇ ? ਇਨ੍ਹਾਂ ਨੇ ਕਿਹਾ ਹੈ ਕਿ ਸੀਨੀਅਰ ਆਫ਼ੀਸ਼ੀਏਟ ਨਹੀਂ ਕਰਦੇ ਰਹੇ ।

ਮੁਖ ਮੰਤਰੀ : ਆਪ ਸਮਝੇ ਨਹੀਂ, ਤੁਹਾਡੀ ਤਵੱਜੁਹ ਹੋਰ ਪਾਸੇ ਹੋਣੀ ਹੈ । ਮੈਂ ਕਿਹਾ ਸੀ ਕਿ ਰੈਗੂਲਰ ਫ਼ੋਰਸ ਦੇ ਅਮਲੇ ਵਿਚ ਕਿਸੇ ਜੂਨੀਅਰ ਨੂੰ ਸੀਨੀਅਰ ਦੀ ਜਗ੍ਹਾ ਨਹੀਂ ਰਖਿਆ ਗਿਆ । ਜਿਥੇ ਤਕ ਡੈਪੂਟੇਸ਼ਨ ਦਾ ਤੱਲਕ ਹੈ ਉਹ ਚਾਹੇ ਜੂਨੀਅਰ ਹੀ ਸੀ ਉਹ ਆਪਣੀ ਜਗ੍ਹਾ ਤੇ ਕੰਮ ਕਰਦਾ ਰਿਹਾ । ਇਹੀ ਲਿਖਿਆ ਹੈ ।

PERSONS ARRESTED AT BATALA ON 5TH FEBRUARY, 1968.

***1003. Shri Harbans Lal Khanna** : Will the Chief Minister be pleased to state :

(a) the total number and names of the p rsons arrested at Batala on 5th February, 1968 on the arrival of the Chief Minister;

(b) whether it is a fact that the arrested persons were n t provided wi h sufficient blankets during the night and were not served any meals. if so, the reasons therefor;

(c) the total number of blankets supplied to arrested persons ?

ਸਰਦਾਰ ਲਛਮਣ ਸਿੰਘ ਗਿਲ : (ੳ) ਅਠਾਰਾਂ (18) ਆਦਮੀਆਂ ਅਰਥਾਤ (1) ਸਰਬ ਸ੍ਰੀ ਰਤਨ ਲਾਲ ਜੈਨ, (2) ਧਰਮ ਪਾਲ ਹਲਵਾਈ, (3) ਧਿਆਨ ਪਾਲ ਬਜਾਜ਼, (4) ਰਿਸ਼ੀ ਦੱਤ ਗੁਲ੍ਹਾਟੀ, (5) ਦੇਵ ਰਾਜ, (6) ਰਾਮ ਦਿਆਲ, (7) ਹਜ਼ਾਰਾ ਸਿੰਘ, (8) ਗਿਰਧਾਰੀ ਮਲ, (9) ਸੁਲੱਖਣ ਸਿੰਘ, (10) ਹਰਬੰਸ ਲਾਲ, (11) ਕਰਤਾਰ ਸਿੰਘ, (12) ਕਰਤਾਰ ਚੰਦ, (13) ਵਰਿੰਦਰ ਕੁਮਾਰ, (14) ਖਜ਼ਾਨ ਸਿੰਘ, (15) ਅਮਰਜੀਤ ਸਿੰਘ, (16) ਜਸਬੀਰ ਸਿੰਘ, (17) ਕਿਰਪਾਲ ਸਿੰਘ, (18) ਓਮ ਪਰਕਾਸ਼ ਨੂੰ 5 ਫ਼ਰਵਰੀ 1968 ਨੂੰ ਮੁੱਖ ਮੰਤਰੀ ਦੇ ਬਟਾਲੇ ਵਿਚ ਪੁਜਣ ਤੇ ਫੜਿਆ ਗਿਆ ਸੀ ।

(ਅ) ਨਹੀਂ ਜੀ, ਉਨ੍ਹਾਂ ਨਿਯਮਾਂ ਅਨੁਸਾਰ ਉਨ੍ਹਾਂ ਨੂੰ ਕੰਬਲ ਅਤੇ ਖਾਣਾ ਦਿਤਾ ਗਿਆ ਸੀ ।

(ੲ) 54 ਕੰਬਲ, 18 ਦਰੀਆਂ ਅਤੇ 15 ਚਟਾਈਆਂ ਉਨ੍ਹਾਂ ਨੂੰ ਮੁਹਈਆ ਕੀਤੀਆਂ ਗਈਆਂ ਸਨ ।

(a) Eighteen (18) Persons viz (1) S/Shri Rattan Lal Jain, (2) Dharam paul Halwai, (3) Dhian paul Bazaz, (4) Rishi Datt Gulhati, (5) Dev Raj, (6) Ram Dyal, (7) Hazara Singh, (8) Girdhari Mal, (9) Sulakhan Singh, (10) Harbans Lal (11) Kartar Singh, (12) Kartar Chand, (13) Varinder Kumar, (14) Khazan Singh (15) Amrjit Singh, (16) Jasbir Singh, (17) Kirpal Singh, (18) Om Parkash, were arrested at Batala on 5th February, 1968, on the arrival of the Chief Minister.

(b) No. They were duly provided with blankets and meals permissible under the rules.

(c) 54 blankets, 18 darries and 15 mats were provided to them.)

ਸ੍ਰੀ ਹਰਬੰਸ ਲਾਲ ਖੰਨਾ : ਕੀ ਮੁਖ ਮੰਤਰੀ ਸਾਹਿਬ ਇਹ ਦਸਣਗੇ ਕਿ ਕਿਸ ਧਾਰਾ ਦੇ ਅਧੀਨ ਇਨ੍ਹਾਂ ਆਦਮੀਆਂ ਨੂੰ ਪਕੜਿਆ ਗਿਆ ਸੀ ? (ਵਿਘਨ)

2.00 P.M.

ਚੌਧਰੀ ਦਰਸ਼ਨ ਸਿੰਘ : ਉਹ ਤਾਂ ਜਾਂਦੇ ਹੋਏ ਕੰਬਲ ਵੀ ਨਾਲ ਹੀ ਚੁੱਕ ਕੇ ਲੈ ਗਏ । (ਹਾਸਾ)

ਮੁੱਖ ਮੰਤਰੀ : ਇਨ੍ਹਾਂ ਵਿਚੋਂ ਕੁਝ ਤਾਂ ਦਫ਼ਾ 332/355/506/186/147/148/149 ਦੇ ਅਧੀਨ ਗਰਿਫ਼ਤਾਰ ਕੀਤੇ ਗਏ ਤੇ ਕੁਝ 107/151 ਅਧੀਨ ਪਕੜੇ ਗਏ ਸਨ ।

ਸ੍ਰੀ ਹਰਬੰਸ ਲਾਲ ਖੰਨਾ : ਕੀ ਮੁਖ ਮੰਤਰੀ ਸਾਹਿਬ ਦਸਣਗੇ ਕਿ ਉਨ੍ਹਾਂ ਨੂੰ 54 ਹੀ ਕੰਬਲ ਸਪਲਾਈ ਕੀਤੇ ਗਏ ਜਾਂ ਸਿਰਫ਼ ਚਾਰ ਹੀ ?

ਸਪੀਕਰ ਸਾਹਿਬ, ਮੈਂ ਇਹ ਗੱਲ ਤੁਹਾਡੇ ਨੋਟਿਸ ਵਿਚ ਲਿਆਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ 54 ਕੰਬਲ ਸਪਲਾਈ ਨਹੀਂ ਕੀਤੇ ਗਏ । ਮੈਂ ਮੁਖ ਮੰਤਰੀ ਦੀ ਇਸ ਸਟੇਟਮੈਂਟ ਨੂੰ ਚੈਲੰਜ ਕਰਦਾ ਹਾਂ ਅਤੇ ਮੇਰੀ ਆਪ ਪਾਸ ਪਰਾਰਥਨਾ ਹੈ ਕਿ ਆਪ ਇਕ ਕਮੇਟੀ ਬਣਾ ਦਿਉ ਜਿਹੜੀ ਇਸ ਗੱਲ ਦੀ ਇਨਕੁਆਰੀ ਕਰ ਲਏ ਕਿ ਆਇਆ ਕੰਬਲ ਦਿਤੇ ਗਏ ਸਨ ਜਾਂ ਨਹੀਂ ਅਤੇ ਕੀ ਮੁਖ ਮੰਤਰੀ ਨੇ ਇਸ ਹਾਊਸ ਨੂੰ ਮਿਸਲੀਡ ਕੀਤਾ ਹੈ ਇਹ ਬਿਆਨ ਦੇ ਕੇ ਕਿ 54 ਕੰਬਲ ਸਪਲਾਈ ਕੀਤੇ ਗਏ ਸਨ ? (ਵਿਘਨ)

ਸ੍ਰੀ ਸੱਤਪਾਲ ਡਾਂਗ : ਕੀ ਮੁਖ ਮੰਤਰੀ ਸਾਹਿਬ ਇਹ ਦਸਣਗੇ ਕਿ ਇਹ ਜਿਹੜੇ 54 ਕੰਬਲ ਸਪਲਾਈ ਕੀਤੇ ਗਏ ਇਹ ਜੁਡੀਸ਼ਲ ਲਾਕ ਅਪ ਵਿਚ ਕੀਤੇ ਗਏ ਜਾਂ ਪੁਲਿਸ ਲਾਕ ਅਪ ਵਿੱਚ ।

ਮੁੱਖ ਮੰਤਰੀ : ਇਹ ਪੁਲਿਸ ਲਾਕ ਅਪ ਦੀ ਗੱਲ ਹੈ ।

ਸ੍ਰੀ ਸੱਤਪਾਲ ਡਾਂਗ : ਪੁਲਿਸ ਲਾਕ ਅਪ ਵਿਚ ਤਾਂ ਕੰਬਲ ਹੁੰਦੇ ਹੀ ਨਹੀਂ ।

ਸ੍ਰੀ ਹਰਬੰਸ ਲਾਲ ਖੰਨਾ : ਕੀ ਮੁਖ ਮੰਤਰੀ ਦਸਣਗੇ ਕਿ ਜਿਹੜੀ ਇਹਨਾਂ ਸਟੇਟਮੈਂਟ ਦਿਤੀ ਹੈ ਉਸ ਵਿਚ 54 ਕੰਬਲ ਦਿਤੇ ਗਏ ਲਿਖੇ ਹੋਏ ਹਨ ਪਰ ਦਿਤੇ ਇਨ੍ਹਾਂ ਨੂੰ ਸਿਰਫ਼ 4 ਕੰਬਲ ਹੀ ।

ਚੌਧਰੀ ਦਰਸ਼ਨ ਸਿੰਘ : ਕੀ ਮੁੱਖ ਮੰਤਰੀ ਸਾਹਿਬ ਇਹ ਦਸਣਗੇ ਕਿ ਕੰਬਲ ਸਫ਼ੀਸ਼ੈਂਟ ਨਾਂ ਮਿਲਣ ਦੇ ਕਾਰਨ ਕੁਝ ਜ਼ੇਰ ਹਿਰਾਸਤ ਆਦਮੀ ਸਰਦੀ ਲਗ ਜਾਣ ਕਾਰਨ ਬੀਮਾਰ ਹੋ ਗਏ ਅਤੇ ਉਨ੍ਹਾਂ ਦੀ ਦਵਾ ਦਾਰੂ ਸਰਕਾਰ ਵਲੋਂ ਕੀਤਾ ਗਿਆ ? ਅਜਿਹੇ ਕੇਸਾਂ ਦੀ ਗਿਣਤੀ ਕਿੰਨੀ ਹੈ ।

ਮੁੱਖ ਮੰਤਰੀ : ਕੋਈ ਬੀਮਾਰ ਨਹੀਂ ਸੀ ਹੋਇਆ ਕਿਉਂਕਿ ਕੰਬਲ ਪੂਰੇ ਦਿਤੇ ਗਏ ਸਨ ਅਤੇ ਛਾਲਾਂ ਮਾਰਦੇ ਸਨ । (ਹਾਸਾ)

———

AGREEMENT REACHED WITH PRIVATE SCHOOLS TEACHERS IN THE STATE

***969. Shri Harbans Lal Khanna.** : Will the Chief Minister be pleased to State:

(a) whether the promise given by the Government to the teachers of private Schools in the State to meet their demands has been implemented, if not, the reasons therefor;

(b) the time by which the agreement, if any, reached with the said teachers is likely to be fulfilled ?

ਸਰਦਾਰ ਲਛਮਣ ਸਿੰਘ ਗਿੱਲ : (ੳ) ਅਤੇ (ਅ) ਪ੍ਰਾਈਵੇਟ ਮਨਜ਼ੂਰ ਸ਼ੁਦਾ ਸਕੂਲਾਂ ਅਤੇ ਗੌਰਮਿੰਟ ਸਕੂਲਾਂ ਵਿਚ ਕੰਮ ਕਰਨ ਵਾਲੇ ਟੀਚਰਾਂ ਦੀਆਂ ਤਨਖਾਹਾਂ ਦੇ ਸਕੇਲਾਂ ਵਿਚ ਇਕਸਾਰਤਾ ਲਿਆਉਣ ਲਈ ਰਾਜ ਸਰਕਾਰ ਨੇ 50 ਲਖ ਰੁਪਏ ਦੀ ਰਕਮ ਰੱਖ ਛੱਡੀ ਹੈ ਜਿਹੜੀ ਕਿ ਪੰਜਾਬ ਦੇ ਪ੍ਰਾਈਵੇਟ ਮਨਜ਼ੂਰ ਸ਼ੁਦਾ ਸਕੂਲਾਂ ਨੂੰ ਐਡਹਾਕ ਗਰਾਂਟ ਦੇ ਰੂਪ ਵਿਚ ਦਿਤੀ ਜਾਵੇਗੀ ਗਰਾਂਟ ਦੇ ਫੌਰੀ ਤੌਰ ਤੇ ਦਿਤੇ ਜਾਣ ਦੇ ਲੋੜੀਂਦੇ ਹੁਕਮ ਜਾਰੀ ਕਰ ਦਿਤੇ ਗਏ ਹਨ । ਪ੍ਰਾਈ-ਵੇਟ ਟੀਚਰਾਂ ਦੀ ਨੌਕਰੀ ਦੀ ਸੁਰੱਖਿਆ ਦੀ ਮੰਗ ਵੀ ਅਮਲੀ ਤੌਰ ਤੇ ਮੰਨ ਲਈ ਗਈ ਹੈ । ਇਸ ਬਾਰੇ ਕਾਨੂੰਨ ਬਣਾਉਣ ਦੀ ਗੱਲ ਵੀ ਵਿਚਾਰ ਅਧੀਨ ਹੈ ।

[(a) and (b) with a view to bring about parity of pay-scales between teachers working in Government Schools and Privately managed recognised schools, the State Government have provided a sum of Rs. 50 lacs for the payment of adhoc grants to the privately managed recognised schools in the State. Necessary orders have been issued for immediate payment of grants. The demands of security of service to the private teachers has also practically been met. A legislation in this regard is also under consideration.)

ਸ੍ਰੀ ਹਰਬੰਸ ਲਾਲ ਖੰਨਾ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਇਹ ਜਿਹੜੇ ਪ੍ਰਾਈ-ਵੇਟ ਸਕੂਲਾਂ ਦੇ ਟੀਚਰਾਂ ਨੂੰ ਕੋਠਾਰੀ ਕਮਿਸ਼ਨ ਦੀ ਰਿਪੋਰਟ ਅਨੁਸਾਰ ਗਰੇਡ ਦਿਤੇ ਗਏ ਹਨ ਇਹ ਕਿਸ ਤਾਰੀਖ ਤੋਂ ਵਧਾਏ ਗਏ ਹਨ ।

ਮੁਖ ਮੰਤਰੀ : ਇਹ 1 ਦਸੰਬਰ, 1967 ਤੋਂ ਵਧਾਏ ਗਏ ਹਨ ।

ਸ੍ਰੀ ਸਤਪਾਲ ਡਾਂਗ : ਕੀ ਚੀਫ ਮਨਿਸਟਰ ਸਾਹਿਬ ਇਹ ਦਸਣਗੇ ਕਿ ਜਿਹੜੇ ਟੀਚਰਾਂ ਦੀ ਨੌਕਰੀ ਦੇ ਤਹਫ਼ਜ਼ ਬਾਰੇ ਇਨ੍ਹਾਂ ਨੇ ਕਿਹਾ ਹੈ ਕਿ ਬਿਲ ਪਾਸ ਕਰਨਾ ਹੈ ਕੀ ਉਹ ਬਿਲ ਇਸ ਸੈਸ਼ਨ ਵਿਚ ਅਸੰਬਲੀ ਵਿਚ ਪੇਸ਼ ਕਰ ਦਿਤਾ ਜਾਵੇਗਾ ?

ਮੁਖ ਮੰਤਰੀ : ਅਜੇ ਤਾਂ ਇਸ ਗੱਲ ਤੇ ਸੋਚ ਵਿਚਾਰ ਕੀਤਾ ਜਾ ਰਿਹਾ ਹੈ ਕਿ ਇਹ ਬਿਲ ਲਿਆਂਦਾ ਵੀ ਜਾਵੇ ਜਾਂ ਨਹੀਂ, ਜਦ ਫ਼ੈਸਲਾ ਕਰ ਲਿਆ ਤਾਂ ਬਿਲ ਵੀ ਲਿਆਂਦਾ ਜਾਵੇਗਾ ।

चौधरी बलबीर सिंह : क्या मुख्य मंत्री बताएंगे कि इन ग्रेड्ज़ को बढाने के लिए सरकार की तरफ से जो कमेटी बनाई गई थी उस कमेटी की सिफारशों पर फिनांस डिपार्टमेंट ने एतराज़ किया है ?

ਮੁੱਖ ਮੰਤਰੀ : ਇਸ ਸਵਾਲ ਵਿੱਚੋਂ ਤਾਂ ਪੈਦਾ ਨਹੀਂ ਹੁੰਦਾ ਪਰ ਪੁੱਛ ਕੇ ਦੱਸ ਸਕਦਾ ਹਾਂ।

चौधरी बलबीर सिंह : इस सवाल से यह बात पैदा होती है, अध्यक्ष महोदय, कोठारी कमिशन की सिफारशों की इम्पलीमेंटेशन सरकार की तरफ से की जा रही है और इस के लिए एक सब कमेटी बनाई गई थी जिस के चेयरमैन महंत राम प्रकाश दास थे । उन्हों ने कुछ सिफ़ारशें की है । उस कमेटी में फिनांस डिपार्टमैंट के अंडर सैक्रेटरी भी थे । अब फिनांस डिपार्टमैंट वालों ने अड़चन पैदा कर दी है।

Mr. Speaker : Will you please ask a new question ?

(At this Chaudhri Balbir Singh resumed his seat.)

ਸਰਦਾਰ ਬਲਵੰਤ ਸਿੰਘ : ਮੈਂ ਚੀਫ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪ੍ਰਾਈਵੇਟ ਸਕੂਲ ਦੇ ਟੀਚਰਾਂ ਨਾਲ ਇਹ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀਆਂ ਨੌਕਰੀਆਂ ਦਾ ਤਹੱਫਜ਼ ਕੀਤਾ ਜਾਵੇਗਾ ਅਤੇ ਇਸ ਸੈਸ਼ਨ ਵਿੱਚ ਅਸੈਂਬਲੀ ਵਿੱਚ ਇਸ ਮਤਲਬ ਦਾ ਬਿੱਲ ਲਿਆਂਦਾ ਜਾਵੇਗਾ ।

ਮੁੱਖ ਮੰਤਰੀ : ਬਿਲ ਲਿਆਣ ਦਾ ਤਾਂ ਵਾਅਦਾ ਕੋਈ ਨਹੀਂ ਸੀ ਕੀਤਾ, ਤਹੱਫਜ਼ ਕਰਨ ਦਾ ਵਾਅਦਾ ਜ਼ਰੂਰ ਕੀਤਾ ਸੀ । ਉਸ ਵਾਅਦੇ ਤੇ ਕਾਇਮ ਹਾਂ । (ਪ੍ਰਸ਼ੰਸਾ)

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਕੀ ਮੁੱਖ ਮੰਤਰੀ ਜੀ ਇਹ ਦੱਸਣ ਦੀ ਕਿਰਪਾ ਕਰਨਗੇ ਕਿ ਨੌਕਰੀਆਂ ਵਿੱਚ ਤਹੱਫਜ਼ ਐਜੂਕੇਸ਼ਨ ਕੋਡ ਵਿੱਚ ਅਮੈਂਡਮੈਂਟ ਕਰਨ ਨਾਲ ਵੀ ਕੀਤਾ ਜਾ ਸਕਦਾ ਹੈ ?

ਮੁੱਖ ਮੰਤਰੀ : ਜੀ ਹਾਂ, ਇਸ ਤਰ੍ਹਾਂ ਵੀ ਹੋ ਸਕਦਾ ਹੈ ।

ਕਾਮਰੇਡ ਭਾਨ ਸਿੰਘ ਭੌਰਾ : ਕੀ ਇਹ ਠੀਕ ਹੈ ਕਿ 31 ਮਾਰਚ, 1968 ਤਕ ਜਿਹੜੇ ਅਨਟ੍ਰੇਂਡ ਟੀਚਰ ਬੀ.ਏ ਜਾਂ ਐਮ. ਏ. ਪਾਸ ਕਰਕੇ ਲਗੇ ਹੋਏ ਹਨ, ਉਨ੍ਹਾਂ ਨੂੰ ਨੋਟਿਸ ਦੇ ਦਿੱਤਾ ਗਿਆ ਹੈ ਕਿ ਤੁਹਾਨੂੰ 31 ਤਾਰੀਖ ਤੋਂ ਬਾਦ ਨੌਕਰੀ ਤੋਂ ਹਟਾ ਦਿੱਤਾ ਜਾਏਗਾ ?

Mr. Speaker : This is a new question.

CONSTRUCTION OF BUILDINGS OF GOVERNMENT SCHOOLS IN TEHSIL MOGA, DISTRICT FEROZEPORE.

*974. **Shri Harbans Lal Khanna** : Will the Chief Minister be pleased to state :

(a) whether he is aware of the fact that the students of Government Schools in Tehsil Moga of district Ferozepore have to sit in the open for study during these severe winter days;

[Shri Harbans Lal Khanna]

(b) if the reply to part (a) above be in the affirmative, the names of places where the said schools are situated and the details of the steps taken by the Government to construct buildings for the said Schools;

(c) if no steps have been taken so far, the reasons therefor;

(d) whether there is any scheme under the consideration of the Government to construct buildings for the said schools at an early date; if so, the time limit, if any, fixed for this purpose ?

ਸਰਦਾਰ ਲਛਮਣ ਸਿੰਘ ਗਿੱਲ : (ੳ) ਹਾਂ ਜੀ ।

(ਅ) ਪ੍ਰਾਪਤ ਹੋਈ ਸੂਚਨਾ ਅਨੁਸਾਰ ਅਜਿਹੇ 37 ਸਕੂਲ ਹਨ ਜਿਨ੍ਹਾਂ ਦੀ ਸੂਚੀ ਸਭਾ ਦੇ ਸਾਮ੍ਹਣੇ ਪੇਸ਼ ਹੈ। ਇਸ ਸੂਚੀ ਵਿੱਚ ਦਿੱਤੇ ਦੋ ਸਕੂਲਾਂ ਲਈ ਛਪਰਾਂ ਦੀ ਮਨਜ਼ੂਰੀ ਦੇ ਦਿੱਤੀ ਗਈ ਹੈ ।

(ੲ) ਰਾਜ ਦੀਆਂ ਵਿਦਿਅਕ ਸੰਸਥਾਵਾਂ ਵਿੱਚ ਜਗ੍ਹਾ ਦੀ ਆਮ ਥੁੜ੍ਹ ਹੈ। ਜਿੰਨੇ ਕੁ ਵਸੀਲੇ ਹਨ, ਉਨ੍ਹਾਂ ਦੇ ਮੁਤਾਬਕ ਸਕੂਲਾਂ ਨੂੰ ਵਧੀਕ ਜਗ੍ਹਾ ਮੁਹੱਈਆਂ ਕਰਨ ਦੇ ਸਾਰੇ ਮੁਮਕਨ ਜਤਨ ਕੀਤੇ ਜਾ ਰਹੇ ਹਨ ।

(ਸ) ਅਜੇ ਨਹੀਂ ।

(a) Yes.

(b) According to information there are 37 such schools, a list of which is laid on the Table of the House. Cheap sheds have been sanctioned for two schools included in this list.

(c) There is general paucity of accommodation in the educational institution in the State. Within available resources, all efforts are made to provide additional accommodation in the schools.

(d) Not at present.

LIST OF SCHOOLS

1. Government Girls Higher Secondary School, Moga.
2. Government Girls High School, Patto Hira Singh.
3. Government Higher Secondary School, Mehtabgarh.
4. Government High School, Daulatpura Niwan.
5. Government High School, Mehra.
6. Government Primary School, Mudhut, Moga.

7. Government Primary School, Patt Hira Singh.
8. Government Primary School, Bir Badhni.
9. Government Primary School, Bir Rackee.
10. Government Primary School, Rauri Duna.
11. Government Primary School, Burj Hanwanta.
12. Government Primary School, Khai.
13. Government Primary School, Kishan Garh.
14. Government Primary School, Lohara.
15. Government Primary School, Maddoke.
16. Government Primary School, Nihal Singh Wala.
17. Government Primary School, Nathuka.
18. Government Primary School, Phool Wala.
19. Government Primary School, Gholia Khurd.
20. Government Primary School, Kale Kie.
21. Government Primary School, Alamwala.
22. Government Primary School, Burj Singh Wala.
23. Government Primary School, Chanan Wala.
24. Government Primary School, Tharaj.
25. Government Primary School, Dhilwan.
26. Government Primary School, Dalluwala.
27. Government Primary School, Kotla Raika.
28. Government Primary School, Gulab Singh Wala.
29. Government Primary School, Samadh Bhai.
30. Government Primary School, Thathi Bhai.
31. Government Primary School, Panjgrain Khurd.
32. Government Primary School, Supia.
33. Government Primary School, Mor Nau Abad.
34. Government Primary School, Wander.
35. Government Primary School, Seka Khurd.
36. Government Primary School, Jita Singh Wala.
37. Government Primary School, Kotla Mehar Singh.

ਸ੍ਰੀ ਹਰਬੰਸ ਲਾਲ ਖੰਨਾ : ਜਿਨ੍ਹਾਂ 37 ਸਕੂਲਾਂ ਦੀ ਲਿਸਟ ਇਸ ਸਵਾਲ ਦੇ ਜਵਾਬ ਵਿੱਚ ਦਿੱਤੀ ਹੈ ਕਿ ਉਨ੍ਹਾਂ ਤੇ ਛੱਪਰ ਨਹੀਂ ਸਨ ਕੀ ਇਹ ਦਸਣਗੇ ਕਿ ਇਹ ਸਕੂਲ ਕਦ ਤੋਂ ਬਿਨਾਂ ਛੱਪਰ ਦੇ ਹਨ ?

ਮੁੱਖ ਮੰਤਰੀ : ਇਹ ਦੱਸਣਾ ਤਾਂ ਇਸ ਵਕਤ ਮੁਸ਼ਕਲ ਹੈ ਕਿ ਛੱਪਰ ਕਿਸ ਤਾਰੀਖ ਤੋਂ ਨਹੀਂ ਸਨ । ਇਹ ਦਸ ਹੀ ਦਿੱਤਾ ਹੈ ਕਿ ਛੱਪਰ ਨਹੀਂ ਹਨ ।

BUS ROUTE FROM FEROZEPORE TO DELHI

***916. Sardar Mohinder Singh Gill :** Will the Minister for Transport be pleased to state :

(a) whether there is any proposal under the consideration of Government to sanction a bus route on the G. T. Road direct from Ferozepore to Delhi;

(b) if the reply to part (a) above be in the affirmative, the date from which the said route will be operative ?

Sardar Parkash Singh Majitha : No.

(b) Question does not arise.

[(ੳ) ਨਹੀਂ ।

(ਅ) ਸਵਾਲ ਪੈਦਾ ਨਹੀਂ ਹੁੰਦਾ ।]

ਸਰਦਾਰ ਮੁਹਿੰਦਰ ਸਿੰਘ ਗਿੱਲ : ਇਨ੍ਹਾਂ ਦਸਿਆ ਹੈ ਕਿ ਫਿਰੋਜ਼ਪੁਰ ਤੋਂ ਦਿੱਲੀ ਤਕ ਕੋਈ ਬਸ ਦਾ ਲਿੰਕ ਨਹੀਂ । ਤਾਂ ਕੀ ਇਹ ਕੋਈ ਐਸਾ ਰੂਟ ਚਲਾਣਗੇ ਜਿਹੜਾ ਫਿਰੋਜ਼ਪੁਰ ਨੂੰ ਮੋਗਾ ਲੁਧਿਆਣਾ ਰਾਹੀਂ ਦਿੱਲੀ ਨਾਲ ਲਿੰਕ ਕਰੇ ।

ਮੰਤਰੀ : ਤੁਹਾਡੀ ਤਜਵੀਜ਼ ਤੇ ਵਿਚਾਰ ਕਰ ਲਿਆ ਜਾਵੇਗਾ ਤੇ ਜੇਕਰ ਮੁਮਕਨ ਹੋਇਆ ਤਾਂ ਬਸ ਵੀ ਚਲਾ ਦਿੱਤੀ ਜਾਵੇਗੀ ।

WORKERS EMPLOYED BY BRICK-KILN OWNERS IN THE STATE

***897. Comrade Bhan Singh Bhaura :** Will the Minister for Labour and Welfare be pleased to :

(a) state the rates which the brick-kiln owners are expected to pay to the different categories of workers employed by them directly or through contractors;

(b) lay a statement of the said rates on the Table of the House;

(c) state the steps taken by the Government to ensure that the workmen are paid at the said rates in actual practice;

(d) whether the Government is aware of the fact that many brick-kiln owners in the State are not paying these rates to their workmen and in fact are paying lower rates; if so, the steps which Government intend to take against them ?

Shri Piara Ram Dhanowali : The minimum rates of wages for the workers engaged in the employment in Brick Kiln Industry have not yet been fixed under the Minimum Wages Act, 1948. The Department of Civil Supplies, Punjab, has, however, determined the rates of wages for certain categories of workers of this Industry.

(b) A statement showing the rates of wages fixed by the Department of Civil Supplies, Punjab, is laid on the Table of the House.

(c) The inspectorate staff of the Labour Department have been instructed for ensuring payment of wages to the workers as fixed by the Civil Supplies Department.

(d) No.

Statement showing the rates of wages fixed by the Department of Civil Supplies Punjab, for certain categories of workers employed in Brick-Kiln Industry.

1.	Moulding of bricks (including Jamadari)	Rs. 8.00	per thousand bricks.
2.	Loading of bricks into kiln	Rs. 3.50	Ditto
3.	Placing of bricks into kiln	Rs. 0.58	Ditto
4.	Burning of bricks by Jalaiwalas	Rs. 1.54	Ditto
5.	Wages of Keri Walas	Rs. 0.49	Ditto
6.	Nikasi Walas	Rs. 2.00	Ditto

BIRLA SEED FARM LEASE DEED

***940. Shri Satya Pal Dang** : Will the Minister of State for Agriculture and Food and Supplies be pleased to state :

(a) the date when the Birla Seed Farm Lease Deed was signed;

(b) the date when the negotiations for the purpose began;

(c) the total number of drafts which were considered before the final one was signed;

(d) whether it is a fact that originally negotiations were carried on the basis that the Birla Seed Farm would be run on a no profit no loss basis;

(e) whether it is a fact that this clause was deleted from the final draft; if so, under what circumstances ?

Sardar Jasdev Singh : (a) 29th May, 1965.

(b) September, 1964.

(c) Not known as such record is not preserved,

(d) Yes, please.

(e) Yes, please. It was done in the interest of establishing commercially viable seed farms on a competitive basis.

[(ੳ) 29 ਮਈ, 1965 ।

(ਅ) ਸਤੰਬਰ, 1964 ।

(ੲ) ਪਤਾ ਨਹੀਂ ਕਿਉਂਕਿ ਅਜੇਹਾ ਕੋਈ ਰੀਕਾਰਡ ਨਹੀਂ ਰੱਖਿਆ ਜਾਂਦਾ ।

(ਸ) ਹਾਂ ਜੀ ।

(ਹ) ਹਾਂ ਜੀ । ਮੁਕਾਬਲੇ ਦੇ ਆਧਾਰ ਤੇ ਵਪਾਰ ਦੇ ਪੱਖੋਂ ਸਮਰਥ ਬੀਜ ਫ਼ਾਰਮ ਕਾਇਮ ਕਰਨ ਲਈ ਅਜਿਹਾ ਕੀਤਾ ਗਿਆ ਸੀ ।]

ਚੌਧਰੀ ਬਲਬੀਰ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਮੁਖ ਮੰਤਰੀ ਸਾਹਿਬ ਤੁਸੀਂ ਵੇਖੋ, ਇਕ ਮੈਂਬਰ ਨੂੰ ਅਗਵਾ ਕਰਕੇ ਲੈ ਗਏ ਹਨ ।

ਸ਼੍ਰੀ ਸਪੀਕਰ : ਕੋਈ ਗੱਲ ਨਹੀਂ, ਦੋਵੇਂ ਬਾਲਗ ਹਨ । (Does not matter, both are major.)

ਸ਼੍ਰੀ ਸੱਤਪਾਲ ਡਾਂਗ : ਕੀ ਇਹ ਹਕੀਕਤ ਹੈ ਕਿ ਬਿਰਲਾ ਲੀਜ਼ ਡੀਡ ਵਿਚ ਇਕ ਸ਼ਰਤ ਰੱਖੀ ਗਈ ਸੀ ਕਿ ਫਾਰਮ ਵਿਚੋਂ ਬਿਰਲਾ ਸਾਹਿਬ ਨਾ ਘਾਟਾ ਅਤੇ ਨਾ ਨਫ਼ਾ ਕਮਾਉਣ, ਪਰ ਆਖਰੀ ਵਕਤ ਤੇ ਮਨਿਸਟਰ ਨਾਲ ਮਿਲ ਕੇ ਉਹ ਕਲਾਜ਼ ਹੀ ਕੱਢ ਦਿੱਤੀ । ਕੀ ਇਹ ਠੀਕ ਹੈ ਕਿ ਇਹ ਕਲਾਜ਼ ਕੈਬਨਿਟ ਨੂੰ ਕਾਨਫੀਡੈਂਸ ਵਿਚ ਲਏ ਜਾਣ ਤੋਂ ਬਗੈਰ ਹੀ ਕੱਢੀ ਗਈ ਹੈ ?

ਰਾਜ ਮੰਤਰੀ (ਸਰਦਾਰ ਨਰਿੰਦਰ ਸਿੰਘ) : ਐਸੀ ਕੋਈ ਗੱਲ ਸਾਡੇ ਨੋਟਿਸ ਦੇ ਵਿਚ ਤਾਂ ਆਈ ਨਹੀਂ, ਤੁਸੀਂ ਕੋਈ ਗੱਲ ਵੇਖੀ ਹੈ ਤਾਂ ਦੱਸ ਦਿਓ, ਪਤਾ ਕਰ ਲਵਾਂਗੇ । ਐਸੀ ਕੋਈ ਮੈਲਾਫਾਈਡ ਇੰਟੈਨਸ਼ਨ ਦੀ ਗੱਲ ਮੇਰੇ ਨੋਟਿਸ ਦੇ ਵਿਚ ਨਹੀਂ ਆਈ ।

ਸ਼੍ਰੀ ਸੱਤਪਾਲ ਡਾਂਗ : ਕੀ ਮਨਿਸਟਰ ਸਾਹਿਬ ਇਸ ਗੱਲ ਦੀ ਇਨਕੁਆਇਰੀ ਕਰਾਉਣ ਦੇ ਲਈ ਤਿਆਰ ਹਨ ਕਿ ਆਖਰੀ ਸਟੇਜ ਤੇ ਇਹ ਕਲਾਜ਼ ਡੀਲੀਟ ਕਰ ਦਿੱਤੀ ਗਈ ਜਿਹੜੀ ਇਹ ਸ਼ਰਤ ਸੀ ਕਿ ਬਿਰਲਾ ਸੀਡ ਫਾਰਮ ਜਿਹੜਾ ਵੀ ਸੀਡ ਵੇਚੇਗਾ ਉਹ 'ਨੋ ਪਰਾਫਟ ਨੋ ਲਾਸ' ਤੇ ਵੇਚਿਆ ਜਾਵੇਗਾ; ਕੀ ਪ੍ਰਾਈਮਾਫੇਸ਼ਾਈ ਉਹ ਕਿਸੇ ਮੈਲਾਫ਼ਾਈਡੀ ਇੰਨਟੈਨਸ਼ਨ ਨਾਲ ਡੀਲੀਟ ਹੋਈ ? ਕੀ ਮਨਿਸਟਰ ਸਾਹਿਬ ਇਸ ਮੁਆਮਲੇ ਦੀ ਇਨਕੁਆਇਰੀ ਕਰਾਉਣ ਦੇ ਵਾਸਤੇ ਤਿਆਰ ਹਨ ?

ਰਾਜ ਮੰਤਰੀ : ਸਾਡੇ ਨੋਟਿਸ ਵਿਚ ਦੋ ਤਿੰਨ ਮਹੀਨਿਆਂ ਤੋਂ ਕੋਈ ਐਸੀ ਗੱਲ ਨਹੀਂ ਆਈ । ਜੇ ਤੁਸੀਂ ਕੋਈ ਗੱਲ ਸਾਡੇ ਨੋਟਿਸ ਵਿਚ ਲਿਆਓਗੇ ਤਾਂ ਜ਼ਰੂਰ ਇਸ ਦੇ ਮੁਤਾਲਿਕ ਕੋਈ ਕਾਰਵਾਈ ਕਰਾਂਗੇ । We will certainly take action accordingly.

ਚੌਧਰੀ ਦਰਸ਼ਨ ਸਿੰਘ : ਕੀ ਵਜ਼ੀਰ ਸਾਹਿਬ ਇਹ ਗੱਲ ਦੱਸਣਗੇ ਕਿ ਬਿਰਲਾ ਸੀਡ ਫਾਰਮ ਵਿਚ ਜਿਹੜਾ ਸੀਡ ਤਿਆਰ ਹੋਣਾ ਸੀ ਕੀ ਉਸ ਦਾ ਰੇਟ ਪੰਜਾਬ ਸਰਕਾਰ ਫਿਕਸ ਕਰੇਗੀ ਜਾਂ ਬਿਰਲਾ ਸੀਡ ਫਾਰਮ ?

ਰਾਜ ਮੰਤਰੀ : ਇਹ ਪੰਜਾਬ ਸਰਕਾਰ ਫਿਕਸ ਕਰੇਗੀ ।

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਹੜਾ ਬਿਰਲਾ ਸੀਡ ਫਾਰਮ ਚਲਾਇਆ ਜਾ ਰਿਹਾ ਹੈ ਕੀ ਇਹ ਇਕ ਵਿਅਕਤੀ ਦੇ ਨਾਉਂ ਹੈ ਜਾਂ ਇਹ ਕਿਸੇ ਚੈਰੀਟੇਬਲ ਟ੍ਰਸਟ ਦੇ ਅਧੀਨ ਚਲਾਇਆ ਜਾ ਰਿਹਾ ਹੈ ?

ਰਾਜ ਮੰਤਰੀ : ਅਸੀਂ ਇਤਨਾ ਜਾਣਦੇ ਹਾਂ ਕਿ ਇਹ ਬਿਰਲਾ ਬਰਾਦਰਜ਼ ਦੇ ਨਾਉਂ ਹੈ ।

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਇਹ ਇਕ ਡਾਕੂਮੈਂਟਰੀ ਪਰੂਫ਼ ਹੈ, ਮੈਂ ਜਾਣਦਾ ਹਾਂ ਕਿ ਇਕ ਚੈਰੀਟੇਬਲ ਟ੍ਰਸਟ ਦੇ ਅਧੀਨ ਚਲਾਇਆ ਜਾ ਰਿਹਾ ਹੈ, ਬਿਰਲਾ ਬਰਾਦਰਜ਼ ਦੇ ਨਾਉਂ ਨਹੀਂ । ਕੀ ਵਜ਼ੀਰ ਸਾਹਿਬ ਇਸ ਦੇ ਪਰੂਫ਼ ਲਈ ਲਿਖਤੀ ਸ਼ਕਲ ਵਿਚ ਕੋਈ ਚੀਜ਼ ਹਾਊਸ ਦੇ ਟੇਬਲ ਤੇ ਰੱਖਣਗੇ ?

ਮੁੱਖ ਮੰਤਰੀ : ਤੁਸੀਂ ਮਲਕੀਅਤ ਦੀ ਗੱਲ ਕਰਦੇ ਹੋ, ਇਹ ਮਲਕੀਅਤ ਸਰਕਾਰ ਦੀ ਹੈ। ਉਨ੍ਹਾਂ ਨਾਲ ਤਾਂ ਸਰਕਾਰ ਦੀ 100 ਸਾਲ ਦੀ ਡੀਡ ਹੋਈ ਹੈ।

ਲੈਫਟੀਨੈਂਟ ਭਾਗ ਸਿੰਘ : ਜਿਹੜਾ ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਸੀਡ ਦਾ ਰੇਟ ਗੌਰਮਿੰਟ ਨੇ ਫਿਕਸ ਕਰਨਾ ਹੈ, ਮੈਂ ਪੁੱਛਦਾ ਹਾਂ ਕਿ ਕੀ ਪਿਛਲੀ ਪ੍ਰੋਡੀਊਸ ਦਾ ਰੇਟ ਗੌਰਮਿੰਟ ਨੇ ਫਿਕਸ ਕੀਤਾ ਸੀ ?

ਰਾਜ ਮੰਤਰੀ : ਜੀ ਹਾਂ, ਸੀਡ ਦਾ ਰੇਟ ਗੌਰਮਿੰਟ ਹੀ ਫਿਕਸ ਕਰਦੀ ਹੈ।

ਸਰਦਾਰ ਪ੍ਰੇਮ ਸਿੰਘ ਪ੍ਰੇਮ : ਕੀ ਇਹ ਹਕੀਕਤ ਨਹੀਂ ਕਿ ਯੂਨਾਈਟਿਡ ਫਰੰਟ ਦੀ ਹਕੂਮਤ ਦੇ ਵਕਤ ਚੀਫ ਮਨਿਸਟਰ ਸਾਹਿਬ ਨੇ ਇਹ ਐਲਾਨ ਕੀਤਾ ਸੀ ਕਿ ਉਹ ਇਸ ਲੀਜ਼ ਨੂੰ ਕੈਂਸਲ ਕਰਾ ਦੇਣਗੇ। ਕੈਟੇਗਾਰੀਕਲੀ ਇਹ ਗੱਲ ਇਸ ਹਾਊਸ ਦੇ ਵਿਚ ਆਖੀ ਗਈ ਸੀ। ਸ਼੍ਰੀ ਵਜ਼ੀਰ ਸਾਹਿਬ ਇਸ ਬਾਰੇ ਕੋਈ ਜਵਾਬ ਦੇਣਗੇ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

ਸਰਦਾਰ ਜਾਗੀਰ ਸਿੰਘ ਦਰਦ : ਮੈਂ ਵਜ਼ੀਰ ਸਾਹਿਬ ਤੋਂ ਇਹ ਗੱਲ ਪੁਛਣੀ ਚਾਹੁੰਦਾ ਹਾਂ ਕਿ ਜਿਹੜੀ ਬਿਰਲਾ ਫ਼ਾਰਮ ਦੀ ਇਨਕਮ ਹੁੰਦੀ ਹੈ ਉਹ ਜਮ੍ਹਾਂ ਚੈਰੀਟੇਬਲ ਟ੍ਰੱਸਟ ਦੇ ਨਾਉਂ ਹੋਈ ਹੈ ਜਾਂ ਬਿਰਲਾ ਬ੍ਰਦਰਜ਼ ਦੇ ਨਾਉਂ ਜਮ੍ਹਾ ਹੋਈ ਹੈ ?

ਮੁੱਖ ਮੰਤਰੀ : ਇਹਦੇ ਵਿਚੋਂ ਕੋਈ ਸਵਾਲ ਪੈਦਾ ਹੀ ਨਹੀਂ ਹੁੰਦਾ। ਵੈਸੇ ਜੇ ਇਨਸਿਸਟ ਕਰੋ ਤਾਂ ਤੁਹਾਨੂੰ ਇਨਕੁਆਇਰੀ ਕਰਵਾ ਕੇ ਪਤਾ ਦੇ ਦੇਵਾਂਗੇ।

CANCELLATION OF BIRLA SEED FARM

*941. **Shri Satya Pal Dang :** Will the Minister of State for Agriculture and Food and Supplies be pleased to state:

(a) whether he is aware of the fact that the Government headed by Shri Gurnam Singh decided to cancel the Birla Lease Deed by virtue of which nearly 1000 acres of land near Rupar was leased out to M/S Birla Brothers on a nominal rent of Rs. 30/- per acre;

(b) whether he is also aware of the fact that the then Government also decided to bring during the last Session of the Assembly a bill to that effect;

(c) whether the Government intend to cancel the said lease deed; if so, the steps proposed to be taken by the Government in this connection ?

Sardar Narinder Singh (Minister of State for Public Works): (a) Yes please.

(b) Yes please.

(c) The matter is under consideration of the Government.

[(ੳ) ਹਾਂ ਜੀ।

(ਅ) ਹਾਂ ਜੀ।

(ੲ) ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।]

ਸ੍ਰੀ ਸੱਤਪਾਲ ਡਾਂਗ : ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਪਿਛਲੀ ਸਰਕਾਰ ਨੇ ਵੀ ਇਸ ਨੂੰ ਕੈਂਸਲ ਕਰਨ ਦਾ ਐਲਾਨ ਕੀਤਾ ਸੀ, ਇਸ ਦਾ ਮਤਲਬ ਹੈ ਕਿ ਬਿਰਲਾ ਡੀਡ ਕੈਂਸਲ ਕਰਨ ਦਾ ਮੁਆਮਲਾ ਬੜੀ ਦੇਰ ਤੋਂ ਜ਼ੇਰੇ ਗੌਰ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਦੋਂ ਤੱਕ ਇਸ ਦੇ ਮੁਤਾਲਿਕ ਕੋਈ ਫੈਸਲਾ ਕਰਨਗੇ ?

ਰਾਜ ਮੰਤਰੀ (ਸਰਦਾਰ ਨਰਿੰਦਰ ਸਿੰਘ) **:** ਜਿਤਨਾ ਸਮਾਂ ਹੁਣ ਤੱਕ ਤੁਸੀਂ ਲਾਇਆ ਹੈ ਉਮੀਦ ਹੈ ਕਿ ਅਸੀਂ ਉਸ ਤੋਂ ਘਟ ਹੀ ਲਾਵਾਂਗੇ । (ਤਾੜੀਆਂ)

ਸ੍ਰੀ ਸੱਤਪਾਲ ਡਾਂਗ : ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਫੈਸਲੇ ਤੱਕ ਪੁੱਜਣ ਲਈ ਹੁਣ ਤੱਕ ਕੀ ਕੀ ਕੰਮ ਹੋਇਆ ਹੈ ?

ਮੁੱਖ ਮੰਤਰੀ : ਡਾਂਗ ਜੀ ! ਤੁਹਾਨੂੰ ਸਾਰੀ ਗੱਲ ਦਾ ਪਤਾ ਹੀ ਹੈ । ਤੁਸੀਂ ਵੀ ਇਸ ਨੂੰ ਸਿਰੇ ਚਾੜ੍ਹਣ ਦੀ ਬੜੀ ਕੋਸ਼ਸ਼ ਕੀਤੀ ਹੈ, ਪਰ ਸਿਰੇ ਚਾੜ੍ਹ ਨਹੀਂ ਸਕੇ । ਜਿਹੜਾ ਬਕਾਇਆ ਰਹਿ ਗਿਆ ਹੈ ਅਸੀਂ ਕੋਸ਼ਿਸ਼ ਕਰਾਂਗੇ ਕਿ ਇਸ ਨੂੰ ਸਿਰੇ ਚਾੜ੍ਹਿਆ ਜਾਵੇ ।

ਸ੍ਰੀ ਸੱਤਪਾਲ ਡਾਂਗ : ਇਸ ਦਾ ਮਤਲਬ ਕੀ ਇਹ ਸਮਝਿਆ ਜਾਵੇ ਕਿ ਤੁਸੀਂ ਇਹ ਲੀਜ਼ ਖ਼ਤਮ ਕਰ ਦਿਉਗੇ ।

ਮੁੱਖ ਮੰਤਰੀ : ਡਾਂਗ ਸਾਹਿਬ, ਤੁਸੀਂ ਅਕਲਮੰਦ ਹੋ, ਇਸ ਦਾ ਜੋ ਮਰਜ਼ੀ ਮਤਲਬ ਕੱਢ ਲਉ ।

ਚੌਧਰੀ ਦਰਸ਼ਨ ਸਿੰਘ : ਜਦੋਂ ਬਿਰਲਾ ਫਾਰਮ ਬਣਿਆ ਸੀ ਉਸ ਵੇਲੇ ਕਾਂਗਰਸ ਵਜ਼ਾਰਤ ਵੀ ਸਖ਼ਤ ਖਿਲਾਫ਼ ਸੀ, ਉਹ ਕਹਿੰਦੇ ਸੀ ਕਿ ਅਸੀਂ ਲੀਜ਼ ਕੈਂਸਲ ਕਰ ਦੇਣੀ ਹੈ। ਸਰਦਾਰ ਗੁਰਨਾਮ ਸਿੰਘ ਦੀ ਵਜ਼ਾਰਤ ਆਈ ਇਸ ਨੇ ਵੀ ਇਹੋ ਤਰ੍ਹਾਂ ਦਾ ਐਲਾਨ ਕੀਤਾ । ਹੁਣ ਸਰਦਾਰ ਲਛਮਣ ਸਿੰਘ ਗਿਲ ਕਹਿੰਦੇ ਹਨ ਕਿ ਅਸੀਂ ਇਹ ਲੀਜ਼ ਕੈਂਸਲ ਕਰ ਦੇਣੀ ਹੈ । ਮੈਂ ਜਾਣਦਾ ਹਾਂ ਕਿ ਇਸ ਦੇ ਖ਼ਿਲਾਫ਼ ਬਿਲ ਤਾਂ ਕੋਈ ਆ ਨਹੀਂ ਸਕਦਾ ਅਤੇ ਨਾ ਹੀ ਕੋਈ ਹੋਰ ਲੈਜਿਸਲੇਸ਼ਨ ਆ ਸਕਦੀ ਹੈ । ਮੈਂ ਪੁਛਦਾ ਹਾਂ ਕਿ ਗਵਰਮੈਂਟ ਦੇ ਪਾਸ ਕਿਹੜੀ ਐਸੀ ਪ੍ਰੋਪੋਜ਼ਲ ਹੈ ਜਿਸ ਦੇ ਨਾਲ ਉਹ ਇਹ ਮੁਆਮਲਾ ਕਨਸਿਡਰ ਕਰਨ ਦਾ ਵਿਚਾਰ ਕਰਦੇ ਹਨ ?

ਮੁੱਖ ਮੰਤਰੀ : ਜਦੋਂ ਮੈਂ ਅਪੋਜ਼ੀਸ਼ਨ ਵਿਚ ਸੀ, ਤਾਂ ਮੈਂ ਇਹ ਕੁਐਸਚਨ ਰੇਜ਼ ਕੀਤਾ ਸੀ । ਉਸ ਵੇਲੇ ਅਸੀਂ ਇਸ ਨੂੰ ਕੈਂਸਲ ਕਰਨ ਲਈ ਵੇਲੇ ਦੀ ਸਰਕਾਰ ਨੂੰ ਕਹਿੰਦੇ ਰਹੇ । ਅਸੀਂ ਅੱਜ ਵੀ ਕੋਈ ਇਨਕਾਰ ਨਹੀਂ ਕਰਦੇ ਪਰ ਕਈ ਝਗੜੇ ਐਸੇ ਹਨ । ਇਹ ਮੈਂ ਹੀ ਨਹੀਂ ਸਮਝਦਾ ਅਪੋਜ਼ੀਸ਼ਨ ਦੇ ਲੀਡਰ ਨੂੰ ਵੀ ਪਤਾ ਹੈ ਕਿ ਇਹ ਮੁਆਮਲਾ ਕਾਨੂੰਨੀ ਸ਼ਕਲ ਵਿਚ ਬਹੁਤ ਪੇਚੀਦਾ ਹੈ । ਅਸੀਂ ਚਾਹੁੰਦੇ ਹਾਂ ਕਿ ਇਹ ਇਸ ਢੰਗ ਨਾਲ ਨਜਿਠਿਆ ਜਾਵੇ ਕਿ ਇਸ ਤੇ ਫੇਰ ਕੋਈ ਇਤਰਾਜ਼ ਨਾ ਰਹੇ । ਕਿਤੇ ਐਸਾ ਨਾ ਹੋਵੇ ਕਿ ਅਸੀਂ ਜੋਸ਼ ਵਿਚ ਆ ਕੇ ਲੀਜ਼ ਕੈਂਸਲ ਕਰ ਦੇਈਏ ਅਤੇ ਉਸ ਤੋਂ ਬਾਅਦ ਲੱਖਾਂ ਰੁਪਿਆ ਸਟੇਟ ਨੂੰ ਦੇਣਾ ਪੈ ਜਾਵੇ । ਇਹ ਸਾਰੀ ਗੱਲ ਵੇਖ ਕੇ ਫੇਰ ਕੈਂਸਲ ਕਰਾਂਗੇ ।

चौधरी बलबीर सिंह: आन ए प्वायंट आफ आर्डर सर, मेरा पुआयंट आफ आर्डर यह है कि इन्हों ने बताया कि जब यह मिनिस्टर थे तो यह उस वक्त ऐसा कुछ करते रहे । क्या यह ओथ आफ सीक्रेसी के खिलाफ बात नहीं कर रहे ? यह एक मुशतरका जिम्मेवारी का सवाल है ।

मुख्य मंत्री : आप बेशक, स्पीकर साहिब, प्रोसीडिंग्ज़ पढ़ा लें । मैं ने कहा था कि जब मैं आपोज़ीशन में था

ਸਰਦਾਰ ਗੁਰਦੇਵ ਸਿੰਘ : (ਮੁਕਤਸਰ) ਸਪੀਕਰ ਸਾਹਿਬ, ਪੰਜਾਬ ਸਰਕਾਰ ਕਹਿੰਦੀ ਹੈ ਕਿ ਅਸੀਂ ਗਰੀਬਾਂ ਨੂੰ ਜ਼ਮੀਨ ਦੇਣੀ ਹੈ । ਪਰ ਜਦ ਤਕ ਇਹ ਪਟੇ ਕੈਂਸਲ ਨਹੀਂ ਕਰਨਗੇ ਇਹ ਜ਼ਮੀਨ ਕਿੱਥੋਂ ਦੇਣਗੇ ?

ਕਾਮਰੇਡ ਸੱਤਪਾਲ ਕਪੂਰ : ਕੀ ਵਜ਼ੀਰ ਸਾਹਿਬ ਦਸਣਗੇ ਕਿ ਕੀ ਇਹ ਇਕ ਹਕੀਕਤ ਹੈ ਕਿ ਐਸਟੀਮੇਟ ਕਮੇਟੀ ਦੀ ਰਿਪੋਰਟ ਵਿਚ ਵੀ ਇਹੋ ਕਿਹਾ ਗਿਆ ਸੀ ਅਤੇ ਪਿਛਲੀ ਫਰੰਟ ਗੌਰਮਿੰਟ ਨੇ ਬਿਰਲਾ ਫਾਰਮ ਨੂੰ ਖ਼ਤਮ ਕਰਨ ਦਾ ਫੈਸਲਾ ਕੀਤਾ ਸੀ । ਜੇ ਇਹ ਠੀਕ ਹੈ ਤਾਂ ਸਰਕਾਰ ਇਸ ਬਾਰੇ ਬਿਲ ਅਸੈਂਬਲੀ ਵਿਚ ਕਦੋਂ ਤਕ ਲਿਆ ਰਹੀ ਹੈ ?

Mr. Speaker : This has already been answered nicely. If you had listened attentively, you would not have raised this question.

SUPPLY OF ZETOR 2011 TRACTORS IN BHATINDA DISTRICT

***978. Sardar Gurdev Singh (Budhlada)** : Will the Minister of State for Agriculture and Food and Supplies be pleased to state whether he is aware of the fact that district Bhatinda has been ignored for the supply of Zetor 2011 tractors at Cheaper rates, if so, the steps being taken by the Government to supply such tractors to the farmers of this District ?

Sardar Narinder Singh (Minister of State for Public Works): Yes, for the present. These tractors being of low power are not considered useful for Bhatinda District which has predominently big holdings. The Punjab Agro-Industrial Corporation is likely to undertake the distribution of bigger Russian Tractors and these shall be supplied to the farmers of Bhatinda (and other districts with bigger holdings), being considered more suitable.

ਸਰਦਾਰ ਗੁਰਦੇਵ ਸਿੰਘ (ਬੁਢਲਾਡਾ) : ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਵਡੇ ਟਰੈਕਟਰ ਸਪਲਾਈ ਕੀਤੇ ਜਾਣਗੇ । ਕੀ ਇਹ ਦਸਣਗੇ ਕਿ ਇਹ ਕਦੋਂ ਤਕ ਕੀਤੇ ਜਾਣਗੇ ?

ਰਾਜ ਮੰਤਰੀ : (ਸਰਦਾਰ ਨਰਿੰਦਰ ਸਿੰਘ) : ਜਦੋਂ ਆ ਜਾਣਗੇ ਉਦੋਂ ਸਪਲਾਈ ਕਰ ਦਿਆਂਗੇ ।

ਚੌਧਰੀ ਦਰਸ਼ਨ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਲੰਧਰ ਜ਼ਿਲ੍ਹੇ ਵਿਚ ਸਿਰਫ਼ ਇਕ ਆਦਮੀ ਨੂੰ ਟਰੈਕਟਰ ਕਿਉਂ ਦਿਤਾ ਗਿਆ ਜਦ ਕਿ ਲਾਟਰੀ 120 ਬੰਦਿਆਂ ਨੇ ਪਾਈ ਸੀ ?

ਰਾਜ ਮੰਤਰੀ : ਤੁਸੀਂ ਇਹ ਸਵਾਲ ਪਰਸੋਂ ਵੀ ਕੀਤਾ ਸੀ । ਮੈਂ ਅਰਜ਼ ਕਰਦਾ ਹਾਂ ਕਿ ਇਸ ਕੇਸ ਦਾ ਸਬੰਧ ਕਾਰਪੋਰੇਸ਼ਨ ਦੇ ਨਾਲ ਹੈ । ਨਾਲੇ ਇਹ ਕੇਸ ਹਾਈ ਕੋਰਟ ਵਿਚ ਚਲ ਰਹੇ ਹਨ । ਉਥੇ ਫੈਸਲਾ ਹੋਣ ਤੋਂ ਬਾਅਦ ਹੀ ਕੋਈ ਕਾਰਵਾਈ ਕਰਾਂਗੇ ।

ਕਾਮਰੇਡ ਸਤਪਾਲ ਕਪੂਰ : ਕੀ ਵਜ਼ੀਰ ਸਾਹਿਬ ਦਸਣਗੇ ਕਿ ਉਨ੍ਹਾਂ ਨੇ ਜੋ ਕਿਹਾ ਹੈ ਕਿ ਬਠਿੰਡਾ, ਸੰਗਰੂਰ ਆਦਿ ਜ਼ਿਲ੍ਹਿਆਂ ਵਿਚ ਵਡੇ ਟਰੈਕਟਰ ਸਪਲਾਈ ਕਰਨੇ ਹਨ ਕਿਉਂਕਿ ਉਥੇ ਹੋਲਡਿੰਗ ਵਡੀਆਂ ਹਨ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਦ ਜ਼ਮੀਨ ਦੀ ਸੀਲਿੰਗ ਦੀ ਹੱਦ 30 ਏਕੜ ਹੈ ਤਾਂ ਹੋਲਡਿੰਗ ਕਿਵੇਂ ਵਡੀਆਂ ਹੋ ਗਈਆਂ । (ਪ੍ਰਸੰਸਾ)

ਮੁੱਖ ਮੰਤਰੀ : ਬੇਨਤੀ ਇਹ ਹੈ ਕਿ ਜਲੰਧਰ ਵਲ ਤਾਂ ਆਮ ਲੋਕਾਂ ਕੋਲ 4,4;5,5 ਏਕੜ ਜ਼ਮੀਨ ਹੈ । ਪਰ ਉਸ ਪਾਸੇ ਵਲ ਆਮ ਲੋਕਾਂ ਕੋਲ 32, 32 ਏਕੜ ਦੇ ਕਰੀਬ ਜ਼ਮੀਨ ਹੈ । (ਵਿਘਨ) ਮੋਸਟਲੀ 32 ਏਕੜ ਜ਼ਮੀਨ ਹੈ । ਫਿਰ ਉਹ ਹੋਰਾਂ ਤੋਂ ਵੀ ਜ਼ਮੀਨ ਅਧ ਤੇ ਜਾਂ ਮਾਮਲੇ ਤੇ ਲੈ ਲੈਂਦੇ ਹਨ । ਇਸ ਕਰਕੇ ਛੋਟਾ ਟਰੈਕਟਰ ਉਥੇ ਕੰਮ ਨਹੀਂ ਕਰਦਾ ਵਡੇ ਟਰੈਕਟਰਾਂ ਦਾ ਆਰਡਰ ਦਿੱਤਾ ਹੋਇਆ ਹੈ ਜਦ ਆਣਗੇ ਉਨ੍ਹਾਂ ਨੂੰ ਸਪਲਾਈ ਕਰ ਦਿਆਂਗੇ ।

STARRED QUESTION No. 1022

ਸ੍ਰੀ ਸਪੀਕਰ : ਅਗਲੇ ਸਵਾਲ ਨੰ: 1022 ਦੀ ਐਕਸਟੈਨਸ਼ਨ ਮੰਗੀ ਗਈ ਹੈ । ਇਸ ਲਈ ਅਗਲਾ ਸਵਾਲ (Extension has been requested for in the case of Starred Question No. 1022. Next Question please.)

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਉਸ ਦਾ ਜਵਾਬ ਤਾਂ ਮੈਂਬਰ ਸਾਹਿਬ ਕੋਲ ਪਹੁੰਚ ਵੀ ਗਿਆ ਹੈ ਇਸ ਕਰਕੇ ਐਕਸਟੈਨਸ਼ਨ ਕਿਸ ਗੱਲ ਦੀ ਮੰਗੀ ਹੈ ? ਇਹ ਸਵਾਲ ਪੁਟ ਹੋਣਾ ਚਾਹੀਦਾ ਹੈ ।

ਸ੍ਰੀ ਸਪੀਕਰ : ਐਲ. ਆਰ. ਸਾਹਿਬ, ਤੁਸੀਂ ਆਪ ਹੀ ਅਕਸਰ ਕਹਿੰਦੇ ਹੋ ਕਿ ਜਿਸ ਸਵਾਲ ਦੀ ਐਕਸਟੈਨਸ਼ਨ ਮੰਗੀ ਜਾਵੇ ਉਹ ਸਵਾਲ ਹਾਊਸ ਵਿਚ ਪੁਟ ਨਹੀਂ ਹੋਣਾ ਚਾਹੀਦਾ । ਹੁਣ ਜੇ ਤੁਹਾਡੀ ਗੱਲ ਨਾ ਮੰਨਾਂ ਤਾਂ ਤੁਸੀਂ ਕਹੋਗੇ (The L.R. himself has often said that a question in regard to which extension has been requested for, should not be put. He will protest if I do not act accordingly.)

CONSTRUCTION OF ROADS UNDER RURAL DEVELOPMENT SCHEME IN PATIALA DISTRICT.

***1022. Sardar Prem Singh Prem**: Will the Minister of State for Public Works be pleased to state :

(a) the names of the roads in district Patiala, for the construction of which the administrative approval was issued under the Rural Development Scheme in the year 1966-67;

(b) the names of the roads, the construction of which was started by the P. W. D. under the Rural Development Schemes, in District Patiala, in the year 1966-67;

(c) the names of roads in the said district, if any, the construction of which was stopped after the United Front Government took over ?

Sardar Narinder Singh:

(a) (1) Village Roads Rai Majri to Machhli,

(2) Link road from mile 127/7 of G. T. Road to Village, Tapla.

(3) Link road Kuli to Ajraur.

(4) Link road from Bhawanigarh Samana road, mile No. 10/7 to village Kularan Kalan.

(5) Link road village Talwandi Malik to Bhawanigarh road.

(6) Link road from village Mandaur to Patiala—Nabha road, mile No.10.

(b) (i) Village Road Rai Majri to Machhli.

(ii) Link road from mile 127/7 of G. T. Road to village Tapla.

(iii) Tapla Link road Kauli to Ajraur.

(iv) Link road village Talwandi Malik to Bhawanigarh road.

(c) Nil.

ਸਰਦਾਰ ਪ੍ਰੇਮ ਸਿੰਘ ਪ੍ਰੇਮ : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਦੋਂ ਜਨੌਂਦ ਤੋਂ ਰਾਮ ਪੁਰ ਸੈਣੀ ਤਕ ਸੜਕ ਐਡਮਨਿਸਟਰੇਟਿਵਲੀ ਐਪਰੂਵ ਹੋ ਚੁਕੀ ਸੀ ਤਾਂ ਹਾਲੇ ਤਕ ਬਣਾਈ ਕਿਉਂ ਨਹੀਂ ਗਈ ?

ਰਾਜ ਮੰਤਰੀ (ਸਰਦਾਰ ਨਰਿੰਦਰ ਸਿੰਘ) : ਜੋ ਬਣਾਈਆਂ ਸਨ ਉਹ ਦਸ ਦਿੱਤੀਆਂ ਹਨ ?

ਸਰਦਾਰ ਪ੍ਰੇਮ ਸਿੰਘ ਪ੍ਰੇਮ : ਕੀ ਵਜ਼ੀਰ ਸਾਹਿਬ ਨੂੰ ਪਤਾ ਹੈ ਕਿ ਉਸ ਸੜਕ ਨੂੰ ਕੰਪਲੀਟ ਕਰਨ ਦਾ ਕੰਮ ਸਟਾਰਟ ਕਰ ਲਿਆ ਸੀ ਅਤੇ ਉਥੇ ਮੈਟੀਰੀਅਲ ਸੁਟ ਦਿੱਤਾ ਗਿਆ ਸੀ ?

ਸਰਦਾਰ ਗੁਰਨਾਮ ਸਿੰਘ : ਇਹ ਤਾਂ ਪਹਿਲਾਂ ਮੈਟੀਰੀਅਲ ਸੁੱਟ ਕੇ ਚਕ ਲੈਂਦੇ ਹਨ ।

(ਹਾਸਾ)

ਰਾਜ ਮੰਤਰੀ : ਜੱਜ ਸਾਹਿਬ, ਇਹ ਰਿਵਾਜ ਸਾਡੇ ਵਲੇ ਨਹੀਂ ਹੈ । ਇਹ ਪਹਿਲਾਂ ਇਸ ਤਰ੍ਹਾਂ ਹੁੰਦਾ ਸੀ । (ਥੰਪਿੰਗ) ਮੈਂ ਅਰਜ਼ ਕਰਦਾ ਹਾਂ ਕਿ ਐਫ਼. ਸੀ. ਨੇ ਇਕ ਜਨਰਲ ਸਰਕੁਲਰ ਕਢਿਆ ਸੀ ਕਿ ਜਿਸ ਸੜਕ ਲਈ ਪੈਸੇ ਜਮ੍ਹਾ ਕਰਵਾ ਦਿਤੇ ਜਾਣਗੇ ਉਸ ਨੂੰ ਪਹਿਲਾਂ ਐਪਰੂਵ ਕੀਤਾ ਜਾਵੇਗਾ ।

ਸਰਦਾਰ ਪ੍ਰੇਮ ਸਿੰਘ ਪ੍ਰੇਮ : ਉਥੇ ਪੈਸੇ ਵੀ ਜਮ੍ਹਾ ਕਰਵਾ ਦਿਤੇ ਹਨ ਪਰ ਹਾਲਾਂ ਤਕ ਉਹ ਸੜਕ ਐਪਰੂਵ ਨਹੀਂ ਕੀਤੀ ਗਈ ।

ਰਾਜ ਮੰਤਰੀ : ਕਰ ਦਿਆਂਗੇ ।

ਸਰਦਾਰ ਪ੍ਰੇਮ ਸਿੰਘ ਪ੍ਰੇਮ : ਵਜ਼ੀਰ ਸਾਹਿਬ ਨੇ ਸਵਾਲ ਦੇ ਜਵਾਬ ਦੇ ਪੈਰਾ 'ਸੀ'ਵਿਚ ਦਸਿਆਂ ਹੈ ਕਿ ਕੋਈ ਕੰਨਸਟਰਕਸ਼ਨ ਬੰਦ ਨਹੀਂ ਕੀਤੀ ਗਈ । ਮੈਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਸਾਲ 1966-67 ਵਿਚ ਉਸ ਸੜਕ ਦੀ ਕੀ ਪ੍ਰੋਗਰੈਸ ਸੀ ਤੇ 1967-68 ਵਿਚ ਕੀ ਹੈ ?

ਰਾਜ ਮੰਤਰੀ : ਪਹਿਲਾਂ ਦੀ ਪ੍ਰੋਗਰੈਸ ਕੀ ਪੁਛਦੇ ਹੋ, ਪ੍ਰੋਗਰੈਸ ਤਾਂ ਹੁਣ ਦੀ ਦਸਾਂਗੇ ।

ਸਰਦਾਰ ਪ੍ਰੇਮ ਸਿੰਘ ਪ੍ਰੇਮ : ਫਿਰ ਗਲਤ ਜਵਾਬ ਤਾਂ ਨਾ ਦਿਉ ਕਿ ਕੰਸਟਰਕਸ਼ਨ ਬੰਦ ਨਹੀਂ ਕੀਤੀ ।

ਰਾਜ ਮੰਤਰੀ : ਉਨ੍ਹਾਂ ਨੇ ਬਜਟ ਵਿਚ ਪੈਸਾ ਨਹੀਂ ਸੀ ਰਖਿਆ, ਅਸੀਂ ਕੀ ਕਰਦੇ ।

ਲੈਫਟੀਨੈਂਟ ਭਾਗ ਸਿੰਘ : ਮੈਂ ਵਜ਼ੀਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਕਿਹਾ ਸੀ ਕਿ ਐਡਮਿਨਿਸਟਰੇਟਿਵ ਪੁਆਇੰਟ ਆਫ ਵਿਊ ਨਾਲ ਹਰ ਥਾਣੇ ਨੂੰ ਪਕੀ ਸੜਕ ਨਾਲ ਮਿਲਾਇਆ ਜਾਵੇਗਾ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਹੰਦ ਤੋਂ ਪਟਿਆਲਾ ਸੜਕ ਤੇ ਮੂਲਾ ਥਾਣਾ ਹੈ, ਉਹ ਕੋਈ ਦੋ ਮੀਲ ਦਾ ਟੋਟਾ ਹੈ। ਉਸ ਨੂੰ ਕਦ ਤਕ ਪੱਕਾ ਕਰ ਦਿਤਾ ਜਾਵੇਗਾ ।

ਰਾਜ ਮੰਤਰੀ : ਵੈਸੇ ਤਾਂ ਇਹ ਸਵਾਲ ਇਸ ਵਿਚੋਂ ਐਰਾਈਜ਼ ਨਹੀਂ ਹੁੰਦਾ ਪਰ ਮੈਂ ਇਨ੍ਹਾਂ ਦੀ ਜਾਣਕਾਰੀ ਲਈ ਦਸ ਦੇਣਾ ਚਾਹੁੰਦਾ ਹਾਂ ਕਿ ਜਦੋਂ ਵੀ ਸਾਨੂੰ ਮੈਚਿੰਗ ਗਰਾਂਟ ਮਿਲੀ ਅਸੀਂ ਉਸ ਨੂੰ ਪੱਕਾ ਕਰ ਦਿਆਂਗੇ ।

UNSTARRED QUESTIONS AND ANSWERS

MERGER OF PANCHAYATI RAJ PUBLIC WORKS CIRCLE WITH THE P.W.D.

160. Sardar Surat Singh: Will the Minister of State for Public Works be pleased to state :

(a) the reasons for the delay in provincializing the services of Engineering Staff of the erstwhile District Boards i. e. Sub-Divisional Officers, Panchayti Raj and their staff;

(b) whether there is any proposal under the consideration of th Government to merge the Panchayti Raj Public Works Cirlce w th the P.W.D. of the Government ?

Sardar Narinder Singh : (a) The delay in provincialization of the services of the Engineering staff of erstwhile District Boards i.e. Sub-Divisional Officers, Panchayti Raj and their staff, is due to the fact that the information asked for from the respective Zila Parishads is still awaited for which they are being addressed to send the reply (s) asked for.

(b) No.

((ੳ) ਪੁਰਾਣੇ ਡਿਸਟਟ੍ਰਿਕਟ ਬੋਰਡਾਂ ਦੇ ਕਰਮਚਾਰੀ ਜਿਹੜੇ ਕਿ ਉਪ ਮੰਡਲ ਅਫਸਰ ਅਤੇ ਉਨ੍ਹਾਂ ਦੇ ਕਰਮਚਾਰੀਆਂ ਦੀਆਂ ਸੇਵਾਵਾਂ ਸਰਕਾਰੀ ਪੱਧਰ ਤੇ ਲਿਆਉਣ ਵਿਚ ਇਸ ਲਈ ਦੇਰੀ ਹੋ ਰਹੀ ਹੈ ਕਿ ਜਿਹੜੀ ਇਤਲਾਹ ਜ਼ਿਲ੍ਹਾ ਪ੍ਰੀਸ਼ਦਾਂ ਤੋਂ ਮੰਗੀ ਸੀ ਅਜੇ ਉਡੀਕ ਵਿਚ ਹੈ । ਉਨ੍ਹਾਂ ਨੂੰ ਬੇਨਤੀ ਕੀਤੀ ਜਾ ਰਹੀ ਹੈ ਕਿ ਉਹ ਮੰਗੀ ਹੋਈ ਇਤਲਾਹ ਭੇਜਣ ।

(ਅ) ਨਹੀਂ ਜੀ ।

SALES TAX

161. **Shri Harbans Lal Khanna**: Will the Minister for Excise and Taxation be pleased to state whether there is any proposal under the consideration of the Government to enforce the same rates of sales tax in the State as in the adjoining States, if so, the steps so far taken in this respect ?

Sardar Harbhajan Singh: There is no comprehensive proposal under the consideration of the Government. However, efforts are made from time to time to bring about parity of rates of sales tax on different commodities with the adjoining states, as far as possible, in order to remove the genuine grievances of the traders.

(ਸਰਕਾਰ ਕਿਸੇ ਸਰਬੰਗੀ ਤਜਵੀਜ਼ ਤੇ ਵਿਚਾਰ ਨਹੀਂ ਕਰ ਰਹੀ । ਪਰ ਸਮੇਂ ਸਮੇਂ ਵੱਖ ਵੱਖ ਚੀਜ਼ਾਂ ਤੇ ਲਗੇ ਵਿਕਰੀ ਕਰ ਦੇ ਦਰਾਂ ਨੂੰ ਲਾਗਲੇ ਪ੍ਰਦੇਸ਼ਾਂ ਦੇ ਦਰਾਂ ਦੇ ਬਰਾਬਰ ਲਿਆਉਣ ਦੀ ਸੰਭਵ ਹਦ ਤਕ ਕੋਸ਼ਿਸ਼ ਹੁੰਦੀ ਰਹਿੰਦੀ ਹੈ ਤਾਂ ਜੋ ਵਿਉਪਾਰੀਆਂ ਦੀਆਂ ਜਾਇਜ਼ ਸ਼ਿਕਾਇਤਾਂ ਦੂਰ ਹੋ ਸਕਣ ।)

PROVIDING JOBS TO J.B.T. PASS UNEMPLOYED.

162. **Shri Harbans Lal Khanna**: Will the Chief Minister be pleased to state :

(a) the total estimated number of J.B.T. passed students who remained unemployed in the State during the period from September, 1967 to 1st February, 1968;

(b) whether there is any proposal under the consideration of the Government to give them jobs, if so, the details of the steps taken in this connection ?

Sardar Lachhman Singh Gill :

(a) Not known.

(b) Steps are being taken to recruit 2,200 J. B. T. teachers through the Subordinate Services Selection Board, Punjab in the near future.

((ੳ) ਪਤਾ ਨਹੀਂ ।

(ਅ) ਨਿਕਟ ਭਵਿਖ ਵਿਚ 2,200 ਜੇ.ਬੀ.ਟੀ. ਟੀਚਰ ਪੰਜਾਬ ਅਧੀਨ ਸੇਵਾ ਚੋਣ ਬੋਰਡ ਰਾਹੀਂ ਭਰਤੀ ਕਰਨ ਦੇ ਇਕਦਾਮਾਤ ਕੀਤੇ ਜਾ ਰਹੇ ਹਨ ।)

PERSONS ARRESTED AT RAILWAY STATION, AMRITSAR ON 20TH JANUARY 1968

163. **Shri Harbans Lal Khanna**: Will the Chief Minister be pleased to state:

(a) whether it is a fact that many workers of Jan Sangh and the United Front were arrested at the Railway Station, Amritsar on 20th January, 1968, while catching the Kalka Mail;

(b) if the reply to part (a) above be in the affirmative, the total number of persons arrested with their names;

(c) whether any cases have been registered against the said persons, if so, the details thereof along with the latest position of those cases ?

Sardar Lachhman Singh Gill :

(a) No such arrests were made.

(b) & (c) Questions do not arise.

((ੳ) ਅਜਿਹੀਆਂ ਕੋਈ ਗਰਿਫਤਾਰੀਆਂ ਨਹੀਂ ਸਨ ਕੀਤੀਆਂ ਗਈਆਂ ।

(ਅ) ਅਤੇ (ੲ) ਸਵਾਲ ਪੈਦਾ ਨਹੀਂ ਹੁੰਦਾ ।)

ALLEGED BURNING ALIVE OF MRS. BIMLA AT JULLUNDUR ON 12TH FEBRUARY, 1968

164. **Shri Harbans Lal Khanna**: Will the Chief Minister be pleased to state—

(a) whether it has come to the notice of the Government authorities concerned that Mrs. Bimla was reported to have been burnt alive by her husband and father-in-law in Jullundur on 12th February, 1968;

(b) if the reply to part (a) above be in the affirmative, whether any case has been registered against the culprits, if so, their names and the offence under which it was registered;

(c) the progress so far made in the investigation of the said case ?

Sardar Lachhman Singh Gill:

(a) Yes.

(b) Yes, Case F.I.R. No. 86 dated 12th February, 1968, under Section 302 I.P.C., has been registered at P.S. City Jullundur against Surinder Kumar and Mastan Chand.

(c) Both the accused were arrested on 12th February, 1968 and have been confined to judicial lock up. Challan of the case was prepared on 25th February, 1968 and is under scrutiny of the Superintendent of Police for lodging prosecution proceedings.

[(ੳ) ਹਾਂ ਜੀ ।

(ਅ) ਹਾਂ ਜੀ, ਮੁਕੱਦਮਾ ਐਫ. ਆਈ. ਆਰ. ਨੰਬਰ 86, ਮਿਤੀ 12 ਫਰਵਰੀ, 1968, ਜ਼ੇਰ ਦਫ਼ਾ 302 ਆਈ.ਪੀ.ਸੀ. ਥਾਣਾ ਸ਼ਹਿਰ ਜਲੰਧਰ ਵਿਚ ਸ੍ਰੀ ਸੁਰਿੰਦਰ ਕੁਮਾਰ ਅਤੇ ਮਸਤਾਨ ਚੰਦ ਵਿਰੁਧ ਦਰਜ ਕੀਤਾ ਗਿਆ ਹੈ ।

(ੲ) ਦੋਵੇਂ ਮੁਲਜ਼ਿਮ 12 ਫਰਵਰੀ, 1968, ਨੂੰ ਫੜੇ ਗਏ ਸਨ ਅਤੇ ਜੁਡੀਸ਼ੀਅਲ ਹਵਾਲਾਤ ਵਿਚ ਬੰਦ ਕੀਤੇ ਗਏ ਹਨ । ਮੁਕਦਮੇ ਦਾ ਚਲਾਨ 25 ਫਰਵਰੀ, 1968 ਨੂੰ ਤਿਆਰ ਕੀਤਾ ਗਿਆ ਸੀ ਅਤੇ ਇਸਤਗਾਸੇ ਦੀ ਕਾਰਵਾਈ ਕਰਨ ਲਈ ਸੁਪਰਡੰਟ ਪੁਲੀਸ ਇਸ ਦੀ ਛਾਨ ਬੀਨ ਕਰ ਰਹੇ ਹਨ ।]

UNEMPLOYED GRADUATES REGISTERED WITH EMPLOYMENT EXCHANGES

165. Shri Harbans Lal Khanna : Will the Chief Minister be pleased to state—

(a) the total number of unemployed graduates registered with different Employment Exchanges in the State during the period from September, 1967 to 25th February, 1968;

(b) the details of the steps taken by the Government to provide them jobs ?

Shri Piara Ram Dhanowali (Labour and Welfare Minister):

(a) 3,335.

(b) The steps that need to be taken immediately to relieve unemployment among the educated persons are being considered at the National Level by the Government of India and the Fourth Plan Programmes will be oriented towards this end. The main proposals under consideration are :

(a) providing opportunities to the educated personnel particularly the Engineers for gainful self employment;

(b) inducement to industries to employ technically qualified people which will also help in quality control ;

(c) re-orientation of courses of study in general as well as technical education to meet the changed needs of economy;

(d) the crash programme undertaken by the State Government for construction of village link roads will also give immediate relief ;

(e) the development in agriculture and industries proposed for the Fourth Plan will open more avenues to the personnel educated in various specialities of manufacture, trade, commerce and transport.

COMPLAINT AGAINST A SALES MAN OF SUPER BAZAR, AMRITSAR

166. **Shri Harbans Lal Khanna** : Will the Minister for Co-operation and Parliamentary Affairs be pleased to state:

(a) whether Government has received any complaint against the Sales man of the Super Bazar, Amritsar, regarding misappropriation of funds ;

(b) if the reply to part (a) above be in the affirmative, whether any enquiry was made into the said complaint, if so, the result thereof ;

(c) the action, if any, taken by the Government in the matter ?

Chaudhri Kartar Singh : (a) No. However, defalcation by the sales men were detected.

(b) The cases were registered with the police. Cases are under investigation.

(c) Services of concerned sales men have been terminated.

X-RAY PLANT AT NAWANSHEHAR

167. **Shri Harbans Lal Khanna** : Will the Minister for Health be pleased to state:

(a) whether it is a fact that an X-Ray plant is lying idle in Nawanshehar; if so, since when ;

(b) the reasons for not putting the said plant into use together with the steps, if any, being taken by the Government to utilize it ?

Mahant Ram Parkash Dass : (a) At present there is no X-ray Plant lying idle at the Civil Hospital, Nawanshehar.

(b) Question does not arise.

LATHI-CHARGE MADE BY POLICE IN THE STATE

168. **Shri Harbans Lal Khanna** : Will the Chief Minister be pleased to state:

(a) the number of times when lathi-charge was resorted to by the police in the State during the period from 25th November, 1967 to 22nd February, 1968 together with the number and names of the persons, district-wise, injured as a result thereof ;

(b) the reasons for resorting to lathi-charge in each case;

(c) whether any officers have been punished for resorting to the said lathi-charge; if not, the reasons therefor;

(d) whether there is any proposal under the consideration of the Government to punish the officers found responsible for the said lathi-charge; if so, the steps being taken in this behalf ?

Sardar Lachhman Singh Gill : (a) No lathi-charge was resorted to by the police during the period from 25th November, 1967 to 22nd February, 1968.

(b)
(c)
&
(d) } Questions do not arise.

[(ੳ) 25 ਨਵੰਬਰ 1967 ਤੋਂ 22 ਫਰਵਰੀ 1968 ਦੇ ਅਰਸੇ ਵਿਚ ਪੁਲੀਸ ਨੇ ਕੋਈ ਲਾਠੀ ਚਾਰਜ ਨਹੀਂ ਕੀਤਾ ।

(ਅ)
(ੲ)
ਅਤੇ
(ਸ) } ਸਵਾਲ ਪੈਦਾ ਨਹੀਂ ਹੁੰਦਾ ।)

PERSONS ARRESTED AT BATALA ON 5TH FEBRUARY, 1968

169. Shri Harbans Lal Khanna : Will the Chief Minister be pleased to state:

(a) whether any lathi charge took place at Batala on 5th February, 1968; if so, under whose orders;

(b) the names of the persons who were injured and arrested respectively, as a result of the said lathi-charge together with the sections under which the latter were arrested ?

Sardar Lachhman Singh Gill: (a) There was no lathi-charge at Batala on 5th February, 1968.

(b) Sarvshri Rattan Lal Jain, President, Dharam Paul Bazaz, Dhian Paul, Dev Raj and Rishi Dutt, Municipal Commissioners of Batala who threw brick-bats on the police, injuring one Inspector and 5 Constables were arrested under sections 332/186/506/148/149, Indian Penal Code. All except Rishi Dutt received minor injuries while resisting their arrest.

((ੳ) 5 ਫਰਵਰੀ, 1968 ਨੂੰ ਬਟਾਲੇ ਵਿਚ ਲਾਠੀ ਚਾਰਜ ਨਹੀਂ ਹੋਇਆ ।

(ਅ) ਬਟਾਲੇ ਸਰਵ ਸ੍ਰੀ ਰਤਨ ਲਾਲ ਜੈਨ, ਪਰਧਾਨ, ਧਰਮ ਪਾਲ ਬਜਾਜ, ਧਿਆਨ ਪਾਲ, ਦੇਵ ਰਾਜ ਅਤੇ ਰਿਸ਼ੀ ਦਤ ਮਿਉਂਸਪਲ ਕਮਿਸ਼ਨਰਾਂ ਨੂੰ ਜਿਨ੍ਹਾਂ ਨੇ ਪੁਲੀਸ ਨੂੰ ਇੱਟਾਂ ਵੱਟੇ ਮਾਰੇ ਸਨ ਜਿਸ ਨਾਲ ਕਿ ਇਕ ਇਨਸਪੈਕਟਰ ਅਤੇ 5 ਸਿਪਾਹੀ ਜ਼ਖਮੀ ਹੋ ਗਏ ਸਨ ਦਫਾ 332/186/506/148/149 ਆਈ.ਪੀ.ਸੀ. ਅਧੀਨ, ਗ੍ਰਿਫ਼ਤਾਰ ਕੀਤੇ ਗਏ ਸਨ । ਰਿਸ਼ ਦਤ ਤੋਂ ਬਿਨਾਂ ਬਾਕੀ ਸਾਰਿਆਂ ਨੂੰ ਗਿਰਫਤਾਰੀਆਂ ਦੀ ਮਜ਼ਾਹਮਤ ਕਰਦਿਆਂ ਮਾਮੂਲੀ ਚੋਟਾਂ ਆਈਆਂ ਸਨ ।)

EROSION OF LAND IN CERTAIN VILLAGES OF NANGAL AREA

170. Miss Sarla Parasher : Will the Minister of State for Irrigation and Power be pleased to state:—

(a) whether Government have received any complaints during the last 2/3 years that the land in villages Ahlgran, Soorewal and Gambirpur in Nangal area is being eroded;

(b) if the reply to part (a) above be in the affirmative, the action, if any, taken thereon and the steps, if any, being taken to check the said erosion ?

ਸਰਦਾਰ ਨੱਥਾ ਸਿੰਘ : (ੳ) ਪਿੰਡ ਅਹਲਗ੍ਰਾਂ, ਸੂਰੇਵਾਲ ਅਤੇ ਗੰਭੀਰਪੁਰ, ਸਹਾਇਕ ਭੋਂ ਸੰਭਾਲ ਅਫਸਰ, ਹੁਸ਼ਿਆਰਪੁਰ ਪੂਰਬੀ ਦੇ ਅਧਿਕਾਰ ਖੇਤਰ ਵਿਚ ਸਨ । ਇਨ੍ਹਾਂ ਪਿੰਡਾਂ ਵਿਚੋਂ ਕਿਸੇ ਤੋਂ ਵੀ ਭੋਂ ਖੁਰਨ ਸਬੰਧੀ ਸਹਾਇਕ ਭੋਂ ਸੰਭਾਲ ਅਫ਼ਸਰ, ਹੁਸ਼ਿਆਰਪੁਰ (ਪੂਰਬੀ) ਅਤੇ ਡਵੀਜ਼ਨਲ ਭੋਂ ਸੰਭਾਲ ਅਫ਼ਸਰ ਹੁਸ਼ਿਆਰਪੁਰ ਦੇ ਦਫ਼ਤਰ ਵਿਚ ਸ਼ਿਕਾਇਤ ਨਹੀਂ ਪੁਜੀ ਅਤੇ ਇਸ ਲਈ ਇਸ ਸਮਸਿਆ ਨੂੰ ਹੱਲ ਕਰਨ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।

Mr. Speaker : The Question Hour is over.

ਸ਼੍ਰੀ ਅ. ਵਿਸ਼ਵਨਾਥਨ : ਸਪੀਕਰ ਸਾਹਿਬ, ਕਾਲ-ਅਟੈਨਸ਼ਨ ਮੋਸ਼ਨ ਦੇ ਜਵਾਬ ਤੇ ਇਕ ਸਵਾਲ ਪੁੱਛਿਆ ਜਾ ਸਕਦਾ ਹੈ । ਕਲ ਜੋ ਕਾਲ-ਅਟੈਂਸ਼ਨ ਮੋਸ਼ਨ ਦਾ ਜਵਾਬ ਆਇਆ ਹੈ ਮੈਂ ਉਸ ਤੇ ਇਕ ਸਵਾਲ ਪੁੱਛਣਾ ਚਾਹੁੰਦਾ ਹਾਂ ।

ਸ਼੍ਰੀ ਸਪੀਕਰ : ਪੁਛੋ (Please do ask.)

ਸ਼੍ਰੀ ਸਤਪਾਲ ਡਾਂਗ : On a point of order, Sir. ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਤੁਸੀਂ ਕਿਹਾ ਸੀ ਕਿ ਜੇ ਕੋਈ ਨੇੜੇ ਦਾ ਵਾਕਿਆ ਹੋਵੇ ਤਾਂ ਤੁਸੀਂ ਉਸ ਨੂੰ ਹਾਊਸ ਨੂੰ ਪੁਟ ਕਰਨ ਦੀ ਇਜਾਜ਼ਤ ਦਿਉਗੇ । ਸਪੀਕਰ ਸਾਹਿਬ, ਪੰਜਾਬ ਰੋਡਵੇਜ਼ ਵਰਕਰਾਂ ਦੀ ਹੜਤਾਲ ਚਲ ਰਹੀ ਹੈ । ਤਾਲਾਬੰਦੀ ਕੀਤੀ ਜਾ ਰਹੀ ਹੈ। ਵਰਕਰਾਂ ਨੂੰ ਕੰਮ ਤੇ ਨਹੀਂ ਜਾਣ ਦਿਤਾ ਜਾਂਦਾ । ਚੰਡੀਗੜ੍ਹ ਵਿਚ 150 ਵਰਕਰ ਗ੍ਰਿਫਤਾਰ ਕਰ ਲਏ ਗਏ ਹਨ। ਉਨ੍ਹਾਂ ਦਾ ਕੇਸ ਡਿਸਕਸ ਕੀਤਾ ਜਾਵੇ ।

ਸ਼੍ਰੀ ਸਪੀਕਰ : ਪਰ, ਸਤਪਾਲ ਜੀ, ਤੁਹਾਡੀ ਇਕ ਕਾਲ ਅਟੈਨਸ਼ਨ-ਮੋਸ਼ਨ ਨੰ: 35 ਐਡਮਿਟ ਹੋਈ ਹੈ । (The hon. Member's Call-Attention Notice No. 35 has been admitted.)

ADJOURNMENT MOTION

ਕਾਮਰੇਡ ਭਾਨ ਸਿੰਘ ਭੌਰਾ : ਸਪੀਕਰ ਸਾਹਿਬ, ਰੋਡਵੇਜ਼ ਵਰਕਰਜ਼ ਦੀਆਂ ਗ੍ਰਿਫਤਾਰੀਆਂ ਬਾਰੇ ਇਕ *ਐਡਜਰਨਮੈਂਟ ਮੋਸ਼ਨ ਵੀ ਹੈ ।

ADJOURNMENT MOTION UNDER RULE 66
No. 6

*1. **Comrade Bhan Singh Bhaura, M.L.A.**
2. **Comrade Satyapal Dang, M.L.A.**
} Have given notice of their intention to move for the adjournment of the Business of the House to discuss a matter of urgent public importance, namely, continued arrests of the Punjab Roadways workers for the last few days, there has been indiscriminate use of force and lathi-charge at Amritsar on 5th March, 1968, the legitimate demands of the workers and their constitutional right of strike is being crushed, the workers returning from the strike are not permitted to resume duty.

STATEMENT OF REASONS

The Government is suppressing the Punjab Roadways workers by resorting to unfair and unconstitutional means. These steps which are not proper in any way in a democracy have created unrest in the State. Therefore, discussion of this matter is necessary.

Mr. Speaker : Let me first satisfy myself in connection with your adjournment motion. I am asking the Government to give me reply.

ਕਾਲ-ਅਟੈਨਸ਼ਨ ਨੋਟਿਸ

ਸ੍ਰੀ ਸਪੀਕਰ : ਹੁਣ, ਸਤਪਾਲ ਜੀ, ਤੁਸੀਂ ਆਪਣੀ ਕਾਲ-ਅਟੈਨਸ਼ਨ ਮੋਸ਼ਨ ਨੰ: 35 ਮੂਵ ਕਰੋ । (Shri Satya Pal Dang may now move his Call-Attention Motion No. 35.)

ਸ੍ਰੀ ਸਤਪਾਲ ਡਾਂਗ : ਪੰਜਾਬ ਰੋਡਵੇਜ਼ ਵਰਕਰਾਂ ਦੇ ਬਾਰੇ ਮੋਸ਼ਨ ਦਾ ਕੀ ਬਣਿਆ ।

ਸ੍ਰੀ ਸਪੀਕਰ : ਉਹ ਫਿਰ ਵੇਖ ਲਵਾਂਗੇ । (That will be attended to later on.)

ਸ੍ਰੀ ਸਤਪਾਲ ਡਾਂਗ: *ਮੈਂ ਇਕ ਜ਼ਰੂਰੀ ਮਾਮਲੇ ਵਲ ਗੌਰਮੈਂਟ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਨਹਿਰ ਦੇ ਪਟਵਾਰੀਆਂ ਨੇ ਪਰੈਸ ਦੀ ਰਪੋਰਟ ਦੇ ਮੁਤਾਬਕ 19 ਮਾਰਚ, 1968 ਨੂੰ ਇਕ ਦਿਨ ਦੀ ਕਲਮ ਛੋੜ ਹੜਤਾਲ ਕਰਨੀ ਹੈ ਤੇ ਫੇਰ ਇਸ ਤੋਂ ਬਾਦ 26 ਮਾਰਚ, 1968 ਤੋਂ ਮੁਸਤਕਿਲ ਹੜਤਾਲ ਕਰਨਗੇ । ਯੂਨੀਅਨ ਨੇ ਇਹ ਕਿਹਾ ਕਿ 20 ਫਰਵਰੀ, 1965 ਨੂੰ ਸਰਕਾਰ ਨੇ ਇਹ ਮੰਨ ਲਿਆ ਕਿ ਇਨ੍ਹਾਂ ਦੇ ਗਰੇਡ ਤੇ ਤਨਖਾਹ ਮਾਲ ਦੇ ਪਟਵਾਰੀਆਂ ਦੇ ਬਰਾਬਰ ਹੋਣੇ ਚਾਹੀਦੇ ਹਨ । ਲੇਕਿਨ ਇਹ ਵਾਇਦਾ ਅਜੇ ਤਕ ਪੂਰਾ ਨਹੀਂ ਕੀਤਾ ਗਿਆ । ਇਸ ਮਾਮਲੇ ਦੀ ਮਹੱਤਤਾ ਨੂੰ ਮੁੱਖ ਰਖਦੇ ਹੋਏ ਇਸ ਬਾਰੇ ਸਰਕਾਰ ਹਾਊਸ ਵਿਚ ਆਪਣਾ ਬਿਆਨ ਦੇਵੇ ।

ਸ੍ਰੀ ਸਪੀਕਰ : ਐਡਮਿਟਿਡ । ਗੌਰਮੈਂਟ ਸਟੇਟਮੈਂਟ ਦੇਵੇ ? (Admitted. Government should make a statement.)

ਚੌਧਰੀ ਬਲਬੀਰ ਸਿੰਘ : ਮੇਰੇ ਕਲ ਦੇ ਪਰਸਤਾਵਾਂ ਬਾਰੇ ?

ਸ੍ਰੀ ਸਪੀਕਰ : ਤੁਹਾਡੇ ਪਰਸਤਾਵ ਦੇ ਨੋਟਿਸ ਲੈ ਲਏ ਗਏ ਹਨ । ਉਹਦੇ ਜਵਾਬ ਦੇ ਦੇਣਗੇ । (The notices of his resolutions have been received. He will get replies.)

ਕਾਮਰੇਡ ਭਾਨ ਸਿੰਘ ਭੌਰਾ : ਆਨ ਏ ਪੁਆਇੰਟ ਆਫ ਆਰਡਰ । 34 ਨੰਬਰ ਕਾਲ-ਅਟੈਨਸ਼ਨ ਬਾਰੇ ।

ਸ੍ਰੀ ਸਪੀਕਰ : ਭੌਰਾ ਸਾਹਿਬ, ਰੂਲਜ਼ ਮੁਤਾਬਕ ਚਲੋ ਤਾਂ ਠੀਕ ਹੈ । I cannot allow like this. (I would request the hon. Member kindly to proceed according to Rules. I cannot allow like this.)

ਕਾਮਰੇਡ ਜੰਗੀਰ ਸਿੰਘ ਜੋਗਾ : ਮੇਰੀ ਜਿਹੜੀ ਕਲ ਕਾਲ-ਅਟੈਨਸ਼ਨ ਮੋਸ਼ਨ ਸੀ ਉਸ ਦਾ ਜੋ ਜਵਾਬ ਦਿੱਤਾ ਹੈ ਚੀਫ ਮਨਿਸਟਰ ਸਾਹਿਬ ਵਲੋਂ; ਜਿਹੜਾ ਪੰਜ ਸਟੈਂਡਰਡ ਏਕੜ ਦਾ ਕਾਨੂੰਨ ਪਾਸ ਹੋਇਆ ਹੈ ਉਸ ਦੇ ਮੁਤਾਬਕ 5 ਸਟੈਂਡਰਡ ਏਕੜ ਦਾ ਮਾਲੀਆ ਕਿਸਾਨਾਂ ਤੋਂ ਨਹੀਂ ਵਸੂਲ ਕੀਤਾ ਜਾਏਗਾ । ਮੈਂ ਚੀਫ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਾਨੂੰਨ ਬਣਨ ਤੋਂ ਬਾਅਦ ਇਹ ਕਿਉਂ ਵਸੂਲ ਕੀਤਾ ਗਿਆ । ਕੀ ਅਗਲੀ ਫਸਲ ਵਿਚ ਇਹ ਵਾਪਸ ਦੇ ਦਿਤਾ ਜਾਏਗਾ ?

---

*(Serial No. 35)

Comrade Satyapal Dang, M.L.A. to draw the attention of the Government towards an urgent matter of public importance, namely, the reported decision of the Union of Irrigation Booking Clerks (Nehar Patwaris) to go on a pen-down strike on 19th March, 1968 for one day and to go on an indefinite pen-down strike with effect from 26th March, 1968. The Union has alleged that the Government agreed on 20th February, 1965 to give them the same grade and scale of pay as is given to the Revenue Patwaris but the promise has not yet been fulfilled.

In view of the importance of the matter, the Government may please make a statement in the House.

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿਲ) : ਪਹਿਲਾਂ ਤਾਂ ਮੈਂ ਇਹ ਪਤਾ ਕਰਾਂਗਾ ਕਿ ਕੀ ਹੋਇਆ ਹੈ। ਜੇ ਵਸੂਲੀ ਕੀਤੀ ਹੋਈ ਤਾਂ ਉਹਨੂੰ ਵਾਪਸ ਕਰਾ ਦਿੱਤਾ ਜਾਏਗਾ।

ਕਾਮਰੇਡ ਜੰਗੀਰ ਸਿਘ ਜੋਗਾ : ਇਨ੍ਹਾਂ ਦੇ ਜਵਾਬ ਵਿੱਚ ਹੀ ਲਿਖਿਆ ਹੈ ਕਿ ਵਸੂਲੀ ਹੋਈ ਹੈ।

ਸ਼੍ਰੀ ਸਪੀਕਰ : ਉਨ੍ਹਾਂ ਨੇ ਪਹਿਲਾਂ ਹੀ ਕਿਹਾ ਹੈ ਕਿ ਜੇ ਵਸੂਲੀ ਕੀਤੀ ਹੋਈ ਤਾਂ ਵਾਪਸ ਕਰਾ ਦਿਆਂਗੇ। (He has already said that the amount would be reimbursed in case realization had been made.)

QUESTION ASKED ON STATEMENTS GIVEN BY THE MINISTERS ON CALL-ATTETION NOTICES Nos. 2 AND 10

ਸ਼੍ਰੀ ਅ. ਵਿਸ਼ਵਨਾਥਨ : ਆਨ ਏ ਪੁਆਇੰਟ ਆਫ਼ ਆਰਡਰ। ਮੈਂ ਕਾਲ-ਅਟੈਨਸ਼ਨ ਨੰ: 2 ਤੇ ਨੰ: 10 ਤੇ ਕੁਛ ਪੁੱਛਣਾ ਚਾਹੁੰਦਾ ਹਾਂ। ਇਹ ਜੋ ਜਵਾਬ ਦਿਤੇ ਗਏ ਹਨ ਪਾਲੀਟੈਕਨਿਕ ਸਟੂਡੈਂਟਸ ਔਰ ਇੰਜੀਨਿਅਰਿੰਗ ਸਟੂਡੈਂਟਸ ਦੀ ਡਿਮਾਂਡਜ਼ ਤੇ ਉਹਦੇ ਨਾਲ ਦੋ ਅਨੈਕਸਚਰਜ਼ ਵੀ ਹਨ। ਪਾਲੀਟੈਕਨਿਕ ਸਟੂਡੈਂਟਸ ਦੀ ਡਿਮਾਂਡਜ਼ ਜੋ ਹੈ ਨੰ: 2 ਔਰ 8 ਔਰ ਇੰਜੀਨਿਅਰਿੰਗ ਸਟੂਡੈਂਟਸ ਦੀ ਡਿਮਾਂਡਜ਼ ਜੋ ਹੈ ਨੰ: 2, 3, 8, 9, 11, 15 ਔਰ 16 ਇਨ੍ਹਾਂ ਡਿਮਾਂਡਜ਼ ਨੂੰ ਇੰਪਲੀਮੈਂਟ ਕਰਨ ਦੇ ਬਾਰੇ ਸਰਕਾਰ ਕੀ ਸੋਚ ਰਹੀ ਹੈ ?

ਉਦਯੋਗ ਮੰਤਰੀ (ਸ੍ਰੀ ਬਸ਼ੰਬਰ ਨਾਥ ਮੱਕੜ) : ਜਵਾਬ ਜੋ ਦਿੱਤਾ ਗਿਆ ਹੈ ਉਹਦੇ ਵਿੱਚ ਜੋ ਡਿਮਾਂਡਜ਼ ਮੰਨੀਆਂ ਉਹ ਜੈਨੁਅਨ ਸਨ। ਬਾਕੀ ਦੀਆਂ ਡਿਮਾਂਡਜ਼ ਦੇ ਮੁਤੱਲਕ ਅਸੀਂ ਸਮਝੌਤਾ ਕਰ ਲਿਆ।

ਸ਼੍ਰੀ ਸਤਪਾਲ ਡਾਂਗ : ਕਾਲ-ਅਟੈਨਸ਼ਨ ਮੋਸ਼ਨ ਬਾਰੇ ਪੁੱਛਣਾ ਹੈ।

ਸ਼੍ਰੀ ਸਪੀਕਰ : ਤੁਹਾਨੂੰ ਅਲਾਊਡ ਨਹੀਂ। (You are not allowed.)

ਸ਼੍ਰੀ ਸਤਪਾਲ ਡਾਂਗ : ਦੋ ਸੈਪੇਰੇਟ ਕਾਲ-ਅਟੈਨਸ਼ਨ ਮੋਸ਼ਨਜ਼ ਦਾ ਜਵਾਬ ਇਕੱਠਾ ਦਿੱਤਾ ਗਿਆ ਹੈ। ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਕਿ ਡੈਪੂਟੇਸ਼ਨ ਨੂੰ ਕੁਝ ਐਸ਼ਿਉਰੈਂਸਿਜ਼ ਦਿੱਤੀਆਂ ਨੇ। ਹੋਰ ਮੰਗਾਂ ਉਨ੍ਹਾਂ ਦੀਆਂ ਤਕਰੀਬਨ ਮਨਿਸਟਰ ਸਾਹਿਬ ਨੇ ਮਹਿਕਮੇ ਕੋਲ ਸਿਫ਼ਾਰਸ਼ ਕਰਕੇ ਭੇਜ ਦਿੱਤੀਆਂ ਨੇ। ਕੀ ਮਨਿਸਟਰ ਸਾਹਿਬ ਦੱਸਣਗੇ ਕਿ ਉਸ ਦਾ ਤੁਹਾਨੂੰ ਕਦੋਂ ਪਤਾ ਲਗੇਗਾ ਕਿ ਉਨ੍ਹਾਂ ਦੀ ਸਿਫ਼ਾਰਸ਼ ਮੰਨੀ ਹੈ ਕਿ ਨਹੀਂ।

ਉਦਯੋਗ ਮੰਤਰੀ : ਇਹ ਡਿਮਾਂਡਜ਼ ਸਾਰੀਆਂ ਸਰਵਿਸਿਜ਼ ਤੇ ਅਫ਼ੈਕਟ ਕਰਦੀਆਂ ਸਨ। ਉਨ੍ਹਾਂ ਨੂੰ ਕੈਬੀਨਿਟ ਵਿੱਚ ਲਿਆ ਕੇ ਫੈਸਲਾ ਕੀਤਾ ਜਾਵੇਗਾ।

PRESENTATION OF THE TWENTY-FIFTH REPORT OF THE PUBLIC ACCOUNTS COMMITTEE

आचार्य पृथ्वी सिंह आजाद : अध्यक्ष महोदय, मैं पब्लिक अकाऊंट्स कमेटी की 25वीं रिपोर्ट जो कि पंजाब सरकार के साल 1964-65 तथा 1965-66 के एप्रोप्रिएशन अकाऊंट्स और आडिट रिपोर्ट 1966 और 1967 पर है, पेश करता हूं।

PRESENTATION OF SUPPLEMENTARY ESTIMATES (SECOND INSTALMENT) FOR THE YEAR 1967-68 AND THE REPORT OF THE ESTIMATES COMMITTEE THEREON

ਡਾਕਟਰ ਜਗਜੀਤ ਸਿੰਘ : ਮੈਂ 1967-68 ਦੀ ਸਪਲੀਮੈਂਟਰੀ ਐਸਟੀਮੇਟ (ਦੂਜੀ ਕਿਸ਼ਤ) ਪੇਸ਼ ਕਰਦਾ ਹਾਂ । ਇਹ ਮੰਗਾਂ ਗਵਰਨਰ ਸਾਹਿਬ ਦੀ ਰਿਕਮੈਂਡੇਸ਼ਨਜ਼ ਉਤੇ ਕੀਤੀਆਂ ਗਈਆਂ ।

ਲੈਫਟੀਨੈਂਟ ਭਾਗ ਸਿੰਘ : ਮੈਂ ਸੰਨ 1967-68 ਦੇ ਸਪਲੀਮੈਂਟਰੀ ਐਸਟੀਮੇਟਸ (ਦੂਜੀ ਕਿਸ਼ਤ) ਉਤੇ ਐਸਟੀਮੇਟਸ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ ।

PAPERS LAID ON THE TABLE—STATEMENT ON CALL ATTENTION No. 22

Minister of State for Public Works (Sardar Narinder Singh) : Sir, I beg to lay on the table of the House statement in reply to Call-Attention Motion No. 22 given notice of by Comrade Satya Pal Dang.

CALL-ATTENTION NOTICE NO. 22

Sardar Lachhman Singh Gill (Chief Minister) : Work relating to the procurement and export of maize from Kharif, 1967 crop was entrusted by the State Government to the Food Corporation of India. It was estimated that about 150,000 tonnes of maize would have to be procured and exported outside the State under allocations from the Government of India. Out of total arrivals of 246,436 tonnes in the Mandis up to 24th February, 1968, 210,597 tonnes were purchased by the Food Corporation of India, giving a perentage of 85.5, which is very good. The peak period of arrivals of maize has passed and daily arrivals are now in the range of 500 to 600 tonnes. Procurement of maize will, however, continue to be made by the Food Corporation of India without any quantitative restrictions.

2. On account of short supply of wagons by the Railways for some time, the stocks purchased by the Food Corporation of India in the Punjab could not be moved to destinations in Uttar Pradesh for storage in its godowns expeditiously. The position of availability of wagons has since improved and out of total purchases of 210,597 tonnes up to 24th February, 1968, mentioned above, 170,068 tonnes have been moved. A meeting has also been arranged by the Government of India at New Delhi for chalking out movement programme for March, 1968, and it is expected that the remaining stocks would also be cleared shortly.

3. There is, thus, no truth in the allegation about rotting of large stocks of maize at various places because of the failure of the Food Corporation of India and the Punjab Government.

(ਖਰੀਫ 1967 ਦੀ ਫ਼ਸਲ ਤੋਂ ਮੱਕੀ ਦੀ ਪ੍ਰਾਪਤੀ ਅਤੇ ਬਰਾਮਦ ਦਾ ਕੰਮ ਰਾਜ-ਸਰਕਾਰ ਨੇ ਫੂਡ ਕਾਰਪੋਰੇਸ਼ਨ ਆਫ ਇੰਡੀਆ ਦੇ ਸਪੁਰਦ ਕੀਤਾ ਸੀ । ਇਹ ਅੰਦਾਜ਼ਾ ਲਾਇਆ ਗਿਆ ਸੀ ਕਿ ਭਾਰਤ ਸਰਕਾਰ ਵਲੋਂ ਕੀਤੀ ਗਈ ਐਲੋਕੇਸ਼ਨ ਅਧੀਨ 150,000 ਟਨ ਮੱਕੀ ਪ੍ਰਾਪਤ ਕਰਨੀ ਪਏਗੀ ਅਤੇ ਪੰਜਾਬ ਦੇ ਬਾਹਰ ਬਰਾਮਦ ਕਰਨੀ ਪਵੇਗੀ । 24 ਫਰਵਰੀ, 1968 ਤਕ ਮੰਡੀਆਂ ਵਿਚ ਕੁੱਲ ਪ੍ਰਾਪਤ ਹੋਈ 246,436 ਟਨ ਮੱਕੀ ਵਿਚੋਂ 210,597 ਟਨ ਫੂਡ ਕਾਰਪੋਰੇਸ਼ਨ ਆਫ ਇੰਡੀਆ ਨੇ 85.5 ਫੀ ਸਦੀ ਦੇ ਕਰੀਬ ਖਰੀਦੀ ਜਿਹੜੀ ਕਿ ਬਹੁਤ ਅੱਛੀ ਹੈ । ਮੱਕੀ ਦੇ ਮੰਡੀਆਂ ਵਿਚ ਆਉਣ ਦਾ ਚੜ੍ਹਦਾ ਸਮਾਂ ਬੀਤ ਗਿਆ ਹੈ ਅਤੇ ਨਿਤ ਦੀ ਪਹੁੰਚ ਹੁਣ 500 ਅਤੇ 600 ਟਨ ਦੇ ਵਿਚਕਾਰ ਹੈ । ਤਾਂ ਵੀ, ਮਿਕਦਾਰ ਦੀ ਕਿਸੇ ਹਦਬੰਦੀ ਤੋਂ ਬਿਨਾਂ ਹੀ ਮੱਕੀ ਦੀ ਪ੍ਰਾਪਤੀ ਫੂਡ ਕਾਰਪੋਰੇਸ਼ਨ ਆਫ ਇੰਡੀਆ ਵਲੋਂ ਕੀਤੀ ਹੀ ਜਾਂਦੀ ਰਹੇਗੀ ।

[Chief Minister]

2. ਕੁਝ ਅਰਸੇ ਤੋਂ ਰੇਲਵੇ ਵਲੋਂ ਵੈਗਨਾਂ ਦੀ ਘਟ ਸਪਲਾਈ ਹੋਣ ਦੇ ਕਾਰਨ ਫੂਡ ਕਾਰਪੋਰੇਸ਼ਨ ਵਲੋਂ ਪੰਜਾਬ ਵਿਚ ਖਰੀਦੇ ਗਏ ਸਟਾਕ ਨੂੰ ਗੁਦਾਮਾਂ ਵਿਚ ਸਟੋਰ ਕਰਨ ਲਈ ਛੇਤੀ-ਛੇਤੀ ਉਤਰ ਪ੍ਰਦੇਸ਼ ਵਿਚ ਨਹੀਂ ਸੀ ਭੇਜਿਆ ਜਾ ਸਕਿਆ। ਵੈਗਨਾਂ ਦੀ ਪ੍ਰਾਪਤੀ ਦੀ ਪੋਜ਼ੀਸ਼ਨ ਹੁਣ ਕੁਝ ਚੰਗੀ ਹੋ ਗਈ ਹੈ ਅਤੇ ਜਿਵੇਂ ਕਿ ਉਪਰ ਦਸਿਆ ਗਿਆ ਹੈ 24 ਫਰਵਰੀ, 1968 ਤਕ 210,597 ਟੱਨ ਦੀ ਕੁੱਲ ਖਰੀਦ ਵਿਚੋਂ 170,068 ਟੱਨ ਅਨਾਜ ਬਾਹਰ ਭੇਜਿਆ ਜਾ ਚੁਕਿਆ ਹੈ। ਮਾਰਚ, 1968 ਵਿੱਚ ਭੇਜੇ ਜਾਣ ਵਾਲੇ ਅਨਾਜ ਦੇ ਪ੍ਰੋਗਰਾਮ ਬਾਰੇ ਭਾਰਤ ਸਰਕਾਰ ਨੇ ਨਵੀਂ ਦਿੱਲੀ ਵਿਚ ਇਕ ਮੀਟਿੰਗ ਸੱਦੀ ਗਈ ਹੈ ਅਤੇ ਆਸ ਕੀਤੀ ਜਾਂਦੀ ਹੈ ਕਿ ਬਾਕੀ ਦੇ ਸਟਾਕ ਵੀ ਛੇਤੀ ਹੀ ਭੇਜੇ ਜਾਣਗੇ।

3. ਇਸ ਲਈ ਇਸ ਇਲਜ਼ਾਮ ਵਿੱਚ ਕੋਈ ਸਚਾਈ ਨਹੀਂ ਹੈ ਕਿ ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਅਤੇ ਪੰਜਾਬ ਸਰਕਾਰ ਦੀ ਬੇਧਿਆਨੀ ਕਾਰਨ ਕਈ ਥਾਵਾਂ ਮੱਕੀ ਦੇ ਸਟਾਕ ਖਰਾਬ ਹੋ ਰਹੇ ਹਨ।

THE LAND ACQUISITION (PUNJAB AMNEMENT) BILL, 1968 (INTRODUCED)

Chief Minister (Sardar Lachhman Singh Gill) : Sir, I beg to move for leave to introduce the Land Acquisition (Punjab Amendment) Bill.

Mr. Speaker : Motion moved—

That leave be granted to introduce the Land Acquisition (Punjab Amendment) Bill.

Mr. Speaker : Question is—

That leave be granted to introduce the Land Acquisition (Punjab Amendment) Bill.

The leave was granted

Chief Minister : Sir, I beg to introduce the Land Acquisition (Punjab Amendment) Bill.

THE PEPSU TENANCY AND AGRICULTURAL LANDS (AMENDMENT) BILL, 1967

Chief Minister (Sardar Lachhman Singh Gill) : Sir, I beg to move—

That the Pepsu Tenancy and Agricultural Lands (Amendment) Bill, as passed by the Punjab Vidhan Parishad, be taken into consideration.

Mr. Speaker . Motion moved—

That the Pepsu Tenancy and Agricultural Lands (Amendment) Bill, as passed by the Punjab Vidhan Parishad, be taken into consideration.

Mr. Speaker : Question is—

That the Pepsu Tenancy and Agricultural Lands (Amendment) Bill, as passed by the Punjab Vidhan Parishad, be taken into consideration.

The motion was carried.

ਲੈਫਟੀਨੈਂਟ ਭਾਗ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਜਿਹੜੇ ਬਿਲ ਪੇਸ਼ ਕੀਤੇ ਹਨ ਏਸ ਦੇ ਰੀਜ਼ਨਜ਼ ਕੋਈ ਨਹੀਂ ਦੱਸੇ ਗਏ । ਇਹ ਨਹੀਂ ਦਸਿਆ ਗਿਆ ਕਿ ਸਰਕਾਰ ਦਾ ਕੀ ਮਨਸ਼ਾ ਹੈ ।

ਸਰਦਾਰ ਗੁਰਨਾਮ ਸਿੰਘ : ਘਰੋਂ ਪੁਛ ਲਉ ।

Mr. Speaker : Now the House will take up the Bill clause by clause.

CLAUSE 2

Chaudhri Balbir Singh : Sir, I have given notice of amendment to the Pepsu Tenancy and Agricultural Lands (Amendment) Bill.

Mr. Speaker : Yes.

Chaudhri Balbir Singh (Hoshiarpur) : Sir, I beg to move that—

In the proposed section 51-A, lines 3-4, between "1950" and "to" *insert* "but will not cover lands granted as award for helping British Regime in the first War of Independence, 1857".

सरकार ने यह जो बिल पेश किया है उस में यह अमैंडमैंट पेश की है कि सरप्लस एरिया में वह ज़मीनें शामिल न की जाएं, उन को मुस्तसना करार दिया जाए, जो कि बहादुरी करने के लिए लोगों को मिली यानी उन पर यह ऐक्ट लागू नहीं होगा । मैं ने जो अमैंडमैंट दी है उस का मतलब यह है कि लोगों ने सन् 1857 में जो हिन्दुस्तान को आज़ाद कराने के लिए अंग्रेज़ों के खिलाफ लड़ाई लड़ी लेकिन कुछ लोगों ने उस में भी अंग्रेज़ का साथ दिया और उस के नतीजे के तौर पर कुछ लोगों को इनाम की शक्ल में जायदाद मिली । अगर उन लोगों को मुस्तसना किया जाए, जो फांसी पर चढ़ें, जिन्हों ने शहीदी पाई, और स्वतन्त्रता संग्राम में उन लोगों की हिमायत की तो मैं इस मते की हिमायत करता । (विघन)

मेरे होशियारपुर में एक इसी किस्म का केस है । होशियारपुर के ज़िला में एक आदमी ने 1857 की पहिली लड़ाई में सिख फौज की कमांड की और लड़ाई लड़ी ।

ਮੁੱਖ ਮੰਤਰੀ : ਆਨ ਏ ਪੁਆਇੰਟ ਆਫ਼ ਆਰਡਰ ਸਰ, ਸਪੀਕਰ ਸਾਹਿਬ, ਇਹ ਤਾਂ ਸਾਰਾ ਪੈਪਸੂ ਦੇ ਮੁਤੱਲਕ ਹੈ । ਹੁਸ਼ਿਆਰਪੁਰ ਨਾਲ ਇਸ ਦਾ ਕੋਈ ਤਅੱਲਕ ਨਹੀਂ ।..

चौधरी बलबीर सिंह : पैप्सू में भी यह ज़मीन है । इन्हों ने, स्पीकर साहिब, अभी सारी बात सुनी नहीं । जिस आदमी का मैं ज़िकर कर रहा हूं उस आदमी को पैप्सू में भी ज़मीन मिली है । 1000 एकड़ ज़मीन होशियारपुर में और 500 एकड़ पटियाला ज़िले मे मिली । यह ज़मीन इस वक्त सरदार हरबंस सिंह के पास है ।

उसके बाबे ने 1857 में लड़ाई लड़ी । वह बृटिश फौज के साथ लालच का मारा मिल गया कि जागीर मिल जाएगी । जब वह अंग्रेज सरकार को हटाने चले तो यह ज़लील इनसान अंग्रेज़ों के साथ मिल गया । उसने मिलटरी को फालन किया और काशन किया कि हथियार फैंक दें । और सिख फ़ौज को मार्च करने का हुक्म दिया उन में से 5 आदमी आगे बढ़े और मारे गए । अंग्रेज़ मिलटरी ने सारे हथियार उठा लिए और सारे के सारे फौजी गिरफतार कर लिए गए, और मार दिए गए । इसके नतीजा के तौर पर अंग्रेज ने उस को 1,000 एकड़ जमीन होशियारपुर ज़िला में और 500 एकड़ जमीन पेप्सू में दी क्योंकि उसने अंग्रेजों का साथ दिया था । बजाए इसके कि 15 अगस्त, 1947 को जब आज़ादी मिली हिन्दुस्तान आज़ाद हुआ, इस किस्म के लोगों को चौक में खड़ करके गोली से उड़ा दिया जाता, उन की जायदाद भी छीन ली जाती, उलटा यह सरकार इस तरह का बिल पेश कर रही है। मैंने जो अमैंडमैंट इस बिल में दी है, वह यह है कि जिन लोगों को जो एवार्ड मिले First World War and Second World War में जो एवार्ड मिले वह तो ठीक है । लेकिन जिन लोगों ने 1857 की आज़ादी की लड़ाई में देश के साथ गद्दारी की है और जो जमीन उन्हें मिली है, उन्हें मुस्तसना करार न दिया जाए । और सरकार इसके लिए अलहदा बिल लाए । उस की जायदा को ज़ब्त करें और जो मुनाफा मिले वह भी जब्त किया जाए । (थंपिंग)

स्पीकर साहब, कोई जवाब नहीं मिला । इस के मुतालिक कोई कार्रवाई नहीं की गई ।

ਮੁੱਖ ਮੰਤਰੀ : ਇਹ ਦੋ ਬਿਲ ਨੇ ਜੀ । ਜਿਹੜਾ ਨੰ: 3 ਹੈ ਇਨ੍ਹਾਂ ਦੇ ਨੂੰ ਤਿੰਨ ਪੜ੍ਹ ਲਿਆ ਅਤੇ 3 ਨੂੰ ਦੋ ਪੜ੍ਹ ਲਿਆ ਹੈ। ਇਨ੍ਹਾਂ ਨੂੰ ਗਲਤ ਫਹਿਮੀ ਪੈ ਗਈ ਜਾਪਦੀ ਹੈ । ਗੱਲ ਇਸ ਵਿਚ ਕੋਈ ਨਹੀਂ । ਗੱਲ ਦੋਨਾਂ ਵਿਚ ਇਕੋ ਜਿਹੀ ਹੈ । ਇਕ ਵਿਚ ਤਾਂ ਅਸੀਂ ਟਾਈਮ ਨੂੰ ਐਕਸਟੈਂਡ ਕੀਤਾ ਹੈ । ਕਿਉਂਕਿ ਆਰਡੀਨੈਂਸ ਦੀ ਡੇਟ ਲੰਘ ਗਈ ਸੀ । ਇਸ ਲਈ ਇਹ ਕਲਾਜ਼ ਡੀਲੀਟ ਕਰ ਦੇਣੀ ਚਾਹੀਦੀ ਹੈ । ਦੂਜਾ ਇਹ ਕਿ ਇਹ ਤਿੰਨ ਪੁਸ਼ਤਾਂ ਤੱਕ ਉਨ੍ਹਾਂ ਨੂੰ ਮਿਲਣੀ ਚਾਹੀਦੀ ਹੈ । ਇਹ ਜੁਲਾਈ ਤੋਂ ਬਾਅਦ ਆਰਡੀਨੈਂਸ ਕੀਤਾ ਸੀ ਇਹ ਫਰਵਰੀ ਵਿਚ ਮੁੱਕ ਜਾਵੇਗਾ । ਇਸ ਲਈ ਇਸ ਦੀ ਮਨਜ਼ੂਰੀ ਦਿਤੀ ਜਾਵੇ ।

ਚੌਧਰੀ ਬਲਬੀਰ ਸਿੰਘ : ਸਵਾਲ ਇਹ ਹੈ ਜੀ ਮੇਰੀ ਅਮੈਂਡਮੈਂਟ ਨੂੰ ਇਹ ਮਨਜ਼ੂਰ ਕਰਦੇ ਹਨ ਜਾਂ ਨਹੀਂ । ਜੇ ਨਹੀਂ ਕਰਦੇ ਤਾਂ ਵੋਟਾਂ ਲੈ ਲੈਣ ।

Mr. Speaker : Motion moved—

In the proposed section 51-A, lines 3-4, between "1950" and "to" *insert* "but will not cover lands granted as award for helping British Regime in the first war of Independence, 1857".

ਚੌਧਰੀ ਬਲਬੀਰ ਸਿੰਘ : ਗੱਦਾਰਾਂ ਨੂੰ ਕਿਉਂ ਜ਼ਮੀਨਾਂ ਦਿੱਤੀਆਂ ਜਾਣ ।

(ਵਿਘਨ)

ਸ੍ਰੀ ਸਤਪਾਲ ਡਾਂਗ : ਜਿਹੜੀ ਦਰੁਸਤ ਗੱਲ ਹੈ ਉਸ ਨੂੰ ਮੰਨ ਲਉ ।

ਮੁੱਖ ਮੰਤਰੀ : ਇਸ ਦੇ ਵਿਚ 1857 ਕਿਥੋਂ ਆ ਗਿਆ ? ਇਹ ਤਾਂ ਤੁਹਾਡਾ ਆਪਣਾ ਆਰਡੀਨੈਂਸ ਕੀਤਾ ਹੋਇਆ ਹੈ ।

ਸ੍ਰੀ ਸਤਪਾਲ ਡਾਂਗ : ਗਿੱਲ ਸਾਹਿਬ ਜੇ ਕੋਈ ਠੀਕ ਗੱਲ ਕਹਿੰਦਾ ਹੋਵੇ ਤਾਂ ਉਹ ਮੰਨ ਲੈਣੀ ਚਾਹੀਦੀ ਹੈ ।

ਮੁੱਖ ਮੰਤਰੀ : ਆਰਡੀਨੈਂਸ ਇਨ੍ਹਾਂ ਦਾ ਕੀਤਾ ਹੋਇਆ ਹੋਵੇ ਔਰ ਗੁਨਾਹ ਭੁਗਤਾਂ ਮੈਂ (ਵਿਘਨ) ਆਨ ਏ ਪੁਆਇੰਟ ਆਫ਼ ਆਰਡਰ ਸਰ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਪਣੇ ਦੋਸਤਾਂ ਨੂੰ ਦਸਣਾ ਚਾਹੁੰਦਾ ਹਾਂ ਸ਼ਾਇਦ ਇਨ੍ਹਾਂ ਨੂੰ ਪਤਾ ਨਹੀਂ ਕਿ ਆਰਡੀਨੈਂਸ ਇਨ੍ਹਾਂ ਦੇ ਵੇਲੇ ਦਾ ਹੀ ਕੀਤਾ ਹੋਇਆ ਹੈ ।

(ਵਿਘਨ)

ਸ੍ਰੀ ਅ. ਵਿਸ਼ਵਨਾਥਨ : ਵੋਟਿੰਗ ਸਟਾਰਟ ਹੋਣ ਤੋਂ ਬਾਅਦ ਕਨਵੈਸਿੰਗ ਨਹੀਂ ਹੋਣੀ ਚਾਹੀਦੀ ।

Mr. Speaker : Qusetion is—

In the proposed section 51-A, lines 3-4, between "1950" and "to" insert "but will not cover lands granted as award for helping British Regime in the first War of Independence, 1857".

(After ascertaining the votes of the Members by voices, Mr Speaker said, 'I think the Noes have it.' This opinion was challenged and division was claimed. Mr. Speaker after calling upon those Members who were for 'Aye' and those who were for 'No', respectively, to rise in their places and on a count having been taken declared that the motion was lost.

Ayes : 23.
Noes : 52

The motion was declared lost.

Mr. Speaker : Question is—

That clause 2 stand part of the Bill.

The Motion was carried.

CLAUSE 3

Chief Minister (Sardar Lachhman Singh Gill) : Sir, I beg to move that clause 3 be deleted.

Mr. Speaker : Motion moved—

That clause 3 be deleted.

Mr. Speaker : Question is—

That clause 3 be deleted.

The Motion was carried.

CLAUSE 1

Mr. Speaker : Question is—

That clause 1 stand part of the Bill.

The Motion was carried

TITLE

Mr. Speaker : Question is—

That title be the title of the Bill

The Motion was carried

Chief Minister (Sardar Lachhman Singh Gill) : Sir, I beg to move.

That the Pepsu Tenancy and Agricultural Lands (Amendment) Bill, as passed by the Punjab Vidhan Parishad and as amended, be passed.

Mr. Speaker : Motion moved—

That the Pepsu Tenancy and Agricultural Lands (Amendment) Bill, as passed by the Punjab Vidhan Parishad and as amended, be passed.

Mr. Speaker : Question is—

That the Pepsu Tenancy and Agricultural Lands (Amendment) Bill, as passed by the Punjab Vidhan Parishad and as amended, be passed.

The Motion was carried.

THE PUNJAB SECURITY OF LAND TENURES (AMENDMENT) BILL, 1967.

Chief Minister (Sardar Lachhman Singh Gill) : Sir, I beg to move:

That the Punjab Security of Land Tenures (Amendment) Bill, as passed by the Punjab Vidhan Parishad, be taken into consideration.

Mr. Speaker : Motion moved—

That the Punjab Security of Land Tenures (Amendment) Bill, as passed by the Punjab Vidhan Parishad, be taken in to consideration.

Mr. Speaker : Question is—

That the Punjab Security of Land Tenures (Amendment) Bill, as passed by the Punjab Vidhan Parishad, be taken into consideration.

The Motion was carried

Mr. Speaker : Now the House will take up the Bill clause by clause.

CLAUSE 2

चौधरी बलबीर सिंह (हुशियारपुर)' : अध्यक्ष महोदय, इस में भी मेरी वही अमैंडमैंट है कि :

In the proposed section 19—DD, line 4, between '1950,' and "to" *insert* "but will not cover lands granted as award for helping British Regime in the first War of Independence, 1857."

श्री अध्यक्ष : यह तो आगे भी हो गई है। (This has already been considered).

चौधरी बलबीर सिंह : मैं इस सम्बन्ध में दो चार बातें और कहना चाहता हूं। जो पैप्सू वाला बिल था वह तो एक जागीरदाराना निज़ाम था जो कि वहाँ पर चलता रहा। उन लोगों के बारे में तो आप ने बिल पास कर दिया लेकिन पंजाब गुरुओं की धर्ती है। यह सरदार भगत सिंह की धर्ती है, यह सरदार उधम सिंह का पंजाब है, लाला लाजपतराय का पंजाब है। यह वह पंजाब है जिस के सपूतों ने आज़ादी की लड़ाई में बढ़चढ़ कर कुरबानियां दीं, फांसी के रस्सों को चूमा। पैप्सू वाला ऐक्ट तो आप ने पास कर दिया और उस में प्रजा मंडल वाले सज्जन भी शामिल हो गए जो कि इस निज़ाम के खिलाफ लड़ते रहे लेकिन जो बिल हमारे सामने आया है यह मैं कहूंगा कि पंजाब की इज़्ज़त का सवाल है। गो पैप्सू वाले बिल में इन्होंने मेरी बात को नहीं माना मगर मैं कहूंगा कि पंजाब वाले बिल में तो यह मेरी अमैंडमैंट को मान लें। जिन लोगों ने आज़ादी की लड़ाई में गद्दारी की थी उनको कुछ मिलेगा तो इसका मतलब यह होगा कि इस सभा के अन्दर महात्मा गांधी की जो तसवीर लगी हुई है यह उसका अपमान होगा। आज़ादी की लड़ाई में हुए

3-00 P.M.

शहीदों का अपमान होगा। (अपोज़ीशन की ओर से तालियां) मुख्य मंत्री इस संशोधन को ज़रूर मान लें। इसमें अड़िक्के की बात नहीं है। मुझे अभी एक दोस्त कह कर गए हैं कि अगर कोई आदमी अपने देश के खिलाफ लड़े या अपने लोगों को मारे तो उस को आप गैलैंट्री एवार्ड देंगे, जो ज़लील आदमी अपने मुल्क की आज़ादी के खिलाफ लड़े उनको यह इनाम देना गैलैंट्री के लफ्ज़ की तौहीन करना है। जो काम यह सरकार कर रही, जो जनता पार्टी कर रही है यह जनता की पार्टी नहीं है। इसके पीछे जो कांग्रेस पार्टी बैठी है उसे भी सोचने की ज़रूरत है। जिन लोगों ने आज़ादी के लिये काम किया है, उस लड़ाई में हिस्सा लिया है, वह काफी लोग यहाँ हैं, वह अब उस पर इस तरह से पोचा न फेरें। मेरा संशोधन मान लें।

Mr. Speaker : Motion moved—

In the proposed section 19—DD, line 4 between '1950' and 'to' insert 'but will not cover lands granted as award for helping British Regime in the first War of Independence, 1857.'

ਟਿੱਕਾ ਜਗਤਾਰ ਸਿੰਘ (ਆਨੰਦਪੁਰ) : ਇਹ ਜੋ ਅਮੈਂਡਮੈਂਟ ਚੌਧਰੀ ਸਾਹਿਬ ਨੇ ਪੇਸ਼ ਕੀਤੀ ਹੈ ਇਹ ਇਨ੍ਹਾਂ ਨੇ ਬੜੀ ਸੋਚ ਸਮਝ ਕੇ ਕੀਤੀ ਹੈ । ਇਹ ਇਹਨਾਂ ਨੇ ਪੁਲੀਟੀਕਲ ਬਦਲਾ ਲੈਣ ਲਈ ਪੇਸ਼ ਕੀਤੀ ਹੈ ਸਰਦਾਰ ਹਰਬੰਸ ਸਿੰਘ ਤੋਂ । ਚੂੰਕਿ ਉਨ੍ਹਾਂ ਨੂੰ ਜ਼ਾਤੀ ਮਫ਼ਾਦ ਹੁੰਦਾ ਹੈ ਇਸ ਲਈ ਅਮੈਂਡਮੈਂਟ ਪੇਸ਼ ਕੀਤੀ ਹੈ । ਕੀ ਇਹੀ ਇਕ ਸਿਆਣੇ ਰਹਿ ਗਏ ਹਨ ਇਸ ਹਾਊਸ ਵਿਚ ? ਇਹ ਤਾਂ ਇਹਨਾਂ ਨੇ ਸਿਰਫ ਪੁਲੀਟੀਕਲ ਬਦਲਾ ਲੈਣ ਲਈ ਪੇਸ਼ ਕੀਤੀ ਹੈ । (ਵਿਘਨ)

Shri A. Vishwanathan (Ludhiana South): Sir, I want only two minutes.

अध्यक्ष महोदय : बड़े अफसोस की बात है कि जो लोग सरदार भक्त सिंह के नाम पर वोट मांगते फिरते हैं, वोटों के समय महात्मा गांधी के नाम को पुलिटीकल बलैक मार्किट करते हैं, और जिन लोगों ने लाला लाजपत राए को अपनी राजनैतिक सम्पत्ति बनाया हुआ है वही लोग आज दांत निकाल निकाल कर, उछल उछल और नाच कर, 1857 की जंगे आज़ादी की पीठ में छुरा घोंपने वाले लोगों का समर्थन कर रहे हैं । (विघन) यहां बाबू बृषभान, सरदार तीर्थ सिंह, प्रजामंडल वाले इत्यादि कांग्रेस के लोग बैठे हैं । क्या आज इन की आत्मा जनता पार्टी के पास गिरवी हो गई है....(विघन) आर्डीनैंस एक ऐडमिनिस्ट्रेटिव कार्यवाही होती है जबकि लैजिसलेशन असैम्बली में होती है । 1857 के अन्दर सब को मालूम है.... । (विघन)

एक आवाज़ : इन्हों ने जेल का मुंह नहीं देखा । (विघन)

श्री अ. विश्वनाथन : यह आए आज़ादी के दीवाने । 1857 में जिन लोगों ने गद्दारी करके (विघ्न) नारनौल और महेन्द्रगढ़ में ज़मीनें लीं (विघ्न)

ਮੁੱਖ ਮੰਤਰੀ : ਆਨ ਏ ਪੁਆਇੰਟ ਆਫ਼ ਆਰਡਰ ਸਰ । ਰੌਲੇ ਵਿਚ ਆਪ ਨੇ ਨੋਟ ਨਹੀਂ ਕੀਤੀ ਇਹ ਗੱਲ ਜੋ ਮੇਰੇ ਦੋਸਤ (ਸਰਦਾਰ ਸਰਦਾਰਾ ਸਿੰਘ ਕੋਹਲੀ ਵਲੋਂ ਵਿਘਨ) ਗੱਲ ਇਹ ਹੈ ਜੀ ਕਿ ਅਸੈਂਬਲੀ ਦੀ ਜਨਸੰਘ ਪਾਰਟੀ ਦੇ ਮੈਂਬਰ ਸ਼੍ਰੀ ਵਿਸ਼ਵਨਾਥਨ ਨੇ ਜੋ ਲਫ਼ਜ਼ ਕਹੇ ਹਨ ਉਹ ਇਨ੍ਹਾਂ ਨੂੰ ਜ਼ੇਬ ਨਹੀਂ ਦਿੰਦੇ । ਇਹ ਉਨ੍ਹਾਂ ਨੇ ਜ਼ਾਤੀ ਲਫ਼ਜ਼ ਕਹੇ ਰਿਕਾਰਡ ਵਿਚੋਂ ਕੱਢ ਦਿਤੇ ਜਾਣ । ਕੋਹਲੀ ਸਾਹਿਬ ਬਾਰੇ ਜ਼ਾਤੀ ਲਫ਼ਜ਼ ਕਹੇ ਹਨ ਮੈਂ ਦੁਹਰਾਉਣਾ ਨਹੀਂ ਚਾਹੁੰਦਾ ।

ਸ਼੍ਰੀ ਅ. ਵਿਸ਼ਵਨਾਥਨ : ਕੋਹਲੀ ਸਾਹਿਬ ਤਾਂ ਪਟਿਆਲੇ ਹੁਣ ਗਏ ਹਨ । ਜਿਨ੍ਹਾਂ ਪਟਿਆਲੇ ਵਾਲਿਆਂ ਨੇ ਗਦਾਰੀ ਕੀਤੀ ਅਤੇ ਨਾਰਨੌਲ ਅਤੇ ਮਹਿੰਦਰਗੜ੍ਹ ਵਿਚ ਜ਼ਮੀਨਾਂ ਲਈਆਂ ਉਹਨਾਂ ਦੇ ਸਾਥ ਵਾਲੇ ਬੋਲਦੇ ਜਾਣ । ਕੋਹਲੀ ਸਾਹਿਬ ਨੂੰ ਤਾਂ ਇਹ ਜ਼ਮੀਨ ਨਹੀਂ ਮਿਲੀ । ਉਨ੍ਹਾਂ ਦੇ ਖਿਲਾਫ਼ ਮੈਂ ਕੁਝ ਨਹੀਂ ਕਿਹਾ, ਇਹ ਤਾਂ ਰਾਵਲਪਿੰਡੀ ਤੋਂ ਆਏ ਹਨ, ਇਹ ਮੈਨੂੰ ਮਾਲੂਮ ਹੈ । (ਵਿਘਨ)

ਵਿਤ ਮੰਤਰੀ : (ਡਾਕਟਰ ਜਗਜੀਤ ਸਿੰਘ) ਇਹ ਮਦਰਾਸੀ ਪੰਜਾਬੀਆਂ ਤੇ ਛਾਇਆ ਹੋਇਆ ਹੈ । (ਵਿਘਨ)

Mr. Speaker : Mr. Vishwanathan, you have asked only for two minutes, but you have taken five minutes.

Shri A. Vishwanathan : Sir, all the time has gone in interruptions.

ਮੁੱਖ ਮੰਤਰੀ : ਬੈਠ ਜਾ ਹੁਣ ਮੈਨੂੰ ਬੋਲ ਲੈਣ ਦੇ ।

ਸ੍ਰੀ ਅ. ਵਿਸ਼ਵਨਾਥਨ : ਆਪ ਨੇ ਗੱਦਾਰੀ ਲਈ ਵੋਟਾਂ ਕਰਾਉਣੀਆਂ ਹਨ ਤਾਂ ਕਰਾ ਲਉ ।

ਮੁੱਖ ਮੰਤਰੀ : ਇਹ ਬੜੀ ਛੋਟੀ ਜਿਹੀ ਗਲ ਸੀ ।

ਕੈਪਟਨ ਰਤਨ ਸਿੰਘ (ਗੜ੍ਹਸ਼ੰਕਰ) **:** ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਦੇ ਬੋਲਣ ਤੋਂ ਪਹਿਲਾਂ ਸਾਨੂੰ ਬੋਲਣ ਦਿਤਾ ਜਾਵੇ ।

ਸਪੀਕਰ ਸਾਹਿਬ, ਇਹ ਜੋ ਅਮੈਂਡਿੰਗ ਬਿਲ ਪੇਸ਼ ਹੋਇਆ ਹੈ ਇਸ ਨੂੰ ਬੜੇ ਗਲਤ ਢੰਗ ਨਾਲ ਆਪੋਜ਼ੀਸ਼ਨ ਦੇ ਦੋਸਤਾਂ ਨੇ ਪੇਸ਼ ਕੀਤਾ ਹੈ । (ਵਿਘਨ) ਸਪੀਕਰ ਸਾਹਿਬ, 1914-18 ਦੀ ਲੜਾਈ ਵਿਚ ਬਹਾਦਰੀ ਨਾਲ ਲੜਨ ਕਰਕੇ ਇਨ੍ਹਾਂ ਲੋਕਾਂ ਨੂੰ ਇਨਾਮ ਮਿਲੇ ਸਨ । ਬੇਸ਼ਕ ਉਹ ਉਸ ਵੇਲੇ ਅੰਗਰੇਜ਼ਾਂ ਦੀ ਖਾਤਿਰ ਹੀ ਲੜੇ ਸਨ । ਉਸ ਵੇਲੇ ਆਪ ਨੂੰ ਪਤਾ ਹੋਵੇਗਾ ਕਿ ਮਹਾਤਮਾ ਗਾਂਧੀ, ਜਿਨ੍ਹਾਂ ਦੀ ਤਸਵੀਰ ਸਾਡੇ ਸਾਹਮਣੇ ਹੈ, ਇਨ੍ਹਾਂ ਨੇ ਅੰਗਰੇਜ਼ਾਂ ਨੂੰ ਕੋਆਪਰੇਸ਼ਨ ਦਿਤੀ ਸੀ (ਤਾੜੀਆਂ) ਉਸ ਵੇਲੇ ਮੁਲਕ ਦੀ ਇਹੀ ਹਵਾ ਸੀ, ਉਸ ਦੇ ਤਹਿਤ ਜਿਨ੍ਹਾਂ ਲੋਕਾਂ ਨੇ ਅੰਗਰੇਜ਼ਾਂ ਦੇ ਨਾਲ ਮਿਲਕੇ ਜੰਗ ਵਿਚ ਬਹਾਦਰੀ ਦਿਖਾਈ ਉਨ੍ਹਾਂ ਨੂੰ ਜ਼ਮੀਨਾਂ ਮਿਲੀਆਂ ਅਤੇ ਉਨ੍ਹਾਂ ਨੂੰ ਕੁਝ ਹੋਰ ਸਹੂਲਤਾਂ ਦਿਤੀਆਂ ਗਈਆਂ । ਇਹ ਉਨ੍ਹਾਂ ਨੂੰ ਮਿਲਣੀਆਂ ਲਾਜ਼ਮੀ ਹਨ । (ਤਾੜੀਆਂ) 1942 ਦੀ ਲੜਾਈ ਬਾਰੇ ਵੀ ਜੋ ਦੋਸਤ ਇਥੇ ਬੈਠੇ ਹਨ ਉਹ ਇਸ ਗੱਲ ਦਾ ਅੰਦਾਜ਼ਾ ਨਹੀਂ ਲਗਾ ਸਕਦੇ ਕਿ ਜੋ ਸਾਡੇ ਫੌਜੀ ਅੰਗਰੇਜ਼ਾਂ ਦੀ ਫੌਜ ਦੇ ਨਾਲ ਬਾਹਰ ਗਏ ਸਨ ਉਨ੍ਹਾਂ ਨੇ ਜਦੋਂ ਵੀ ਮੌਕਾ ਮਿਲਿਆ ਦੇਸ਼ ਪਿਆਰ ਦਾ ਮੁਜ਼ਾਹਰਾ ਕੀਤਾ । 21 ਨੰਬਰ ਰਸਾਲਾ, ਜਿਨ੍ਹਾਂ ਦੇ ਪੁਤਰਾਂ, ਭਰਾਵਾਂ ਆਦਿ ਨੂੰ ਇਹ ਗੈਲੈਂਟਰੀ ਐਵਾਰਡ ਮਿਲੇ ਹਨ, ਉਸੇ ਵਿਚੋਂ ਆਈ.ਐਨ.ਏ. ਬਣੀ ਸੀ । ਇਸ ਲਈ ਕਹਿੰਦਾ ਹਾਂ ਕਿ ਲੈਂਡ ਰਿਫਾਰਮਜ਼ ਪ੍ਰਾਗ੍ਰੈਸਿਵਲੀ ਕਰੋ, ਮੈਂ ਸ਼ਾਮਲ ਹਾਂ । ਆਪ ਨੂੰ ਪਤਾ ਹੈ ਕਿ ਕਿਸੇ ਦੀ ਜਾਨ ਬਚਾਉਣ ਲਈ ਵੀ ਗੈਲੈਂਟਰੀ ਐਵਾਰਡ ਮਿਲਦਾ ਹੈ । ਚੌਧਰੀ ਸਾਹਿਬ, ਕਿਸੇ ਲਈ ਆਪਣੀ ਜਾਨ ਇਸ ਤਰ੍ਹਾਂ ਦੇਣਾ ਵੀ ਗੈਲੈਂਟਰੀ ਹੈ । ਇਸ ਕਰਕੇ ਗਿੱਲ ਸਾਹਿਬ ਦੀ ਸਰਕਾਰ ਇਸ ਬਿਲ ਲਈ ਮੁਬਾਰਕਬਾਦ ਦੀ ਪਾਤਰ ਹੈ । (ਤਾੜੀਆਂ) ਡਾਂਗ ਸਾਹਿਬ ਸ: ਗੁਰਨਾਮ ਸਿੰਘ ਦੀ ਵਜ਼ਾਰਤ ਵਿਚ ਸਨ ਜਿਸ ਨੇ ਇਹ ਆਰਡੀਨੈਂਸ ਪੇਸ਼ ਕੀਤਾਂ ਸੀ ਅਤੇ ਅਜ ਇਕ ਗਲਤ ਮੁਜ਼ਾਹਰਾ ਕਰਨ ਲਈ ਆਪਣੇ ਪੇਸ਼ ਕੀ ਤੇ ਹੋਏ ਆਰਡੀਨੈਂਸ ਦੇ ਖਿਲਾਫ ਬੋਲ ਰਹੇ ਹਨ । (ਸਰਕਾਰੀ ਬੈਂਚਾਂ ਵਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਹੋਰ ਸਮਾਂ ਨਾ ਲੈਂਦਾ ਹੋਇਆ ਮੈਂ ਇਸ ਬਿਲ ਦੀ ਪੁਰਜ਼ੋਰ ਤਾਈਦ ਕਰਦਾ ਹਾਂ ।

ਸ੍ਰੀ ਸਪੀਕਰ : ਇਨ੍ਹਾਂ ਬਿਲਾਂ ਲਈ ਸਾਰਾ ਵਕਤ ਅਧਾ ਘੰਟਾ ਸੀ ਇਸ ਬਿਲ ਤੇ ਹੋਰ ਬਹੁਤ ਸਾਰੀਆਂ ਗੱਲਾਂ ਕੀਤੀਆਂ ਗਈਆਂ (ਵਿਘਨ) (Only half an hour was set apart for these two bills. Many irrelevant matters have been introduced during the course of discussion on this bill.)

ਸਰਦਾਰ ਜੰਗੀਰ ਸਿੰਘ ਫਗੂਵਾਲੀਆ (ਸੰਗਰੂਰ): ਸਪੀਕਰ ਸਾਹਿਬ, ਜੋ ਕਪਤਾਨ ਸਾਹਿਬ ਨੇ ਕਿਹਾ ਹੈ ਮੈਂ ਉਸ ਨਾਲ ਸਹਿਮਤ ਨਹੀਂ। ਮੈਂ ਤਾਂ ਇਹ ਕਹਾਂਗਾ ਕਿ 1914 ਦੀ ਲੜਾਈ ਵਿਚ ਜਿਨ੍ਹਾਂ ਨੇ ਕੁਰਬਾਨੀ ਦਿਤੀ ਹੈ ਉਨ੍ਹਾਂ ਨੂੰ ਵਧ ਤੋਂ ਵਧ ਇਨਾਮ ਦਿਤੇ ਜਾਣ ਅਤੇ ਜਿਹੜੀ ਹੁਣੇ ਪਿਛਲੀ ਲੜਾਈ ਹੋਈ ਹੈ ਉਸ ਦੇ ਬਹਾਦਰਾਂ ਨੂੰ ਵੀ ਇਨਾਮ ਤੇ ਜ਼ਮੀਨਾਂ ਦਿਤੀਆਂ ਜਾਣ। ਮੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਪਰ ਮੈਨੂੰ ਇਸ ਗੱਲ ਦਾ ਬਹੁਤ ਸਖਤ ਇਤਰਾਜ਼ ਹੈ ਕਿ 1857 ਵਿਚ ਜਿਨ੍ਹਾਂ ਨੇ ਦੇਸ਼ ਨਾਲ ਗ਼ੱਦਾਰੀ ਕੀਤੀ ਦੇਸ਼ ਦੇ ਲੋਕਾਂ ਨਾਲ ਗ਼ੱਦਾਰੀ ਕੀਤੀ ਅਤੇ ਜਗੀਰਾਂ ਲਈਆਂ ਅੰਗਰੇਜ਼ਾਂ ਨਾਲ ਮਿਲ ਗਏ ਅਤੇ ਅਜ ਰਜਵਾੜੇ ਬਣੇ ਬੈਠੇ ਹਨ ਉਨ੍ਹਾਂ ਦੀਆਂ ਸਾਰੀਆਂ ਉਨ੍ਹਾਂ ਜਗੀਰਾਂ ਨੂੰ ਸਰਕਾਰ ਜ਼ਬਤ ਕਰ ਲਵੇ। ਅਤੇ ਇਹ ਜ਼ਮੀਨਾਂ ਮੌਜੂਦਾ ਜੰਗਾਂ ਦੇ ਬਹਾਦਰਾਂ ਨੂੰ ਵੰਡ ਦਿਤੀਆਂ ਜਾਣ। ਜਿਨ੍ਹਾਂ ਰਜਵਾੜਿਆਂ ਨੇ ਮੁਲਕ ਨਾਲ ਗ਼ੱਦਾਰੀ 1857 ਵਿਚ ਕੀਤੀ ਜਿਸ ਤਰ੍ਹਾਂ ਮਹਾਰਾਜਾ ਪਟਿਆਲਾ, ਮਹਾਰਾਜਾ ਜੀਂਦ, ਰਾਜਾ ਨਾਭਾ, ਰਾਜਾ ਫਰੀਦਕੋਟ ਹਨ ਇਨ੍ਹਾਂ ਨੇ 1857 ਵਿਚ ਅੰਗ੍ਰੇਜ਼ ਨਾਲ ਮਿਲ ਕੇ ਦੇਸ਼ ਨਾਲ ਇਕ ਬਹੁਤ ਵਡਾ ਧਰੋਹ ਕਮਾਇਆ ਜਿਸ ਨੂੰ ਕਦੇ ਵੀ ਬਖਸ਼ਿਆ ਨਹੀਂ ਜਾ ਸਕਦਾ। ਅਜ ਉਹ ਲੋਕ ਜਿਹੜੇ ਮਹਾਤਮਾ ਗਾਂਧੀ ਦਾ ਨਾਮ ਲੈਂਦੇ ਹਨ ਅਤੇ ਮਿਸਾਲਾਂ ਦਿੰਦੇ ਹਨ ਉਨ੍ਹਾਂ ਨੇ ਹੀ ਅਜੇਹੇ ਰਾਜਿਆਂ ਨੂੰ ਟਿਕਟਾਂ ਦਿਤੀਆਂ ਚੋਣਾਂ ਲੜਾਈਆਂ ਅਤੇ ਆਪਣੇ ਮੂਹਰੇ ਕਰ ਕੇ ਬਿਠਾ ਦਿਤੇ (ਵਿਘਨ, ਸ਼ੋਰ)

ਸਪੀਕਰ ਸਾਹਿਬ, ਇਹ ਠੀਕ ਹੈ ਕਿ ਜਿਨ੍ਹਾਂ ਨੇ ਬਹਾਦਰੀ ਦੇ ਜੌਹਰ ਫੌਜ ਵਿਚ ਭਰਤੀ ਹੋ ਕੇ ਦਿਖਾਏ ਉਨ੍ਹਾਂ ਨੂੰ ਇਨਾਮ ਦਿਉ, ਜਗੀਰਾਂ ਦਿਉ ਜੋ ਚਾਹੇ ਦਿਤਾ ਜਾਵੇ ਸਾਨੂੰ ਕੋਈ ਇਤਰਾਜ਼ ਨਹੀਂ 1914 ਦੀ ਲੜਾਈ ਹੈ 1942 ਦੀ ਜੰਗੇ ਆਜ਼ਾਦੀ ਹੈ ਜਿਨ੍ਹਾਂ ਰਜਵਾੜਿਆਂ ਨੇ ਮੁਲਕ ਨਾਲ ਗ਼ੱਦਾਰੀ ਕੀਤੀ ਅਤੇ ਜਗੀਰਾਂ ਅੰਗ੍ਰੇਜ਼ੀ ਸਰਕਾਰ ਤੋਂ ਪ੍ਰਾਪਤ ਕੀਤੀਆਂ ਉਨ੍ਹਾਂ ਦੀਆਂ ਜ਼ਮੀਨਾਂ ਜ਼ਬਤ ਜ਼ਰੂਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਮੈਨੂੰ ਇਤਰਾਜ਼ ਨਹੀਂ ਇਹ ਮੰਨਣਾ ਪਏਗਾ ਕਿ ਕਾਂਗਰਸ ਜਿਹੜੀਆਂ ਫੜ੍ਹਾਂ ਮਾਰਦੀ ਹੈ ਉਨ੍ਹਾਂ ਤੇ ਅਮਲ ਨਹੀਂ ਕਰ ਰਹੀ ਅਤੇ ਉਨ੍ਹਾਂ ਰਜਵਾੜਿਆਂ ਦੀ ਮਦਦ ਕਰ ਰਹੀ ਹੈ ਜਿਹੜੇ ਕਿ ਮੁਲਕ ਦੇ ਗ਼ੱਦਾਰ ਹਨ ਅਤੇ ਜਿਨ੍ਹਾਂ ਨੇ ਦੇਸ਼ ਨਾਲ ਧਰੋਹ ਕਮਾਇਆ ਸੀ। ਆਈ. ਐਨ. ਏ. ਵਾਲੇ ਵੀ ਅਜ ਇਥੇ ਆ ਕੇ ਰਜਵਾੜਿਆਂ ਦੀ ਮਦਦ ਕਰਨ ਕਿੰਨੇ ਅਫਸੋਸ ਦੀ ਗਲ ਹੈ। ਅਸੀਂ ਤਾਂ ਆਪਣੀਆਂ ਜਾਨਾਂ ਹੂਲ ਕੇ ਤਸੀਹੇ ਸਹਿ ਕੇ ਜਾਨਾਂ ਕੁਰਬਾਨ ਕਰਕੇ ਇਨ੍ਹਾਂ ਰਾਜਵਾੜਾ ਸ਼ਾਹੀ ਦੇ ਖਿਲਾਫ ਆਵਾਜ਼ ਉਠਾਈ ਸੀ ਅਤੇ ਇਨ੍ਹਾਂ ਨੂੰ ਕਬਰਾਂ ਵਿਚ ਦਬਿਆ ਸੀ ਪਰ ਤੁਸੀਂ ਕਾਂਗਰਸ ਵਾਲਿਆਂ ਅਜ ਇਨ੍ਹਾਂ ਨੂੰ ਕਬਰਾਂ ਵਿਚੋਂ ਕਢ ਕੇ ਅਸੈਂਬਲੀਆਂ ਵਿਚ ਤੇ ਹੋਰਨਾਂ ਥਾਵਾਂ ਤੇ ਫਿਰ ਕੁਰਸੀਆਂ ਤੇ ਬਿਠਾ ਦਿੱਤਾ ਹੈ। ਮੈਂ ਤੇ ਸਿਰਫ ਐਨੀ ਹੀ ਬੇਨਤੀ ਕਰਨੀ ਸੀ ਕਿ ਰਜਵਾੜਿਆਂ ਨੇ ਦੇਸ਼ ਨਾਲ ਗੱਦਾਰੀ ਕੀਤੀ ਹੈ ਉਨ੍ਹਾਂ ਦੀ ਜ਼ਮੀਨ ਨੂੰ ਜ਼ਬਤ ਕੀਤਾ ਜਾਵੇ ਅਤੇ ਜਿਹੜੇ ਲੜਾਈ ਵਿਚ ਫੌਜੀਆਂ ਨੇ ਕੁਰਬਾਨੀਆਂ ਕੀਤੀਆਂ ਹਨ, ਉਨ੍ਹਾਂ ਨੂੰ ਇਨਾਮ ਦਿਤੇ ਜਾਣੇ ਚਾਹੀਦੇ ਹਨ।

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ (ਮੋਰਿੰਡਾ—ਐਸ. ਸੀ.) : ਸਪੀਕਰ ਸਾਹਿਬ, ਇਹ ਜਿਹੜਾ ਬਿਲ ਹਾਊਸ ਦੇ ਸਾਹਮਣੇ ਹੈ ਮੈਂ ਇਹ ਸਮਝਦਾ ਹਾਂ ਕਿ ਇਹ ਤਿੰਨ ਪੁਸ਼ਤਾਂ ਤਕ ਜਾਂਦਾ ਹੈ। ਹੋ ਸਕਦਾ ਹੈ ਤਿੰਨ ਪੁਸ਼ਤਾਂ ਤੋਂ ਅਗੇ ਤਕ ਜਾਂਦਾ ਹੋਵੇ ਪਰ ਇਹ 1857 ਤੇ ਲਾਗੂ ਨਹੀਂ ਹੁੰਦਾ ਤੇ ਜੇਕਰ ਇਹ ਹੁੰਦਾ ਹੈ ਤਾਂ ਮੈਂ ਚੀਫ ਮਨਿਸਟਰ ਸਾਹਿਬ ਅਗੇ ਨਿਮ੍ਰਤਾ ਪੂਰਬਕ ਨਿਵੇਦਨ ਕਰਾਂਗਾ ਕਿ ਜੇਕਰ ਇਸ ਵਿਚ ਕੋਈ ਫਲਾ ਹੈ ਤਾਂ ਉਸ ਫਲਾ ਨੂੰ ਦੂਰ ਕਰ ਦਿਤਾ ਜਾਵੇ ਤਾਂ ਕਿ ਇਹ 1857 ਵਾਲਿਆਂ ਤੇ ਲਾਗੂ ਨਾ ਹੋ ਸਕੇ, ਬਾਕੀ ਕਿਸੇ ਤੇ ਵੀ ਲਾਗੂ ਹੋਵੇ ਸਾਨੂੰ ਕੋਈ ਇਤਰਾਜ਼ ਨਹੀਂ (ਵਿਰੋਧੀ ਪੱਖ ਵਲੋਂ ਪ੍ਰਸ਼ੰਸਾ)

ਸ੍ਰੀ ਸਪੀਕਰ : ਟਾਈਮ ਹੋ ਚੁੱਕਾ ਹੈ (Time is over.) (ਵਿਘਨ)

ਲੈਫਟੀਨੈਂਟ ਭਾਗ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਕੀ ਕਿਸੇ ਮੈਂਬਰ ਨੂੰ ਬਿਲ ਤੇ ਬੋਲਣ ਤੋਂ ਰੋਕਿਆ ਜਾ ਸਕਦਾ ਹੈ ਜਦ ਤਕ ਗਿਲੋਟੀਨ ਐਪਲਾਈ ਨਾ ਕੀਤਾ ਜਾਵੇ ? ਕੀ ਤੁਹਾਡਾ ਕੋਈ ਰੂਲ ਹੈ ਕਿ ਜਿਸ ਨਾਲ ਮੈਂਬਰ ਨੂੰ ਬਿਲ ਤੇ ਬੋਲਣ ਤੋਂ ਮਨਾ ਕੀਤਾ ਜਾ ਸਕੇ ਜਾਂ ਰੋਕਿਆ ਜਾ ਸਕੇ? (ਵਿਘਨ))

ਸ੍ਰੀ ਸਪੀਕਰ : ਤੁਹਾਨੂੰ ਤਾਂ, ਭਾਗ ਸਿੰਘ ਜੀ, ਪਤਾ ਹੈ ਚੰਗੀ ਤਰ੍ਹਾਂ ਕਿ ਰੂਲਜ਼ ਕੀ ਹਨ। ਤੁਸੀਂ ਆਪ ਤਾਂ ਇਸ ਹਾਊਸ ਵਿਚ ਪਾਸ ਕਰ ਚੁਕੇ ਹੋ ਕਿ ਇਨ੍ਹਾਂ ਬਿਲਾਂ ਨੂੰ ਪਾਸ ਕਰਨ ਲਈ ਅੱਧਾ ਘੰਟਾ ਵਕਤ ਦਿਤਾ ਜਾਵੇਗਾ । ਜੇਕਰ ਤੁਸੀਂ ਇਸ ਫੈਸਲੇ ਨੂੰ ਸੁਣਿਆ ਹੁੰਦਾ ਤਾਂ ਇਹ ਇਤਰਾਜ਼ ਨਾ ਕਰਦੇ । (The hon. Member knows full well the Rules. The House have already agreed that these two Bills would be disposed of in half an hour each. He would not have raised this point if he had heard this decision attentively.)

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿੱਲ) : ਸਪੀਕਰ ਸਾਹਿਬ, ਗੱਲ ਤਾਂ ਬੜੀ ਨਿਕੀ ਜਿਹੀ ਸੀ ਕਿ ਐਵਾਰਡ ਉਨ੍ਹਾਂ ਲੋਕਾਂ ਨੂੰ ਮਿਲਣਾ ਹੈ ਜਿਨ੍ਹਾਂ ਨੇ ਫੌਜ ਵਿਚ ਭਰਤੀ ਹੋ ਕੇ ਲੜਾਈ ਵਿਚ ਹਿਸਾ ਲਿਆ ਅਤੇ ਮੈਦਾਨੇ ਜੰਗ ਵਿਚ ਲੜੇ ਇਥੇ ਨਾ ਮਹਾਰਾਜਾ ਜੀਂਦ ਦਾ ਸਵਾਲ ਹੈ ਨਾਂ ਮਹਾਰਾਜਾ ਪਟਿਆਲਾ ਦਾ, ਨਾਂ ਕਿਸੇ ਹੋਰ ਰਾਜੇ ਦਾ ਸਵਾਲ ਹੈ । ਇਹ ਗੱਲਾਂ ਜਿਹੜੀਆਂ ਮੇਰੇ ਦੋਸਤਾਂ ਨੇ ਕੀਤੀਆਂ ਹਨ ਇਹ ਇਰੈਲੇਵੈਂਟ ਹਨ । ਦੂਜੀ ਗੱਲ ਇਹ ਹੈ ਕਿ ਥੁਕ ਕੇ ਚਟਣ ਵਾਲੀ ਗੱਲ ਇਹ ਅਪੋਜ਼ੀਸ਼ਨ ਵਾਲੇ ਕਰਦੇ ਹਨ । ਤੁਸੀਂ ਤੇ ਤੁਹਾਡੀ ਪਾਰਟੀ ਨੇ ਹੀ ਇਸ ਗੱਲ ਦਾ ਫੈਸਲਾ ਕੀਤਾ ਸੀ ਅਤੇ ਆਰਡੀਨੈਂਸ ਬਣਾਇਆ ਸੀ । ਮੈਂ ਤਾਂ ਉਸ ਤੇ ਫੂਲ ਚੜ੍ਹਾਉਣ ਲਗਾ ਹਾਂ । ਮੈਂ ਤਾਂ ਆਪਣੀ ਯਾਰੀ ਪੂਰੀ ਨਿਭਾਣੀ ਹੈ। ਯਾਰ ਦੀ ਕਬਰ ਤੇ ਫਾਤੇ ਪੜ੍ਹਨ ਜਾਣ ਲਈ ਫੁੱਲ ਤੇ ਨਾਲ ਲਿਜਾਣੇ ਹੀ ਚਾਹੀਦੇ ਹਨ । ਇਹ ਤਾਂ ਇਨ੍ਹਾਂ ਨੇ ਹੀ ਜਾਰੀ ਕੀਤੀ ਸੀ ਇਸ ਲਈ ਮੈਂ ਹੁਣ ਬੇਨਤੀ ਕਰਦਾ ਹਾਂ ਕਿ ਆਪਾਂ ਇਸ ਬਿਲ ਨੂੰ ਰਲ ਮਿਲ ਕੇ ਪਾਸ ਕਰ ਦੇਈਏ। ਇਕ ਦੋਸਤ ਨੇ ਇਨ੍ਹਾਂ ਦਾ ਸਾਥ ਨਹੀਂ ਦਿਤਾ ਕਿਉਂਕਿ ਉਹ ਫੌਜੀ ਸੀ ਅਤੇ ਉਹ ਦਿਲ ਰਖਦਾ ਸੀ ਅਤੇ ਉਸ ਨੂੰ ਪਤਾ ਸੀ ਕਿ ਫੌਜ ਵਿਚ ਭਰਤੀ ਹੋ ਕੇ ਮੈਦਾਨੇ ਜੰਗ ਵਿਚ ਜਾ ਕੇ ਲੜਨ ਵਿਚ ਕੀ ਕੁਝ ਕੁਰਬਾਨ ਕਰਨਾ ਪੈਂਦਾ ਹੈ । ਅਤੇ ਉਹ ਵੀ ਆਪ ਪਿਛਲੇ ਮੰਤਰੀ ਮੰਡਲ ਵਿਚ ਮਨਿਸਟਰ ਸੀ ਉਸ ਨੇ ਇਹ ਖਿਆਲ ਕੀਤਾ ਕਿ ਥੁਕ ਕੇ ਨਹੀਂ ਚਟਣਾ ਚਾਹੀਦਾ ਅਤੇ ਉਹ ਜਾਣਦਾ ਸੀ ਕਿ ਜਿਹੜਾ ਬਚਨ ਦਿਤਾ ਜਾਵੇ ਉਸ ਤੋਂ ਮੁਨਕਰ ਨਹੀਂ ਹੋਣਾ ਚਾਹੀਦਾ ਉਸ ਦਾ ਮਨ ਸਾਫ ਸੀ ਦਿਲ ਸਾਫ ਸੀ ਜਨਰਲ ਸਪੈਰੋ ਸਾਹਿਬ ਦਾ ਇਸ ਲਈ ਉਨ੍ਹਾਂ ਨੇ ਇਨ੍ਹਾਂ ਦਾ ਸਾਥ ਨਹੀਂ ਦਿਤਾ (ਵਿਘਨ) ਹਾਸੇ ਮਜ਼ਾਕ ਦੀ ਗੱਲ ਵੀ ਕਦੇ ਕਰਨ ਦਿਆ ਕਰੋ। ਐਨੇ ਟਚੀ ਹੋਣ ਦੀ ਲੋੜ ਨਹੀਂ । ਜਰਨਲ ਸਪੈਰੋ ਫੌਜੀ ਸੀ ਉਨ੍ਹਾਂ ਨੂੰ ਪਤਾ ਸੀ ਕਿ ਫੌਜ ਵਿਚ ਲੜਨ ਵਾਲਿਆਂ ਦੀ ਕੀ ਹਾਲਤ ਹੁੰਦੀ ਹੈ। ਮੈਂ ਇਨ੍ਹਾਂ ਨੂੰ ਕਹਾਂਗਾ ਕਿ ਉਨ੍ਹਾਂ ਦਾ ਖਿਆਲ ਰਖਿਆ ਕਰੋ ਨਹੀਂ ਤਾਂ ਉਹ ਰੁਸ ਕੇ ਚਲੇ ਜਾਣਗੇ ਅਤੇ ਤੁਹਾਡਾ ਸਾਥ ਛਡ ਦੇਣਗੇ। ਫਿਰ ਤੁਹਾਡੀ ਤਰਸਯੋਗ ਪੋਜ਼ੀਸ਼ਨ ਬਣ ਜਾਏਗੀ । ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਇਸ ਨੂੰ ਇਕਠੇ ਹੋ ਕੇ ਪਾਸ ਕਰ ਦੇਣਾ ਚਾਹੀਦਾ ਹੈ ਅਤੇ ਇਸ ਦੀ ਪਰਵਾਨਗੀ ਦਿਉ।

ਚੌਧਰੀ ਬਲਬੀਰ ਸਿੰਘ : ਮੈਨੂੰ ਸੰਸ਼ੋਧਨ ਤੇ ਰਿਪਲਾਈ ਕਰਨ ਦਾ ਹਕ ਹੈ। ਮੈਨੂੰ ਬੋਲਣ ਦੀ ਆਗਿਆ ਮਿਲਣੀ ਚਾਹੀਦੀ ਹੈ।

ਸ੍ਰੀ ਸਪੀਕਰ : ਕੋਈ ਹਕ ਨਹੀਂ (ਵਿਘਨ) ਗੁਰਬਚਨ ਸਿੰਘ ਜੀ, ਇਸ ਤਰ੍ਹਾਂ ਇਕ ਦੂਜੇ ਤੇ ਗੱਲ ਲਾਕੇ ਨਾ ਕਹੋ। (ਵਿਘਨ) [There is no such right. (*Interruptions*) I would request Sardar Gurbachan Singh not to make sarcastic remarks on one and other].

Mr. Speaker: Question is—

In the Proposed section 19 line 4 between "1950' and "to " insert "but will not cover lands granted as award for helping British Regime in the first War of Independence, 1857".

The House then divided.

Ayes .. 24

Noes .. 47

The Motion was declared lost.

AYES (Total No. 24)

No.	Name
1.	A. Vishwanathan, Shri
2.	Balbir Singh, Chaudhri.
3.	Balwant Singh, Sardar.
4.	Bhan Singh Bhaura, Comrade.
5.	Chhajju Ram Gupta, Shri.
6.	Dalip Singh Tapiala, Comrade.
7.	Darbara Singh, Sardar (Nakodar).
8.	Dasondha Singh, Jathedar.
9.	Gurbachan Singh, Jathedar (Sunam).
10.	Gurdev Singh, Sardar (Muktsar).
11.	Gurnam Singh, Sardar.
12.	Harbans Lal Khanna, Shri.
13.	Hardit Singh, Sardar (Nathana).
14.	Hardit Singh Bhathal, Comrade (Dhanaula).
15.	Manjinder Singh Behla, Sardar.
16.	Jagdev Singh Gill, Sardar.
17.	Jangir Singh Joga, Comrade (Mansa).
18.	Jangir Singh Phaguwalia, Sardar (Sangrur).
19.	Kundan Singh Patang, Giani.
20.	Lal Chand Suberwal, Shri.
21.	Munsha Singh, Comrade.
22.	Phuman Singh, Comrade.
23.	Satya Pal Dang, Shri.
24.	Surjit Singh, Sardar.

NOES (Total No. 47)

No.	Name
1.	Amar Singh Dosanjh, Sardar.
2.	Amrik Singh Randhawa, Sardar.
3.	Bakhtawar Singh Rai, Giani.
4.	Baldev Singh, Sardar.
5.	Bashambar Nath Makkar, Shri.
6.	Bhag Singh, Lieut.
7.	Bhajan Lal, Chaudhri.
8.	Darbara Singh, Sardar (Nur-Mahal).
.	Darshan Singh, Chaudhri (Adampur).
10.	Darshan Singh K. P., Sardar (Jamsher).
11.	Faqir Chand Gupta, Shri.
12.	Gian Singh Rarewala, Sardar.
13.	Guran Dass Hans, Bhagat.
14.	Gurbachan Singh, Sardar (Rupar).
15.	Gurcharan Singh, Dr. (Khanna).
16.	Gurcharan Singh Ghalib, Sardar (Jagraon).
17.	Gurdev Singh, Sardar (Budhlada).
18.	Harbans Singh Sidhu, Sardar.
19.	Harbhajan Singh Jawaharke, Sardar.
20.	Harbhaj Ram, Shri.
21.	Hazara Singh Gill, Sardar.
22.	Jai Muni, Shri.
23.	Jagir Singh Dard, Sardar.
24.	Jagtar Singh, Tika.
25.	Jasdev Singh, Sardar.
26.	Karnail Singh, Sardar (Verka).
27.	Kirpal Singh Dhillon, Sardar.
28.	Lachhman Singh Gill, Sardar.
29.	Mohammad Iftikhar Ali Khan Bahadur, H. H. Nawab.
30.	Mohinder Singh Gill, Sardar.
31.	Nachhattar Singh Gill, Sardar.
32.	Narinder Singh, Sardar.
33.	Natha Singh Dalam, Sardar.
34.	Parkash Singh Gill, Sardar.
35.	Piara Ram Dhanowali, Shri.
36.	Prithvi Singh Azad, Acharya.

[Mr. Speaker]

No.	Name
37.	Radha Krishan, Chaudhri.
38.	Ram Kaur, Sardarni.
39.	Rattan Singh, Captain.
40.	Sardar Singh Kohli, Sardar.
41.	Sarla Prasher, Miss.
42.	Satya Pal Kapur, Comrade.
43.	Shangara Singh, Sardar.
44.	Shanti Prakash, Shri.
45.	Shiv Chand, Chaudhri.
46.	Sikandar Singh, Sardar.
47.	Surat Singh Singhpuria, Sardar.

Mr. Speaker : Question is—

That clause 2 stand part of the Bill.

The Motion was carried.

CLAUSE 3

Chief Minister (Sardar Lachhman Singh Gill) : Sir, I beg to move—

That clause 3 be deleted.

Mr. Speaker : Motion moved—

That clause 3 be deleted.

Mr. Speaker : Question is—

That clause 3 be deleted.

The Motion was carried.

CLAUSE 1

Mr. Speaker : Question is—

That clause 1 stand part of the Bill.

The Motion was carried.

TITLE

Mr. Speaker : Question is—

That the Title be the Title of the Bill.

The Motion was carried.

Chief Minister (Sardar Lachhman Singh Gill): Sir, I beg to move—

That the Punjab Security of Land Tenures (Amendment) Bill as passed by the Punjab Vidhan Parishad and as amended be passed.

Mr. Speaker: Motion moved—

That the Punjab Security of Land Tenures (Amendment) Bill, as passed by the Punjab Vidhan Parishad and as amended be passed.

Chaudhri Darshan Singh: Sir, I want to speak.

ਅਵਾਜ਼ਾਂ : ਅਸੀਂ ਇਸ ਬਿਲ ਤੇ ਬੋਲਣਾ ਹੈ।

Mr. Speaker : All right.

ਚੌਧਰੀ ਬਲਬੀਰ ਸਿੰਘ (ਹੁਸ਼ਿਆਰਪੁਰ): ਸਪੀਕਰ ਸਾਹਿਬ, ਮੈਂ ਗਿੱਲ ਸਾਹਿਬ ਦਾ ਧਿਆਨ ਇਸ ਗੱਲ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਪਹਿਲਾਂ ਇਨ੍ਹਾਂ ਨੇ ਇਹ ਐਲਾਨ ਕੀਤਾ ਸੀ ਕਿ ਸਰਦਾਰ ਗੁਰਨਾਮ ਸਿੰਘ ਦੀ ਮਨਿਸਟਰੀ ਨੇ ਜੋ ਗਲਤ ਕੰਮ ਕੀਤੇ ਹਨ ਇਹ ਉਨ੍ਹਾਂ ਨੂੰ ਠੀਕ ਕਰਨਗੇ। ਕਈ ਗੱਲਾਂ ਇਨ੍ਹਾਂ ਨੇ ਬਦਲ ਦਿਤੀਆਂ । ਲੇਕਿਨ ਇਹ ਮਾਮਲਾ ਅਜੇ ਤਕ ਠੀਕ ਨਹੀਂ ਹੋਇਆ । ਇਸੇ ਤਰ੍ਹਾਂ ਲਟਕ ਰਿਹਾ ਹੈ । ਇਸ ਮਾਮਲੇ ਤੇ ਕੋਈ ਕਾਰਵਾਈ ਨਹੀਂ ਕੀਤੀ ਗਈ ਅਗਰ ਕੋਈ ਗਲਤ ਗੱਲ ਹੋਈ ਹੈ ਤਾਂ ਉਸ ਨੂੰ ਠੀਕ ਕਰ ਦੇਣਾ ਚਾਹੀਦਾ ਹੈ ।

ਇਕ ਮਾਨਯੋਗ ਮੈਂਬਰ : ਇਹ ਕਹਿਣਾ ਕੀ ਚਾਹੁੰਦੇ ਹਨ ?

ਸ੍ਰੀ ਲਾਲ ਚੰਦ ਸੱਬਰਵਾਲ : ਇਹ ਝਖ ਮਾਰਤੇ ਹਨ (ਹਾਸਾ) (ਸ਼ੋਰ) ਗੁਰਨਾਮ ਸਿੰਘ ਦੀ ਮਨਿਸਟਰੀ ਵੇਲੇ ਉਦੋਂ ਉਹ ਉਸ ਨੂੰ ਵੋਟ ਪਾਉਂਦੇ ਸਨ ।

ਮੁੱਖ ਮੰਤਰੀ : ਸਪੀਕਰ ਸਾਹਿਬ, ਚੌਧਰੀ ਬਲਬੀਰ ਸਿੰਘ ਬੋਲ ਰਹੇ ਸਨ ਤਾਂ ਇਸ ਹਾਊਸ ਦੇ ਇਕ ਸੀਨੀਅਰ ਮੈਂਬਰ ਸ੍ਰੀ ਸਭਰਵਾਲ ਜੀ ਨੇ ਕਿਹਾ ਹੈ ਕਿ ਉਹ ਗੁਰਨਾਮ ਸਿੰਘ ਦੀ ਮਨਿਸਟਰੀ ਵੇਲੇ ਝਖ ਮਾਰਦੇ ਰਹੇ ਹਨ । ਮੈਂ ਇਹ ਪਤਾ ਕਰਨਾ ਚਾਹੁੰਦਾ ਹਾਂ ਕਿ ਇਹ ਸ਼ਬਦ ਪਾਰਲੀਮੈਂਟਰੀ ਹੈ ਜਾਂ ਨਹੀਂ ?

ਸ੍ਰੀ ਲਾਲ ਚੰਦ ਸੱਬਰਵਾਲ : ਇਹ ਪਾਰਲੀਮੈਂਟਰੀ ਹੈ । ਇਹ ਪੰਜਾਬੀ ਦਾ ਮੁਹਾਵਰਾ ਹੈ (ਹਾਸਾ) ।

ਮੁੱਖ ਮੰਤਰੀ : ਸੁਣ ਲਉ ਚੌਧਰੀ ਸਾਹਿਬ । ਹੁਣ ਤਕ ਝਖ ਮਾਰਦੇ ਰਹੇ ਹੋ । (ਹਾਸਾ)

ਚੌਧਰੀ ਬਲਬੀਰ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਮੈਂ ਝਖ ਮਰਦਾ ਹਾਂ । ਇਹ ਆਪਣੇ ਜਨਮ ਤੋਂ ਝਖ ਮਾਰਦੇ ਰਹੇ ਹਨ । ਆਪਣੀ ਪਾਰਟੀ ਦੇ ਜਨਮ ਤੋਂ ਝਖ ਮਾਰਦੇ ਰਹੇ ਹਨ । (ਥੰਪਿੰਗ) ਇਹ ਪਹਿਲਾਂ ਪੰਜਾਬੀ ਸੂਬੇ ਦੀ ਵਿਰੋਧਤਾ ਕਰਦੇ ਰਹੇ ਅਤੇ ਹਿੰਦੀ ਦੀ ਹਿਮਾਇਤ ਕਰਦੇ ਰਹੇ । ਫਿਰ ਇਨ੍ਹਾਂ ਨੇ ਗਊ ਮਾਤਾ ਦੀ ਪੂਛ ਵੀ ਫੜੀ (ਹਾਸਾ) ਉਹ ਸਾਰੀਆਂ ਇਹ ਝਖਾਂ ਹੀ ਮਾਰਦੇ ਰਹੇ । ਹੁਣ ਇਹ ਖੁਦ ਗੁਰਨਾਮ ਸਿੰਘ ਦੀ ਝੋਲੀ ਵਿਚ ਬਹਿ ਕੇ ਝਖਾਂ ਮਾਰ ਰਹੇ ਹਨ ਅਤੇ ਇਕ ਆਲ-ਇੰਡੀਆ ਪਾਰਟੀ, ਸੋਸ਼ਲਿਸਟ ਪਾਰਟੀ, ਦੇ ਮੈਂਬਰ ਨੂੰ ਕਹਿੰਦੇ ਹਨ ਕਿ ਝਖ ਮਾਰਦਾ ਹੈ । ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਆਪਣੀ ਜ਼ਬਾਨ ਠੀਕ ਕਰਨ ।

[ਚੌਧਰੀ ਬਲਬੀਰ ਸਿਘ]

ਮੈਂ ਕਹਿ ਰਿਹਾ ਸਾਂ ਕਿ ਮੈਂ 1914 ਦੀ ਗੱਲ ਨਹੀਂ ਕਰਦਾ। ਮੈਂ 1857 ਦੀ ਗੱਲ ਕਰਦਾ ਹਾਂ। ਜਿਹੜੇ ਲੋਕ ਉਸ ਵਿਚ ਲੜੇ ਉਨ੍ਹਾਂ ਨੂੰ ਕੋਈ ਗੈਲੈਂਟਰੀ ਅਵਾਰਡ ਵੀ ਨਹੀਂ ਮਿਲੇ। ਅੰਗਰੇਜ਼ਾਂ ਨਾਲ ਹੋਕੇ ਜਿਹੜੇ ਬਾਹਰ ਜਾ ਕੇ ਲੜ ਆਏ ਉਨ੍ਹਾਂ ਨੂੰ ਤਾਂ ਇਹ ਐਵਾਰਡ ਮਿਲ ਗਿਆ ਹੈ। ਪਰ ਉਨ੍ਹਾਂ 1857 ਵਾਲੇ ਦੇਸ਼ ਭਗਤਾਂ ਨੂੰ ਕੋਈ ਐਵਾਰਡ ਨਹੀਂ ਮਿਲਿਆ। ਉਨ੍ਹਾਂ ਲੋਕਾਂ ਦਾ ਵੀ ਇਸ ਬਿਲ ਵਿਚ ਧਿਆਨ ਰਖਿਆ ਜਾਣਾ ਚਾਹੀਦਾ ਸੀ। ਉਨ੍ਹਾਂ ਦੀਆਂ ਜੋ ਜ਼ਮੀਨਾਂ ਜ਼ਬਤ ਹੋਈਆਂ ਸਨ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਮਿਲਣੀਆਂ ਚਾਹੀਦੀਆਂ ਸਨ।

ਲੈਫਟੀਨੈਂਟ ਭਾਗ ਸਿੰਘ (ਅਮਲੋਹ ਐਸ.ਸੀ.): ਸਪੀਕਰ ਸਾਹਿਬ, ਮੈਂ ਚਾਹੁੰਦਾ ਸੀ ਕਿ ਇਸ ਬਿਲ ਉਪਰ ਬੋਲਦੇ ਹੋਏ ਸਰਦਾਰ ਗੁਰਨਾਮ ਸਿੰਘ ਦਾ ਧੰਨਵਾਦ ਕਰਾਂ ਕਿਉਂਕਿ ਉਨ੍ਹਾਂ ਨੇ ਇਹ ਬਿਲ ਤਿਆਰ ਕੀਤਾ ਸੀ ਅਤੇ ਇਸ ਵਾਸਤੇ ਆਰਡੀਨੈਂਸ ਜਾਰੀ ਕਰਵਾਇਆ ਸੀ। ਪਰ ਮੈਂ ਉਨ੍ਹਾਂ ਦਾ ਧੰਨਵਾਦ ਨਹੀਂ ਕਰਦਾ ਕਿਉਂਕਿ ਉਨ੍ਹਾਂ ਨੇ ਬਾਦ ਵਿਚ ਇਹ ਬਿਲ ਵਾਪਸ ਲੈ ਲਿਆ ਸੀ। ਮੈਂ ਅਜਿਹੇ ਸਜਣ ਦਾ ਧੰਨਵਾਦ ਨਹੀਂ ਕਰ ਸਕਦਾ। ਹੁਣ ਮੈਂ ਗਿੱਲ ਸਾਹਿਬ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਕਿ ਚੰਗੀ ਗਲ ਨੂੰ ਸਿਰੇ ਚਾੜ੍ਹਨ ਲਈ ਇਹ ਬਿਲ ਲਿਆਂਦਾ ਹੈ। ਸਪੀਕਰ ਸਾਹਿਬ, ਤੁਸੀਂ ਵੀ ਫੌਜੀ ਹੋ ਔਰ ਮੈਂ ਵੀ ਫੌਜੀ ਹਾਂ। ਇਸ ਕਰਕੇ ਸਾਡੇ ਵਿਚ ਕੋਈ ਬਹੁਤਾ ਫਰਕ ਨਹੀਂ (ਹਾਸਾ) ਭਾਵੇਂ ਤੁਸੀਂ ਸੀਨੀਅਰ ਹੋ ਪਰ ਸਾਡੇ ਦੋਹਾਂ ਤੋਂ ਸੀਨੀਅਰ ਜਨਰਲ ਸਪੈਰੋ ਸਾਹਿਬ ਹਨ। ਸਪੀਕਰ ਸਾਹਿਬ, ਪਤਾ ਉਨ੍ਹਾਂ ਫੌਜੀਆਂ ਨੂੰ ਲਗਦਾ ਹੈ ਜਿਹੜੇ ਲਦਾਖ ਅਤੇ ਨੇਫਾ ਦੀਆਂ ਪਹਾੜੀਆਂ ਤੇ ਡਿਊਟੀ ਦੇਂਦੇ ਹਨ। ਚੀਨ ਦੀ ਸਰਹਦ ਤੇ ਪਹਿਰਾ ਦੇ ਰਹੇ ਹਨ ਤੇ ਪਾਕਿਸਤਾਨ ਤੋਂ ਆਪਣੇ ਦੇਸ਼ ਦੀ ਰਾਖੀ ਕਰ ਰਹੇ ਹਨ। ਉਨ੍ਹਾਂ ਨੂੰ ਆਪਣੀ ਜ਼ਮੀਨ ਦਾ ਕੋਈ ਪਤਾ ਨਹੀਂ, ਜਾਇਦਾਦ ਦਾ ਕੋਈ ਪਤਾ ਨਹੀਂ ਆਪਣੇ ਘਰ ਬਾਹਰ ਦਾ ਕੋਈ ਪਤਾ ਨਹੀਂ ਕਿ ਕਿਥੇ ਹੈ। ਇਸ ਬਿਲ ਰਾਹੀਂ ਅਸੀਂ ਉਨ੍ਹਾਂ ਵਾਸਤੇ ਕੁਝ ਤੁਹੱਫਜ਼ ਕੀਤਾ ਹੈ ਤਾਕਿ ਉਨ੍ਹਾਂ ਦੀ ਜ਼ਮੀਨ ਨੂੰ ਕੋਈ ਠੱਗੀ ਠੋਰੀ ਨਾਲ ਨਾ ਲੈ ਲਵੇ। ਭਾਵੇਂ ਪਹਿਲਾਂ ਵੀ ਗੌਰਮਿੰਟ ਬਹੁਤ ਵਿਜੀਲੈਂਟ ਹੈ ਪਰ ਫਿਰ ਵੀ ਕੋਈ ਠੱਗੀ ਠੋਰੀ ਮਾਰਕੇ ਉਨ੍ਹਾਂ ਦੀ ਜਾਇਦਾਦ ਨਾ ਹੜੱਪ ਕਰ ਜਾਵੇ, ਅਨਸਕਰਪੂਲਸ ਮੈਥਡ ਨਾਲ ਜ਼ਮੀਨ ਨਾ ਲੈ ਲਵੇ।

ਸਪੀਕਰ ਸਾਹਿਬ, ਫੌਜੀਆ ਲਈ ਜਿਨ੍ਹਾਂ ਨੇ ਐਨਾਂ ਕੁਝ ਕੀਤਾ ਅਤੇ ਕਰ ਰਹੇ ਹਨ ਜੇ ਉਨ੍ਹਾਂ ਲਈ ਅਸੀਂ ਕੁਝ ਨਾ ਕਰ ਸਕੀਏ ਤਾਂ ਬਹੁਤ ਅਫਸੋਸ ਹੋਵੇਗਾ। ਮੈਂ ਗਿਲ ਸਾਹਿਬ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਹ ਬਿਲ ਲਿਆਂਦਾ, ਤੇ ਏਥੇ ਪੇਸ਼ ਕੀਤਾ ਹੈ। ਇਸ ਬਿਲ ਨੂੰ ਪਾਸ ਕਰਨਾ ਚਾਹੀਦਾ ਹੈ।

Shri Lal Chand Suberwal: Sir, now under rule 89 the question be put. ਰੂਲ ਨੰ: 89 ਦੇਖ ਲਉ। ਸਪੀਕਰ ਸਾਹਿਬ, ਅੱਧਾ ਘੰਟਾ ਇਸ ਲਈ ਟਾਈਮ ਫਿਕਸ ਹੋਇਆ ਸੀ। ਜੇ ਤੁਸੀਂ ਉਸ ਅਧੇ ਘੰਟੇ ਤੇ ਨਾ ਠਹਿਰੋ ਤਾਂ ਅਸੀਂ ਵੀ ਕੁਐਸਚਨਜ਼ ਕਰ ਸਕਦੇ ਸੀ।

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿਲ): ਕੋਈ ਵੀ ਫੈਸਲਾ ਐਮੀਕੇਬਲੀ ਕਰਾ ਦਿਉ ਠੀਕ ਹੈ। ਕੋਈ ਵੀ ਮੈਂਬਰ ਜਿਨਾਂ ਮਰਜ਼ੀ ਬੋਲ ਸਕਦਾ ਹੈ। 1967 ਵਿਚ ਮੈਂ ਇਕ ਬਿਲ ਤੇ ਅੱਠ ਘੰਟੇ ਬੋਲਿਆ ਸੀ। ਜਿਸ ਦੇ ਬੋਲਣ ਨਾਲ ਕੋਈ ਕਾਨੂੰਨ ਬਨਣ ਵਿਚ ਮਦਦ ਮਿਲਦੀ ਹੋਵੇ ਉਹ ਚਾਹੇ ਜਿੰਨਾਂ ਚਿਰ ਮਰਜੀ ਬੋਲੇ ਉਸ ਨੂੰ ਰੋਕਿਆ ਨਹੀਂ ਜਾ ਸਕਦਾ। ਜੇ ਅੱਜ ਤੁਸੀਂ ਕੋਈ ਟਾਈਮ ਮੁਕਰੱਰ ਕਰ ਦਿਉ ਤਾਂ ਆਨਰ ਕੀਤਾ ਜਾਏਗਾ।

ਸ੍ਰੀ ਲਾਲ ਚੰਦ ਸੱਬਰਵਾਲ : ਲੀਡਰ ਆਫ ਦੀ ਹਾਊਸ ਨੂੰ ਪਤਾ ਨਹੀਂ । ਇਸ ਲਈ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਨੇ ਅੱਧਾ ਘੰਟਾ ਫ਼ਿਕਸ ਕੀਤਾ ਹੈ । ਲੀਡਰ ਆਫ਼ ਦੀ ਹਾਊਸ ਨੂੰ ਸੁਜੈਸ਼ਨ ਦੇਣ ਤੋਂ ਪਹਿਲਾਂ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੇ ਫ਼ੈਸਲੇ ਨੂੰ ਦੇਖਣਾ ਚਾਹੀਦਾ ਸੀ । Question be now put.

(ਸ਼ੋਰ)

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜੋ ਕੁਝ ਸਬਰਵਾਲ ਜੀ ਨੇ ਕਿਹਾ ਹੈ ਜੇ ਅੱਗੇ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੇ ਫੈਸਲੇ ਤੇ ਇਹ ਪਾਬੰਦ ਰਹੇ ਹਨ ਤਾਂ ਠੀਕ ਹੈ ਨਹੀਂ ਤਾਂ ਹੁਣ ਵੀ ਚਲਣ ਦਿਉ । ਹਾਊਸ ਚਲੇਗਾ । ਪਹਿਲਾਂ ਇਹ ਐਸ਼ੋਰੈਂਸ ਦੇਣ ਕਿ ਅੱਗੇ ਨੂੰ ਇਹ ਟਾਈਮ ਨੂੰ ਵਧਣ ਨਹੀਂ ਦੇਣਗੇ ।

ਚੌਧਰੀ ਦਰਸ਼ਨ ਸਿੰਘ : ਆਪੋਜ਼ੀਸ਼ਨ ਵਾਲਿਆਂ ਨੂੰ ਹੁਣ ਪਤਾ ਲਗਾ ਹੈ ।

ਸ੍ਰੀ ਲਾਲ ਚੰਦ ਸਬਰਵਾਲ : ਬਿਜ਼ਨੈਸ ਐਡਵਾਈਜ਼ਰੀ ਕਮੇਟੀ ਨੂੰ ਓਵਰ ਰੂਲ ਕਰਨਾ ਤਾਂ ਠੀਕ ਨਹੀਂ ।

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿਲ) : ਉਹਦਾ ਇਸ ਨਾਲ ਕੋਈ ਸਬੰਧ ਨਹੀਂ । ਬਿਲ ਤੇ ਬੋਲਣ ਤੋਂ ਕਿਸੇ ਮੈਂਬਰ ਨੂੰ ਰੋਕਿਆ ਨਹੀਂ ਜਾ ਸਕਦਾ । 104 ਦੇ 104 ਮੈਂਬਰ ਬੋਲ ਸਕਦੇ ਹਨ । ਜਿੰਨਾਂ ਮਰਜ਼ੀ ਚਾਹੁਣ ਬਿਲ ਤੇ ਬੋਲ ਸਕਦੇ ਹਨ ।

ਚੌਧਰੀ ਦਰਸ਼ਨ ਸਿੰਘ : ਰੂਲ 89 ਇਹ ਕਹਿੰਦਾ ਹੈ ਕਿ ਹਰ ਮੈਂਬਰ ਨੂੰ ਬੋਲਣ ਦਾ ਹੱਕ ਹੈ । (ਥੰਪਿੰਗ ਰੂਲਿੰਗ ਪਾਰਟੀ ਵਲੋਂ) ਮੈਂ ਪੁਛਣਾ ਚਾਹੁੰਦਾ ਹਾਂ ਆਪਣੇ ਆਪੋਜ਼ੀਸ਼ਨ ਦੇ ਭਰਾਵਾਂ ਤੋਂ ਕਿ 3 ਅਗਸਤ, 1967 ਨੂੰ ਕੈਬਨਿਟ ਦੀ ਮੀਟਿੰਗ ਵਿਚ ਯੂਨੈਨਿਮਸਲੀ ਪਾਸ ਕੀਤਾ, ਉਦੋਂ 1957 ਵਾਲੀ ਮਦ ਰਖਣੀ ਚਾਹੀਦੀ ਸੀ, ਉਦੋਂ ਕਿਸੇ ਨੇ ਕਿਉਂ ਇਤਰਾਜ਼ ਨਹੀਂ ਕੀਤਾ ? ਫੇਰ ਅਕਤੂਬਰ-ਨਵੰਬਰ ਦਾ ਸੈਸ਼ਨ ਆਇਆ । ਉਸ ਵੇਲੇ ਵੀ ਇਸ ਨੂੰ ਰੋਕਿਆ ਜਾ ਸਕਦਾ ਸੀ । ਇਨੀਸ਼ੀਏਟ ਹੋਇਆ ਇਹ ਅਪਰ ਹਾਊਸ ਵਿਚ । ਸਪੀਕਰ ਸਾਹਿਬ, ਮੈਂ ਤੁਹਾਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਲਾਜ ਰਖੀ ਹੈ ਫੌਜੀਆਂ ਦੀ । (ਸ਼ੋਰ)

ਸਰਦਾਰ ਜੰਗੀਰ ਸਿੰਘ ਫਗੂਵਾਲੀਆ : ਕੀ ਵਜ੍ਹਾ ਹੈ ਸਾਨੂੰ ਪੰਜਾਬੀ ਵਿਚ ਬਿਲ ਹਾਲੇ ਤਕ ਨਹੀਂ ਮਿਲਿਆ ? (ਸ਼ੋਰ)

(ਇਸ ਸਮੇਂ ਚੌਧਰੀ ਸੁੰਦਰ ਸਿੰਘ ਖੜ੍ਹੇ ਹੋਏ ਅਤੇ ਪੁਆਇੰਟ ਆਫ਼ ਆਰਡਰ, ਪੁਆਇੰਟ ਆਫ ਆਰਡਰ ਕਹਿ ਰਹੇ ਸਨ)

ਸ੍ਰੀ ਸਪੀਕਰ : ਚੌਧਰੀ ਸਾਹਿਬ, ਬੈਠ ਜਾਉ । (Chaudhri Sahib should please resume his seat.)

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿਲ) : ਮੈਨੂੰ ਤਾਂ ਕੋਈ ਇਤਰਾਜ਼ ਨਹੀਂ ।

[ਮੁੱਖ ਮੰਤਰੀ]

ਮੈਂ ਆਪਣੇ ਦੋਸਤਾਂ ਨੂੰ ਕਹਾਂਗਾ, ਖਾਸ ਤੌਰ ਤੇ ਚੌਧਰੀ ਬਲਬੀਰ ਸਿੰਘ ਨੂੰ, ਕਿ ਇਹ ਬਿਲ ਯੂਨਾਨੀਮਸਲੀ ਪਾਸ ਹੋਣਾ ਚਾਹੀਦਾ ਹੈ । ਇਸ ਵਾਸਤੇ ਇਸ ਵਿਚ ਕੋਈ ਐਸੀ ਗੱਲ ਨਹੀਂ । ਇਹ ਸਿਰਫ ਉਨ੍ਹਾਂ ਦੋਸਤਾਂ ਵਾਸਤੇ ਹੈ ਜਿਹੜੇ ਫੌਜ ਵਿਚ ਭਰਤੀ ਹੋ ਕੇ ਫੌਜ ਵਿਚ ਲੜੇ ਹਨ । ਹੋਰ ਇਸ ਵਿਚ ਕੋਈ ਐਸੀ ਗੱਲ ਨਹੀਂ ।

Mr. Speaker: Question is—

> That the Punjab Security of Land Tenures (Amendment) Bill, as passed by the Punjab Vidhan Parishad and as amended be passed.

The motion was carried. (*Cheers*)

CENSURE MOTION UNDER RULE 65.

ਸ੍ਰੀ ਸਤਪਾਲ ਡਾਂਗ (ਅੰਮ੍ਰਿਤਸਰ ਪੱਛਮ) : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਮੋਸ਼ਨ ਮੂਵ ਕਰਦਾ ਹਾਂ :

> That this House expresses its want of confidence in the Deputy Minister Sardar Sardar Singh Kohli for his misconduct towards the public at Khanna on the 26th January, 1968, resulting in brutal lathi-charges on the people by the Police.

Voices : In Punjabi please.

ਸ੍ਰੀ ਸੱਤਪਾਲ ਡਾਂਗ : ਮੈਂ ਇਸ ਦਾ ਉਲਥਾ ਪੰਜਾਬੀ ਵਿੱਚ ਵੀ ਕਰ ਦਿੰਦਾ ਹਾਂ ।

> "ਇਹ ਹਾਊਸ ਸਰਦਾਰ ਸਰਦਾਰ ਸਿੰਘ ਕੋਹਲੀ, ਡਿਪਟੀ ਮਨਿਸਟਰ ਦੇ ਖਿਲਾਫ਼ ਉਸ ਗ਼ਲਤ ਰਵੱਈਏ ਅਤੇ ਮਿਸਕੰਡਕਟ ਦੇ ਵਾਸਤੇ ਬੇ-ਵਿਸ਼ਵਾਸੀ ਦਾ ਇਜ਼ਹਾਰ ਕਰਦਾ ਹੈ ਜਿਹੜਾ 26 ਜਨਵਰੀ, 1968 ਨੂੰ ਖੰਨੇ ਦੇ ਲੋਕਾਂ ਵਲ ਅਖਤਿਆਰ ਕੀਤਾ ਗਿਆ ਜਿਸ ਦੇ ਨਤੀਜੇ ਦੇ ਤੌਰ ਤੇ ਬੜੀਆਂ ਸ਼ਕਾਇਤਾਂ ਪੁੱਜੀਆਂ ਪੁਲਿਸ ਨੇ ਉਥੇ ਲੋਕਾਂ ਤੇ ਲਾਠੀ ਚਾਰਜ ਕੀਤਾ ।

ਸਪੀਕਰ ਸਾਹਿਬ, 26 ਜਨਵਰੀ ਨੂੰ ਜਿਹੜੇ ਵਾਕਿਆਤ ਹੋਏ ਉਹ 28 ਜਨਵਰੀ ਨੂੰ ਅਖਬਾਰਾਂ ਵਿਚ ਆਏ । ਖੰਨੇ ਵਿਚ ਜਿਹੜੇ ਹਾਲਾਤ ਲੋਕਾਂ ਨੇ ਆਪਣੀਆਂ ਅੱਖਾਂ ਨਾਲ ਵੇਖੇ ਜਾਂ ਜਿਨ੍ਹਾਂ ਦੀ ਮੌਜੂਦਗੀ ਵਿਚ ਇਹ ਵਾਕਿਆਤ ਹੋਏ, ਉਹ ਮੈਂ ਤੁਹਾਡੇ ਰਾਹੀਂ ਹਾਊਸ ਦੇ ਸਾਹਮਣੇ ਦੱਸਣਾ ਚਾਹੁੰਦਾ ਹਾਂ । (ਸ਼ੋਰ) 26 ਜਨਵਰੀ ਦਾ ਦਿਨ ਅਜ਼ਾਦੀ ਦਾ ਦਿਨ ਸੀ । ਪ੍ਰੋਗਰਾਮ ਸਵੇਰੇ ਅੱਠ ਵਜੇ ਦਾ ਸੀ ਉਹ ਮਨਾਇਆ ਗਿਆ । ਉਸ ਦੇ ਵਿਚ ਕਿਸੇ ਕਿਸਮ ਦਾ ਕੋਈ ਮੁਜ਼ਾਹਰਾ ਨਹੀਂ ਕੀਤਾ ਗਿਆ । ਕਿਸੇ ਕਿਸਮ ਦਾ ਵਾਕਿਆ ਕਿਸੇ ਦੇ ਖਿਲਾਫ਼ ਨਹੀਂ ਹੋਇਆ । ਕਿਸੇ ਕਿਸਮ ਦਾ ਕਿਸੇ ਮਨਿਸਟਰ ਦੇ ਖਿਲਾਫ਼ ਜਜ਼ਬਾਤ ਦਾ ਇਜ਼ਹਾਰ ਨਹੀਂ ਕੀਤਾ ਗਿਆ ਸੀ । (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਕੁਰਸੀ ਸੰਭਾਲੀ ।)

ਸ੍ਰੀ ਲਾਲ ਚੰਦ ਸਬੱਰਵਾਲ : ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਸਰਦਾਰ ਬਖਤਾਵਰ ਸਿੰਘ ਨੂੰ ਕੋਹਲੀ ਸਾਹਿਬ ਤੋਂ ਦੂਰ ਕਰ ਦਿਉ ਜੀ ।

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ । (This is no point of order.)

ਸ੍ਰੀ ਸੱਤਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਉਸ ਸਰਕਾਰੀ ਤਕਰੀਰ ਦੇ ਵਿਚ ਕਿਸੇ ਕਿਸਮ ਦਾ ਕੋਈ ਵਾਕਿਆ ਨਹੀਂ ਹੋਇਆ । ਕੋਈ ਮੁਜ਼ਹਰਾ ਨਹੀਂ ਹੋਇਆ । ਬੜੇ ਅੱਛੇ ਤਰੀਕੇ ਨਾਲ ਇਹ ਪਰੋਗਰਾਮ ਖ਼ਤਮ ਹੋਇਆ । ਉਸ ਤੋਂ ਬਾਅਦ 9 ਵਜੇ ਖੰਨਾ ਦੀ ਮਿਉਂਸਿਪਲ ਕਮੇਟੀ ਵਲੋਂ ਇਕ ਹੋਰ ਪ੍ਰੋਗਰਾਮ ਸੀ, ਉਹ ਵੀ ਬੜੇ ਅੱਛੇ ਢੰਗ ਨਾਲ ਮਨਾਇਆ ਗਿਆ । ਉਸ ਤੋਂ ਬਾਅਦ 11 ਵਜੇ ਸਰਦਾਰ ਗੁਰਚਰਨ ਸਿੰਘ ਮਨਿਸਟਰ ਖੰਨੇ ਵਿਚ ਆਏ ਜਿਨ੍ਹਾਂ ਨੇ ਇਕ ਸਕੂਲ ਵਿਚ ਇਕ ਫੰਕਸ਼ਨ ਵਿਚ ਭਾਗ ਲੈਣਾ ਸੀ । ਏ. ਐਸ. ਹਾਇਰ ਸੈਕੰਡਰੀ ਸਕੂਲ ਵਿਚ ਬੱਚਿਆਂ ਵਲੋਂ ਇਕ ਪ੍ਰੋਗਰਾਮ ਪੇਸ਼ ਕੀਤਾ ਗਿਆ । ਉਸ ਵੇਲੇ ਉਥੇ ਕੋਈ ਸਿਆਸੀ ਪਾਰਟੀ ਜਾਂ ਕੋਈ ਹੋਰ ਅਜਿਹਾ ਆਦਮੀ ਸਕੂਲ ਵਿਚ ਮੌਜੂਦ ਨਹੀਂ ਸੀ । ਸਿਰਫ ਉਸ ਸਕੂਲ ਦੇ ਵਿਦਿਆਰਥੀ ਸਨ ਔਰ ਮਨਿਸਟਰ ਸਾਹਿਬ ਸਨ । ਇਹ ਖਬਰ ਅਖਬਾਰਾਂ ਵਿਚ ਵੀ ਆਈ ਹੈ । ਅਖਬਾਰਾਂ ਦੱਸਦੀਆਂ ਹਨ ਕਿ ਵਿਦਿਆਰਥੀਆਂ ਨੇ ਇਹ ਸਟੈਂਡ ਲੀਤਾ ਤੇ ਕਿਹਾ ਕਿ ਅਸੀਂ ਕੌਮੀ ਝੰਡੇ ਨੂੰ ਸਲਾਮੀ ਦੇਣ ਲਈ ਤਿਆਰ ਹਾਂ ਲੇਕਿਨ ਇਸ ਮਨਿਸਟਰੀ ਦੇ ਮਨਿਸਟਰ ਨੂੰ ਸਲਾਮੀ ਦੇਣ ਲਈ ਤਿਆਰ ਨਹੀਂ । ਇਥੇ ਵਿਦਿਆਰਥੀਆਂ ਨੇ ਕੁਝ ਨਾਹਰੇ ਵੀ ਲਾਏ ਤੇ ਕੁਝ ਮੁਜ਼ਾਹਰੇ ਵੀ ਕੀਤੇ ਤੇ ਆਪਣੇ ਜਜ਼ਬਾਤ ਦਾ ਇਜ਼ਹਾਰ ਕੀਤਾ । ਉਸ ਵੇਲੇ 35 ਵਿਦਿਆਰਥੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਉਨ੍ਹਾਂ ਨੂੰ ਹਵਾਲਾਤ ਭੇਜਿਆ ਗਿਆ । ਇਸ ਨਾਲ ਪਬਲਿਕ ਵਿਚ ਗੁੱਸਾ ਜ਼ਰੂਰ ਆਇਆ । ਲੇਕਿਨ ਇਸ ਦੇ ਬਾਵਜੂਦ ਵੀ ਪਬਲਿਕ ਵਲੋਂ ਕੋਈ ਕਿਸੇ ਕਿਸਮ ਦਾ ਇਸ ਦੇ ਖਿਲਾਫ਼ ਕਦਮ ਨਹੀਂ ਚੁੱਕਿਆ ਗਿਆ । 4 ਵਜੇ ਇਕ ਹੋਰ ਜਲਸੇ ਦਾ ਐਲਾਨ ਕੀਤਾ ਗਿਆ ਸੀ । ਇਹ ਜਲਸਾ ਰਿਪਬਲੀਕਨ ਪਾਰਟੀ ਵੱਲੋਂ ਕੀਤਾ ਗਿਆ ਸੀ । ਇਸ ਜਲਸੇ ਬਾਰੇ ਪਹਿਲਾਂ ਹੀ ਐਲਾਨ ਕੀਤਾ ਗਿਆ ਸੀ ਕਿ ਉਸ ਜਲਸੇ ਵਿਚ ਸਰਦਾਰ ਸਰਦਾਰ ਸਿੰਘ ਕੋਹਲੀ, ਡਿਪਟੀ ਮਨਿਸਟਰ ਵੀ ਬੋਲਣਗੇ । ਪਰ ਇਸ ਗੱਲ ਦਾ ਤਾਂ ਕੋਈ ਐਲਾਨ ਨਹੀਂ ਸੀ ਕੀਤਾ ਗਿਆ ਨਾ ਹੀ ਸਰਕਾਰੀ ਤੌਰ ਤੇ ਅਤੇ ਨਾ ਹੀ ਕਿਸੇ ਤਰ੍ਹਾਂ ਵੀ । ਕਿਸੇ ਅਫਸਰ ਨੂੰ ਇਸ ਬਾਰੇ ਇਤਲਾਹ ਨਹੀਂ ਸੀ ਅਤੇ ਨਾ ਹੀ ਪਬਲਿਕ ਨੂੰ ਕੋਈ ਇਤਲਾਹ ਸੀ । 4 ਵਜੇ ਜਲਸਾ ਹੋਇਆ । ਸਰਦਾਰ ਸਰਦਾਰ ਸਿੰਘ ਕੋਹਲੀ ਜਲਸੇ ਵਿਚ ਆ ਗਏ । ਉਹ ਸਟੇਜ ਤੇ ਬੋਲਣ ਵਾਸਤੇ ਗਏ । ਉਸ ਵਕਤ ਕੋਈ ਡੇਢ ਸੌ ਦੇ ਕਰੀਬ ਆਦਮੀਆਂ ਦਾ ਇਕ ਜਲੂਸ ਖੰਨੇ ਦੀਆਂ ਕੁਝ ਸਿਆਸੀ ਪਾਰਟੀਆਂ ਵੱਲੋਂ ਉਥੇ ਆਇਆ । ਜਿਸ ਵਕਤ ਮੁਜ਼ਾਹਰਾ ਉਥੇ ਪਹੁੰਚਿਆਂ ਤਾਂ ਸਰਦਾਰ ਕੋਹਲੀ ਜੀ, ਡਿਪਟੀ ਮਨਿਸਟਰ ਨੇ ਜਿਹੜੇ ਲਫਜ਼ ਉਸ ਵੇਲੇ ਕਹੇ, ਉਹ ਮੈਂ ਤੁਹਾਡੇ ਕੋਲ ਦੱਸਣਾ ਚਾਹੁੰਦਾ ਹਾਂ । ਇਹ ਤਾਂ ਤੁਹਾਨੂੰ ਪਤਾ ਹੀ ਹੈ ਕਿ ਉਹ ਪੱਟਾਂ ਤੇ ਹੱਥ ਮਾਰਕੇ ਗੱਲ ਕਰਦੇ ਹਨ ਔਰ ਕਾਫੀ ਗਰਮ ਸੁਭਾਅ ਦੇ ਹਨ (ਸ਼ੋਰ) (ਵਿਘਨ) । ਇਹ ਇਥੇ ਹਾਊਸ ਵਿਚ ਵੀ ਪੱਟਾਂ ਤੇ ਹੱਥ ਮਾਰਕੇ ਗੱਲ ਕਰਦੇ ਹਨ । ਖੰਨੇ ਵਿਚ ਤਾਂ ਕੋਈ ਹਾਊਸ ਨਹੀਂ, ਉਥੇ ਇਹ ਕਿੰਨੇ ਗਰਮ ਹੋਏ ਹੋਣਗੇ ।

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿੱਲ) ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੇਰੇ ਆਨਰੇਬਲ ਮੈਂਬਰ ਨੇ ਗੁੱਸਾ ਕੀਤਾ ਹੈ ਕਿ ਕੋਹਲੀ ਸਾਹਿਬ ਪੱਟਾਂ ਤੇ ਹੱਥ ਮਾਰਦੇ ਹਨ । ਡਿਪਟੀ ਸਪੀਕਰ ਸਾਹਿਬ, ਕਦੇ ਤੁਸੀਂ ਵੀ ਉਨ੍ਹਾਂ ਨੂੰ ਪੱਟਾਂ ਤੇ ਹੱਥ ਮਾਰਦਿਆਂ ਦੇਖਿਆ ਹੈ ? (ਸ਼ੋਰ)

ਸ੍ਰੀ ਡਿਪਟੀ ਸਪੀਕਰ : ਨਹੀਂ, ਮੈਂ ਤਾਂ ਉਨ੍ਹਾਂ ਨੂੰ ਇਸ ਤਰ੍ਹਾਂ ਕਰਦਿਆਂ ਕਦੇ ਨਹੀਂ ਦੇਖਿਆ । (No. I have never seen him doing so.)

ਸ਼੍ਰੀ ਸੱਤਪਾਲ ਡਾਂਗ : ਇਹ ਕਿਸ ਸੁਭਾਅ ਦੇ ਸੱਜਨ ਨੇ ਇਹ ਆਪ ਦਸਣਗੇ । ਕੋਈ ਗਰਮ ਸੁਭਾਅਦਾ ਹੁੰਦਾ ਹੈ, ਕੋਈ ਠੰਡੇ ਸੁਭਾਅ ਦਾ ਹੁੰਦਾ ਹੈ । ਇਹ ਜਿਸ ਵਕਤ ਬੋਲਣਗੇ ਸਾਰਿਆ ਨੂੰ ਪਤਾ ਲਗ ਜਾਵੇਗਾ, ਮੈਂ ਇਸ ਗੱਲ ਵਿਚ ਜ਼ਿਅ ਦਾ ਨਹੀ ਜਾਣਾ ਚਾਹੁੰਦਾ । ਲੇਕਿਨ, ਡਿਪਟੀ ਸਪੀਕਰ ਸਾਹਿਬ, ਜਿਹੜਾ ਇਕ ਪਬਲਿਕ ਮੈਨ ਹੋਵੇ, ਇਕ ਸਿਆਸੀ ਲੀਡਰ ਹੋਵੇ, ਜਿਹੜਾ ਮਨਿਸਟਰੀ ਦਾ ਇਕ ਜ਼ਿੰਮੇਦਾਰ ਰੁਕਨ ਸਮਝਿਆ ਜਾਂਦਾ ਹੋਵੇ ਬਜਾਏ ਇਸ ਦੇ ਕਿ ਉਹ ਕਾਨੂੰਨ ਦੇ ਮੁਤਾਬਿਕ ਇਕ ਦਰੁਸਤ ਰਵੱਈਆ ਅਪਣਾਉਂਦਾ ਉਸ ਨੇ ਉਥੇ ਉਹ ਰਵੱਈਆ ਅਪਣਾਇਆ ਜਿਹੜਾ ਬਹੁਤ ਸਾਰੇ ਮਨਿਸਟਰ ਜਾਂ ਇਥੋਂ ਤਕ ਕਿ ਚੀਫ-ਮਨਿਸਟਰ ਵੀ ਮੂਹੋਂ ਨਹੀਂ ਕਹਿੰਦੇ । ਉਹ ਗੱਲ ਉਸਨੇ ਉਥੇ ਖੁਲ੍ਹੇ ਮੂੰਹੋਂ ਕਹੀ । ਉਸ ਨੇ ਉਥੇ ਇਹ ਲਫਜ਼ ਕਹੇ : "ਮੈਂ ਬੜੇ ਵਡੇ ਵਡੇ ਮੁਜ਼ਾਹਰ ਦੇਖੇ ਹਨ । ਦੇਖੋ ਪੁਲਿਸ ਵਾਲਿਓ, ਸਰਕਾਰ ਤੁਹਾਡੇ ਸਾਹਮਣੇ ਖੜੀ ਹੈ ਤੁਹਾਨੂੰ ਕਿਸੇ ਕੋਲੋਂ ਡਰਨ ਦੀ ਲੋੜ ਨਹੀਂ । ਇਨ੍ਹਾਂ ਨੂੰ ਨਜਿਠੋ" । ਇਨ੍ਹਾਂ ਨੇ ਉਥੇ ਹੁਕਮ ਦੇ ਦਿੱਤਾ ਕਿ ਮੁਜ਼ਾਹਰੀਨ ਨੂੰ ਨਜਿਠੋ ਔਰ ਉਸ ਵਕਤ ਇਕ ਸੈਕੰਡ ਦਾ ਇੰਤਜ਼ਾਰ ਕੀਤੇ ਬਗੈਰ, ਕਿਸੇ ਕਿਸਮ ਦੀ ਵਾਰਨਿੰਗ ਦਿੱਤੇ ਬਗੈਰ, ਡਿਪਟੀ ਸਪੀਕਰ ਸਾਹਿਬ, ਪੁਲਿਸ ਨੇ ਬੇਤਹਾਸ਼ਾ ਮਜ਼ਾਹਰੀਨ ਦੇ ਉਤੇ ਲਾਠੀਆਂ ਚਲਾਣੀਆਂ ਸ਼ੁਰੂ ਕਰ ਦਿੱਤੀਆਂ । (ਆਪੋਜ਼ੀਸ਼ਨ ਵੱਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ)

4.00 P.M.

ਮੁਖ ਮੰਤਰੀ : ਆਈ ਚੈਲੇਂਜ ।

ਸ਼੍ਰੀ ਸੱਤਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਉਹ ਸਾਰੇ ਦੇ ਸਾਰੇ ਮੁਜ਼ਾਹਰੀਨ ਹੀ ਨਹੀਂ ਸਨ । ਉਨ੍ਹਾਂ ਵਿਚ ਸ਼ਹਿਰ ਦੇ ਮੁਅਜ਼ਿਜ਼ ਸੱਜਨ ਵੀ ਖੜੇ ਸਨ, ਸਾਨੂੰ ਉਨ੍ਹਾਂ ਨੇ ਦਸਿਆ ਕਿ ਉਹ ਮੁਜ਼ਾਹਰੇ ਵਿਚ ਨਹੀਂ ਸਨ । ਪੁਲਿਸ ਨੂੰ ਵੀ ਉਨ੍ਹਾਂ ਨੇ ਕਿਹਾ ਕਿ ਅਸੀਂ ਮੁਜ਼ਾਹਰਾ ਕਰਨ ਵਾਲਿਆਂ ਵਿਚੋਂ ਨਹੀਂ ਹਾਂ ਵੈਸੇ ਹੀ ਇਥੇ ਖੜੇ ਹਾਂ ਲੇਕਿਨ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਪੁਲਿਸ ਨੇ ਉਨ੍ਹਾਂ ਦੀ ਕੋਈ ਪਰਵਾਹ ਨਾ ਕਰਦੇ ਹੋਏ ਡਾਂਗਾਂ ਨਾਲ ਉਨ੍ਹਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ । ਅਸੀਂ ਪੁਛਦੇ ਹਾਂ ਕਿ ਉਨ੍ਹਾਂ ਪੁਰਅਮਨ ਸ਼ਹਿਰੀਆਂ ਉਤੇ ਪੁਲਿਸ ਦਾ ਲਾਠੀ ਚਾਰਜ ਕਰਨ ਦਾ ਕੀ ਮਤਲਬ ਸੀ ? ਹਕੀਕਤ ਇਹ ਹੈ ਕਿ ਜਿਸ ਸੱਜਨ ਨੇ ਲਾਠੀ ਚਾਰਜ ਦੇ ਵਿਰੁਧ ਪਰਟੀਕੁਲਰ ਪਰੋਟੈਸਟ ਕੀਤਾ ਉਸ ਨੂੰ ਵੀ ਪੁਲੀਸ ਨੇ ਕੁੱਟਿਆ ਔਰ ਸਾਰਿਆਂ ਨੂੰ ਚੰਗੀ ਤਰ੍ਹਾਂ ਕੁਟਣ ਦੇ ਬਾਅਦ ਮੌਕੇ ਉਤੇ ਹੀ 22 ਗਿਰਫਤਾਰੀਆਂ ਕੀਤੀਆਂ ਗਈਆਂ । (ਵਿਰੋਧੀ ਦਲ ਵੱਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਉਸ ਲਾਠੀ ਚਾਰਜ ਵਿਚ ਕੀ ਵਾਕਿਆਤ ਹੋਏ ਉਹ ਮੈਂ ਤੁਹਾਡੇ ਸਾਹਮਣੇ ਰੱਖਣਾ ਚਾਹੁੰਦਾ ਹਾਂ । ਲੋਕ ਜ਼ਖਮੀ ਹੋਏ, ਕਿਸੇ ਦਾ ਸਿਰ ਪਾਟਾ ਔਰ ਉਸ ਤੋਂ ਬਾਅਦ ਜਦੋਂ ਉਨ੍ਹਾਂ ਨੂੰ ਉਥੋਂ ਲੈ ਜਾਇਆ ਗਿਆ ਤਾਂ ਕੁਛ ਲੋਕਾਂ ਨੂੰ ਛੱਡ ਦਿੱਤਾ ਗਿਆ, ਕੁਛ ਲੋਕਾਂ ਦਾ ਚਾਲਾਨ ਕੀਤਾ ਗਿਆ । ਡਿਪਟੀ ਸਪੀਕਰ ਸਾਹਿਬ, ਮੇਰੇ ਕੋਲ ਉਰਿਜਨਲ ਐਪਲੀਕੇਸ਼ਨ ਹੈ ਉਨ੍ਹਾਂ ਲੋਕਾਂ ਦੀ ਜਿਨ੍ਹਾਂ ਨੇ ਮੈਡੀਕਲ ਸਰਟੀਫੀਕੇਟਸ ਦੀ ਕਾਪੀ ਮੰਗੀ, ਜਿਹੜੀ ਕਿ ਮੈਂ ਹਾਊਸ ਵਿਚ ਰੱਖਾਂਗਾ । (ਵਿਘਨ) ਉਸ ਵਿਚ ਬੜੇ ਜ਼ਿੰਮੇਦਾਰ ਸਿਆਸੀ ਪਾਰਟੀਆਂ ਦੇ ਲੋਕ ਹਨ ਜਿਨ੍ਹਾਂ ਵਲੋਂ ਮਜਿਸਟਰੇਟ ਨੂੰ ਦਰਖਾਸਤ ਦਿੱਤੀ ਗਈ ਕਿ ਜਿਹੜਾ ਉਨ੍ਹਾਂ ਦਾ ਮੈਡੀਕਲ ਐਗਜ਼ਾਮੀਨੇਸ਼ਨ ਹੋਇਆ ਹੈ ਉਨ੍ਹਾਂ ਦੀ ਨਕਲ ਸਾਨੂੰ ਦਿੱਤੀ ਜਾਵੇ । ਡਿਪਟੀ ਸਪੀਕਰ ਸਾਹਿਬ, ਇਸ ਉਰਿਜਨਲ ਐਪਲੀਕੇਸ਼ਨ ਉਤੇ ਮੈਜਿਸਟਰੇਟ ਸਾਹਿਬ ਦਾ ਆਰਡਰ ਹੈ ਜਿਹੜਾ ਉਨ੍ਹਾਂ ਨੇ ਮੈਡੀਕਲ ਅਥਾਰੀਟੀਜ਼ ਨੂੰ ਕੀਤਾ ਕਿ ਇਨ੍ਹਾਂ ਨੂੰ ਮੈਡੀਕਲ ਐਗਜ਼ਾਮੀਨੇਸ਼ਨ ਦੇ ਸਰਟੀਫਿਕੇਟਸ ਦੀਆਂ ਕਾਪੀਆਂ ਦਿੱਤੀਆਂ ਜਾਣ । ਉਹ ਮੈਡੀਕਲ ਅਥਾਰਿਟੀਜ਼ ਕੋਲ ਗਏ ਜਿਨ੍ਹਾਂ ਨੇ ਦਸਿਆ ਕਿ ਇਹ ਸਰਟੀਫਿਕੇਟਸ ਪੁਲਿਸ ਦੇ ਪਾਸ ਹਨ

ਲੇਕਿਨ ਬਾਵਜੂਦ ਇਸ ਗੱਲ ਦੇ ਕਿ ਉਹ ਪੁਲਿਸ ਦੀ ਫ਼ਾਈਲ ਵਿਚ ਮੌਜੂਦ ਹਨ ਜਦੋਂ ਪੁਲਿਸ ਕੋਲ ਜਾ ਕੇ ਮੰਗੇ ਗਏ ਤਾਂ ਪੁਲਿਸ ਵਾਲਿਆਂ ਨੇ ਕਿਹਾ ਕਿ ਨਹੀਂ ਦਿੰਦੇ ।

ਮੁਖ ਮੰਤਰੀ : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਇਹ ਫੈਸਲਾ ਹੋਇਆ ਸੀ ਕਿ ਚੂਕਿ ਕੇਸ ਅਦਾਲਤ ਵਿਚ ਹੈ, ਸਬ ਜੁਡਿਸ ਹੈ, ਇਸ ਲਈ ਇਸ ਸਬੰਧ ਵਿਚ ਬਹਿਸ ਨਾ ਕੀਤੀ ਜਾਵੇ ।ਸਿਰਫ ਜਿਹੜਾ ਕੰਡਕਟ ਆਫ ਦੀ ਡਿਪਟੀ ਮਨਿਸਟਰ ਹੈ ਉਸੇ ਨੂੰ ਹੀ ਡਿਸਕਸ ਕੀਤਾ ਜਾਵੇ । ਇਸ ਲਈ, ਮੈਂ ਤੁਹਾਡੀ ਤਵਜੁਹ ਇਸ ਪਾਸੇ ਦਿਵਾਈ ਹੈ ਤਾਕਿ ਇਨ੍ਹਾਂ ਨੂੰ ਉਸ ਤਰਫ ਨਾ ਜਾਣ ਦਿੱਤਾ ਜਾਵੇ ।

ਸ੍ਰੀ ਡਿਪਟੀ ਸਪੀਕਰ : ਜਿਹੜਾ ਮੈਟਰ ਸਬ-ਜੁਡਿਸ ਹੈ, ਜਿਸ ਦਾ ਕੇਸ ਦੇ ਨਾਲ ਤੁਅਲੱਕ ਹੈ ਉਸ ਦਾ ਜ਼ਿਕਰ ਨਾ ਕਰੋ । (The *sub-judice* matter having relevancy with the case should not be referred to.)

ਸ੍ਰੀ ਸੱਤਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਮੈਂ ਉਸ ਕੇਸ ਦਾ ਜ਼ਿਕਰ ਨਹੀਂ ਕਰ ਰਿਹਾ । ਮੈਂ ਇਹ ਅਰਜ਼ ਕਰ ਰਿਹਾ ਹਾਂ ਕਿ ਮੈਡੀਕਲ ਸਰਟੀਫਿਕੇਟਾਂ ਦੀ ਨਕਲ ਮੰਗੀ ਗਈ । ਮੈਜਿਸਟਰੇਟ ਸਾਹਿਬ ਨੇ ਹੁਕਮ ਦੇ ਦਿੱਤਾ ਕਿ ਹਸਪਤਾਲ ਅਥਾਰਿਟੀਜ਼ ਪਾਸ ਜਾ ਕੇ ਲੈ ਲਉ । ਹਸਪਤਾਲ ਵਾਲਿਆਂ ਨੇ ਦਸਿਆ ਕਿ ਉਹ ਪੁਲੀਸ ਦੀ ਫਾਈਲ ਵਿਚ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, ਇਸ ਦਾ ਕੇਸ ਦੇ ਨਾਲ ਕੋਈ ਸਬੰਧ ਨਹੀਂ ।

ਸ੍ਰੀ ਡਿਪਟੀ ਸਪੀਕਰ : ਕੇਸ ਦੇ ਨਾਲ ਤਅਲੱਕ ਹੈ । ਉਨ੍ਹਾਂ ਨੇ ਇਸ ਦੀ ਇਨਵੈਸਟੀਗੇਸ਼ਨ ਕਰਨੀ ਹੈ, ਇਸ ਲਈ ਪੁਲਿਸ ਨੇ ਆਪਣਾ ਰਿਕਾਰਡ ਬਣਾਉਣਾ ਹੁੰਦਾ ਹੈ । (It is relevant to the case. They have to investigate into it. Therefore, the police have got to prepare their record.)

ਸ੍ਰੀ ਸੱਤਪਾਲ ਡਾਂਗ : ਜਨਾਬ, ਮੈਂ ਤੁਹਾਨੂੰ ਨਾਮ ਲੈਕੇ ਦਸ ਦਿੰਦਾ ਹਾਂ । . . .(ਸ਼ੋਰ)

ਸ੍ਰੀ ਡਿਪਟੀ ਸਪੀਕਰ : ਆਰਡਰ ਪਲੀਜ਼ । ਦੇਖੋ ਜੀ, ਪੁਲਿਸ ਦੀਆਂ ਜ਼ਿਮਨੀਆਂ ਤਿਆਰ ਹੁੰਦੀਆਂ ਹਨ । ਉਨ੍ਹਾਂ ਨੂੰ ਤਾਂ ਵਕੀਲਾਂ ਨੂੰ ਵੀ ਦੇਖਣ ਦਾ ਰਾਈਟ ਨਹੀਂ ਹੁੰਦਾ। ਉਨ੍ਹਾਂ ਨੂੰ ਸਿਰਫ ਮੈਜਿਸਟਰੇਟ ਔਰ ਸਬ–ਜਜ ਹੀ ਦੇਖ ਸਕਦੇ ਹਨ । (Order Please. Well the police have to prepare the 'Zimnis'. Even the lawyers are not entitled to see them. Only the Magistrates and the sub-judges can go through that record.)

You can simply discuss the conduct of the Deputy Minister and can not refer to such documents which relate to *sub-judice* case.

ਸ੍ਰੀ ਸੱਤਪਾਲ ਡਾਂਗ : ਡਿਪਟੀ ਮਨਿਸਟਰ ਨੇ ਜੋ ਕੰਡਕਟ ਉਥੇ ਅਖਤਿਆਰ ਕੀਤਾ ਔਰ ਉਸ ਦਾ ਜ ਨਤੀਜਾ ਨਿਕਲਿਆ ਉਹ ਮੈਂ ਆਪ ਨੂੰ ਦਸ ਰਿਹਾ ਹਾਂ । ਉਸ ਦਰਖ਼ਾਸਤ ਨੂੰ, ਜਿਸ ਦੇ ਉਤੇ ਮੈਜਿਸਟਰੇਟ ਦਾ ਹੁਕਮ ਸੀ, ਪੁਲਿਸ ਵਾਲਿਆਂ ਕੋਲ ਲੈ ਜਾਇਆ ਗਿਆ, ਉਸ ਨੂੰ ਉਨ੍ਹਾਂ ਨੇ ਐਂਟਰਟੇਨ ਕਰਨ ਤੋਂ ਇਨਕਾਰ ਕਰ ਦਿੱਤਾ । ਉਨ੍ਹਾਂ ਨੂੰ ਪੁਲਿਸ ਨੇ ਕਿਹਾ ਕਿ ਤੁਸੀਂ ਚਲੇ ਜਾਉ, ਅਸੀਂ ਇਸ ਨੂੰ ਨਹੀਂ ਮੰਨਦੇ, ਜੋ ਸਾਨੂੰ ਹੁਕਮ ਹੈ ਉਹ ਅਸੀਂ ਕਰਾਂਗੇ ।

ਸ਼੍ਰੀ ਪ੍ਰਬੋਧ ਚੰਦਰ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਜਨਾਬੇ ਆਲੀ, ਜਦੋਂ ਇਹ ਅਦਮ ਇਹਤਮਾਦ ਜਾਂ ਸੈਂਸ਼ਰ ਮੋਸ਼ਨ ਆਈ ਸੀ ਤਾਂ ਡੈਫਿਨਿਟ ਤੌਰ ਉਤੇ ਇਕ ਆਰਡਰ ਕੀਤਾ ਗਿਆ ਸੀ ਕਿ ਕਿਸੇ ਵੀ ਚੀਜ਼ ਦਾ ਇਥੇ ਜ਼ਿਕਰ ਨਹੀਂ ਕੀਤਾ ਜਾਵੇਗਾ ਜਿਸਦਾ ਡਾਇਰੈਕਟਲੀ ਜਾਂ ਇਨਡਾਇਰੈਕਟਲੀ ਮੁਕਦਮੇ ਤੇ ਅਸਰ ਪੈਂਦਾ ਹੋਵੇ ।

In the very beginning, the hion. Member said that he would refer to the cases which were registered as a result of lathi charge which was ordered under the instigation of the Deputy Minister. Twenty or so persons were arrested. The Medical Certificates have impact on the investigation of these cases. Even when permission was granted to discuss the censure motion, we submitted and submitted repeatedly that it would not be possible for either the Chair or the Deputy Speaker or the Members to draw a line.......

ਚੌਧਰੀ ਬਲਬੀਰ ਸਿੰਘ : ਪੰਜਾਬੀ ਵਿਚ ਬੋਲੋ ਜੀ ।

ਸ਼੍ਰੀ ਪ੍ਰਬੋਧ ਚੰਦਰ : ਇਸ ਵਿਚ ਕੋਈ ਲਕੀਰ ਖਿਚਣੀ ਬੜੀ ਮੁਸ਼ਕਿਲ ਹੋ ਜਾਏਗੀ ਕਿ ਕਿਹੜੀ ਚੀਜ਼ ਅਸਰ-ਅੰਦਾਜ਼ ਹੋਵੇਗੀ ਔਰ ਕਿਹੜੀ ਨਹੀਂ ਹੋਵੇਗੀ । ਇਹ ਇਤਨਾ ਹੀ ਕਹਿ ਸਕਦੇ ਹਨ ਕਿ ਡਿਪਟੀ ਮਨਿਸਟਰ ਨੇ ਉਥੇ ਕੋਈ ਹੁਕਮ ਦਿੱਤਾ । ਇਸ ਤੋਂ ਬਾਅਦ ਜਿਹੜੇ ਕੇਸ ਬਣੇ, ਜ਼ਿਮਨੀਆਂ ਬਣੀਆਂ, ਮੈਡੀਕਲ ਵਗੈਰਾ ਹੋਇਆ, ਇਨ੍ਹਾਂ ਚੀਜ਼ਾਂ ਦਾ ਡੈਫਿਨਿਟਲੀ ਸਬ ਜੁਡਿਸ ਕੇਸਿਜ਼ ਦੇ ਨਾਲ ਸਬੰਧ ਹੈ । ਇਨ੍ਹਾਂ ਦਾ ਜ਼ਿਕਰ ਕਰਕੇ ਇਹ ਬਰਬੀਟ ਕਰਨਾ ਚਾਹੁੰਦੇ ਹਨ ਔਰ ਇਸ ਤਰ੍ਹਾਂ ਕਰਨ ਨਾਲ ਇਨਵੈਸਟੀਗੇਸ਼ਨ ਵਿਚ ਔਰ ਪਰਾਸੀਕਿਊਸ਼ਨ ਵਿਚ ਅਸਰ ਪਵੇਗਾ । ਇਸ ਲਈ, ਮੈਂ ਬੜੇ ਅਦਬ ਨਾਲ ਕਹਿਣਾ ਚਾਹੁੰਦਾ ਹਾਂ ਕਿ ਆਪ ਇਨ੍ਹਾਂ ਨੂੰ ਕਹੋ ਕਿ ਸਿਰਫ ਇਸ ਗੱਲ ਦਾ ਹੀ ਜ਼ਿਕਰ ਕਰਨ ਕਿ ਡਿਪਟੀ ਮਨਿਸਟਰ ਦਾ ਗ਼ਲਤ ਕੰਡਕਟ ਕੀ ਹੈ ਔਰ ਉਸ ਤੋਂ ਇਲਾਵਾ ਕਿਸੇ ਹੋਰ ਚੀਜ਼ ਦਾ ਜਿਸ ਦਾ ਮੁਕਦਮੇ ਦੇ ਨਾਲ ਸਬੰਧ ਹੋਵੇ ਜ਼ਿਕਰ ਨਾ ਕੀਤਾ ਜਾਵੇ ।

ਸ਼੍ਰੀ ਡਿਪਟੀ ਸਪੀਕਰ : ਮੈਂ ਪ੍ਰਬੋਧ ਚੰਦਰ ਜੀ ਦੇ ਨਾਲ ਐਗਰੀ ਕਰਦਾ ਹਾਂ ਔਰ ਡਾਂਗ ਸਾਹਿਬ ਨੂੰ ਰੀਕੁਐਸਟ ਕਰਾਂਗਾ ਕਿ ਤੁਸੀਂ ਕੋਈ ਐਸਾ ਮੈਟਰ ਡਿਸਕਸ ਨਾ ਕਰੋ ਜਿਸ ਦਾ ਕੇਸ ਦੇ ਨਾਲ ਸਬੰਧ ਹੋਵੇ ਜਿਹੜਾ ਕਿ ਸਬ-ਜੁਡਿਸ ਹੋਵੇ । (I agree with Shri Prabodh Chandra and would request Shri Dang to avoid discussion on any matter relevant to the case which is *Sub-Judice.*)

ਸ਼੍ਰੀ ਸੱਤ ਪਾਲ ਡਾਂਗ : ਡਿਪਟ ਸਪੀਕਰ ਸਾਹਿਬ, ਜਿਹੜੇ ਸਪੈਸਿਫਿਕ ਕੇਸ ਹਨ ਮੈਂ ਉਨ੍ਹਾਂ ਦਾ ਜ਼ਿਕਰ ਨਹੀਂ ਕਰ ਰਿਹਾ ।

ਸ਼੍ਰੀ ਡਿਪਟੀ ਸਪੀਕਰ : ਮੈਂ ਇਨ੍ਹਾਂ ਚੀਜ਼ਾਂ ਨੂੰ ਚੰਗੀ ਤਰ੍ਹਾਂ ਨਾਲ ਸਮਝਦਾ ਹਾਂ । ਤੁਸੀਂ ਕਿਹਾ ਕਿ ਮੈਜਿਸਟਰੇਟ ਨੇ ਉਨ੍ਹਾਂ ਲੋਕਾਂ ਦੀ ਐਪਲੀਕੇਸ਼ਨ ਉਤੇ ਕੁਝ ਆਰਡਰ ਕੀਤੇ । ਇਹ ਗੱਲ ਉਨ੍ਹਾਂ ਕੇਸਿਜ਼ ਨਾਲ ਸਬੰਧ ਰਖਦੀ ਹੈ ਜਿਹੜੇ ਸਬ-ਜੁਡਿਸ ਹਨ । ਇਸ ਚੀਜ਼ ਦਾ ਉਨ੍ਹਾਂ ਦੇ ਨਾਲ ਡਾਇਰੈਕਟ ਰੀਲੇਸ਼ਨ ਹੈ । (I understand these things quite well. You have stated that the Magistrate passed some orders on their application. It is relevant to the cases which are *Sub-Judice*. It has a direct relationship with those cases.)

You can simply discuss the conduct of the Deputy Minister and nothing more.

Chief Minister (Sardar Lachhman Singh Gill) : Sir, whatever the hon. Member has written in the Motion, he should confine his discussion to that only.

ਸ੍ਰੀ ਸੱਤਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਮਨਿਸਟਰ ਸਾਹਿਬ ਦਾ ਜਿਹੜਾ ਕੰਡਕਟ ਹੈ ਉਸ ਦਾ ਜਿਹੜਾ ਨਤੀਜਾ ਨਿਕਲਿਆ ਉਸ ਦੀ ਬਾਬਤ ਮੈਂ ਜ਼ਿਕਰ ਕਰ ਰਿਹਾ ਹਾਂ । ਜਿਹੜੇ ਸਪੈਸਿਫ਼ਿਕ ਮੁਕੱਦਮੇ ਹਨ ਉਨ੍ਹਾਂ ਦਾ ਮੈਂ ਇਥੇ ਕੋਈ ਜ਼ਿਕਰ ਨਹੀਂ ਕੀਤਾ ਔਰ ਨਾ ਹੀ ਕਰਾਂਗਾ ।

ਕੈਪਟਨ ਰਤਨ ਸਿੰਘ : ਤੁਸੀਂ ਜਿਹੜੀ ਮੈਡੀਕਲ ਸਰਟੀਫਿਕੇਟਾਂ ਦੀ ਗੱਲ ਕਰ ਰਹੇ ਹੋ, ਇਹ ਕੀ ਹੈ ?

ਸ੍ਰੀ ਸੱਤ ਪਾਲ ਡਾਂਗ : ਇਨ੍ਹਾਂ ਮੈਡੀਕਲ ਸਰਟੀਫਿਕੇਟਾਂ ਦਾ ਉਨ੍ਹਾਂ ਮੁਕੱਦਮਿਆਂ ਦੇ ਨਾਲ ਕੋਈ ਸੰਬੰਧ ਨਹੀਂ ।

Mr. Deputy Speaker : A Medical Certificate has its bearing on the case. (Interruption) I understand very well. I can deal with the matter easily.

ਚੌਧਰੀ ਦਰਸ਼ਨ ਸਿੰਘ : ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਦਾ ਵੀ ਮੈਡੀਕਲ ਕਰਾ ਲਓ । (ਵਿਘਨ)

ਸ੍ਰੀ ਲਾਲ ਚੰਦ ਸੱਬਰਵਾਲ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਮੈਂ ਪਹਿਲੇ ਵੀ ਲੀਡਰ ਆਫ਼ ਦੀ ਹਾਊਸ ਨੂੰ ਕਿਹਾ ਸੀ ਕਿ ਜਿਹੜੇ ਫ਼ੈਕਟਸ ਹਨ ਉਹ ਉਨ੍ਹਾਂ ਦੇ ਪਾਸ ਹੁੰਦੇ ਤਾਂ ਕਿ ਸਾਡੀ ਗਾਈਡੈਂਸ ਹੋ ਸਕਦੀ ।

ਮੁਖ ਮੰਤਰੀ : ਸਾਰੇ ਫ਼ੈਕਟਸ ਮੇਰੇ ਪਾਸ ਹਨ ।

ਸ੍ਰੀ ਲਾਲ ਚੰਦ ਸੱਬਰਵਾਲ : ਗੱਲ ਇਹ ਹੈ ਕਿ ਜਿਨ੍ਹਾਂ ਕੇਸਿਜ਼ ਦਾ ਡਾਂਗ ਸਾਹਿਬ ਜ਼ਿਕਰ ਕਰ ਰਹੇ ਹਨ ਉਹ 107/151 ਦੇ ਹਨ (ਵਿਘਨ) ਨਾ ਕਿ 323, 324, 326, ਵਗੈਰਾ ਦੇ । ਦੂਸਰੀ ਗੱਲ ਇਹ ਹੈ ਕਿ ਸ਼ਾਇਦ ਚੀਫ ਮਨਿਸਟਰ ਸਾਹਿਬ ਨੇ ਐਫ਼. ਆਈ. ਆਰ. ਨੂੰ ਨਹੀਂ ਪੜ੍ਹਿਆ । ਮੈਂ ਚੰਗੀ ਤਰ੍ਹਾਂ ਨਾਲ ਪੜ੍ਹਿਆ ਹੈ । ਉਸ ਐਫ. ਆਈ. ਆਰ. ਦੇ ਅੰਦਰ 147, 149, 395, 307, 436, ਵਗੈਰਾ ਦੇ ਕੇਸ ਰਜਿਸਟਰਡ ਹਨ । ਉਨ੍ਹਾਂ ਦਾ ਇਨ੍ਹਾਂ ਕੇਸਿਜ਼ ਨਾਲ ਕੋਈ ਤਾਅਲੁਕ ਨਹੀਂ ਜਿਨ੍ਹਾਂ ਬਾਰੇ ਡਾਂਗ ਸਾਹਿਬ ਜ਼ਿਕਰ ਕਰਨਾ ਚਾਹੁੰਦੇ ਹਨ ।

ਸ੍ਰੀ ਡਿਪਟੀ ਸਪੀਕਰ : ਤੁਸੀਂ ਦਫ਼ਾ 307 ਦਾ ਕੇਸ ਵੇਖੋ ਤਾਂ ਉਸ ਦੇ ਨਾਲ ਬਾਕਾਇਦਾ ਮੈਡੀਕਲ ਐਗਜ਼ਾਮੀਨੇਸ਼ਨ ਦੇ ਸਰਟੀਫ਼ਿਕੇਟ ਦਾ ਜ਼ਿਕਰ ਹੋਵੇਗਾ । (If you go through the case under section 307, you would find a reference to the certificate of Medical examination.)

Shri Lal Chand Suberwal : There is only one case of Inder Singh and that is there.

[ਸ਼੍ਰੀ ਲਾਲ ਚੰਦ ਸੱਬਰਵਾਲ]

ਉਸ ਦੇ ਮੁਤੱਲਕ ਨਹੀਂ ਇਹ ਜ਼ਿਕਰ ਕਰ ਰਹੇ । ਇਸ ਤੋਂ ਇਲਾਵਾ ਇਕ ਚੀਜ਼ ਹੋਰ ਹੈ ਔਰ ਉਹ ਇਹ ਕਿ ਜਿਸ ਨੂੰ ਸਬ-ਜੁਡਿਸ ਕੇਸ ਕਿਹਾ ਜਾਂਦਾ ਹੈ, ਉਸ ਦਾ ਕੀ ਮਤਲਬ ਹੁੰਦਾ ਹੈ? ਮਤਲਬ ਇਹ ਹੁੰਦਾ ਹੈ ਕਿ ਜਿਹੜੇ ਕੇਸ ਦੇ ਫ਼ੈਕਟਸ ਹਨ ਉਹ ਤਾਂ ਦੱਸੇ ਜਾ ਸਕਦੇ ਹਨ, ਉਨ੍ਹਾਂ ਬਾਰੇ ਕੁਮੈਂਟ ਨਹੀਂ ਕੀਤਾ ਜਾ ਸਕਦਾ ਕਿ ਝੂਠੇ ਹਨ ਜਾਂ ਸੱਚ । ਲਾ ਇਹ ਕਹਿੰਦਾ ਹੈ ਕਿ ਕੇਸ ਦੇ ਫੈਕਟਸ ਉਤੇ ਕੁਮੈਂਟ ਨਹੀਂ ਕੀਤਾ ਜਾ ਸਕਦਾ । ਤੁਸੀਂ ਦੇਖੋ ਕਿ ਕਈ ਕੇਸਿਜ਼ ਵਿਚ ਇਥੇ ਐਫ਼.ਆਈ.ਆਰ. ਦੇ ਫ਼ੈਕਟਸ ਤਾਂ ਇਹ ਵੀ ਦਸ ਦਿਆ ਕਰਦੇ ਹਨ । ਇਸ ਕਰਕੇ ਮੈਂ ਆਪਣੇ ਦੋਸਤਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਥਿਨ ਲਾਈਨ ਸ਼੍ਰੀ ਪ੍ਰਬੋਧ ਚੰਦਰ ਜੀ ਲਗਾਉਣਾ ਚਾਹੁੰਦੇ ਹਨ ਉਹ ਨਹੀਂ ਲਗਾਈ ਜਾ ਸਕਦੀ ।

ਸ਼੍ਰੀ ਡਿਪਟੀ ਸਪੀਕਰ : ਇਹ ਮੈਂ ਆਪ ਜੱਜ ਕਰ ਲਵਾਂਗਾ । (I would myself judge it.)

ਸ਼੍ਰੀ ਸੱਤਪਾਲ ਡਾਂਗ : ਡਿਪਟੀ ਸਪੀਕਰ ਸਾਹਿਬ ਇਹ ਦੋ ਡਿਫ਼ਰੈਂਟ ਕੇਸ ਹਨ । ਇਨ੍ਹਾਂ ਵਿਚ ਕੁਝ ਕਨਫ਼ਿਊਯਨ ਜਿਹਾ ਹੋ ਗਿਆ ਜਾਪਦਾ ਹੈ ਇਹ ਮੈਂ ਕਲੀਅਰ ਕਰ ਦਿਆਂ । ਇਹ ਕੇਸ 107/151 ਦਾ ਹੈ ਔਰ ਜਿਹੜਾ ਦੂਸਰਾ 307 ਦਾ ਕੇਸ ਕਹਿੰਦੇ ਹਨ ਇਹ ਅਗਲੇ ਦਿਨ ਯਾਨੀ 27 ਤਾਰੀਖ ਦੀ ਘਟਨਾ ਹੈ । ਇਸ ਦਾ ਉਸ ਚੀਜ਼ ਨਾਲ, ਜਿਸ ਦਾ ਮੈਂ ਜ਼ਿਕਰ ਕਰ ਰਿਹਾ ਹਾਂ, ਕੋਈ ਸਬੰਧ ਨਹੀਂ । ਮੈਂ ਜਿਹੜੇ ਮੈਡੀਕਲ ਐਗਜ਼ਾਮੀਨੇਸ਼ਨ ਜਾਂ ਇੰਜਰੀਜ਼ ਦਾ ਜ਼ਿਕਰ ਕਰ ਰਿਹਾ ਸਾਂ, ਇਹ 26 ਤਾਰੀਖ ਵਾਲੀ ਘਟਨਾ ਨਾਲ ਸਬੰਧ ਰੱਖਦੀਆਂ ਹਨ । ਮੈਂ 26 ਤਾਰੀਖ ਦੇ ਵਾਕੇ ਦਾ ਜ਼ਿਕਰ ਕਰ ਰਿਹਾ ਹਾਂ ।

ਸ਼੍ਰੀ ਡਿਪਟੀ ਸਪੀਕਰ : 107/151 ਵਿਚ ਮੈਡੀਕਲ ਸਰਟੀਫਿਕੇਟ ਦੀ ਜ਼ਰੂਰਤ ਨਹੀਂ ਹੁੰਦੀ । 307 ਦੇ ਕੇਸ ਵਿਚ ਹੁੰਦੀ ਹੈ । (There is no need for Medical Certificates in cases under sections 107/151. The Medical Certificates are required in cases falling under Section 307.)

ਸ਼੍ਰੀ ਸੱਤਪਾਲ ਡਾਂਗ : ਮੈਂ ਫੈਕਟ ਅਰਜ਼ ਕਰ ਰਿਹਾ ਹਾਂ । ਮੈਂ 26 ਤਰੀਕ ਦੀਆਂ ਹਸਪਤਾਲ ਦੇ ਰਜਿਸਟਰ ਦੀਆਂ ਐਂਟਰੀਆ ਕੋਟ ਕਰ ਰਿਹਾ ਹਾਂ । ਇਨ੍ਹਾਂ ਨੇ ਜੋ 26 ਤਰੀਕ ਨੂੰ ਲਾਠੀਚਾਰਜ ਕਰਾਇਆ ਹੈ ਉਸ ਤੇ ਲੋਕਾਂ ਨੂੰ ਜ਼ਖ਼ਮ ਆਏ ਹਨ, ਜਿਸ ਤੋਂ ਕਿ ਸਰਕਾਰ ਇਨਕਾਰ ਕਰ ਰਹੀ ਹੈ । 26 ਜਨਵਰੀ ਦੀ ਹਸਪਤਾਲ ਦੀ ਐਂਟਰੀ ਨੰਬਰ 1382 ਹੈ । 307 ਦਾ ਕੇਸ 27 ਤਰੀਕ ਦਾ ਹੈ । 26 ਤਰੀਕ ਨੂੰ ਇਨ੍ਹਾਂ ਨੇ ਲਾਠੀਚਾਰਜ ਕਰਾਇਆ ਹੈ । ਜੋ 107/151 ਵਿਚ ਪਕੜੇ ਹਨ, ਉਸ ਵਿਚ ਮੈਂ ਨਹੀਂ ਜਾ ਰਿਹਾ । ਇਹ ਐਂਟਰੀ ਉਹ ਹੈ ਜਿਸ ਵਿਚ ਉਸ ਆਦਮੀ ਨੇ ਕਿਹਾ ਕਿ ਲਾਠੀ ਚਾਰਜ ਹੋਇਆ ਤੇ ਮੈਨੂੰ ਮਾਰਿਆ, ਮੈਨੂੰ ਜ਼ਖ਼ਮੀ ਕੀਤਾ। ਇਹ ਕਹਿ ਰਹੇ ਹਨ ਕਿ ਉਥੇ ਲਾਠੀ ਚਾਰਜ ਨਹੀਂ ਹੋਇਆ ਅਤੇ ਅਗਰ ਹੋਇਆ ਤਾਂ ਕੋਈ ਜ਼ਖ਼ਮੀ ਨਹੀਂ ਹੋਇਆ । ਮੈਂ ਹਸਪਤਾਲ ਦੀਆਂ ਐਂਟਰੀਆਂ ਦੇ ਆਧਾਰ ਤੇ ਸਾਬਤ ਕਰ ਰਿਹਾ ਹਾਂ ਜੋ ਉਥੇ 26 ਤਰੀਕ ਨੂੰ ਰਜਿਸਟਰ ਹੋਈਆਂ । ਜਿਸ ਮੁਕੱਦਮੇ ਦਾ ਆਪ ਜ਼ਿਕਰ ਕਰ ਰਹੇ ਹੋ ਉਹ 27 ਤਰੀਕ ਦਾ ਹੈ ਇਸ ਤੋਂ ਜੁਦਾ ਹੈ ।

Chief Minister: (Sardar Lachhman Singh Gill): On a point of order, Mr. Deputy Speaker. The man referred to by Mr. Dang was prosecuted.

Shri Satya Pal Dang: In which case ?

Chief Minister (Sardar Lachhman Singh Gill): The case is still in the Court.

ਸ੍ਰੀ ਡਿਪਟੀ ਸਪੀਕਰ: ਜਿਸ ਆਦਮੀ ਦਾ ਨਾਮ ਹੈ ਕੀ ਉਹ 107/151 ਦੇ ਕੇਸ ਵਿਚ ਇਨਵਾਲਵਡ ਹੈ ? (Is the man, whose name has been mentioned, involved in a case under Sections 107/151 ?)

ਮੁੱਖ ਮੰਤਰੀ: ਉਹ ਅਰੈਸਟਿਡ ਹੈ, ਇਨਵਾਲਵਡ ਹੈ । ਮੈਂ ਆਪਣੀ ਵਾਰੀ ਤੇ ਦਸਾਂਗਾ।

ਸ੍ਰੀ ਸੱਤਪਾਲ ਡਾਂਗ: ਮੈਂ ਫੈਕਟਸ ਦਸ ਰਿਹਾ ਹਾਂ ਜੋ ਮੈਂ ਉਥੇ ਜਾਕੇ ਇਕੱਠੇ ਕੀਤੇ ਹਨ। 307 ਵਾਲਾ ਕੇਸ 27 ਤਰੀਕ ਦਾ ਹੈ । ਉਹ ਮੈਂ ਛਡ ਦਿੰਦਾ ਹਾਂ । ਮੈਂ ਹਸਪਤਾਲ ਦੇ ਰਜਿਸਟਰ ਦੀਆਂ ਐਂਟਰੀਆਂ ਕੋਟ ਕਰਦਾ ਹਾਂ । ਮੈਂ ਨੰਬਰ ਦਸਦਾ ਹਾਂ 26 ਤਾਰੀਖ ਦੀਆਂ ਉਨ੍ਹਾਂ ਐਂਟਰੀਆਂ ਦੇ, ਜੋ ਲਾਠੀ ਚਾਰਜ ਕਰਕੇ ਜ਼ਖਮੀ ਹੋਏ ਜਿਹੜਾ ਇਨ੍ਹਾਂ ਡਿਪਟੀ ਮਨਿਸਟਰ ਸਾਹਿਬ ਨੇ ਕਰਾਇਆ, ਜਦੋਂ ਇਨ੍ਹਾਂ ਨੇ ਪੁਲਿਸ ਨੂੰ ਕਿਹਾ ਕਿ ਸਰਕਾਰ ਤੁਹਾਡੇ ਸਾਹਮਣੇ ਖੜ੍ਹੀ ਹੈ, ਇਨ੍ਹਾਂ ਨਾਲ ਨਜਿਠੋ ।

Chief Minister: Wrong, challenge. (ਵਿਘਨ)

ਸ੍ਰੀ ਸੱਤਪਾਲ ਡਾਂਗ: ਮੈਂ ਐਂਟਰੀਆਂ ਦੇ ਨੰਬਰ ਦੇਂਦਾ ਹਾਂ। 26 ਤਰੀਕ ਦੀ ਐਂਟਰੀ ਨੰਬਰ 1382 ਹੈ ਸ੍ਰੀ ਕਰਮ ਚੰਦ ਨੰਦਾ ਜੋ ਬੈਂਕ ਦਾ ਐਂਪਲਾਈ ਹੈ, 1383 ਹੈ, ਸੁਰਜੀਤ ਸਿੰਘ ਦੀ ਜੋ ਕਮਿਊਨਿਸਟ ਪਾਰਟੀ (ਮਾਰਕਸਿਸਟ) ਦਾ ਸੈਕਰੇਟਰੀ ਹੈ, ਨੰ: 1384 ਹੈ । ਨੰ: 1386 ਹੈ ਸ੍ਰੀ ਕਿਸ਼ਨ ਮੁਰਾਰੀ ਐਮ. ਏ. ਐਲ. ਐਲ. ਬੀ, ਦੀ, 1387 ਹੈ ਹਰਨੇਕ ਸਿੰਘ ਦੀ, 1388 ਹੈ ਹਜ਼ੂਰਾ ਸਿੰਘ ਦੀ ਇਹ ਕੁਝ ਸੱਜਣ ਹਨ ਜਿਨ੍ਹਾਂ ਦਾ ਮੈਂ ਜ਼ਿਕਰ ਕਰ ਰਿਹਾ ਹਾਂ । ਅਗਰ ਆਪ ਹਸਪਤਾਲ ਦਾ ਰਜਿਸਟਰ ਵੇਖੋ ਤਾਂ ਆਪ ਨੂੰ ਪਤਾ ਚਲੇਗਾ ਕਿ ਕਿੰਨੇ ਬੰਦੇ ਫੱਟੜ ਹੋਏ, ਉਸ ਲਾਠੀ ਚਾਰਜ ਵਿਚ ਜੋ 26 ਤਾਰੀਖ ਨੂੰ ਇਨ੍ਹਾਂ ਡਿਪਟੀ ਮਨਿਸਟਰ ਸਾਹਿਬ ਨੇ ਕਰਾਇਆ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਹੋਇਆ ਹੀ ਨਹੀਂ ।

ਸ੍ਰੀ ਡਿਪਟੀ ਸਪੀਕਰ: ਕੀ ਇਸ ਬਾਰੇ ਵਿਚ ਕੋਈ ਕੇਸ ਰਜਿਸਟਰ ਹੋਇਆ ? (Was any case registered in this connection ?)

ਮੁੱਖ ਮੰਤਰੀ: ਆਨ ਏ ਪੁਆਇੰਟ ਆਫ ਆਰਡਰ, ਸਰ । ਜਿਨ੍ਹਾਂ ਦਾ ਇਹ ਜ਼ਿਕਰ ਕਰ ਰਹੇ ਹਨ, ਕੀ ਉਨ੍ਹਾਂ ਲੋਕਾਂ ਨੇ ਸਰਕਾਰ ਤੇ ਕੋਈ ਕੇਸ ਕੀਤਾ ਹੋਇਆ ਹੈ ?

ਸ੍ਰੀ ਡਿਪਟੀ ਸਪੀਕਰ: ਇਹੀ ਮੈਂ ਪੁਛਿਆ ਹੈ । (This is what I have asked about.)

ਸ੍ਰੀ ਸੱਤਪਾਲ ਡਾਂਗ: ਟੂ ਮਾਈ ਨਾਲੇਜ, ਆਈ ਐਮ ਨਾਟ ਡੈਫਿਨਿਟ । ਮੇਰਾ ਖਿਆਲ ਹੈ ਕਿ ਇਨ੍ਹਾਂ ਲੋਕਾਂ ਨੇ ਸਰਕਾਰ ਦੇ ਖਿਲਾਫ ਕੋਈ ਕੇਸ ਰਜਿਸਟਰ ਨਹੀਂ ਕਰਵਾਇਆ ।

ਮੁੱਖ ਮੰਤਰੀ: ਕੁਟੇ, ਭੰਨੇ, ਮੈਡੀਕਲ ਵੀ ਹੋਏ, ਪਰ ਨਾ ਦਾਵਾ ਨਾ ਪਰਚੀ ।

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਆਪ ਦਾ ਬਾਰ ਬਾਰ ਇਹ ਕਹਿਣਾ ਹੈ ਅਤੇ ਜਦੋਂ ਇਹ ਸੈਨਸ਼ਰ ਮੋਸ਼ਨ ਐਡਮਿਟ ਹੋਈ ਸੀ, ਕਿ ਸਬ-ਜੁਡਿਸ ਮਾਮਲੇ ਡਿਸਕਸ ਨਹੀਂ ਕੀਤੇ ਜਾਣਗੇ, ਹਰ ਲਾਈਨ ਦੇ ਬਾਅਦ ਇਹ ਕਹਿੰਦੇ ਹਨ ਕਿ ਫੈਕਟਸ ਇਹ ਹਨ, ਨਾਲ ਹੀ ਕਹਿੰਦੇ ਹਨ ਕਿ ਟੂ ਮਾਈ ਨਾਲੇਜ ਫੈਕਟਸ ਇਹ ਹਨ। ਇਸ ਬਾਰੇ ਜੋ ਜੱਜ ਹੈ ਜਾਂ ਮੈਜਿਸਟਰੇਟ ਹੈ ਉਹੀ ਕਹਿ ਸਕਦਾ ਹੈ। ਉਨ੍ਹਾਂ ਕੇਸਿਜ਼ ਵਿਚ ਅਗਰ ਉਹ ਫੈਕਟਸ ਸਵੀਕਾਰ ਹੋਣਗੇ ਤਾਂ ਉਹ ਕੇਸਿਜ਼ ਅਫੈਕਟ ਹੋਣਗੇ। ਇਸ ਲਈ ਮੇਰੀ ਦਰਖਾਸਤ ਹੈ ਕਿ ਇਸ ਮੌਕੇ ਤੇ ਕੋਹਲੀ ਸਾਹਿਬ ਬਾਰੇ ਜੋ ਕਿਸੇ ਨੇ ਕਹਿਣਾ ਹੋਵੇ ਕਹਿ ਲਵੇ। ਜਾਂ ਜਿਸ ਤਰ੍ਹਾਂ ਮੈਂ ਕਿਹਾ ਸੀ, ਕੁਸ਼ਤੀ ਕਰਾ ਲਉ ਤਾਂ ਵੀ ਕੋਈ ਗੱਲ ਨਹੀਂ ਹੈ।

ਸ੍ਰੀ ਡਿਪਟੀ ਸਪੀਕਰ : ਇਸੇ ਲਈ ਮੈਂ ਪੁਛਿਆ ਹੈ ਕਿ ਉਹ ਲੋਕ ਕਿਸੇ ਕੇਸ ਵਿਚ ਇਨਵਾਲਵਡ ਤਾਂ ਨਹੀਂ ਹਨ। (This is why I have enquired whether those persons are involved in any case or not.)

ਸ੍ਰੀ ਸਤਪਾਲ ਡਾਂਗ : ਲਾਠੀ ਚਾਰਜ 26 ਤਰੀਕ ਨੂੰ ਹੋਇਆ ਹੈ, ਮੁਕੱਦਮਾ 27 ਤਰੀਕ ਨਾਲ ਸਬੰਧ ਰਖਦਾ ਹੈ।

ਮੁੱਖ ਮੰਤਰੀ : ਉਹ 107/151 ਦੇ ਤਹਿਤ ਗ੍ਰਿਫਤਾਰ ਹੋਏ ਕਿ ਨਹੀਂ ?

ਸ੍ਰੀ ਸੱਤਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਇਹ ਸੱਟਾਂ ਡਾਂਗਾਂ ਦੀਆਂ ਹਨ, ਮੇਰੇ ਪਾਸ ਸਰਟੀਫਿਕੇਟ ਵੀ ਹੈ। ਮੈਂ ਇਹ ਟੇਬਲ ਤੇ ਰਖ ਦਿੰਦਾ ਹਾਂ। ਇਹ ਸਬੂਤ ਹੈ ਕਿ ਸੱਟਾਂ ਲਾਠੀ ਚਾਰਜ ਕਰਕੇ ਲਗੀਆਂ . . . .

ਸ੍ਰੀ ਡਿਪਟੀ ਸਪੀਕਰ : ਜੋ ਸਰਟੀਫਿਕੇਟ ਤੁਸੀਂ ਟੇਬਲ ਆਫ ਦੀ ਹਾਊਸ ਤੇ ਰਖਣ ਲਗੇ ਹੋ ਕੀ ਇਸਦਾ ਕਿਸੇ ਰਜਿਸਟਰ ਹੋਏ ਕੇਸ ਦੇ ਨਾਲ ਤੁਅੱਲਕ ਤਾਂ ਨਹੀਂ ? (Has this certificate, which the hon. Member intends placing on the Table of the House, got any concern with a case registered with the police ?)

ਸ੍ਰੀ ਸਤਪਾਲ ਡਾਂਗ : ਨਹੀਂ ਜੀ।

ਸ੍ਰੀ ਲਾਲ ਚੰਦ ਸਬਰਵਾਲ : ਡਿਪਟੀ ਸਪੀਕਰ ਸਾਹਿਬ, ਐਫ.ਆਈ.ਆਰ. ਵਿਚ ਸਾਰੇ ਨਾਮ ਦਿਤੇ ਹੋਏ ਹਨ, ਉਹ ਆਪ ਲੈ ਲਉ, ਸੈਸ਼ਨ ਜਜ ਦਾ ਆਰਡਰ ਹੈ, ਮੈਜਿਸਟਰੇਟ ਦਾ ਆਰਡਰ ਹੈ, ਉਹ ਲੈ ਲਉ . . . .

ਸ੍ਰੀ ਡਿਪਟੀ ਸਪੀਕਰ : ਟੇਬਲ ਤੇ ਰਖਣ ਤੋਂ ਪਹਿਲਾਂ ਇਹ ਸਰਟੀਫਿਕੇਟ ਮੇਰੇ ਪਾਸ ਆਣਾ ਚਾਹੀਦਾ ਹੈ, ਉਸ ਦੇ ਬਾਅਦ ਇਹ ਟੇਬਲ ਤੇ ਰਖਿਆ ਜਾਵੇਗਾ। (The certificate, before it is placed on the Table, should come to me. Only thereafter, it would be placed on the Table.)

ਸ੍ਰੀ ਸਤਪਾਲ ਡਾਂਗ : ਚੰਗਾ ਜੀ, ਨਹੀਂ ਰਖਦੇ। (ਵਿਘਨ)

ਲੈਫਟੀਨੈਂਟ ਭਾਗ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਸ੍ਰੀ ਪ੍ਰਬੋਧ ਚੰਦਰ ਜੀ ਨੇ ਇਕ ਪੁਆਇੰਟ ਆਫ ਆਰਡਰ ਉਠਾਇਆ ਹੈ ਕਿ ਲਾਈਨ ਖਿਚਣੀ ਬੜੀ ਮੁਸ਼ਕਿਲ ਹੈ। ਮੇਰਾ ਸੁਝਾਉ ਹੈ ਕਿ ਇਹ ਜੋ ਗੱਲ ਕਰਦੇ ਹਨ ਉਸ ਤੋਂ ਪਹਿਲਾਂ ਇਹ ਕਹਿ ਦਿਆ ਕਰਨ ਕਿ ਇਹ ਅਲੈਜ਼ ਕੀਤਾ ਜਾਂਦਾ ਹੈ, ਇਹ ਐਲੀਗੇਸ਼ਨ ਲਾਈ ਗਈ ਹੈ ਤਾਂ ਮੇਰਾ ਖਿਆਲ ਹੈ ਕਿ ਇਸ ਤਰ੍ਹਾਂ ਮਸਲਾ ਹੱਲ ਹੋ ਜਾਵੇਗਾ। ਡਾਂਗ ਸਾਹਿਬ ਇਹ ਪਰੀਫਿਕਸ ਲਗਾ ਦੇਣ । ਇਹ ਸਬ-ਜੂਡਿਸ ਵਾਲਾ ਝਗੜਾ ਖ਼ਤਮ ਹੋ ਜਾਵੇਗਾ ।

ਸ੍ਰੀ ਲਾਲ ਚੰਦ ਸਭਰਵਾਲ : ਮੈਂ ਅਥਾਰਿਟੀ ਨਾਲ ਕਹਿੰਦਾ ਹਾਂ ਕਿ ਇੰਦਰ ਸਿੰਘ ਦਾ ਜੋ ਮੈਡੀਕਲ ਸਰਟੀਫਿਕੇਟ ਹੈ ਸਿਰਫ਼ ਉਸ ਦਾ ਕੇਸ ਰਜਿਸਟਰ ਹੋਇਆ ਹੈ ਹੋਰ ਕਿਸੇ ਦਾ ਨਹੀਂ । ਨਾ ਹੀ ਕਿਸੇ ਹੋਰ ਦਾ ਮੁਲਾਹਜ਼ਾ ਹੀ ਹੋਇਆ ਹੈ, ਅਗਰ ਇਹ ਗਲਤ ਹੈ ਤਾਂ ਡਿਪਟੀ ਮਨਿਸਟਰ ਸਾਹਿਬ ਕੰਟ੍ਰਾਡਿਕਟ ਕਰ ਦੇਣ ।

ਸ੍ਰੀ ਡਿਪਟੀ ਸਪੀਕਰ : ਜਦ ਤਕ ਕੇਸ ਦਾ ਚਾਲਾਨ ਨਾ ਪੇਸ਼ ਹੋਵੇ ਕੈਟੇਗਾਰੀਕਲੀ ਕਿਵੇਂ ਕਹਿ ਸਕਦੇ ਹੋ ? (How can you say anything categorically unless the challan is presented ?)

ਸ੍ਰੀ ਲਾਲ ਚੰਦ ਸਬਰਵਾਲ : ਹੋਇਆ ਹੈ ।

Mr. Deputy Speaker : You are not entitled to see the Zimnis of the Police.

(*Mr. Speaker occupied the Chair.*)

ਸ੍ਰੀ ਲਾਲ ਚੰਦ ਸਬਰਵਾਲ : ਸਪੀਕਰ ਸਾਹਿਬ, ਉਸ ਕੇਸ ਦੇ ਅੰਦਰ ਬੇਲ ਐਪਲੀਕੇਸ਼ਨ ਮੂਵ ਹੋਈ ਹੈ ਕੌਂਸਲ ਵਲੋਂ । ਬੇਲ ਐਪਲੀਕੇਸ਼ਨ, ਐਫ.ਆਈ.ਆਰ. ਜ਼ਿਮਨੀਆਂ ਪੇਸ਼ ਕੀਤੀਆਂ ਹਨ। ਮੈਜਿਸਟਰੇਟ ਨੇ ਆਪਣੇ ਫੈਸਲੇ ਵਿਚ ਇਨ੍ਹਾਂ ਸਾਰੇ ਫੈਕਟਸ ਦਾ ਜ਼ਿਕਰ ਕੀਤਾ ਹੈ । ਡਿਪਟੀ ਸਪੀਕਰ ਸਾਹਿਬ ਨੇ ਪੁਛਿਆ ਹੈ ਕਿ ਕਿਥੇ ਤਕ ਨਾਲੇਜ ਹੈ । ਮੈਂ ਕਿਹਾ ਹੈ ਕਿ ਪੁਲੀਸ ਦੀਆਂ ਜ਼ਿਮਨੀਆਂ ਕੋਰਟ ਵਿਚ ਆਈਆਂ ਹਨ, ਸ੍ਰੀ ਓਮ ਪ੍ਰਕਾਸ਼ ਚੀਫ਼ ਜੁਡੀਸ਼ਲ ਮੈਜਿਸਟਰੇਟ ਦੀ ਜਜਮੈਂਟ 8-2-68 ਦੀ ਹੈ । ਉਹ ਲੀਡਰ ਆਫ ਦੀ ਹਾਉਸ ਦੇ ਪਾਸ ਹੋਵੇਗੀ ।

ਮੁੱਖ ਮੰਤਰੀ : ਸਪੀਕਰ ਸਾਹਿਬ, ਸਵਾਲ ਇਹ ਹੈ ਕਿ ਇਨ੍ਹਾਂ ਨੇ ਤਾਂ ਵਕਾਲਤ ਵਾਲੀ ਗੱਲ ਕੀਤੀ ਹੈ ਕਿ ਡਿਪਟੀ ਮਨਿਸਟਰ ਨੇ ਕਿਹੜੀ ਗੱਲ ਬੁਰੀ ਕੀਤੀ ਹੈ ਜੋ ਪਬਲਿਕ ਇੰਟਰੈਸਟ ਦੇ ਖ਼ਿਲਾਫ ਹੈ, ਜਾਂ ਉਸ ਦਾ ਜੋ ਕੰਡਕਟ ਹੈ ਉਸ ਤੇ ਬਹਿਸ ਹੈ। ਕਿਸੇ ਆਦਮੀ ਦਾ ਨਾਮ ਲੈ ਕੇ ਕਹਿਣਾ ਕਿ ਉਹ ਜ਼ਖਮੀ ਹੋਇਆ ਜਾਂ ਮੈਡੀਕਲ ਸਰਟੀਫਿਕੇਟ ਦਾ ਜ਼ਿਕਰ ਕਰਨਾ ਇਹ ਸਾਰੀਆਂ ਗੱਲਾਂ ਕੇਸ ਦੇ ਨਾਲ ਸਬੰਧ ਰਖਦੀਆਂ ਹਨ । ਨਾ ਤਾਂ ਮੈਂ ਉਹ ਕਾਗਜ਼ ਦੇਖੇ ਹਨ ਅਤੇ ਨਾ ਹੀ ਉਹ ਪਰੋਸੀਡਿੰਗਜ਼ ਦਾ ਹਿੱਸਾ ਹੋ ਸਕਦੇ ਹਨ। ਇਸ ਲਈ ਕਹਾਂਗਾ ਕਿ ਕੋਹਲੀ ਸਾਹਿਬ ਦੇ ਕੰਡਕਟ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ।

ਸ੍ਰੀ ਸਪੀਕਰ : ਹਾਂ ਜੀ । (Yes.)

ਸ੍ਰੀ ਲਾਲ ਚੰਦ ਸਬਰਵਾਲ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਇਹ ਬੜੀ ਵੱਡੀ ਗੱਲ ਕਹੀ ਹੈ । ਇਹ ਕਹਿੰਦੇ ਹਨ ਕਿ ਲਾਠੀ-ਚਾਰਜ ਨਹੀਂ ਹੋਇਆ ਜਦ ਕਿ

[ਸ਼੍ਰੀ ਲਾਲ ਚੰਦ ਸਬਰਵਾਲ]

ਡਾਂਗ ਸਾਹਿਬ ਪਰੂਵ ਕਰਨਾ ਚਾਹੁੰਦੇ ਹਨ ਕਿ ਲਾਠੀ-ਚਾਰਜ ਹੋਇਆ ਤੇ ਉਸ ਵਿਚ ਕੁਝ ਆਦਮੀਆਂ ਨੂੰ ਸੱਟਾਂ ਲਗੀਆਂ। ਉਹ ਕਹਿੰਦੇ ਹਨ ਕਿ ਕੋਹਲੀ ਸਾਹਿਬ ਨੇ ਕੁਟਾਇਆ, ਲੋਕਾਂ ਨੂੰ ਸੱਟਾਂ ਲਗੀਆਂ। ਇਹ ਮਾਮਲਾ ਹੈ। ਝਗੜਾ ਇਹ ਹੈ ਕਿ ਇਹ ਲਾਠੀ-ਚਾਰਜ ਹੋਇਆ ਜਾਂ ਨਹੀਂ। ਸਾਡੀ ਕੰਟੈਨਸ਼ਨ ਹੈ ਕਿ ਹੋਇਆ ਹੈ, ਇਹ ਕਹਿੰਦੇ ਹਨ ਕਿ ਨਹੀਂ ਹੋਇਆ। ਜੋ ਸੋਟੀਆਂ ਲਗੀਆਂ, ਕੀ ਉਹ ਜ਼ਮੀਨ ਤੇ ਲਗਦੀਆਂ ਰਹੀਆਂ ? ਇਹ ਡਿਪਟੀ ਸਪੀਕਰ ਸਾਹਿਬ ਨੂੰ ਦਸ ਰਹੇ ਸਨ ਕਿ ਉਨ੍ਹਾਂ ਲੋਕਾਂ ਨੂੰ ਚੋਟਾਂ ਲਗੀਆਂ।

ਸ਼੍ਰੀ ਸਪੀਕਰ : ਅਸੀਂ ਇਥੇ ਸਿਰਫ ਇਸ ਗੱਲ ਨੂੰ ਦੇਖਣਾ ਹੈ ਕਿ ਜਿਹੜਾ ਲਾਠੀ-ਚਾਰਜ 26 ਜਨਵਰੀ ਨੂੰ ਖੰਨੇ ਵਿਚ ਹੋਇਆ ਉਹ ਆਇਆ ਕੋਹਲੀ ਸਾਹਿਬ ਦੇ ਕਹਿਣ ਤੇ ਹੋਇਆ ਅਤੇ ਉਸ ਵਿਚ ਇਨ੍ਹਾਂ ਦਾ ਕੰਡਕਟ ਕਿੰਨਾ ਕੁ ਇਨਵਾਲਵਡ ਸੀ। (You have only to discuss whether the lathi charge resorted to at Khanna on the 26th January, 1968, was at the instance of Shri Kohli and the extent to which the conduct of the Deputy Minister was involved in it.)

ਸ਼੍ਰੀ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਤਾਂ ਇਹ ਦੱਸ ਰਿਹਾ ਹਾਂ ਕਿ ਕੋਹਲੀ ਸਾਹਿਬ ਨੇ ਖੰਨੇ ਵਿਚ 26 ਜਨਵਰੀ, 1968 ਨੂੰ ਪਲੇਟਫਾਰਮ ਤੇ ਖਲੋ ਕੇ ਲਾਠੀ-ਚਾਰਜ ਦਾ ਹੁਕਮ ਦਿਤਾ ਜਾਂ ਨਹੀਂ ਦਿਤਾ ਅਤੇ ਕੀ ਉਸ ਹੁਕਮ ਦੇ ਮੁਤਾਬਿਕ ਉਥੇ 26 ਤਰੀਕ ਨੂੰ ਲਾਠੀ-ਚਾਰਜ ਹੋਇਆ ਜਾਂ ਨਹੀਂ ਹੋਇਆ। ਸਪੀਕਰ ਸਾਹਿਬ, ਉਥੇ ਇਨ੍ਹਾਂ ਦੇ ਹੁਕਮ ਨਾਲ ਲਾਠ ਚਾਰਜ ਕੀਤਾ ਗਿਆ। (ਵਿਘਨ)

ਮੁੱਖ ਮੰਤਰੀ : ਬਿਲਕੁਲ ਗ਼ਲਤ।

ਸ਼੍ਰੀ ਸੱਤਪਾਲ ਡਾਂਗ : ਸਪੀਕਰ ਸਾਹਿਬ, ਆਖਿਰ ਤੁਸੀਂ ਇਕ ਦਿਨ ਇਸ ਸੈਂਸ਼ਰ ਮੋਸ਼ਨ ਨੂੰ ਡਿਸਕਸ ਕਰਨ ਲਈ ਦਿਤਾ। ਇਸ ਲਈ ਜਾਂ ਤਾਂ ਵਕਤ ਵਧਾ ਦਿਤਾ ਜਾਵੇ ਜਾਂ ਇੰਟਰਪਸ਼ਨਾਂ ਨੂੰ ਰੋਕਿਆ ਜਾਵੇ। ਮੈਂ ਇਹ ਕਹਿ ਰਿਹਾ ਸਾਂ ਕਿ ਲਾਠੀ-ਚਾਰਜ ਖੰਨੇ ਵਿਚ ਇਸ ਡਿਪਟੀ ਮਨਿਸਟਰ ਸਾਹਿਬ ਦੇ ਕਹਿਣ ਤੇ ਕੀਤਾ ਗਿਆ ਅਤੇ ਇਸ ਗਲ ਨੂੰ ਸਾਬਤ ਕਰਨ ਲਈ ਮੈਂ ਆਪਣੇ ਸਬੂਤ ਪੇਸ਼ ਕਰ ਰਿਹਾ ਹਾਂ ਅਤੇ ਮੈਂ ਇਹ ਦਸਿਆ ਹੈ ਕਿ ਹਸਪਤਾਲ ਵਿਚ 26 ਤਰੀਕ ਨੂੰ ਕਈ ਆਦਮੀਆਂ ਦੇ ਸੱਟਾਂ ਲਗੀਆਂ ਅਤੇ ਉਨ੍ਹਾਂ ਦਾ ਡਾਕਟਰੀ ਮੁਆਇਨਾ ਕੀਤਾ ਗਿਆ। ਮੈਂ ਉਨ੍ਹਾਂ ਦੇ ਨਾਮ ਪੜ੍ਹ ਕੇ ਦਸੇ ਹਨ ਜਿਨ੍ਹਾਂ ਨੂੰ ਸੱਟਾਂ ਲਗੀਆਂ। ਉਨ੍ਹਾਂ ਦੇ ਨਾਮ ਹਸਪਤਾਲ ਦੇ ਰਿਕਾਰਡ ਵਿਚ ਦਰਜ ਹਨ। ਉਨ੍ਹਾਂ ਦੇ ਮੈਡੀਕਲ ਸਰਟੀਫਿਕੇਟ ਮੌਜੂਦ ਹਨ। ਮੈਂ, ਸਪੀਕਰ ਸਾਹਿਬ, ਇਹ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਇਸ ਤਰ੍ਹਾਂ ਹੋਇਆ ਹੈ ਤਾਂ ਇਸ ਦੀ ਜ਼ਿੰਮੇਵਾਰੀ ਕੋਹਲੀ ਸਾਹਿਬ ਤੇ ਹੈ। ਫਿਰ ਇਸ ਘਟਨਾ ਦੇ ਬਾਰੇ ਵਿਚ ਅਖਬਾਰਾਂ ਵਿਚ ਛਪਿਆ। ਇਹ ਖ਼ਬਰ ਸਾਰੀਆਂ ਅਖ਼ਬਾਰਾਂ ਵਿਚ ਆਈ ਕਿ ਕੋਹਲੀ ਸਾਹਿਬ ਉਥੇ ਚਲੇ ਗਏ ਅਤੇ ਇਨ੍ਹ ਨੇ ਲਾਠੀ ਚਾਰਜ ਦਾ ਹੁਕਮ ਦਿਤਾ। ਇਨ੍ਹਾਂ ਤੋਂ ਬਾਅਦ ਸਰਦਾਰ ਗੁਰਚਰਨ ਸਿੰਘ ਆਏ ਪਰ ਜਦ ਉਨ੍ਹਾਂ ਨੂੰ ਪਤਾ ਲਗਾ ਕਿ ਮੇਰੇ ਕੁਲੀਗ ਨੇ ਇਹ ਕੁਝ ਕੀਤਾ ਹੈ ਤਾਂ ਉਹ ਫਿਰ ਅਗਾਂਹ ਆਏ ਹੀ ਨਹੀਂ। ਅਸਲ ਵਿਚ ਤਾਂ ਸਰਦਾਰ ਗੁਰਚਰਨ ਸਿੰਘ ਨੇ ਜਾਣਾ ਸੀ ਪਰ ਆ ਗਏ ਕੋਹਲੀ ਸਾਹਿਬ। ਇਹ ਕਿਸ ਤਰ੍ਹਾਂ ਖੰਨੇ ਪਹੁੰਚ ਗਏ, ਇਹ ਇਕ ਵਖਰੀ ਗੱਲ ਹੈ। ਮੈਂ ਇਸ ਵਿਚ ਨਹੀਂ ਜਾਣਾ

ਚਾਹੁੰਦਾ । ਮੈਂ ਪਹਿਲਾਂ ਇਸ ਗੱਲ ਦਾ ਜ਼ਿਕਰ ਕਰ ਚੁੱਕਾ ਹਾਂ । ਫਿਰ ਉਸੇ ਹੀ ਮੈਦਾਨ ਵਿਚ ਲਾਠੀ ਚਾਰਜ ਤੋਂ ਬਾਅਦ ਹਜ਼ਾਰਾਂ ਲੋਕਾਂ ਨੇ ਇਕ ਪਬਲਿਕ ਜਲਸਾ ਕੀਤਾ ਅਤੇ ਇਸ ਗੱਲ ਦੀ ਨਿਖੇਧੀ ਕੀਤੀ ਕਿ ਡਿਪਟੀ ਮਨਿਸਟਰ ਸਾਹਿਬ ਨੇ ਗੈਰ-ਕਾਨੂੰਨੀ ਤੌਰ ਤੇ ਲਫਜ਼ ਕਹੇ ਜਿਨ੍ਹਾਂ ਦਾ ਜ਼ਿਕਰ ਮੈਂ ਕਰ ਚੁੱਕਾ ਹਾਂ ਕਿ ਇਨ੍ਹਾਂ ਨੇ ਕੀ ਲਫਜ਼ ਉਥੇ ਵਰਤੇ ਤੇ ਫਿਰ ਪੁਲਿਸ ਨੂੰ ਉਕਸਾ ਕੇ ਲਾਠੀ ਚਾਰਜ ਕਰਵਾਇਆ ਅਤੇ ਬੇਤਹਾਸ਼ਾ ਲਾਠੀ ਚਾਰਜ ਕਰਵਾਇਆ ਗਿਆ । ਸਪੀਕਰ ਸਾਹਿਬ, ਜੇਕਰ ਡਿਪਟੀ ਮਨਿਸਟਰ ਸਾਹਿਬ ਨੇ ਗ਼ਲਤ ਕਾਰਵਾਈ ਨਾ ਕੀਤੀ ਹੁੰਦੀ, ਜਿਸ ਗ਼ਲਤੀ ਦੇ ਨਤੀਜੇ ਦੇ ਤੌਰ ਤੇ ਲਾਠੀ ਚਾਰਜ ਕੀਤਾ ਗਿਆ, ਇਹ ਗੱਲ ਮੰਨੀ ਨਹੀਂ ਜਾ ਸਕਦੀ ਅਤੇ ਇਹ ਵਾਕਿਆ ਸੰਨ 68 ਦਾ ਹੈ । ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਗੱਲ ਕਰਕੇ ਜ਼ਿਆਦਤੀ ਕੀਤੀ ਜਿਸ ਜ਼ਿਆਦਤੀ ਦੇ ਨਤੀਜੇ ਦੇ ਤੌਰ ਤੇ ਲਾਠੀ ਚਾਰਜ ਪੁਲਿਸ ਵਲੋਂ ਕਰਵਾਇਆ ਗਿਆ । ਜੇਕਰ ਇਹ ਜ਼ਿਆਦਤੀ ਨਾ ਕੀਤੀ ਗਈ ਹੁੰਦੀ ਤਾਂ ਸਾਰੇ ਖੰਨੇ ਵਿਚ ਅਗਲੇ ਦਿਨ 27 ਤਰੀਕ ਨੂੰ ਮੁਕੰਮਲ ਹੜਤਾਲ ਕਿਉਂ ਕੀਤੀ ਜਾਂਦੀ ? ਹੋ ਸਕਦਾ ਹੈ ਕਿ ਕੋਈ ਇਕ ਅਧੀ ਦੁਕਾਨ ਚ੍ਹਾਂ.ਖੋਖਾ ਖੁਲ੍ਹਾ ਹੋਵੇ, ਬਾਕੀ ਸਾਰੇ ਸ਼ਹਿਰ ਵਿਚ ਹੜਤਾਲ ਕੀਤੀ ਗਈ – ਵਿਦਿਆਰਥੀਆਂ ਨੇ ਹੜਤਾਲ ਕੀਤੀ, ਦੁਕਾਨਦਾਰਾਂ ਨੇ ਹੜਤਾਲ ਕੀਤੀ । ਉਹ ਫਿਰ ਕਿਸ ਚੀਜ਼ ਦੇ ਖਿਲਾਫ ਹੜਤਾਲ ਸੀ ? ਉਨ੍ਹਾਂ ਦੇ ਕੀ ਨਾਹਰੇ ਸਨ ਤੇ ਕੀ ਮੰਗ ਸੀ ? ਇਹ ਕਿ ਜਿਸ ਗੱਡੀ ਡਿਪਟੀ ਮਨਿਸਟਰ, ਸਰਦਾਰ ਬਖਤਾਵਰ ਸਿੰਘ ਨੂੰ ਚਾੜ੍ਹਿਆ ਗਿਆ ਹੈ ਉਸੇ ਗੱਡੀ ਤੇ ਸਰਦਾਰ ਕੋਹਲੀ ਨੂੰ ਚੜ੍ਹਾਇਆ ਜਾਵੇ ? ਜੇਕਰ ਲਾਠੀ, ਚਾਰਜ ਸਪੀਕਰ ਸਾਹਿਬ, 26 ਤਰੀਕ ਨੂੰ ਖੰਨੇ ਵਿਚ ਨਾ ਕੀਤਾ ਜਾਂਦਾ ਤਾਂ ਹੜਤਾਲ ਕਿਸ ਗੱਲ ਦੀ ਕੀਤੀ ਗਈ ? ਇਹ ਗੱਲ ਇਸ ਲਈ ਮੰਨੀ ਜਾਵੇਗੀ ਕਿ ਹਕੀਕਤ ਇਹ ਹੈ ਕਿ ਹੜਤਾਲ ਹੋਈ ਇਸ ਗੱਲ ਦੇ ਖਿਲਾਫ਼ ਕਿ ਨਾਜਾਇਜ਼ ਤਰੀਕੇ ਨਾਲ ਇਸ ਡਿਪਟੀ ਮਨਿਸਟਰ ਨੇ ਲਾਠੀ ਚਾਰਜ ਦਾ ਹੁਕਮ ਦਿੱਤਾ ਅਤੇ ਲਾਠੀ ਚਾਰਜ ਕੀਤਾ ਗਿਆ । ਫਿਰ ਹੜਤਾਲ ਹੋਈ ਤੇ ਜਲੂਸ ਨਿਕਲਿਆ । (ਵਿਘਨ)

ਮੁੱਖ ਮੰਤਰੀ : ਤੇ ਅੱਗਾਂ ਕਿੰਨ ਲਾਈਆਂ ?

ਸ਼੍ਰੀ ਸਤਪਾਲ ਡਾਂਗ : ਮੈਂ ਕਹਿੰਦਾ ਹਾਂ ਕਿ ਕੋਈ ਅੱਗ ਕਿਸੇ ਨਹੀਂ ਲਾਈ । (ਵਿਘਨ)

ਮੁਖ ਮੰਤਰੀ : ਸ਼ਾਬਾਸ਼ ! ਆਹ ਵੇਖੋ, ਸਪੀਕਰ ਸਾਹਿਬ, ਐਨੀ ਗ਼ਲਤ ਬਿਆਨੀ ! (ਵਿਘਨ)

ਸ਼੍ਰੀ ਸੱਤਪਾਲ ਡਾਂਗ : ਹੁਣ ਸੁਣਨ ਦੀ ਵੀ ਸ਼ਕਤੀ ਹੋਣੀ ਚਾਹੀਦੀ ਹੈ । ਸਪੀਕਰ ਸਾਹਿਬ, ਇਹ ਵਿਚ ਇਸ ਤਰ੍ਹਾਂ ਇੰਟਰੱਪਟ ਕਰ ਰਹੇ ਹਨ ।

ਮੁੱਖ ਮੰਤਰੀ : ਤੁਸੀਂ ਤਾਂ ਕੁਫ਼ਰ ਤੋਲਣ ਵਿਚ ਮਸ਼ਹੂਰ ਹੋ ।

ਸ਼੍ਰੀ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਕਿਹਾ ਸੀ ਕਿ ਜਲੂਸ ਖੰਨੇ ਵਿਚ 27 ਤਰੀਕ ਨੂੰ ਨਿਕਲਿਆ । ਜਦ ਇਹ ਥਾਣੇ ਅਗੇ ਪਹੁੰਚਿਆ ਤਾਂ ਠਹਿਰ ਗਿਆ । ਉਥੇ ਕਈ ਸ਼ਹਿਰੀ ਗ੍ਰਿਫ਼ਤਾਰ ਕੀਤੇ ਹੋਏ ਸਨ ਤੇ ਕਈ ਅਜੇ ਵੀ ਅੰਦਰ ਸਨ । ਇਹ ਪੁਰਅਮਨ ਜਲੂਸ ਜਦ ਥਾਣੇ ਦੇ ਸਾਹਮਣੇ ਗਿਆ ਤਾਂ ਥਾਣੇ ਵਾਲਿਆਂ ਪੁਛਿਆ ਕਿ ਇਥੇ ਕੀ ਲੈਣ ਆਏ ਹੋ ਤਾਂ ਇਨ੍ਹਾਂ ਨੇ ਕਿਹਾ ਕਿ ਸਾਨੂੰ ਦਸਿਆ ਜਾਵੇ ਕਿ ਸਾਡੇ ਕਿਹੜੇ ਕਿਹੜੇ ਬੰਦੇ ਗ੍ਰਿਫ਼ਤਾਰ ਕੀਤੇ ਗਏ ਹਨ ਅਤੇ ਕੀ ਇਨ੍ਹਾਂ ਸਾਰਿਆਂ ਦੇ ਖਿਲਾਫ਼ ਮੁਕਦਮੇ ਬਣਾਏ ਗਏ ਜਾਂ ਇਨ੍ਹਾਂ ਨੂੰ ਗੈਰ-ਕਾਨੂੰਨੀ ਤੌਰ ਤੇ

[ਸ਼੍ਰੀ ਸੱਤਪਾਲ ਡਾਂਗ]

ਹਵਾਲਾਤ ਵਿਚ ਬੰਦ ਰੱਖਿਆ ਗਿਆ ਹੈ । ਪੁਲਿਸ ਵਾਲਿਆਂ ਕਿਹਾ ਕਿ ਤੁਹਾਡੇ ਵਿਚੋਂ ਪੰਜ ਬੰਦੇ ਅੰਦਰ ਆ ਜਾਉ ਤੇ ਤੁਹਾਨੂੰ ਦਸ ਦਿਆਂਗੇ ਕਿ ਕਿਨ੍ਹਾਂ ਬੰਦਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਬਾਕੀ ਸਾਰੇ ਬੈਠ ਜਾਉ । ਇਸ ਤਰ੍ਹਾਂ ਪੰਜ ਬੰਦੇ, ਸਪੀਕਰ ਸਾਹਿਬ, ਅੰਦਰ ਲੈ ਗਏ ਤੇ ਬਾਕੀ ਦੇ ਬੈਠਿਆਂ ਬੰਦਿਆਂ ਤੇ ਜਿਹੜੇ ਬਿਲਕੁਲ ਪੁਰਅਮਨ ਸਨ ਉਨ੍ਹਾਂ ਨਿਹੱਥਿਆਂ ਤੇ ਲਾਠੀ ਚਾਰਜ ਕੀਤਾ ਗਿਆ—ਇਕ ਵਾਰੀ ਨਹੀਂ, ਸਪੀਕਰ ਸਾਹਿਬ, ਪੰਜ ਵਾਰੀ ਲਾਠੀ ਚਾਰਜ ਕੀਤਾ ਗਿਆ ਅਤੇ ਕੋਈ ਵਾਰਨਿੰਗ ਪਹਿਲਾਂ ਉਨ੍ਹਾਂ ਨੂੰ ਨਹੀਂ ਦਿੱਤੀ ਗਈ (ਵਿਰੋਧੀ ਦਲ ਵਲੋਂ ਸ਼ੇਮ, ਸ਼ੇਮ, ਸ਼ੇਮ) ਸਪੀਕਰ ਸਾਹਿਬ, ਇਸ ਤੋਂ ਬਾਅਦ ਦਾ ਜਿਹੜਾ ਇਨਸੀਡੈਂਟ ਹੋਇਆ ਹੈ ਉਹ 27 ਤਰੀਕ ਦਾ ਹੈ । ਉਸ ਦੇ ਬਾਰੇ ਵਿਚ ਡਿਫਰੈਂਟ ਵਰਸ਼ਨਜ਼ ਹਨ । ਇਕ ਵਰਸ਼ਨ ਪੁਲਿਸ ਦੀ ਹੈ ਤੇ ਇਕ ਵਰਜ਼ਨ ਸਟੂਡੈਂਟਸ ਦੀ ਹੈ । ਸਪੀਕਰ ਸਾਹਿਬ, ਇਹ ਸਿਰਫ ਸਟੂਡੈਂਟਸ ਦਾ ਵਰਸ਼ਨ ਸੀ ਅਤੇ ਇਸ ਵਿਚ ਕੋਈ ਹੋਰ ਆਦਮੀ ਸ਼ਾਮਿਲ ਨਹੀਂ ਸੀ । (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਦਾ ਤਾਂ ਸਿਧਾ ਤਅਲੁੱਕ ਹੈ ਕੇਸ ਨਾਲ । ਇਹ ਬੜੀ ਹੁਸ਼ਿਆਰੀ ਨਾਲ ਉਸ ਕੇਸ ਦਾ ਜ਼ਿਕਰ ਕਰ ਰਹੇ ਹਨ । ਇਹ ਬੜੀ ਸੀਰੀਅੰਸ ਨੇਚਰ ਦਾ ਕੇਸ ਹੈ । ਉਸ ਤੇ ਇਸ ਤਰੀਕੇ ਨਾਲ ਰੋਸ਼ਨੀ ਪਾਣ ਦਾ ਯਤਨ ਕੀਤਾ ਜਾ ਰਿਹਾ ਹੈ । ਮੈਂ ਬੜੇ ਅਦਬ ਨਾਲ ਆਪ ਪਾਸ ਗੁਜ਼ਾਰਿਸ਼ ਕਰਾਂਗਾ ਕਿ ਇਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਤੋਂ ਰੋਕਿਆ ਜਾਵੇ ।

ਸ਼੍ਰੀ ਸੱਤਪਾਲ ਡਾਂਗ : ਮੈਂ ਮੁਕਦਮੇ ਦੇ ਬਾਰੇ ਵਿਚ ਕੋਈ ਗੱਲ ਨਹੀਂ ਕਹੀ ।

ਮੁੱਖ ਮੰਤਰੀ : ਤੁਸੀਂ ਤਾਂ ਹੁਣੇ ਹੀ ਕਿਹਾ ਹੈ ਕਿ ਉਸ ਜਲੂਸ ਵਿਚ ਕੋਈ ਹੋਰ ਆਦਮੀ ਨਹੀਂ ਸੀ ਸਿਰਫ ਸਟੂਡੈਂਟਸ ਸਨ । ਤੁਹਾਨੂੰ ਕੀ ਪਤਾ ਹੈ ਕਿ ਪੁਲਿਸ ਵਾਲਿਆਂ ਜਲੂਸ ਵਾਲਿਆਂ ਨੂੰ ਕਿਉਂ ਫੜਿਆ । ਕੀ ਉਹ ਅੱਗਾਂ ਲਾਂਦੇ ਫੜੇ ਗਏ ਜਾਂ ਦੁਕਾਨਾਂ ਸਾੜਦੇ ਫੜੇ ਗਏ ਜਾਂ ਦੁਕਾਨਾਂ ਲੁਟਦੇ ਫੜੇ ਗਏ ਜਾਂ ਬਾਹਰੋਂ ਹੀ ਫੜ ਕੇ ਲੈ ਗਏ ? ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਹੋਣੀਆਂ ਚਾਹੀਦੀਆਂ । (ਵਿਘਨ)

ਚੌਧਰੀ ਦਰਸ਼ਨ ਸਿੰਘ: ਸਪੀਕਰ ਸਾਹਿਬ, ਆਨ ਏ ਪਵਾਇੰਟ ਆਫ ਆਰਡਰ । ਸੈਂਸ਼ਰ ਮੋਸ਼ਨ ਕੋਹਲੀ ਸਾਹਿਬ ਦੇ ਖ਼ਿਲਾਫ ਆਈ ਹੈ ਅਤੇ ਇਸ ਪੁਆਇੰਟ ਤੇ ਆਈ ਹੈ ਕਿ ਉਨ੍ਹਾਂ ਦਾ ਕੰਡਕਟ ਕੀ ਸੀ ਜਿਹੜਾ ਵਾਕਿਆ 26 ਤਰੀਕ ਨੂੰ ਖੰਨੇ ਵਿਚ ਹੋਇਆ । ਇਸ ਲਈ ਬਹਿਸ ਨੂੰ ਇਸ ਹੱਦ ਤਕ ਹੀ ਸੀਮਤ ਰੱਖਣਾ ਚਾਹੀਦਾ ਹੈ । 27 ਤਰੀਕ ਦਾ ਜਲੂਸ ਜਾਂ 27 ਤਰੀਕ ਦਾ ਲਾਠੀ ਚਾਰਜ ਜਿਸ ਵਿਚ ਡਿਪਟੀ ਮਨਿਸਟਰ ਕੋਹਲੀ ਸਾਹਿਬ ਆਪ ਹਾਜ਼ਰ ਨਹੀਂ ਸਨ, ਇਸ ਲਈ 27 ਤਰੀਕ ਦੇ ਵਾਕਿਆ ਦੀ ਡਿਸਕਸ਼ਨ ਨੂੰ ਇਥੇ ਰੋਕ ਦੇਣਾ ਚਾਹੀਦਾ ਹੈ ।

ਸ਼੍ਰੀ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ 27 ਤਰੀਕ ਦੇ ਵਾਕਿਆਤ 26 ਤਰੀਕ ਦੀ ਘਟਨਾ ਨਾਲ ਕੁਨੈਕਟਿਡ ਹਨ, 26 ਤਰੀਕ ਨੂੰ ਡਿਪਟੀ ਮਨਿਸਟਰ ਕੋਹਲੀ ਸਾਹਿਬ ਨੇ ਖੰਨੇ ਵਿਚ ਲਾਠੀ ਚਾਰਜ ਕਰਵਾਇਆ ਅਤੇ ਹੁਕਮ ਦਿੱਤਾ ਅਤੇ ਇਸੇ ਲਾਠੀ ਚਾਰਜ ਦੇ ਹੋਣ ਤੇ 27 ਤਰੀਕ ਨੂੰ ਰੋਸ ਪਰਗਟ ਕੀਤਾ ਗਿਆ । 27 ਤਰੀਕ ਨੂੰ ਸਟੂਡੈਂਟਸ ਨੇ ਜਲੂਸ ਕੱਢਿਆ ਉਹ ਵੀ 26 ਤਰੀਕ ਦੇ ਲਾਠੀ ਚਾਰਜ ਦੇ ਹੀ ਖ਼ਿਲਾਫ ਸੀ । ਕਿਉਂਕਿ ਡਿਪਟੀ ਮਨਿਸਟਰ ਸਾਹਿਬ ਇਸ ਗੱਲ ਤੋਂ ਇਨਕਾਰ ਕਰਦੇ ਹਨ ਕਿ ਉਨ੍ਹਾਂ ਲਾਠੀ ਚਾਰਜ 26 ਤਰੀਕ ਨੂੰ ਖੰਨੇ ਵਿਚ ਕਰਵਾਇਆ ਇਸ ਲਈ ਜੋ 27 ਤਰੀਕ ਦੇ ਵਾਕਿਆਤ ਹੋਏ ਉਸ ਲਾਠੀ ਚਾਰਜ ਦੇ ਕਾਰਨ, ਉਨ੍ਹਾਂ ਨੂੰ ਦਸਣਾ ਜ਼ਰੂਰੀ ਹੈ । (ਵਿਘਨ)

ਸ੍ਰੀ ਸਪੀਕਰ :ਇਸ 27 ਤਰੀਕ ਦੇ ਵਾਕਿਆਤ ਦਾ ਕੀ ਤਾਅੱਲੁਕ ਹੈ ਕੋਹਲੀ ਸਾਹਿਬ ਦੇ ਕੰਡਕਟ ਨਾਲ?(How are the incidents of 27th January, 1968, related to the conduct of Sardar Sardara Singh Kohli ?)

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਕੋਹਲੀ ਸਾਹਿਬ ਨੇ ਲਾਠੀ ਚਾਰਜ ਦਾ ਹੁਕਮ 26 ਤਰੀਕ ਨੂੰ ਦਿੱਤਾ । ਇਹ ਕਹਿੰਦੇ ਹਨ ਕਿ ਹੁਕਮ ਨਹੀਂ ਦਿੱਤਾ । ਮੈਂ ਇਸ ਗੱਲ ਦੇ ਸਬੰਧ ਵਿਚ ਇਹ ਸਬੂਤ ਦੇ ਰਿਹਾ ਹਾਂ ਕਿ 26 ਤਰੀਕ ਨੂੰ ਇਨ੍ਹਾਂ ਨੇ ਹੁਕਮ ਲਾਠੀ ਚਾਰਜ ਦਾ ਦਿੱਤਾ ਸੀ । ਜੇਕਰ 26 ਨੂੰ ਲਾਠੀ ਚਾਰਜ ਨਹੀਂ ਹੋਇਆ ਤਾਂ ਫਿਰ 27 ਤਰੀਕ ਨੂੰ ਹੜਤਾਲ ਕਿਸ ਗੱਲ ਦੀ ਕੀਤੀ ਗਈ, ਸਾਰੇ ਖੰਨੇ ਵਿੱਚ ?

ਸ੍ਰੀ ਲਾਲ ਚੰਦ ਸਬਰਵਾਲ : ਇਹ ਤਾਂ ਇਕ ਐਕਸ਼ਨ ਲਿਆ ਗਿਆ ਤੇ ਕਾਨਸੀ-ਕੁਐਂਸ਼ਲ ਗੱਲ ਸੀ ਕਿ 27 ਤਰੀਕ ਨੂੰ ਵਾਕਿਆ ਹੋਇਆ । ਇਸ ਲਈ ਇਸ ਦਾ ਸਬੂਤ ਦਿੱਤਾ ਜਾ ਸਕਦਾ ਹੈ ਅਤੇ ਜ਼ਿਕਰ ਕੀਤਾ ਜਾ ਸਕਦਾ ਹੈ ।

श्री प्रबोध चन्द्र : जनाबे आली, आप को याद होगा कि जब आप ने डिप्टी मिनिस्टर के खिलाफ सैंशर मोशन की इजाजत दी थी तो इस बात को वाजेह कर दिया गया था कि सिवाए कोहली साहिब के कान्डकट के जो खन्ना में हुआ और किसी चीज का हवाला नहीं दिया जाएगा और किसी मुकदमें और दूसरी बातों को एक गलत तरीके से यहां पर पेश नहीं किया जाएगा और इस की इजाजत न होगी । सवाल सिर्फ इतना है कि 26 तारीख को खन्ना में लाठी चार्ज हुआ और क्या यह कोहली साहिब के कहने पर एसा किया गया या वैसे ही किया गया ? इस बात का ज़िकर किया जा सकता है । मैं इस लिए यह कहूंगा कि जो कुछ यहाँ पर कहा जा रहा है, इस का मुकदमों पर असर पड़ेगा जो कि चल रहे हैं । इस लिए सारे मैंबरान को कह दिया जाए कि वह बातें न कहीं जाएं जिन का डाइरेक्ट किसी मुकदमें पर असर पड़े और उस दिन सारे मैंबरान ने इस बात का वादा किया था और सब पार्टियों के लीडरों ने भी कहा था । आज इन के जज़बात का एहतराम करते हुए इन्हें जनरल परमिशन नहीं दी जा सकती । आप ने इन के साथ रियायत की है । (विघ्न)

Mr. Speaker : I differ in that respect.

ਸ੍ਰੀ ਲਾਲ ਚੰਦ ਸਬਰਵਾਲ : ਸਪੀਕਰ ਸਾਹਿਬ, ਵਾਹਦਾ ਅਸੀਂ ਇਹ ਕੀਤਾ ਸੀ ਕਿ ਕਿਸੇ ਵੀ ਮੁਕਦਮੇਂ ਦੇ ਬਾਰੇ ਵਿਚ ਕੋਈ ਡਿਸਕਸ਼ਨ ਇਥੇ ਨਹੀਂ ਕੀਤੀ ਜਾਵੇਗੀ । ਸਿਰਫ ਮਨਿਸਟਰ ਦੇ ਕੰਡਕਟ ਨੂੰ ਡਿਸਕਸ ਕੀਤਾ ਜਾਵੇਗਾ । ਪਰ ਸਾਨੂੰ ਇਸ ਗੱਲ ਲਈ ਸੀਮਤ ਨਹੀਂ ਕੀਤਾ ਜਾ ਸਕਦਾ ਕਿ ਉਸ ਡਿਪਟੀ ਮਨਿਸਟਰ ਨੇ ਜੋ ਕੁਝ ਖੰਨੇ ਵਿਚ 26 ਤਰੀਕ ਨੂੰ ਕੀਤਾ ਉਸ ਦਾ ਜ਼ਿਕਰ ਕਰਦਿਆਂ ਜੇਕਰ ਉਸ ਦਾ ਕੰਡਕਟ 30 ਤਰੀਕ ਨੂੰ ਕੋਈ ਗੱਲ ਉਸੇ ਹੀ ਸਬੰਧ ਵਿਚ ਕੀਤੀ ਉਸ ਨੂੰ ਡਿਸਕਸ ਨਾ ਕਰ ਸਕੀਏ ।

ਸ੍ਰੀ ਸਪੀਕਰ : ਡਾਂਗ ਸਾਹਿਬ, ਇਹ ਠੀਕ ਹੈ ਕਿ ਤੁਸੀਂ ਉਸ ਦਿਨ ਇਹ ਗੱਲ ਕਹੀ ਸੀ ਕਿ ਅਸੀਂ ਉਨ੍ਹਾਂ ਮੁਕੱਦਮਿਆਂ ਤੇ ਕੇਸਿਜ਼ ਦਾ ਜਿਥੋਂ ਤਕ ਸਵਾਲ ਹੈ ਉਨ੍ਹਾਂ ਵਿਚ ਨਹੀਂ

[ਸ੍ਰੀ ਸਪੀਕਰ]

ਜਾਵਾਂਗੇ । ਪਰ ਹੁਣ ਇਥੇ ਉਹੀ ਗੱਲਾਂ ਮੋੜ ਤੋੜ ਕੇ ਲਿਆ ਰਹੇ ਹੋ ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਨਾ ਕਰੋ ਅਤੇ ਜੋ ਕੁਝ ਕੋਹਲੀ ਸਾਹਿਬ ਨੇ ਕੀਤਾ ਹੈ । ਉਸ ਦੇ ਮੁਤਾਲਿਕ ਜੋ ਤੁਸੀਂ ਕਹਿਣਾ ਚਾਹੋ ਬੇਸ਼ਕ ਕਹਿ ਲਉ । ਸੈਂਸ਼ਰ ਮੋਸ਼ਨ ਨੂੰ ਮੈਂ ਸਟਾਪ ਨਹੀਂ ਸਾਂ ਕਰ ਸਕਦਾ ਇਸ ਲਈ ਸਿਰਫ ਤੁਸੀਂ ਕੰਡਕਟ ਹੀ ਡਿਸਕਸ ਕਰੋ ਦੂਸਰੇ ਪਾਸੇ ਤੁਸੀਂ ਨਾ ਜਾਉ । ਮੇਰੇ ਪਾਸ ਵੀ ਪੂਰੀ ਇਨਫਰਮੇਸ਼ਨ ਹੈ ਅਤੇ ਮੈਂ ਲਈ ਹੋਈ ਹੈ । (The hon. Member, on that day, undertook not to discuss the cases which are *Subjudice*, but he is now trying to introduce such cases, in one way or the other into the discussion. I would request him to avoid such references. He should confine his remarks only to the conduct of the Deputy Minister, Shri Kohli. I could not withhold the censure motion. He should, therefore, discuss his conduct only and should not refer to other cases. I have also got with me the full information.)

ਸਰਦਾਰ ਬਖਤਾਵਰ ਸਿੰਘ ਰਾਏ: ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਏਥੇ ਡਾਂਗ ਸਾਹਿਬ ਮੇਰੇ ਫਿਰੋਜ਼ਪੁਰ ਦੇ ਵਾਕੇ ਦੇ ਮੁਤਅੱਲਿਕ ਜ਼ਿਕਰ ਕਰ ਰਹੇ ਹਨ, ਕੀ ਮੈਨੂੰ ਵੀ ਆਪਣੀ ਪੁਜ਼ੀਸ਼ਨ ਕਲੀਅਰ ਕਰਨ ਦੀ ਇਜਾਜ਼ਤ ਹੋਵੇਗੀ । (ਹਾਸਾ)

ਸ੍ਰੀ ਸਤਪਾਲ ਡਾਂਗ : 26 ਤਾਰੀਖ ਨੂੰ ਕੋਹਲੀ ਸਾਹਿਬ ਨੇ ਜਿਹੜਾ ਖੰਨੇ ਮਿਸਕੰਡਕਟ ਕੀਤਾ ਹੈ, ਲਾਠੀ ਚਾਰਜ ਕਰਵਾਇਆ ਹੈ, ਉਸ ਤੇ ਸਾਰੀ ਖੰਨਾ ਨਵਾਸੀ ਪਬਲਿਕ ਨੇ ਹੜਤਾਲ ਕੀਤੀ ਅਤੇ ਜਲਸੇ ਜਲੂਸ ਕੀਤੇ । ਜਿਹੜਾ 26 ਤਾਰੀਖ ਨੂੰ ਇਕ ਜਲਸਾ ਕੀਤਾ ਇਸ ਦੇ ਵਿਚ ਇਹ ਮੰਗ ਕੀਤੀ ਗਈ ਸੀ ਕਿ ਇਸ ਕੇਸ ਦੀ ਇਕ ਜੁਡੀਸ਼ਲ ਇਨ-ਕੁਆਇਰੀ ਕਰਵਾਈ ਜਾਵੇ ਇਸ ਗੱਲ ਦੀ ਜਾਂਚ ਪੜਤਾਲ ਲਈ ਕਿ ਆਇਆ ਕੋਹਲੀ ਸਾਹਿਬ ਨੇ ਕੋਈ ਜ਼ਿਆਦਤੀ ਕੀਤੀ ਹੈ ਜਾਂ ਨਹੀਂ ਕੀਤੀ । ਮੈਂ ਤੁਹਾਡਾ ਧਿਆਨ ਇਕ ਪਾਰਟੀ ਦੇ ਉਸ ਰੈਜ਼ੋਲਿਊਸ਼ਨ ਵਲ ਦਵਾਉਣਾ ਚਾਹੁੰਦਾ ਹਾਂ । ਪਰ ਜਿਸ ਪਾਰਟੀ ਨੂੰ ਕੋਹਲੀ ਸਾਹਿਬ ਦੀ ਹਿਮਾਇਤ ਹਾਸਲ ਹੈ ਉਹ ਇਨ੍ਹਾਂ ਦੀ ਕਾਰਗੁਜ਼ਾਰੀ ਤੇ ਪਰਦਾ ਪੋਸ਼ੀ ਕਰਨ ਦੀ ਕੋਸ਼ਿਸ਼ ਕਰਦੇ ਹਨ । ਉਨ੍ਹਾਂ ਦਾ ਹੀ ਰੈਜ਼ੋਲਿਊਸ਼ਨ, ਜਿਹੜਾ ਕਿ ਕਾਂਗਰਸ ਕਮੇਟੀ ਨੇ ਪਾਸ ਕੀਤਾ, ਉਹ ਹੀ ਮੈਂ ਆਪਦੇ ਸਾਹਮਣੇ ਪੇਸ਼ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਇਸ ਵਾਕੇ ਬਾਰੇ ਕੀ ਪਾਸ ਕੀਤਾ ਸੀ :—

> "A meeting of the Local Congress workers was held on 6th February, 1968, at Khanna, under the Chairmanship of Shri Sat Parkash Bhandari, a veteran congress leader of this place, to consider the situation arising out of the two incidents occurred on the 26th and 27th January, 1968, in the town of Khanna.
>
> After a long discussion in the matter it was unanimously resolved—
>
> Adopted. That the Punjab Government be requested to hold a Judicial probe into the happenings of the 26th and 27th January, 1968, which unfortunately occurred in this town so that the facts relating to these two respective incidents may come before the public at large because it is very necessary for the communal harmony of the town.

It was further resolved that the provincial congress leaders should be contacted and fully apprised of the local situation.

In this connection, a deputation comprising of at least five prominent local congressmen should call upon the State Government leaders as well as the Chief Minister, Punjab, and other authorities concerned at Chandigarh as early as possible."

ਇਹ, ਸਪੀਕਰ ਸਾਹਿਬ, ਕਾਂਗਰਸ ਪਾਰਟੀ ਨੇ ਰੈਜ਼ੋਲਿਊਸ਼ਨ ਕੀਤਾ ਕਿ ਇਨਕੁਆਇਰੀ ਕਰਾਈ ਜਾਵੇ।

ਸ਼੍ਰੀ ਸਪੀਕਰ : ਇਸ ਰੈਜ਼ੋਲਿਊਸ਼ਨ ਦਾ ਮਤਲਬ ਇਹ ਤਾਂ ਨਹੀਂ ਕਿ ਇਹ ਕੋਹਲੀ ਸਾਹਿਬ ਦੇ ਖਿਲਾਫ ਹੈ, ਉਨ੍ਹਾਂ ਨੇ ਕਿਹਾ ਹੈ ਕਿ ਇਸ ਮੁਆਮਲੇ ਦੇ ਮੁਤੱਲਿਕ ਇਨਕੁਆਇਰੀ ਕਰਾਈ ਜਾਵੇ। (This resolution does not mean any allegation against Shri Kohli. In the resolution, they have requested the Government to institute an enquiry into this matter.)

ਸ਼੍ਰੀ ਬਲਰਾਮਜੀ ਦਾਸ ਟੰਡਨ : ਤੁਸੀਂ ਮੇਰੀ ਗੱਲ ਸੁਣੋ। ਇਹ ਗੱਲ ਉਥੇ ਹੋਈ। ਉਥੇ ਦੀ ਪਬਲਿਕ ਨੇ ਮੰਗ ਕੀਤੀ ਕਿ ਇਸ ਵਾਕੇ ਦੀ ਜੁਡੀਸ਼ਲ ਇਨਕੁਆਇਰੀ ਕਰਾਈ ਜਾਵੇ, ਖੁਦ ਉਥੇ ਦੀ ਕਾਂਗਰਸ ਪਾਰਟੀ ਨੇ ਇਹ ਕਿਹਾ ਹੈ ਕਿ 26 ਤਾਰੀਖ਼ ਨੂੰ ਜੋ ਵਾਕਿਆ ਹੋਇਆ ਹੈ ਉਸ ਦੀ ਇਨਕੁਆਇਰੀ ਕਰਾਈ ਜਾਵੇ। (ਸਨਅਤ ਮੰਤ੍ਰੀ ਵੱਲੋਂ ਇੰਟਰਪਸ਼ਨ)

ਸਨਅਤ ਮੰਤਰੀ (ਸ੍ਰੀ ਬਿਸ਼ੰਬਰ ਨਾਥ ਮੱਕੜ) : ਜਿਨ੍ਹਾਂ ਨੇ ਕਾਰ ਸਾੜੀ ਸੀ ?

ਸ਼੍ਰੀ ਸੱਤਪਾਲ ਡਾਂਗ : ਮੱਕੜ ਸਾਹਿਬ, ਇਸ ਰੈਜ਼ੋਲਿਊਸ਼ਨ ਵਿਚ ਤੁਹਾਡੀ ਹਿਮਾਇਤ ਹੈ। 26 ਤਾਰੀਖ ਨੂੰ ਜਿਸ ਐਕਸੀਡੈਂਟ ਦਾ ਜ਼ਿਕਰ ਕੀਤਾ ਹੈ ਇਸ ਵਿਚ ਕਿਸੇ ਕਾਰ ਦਾ ਜ਼ਿਕਰ ਨਹੀਂ। (ਹਾਸਾ) 26 ਤਾਰੀਖ ਨੂੰ ਜਿਹੜੇ ਵਾਕਿਆਤ ਹੋਏ ਉਸ ਦੇ ਬਾਰੇ ਸਰਦਾਰ ਸਰਦਾਰਾ ਸਿੰਘ ਕੋਹਲੀ ਨੇ ਇਕ ਬਿਆਨ ਦੇ ਵਿਚ ਜਿਹੜਾ ਕਿ 31 ਤਾਰੀਖ ਦੇ ਪ੍ਰਤਾਪ ਅਖਬਾਰ ਦੇ ਵਿਚ ਛਪਿਆ ਹੈ, ਉਸ ਵਿਚ ਉਨ੍ਹਾਂ ਨੇ ਕਿਹਾ ਕਿ ਇਸ ਮੁਆਮਲੇ ਦੀ ਜੁਡੀਸ਼ਲ ਇਨਕੁਆਇਰੀ ਹੋਣੀ ਚਾਹੀਦੀ ਹੈ। ਮੈਂ ਪੁੱਛਦਾ ਹਾਂ ਕਿ ਫੇਰ ਇਨਕੁਆਇਰੀ ਹੋਈ ਕਿਉਂ ਨਾ ? ਇਹ ਹੁਣ ਆਪਣੇ ਬਿਆਨ ਤੋਂ ਹੀ ਮੁਨਕਰ ਹੁੰਦੇ ਹਨ ਜਿਹੜਾ ਕਿ 31 ਜਨਵਰੀ, 1968 ਨੂੰ ਪ੍ਰਤਾਪ ਦੇ ਵਿਚ ਛਪਿਆ ਹੈ। ਮੈਂ ਹਾਊਸ ਦੀ ਵਾਕਫ਼ੀ ਲਈ ਆਪ ਨੂੰ ਪੜ੍ਹ ਕੇ ਸੁਣਾ ਦਿੰਦਾ ਹਾਂ।

"ਪਟਿਆਲਾ 30 ਜਨਵਰੀ—ਡਿਪਟੀ ਮਨਿਸਟਰ ਸਰਦਾਰ ਸਰਦਾਰਾ ਸਿੰਘ ਕੋਹਲੀ ਨੇ ਏਕ ਬਿਆਨ ਮੇਂ ਕਹਾ ਹੈ ਕਿ ਯੇਹ ਗ਼ਲਤ ਹੈ ਕਿ 26 ਜਨਵਰੀ ਕੋ ਮੈਨੇ ਖੰਨਾ ਮੇਂ ਪੁਲੀਸ ਕੋ ਮੁਜ਼ਾਹਰੀਨ ਪਰ ਲਾਠੀ ਚਾਰਜ ਕਰਨੇ ਕਾ ਹੁਕਮ ਦੀਆ। ਬਲਕਿ ਮੇਰੀ ਮੌਜੂਦਗੀ ਮੇਂ ਪੁਲੀਸ ਨੇ ਕੋਈ ਲਾਠੀ ਚਾਰਜ ਨਹੀਂ ਕੀਆ। ਮੈਂ ਇਸ ਮੁਆਮਲਾ ਪਰ ਸੁਪਰੀਮ ਕੋਰਟ ਯਾ ਹਾਈ ਕੋਰਟ ਕੇ ਕਿਸੀ ਜੱਜ ਕੀ ਤਰਫ਼ ਸੇ ਇਨਕੁਆਇਰੀ ਕੇ ਲੀਏ ਤਿਆਰ ਹੂੰ ਬਸ਼ਰਤਿਕਿ ਇਲਜ਼ਾਮ ਲਗਾਨੇ ਵਾਲੇ ਇਲਜ਼ਾਮ ਗ਼ਲਤ ਹੋਨੇ ਪਰ, ਪਬਲਿਕ ਜ਼ਿੰਦਗੀ ਸੇ ਰੀਟਾਇਰ ਹੋਨੇ ਪਰ ਰਜ਼ਾਮੰਦ ਹੋਂ।"

ਸ਼੍ਰੀ ਲਾਲ ਚੰਦ ਸੱਬਰਵਾਲ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਤੁਸੀਂ ਵੇਖੋ ਕੋਹਲੀ ਸਾਹਿਬ ਉਠਣਾ ਚਾਹੁੰਦੇ ਹਨ ਉਨ੍ਹਾਂ ਨੂੰ ਦੋ ਵਜ਼ੀਰਾਂ ਨੇ ਫੜ ਕੇ ਬਿਠਾਇਆ ਹੋਇਆ ਹੈ।

ਸ਼੍ਰੀ ਸਪੀਕਰ: ਉਹ ਤਾਂ ਉਂਜ ਪਿਆਰ ਕਰਦੇ ਹਨ। (It is just out of affection.)

ਸ਼੍ਰੀ ਸੱਤਪਾਲ ਡਾਂਗ : ਇਹ ਗੱਲ ਮੈਂ ਆਪਣੇ ਵੱਲੋਂ ਨਹੀਂ ਕਹਿੰਦਾ ਇਹ ਖਬਰ ਉਨ੍ਹਾਂ ਦੇ ਆਪਣੇ ਅਖਬਾਰ ਦੇ ਵਿਚ ਆਈ ਹੈ, ਇਹ ਹੋਰ ਭਾਵੇਂ ਕਿਸੇ ਪਾਰਟੀ ਦੇ ਨਾਲ ਸਬੰਧ ਰਖਦਾ

[ਸ੍ਰੀ ਸੱਤਪਾਲ ਡਾਂਗ]

ਹੋਵੇ ਪਰ ਇਤਨਾ ਮੈਂ ਜ਼ਰੂਰ ਕਹਾਂਗਾ ਕਿ ਇਸ ਅਖਬਾਰ ਦੇ ਗਿੱਲ ਸਾਹਿਬ ਦੇ ਨਾਲ ਬੜੇ ਅੱਛੇ ਤਅੱਲੁਕਾਤ ਹਨ (ਵਿਘਨ) ਇਹ ਖਬਰਾਂ ਅਖਬਾਰਾਂ ਵਿਚ ਛਪੀਆਂ ਹਨ। ਜਾਂ ਤਾਂ ਅਖਬਾਰ ਗ਼ਲਤ ਹਨ ਜਾਂ ਖਬਰਾਂ। ਇਹ ਤੁਸੀਂ ਆਪ ਫੈਸਲਾ ਕਰ ਲਓ.........।

ਸ੍ਰੀ ਸਪੀਕਰ : How can you say, ਕਿ ਗਿੱਲ ਸਾਹਿਬ ਦਾ ਸਬੰਧ ਹੈ। (How can you say that Shri Gill has any connection with it ?)

ਸ੍ਰੀ ਸੱਤਪਾਲ ਡਾਂਗ : ਸਪੀਕਰ ਸਾਹਿਬ, ਇਹ 26 ਤਾਰੀਖ ਦਾ ਵਾਕਿਆ ਹੈ, 27 ਤਾਰੀਖ ਦੀ ਛੁੱਟੀ ਸੀ। 28 ਤਾਰੀਖ ਨੂੰ ਪ੍ਰਤਾਪ ਅਖਬਾਰ ਦੇ ਵਿਚ ਇਹ ਖਬਰ ਦਿੱਤੀ ਹੈ, "ਖੰਨੇ ਮੇਂ ਮੁਕੰਮਲ ਹੜਤਾਲ, ਦੋ ਵਜ਼ੀਰੋਂ ਕੇ ਖਿਲਾਫ ਮੁਜ਼ਾਹਰਾ", ਫੇਰ ਖਬਰ ਆਈ 'ਸ਼ਹਿਰ ਮੇਂ ਮੁਕੰਮਲ ਹੜਤਾਲ'। 27 ਤਾਰੀਖ ਦੀ ਇਹ ਖਬਰ ਆਈ। ਫੇਰ 29 ਤਾਰੀਖ ਦੇ ਵੀਕਲੀ ਵਿਚ ਚਾਰ ਕਾਲਮਾਂ ਦੀ ਸੁਰਖੀ ਹੈ, ਇਹ ਪੰਜਾਬੀ ਦਾ ਪੇਪਰ ਹੈ। ਇਕ ਮੈਂ ਹੋਰ ਪਰਤਾਪ ਅਖਬਾਰ ਵਿਚੋਂ ਖਬਰ ਪੜ੍ਹ ਦਿਆਂ। ਇਹ ਪਰਤਾਪ ਅਖਬਾਰ ਨੇ ਫਰੰਟ ਪੇਜ ਤੇ ਇਕ ਵੱਡੀ ਸੁਰਖੀ ਹੇਠ ਖਬਰ ਛਾਪੀ ਹੈ, "ਡਿਪਟੀ ਵਜ਼ੀਰ ਸਰਦਾਰ ਸਰਦਾਰਾ ਸਿੰਘ ਕੋਹਲੀ ਨੇ ਖੰਨਾ ਮੇਂ ਫ਼ਿਰੋਜ਼ਪੁਰ ਕਾਂਡ ਦੁਹਰਾਇਆ। ਏ. ਐਸ. ਕਾਲਜ ਤੀਨ ਦਿਨ ਕੇ ਲੀਏ ਬੰਦ। ਸਰਦਾਰ ਸਰਦਾਰਾ ਸਿੰਘ ਕੋਹਲੀ ਨੇ ਪੁਲੀਸ ਕੋ ਮੈਜਿਸਟਰੇਟ ਕੀ ਅਦਮ ਮੌਜੂਦਗੀ ਮੇਂ ਖੁਦ ਹੀ ਲਾਠੀ ਚਾਰਜ ਦਾ ਹੁਕਮ ਦੇ ਦੀਆ, ਵੋਹ ਖੁਦ ਭੀ ਮੁਜ਼ਾਹਰੀਨ ਕੋ ਪੀਟਤੇ ਰਹੇ—ਪੰਜਾਬ ਪ੍ਰਜਾ ਸੋਸ਼ਲਿਸਟ ਪਾਰਟੀ ਕੇ ਚੇਅਰਮੈਨ ਸ੍ਰੀ ਹਰਭਜਨ ਸਿੰਘ ਕਾ ਬਿਆਨ। ਲੁਧਿਆਣਾ, 28 ਜਨਵਰੀ—ਮਾਲੂਮ ਹੂਆ ਹੈ ਕਿ ਏ. ਐਸ. ਕਾਲਜ ਖੰਨਾ ਕੀ ਇੰਤਜ਼ਾਮੀਅ ਕਮੇਟੀ ਨੇ ਜ਼ਿਲ੍ਹਾ ਅਹਿਕਾਮ ਕੇ ਸਾਥ ਬਾਤ ਚੀਤ ਕਰਨੇ ਕੇ ਬਾਅਦ ਕਾਲਜ ਕੋ ਤੀਨ ਦਿਨ ਕੇ ਲੀਏ ਬੰਦ ਕਰਨੇ ਕਾ ਫੈਸਲਾ।" (ਵਿਘਨ)

ਲੋਕ ਨਿਰਮਾਣ ਰਾਜ ਮੰਤਰੀ (ਸਰਦਾਰ ਨਰਿੰਦਰ ਸਿੰਘ) : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਇਹ ਹਾਊਸ ਦਾ ਟਾਈਮ ਜ਼ਾਇਆ ਕਰ ਰਹੇ ਹਨ।

ਸ੍ਰੀ ਸੱਤਪਾਲ ਡਾਂਗ : ਜੇ ਤੁਹਾਡਾ ਟਾਈਮ ਵੇਸਟ ਹੋ ਰਿਹਾ ਹੈ ਤਾਂ ਤੁਸੀਂ ਬਾਹਰ ਚਲੇ ਜਾਓ। ਤੁਹਾਡਾ ਟਾਈਮ ਤਾਂ ਹੀ ਠੀਕ ਰਹਿੰਦਾ ਹੈ ਜੇ ਲੋਕਾਂ ਉਤੇ ਲਾਠੀਆਂ ਚਲਦੀਆਂ ਰਹਿਣ। (ਸ਼ੋਰ) ਮੈਂ ਅਰਜ਼ ਕਰ ਰਿਹਾ ਸੀ ਕਿ 29 ਤਰੀਕ ਦੀ ਪਰਤਾਪ ਅਖਬਾਰ ਵਿਚ ਪਰਜਾ ਸੋਸ਼ਲਿਸਟ ਪਾਰਟੀ ਦੇ ਚੇਅਰਮੈਨ ਦਾ ਬਿਆਨ ਨਿਕਲਿਆ ਹੈ। (ਵਿਘਨ) ਪਰਜਾ ਸੋਸ਼ਲਿਸਟ ਪਾਰਟੀ ਯੂਨਾਈਟਿਡ ਫਰੰਟ ਵਿਚ ਸ਼ਾਮਲ ਨਹੀਂ ਹੈ। ਇਸ ਕਰਕੇ ਉਹ ਇੰਪਾਰਸ਼ਲ ਆਦਮੀ ਹਨ। ਉਨ੍ਹਾਂ ਨੇ ਜੋ ਕੁਝ ਆਪਣੇ ਬਿਆਨ ਵਿਚ ਕਿਹਾ ਹੈ ਉਹ ਮੈਂ ਤੁਹਾਡੇ ਰਾਹੀਂ.... ..(ਵਿਘਨ)

ਸ੍ਰੀ ਸਪੀਕਰ : ਉਹ ਆਪ ਮੌਕੇ ਤੇ ਨਹੀਂ ਸਨ। (He was not present on that occasion.)

ਸ੍ਰੀ ਸਤਪਾਲ ਡਾਂਗ : ਪਰ ਉਨ੍ਹਾਂ ਨੇ ਮੌਕੇ ਤੇ ਜਾ ਕੇ ਇਨਕੁਆਇਰੀ ਕੀਤੀ ਹੈ।

Mr. Speaker : That was done later on and not at that moment.

ਸ੍ਰੀ ਅ. ਵਿਸ਼ਵਨਾਥਨ : ਸਪੀਕਰ ਸਾਹਿਬ, ਇਕ ਮਜਿਸਟ੍ਰੇਟ ਜਦ ਇਨਕੁਆਇਰੀ ਕਰਦਾ ਹੈ ਤਾਂ ਉਹ ਮੌਕੇ ਤੇ ਹਾਜ਼ਰ ਨਹੀਂ ਹੁੰਦਾ ਤਾਂ ਕੀ ਉਸ ਦੀ ਇਨਕੁਆਇਰੀ ਠੀਕ ਨਾ ਮੰਨੀ ਜਾਵੇ ? (ਸ਼ੋਰ) ਐਮ.ਐਲ.ਏ. ਹਰ ਮੌਕੇ ਤੇ ਕਿਸ ਤਰ੍ਹਾਂ ਹਾਜ਼ਰ ਹੋ ਸਕਦਾ ਹੈ । ਉਹ ਅੰਤਰਯਾਮੀ ਤਾਂ ਨਹੀਂ ਹੈ । (ਸ਼ੋਰ)

ਸ੍ਰੀ ਲਾਲ ਚੰਦ ਸੱਬਰਵਾਲ : ਸਪੀਕਰ ਸਾਹਿਬ, ਇਹ ਜੁਡੀਸ਼ਲ ਇਨਕੁਆਇਰੀ ਨਹੀਂ ਕਿ ਹਰ ਇਕ ਦਾ ਉਥੇ ਮੌਕੇ ਤੇ ਹਾਜ਼ਰ ਹੋਣਾ ਜ਼ਰੂਰੀ ਹੋਵੇ । ਸੈਂਸਰ ਮੋਸ਼ਨ ਤੇ ਬੋਲਦਿਆਂ ਹੋਇਆਂ ਇਸ ਬਾਰੇ ਹਰ ਗੱਲ ਕਹੀ ਜਾ ਸਕਦੀ ਹੈ । ਅਖਬਾਰਾਂ ਦਾ ਕੀ ਵਿਯੂ ਹੈ, ਲੋਕਾਂ ਦਾ ਕੀ ਵਿਊ ਹੈ, ਇਹ ਗੱਲ ਦਸੀ ਜਾ ਸਕਦੀ ਹੈ । (ਸ਼ੋਰ)

ਸ੍ਰੀ ਸੱਤਪਾਲ ਡਾਂਗ : ਹੁਣ ਮੈਂ ਤੁਹਾਡੇ ਸਾਹਮਣੇ ਪਰਜਾ ਸੋਸ਼ਲਿਸਟ ਪਾਰਟੀ ਦੇ ਚੇਅਰਮੈਨ ਸਰਦਾਰ ਹਰਭਜਨ ਸਿੰਘ ਦਾ ਬਿਆਨ......

ਸ੍ਰੀ ਸਪੀਕਰ : ਮੈਂ ਤੁਹਾਨੂੰ ਇਹ ਪੁੱਛਦਾ ਹਾਂ ਕਿ ਹੋਰ ਕਿਸੇ ਨੇ ਵੀ ਬੋਲਣਾ ਹੈ ਜਾਂ ਨਹੀਂ, ਜਾਂ ਸਾਰਾ ਟਾਈਮ ਇਨ੍ਹਾਂ ਨੂੰ ਹੀ ਮਿਲਣਾ ਹੈ ? May I know if any other Member from the Opposition is also to speak or the hon. Member, now in possession of the House, is to be given the entire time at our disposal ?)

ਆਵਾਜ਼ਾਂ : ਅਸੀਂ ਵੀ ਬੋਲਣਾ ਹੈ ।

ਸ੍ਰੀ ਸਪੀਕਰ : ਤਾਂ ਫਿਰ, ਡਾਂਗ ਸਾਹਿਬ, ਤੁਸੀਂ ਟਾਈਮ ਦੇ ਮੁਤਾਬਕ ਹੀ ਬੋਲੋ । (Then I would request Shri Dang to have his say keeping in view the availability of time.)

ਆਵਾਜ਼ਾਂ : ਹਾਊਸ ਨੂੰ ਐਕਸਟੈਂਡ ਕਰ ਦਿਉ ।

ਮੁੱਖ ਮੰਤਰੀ : ਹਾਊਸ ਐਕਸਟੈਂਡ ਨਹੀਂ ਕਰਨ ਦਿਆਂਗੇ ।

ਸ੍ਰੀ ਸੱਤਪਾਲ ਡਾਂਗ : ਜਨਾਬ, ਬਿਲ ਵਾਸਤੇ ਅੱਧਾ ਘੰਟਾ ਰੱਖਿਆ ਸੀ ਪਰ ਉਸ ਵਾਸਤੇ ਇਨ੍ਹਾਂ ਨੇ ਡੇਢ ਘੰਟਾ ਲਗਾਇਆ ।

ਸ੍ਰੀ ਸਪੀਕਰ : ਬਿਲ ਤਾਂ 4 ਵਜੇ ਖ਼ਤਮ ਹੋ ਗਏ ਸਨ । (The bills were disposed of at 4-00 p.m.)

ਸ੍ਰੀ ਸੱਤਪਾਲ ਡਾਂਗ : ਤੇ ਮੈਂ, ਸਪੀਕਰ ਸਾਹਿਬ, ਤੁਹਾਡੇ ਸਾਹਮਣੇ ਪਰਜਾ ਸੋਸ਼ਲਿਸਟ ....

ਸ੍ਰੀ ਸਪੀਕਰ : ਡਾਂਗ ਸਾਹਿਬ, ਇਹ ਮੇਰੇ ਕੋਲ ਰਿਕਾਰਡ ਆ ਗਿਆ ਹੈ । ਤੁਸੀਂ 3.55 ਤੇ ਬੋਲਣਾ ਸ਼ੁਰੂ ਕੀਤਾ ਸੀ । (Mr. Dang, I have gone through the record. You started speaking at 3.55 p.m.)

ਸ੍ਰੀ ਸੱਤਪਾਲ ਡਾਂਗ : ਸਪੀਕਰ ਸਾਹਿਬ, ਇੰਟਰਪਸ਼ਨ ਬਹੁਤ ਹੁੰਦੀਆਂ ਰਹੀਆਂ ਹਨ। ਉਨ੍ਹਾਂ ਨੂੰ ਚੈਕ ਕਰਨਾ ਤੇ ਰੋਕਣਾ ਸਪੀਕਰ ਸਾਹਿਬ ਤੁਹਾਡਾ ਕੰਮ ਹੈ (ਸ਼ੋਰ) ਤੇ, ਸਪੀਕਰ ਸਾਹਿਬ, ਪਰਜਾ ਸੋਸ਼ਲਿਸਟ ਪਾਰਟੀ ਦੇ ਚੇਅਰਮੈਨ ਸਰਦਾਰ ਹਰਭਜਨ ਸਿੰਘ ਨੇ ਮੌਕੇ ਤੇ ਜਾ ਕੇ ਜੋ ਇਨਕੁਆਇਰੀ ਕੀਤੀ, ਉਹ 29 ਤਾਰੀਖ ਦੇ ਪਰਤਾਪ ਵਿਚ ਇਸ ਤਰ੍ਹਾਂ ਛਪੀ ਹੈ:--

"सरदार सरदारा सिंह कोहली ने पुलिस को मैजिस्ट्रेट की अदम मौजूदगी में खुद ही लाठी चार्ज करने का हुकम दे दिया। वह खुद भी मुज़ाहरीन को पीटते रहे। पंजाब प्रजा सोशलिस्ट पार्टी के चेयरमैन सरदार हरभजन सिंह का ब्यान लुध्याना–28 जनवरी : मालूम हुआ है कि ए. एस. कालज खन्ना की इन्तज़ामिया कमेटी ने ज़िला हुक्काम के साथ बात चीत करने के बाद कालेज को सोमवार से 3 दिन के लिए बंद करने का फैसला किया है क्योंकि कालज में राज्य मंत्री सरदार गुरचरण सिंह के खिलाफ मुज़ाहरे ने कसबे के हालात को बिगाड़ दिया था और पुलिस ने तीन बार लाठी चार्ज किया था। तुलबा ने कल भी हड़ताल रखी थी और प्रोटैस्ट जलूस निकाला था।

एक और इतलाह है कि पंजाब प्रजा सोशलिस्ट पार्टी के चेयरमैन श्री हरभजन सिंह ने खन्ना के 26 जनवरी के वाक़यात और पुलिस लाठी चार्ज के मुतअल्लिक मौके पर पहुंच कर इन्क्वायरी करने के बाद एक ब्यान में डिप्टी मिनिस्टर सरदार सरदारा सिंह कोहली के रवैये की पुरज़ोर मुज़म्मत की और कहा कि इन्होंने बगैर किसी मैजिस्ट्रेट की मौजूदगी के खुद ही पुलिस को लाठी चार्ज करने का हुक्म दे दिया। इस के अलावा खुद भी लोगों को पीटना शुरू कर दिया। आप ने कहा कि श्री कोहली ने खन्ने में वैसे ही सूरते हाल पैदा कर दी जैसी कि श्री बख्तावर सिंह ने फिरोज़पुर में पैदा की थी। उन्होंने भी तुलबा को खुद ही पीटना शुरू कर दिया और धमकी दी थी.........वगैरह वगैरह।

ਫਿਰ ਸਪੀਕਰ ਸਾਹਿਬ, ਮੇਰੇ ਕਲ 30 ਜਨਵਰੀ ਦਾ ਪ੍ਰਤਾਪ ਹੈ। (ਵਿਘਨ 30 ਜਨਵਰੀ। ਇਸ ਦੇ ਐਡੀਟੋਰੀਅਲ ਵਿਚ ਮੰਗ ਕੀਤੀ ਗਈ ਹੈ ਕਿ ਸਰਦਾਰ ਸਰਦਾਰਾ ਸਿੰਘ ਕੋਹਲੀ ਨੂੰ ਬਰਤਰਫ ਕਰ ਦਿਤਾ ਜਾਵੇ। 26 ਜਨਵਰੀ ਨੂੰ ਇਹ ਐਕਸੀਡੈਂਟ ਹੋਇਆ। ਕਾਫੀ ਤਸੱਲੀ ਕਰਕੇ ਸ੍ਰੀ ਵੀਰੇਂਦਰ ਨੇ ਕੋਹਲੀ ਸਾਹਿਬ ਨੂੰ ਡਿਸਮਿਸ ਕਰਨ ਦੀ ਮੰਗ ਕੀਤੀ। ਫਿਰ, ਸਪੀਕਰ ਸਾਹਿਬ, ਮੇਰੇ ਕੋਲ ਹਿੰਦ ਸਮਾਚਾਰ ਹੈ। ਇਸ ਅਖਬਾਰ ਵਿਚ ਛਪਿਆ ਹੈ ਕਿ ਕੋਹਲੀ ਸਾਹਿਬ ਨੇ ਲਾਠੀ ਚਾਰਜ ਕਰਵਾਇਆ। ਫਿਰ ਮੇਰੇ ਕੋਲ ਕਾਂਗਰਸ ਦਾ ਅਖਬਾਰ ਹੈ। ਸ੍ਰੀ ਯਸ਼ ਜੀ ਦਾ। ਇਸ ਵਿਚ ਲਿਖਿਆ ਹੈ ਕਿ ਲਾਠੀ ਚਾਰਜ ਹੋਇਆ। ਸਪੀਕਰ ਸਾਹਿਬ, ਲਾਠੀ ਚਾਰਜ ਹੋਇਆ। ਤਾਂ ਵੀ ਇਹ ਮੁਨਕਰ ਹੁੰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ 26 ਜਨਵਰੀ ਨੂੰ ਉਥੇ ਲਾਠੀ ਚਾਰਜ ਹੋਇਆ।

ਫਿਰ, ਸਪੀਕਰ ਸਾਹਿਬ, ਟਰਿਬਿਊਨ ਇਕ ਇੰਪਾਰਸ਼ਲ ਅਖਬਾਰ ਹੈ। ਇਸ ਨੇ ਸਾਰੇ ਲੋਕਾਂ ਦੇ ਵਿਯੂ ਦਿਤੇ ਹਨ। ਆਪਣੇ ਕਾਰਸਪਾਂਡੈਂਟ ਦੇ ਵੀ ਅਤੇ ਯੂਨਾਇਟਿਡ ਫਰੰਟ ਦੇ ਵੀ ਬਿਆਨ ਛਾਪੇ ਹਨ ਅਤੇ ਡੀ.ਸੀ. ਦਾ ਪ੍ਰੈਸ ਨੋਟ ਵੀ ਛਾਪਿਆ ਹੈ। ਖੰਨੇ ਦੀ ਘਟਨਾ ਦਾ ਕਿਸੇ ਵੀ ਕਮਿਊਨਲ ਪਾਰਟੀ ਨਾਲ ਸਬੰਧ ਨਹੀਂ ਸੀ, ਪਰ ਮੈਨੂੰ ਅਫ਼ਸੋਸ ਹੈ ਕਿ ਡੀ. ਸੀ. ਦੇ

ਪ੍ਰੈਸ ਨੋਟ ਵਿਚ ਇਹ ਕਿਹਾ ਗਿਆ ਕਿ ਇਹ ਕਮਿਉਨਿਲ ਪਾਰਟੀਆਂ ਦਾ ਕੰਮ ਹੈ । ਸਪੀਕਰ ਸਾਹਿਬ, ਇਹ ਜਮਹੂਰੀਅਤ ਹੈ । ਸਾਡੇ ਵਿਧਾਨ ਵਿਚ ਲਿਖਿਆ ਹੈ ਕਿ ਹਰ ਆਦਮੀ ਜਲਸੇ ਜਲੂਸ ਕਰ ਸਕਦਾ ਹੈ । ਪਰ ਇਸ ਡਿਪਟੀ ਮਨਿਸਟਰ ਨੇ ਹੁਕਮ ਦਿਤਾ.....(ਸ਼ੋਰ)

ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਅਗਰ ਇਕ ਮਨਿਸਟਰ ਸਾਹਿਬ ਉਹ ਕਰਨ ਜੋ ਕੁਝ ਕੋਹਲੀ ਸਾਹਿਬ ਨੇ ਕੀਤਾ ਹੈ ਤਾਂ ਸਰਕਾਰ ਨੂੰ ਉਨ੍ਹਾਂ ਨੂੰ ਡਿਸਮਿਸ ਕਰ ਦੇਣਾ ਚਾਹੀਦਾ ਹੈ । ਜੇ ਨਹੀਂ ਕਰਦੇ ਤਾਂ ਇਸ ਜਮਹੂਰੀਅਤ ਦਾ ਕੀ ਨਤੀਜਾ ਨਿਕਲੇਗਾ ? ਇਹ ਸਵਾਲ ਬੜਾ ਗੰਭੀਰ ਹੈ । ਪੰਜਾਬ ਵਿਚ ਸੁਪਰੀਮ ਕੋਰਟ ਦੇ 12 ਫੈਸਲਿਆਂ ਨੂੰ ਰੱਦ ਕਰਕੇ ਪੰਜਾਬ ਰੋਡਵੇਜ਼ ਦੇ ਵਰਕਰਾਂ ਨੂੰ ਵਾਪਸ ਕੰਮ ਤੇ ਨਹੀਂ ਆਣ ਦਿਤਾ ਗਿਆ....(ਵਿਘਨ)

Mr. Speaker : Please do not discuss this matter. I would not allow.

ਸ੍ਰੀ ਸਤਪਾਲ ਡਾਂਗ : ਮੈਂ ਅਰਜ਼ ਕਰ ਰਿਹਾ ਸੀ ਕਿ ਕੋਈ ਸੈਂਸ਼ਰ ਮੋਸ਼ਨ ਕਿਸੇ ਵੀ ਪਰਟੀਕੂਲਰ ਪਰਸਨ ਦੇ ਖਿਲਾਫ ਆਵੇ ਤਾਂ ਉਸ ਨੂੰ ਕੰਨਡੋਨ ਨਹੀਂ ਕਰਨਾ ਚਾਹੀਦਾ । ਉਸ ਨੂੰ ਬਰਦਾਸ਼ਤ ਨਹੀਂ ਕਰਨਾ ਚਾਹੀਦਾ । ਨਹੀਂ ਤਾਂ ਇਹ ਪੰਜਾਬ ਦੇ ਲੋਕਾਂ ਲਈ ਔਰ ਜਮਹੂਰੀਅਤ ਲਈ ਠੀਕ ਨਹੀਂ ਹੋਵੇਗਾ। ਮੈਂ ਕਿਸੇ ਖਾਸ ਮੁਕੱਦਮੇ ਦੀ ਗੱਲ ਨਹੀਂ ਕਰਦਾ । (ਸ਼ੋਰ)

ਇਕ ਮਾਨਯੋਗ ਮੈਂਬਰ : ਇਨ੍ਹਾਂ ਨੂੰ ਚੁਪ ਕਰਵਾਉ ਜੀ ।

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਤਾਂ ਖਦ ਲੋਕਾਂ ਨੂੰ ਕਹਿੰਦੇ ਹਨ ਕਿ ਲੋਕਾਂ ਨੂੰ ਕੁਟੋ । (ਸ਼ੋਰ) ਇਸ ਨਾਲ ਪੁਲਿਸ ਦਾ ਹੌਸਲਾ ਵਧਦਾ ਹੈ ਤੇ ਉਹ ਲੋਕਾਂ ਨੂੰ ਥਾਣਿਆਂ ਵਿਚ ਬੰਦ ਕਰਕੇ ਕੁੱਟ ਰਹੀ ਹੈ । (ਸ਼ੋਰ) ਮੋਗੇ ਵਿਚ ਕੀ ਹੋਇਆ ?

Mr. Speaker : I would request the hon. Member not to discuss the Moga case or any other case. The House is discussing the Censure Motion against Sardar Sardar Singh Kohli.

ਸ੍ਰੀ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਡੇ ਅਗੇ ਰਿਕੁਐਸਟ ਕਰਦਾ ਹਾਂ ਕਿ ਇਹ ਬੜਾ ਗੰਭੀਰ ਮਾਮਲਾ ਹੈ । ਮੈਂ ਅਰਜ਼ ਕਰਦਾ ਹਾਂ ਕਿ ਸੈਂਸ਼ਰ ਮੋਸ਼ਨ ਡਿਸਕਸ ਹੋ ਰਿਹਾ ਹੈ । ਪੰਜਾਬ ਵਿਚ ਕਿਸ ਕਿਸ ਤਰ੍ਹਾਂ ਦੀਆਂ ਇਰਰੈਗੂਲੈਰਿਟੀਜ਼ ਹੋ ਰਹੀਆਂ ਹਨ । ਜੇ ਇਹ ਇਸ ਨੂੰ ਕੰਨਡੋਨ ਕਰਦੇ ਹਨ ਤਾਂ ਇਹ ਗੈਰ-ਕਾਨੂੰਨੀ ਕਰ ਰਹੇ ਹਨ । (ਸ਼ੋਰ) (ਘੰਟੀ) ਬਸ ਜੀ, ਮੈਂ ਖ਼ਤਮ ਕਰਦਾ ਹਾਂ । ਮੈਂ ਅਰਜ਼ ਕਰ ਰਿਹਾ ਸੀ ਕਿ ਇਸ ਗੱਲ ਨੂੰ ਬਰਦਾਸ਼ਤ ਨਹੀਂ ਕਰਨਾ ਚਾਹੀਦਾ, ਕਨਡੋਨ ਨਹੀਂ ਕਰਨਾ ਚਾਹੀਦਾ। ਤੁਹਾਡੇ ਸਾਹਮਣੇ ਰੋਡਵੇਜ਼ ਵਰਕਰਾਂ ਨੂੰ ਕੰਮ ਤੇ ਨਹੀਂ ਆਉਣ ਦਿਤਾ ਗਿਆ ਅਤੇ ਉਨ੍ਹਾਂ ਨੂੰ ਕੁਟਿਆ ਜਾ ਰਿਹਾ ਹੈ.... (ਸ਼ੋਰ) (ਵਿਘਨ)

ਟ੍ਰਾਂਸਪੋਰਟ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਮਜੀਠਾ) : ਇਹ ਬਿਲਕੁਲ ਗਲਤ ਹੈ ।

ਸ੍ਰੀ ਸੱਤਪਾਲ ਡਾਂਗ : ਮੈਂ ਇਨ੍ਹਾਂ ਨੂੰ ਅਰਜ਼ ਕਰਦਾ ਹਾਂ ਕਿ ਪੰਜਾਬ ਵਿਚ ਜਮਹੂਰੀਅਤ ਨੂੰ ਬਚਾਣ ਲਈ, ਆਪਣੀ ਜ਼ਮੀਰ ਨੂੰ ਬਚਾਉਣ ਲਈ, ਇਸ ਕਿਸਮ ਦੇ ਐਕਸ਼ਨ ਨੂੰ ਕੰਨਡੋਨ ਨਹੀਂ ਕੀਤਾ ਜਾਣਾ ਚਾਹੀਦਾ ਅਤੇ ਸਰਦਾਰ ਸਰਦਾਰਾ ਸਿੰਘ ਕੋਹਲੀ ਦਾ ਬਿਸਤਰਾ ਗੋਲ ਕਰ ਦੇਣਾ ਚਾਹੀਦਾ ਹੈ । ਨਹੀਂ ਤਾਂ ਇਸ ਗੌਰਮਿੰਟ ਦਾ ਆਪਣਾ ਹੀ ਬਿਸਤਰਾ ਗਲ ਹੋ ਜਾਵੇਗਾ । (ਹਾਸਾ) (ਸ਼ੋਰ)

Mr. Speaker : Motion moved—

That this House expresses its want of confidence in the Deputy Minister, Sardar Sardar Singh Kohli, for his misconduct towards the public at Khanna on the 26th January, 1968, resulting in brutal lathi charge on the people by the Police.

ਸ੍ਰੀ ਸਪੀਕਰ ; ਇਕ ਘੰਟਾ ਤਾਂ ਤੁਸੀਂ ਲਿਆ ਹੈ। ਹੋਰ ਕਿੰਨਾ ਚਿਰ ਲੈਣਾ ਹੈ ਤੁਸੀਂ ? (One hour has been taken by the mover. How much more time would the Opposition need ?)

ਸ੍ਰੀ ਲਾਲ ਚੰਦ ਸੱਭਰਵਾਲ : ਬਿਲਾਂ ਵਾਲੇ ਅੱਧੇ ਘੰਟੇ ਦੀ ਬਜਾਏ ਤੁਸੀਂ ਹੋਰ ਟਾਈਮ ਅਕਸਟੈਂਡ ਕੀਤਾ ਸੀ ।

ਸ੍ਰੀ ਅ. ਵਿਸ਼ਵਨਾਥਨ : ਦਸ, ਦਸ ਮਿੰਟ ਦੇ ਦਿਉ ਲੇਕਿਨ ਵਜ਼ੀਰ ਸਾਹਿਬਾਨ ਨੂੰ ਵਿਚੋਂ ਬੋਲਣ ਤੋਂ ਰੋਕੋ ।

ਸ੍ਰੀ ਸਪੀਕਰ : ਕਿੰਨਾਂ ਕਿੰਨਾਂ ਟਾਈਮ ਲੈਣਾ ਹੈ। (How much time would every member require ?)

(ਅਪੋਜ਼ੀਸ਼ਨ ਵਲੋਂ ਆਵਾਜ਼ਾਂ : ਟਾਈਮ ਐਕਸਟੈਂਡ ਕਰਨਾ ਚਾਹੀਦਾ ਹੈ ।) (ਸ਼ੋਰ)

ਸ੍ਰੀ ਸਪੀਕਰ : ਚੌਧਰੀ ਕਰਤਾਰ ਸਿਘ ।

ਸਹਿਕਾਰਤਾ ਅਤੇ ਸੰਸਦੀ ਮਾਮਲਿਆਂ ਸੰਬੰਧੀ ਮੰਤਰੀ (ਚੌਧਰੀ ਕਰਤਾਰ ਸਿੰਘ) : ਮੇਰੇ ਫਾਜ਼ਲ ਦੋਸਤ ਸ੍ਰੀ ਡਾਂਗ ਸਾਹਿਬ ਨੇ ਇਥੇ ਸਾਡੇ ਸਾਹਮਣੇ ਖੜ੍ਹੇ ਹੋਕੇ ਜੋ ਕਿਹਾ, ਅਖ਼ਬਾਰਾਂ ਪੜ੍ਹ ਕੇ ਸੁਣਾਈਆਂ, ਮੈਂ ਅਰਜ਼ ਕਰਾਂ ਕਿ ਮੈਨੂੰ ਇਕ ਸ਼ੇਅਰ ਯਾਦ ਆ ਗਿਆ "ਇਤਨੀ ਸੀ ਬਾਤ ਜਿਸ ਕਾ ਅਫ਼ਸਾਨਾ ਕਰ ਦੀਆ" ਗੱਲ ਕੁਝ ਵੀ ਨਹੀਂ ਤੇ ਇਨ੍ਹਾਂ ਨੇ ਵੈਸੇ ਹੀ ਅਡੀ ਵਡੀ ਗੱਲ ਬਣਾ ਦਿਤੀ ਹੈ । (ਸ਼ੋਰ)

ਲੈਫਟੀਨੈਂਟ ਭਾਗ ਸਿਘ : ਡਾਂਗ ਸਾਹਿਬ ਕੁਝ ਅਖਬਾਰ ਫੜਾ ਰਹੇ ਹਨ, ਕੀ ਤੁਸੀਂ ਇਜਾਜ਼ਤ ਦਿਤੀ ਸੀ ?

ਸ੍ਰੀ ਸਪੀਕਰ : ਜਿਹੜੇ ਅਖਬਾਰ ਪੜ੍ਹੇ ਨੇ ਉਹੀ ਦਿੱਤੇ ਹਨ । (Only those news papers have been handed over, from which excerpts were read out in the House.)

ਸਹਿਕਾਰਤਾ ਅਤੇ ਸੰਸਦੀ ਮਾਮਲਿਆਂ ਸਬੰਧੀ ਮੰਤਰੀ : ਸ਼ਾਮ ਦੇ ਚਾਰ ਵਜੇ ਦਾ ਵਕਤ ਸੀ, ਉਥੇ ਮੁਜ਼ਾਹਰਾ ਕਰਨ ਵਾਲਿਆਂ ਵਿਚ ਜਨ ਸੰਘ, ਕਮਿਊਨਿਸਟ ਤੇ ਸੰਤ ਗਰੁਪ ਦੇ ਆਦਮੀ ਸਨ ।

ਲੋਕ ਨਿਰਮਾਣ ਰਾਜ ਮੰਤਰੀ (ਸਰਦਾਰ ਨਰਿੰਦਰ ਸਿੰਘ) : ਆਨ ਏ ਪੁਆਇੰਟ ਆਫ਼ ਆਰਡਰ, ਸਰ। ਇਹ ਕੋਈ ਲਾਇਬ੍ਰੇਰੀ ਹੈ ਜਿਥੇ ਹਰ ਇਕ ਨੇ ਆਖਬਾਰ ਖੋਲ੍ਹੀ ਹੋਈ ਹੈ ਔਰ ਆਖ਼ਬਾਰ ਪੜ੍ਹ ਰਹੇ ਸਨ ।

(ਆਪੋਜ਼ੀਸ਼ਨ ਵਲ ਇਸ਼ਾਰਾ ਕਰਦੇ ਹੋਏ) (ਸ਼ੋਰ)

ਸ੍ਰੀ ਲਾਲ ਚੰਦ ਸੱਬਰਵਾਲ : ਜੇ ਇਨ੍ਹਾਂ ਨੇ ਇਸ ਤਰ੍ਹਾਂ ਹੀ ਟਾਈਮ ਖਰਾਬ ਕਰਨਾ ਹੈ ਤਾਂ ਟਾਈਮ ਐਕਸਟੈਂਡ ਕਰੋ ।

ਸਹਿਕਾਰਤਾ ਅਤੇ ਸਸਦੀ ਮਾਮਲਿਆਂ ਸਬੰਧੀ ਮੰਤਰੀ (ਚੌਧਰੀ ਕਰਤਾਰ ਸਿੰਘ) : ਉਥੇ ਪੁਲਿਸ ਨਾ ਹੋਣ ਦੇ ਬਰਾਬਰ ਸੀ, ਵੱਧ ਤੋਂ ਵਧ ਚਾਰ ਸਿਪਾਹੀ ਸਨ (ਸ਼ੋਰ) ਸਪੀਕਰ ਸਾਹਿਬ, ਮੈਂ ਮੁਅਜ਼ਿਜ਼ ਮੈਂਬਰਾਂ ਨੂੰ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਇਨ੍ਹਾਂ ਨੇ ਆਪਣੇ ਵਿਚਾਰ ਰੱਖੇ ਹਨ ਔਰ ਹੁਣ ਦੂਸਰਿਆਂ ਦੇ ਵਿਚਾਰ ਚੰਗੀ ਤਰ੍ਹਾਂ ਨਾਲ ਸੁਣਨ । ਮੈਂ ਅਰਜ਼ ਕਰਦਾ ਹਾਂ ਕਿ ਪੁਲਿਸ ਨਾ ਹੋਣ ਦੇ ਬਰਾਬਰ ਸੀ । ਉਥੇ ਸਿਰਫ ਚਾਰ ਕੰਸਟੇਬਲ ਸਨ । ਪਬਲਿਕ ਨੇ ਜਦ ਵੇਖਿਆ ਰੌਲਾ ਪੈ ਰਿਹਾ ਹੈ, ਮਾਬ ਸਟੇਜ ਵਲ ਆ ਰਿਹਾ ਹੈ, ਕੋਹਲੀ ਸਾਹਿਬ ਨੂੰ ਉਨ੍ਹਾਂ ਤੋਂ ਖਤਰਾ ਹੈ ਤਾਂ ਉਸ ਵੇਲੇ ਪਬਲਿਕ ਨੇ ਧੱਕੇ ਮਾਰ ਕੇ ਉਨ੍ਹਾਂ ਨੂੰ ਪਰੇ ਕੀਤਾ । ਉਥੇ ਪੁਲਿਸ ਕੋਈ ਨਹੀਂ ਸੀ (ਸ਼ੋਰ) ਸਪੀਕਰ ਸਾਹਿਬ, ਮਾੜਾ ਸਲੂਕ ਇਹ ਹੈ ਕਿ 26 ਤਾਰੀਖ਼ ਦੇ ਵਾਕਿਆਤ ਤੋਂ ਬਾਦ 27 ਤਾਰੀਖ਼ ਆਈ ਤਾਂ ਉਸ ਦਿਨ ਜਨ ਸਘ ਤੇ ਕਮਿਊਨਿਸਟ ਪੁਲਿਟੀਕਲ ਵਰਕਰਜ਼ ਨੇ ਜ਼ਬਰਦਸਤੀ ਹੜਤਾਲਾਂ ਕਰਾਈਆਂ । ਇਹ ਮੇਰੇ ਕੋਲ ਕੁਝ ਤਸਵੀਰਾਂ ਹਨ ਇਸ ਦੇ ਸਬੂਤ ਵਿਚ । ਇਨ੍ਹਾਂ ਨੂੰ ਦੇਖ ਲਉ ਜਨਾਬ ।

ਸਰਦਾਰ ਹਰਭਗਵਾਨ ਸਿੰਘ : ਆਨ ਏ ਪੁਆਇੰਟ ਆਫ ਆਰਡਰ । ਇਹ ਕਹਿੰਦੇ ਨੇ ਉਥੇ ਪੁਲਿਟੀਕਲ ਪਾਰਟੀਆਂ ਦੇ ਮੈਂਬਰਜ਼ ਸਨ । ਇਹ ਬਿਲਕੁਲ ਗਲਤ ਹੈ ।

ਸਹਿਕਾਰਤਾ ਅਤੇ ਸੰਸਦੀ ਮਾਮਲਿਆਂ ਸਬੰਧੀ ਮੰਤਰੀ : 26 ਤਾਰੀਖ ਦੀ ਸ਼ਾਮ ਨੂੰ ਸਰਦਾਰ ਸੁਦਾਗਰ ਸਿੰਘ ਇਕ ਵਪਾਰੀ, ਕੋਹਲੀ ਸਾਹਿਬ ਨੂੰ ਸ਼ਾਮ ਨੂੰ ਚਾਹ ਪਿਲਾਉਣ ਲਈ ਆਪਣੇ ਘਰ ਲੈ ਗਿਆ । ਦੂਜੇ ਦਿਨ ਜਦ ਹੜਤਾਲ ਹੋਈ ਤਾਂ ਸਰਦਾਰ ਸੁਦਾਗਰ ਸਿੰਘ ਤੇ ਇਕ ਹੋਰ ਵਪਾਰੀ ਸਰਦਾਰ ਲੋੜੀਂਦਾ ਸਿੰਘ ਨੇ ਦੁਕਾਨਾਂ ਬੰਦ ਕਰਨ ਤੋਂ ਇਨਕਾਰ ਕਰ ਦਿਤਾ ਪਰ ਜ਼ਬਰਦਸਤੀ ਇਨ੍ਹਾਂ ਦੀਆਂ ਦੁਕਾਨਾਂ ਬੰਦ ਕਰਾਈਆਂ ਗਈਆਂ ।

श्री अ. विश्वनाथन : यह जिस का जिक्र कर रहे हैं, यह मामला सबजुडिस केस से ताल्लुक रखता है । इस लिए इन का जिक्र नहीं होना चाहिए ।

(ਵਿਘਨ)

ਸਹਿਕਾਰਤਾ ਅਤੇ ਸੰਸਦੀ ਮਾਮਲਿਆਂ ਸਬੰਧੀ ਮੰਤਰੀ : ਅਸੀਂ ਤੇਰੀ ਇੱਜ਼ਤ ਕਰਦੇ ਰਹੇ ਜਦ ਤੂੰ ਸਾਡਾ ਲੀਡਰ ਸੀ (ਸ਼ੋਰ) ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰ ਰਿਹਾ ਹਾਂ ਕਿ 27 ਤਾਰੀਖ ਦੀ ਸਵੇਰੇ ਕਮਿਊਨਿਸਟ ਤੇ ਜਨ ਸੰਘ ਵਰਕਰਜ਼ ਨੇ ਹੜਤਾਲ ਕਰਾਈ । ਸਰਦਾਰ ਸੁਦਾਗਰ ਸਿੰਘ ਤੇ ਸਰਦਾਰ ਲੁੜੀਂਦਾ ਸਿੰਘ ਦੀਆਂ ਦੁਕਾਨਾਂ ਜ਼ਬਰਦਸਤੀ ਬੰਦ ਕਰਾਈਆਂ ਗਈਆਂ । (ਸ਼ੋਰ)

ਸ੍ਰੀ ਸੱਤਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ, ਸਰ । ਮੈਂ ਅਰਜ਼ ਕਰਦਾ ਹਾਂ ਕਿ, ਜਿਹੜਾ 27 ਤਾਰੀਖ ਦਾ ਕਚਹਿਰੀ ਵਿਚ ਕੇਸ ਚਲਦਾ ਹੈ, ਇਹ ਉਸੇ ਬਾਰੇ ਜ਼ਿਕਰ ਕਰ ਰਹੇ ਹਨ । ਤੁਸੀਂ ਇਨ੍ਹਾਂ ਨੂੰ ਰੋਕੋ ।

ਸ੍ਰੀ ਸਪੀਕਰ : ਡਾਂਗ ਸਾਹਿਬ, ਮੈਂ ਤਾਂ ਤੁਹਾਨੂੰ ਵੀ 26 ਤਾਰੀਖ ਬਾਰੇ ਨਹੀਂ ਰੋਕਿਆ । ਚੌਧਰੀ ਸਾਹਿਬ, ਤੁਸੀਂ 26 ਤਾਰੀਖ ਬਾਰੇ ਹੀ ਕਹੋ । (I did not

[ਸ੍ਰੀ ਸਪੀਕਰ]

prevent even Shri Dang to discuss the incident of the 26th January. The hon. Minister should confine himself to the happenings of the 26th January, 1968, only.)

ਸਹਿਕਾਰਤਾ ਅਤੇ ਸੰਸਦੀ ਮਾਮਲਿਆਂ ਸਬੰਧੀ ਮੰਤਰੀ : ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਡਾਂਗ ਸਾਹਿਬ ਨੇ ਆਪਣੇ ਖਿਆਲਾਤ ਹਾਊਸ ਵਿਚ ਰੱਖੇ ਹਨ । ਉਨ੍ਹਾਂ ਨੇ 26 ਤਾਰੀਖ ਦਾ ਵੀ ਜ਼ਿਕਰ ਕੀਤਾ ਹੈ ਅਤੇ 27 ਤਾਰੀਖ ਦਾ ਵੀ ਕੀਤਾ ਹੈ । ਲੇਕਿਨ ਮੈਂ ਕਹਿੰਦਾ ਹਾਂ ਕਿ 27 ਤਾਰੀਖ ਨੂੰ ਜਿਹੜੀਆਂ ਦੁਕਾਨਾਂ ਜਲਾਈਆਂ ਗਈਆਂ ਹਨ ।

(ਸ਼ੋਰ)

ਮੇਰੇ ਪਾਸ ਉਨ੍ਹਾਂ ਦੁਕਾਨਾਂ ਦੀਆਂ ਫੋਟੋਆਂ ਹਨ । (ਇਸ ਵੇਲੇ ਚੌਧਰੀ ਸਾਹਿਬ ਨੇ ਫੋਟੋ ਦਿਖਾਈਆਂ) ਜੇ ਇਜਾਜ਼ਤ ਹੋਵੇ ਤਾਂ ਮੈਂ ਫੋਟੋ ਮੇਜ਼ ਤੇ ਰਖਦਾ ਹਾਂ ।

ਸ੍ਰੀ ਸਤਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ ਸਰ । ਇਨ੍ਹਾਂ ਨੇ ਅੱਗ ਬਾਅਦ ਵਿਚ ਆਪ ਹੀ ਲਵਾਈਆਂ ਹਨ ।

ਸ੍ਰੀ ਅ. ਵਿਸ਼ਵਨਾਥਨ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰਾਂ ਸਾਹਿਬ, ਇਹ ਜੋ ਫੋਟੋ ਦਿਖਾਈਆਂ ਜਾ ਰਹੀਆਂ ਹਨ, ਇਹ ਸਬ-ਜੁਡਿਸ ਕੇਸ ਨਾਲ ਸਬੰਧ ਰੱਖਦੀਆਂ ਹਨ, ਇਨ੍ਹਾਂ ਨੂੰ ਮੇਜ਼ ਤ ਰੱਖਣ ਦੀ ਇਜਾਜ਼ਤ ਨਾ ਦਿੱਤੀ ਜਾਵੇ ।

Mr. Speaker : These photos should not be laid on the Table of the House. This should not form part of the proceedings.

(At this stage the photos were returned to the Finance Minister.)

ਸ੍ਰੀ ਬਲਰਾਮਜੀ ਦਾਸ ਟੰਡਨ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਆਪ ਨੇ ਭੀ ਰੂਲਿੰਗ ਦਿਤੀ ਹੈ ਕਿ 26 ਤਾਰੀਖ ਦੇ ਬਾਰੇ ਕਿਹਾ ਜਾਵੇ ਔਰ 27 ਤਾਰੀਖ ਬਾਰੇ ਨਾ ਕਿਹਾ ਜਾਵੇ । ਪਰ ਪਤਾ ਨਹੀਂ ਇਹ ਫਿਰ 27 ਦਾ ਕਿਉਂ ਜ਼ਿਕਰ ਕਰਦੇ ਹਨ ।

(ਸ਼ੋਰ)

ਆਬਕਾਰੀ ਤੇ ਕਰ ਮੰਤਰੀ (ਸਰਦਾਰ ਹਰਭਜਨ ਸਿੰਘ) **:** ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ ਡਾਂਗ ਸਾਹਿਬ ਨੇ ਅੰਮ੍ਰਿਤਸਰ ਦੇ ਲਾਠੀਚਾਰਜ ਬਾਰੇ ਜ਼ਿਕਰ ਕੀਤਾ ਸੀ । ਕੀ ਇਹ ਵੀ ਧੰਨੇ ਨਾਲ ਸਬੰਧਤ ਹੈ ?

(ਸ਼ੋਰ) (ਵਿਘਨ)

ਸਹਿਕਾਰਤਾ ਅਤੇ ਸੰਸਦੀ ਮਾਮਲਿਆਂ ਸਬੰਧੀ ਮੰਤਰੀ : ਅੱਛਾ ਜੀ, ਮੈਂ 27 ਤਾਰੀਖ ਦੇ ਬਾਰੇ ਕੁਝ ਨਹੀਂ ਕਹਿੰਦਾ । ਲੇਕਿਨ ਤੁਹਾਨੂੰ ਇਹ ਤਾਂ ਪਤਾ ਹੀ ਹੈ ਕਿ ਡਾਂਗ ਸਾਹਿਬ ਨੇ ਦਫ਼ਾ 307 ਦੇ ਕੇਸ ਦਾ ਵੀ ਜ਼ਿਕਰ ਕੀਤਾ ਹੈ । ਪਤਾ ਨਹੀਂ ਉਥੇ ਲਾਠੀਚਾਰਜ ਹੋਇਆ ਵੀ ਹੈ ਜਾਂ ਨਹੀਂ ਹੋਇਆ ਔਰ ਜੇ ਹੋਇਆ ਤਾਂ ਕਿੰਨਿਆਂ ਤੇ ਹੋਇਆ। ਦਫਾ 307 ਦੇ ਕੇਸ ਬਾਰੇ ਤਾਂ ਸਾਰੀ ਦੁਨੀਆਂ ਨੂੰ ਪਤਾ ਹੈ । ਫਿਰ ਇਹ ਅਖਬਾਰਾਂ ਪੜ੍ਹਦੇ ਹਨ । ਜੋ ਖਬਰਾਂ ਛਪੀਆਂ ਹਨ ਕਹਿੰਦੇ ਹਨ ਠੀਕ ਹਨ । ਮੈਂ ਡਾਂਗ ਸਾਹਿਬ ਨੂੰ ਕਹਿੰਦਾ ਹਾਂ ਕਿ ਉਹ ਗੁੱਸੇ ਨਾ ਹੋਣ । 15 ਦਸੰਬਰ ਨੂੰ ਅਖਬਾਰਾਂ ਵਿਚ ਖਬਰ ਆਈ ਸੀ ਕਿ ਕਮਿਊਨਿਸਟਾਂ ਨੇ ਦੁਕਾਨਾ ਤੋਂ ਜ਼ਬਰੀ ਪੈਸੇ ਇਕੱਠੇ ਕੀਤੇ । ਕੀ ਇਹ ਠੀਕ ਹੈ ?

(ਸ਼ੋਰ ਬਹੁਤ ਸ਼ੋਰ)

ਸ੍ਰੀ ਸੱਤਪਾਲ ਡਾਂਗ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਇਹ 15 ਦਸੰਬਰ ਨੂੰ ਰੈਫਰ ਨਹੀਂ ਕਰ ਸਕਦੇ। ਇਹ 26 ਜਨਵਰੀ ਦਾ ਮੁਆਮਲਾ ਹੈ।

ਸਹਿਕਾਰਤਾ ਅਤੇ ਸੰਸਦੀ ਮਾਮਲਿਆਂ ਸਬੰਧੀ ਮੰਤਰੀ : ਖ਼ੈਰ, ਕਈ ਖਬਰਾਂ ਗਲਤ ਹੁੰਦੀਆਂ ਹਨ, ਮੈਂ ਨਹੀਂ ਕਹਿੰਦਾ। ਖੰਨੇ ਵਿਚ ਜਾ ਕੇ ਆਪੋਜੀਸ਼ਨ ਦੇ ਲੀਡਰਾਂ ਨੇ ਤਕਰੀਰਾਂ ਕੀਤੀਆਂ ਅਤੇ ਉਥੇ ਧਮਕੀਆਂ ਦਿੱਤੀਆਂ ਕਿ ਸਾਡੀ ਗੌਰਮਿੰਟ ਆਉਣ ਵਾਲੀ ਹੈ ਫਿਰ ਅਸੀਂ ਵੇਖ ਲਵਾਂਗੇ। ਇਹ ਤਾਂ ਅਫ਼ਸਰਾਂ ਨੂੰ ਵੀ ਡਰਾਉਂਦੇ ਹਨ। ਡਾਂਗ ਸਾਹਿਬ ਵੀ ਡਾਂਗਾਂ ਦਾ ਡਰਾਵਾ ਦਿੰਦੇ ਹਨ ਅਜੇ ਤਾਂ ਡਾਂਗ ਦੀ ਵਾਰੀ ਨਹੀਂ ਆਈ (ਸ਼ੋਰ)। (ਵਿਘਨ)।

ਸ੍ਰੀ ਅ. ਵਿਸ਼ਵਨਾਥਨ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਪੁਆਇੰਟ ਆਫ਼ ਆਰਡਰ, ਸਰ (ਸ਼ੋਰ) (ਬਹੁਤ ਸ਼ੋਰ)।

ਸਰਦਾਰ ਬਖਤਾਵਰ ਸਿੰਘ : ਸਪੀਕਰ ਸਾਹਿਬ, ਇਥੇ ਮੇਰਾ ਵੀ ਜ਼ਿਕਰ ਕੀਤਾ ਗਿਆ ਹੈ.... (ਸ਼ੋਰ)।

ਸ੍ਰੀ ਸਪੀਕਰ : ਨਹੀਂ ਜੀ, ਤੁਹਾਡਾ ਜ਼ਿਕਰ ਕਿਸੇ ਨੇ ਨਹੀਂ ਕੀਤਾ। (No. Nobody has referred to you.)

ਸਰਦਾਰ ਬਖਤਾਵਰ ਸਿੰਘ : ਸਪੀਕਰ ਸਾਹਿਬ, ਤੁਹਾਡੀ ਨਿਗਾਹ ਵਿਚ ਨਾ ਹੋਊ, ਪਰ ਮੈਨੂੰ ਤਾਂ ਪਤਾ ਹੈ। ਤੁਹਾਡੀ ਮੌਜੂਦਗੀ ਵਿਚ ਹੋਇਆ ਹੈ (ਸ਼ੋਰ)।

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਜੇ ਕਿਸੇ ਆਨਰੇਬਲ ਮੈਂਬਰ ਦਾ ਇਸ ਹਾਊਸ ਵਿਚ ਨਾਂ ਲੈ ਕੇ ਉਸ ਤੇ ਕੋਈ ਚਾਰਜ ਲਾਇਆ ਜਾਵੇ ਤਾਂ ਉਸ ਨੂੰ ਜ਼ਰੂਰ ਮੌਕਾ ਦਿੱਤਾ ਜਾਣਾ ਚਾਹੀਦਾ ਹੈ ਤਾਂ ਕਿ ਉਹ ਆਪਣਾ ਪਰਸਨਲ ਐਕਸਪਲੇਨੇਸ਼ਨ ਦੇ ਸਕੇ। ਡਾਂਗ ਸਾਹਿਬ ਨੇ ਉਨ੍ਹਾਂ ਦਾ ਦੋ ਵਾਰੀ ਨਾਂ ਲਿਆ ਹੈ, ਇਸ ਲਈ ਉਨ੍ਹਾਂ ਨੂੰ ਪਰਸਨਲ ਐਕਸਪਲੇਨੇਸ਼ਨ ਦਾ ਮੌਕਾ ਜ਼ਰੂਰ ਦਿੱਤਾ ਜਾਵੇ।

ਸ੍ਰੀ ਸਪੀਕਰ : ਮੈਂ ਆਨਰੇਬਲ ਮੈਂਬਰ ਨੂੰ ਦੱਸ ਦਿਆਂ ਕਿ ਮੈਂ ਉਸ ਨੂੰ ਬੰਦ ਕਰ ਦਿੱਤਾ ਸੀ ਕਿ ਉਸ ਮੈਂਬਰ ਦਾ ਨਾਂ ਨਾ ਲਿਆ ਜਾਵੇ। (I would like to inform the hon. Member that I had prevented Shri Dang from making a reference to him.)

श्री अ. विश्वनाथन : अध्यक्ष महोदय, आज हम अशिक्षित मन्त्रिमंडल के सब से बड़े असंस्कृत उप-मन्त्री के चाल चलन की बात कर रहे हैं....

ਗਿਆਨੀ ਬਖ਼ਤਾਵਰ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। (ਵਿਘਨ) ਮੈਂ ਬੋਲ ਸਕਦਾ ਹਾਂ ਕਿ ਨਹੀਂ ? ਮੈਂ ਪਰਸਨਲ ਐਕਸਪਲੇਨੇਸ਼ਨ ਤੇ ਬੋਲਣਾ ਹੈ। (ਵਿਘਨ) (ਸ਼ੋਰ)

ਸ੍ਰੀ ਸਪੀਕਰ : ਅਗਰ ਹਾਊਸ ਨੂੰ ਚਲਣ ਦਿਉਗੇ ਤਾਂ ਬਿਹਤਰ ਹੈ ਨਹੀਂ ਚਲਣ ਦੇਣਾ ਤਾਂ ਤੁਹਾਡੀ ਮਰਜ਼ੀ। (It would be better if the hon. Members were to co-operate in conducting the proceedings of the House in an orderly manner.)

Chief Minister: I assure you, Sir, that there will be no interruptions from this side.

Mr. Speaker: Thank you.

श्री श्र. विश्वनाथन : अध्यक्ष महोदय, हम इस बहुत ज्यादा पढ़ी लिखी वज़ारत के सब से ज़्यादा पढ़े लिखे और मुहज्ज़ब डिप्टी मनिस्टर के सम्बन्ध में विचार कर रहे हैं।

ਚੌਧਰੀ ਦਰਸ਼ਨ ਸਿੰਘ : ਦੇਖੋ ਜੀ, ਐਸਪਰਸ਼ਨ।

ਸ੍ਰੀ ਅ. ਵਿਸ਼ਵਨਾਥਨ : ਐਸਪਰਸ਼ਨ ਕਿਥੇ ਹੈ ? ਮੈਂ ਤਾਂ ਟ੍ਰਿਬਿਊਟ ਪੇ ਕਰ ਰਿਹਾ ਹਾਂ।

ਮੁੱਖ ਮੰਤਰੀ : ਅਗਰ ਤੁਹਾਨੂੰ ਕਿਹਾ ਜਾਵੇਗਾ ਤਾਂ ਫਿਰ ਚਿੜ੍ਹੋਗੇ। (ਵਿਘਨ)

ਸ੍ਰੀ ਅ. ਵਿਸ਼ਵਨਾਥਨ : ਅਗਰ ਇਨ੍ਹਾਂ ਨੂੰ ਵੈਸੇ ਹੀ ਆਪਣੇ ਬਾਰੇ ਵਿਚ ਕੋਈ ਸ਼ੱਕ ਹੋਵੇ ਤਾਂ ਮੈਂ ਕੀ ਕਰ ਸਕਦਾ ਹਾਂ। ਮੈਂ ਤਾਂ ਇਕ ਅੱਛੀ ਬਾਤ ਹੀ ਕਹੀ ਹੈ। ਵਿਘਨ)

ਸ੍ਰੀ ਸਪੀਕਰ : ਕੀ ਕਿਹਾ ਹੈ ਉਨ੍ਹਾਂ ਨੇ ? ਸਰਦਾਰ ਕਰਨੈਲ ਸਿੰਘ ਜੀ, ਤੁਸੀਂ ਹੀ ਦਸ ਦਿਉ। (What has he said ? Let Sardar Karnail Singh himself state it.) (ਵਿਘਨ)

ਮੁੱਖ ਮੰਤਰੀ : ਮੈਂ ਆਪਣੇ ਸਾਥੀਆਂ ਨੂੰ ਕਹਾਂਗਾ ਕਿ ਜੋ ਕੁਛ ਵੀ ਇਹ ਕਹਿੰਦੇ ਹਨ ਉਸ ਨੂੰ ਸੁਣੋ। ਅਸੀਂ ਵੀ ਨਹੀਂ ਬੋਲਾਂਗੇ ਔਰ ਤੁਸੀਂ ਵੀ ਨਾ ਬੋਲੋ।

ਸ੍ਰੀ ਅ. ਵਿਸ਼ਵਨਾਥਨ : ਤੁਸੀਂ ਤਾਂ ਬਾਰ ਬਾਰ ਕਹਿੰਦੇ ਹੋ ਕਿ ਨਹੀਂ ਬੋਲਾਂਗੇ, ਨਹੀਂ ਬੋਲਾਂਗੇ ਪਰ ਬੋਲਦੇ ਬਹੁਤ ਹੋ। (ਵਿਘਨ)

अध्यक्ष महोदय, इस से पहले कि मैं कुछ कहूं मैं आप को याद दिलाना चाहता हूं कि जिस दिन इस बारे में मैंने एक सैंशर मोशन मूव की थी उस दिन डिप्टी स्पीकर साहिब ने एश्योरैंस दी थी कि सरदार सरदारा सिंह कोहली के कांडक्ट को डिस्कस करते हुए सरदार सरदारा सिंह से सम्बन्धित दूसरी घटनायें जो बेशक इस घटना से सम्बन्ध न रखती हों, डिस्कस की जा सकती हैं। यह बात मैं ने आप को इस लिए याद दिला दी है ताकि कहीं ऐसा न हो कि लैफटीनैंट भाग सिंह प्वायंट आफ आर्डर रेज़ कर दें और मुझ को खाह मखाह बीच में ही टोक दिया जाए।

ਸ੍ਰੀ ਸਪੀਕਰ : ਤੁਸੀਂ ਲਾਂਭੇ ਨਾ ਜਾਣਾ, ਖੰਨੇ ਔਰ ਲੁਧਿਆਣੇ ਦੇ ਨਾਲ ਨਾਲ ਹੀ ਰਹਿਣਾ। (The hon. Member should confine his remarks to the incidents at Ludhiana and Khanna.)

श्री श्र. विश्वनाथन : अध्यक्ष महोदय, सरदार सरदारा सिंह ने 26 जनवरी के दिन खन्ने में बोलते हुए जिस तरीके से पुलिस को लाठी चार्ज करने के लिए उत्तेजित किया और उन को कहा कि "तुसीं एन्हां नूं नजिठ लउ, सरकार तुहाडे सामने खलोती है" गोया साक्षात ब्रह्मा वहां पर आ पधारे हों.... (विघ्न) अध्यक्ष महोदय, यह कोई पहली बार ही नहीं, इस से पहले लुधियाना के अन्दर 22 दिसम्बर को जब मुख्य मन्त्री आए थे....

ਟ੍ਰਾਂਸਪੋਰਟ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਮਜੀਠਾ) : ਆਨ ਏ ਪੁਆਇੰਟ ਆਫ਼ ਆਰਡਰ,ਸਰ,। ਇਹ ਫ਼ੈਸਲਾ ਹੋ ਚੁੱਕਾ ਹੈ ਕਿ 26 ਤਾਰੀਖ ਵਾਲੀ ਘਟਨਾ ਤੋਂ ਅਲਾਵਾ ਕੋਈ ਹੋਰ ਰੈਫ਼ਰੈਂਸ ਨਹੀਂ ਕੀਤੀ ਜਾ ਸਕਦੀ । ਚੌਧਰੀ ਸਾਹਿਬ ਨੂੰ ਵੀ 27 ਤਾਰੀਖ ਦੇ ਵਾਕਿਆ ਬਾਰੇ ਨਹੀਂ ਕਹਿਣ ਦਿੱਤਾ ਗਿਆ। ਇਹ 22 ਦਸੰਬਰ ਵਾਲੇ ਲੁਧਿਆਣੇ ਦੀ ਬਾਤ ਕਰ ਰਹੇ ਹਨ। (ਵਿਘਨ)

ਸ਼੍ਰੀ ਅ. ਵਿਸ਼ਵਨਾਥਨ : ਇਸੇ ਲਈ ਮੈਂ ਸ਼ੁਰੂ ਵਿਚ ਪੁਆਇੰਟ ਆਊਟ ਕਰ ਦਿੱਤਾ ਸੀ । ਔਰ ਮੈਂ ਇਨ ਐਡਵਾਂਸ ਆਪ ਦੀ ਪਰਮਿਸ਼ਨ ਹਾਸਲ ਕਰ ਲਈ ਸੀ । ਇਸ ਲਈ ਜਿਤਨਾ ਵਕਤ ਇਹ ਮੇਰਾ ਜ਼ਾਇਆ ਕਰਨਗੇ ਮੈਂ ਉਤਨਾ ਵਕਤ ਕੱਟ ਲਵਾਂਗਾ ।

ਸ਼੍ਰੀ ਸਪੀਕਰ : ਆਪਣੇ ਵਕਤ ਵਿਚੋਂ ਹੀ ਲੈਣਾ ਜੇ, ਮੇਰਾ ਕੀ ਲੈਣਾ ਹੈ । (You have to utilize your own time. I am not concerned with it.)

श्री अ. विश्वनाथन : इस से पहले भी जब मुख्य मन्त्री 22 दिसम्बर को लुध्याने में आए थे तब भी जब ऐम. ऐल. एज़. और मुअज़िज़ शहरियों को पकड़ कर हवालात के अन्दर बन्द कर दिया गया था, उस वक्त भी इसी सरदार सरदारा सिंह, डिप्टी मिनिस्टर का कंडक्ट रीप्रिहैनसिबल था (आपोज़ीशन की तरफ से शेम शेम की आवाजें) वह इस लिए कि जिस वक्त शहर के अन्दर सारी ट्रैफिक रोक दी गई थी, मानो पाकिस्तान का हमला हो गया, लोगों का आना जाना बन्द कर दिया गया था। कोई साईकल नहीं आ जा सकता था, वकील भी आफटरनून लंच के लिए घर नहीं जा सकते थे....

मुख्य मंत्री : गलत ।

श्री अ. विश्वनाथन : उस वक्त यह डिप्टी मिनिस्टर एक बैंड पार्टी साथ ले कर एक ट्रक में कन्धे उछालता हुआ भंगड़ा करता फिरे तो इस से ज़्यादा लज्जा की बात पंजाब के लिए और क्या हो सकती है । यही नहीं, अध्यक्ष महोदय, इस से पहले भी वहां पर यही डिप्टी मिनिस्टर महोदय, जिन पर आज हम आरोप लगा रहे हैं, 14 जनवरी और 21 जनवरी को भी लुध्याना के अन्दर जाते हैं । वहां पर जेल रोड है । यह सिंगल रोड नहीं, डबल रोड है । इस के अन्दर एक ग्रीन बैल्ट है । एक सड़क इधर को जाती है और दूसरी सड़क उधर को जाती है. . . .

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਭੰਗੜਾ ਸਾਡੇ ਪੰਜਾਬ ਦਾ ਨੈਸ਼ਨਲ ਡਾਂਸ ਹੈ (ਹਾਸਾ)।

ਆੱਪੋਜ਼ੀਸ਼ਨ ਵੱਲੋਂ ਕੁਛ ਆਵਾਜ਼ਾਂ : ਤਾਂ ਫਿਰ ਇਥੇ ਵੀ ਪਾਓ....

ਕੈਪਟਨ ਰਤਨ ਸਿੰਘ : ਭੰਗੜਾ ਪਾਉਣਾ ਕੋਈ ਰੈਪਰੀਹੈਨਸੀਬਲ ਨਹੀਂ, ਇਸ ਲਈ ਤੁਸੀਂ ਵਿਸ਼ਵਨਾਥਨ ਜੀ ਨੂੰ ਕਹੋ ਕਿ ਭੰਗੜੇ ਦੇ ਮੁਤਅਲੱਕ ਇਥੇ ਕੋਈ ਗੱਲ ਨਾ ਕਹਿਣ।

श्री अ. विश्वनाथन : अध्यक्ष महोदय, जिस वक्त खेत के अन्दर फसल तैयार हो, गेहूं में बल्लीआं खड़ी हुई हों उन्हें देखकर खुशी के अन्दर तो भंगड़ा डाला ही जाता है मगर जब पुलिस और उस की लाठियां सर पर खड़ी हों तो कौन भंगड़ा

[श्री अ. विश्वनाथन]

डालेगा ? (विघ्न) हां, तो मैं बता रहा था कि लोकल बाडीज़ के डिप्टी मिनिस्टर साहिब, वहां उस सड़क पर जाते हैं . . . .

श्री अध्यक्ष : आप लोकल बाडीज़ मिनिस्टर की तरफ क्यों जा रहे हैं ? (Why are you referring to the Local Bodies Minister?)

श्री अ. विश्वनाथन : मैं इन की तरफ ही आ रहा हूं । मैं यही बात कह रहा था जब उन्होंने बीच में प्वायंट आफ़ आर्डर रेज़ कर दिया ।

श्री **अध्यक्ष** : आप अपना प्रस्ताव पढ़ लें और उसी तक महदूद रहें । (The hon. Member should read his motion and confine his remarks to that.)

श्री अ. विश्वनाथन : स्पीकर साहिब, मैं ने शुरू में ही अर्ज़ कर दिया था कि उस दिन जब डिप्टी स्पीकर साहिब चेयर में थे तो उन्होंने एश्योरेंस दी थी कि इस डिप्टी मिनिस्टर के साथ और बातें भी, जो कि एज़ डिप्टी मिनिस्टर फार लोकल बाडीज़ कनसर्न करती हैं उन के बारे में भी बोल सकता हूं । इसी लिए मैं यह बात निवेदन कर रहा हूं । तो मैं यह कह रहा था कि सरदार सरदारा सिंह कोहली उस दिन वहां लुध्याना के अन्दर गए और उन्होंने वहां पर भाषण दिया और भाषण क्या दिया ?

Sardar Prem Singh 'Prem': On a Point of Order, Sir....

Shri A. Vishwanathan: Sir, I do not give way.

Mr. Speaker: But the hon. Member is on a Point of Order.

ਸਰਦਾਰ ਪ੍ਰੇਮ ਸਿੰਘ 'ਪ੍ਰੇਮ' : ਮੇਰੇ ਦੋਸਤ ਸ੍ਰੀ ਵਿਸ਼ਵਨਾਥਨ ਜੀ ਨੇ ਕੁਝ ਗੱਲ ਸਰਕਾਸਟਿਕ ਹੋ ਕੇ ਕਹੀ ਹੈ ਇਹ ਠੀਕ ਨਹੀਂ । ਉਨ੍ਹਾਂ ਨੇ ਸਰਦਾਰ ਸਰਦਾਰਾ ਸਿੰਘ ਨੂੰ ਕਿਹਾ ਹੈ ਕਿ ਇਹ ਅਨਪੜ੍ਹ ਹਨ ....

ਸ੍ਰੀ ਅ. ਵਿਸ਼ਵਨਾਥਨ : ਮੈਂ ਨਹੀਂ ਕਿਹਾ ।

ਸਰਦਾਰ ਪ੍ਰੇਮ ਸਿੰਘ 'ਪ੍ਰੇਮ' : ਇਨ੍ਹਾਂ ਦਾ ਮਤਲਬ ਇਹੀ ਸੀ ।

ਕੁਝ ਆਵਾਜ਼ਾਂ : ਰੀਕਾਰਡ ਵੇਖ ਲਉ ।

ਸ੍ਰੀ ਅ. ਵਿਸ਼ਵਨਾਥਨ : ਇਹ ਉਨ੍ਹਾਂ ਨੂੰ ਆਪ ਇਹ ਲਫ਼ਜ਼ ਕਹਿ ਰਹੇ ਹਨ, ਮੈਂ ਨਹੀਂ ਕਹੇ । ਇਹ ਮੇਰੇ ਮੋਢੇ ਤੇ ਰਖ ਕੇ ਬੰਦੂਕ ਚਲਾਉਣਾ ਚਾਹੁੰਦੇ ਹਨ, ਆਪ ਸਿੱਧੇ ਤੌਰ ਤੇ ਕਿਉ ਨਹੀਂ ਕਹਿੰਦੇ ?

ਸਰਦਾਰ ਪਰੇਮ ਸਿੰਘ 'ਪ੍ਰੇਮ' : ਸਪੀਕਰ ਸਾਹਿਬ, ਉਨ੍ਹਾਂ ਨੇ ਕਿਹਾ ਹੈ ਕਿ ਇਹ ਬੜੇ ਪੜ੍ਹੇ ਲਿਖੇ ਹਨ । ਇਸ ਦਾ ਮਤਲਬ ਇਹ ਹੈ ਕਿ ਪੜ੍ਹੇ ਲਿਖੇ ਨਹੀਂ ਹਨ (ਸ਼ੋਰ) ਅੱਛਾ ਜੀ, ਮੈਂ ਇਸ ਦਾ ਮਤਲਬ ਨਹੀਂ ਕਢਦਾ ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੂੰ ਕੋਈ ਮਨਾਹੀ ਨਹੀਂ ਹੈ ਕਿ ਸ਼ੀਸ਼ੇ ਦੇ ਮਕਾਨ ਵਿਚ ਬੈਠ ਕੇ ਦੂਸਰਿਆਂ ਨੂੰ ਪੱਥਰ ਨਾ ਮਾਰਨ । (ਵਿਘਨ) ਇਨ੍ਹਾਂ ਲਈ ਤਾਂ ਕਾਲਾ ਅਖਰ ਭੈਂਸ ਬਰਾਬਰ ਹੈ ।

श्री अ. विश्वनाथन : वहाँ पर बहुत से लोगों ने सड़क की एनक्रोचमैंट कर रखी थी । उस से पहले दिन ऐग्जैक्टिव अफसर और एक मजिस्ट्रेट वहां आन दी स्पाट गए, ट्रायल हुआ और फैसला हुआ कि जो अनआथोराइज्ड कंस्ट्रक्शन हुई थी उसे तोड़ दिया जाए । लेकिन उससे अगले रोज़ लोकल बाडीज़ के डिप्टी मनिस्टर वहां पर जाते हैं और उनको कहते हैं कि डटे रहो और अगर आप को यहाँ से हटाया गया तो मैं म्युनिसिपैलिटी को सुपरसीड कर दूगां ।

(अपोज़ीशन की तरफ से 'शेम शेम' की आवाज़ें)

इतना ही नहीं, अध्यक्ष महोदय, यह वहां पर एक बात और भी कह कर आए जो कि सुनने वाली बात है । पंजाब के अन्दर जब सबसे ज्यादा पढ़े लिखे विद्वानों के कथनों को कम्पाईल किया जाएगा, उन को संकलित किया जाएगा, तो उसमें यह बात भी नोट की जाएगी कि इस डिप्टी मनिस्टर ने यह भी कहा कि जिस की रिक्शा टूटती है तो सवारी अपने आप गिरेगी उसे लाईसैंस देने से क्यों इनकार किया जाए । उन्होंने ऐसा कहा because they are gems of thought and gems of wisdom. उन्होंने एक बात और कही कि जिस रेढ़ी वाले की रेढ़ी का पहिया टूट जाता है तो उसके टमाटर अपने आप गिरेंगे तुम उस का लाईसैंस क्यों रोकते हो . . . .

ਮੁਖ ਮੰਤਰੀ (ਸਰਦਾਰ ਲਛਮਣ ਸਿੰਘ ਗਿਲ) : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਤੁਸੀਂ ਦੇਖਿਆ ਹੈ ਕਿ ਇਸ ਹਾਊਸ ਦੀ ਕਨਵੈਨਸ਼ਨ ਰਹੀ ਹੈ ਕਿ ਗਲ ਉਹੀ ਕਹੀ ਜਾਵੇ ਜਿਸ ਦੀ ਬਾਬਤ ਪਰਸਨਲ ਨਾਲਜ ਹੋਵੇ ਜਾਂ ਉਸ ਬਾਰੇ ਕੋਈ ਡਾਕੂ-ਮੈਂਟਰੀ ਪਰੂਫ ਦਿੱਤਾ ਜਾ ਸਕਦਾ ਹੋਵੇ ਔਰ ਜਿਸ ਬਾਰੇ ਸਪੀਕਰ ਸਾਹਿਬ ਦੀ ਪਹਿਲੋਂ ਐਪਰੂਵਲ ਲਈ ਗਈ ਹੋਵੇ ਵਰਨਾ ਟੰਡਨ ਸਾਹਿਬ ਵੀ ਜਾਣਦੇ ਹਨ ਕਿ ਇਥੇ ਇਕ ਦਫਾ ਐਸਾ ਮੌਕਾ ਵੀ ਆਇਆ ਸੀ ਕਿ ਕਿਸੇ ਨੂੰ ਬਦਨਾਮ ਕਰਨ ਵਾਸਤੇ ਚਿੱਠੀਆਂ ਲਿਖਵਾ ਲਈਆਂ ਗਈਆਂ ਔਰ ਟੇਬਲ ਤੇ ਰਖ ਦਿੱਤੀਆਂ ਗਈਆਂ । ਬਹਰਹਾਲ, ਮੈਂ ਬੇਨਤੀ ਕਰਾਂਗਾ ਕਿ ਜਿਹੜੀ ਗੱਲ ਦਾ ਇਨ੍ਹਾਂ ਨੂੰ ਪਰਸਨਲ ਇਲਮ ਨਾ ਹੋਵੇ ਉਹ ਕਹਿਣ ਦੀ ਇਜਾਜ਼ਤ ਨਾ ਦਿੱਤੀ ਜਾਵੇ । ਜਿਹੜੀ ਗੱਲ ਉਨ੍ਹਾਂ ਨੇ ਸੁਣੀ ਹੋਈ ਨਾ ਹੋਵੇ, ਜਿਹੜੀ ਗੱਲ ਬਾਰੇ, ਤੁਹਾਡੀ ਐਪਰੂਵਲ ਨਾ ਲਈ ਗਈ ਹੋਵ ਉਹ ਅਗਰ ਹਾਊਸ ਵਿਚ ਰਖੀ ਗਈ ਤਾਂ ਕਿਸੇ ਦੀ ਇਜ਼ਤ ਮਹਿਫੂਜ਼ ਨਹੀਂ ਰਹਿ ਸਕਦੀ । ਇਸ ਲਈ ਮੈਂ ਆਪ ਨੂੰ ਰੀਕੁਐਸਟ ਕਰਾਂਗਾ ਕਿ ਇਨ੍ਹਾਂ ਨੇ ਜਿਹੜੇ ਲਫ਼ਜ਼ ਕਹੇ ਹਨ ਉਹ ਸਾਰੇ ਹਾਊਸ ਦੇ ਰੀਕਾਰਡ ਵਿਚੋਂ ਐਕਸਪੰਜ ਕੀਤੇ ਜਾਣ ਔਰ ਕਾਰਵਾਈ ਅੱਗੇ ਚਲਣ ਤੋਂ ਪਹਿਲਾਂ ਆਪ ਦੀ ਰੂਲਿੰਗ ਹੋਣੀ ਚਾਹੀਦੀ ਹੈ ।

श्री अ. विश्वनाथन : स्पीकर साहिब, 21 तारीख को मुज़ाहरा था । मैं शाम को गया हूं । जब मैंने गाड़ी जेल रोड पर मोड़ी तो शामियाना लगा हुआ था और यह डिप्टी मनिस्टर साहिब मोती बिखेर रहे थे, मैंने सुना......

एक आवाज़ : आप थे वहां ?

श्री अ. विश्वनाथन : हां जी ।

[श्री ग्र. विश्वनाथन]

इसके बाद में अब खन्ना के मामला पर आता हूं। यह ठीक है कि उस रोज 26 जनवरी थी, लेकिन उस का यह मतलब नहीं है कि राष्ट्र ध्वज तिरंगे की आड़ में कोई अपनी फिरकाप्रस्ती का बुरी तरह से मुज़ाहरा करे और जनता के दो फिरकों में फूट डालने की कोशिश करें। खन्ना एक छोटा सा मुफस्सल टाउन है। तहसील भी नहीं, तहसील समराला है। एक छोटा सा कालिज और दो स्कूल हैं। वहां पर कुछ लोगों ने मुज़ाहरा किया। आखिर डिमाक्रेसी किस चीज को कहते हैं अगर मुज़ाहरा करने का भी लोगों को हक नहीं है मगर मुजाहरा पुरअमन हो। लेकिन होता यह है कि लोगों को तंग करने के लिये ज़माने भर के हथकंड अपनाए जाते हैं। पहले मुज़ाहरीन पर लाठी चार्ज कराया जाता है और कह दिया जाता है कि मुजाहरीन वायलेंट हो गए। स्पीकर साहिब, ऐसा बिल्कुल नहीं हुआ। मुज़ाहरा करने वाले पोलिटीकल पार्टीज के जिम्मेदार लोग थे, मुज़ाहरा करने वाले स्कूल के बच्चे नहीं थे। उन पर लाठी चार्ज कराया गया और किस व्यक्ति ने कराया? उस डिप्टी मिनिस्टर ने कराया। वह पुलिस को कहता है कि "नजिट्रों"। मैं पूछता हूं कि एक डिप्टी मिनिस्टर ने पुलिस को कहा लाठी चार्ज करो, मगर उसने नहीं किया उस डिप्टी मिनिस्टर को तो गिल साहिब ने अलग कर दिया, मगर दूसरे ने लाठी चार्ज करवाया, लोगों के सिर फुड़वाए, उस को डिसमिस करने से गुरेज क्यों कर रहे हैं ?

Mr. Speaker : No, No. No one was dismissed.

Shri A. Vishwanathan : Then I withdraw the word dismiss. या इस बात के लिये परसुएड किया, कम्पैल किया कि वह अस्तीफी दें। सारे मामला में दस दिन लगे। उनको परसुएड किया गया होगा, इन को भी करें।

Mr. Speaker : There was no persuasion. He resigned on health grounds.

Shri A. Vishwanathan : Physical or mental, Sir ?

Mr. Speaker : Mr. Vishwanathan, you can take only three minutes more.

ਮੁਖ ਮੰਤਰੀ : ਸਪੀਕਰ ਸਾਹਿਬ, ਮੈਂ ਵੀ ਚਾਲੀ ਕੁ ਮਿੰਟ ਬੋਲਣਾ ਹੈ।

श्री ग्र. विश्वनाथन : 26 जनवरी को जिस तरीके से जनता के ऊपर लाठी चार्ज किया गया लोगों के सिर फुड़वाए गए और उन को मैडिकल रिलीफ भी पूरा नहीं दिया गया यह पंजाब के अन्दर डैमोक्रेसी के लिए खतरे की घंटी है। अभी चौधरी करतार सिंह ने कहा कि जनता ने मुज़ाहरीन को धक्के देकर पीछे कर दिया जब कि असलियत यह है और पंजाब का हर अखबार इस बात का साक्षी है, सबूत है कि पिछले तीन महीने के अन्दर हमारे मिनिस्टर्ज़ जब कहीं जाते

हैं तो पुलिस की लाठियों की छत्र छाया में दुबके हुए जाते हैं। यह इतने हर दिल अजीज हैं कि पुलिस को कहते हैं कि हमें जनता से छुड़ाइये। [* *

* * * * * * * * * *

* * * * * * * * * *

* * * * * * * * * *

* * * * * * * * * *]

ਸ੍ਰੀ ਸਪੀਕਰ : ਵਿਸ਼ਵਨਾਥਨ ਜੀ, ਤੁਸੀਂ ਵਧ ਜਾਂਦੇ ਹੋ ਫਿਰ ਕਹਿੰਦੇ ਹੋ ਮੈਨੂੰ ਟਾਈਮ ਨਹੀਂ ਮਿਲਦਾ। ਤਜਾਵਜ਼ ਇਸ ਹੱਦ ਤਕ ਕਰ ਜਾਂਦੇ ਹੋ ਜਿਸ ਦਾ ਕੋਈ ਅੰਦਾਜ਼ਾ ਨਹੀਂ ਹੈ ਖੰਨਾ ਦੇ ਮੁਜ਼ਾਹਰੇ ਜਾਂ ਸਟੂਡੈਂਟਸ ਦਾ ਕੀ ਸਵਾਲ ਹੈ ? ਇਹ ਸਟੂਡੈਂਟਸ ਵਾਲੀ ਗੱਲ ਐਕਸਪੰਜ ਕੀਤੀ ਜਾਂਦੀ ਹੈ। (Mr. Vishwanathan, you go off the point and then you complain that you have not been given time. You exceed limits. What connection have the students and the demonstration at Khanna got to do with it? The reference to the behaviour of the students is expunged.)

श्री अ. विश्वनाथन [* * * * * * *

* * * * * * * * * *

* * * * * * * * * *

* * * *] (विघ्न) मैं फैसला आप पर छोड़ता हूं। अगर पुलिस को कोई आर्डर दे जैसे सरदार बखतावर सिंह ने किया, वह पालन न करे उस पर तो उसे बाध्य किया जाए कि अस्तीफा दे और जिस का आर्डर पुलिस मान ले, लोगों के सर फूटे, हड़ताल हो, अरैस्टस हों, वहां पर कोई बात नहीं। साफ जाहिर है कि उनको जम्हूरियत से कितना प्यार है। कहने को तो कांग्रेसी बड़ी डींगें हांकते हैं कि यह लोकतन्त्र है, सारी दुनियां में सब से बड़ी जम्हूरियत है। India is the biggest parliamentary democracy in the World. यहां पर 18-20 करोड़ वोटर हैं। इस का डम डम बजाते हैं। मगर इन के तरीके इस लोक-तन्त्र को पाजेटिव डेंजर हैं, यह खतरा है यह हमारा साथ दें और इस तरह के डिप्टी मिनिस्टर को यहां से हटाएं।

ਸ੍ਰੀ ਸਪੀਕਰ : ਮੁੱਖ ਮੰਤਰੀ (The Chief Minister.)

ਸ੍ਰੀ ਬਲਰਾਮਜੀ ਦਾਸ ਟੰਡਨ : ਆਨ ਏ ਪੁਆਇੰਟ ਆਫ ਆਰਡਰ, ਸਰ। ਉਨ੍ਹਾਂ ਨੂੰ ਬੋਲਣ ਦਿਉ ਪਰਸਨਲ ਐਕਸਪਲੇਨੇਸ਼ਨ ਤੇ। (ਵਿਘਨ)

Mr. Speaker : No. I never said that.

---

*Expunged as ordered by the Chair.

ਮੁੱਖ ਮੰਤਰੀ : ਜਵਾਬ ਦੇਣਾ ਮੇਰਾ ਕੰਮ ਹੈ । (ਵਿਘਨ)

ਸ਼੍ਰੀ ਹਰਬੰਸ ਲਾਲ ਖੰਨਾ : ਉਹ ਦੇਖੋ, ਸਪੀਕਰ ਸਾਹਿਬ, ਜ਼ਬਰਦਸਤੀ ਹੋ ਰਹੀ ਹੈ (ਵਿਘਨ) ਇਹ ਚੰਗੀ ਡੈਮੋਕਰੇਸੀ ਹੈ, ਆਪ ਦੇ ਸਾਹਮਣੇ ਜ਼ਬਰਦਸਤੀ ਹੋ ਰਹੀ ਹੈ। (ਵਿਘਨ)

ਸ਼੍ਰੀ ਸਤਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜੋ ਮੋਸ਼ਨ ਪੇਸ਼ ਕਰੇ ਉਸ ਨੂੰ ਰਿਪਲਾਈ ਦੇਣ ਦਾ ਹੱਕ ਹੈ । ਇਕ ਤਾਂ ਡਿਸਕਸ਼ਨ ਬਹੁਤ ਘੱਟ ਹੋਈ ਹੈ । ਹੁਣ ਆਪ ਨੇ ਚੀਫ ਮਨਿਸਟਰ ਨੂੰ ਬੋਲਣ ਲਈ ਕਿਹਾ ਹੈ ਇਹ ਡਿਸਕਸ਼ਨ ਕਲੋਜ਼ ਕਰ ਰਹੇ ਹਨ ਮਗਰ ਮੈਨੂੰ ਰਿਪਲਾਈ ਦੇਣ ਦਾ ਹਕ ਹੈ । ਇਨ੍ਹਾਂ ਨੇ ਕਿਹਾ ਕਿ ਮੈਂ 40 ਮਿਨਟ ਬੋਲਣਾ ਹੈ । ਇਸ ਵੇਲੇ 5.30 ਵਜੇ ਹਨ, ਅਗਰ ਹਾਊਸ ਨੇ 6 ਵਜੇ ਉਠ ਜਾਣਾ ਹੈ ਤਾਂ ਇਨ੍ਹਾਂ ਨੂੰ ਕਿੰਨਾ ਸਮਾਂ ਮਿਲੇਗਾ ਤੇ ਮੈਨੂੰ ਕਿੰਨਾਂ ਮਿਲੇਗਾ । ਇਸ ਦਾ ਫੈਸਲਾ ਕਰੋ ।

ਸ਼੍ਰੀ ਸਪੀਕਰ : ਤੁਸੀਂ ਤਾਂ ਪਹਿਲਾਂ ਹੀ ਘੰਟਾ ਲੈ ਲਿਆ ਹੈ । (You have already taken an hour.) (ਵਿਘਨ)

Shri Satya Pal Dang : Rule is a rule. (*Interruption*)

Mr. Speaker : I am not going to violate the rules. Why are you afraid ?

ਸ਼੍ਰੀ ਹਰਬੰਸ ਲਾਲ ਖੰਨਾ : 10–15 ਮਿਨਟ ਅਸੀਂ ਵੀ ਬੋਲਣਾ ਹੈ ।

ਸ਼੍ਰੀ ਸਪੀਕਰ : ਆਪ ਦਾ ਟਾਈਮ ਤਾਂ ਉਹ ਲੈ ਗਏ । (He has taken your time also.) (ਵਿਘਨ)

ਸ਼੍ਰੀ ਅ. ਵਿਸ਼ਵਨਾਥਨ : ਵਾਇਲੇਸ਼ਨ ਅਤੇ ਸਰਕਮਵੈਨਸ਼ਨ ਵਿਚ ਥੋੜਾ ਹੀ ਫਰਕ ਹੈ । (ਵਿਘਨ)

ਮੁੱਖ ਮੰਤਰੀ : ਮਿਹਰਬਾਨੀ ਕਰ ਕੇ ਇਨ੍ਹਾਂ ਨੂੰ ਕੰਟਰੋਲ ਕਰੋ ।

ਸ਼੍ਰੀ ਹਰਬੰਸ ਲਾਲ ਖੰਨਾ : ਆਨ ਏ ਪੁਆਇੰਟ ਆਫ ਆਰਡਰ, ਸਰ । ਅਗਰ ਸਾਨੂੰ ਇਥੇ ਵੀ ਆਪਣਾ ਮੱਤ ਪਰਗਟ ਕਰਨ ਦਾ ਮੌਕਾ ਨਹੀਂ ਮਿਲਦਾ ਤਾਂ ਫਿਰ ਹੋਰ ਕਿਥੇ ਮਿਲੇਗਾ ?

ਸ਼੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਇਹ ਰੂਲ ਮੈਂ ਪੜ੍ਹ ਕੇ ਸੁਣਾਉਂਦਾ ਹਾਂ, ਆਪ ਇਸ ਤੇ ਰੂਲਿੰਗ ਦਿਉ ।

Mr. Speaker : Mr. Dang, why are you referring me to the rules again and again ?

Shri Satya Pal Dang : Sir, the Leader of the House said that he would take 40 minutes while only half-an-hour is left. I have a right to reply.

Mr. Speaker : He will take 30 minutes.

Shri Satya Pal Dang : Sir, I have a right to reply.

Mr. Speaker : I will give you time.

ਸ਼੍ਰੀ ਹਰਬੰਸ ਲਾਲ ਖੰਨਾ : ਆਨ ਏ ਪੁਆਇੰਟ ਆਫ ਆਰਡਰ, ਸਰ ।

Mr. Speaker · No Point of Order. (ਵਿਘਨ)

ਸ਼੍ਰੀ ਹਰਬੰਸ ਲਾਲ ਖੰਨਾ : ਸਾਨੂੰ ਕੁਝ ਕਹਿਣ ਦਾ ਮੌਕਾ ਦਿਤਾ ਜਾਵੇ (ਵਿਘਨ) ਇਹ ਬੜਾ ਸੀਰੀਅਸ ਮੈਟਰ ਹੈ ।

ਸ਼੍ਰੀ ਸਪੀਕਰ : ਆਪ ਦਾ ਟਾਈਮ ਡਾਂਗ ਸਾਹਿਬ ਲੈ ਚੁਕੇ ਹਨ । (Dang Sahib has taken your time.)

ਸ਼੍ਰੀ ਹਰਬੰਸ ਲਾਲ ਖੰਨਾ : ਆਪ ਨੇ ਸਾਨੂੰ 10 ਮਿਨਟ ਦੇਣੇ ਐਗਰੀ ਕੀਤੇ ਸਨ ।

ਸ਼੍ਰੀ ਸਪੀਕਰ : ਆਪ ਦੇ ਮਿੰਟ ਸ਼੍ਰੀ ਵਿਸ਼ਵਨਾਥਨ ਜੀ ਲੈ ਗਏ ਹਨ । (Your time has already been taken by Shri Vishwanathan.)

• • **ਸ਼੍ਰੀ ਅ. ਵਿਸ਼ਵਨਾਥਨ :** ਪੁਆਇੰਟ ਆਫ ਆਰਡਰ ਤਾਂ ਹਰ ਵਕਤ ਰੇਜ਼ ਕੀਤਾ ਜਾ ਸਕਦਾ ਹੈ ।

Mr. Speaker : I am not going to allow you like this. Please sit down.

Shri A. Vishwanathan : We can point out the rules.

Mr. Speaker : No please, no interruptions.

ਸ਼੍ਰੀ ਅ. ਵਿਸ਼ਵਨਾਥਨ : ਮੈਂ ਤਾਂ ਦੋ ਵੇਰ ਖੜਾ ਹੋਇਆ ਪਰ ਮੈਨੂੰ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਟਾਈਮ ਨਹੀਂ ਦਿਤਾ ਗਿਆ ।

Mr. Speaker : No. I am not going to allow you to raise any Point of Order. ਮੈਂ ਉਨ੍ਹਾਂ ਨੂੰ ਇਕ ਘੰਟਾ ਟਾਈਮ ਦੇ ਦਿਤਾ ਸੀ ਸੈਂਸਰ ਮੋਸ਼ਨ ਤੇ (ਵਿਘਨ) (I gave him one hour to speak on the Censure Motion.) (ਵਿਘਨ)

ਸ਼੍ਰੀ ਅ. ਵਿਸ਼ਵਨਾਥਨ : ਆਨ ਏ ਪੁਆਇੰਟ ਆਫ ਆਰਡਰ, ਸਰ । ਪੁਆਇੰਟ ਆਫ ਆਰਡਰ ਤਾਂ ਹਰ ਵਕਤ ਰੇਜ਼ ਕੀਤਾ ਜਾ ਸਕਦਾ ਹੈ.... (ਵਿਘਨ)

ਸ਼੍ਰੀ ਸਪੀਕਰ : ਮੈਂ ਸੁਣ ਲਿਆ ਹੈ ਤੁਹਾਡਾ ਪੁਆਇੰਟ ਆਫ ਆਰਡਰ । (I have heard your Point of Order.)

ਸ਼੍ਰੀ ਅ. ਵਿਸ਼ਵਨਾਥਨ : ਮੈਂ ਤਾਂ ਹਾਲਾਂ ਕਿਹਾ ਹੀ ਨਹੀਂ ਤਾਂ ਤੁਸੀਂ ਸੁਣ ਕਿਦਾਂ ਲਿਆ ਹੈ ? (ਵਿਘਨ, ਸ਼ੋਰ)

ਸ਼੍ਰੀ ਸਪੀਕਰ : ਪੁਆਇੰਟ ਆਫ ਆਰਡਰ ਦਾ ਮਤਲਬ ਇਹ ਹੈ ਕਿ ਜੇਕਰ ਕੋਈ ਪੁਆਇੰਟ ਆਫ ਆਰਡਰ ਰੇਜ਼ ਕਰ ਕੇ ਹਾਊਸ ਦੀਆਂ ਪ੍ਰੋਸੀਡਿੰਗਜ਼ ਨੂੰ ਡਿਸਟਰਬ ਕਰੇ ਅਤੇ ਆਬਸਟ੍ਰਕਟ ਕਰੇ ਤੇ ਸਪੀਚ ਕਰਨੀ ਸ਼ੁਰੂ ਕਰ ਦੇਵੇ ਤਾਂ ਮੈਂ ਕਿਸ ਤਰ੍ਹਾਂ ਇਜਾਜ਼ਤ ਦੇ ਸਕਦਾ ਹਾਂ ? (Point of Order does not mean to disturb and obstruct the proceedings of the House and if some body starts making speech, how can he be allowed to do so ?) (*Interruptions*)

ਸ੍ਰੀ ਅ. ਵਿਸ਼ਵਨਾਥਨ : ਤੁਸੀਂ ਦੱਸ ਦਿਉ ਕਿ ਮੈਂ ਕੀ ਕੀਤਾ ਹੈ । ਮੈਂ ਤਾਂ ਪੁਆਇੰਟ ਆਫ਼ ਆਰਡਰ ਤੇ ਖੜਾ ਹੋਇਆ ਹਾਂ (ਵਿਘਨ) ਆਨ ਏ ਪੁਆਇੰਟ ਆਫ਼ ਆਰਡਰ, ਸਰ..... (ਵਿਘਨ) (ਸ਼ੋਰ)

ਮੁੱਖ ਮੰਤਰੀ : [*** *** *** *** *** **]

ਸ੍ਰੀ ਅ. ਵਿਸ਼ਵਨਾਥਨ : [*** *** *** *** *** *** *** *** *** *** *** ** **]

(ਵਿਘਨ)

ਸ੍ਰੀ ਹਰਬੰਸ ਲਾਲ ਖੰਨਾ : [*** *** *** *** ** *** *** *** *** *** *** ** **]

(ਵਿਘਨ)

ਸ੍ਰੀ ਬਲਰਾਮਜੀ ਦਾਸ ਟੰਡਨ : ਆਨ ਏ ਪੁਆਇੰਟ ਆਫ਼ ਆਰਡਰ, ਸਰ [** ** *** *** *** *** *** *** *** ** *** *** *** *** *** *** ***]

ਮੁੱਖ ਮੰਤਰੀ : ਕਾਹਦੀਆਂ ਧਮਕੀਆਂ ? ਇਹ ਤਾਂ ਮੇਰਾ ਲੰਗੋਟੀਆ ਹੈ । ਤੁਸੀਂ ਤਾਂ ਐਨਾ ਸ਼ੋਰ ਕਰਦੇ ਹੋ, ਹੇਠਾਂ ਪਏ ਵੀ ਰੋਈ ਜਾਂਦੇ ਹੋ, ਉਪਰ ਪਏ ਵੀ ਰੋਈ ਜਾਂਦੇ ਹੋ...... (ਵਿਘਨ)

ਸ੍ਰੀ ਹਰਬੰਸ ਲਾਲ ਖੰਨਾ : [*** *** *** *** ** *** *** *** *** *** *** **** *** *** *** *** *** *** *** *** *** *** *** *** *** ***]

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਜੋ ਕੁਝ ਹੋਇਆ ਹੈ ਇਸ ਨੂੰ ਐਕਸਪੰਜ ਕਰ ਦਿਤਾ ਜਾਵੇ, ਸਾਫ਼ ਕਰ ਦਿਤਾ ਜਾਵੇ । (ਵਿਘਨ) (ਸ਼ੋਰ)

ਸ੍ਰੀ ਸਪੀਕਰ : ਇਸ ਸਾਰੇ ਨੂੰ ਐਕਸਪੰਜ ਕਰ ਦਿਉ । (The whole of it is expunged.)

ਮੁੱਖ ਮੰਤਰੀ : ਮੇਰੇ ਫਾਜ਼ਲ ਦੋਸਤ ਨਿਹਾਇਤ ਹੀ ਜ਼ਿੰਮੇਦਾਰੀ ਨਾਲ ਗੱਲਾਂ ਕਰਨ ਮੈਨੂੰ ਕੋਈ ਇਤਰਾਜ਼ ਨਹੀਂ । ਮੈਂ ਤਾਂ ਸਿਰਫ ਬੇਨਤੀ ਇਹ ਕਰਨੀ ਸੀ ਕਿ ਇਥੇ ਡਿਪਟੀ ਮਨਿਸਟਰ ਸਰਦਾਰ ਸਰਦਾਰਾ ਸਿੰਘ ਕੋਹਲੀ ਦੇ ਮੁਤਾਲਿਕ ਇਹ ਇਕ ਸੈਂਸ਼ਰ ਮੋਸ਼ਨ ਲਿਆਏ ਜਿਸ ਵਿਚ ਦੋ ਕਿਸਮ ਦੇ ਇਲਜ਼ਾਮ ਲਗਾਏ ਗਏ। ਇਕ ਇਹ ਕਿ ਉਨ੍ਹਾਂ ਨੇ ਪੁਲਿਸ ਨੂੰ ਹੁਕਮ ਦੇ ਕੇ ਲਾਠੀ-ਚਾਰਜ ਖੰਨੇ ਵਿਚ 26 ਤਰੀਕ ਨੂੰ ਕਰਵਾਇਆ—ਦੂਜਾ ਇਹ ਕਿ ਜੋ ਕਨਡਕਟ ਇਕ ਮਨਿਸਟਰ ਦਾ

---

*Expunged as ordered by the Chair.

ਹੋਣਾ ਚਾਹੀਦਾ ਸੀ ਉਹ ਨਹੀਂ ਹੋਇਆ । ਕਿਨੀ ਅਜੀਬ ਗਲ ਹੈ, ਇਹ ਦੋਵੇਂ ਹੀ ਗਲਾਂ ਬਹੁਤ ਸੀਰੀਅਸ ਹਨ ਅਤੇ ਇਸ ਵਿਚ ਚਾਹੇ ਚੀਫ ਮਨਿਸਟਰ ਹੋਵੇ, ਚਾਹੇ ਡਿਪਟੀ ਮਨਿਸਟਰ ਹੋਵੇ, ਜਾਂ ਕੋਈ ਸਟੇਟ ਮਨਿਸਟਰ ਹੋਵੇ ਕੋਈ ਵੀ ਸਰਕਾਰ ਇਸ ਤਰ੍ਹਾਂ ਦੇ ਕਾਂਡਕਟ ਨੂੰ ਬਰਦਾਸ਼ਤ ਨਹੀਂ ਕਰ ਸਕਦੀ ਤੇ ਨਾ ਹੀ ਕਰਨਾ ਚਾਹੀਦਾ ਹੈ । ਮੈਂ ਇਨ੍ਹਾਂ ਨਾਲ ਇਸ ਗਲ ਤੇ ਮੁਤਫਿਕ ਹਾਂ । ਪਰ ਦੇਖਣ ਵਾਲੀ ਗਲ ਇਹ ਹੈ ਕਿ ਇਹ ਵਾਕਿਆ ਹੋਇਆ 26 ਤਰੀਕ ਨੂੰ ਖੰਨੇ ਵਿਚ, ਵਖ ਵਖ ਜਲਸੇ ਉਥੇ ਕੀਤੇ ਗਏ, ਜਿਹੜੀਆਂ ਜਿਹੜੀਆਂ ਪਾਰਟੀਆਂ ਦੇ ਰੀਪ੍ਰੀਜ਼ੇਂਟੇਟਿਵ ਖਨੇ ਵਿਚ ਸਨ ਉਨ੍ਹਾਂ ਨੇ ਕੀ ਕੁਝ ਕੀਤਾ ਅਤੇ ਜਲਸੇ ਕੀਤੇ, ਇਹ ਮੈਂ ਜਾਣਦਾ ਹਾਂ । ਮੈਂ ਸਿਰਫ ਇਹ ਕਹਾਂਗਾ ਕਿ ਸਰਕਾਰ ਬਦਲ ਗਈ ਅਤੇ ਤਾਕਤ ਹਥੋਂ ਚਲੀ ਗਈ ਇਸ ਲਈ ਇਨ੍ਹਾਂ ਨੇ ਇਸ ਤਰ੍ਹਾਂ ਦੇ ਵਾਕਿਆਤ ਲਿਆਂਦੇ। ਇਨ੍ਹਾਂ ਨੂੰ ਇਸ ਗਲ ਦਾ ਵੀ ਅਹਿਸਾਸ ਨਾ ਆਇਆ ਕਿ ਇਕ ਨੈਸ਼ਨਲ ਝੰਡੇ ਇਸ ਸਾਰੇ ਦੇਸ਼ ਦਾ ਤੇ ਉਸ ਦਿਨ ਤਾਂ ਕਮ ਸੇ ਕਮ ਅਸੀਂ ਸਾਰੇ ਮਿਲ ਕੇ ਚਲੀਏ, ਇਕ ਦੂਜੇ ਨੂੰ ਸਹਿਯੋਗ ਦੇਈਏ, ਦੇਸ਼ ਦੀ ਆਜ਼ਾਦੀ ਵਾਸਤੇ ਅਤੇ ਦੇਸ਼ ਦੇ ਝੰਡੇ ਦੀ ਸਲਾਮੀ ਲਈ ਤਾਂ ਅਸੀਂ ਇਕਠੇ ਹੋ ਜਾਈਏ ਅਤੇ ਇਸ ਦਿਨ ਨੂੰ ਮਨਾਈਏ । ਪਰ ਇਹ ਤਾਂ ਇਕ ਗੱਲ ਪੜ੍ਹੇ ਹਨ ਕਿ ਤਾਕਤ ਹੋਵੇ ਤਾਂ ਹੀ ਇਹ ਝੰਡੇ ਦੀ ਕਦਰ ਕਰਨ ਹੋਰ ਇਨ੍ਹਾਂ ਦੇ ਨਜ਼ਦੀਕ ਕੋਈ ਗਲ ਹੀ ਨਹੀਂ, ਕਿਸੇ ਚੀਜ਼ ਦੀ ਕਦਰ ਨਹੀਂ (ਵਿਘਨ ਸ਼ੋਰ)

ਸਰਦਾਰ ਦਰਬਾਰਾ ਸਿੰਘ (ਨਕੋਦਰ) : ਸਪੀਕਰ ਸਾਹਿਬ, ਇਥੇ ਸਿਰਫ ਸਰਦਾਰ ਕੋਹਲੀ ਦਾ ਕਾਨਡਕਟ ਅੰਡਰ ਡਿਸਕਸ਼ਨ ਹੈ ਪਰ ਸੀ. ਐਮ. ਸਾਹਿਬ ਇਥੇ ਆਪਣੀ ਜ਼ਿੰਮੇਦਾਰੀ ਨੂੰ ਇਕ ਪਾਸੇ ਛਡ ਕੇ ਪਾਰਟੀਆਂ ਦੇ ਜਨਰਲ ਕਾਨਡਕਟ ਡਿਸਕਸ ਕਰਨ ਲਗ ਪਏ ਹਨ । ਕੀ, ਉਹ ਇਸ ਤਰ੍ਹਾਂ ਕਰ ਸਕਦੇ ਹਨ ਕਿ ਨਹੀਂ, ਮੈਂ ਆਪ ਦੀ ਰੂਲਿੰਗ ਚਾਹੁੰਦਾ ਹਾਂ । (ਵਿਘਨ)

Mr. Speakar: No, no please.

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰੇ ਫ਼ਾਜ਼ਲ ਦੋਸਤ ਬੜੇ ਸਿਆਣੇ ਤੇ ਪੜ੍ਹੇ ਲਿਖੇ ਨੇ । ਇਨ੍ਹਾਂ ਨੂੰ ਪਤਾ ਨਹੀਂ ਕੀ ਗਲਤਫਹਿਮੀ ਹੋ ਗਈ ਹੈ ਕਿ ਇਸ ਤਰ੍ਹਾਂ ਦਾ ਪੁਆਇੰਟ ਆਫ਼ ਆਰਡਰ ਉਠਾ ਦਿਤਾ ਹੈ ਕਿ ਮੈਂ ਪਾਰਟੀਆਂ ਦੇ ਕਾਨਡਕਟ ਨੂੰ ਡਿਸਕਸ ਕਰ ਰਿਹਾ ਹਾਂ । ਇਹ ਆਪ ਤਾਂ ਨਾ ਤਿੰਨਾਂ ਵਿਚ ਨਾਂ ਤੇਰ੍ਹਾਂ ਵਿਚ, ਨਾ ਟੋਕਰੀ ਦੇ ਬੇਰਾਂ ਵਿਚ, ਇਹ ਤਾਂ ਕਿਸੇ ਪਾਰਟੀ ਵਿਚ ਵੀ ਨਹੀਂ । (ਵਿਘਨ ਸ਼ੋਰ)

ਸਰਦਾਰ ਦਰਬਾਰਾ ਸਿੰਘ (ਨਕੋਦਰ) : ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ । ਮੈਂ, ਸਪੀਕਰ ਸਾਹਿਬ, ਅਰਜ਼ ਕਰਾਂਗਾ ਕਿ ਮੇਰੇ ਬਾਰੇ ਵਿਚ ਜੋ ਸੀ. ਐਮ. ਸਾਹਿਬ ਨੇ ਕਿਹਾ ਹੈ ਨਿਹਾਇਤ ਗੈਰਜ਼ਿੰਮੇਦਾਰੀ ਦੀਆਂ ਗੱਲਾਂ ਕਹੀਆਂ ਹਨ । ਗੱਲਾਂ ਬੜੀਆਂ ਸਿਧੀਆਂ ਤੇ ਸਾਫ਼ ਹਨ ਕਿ ਮੈਂ ਯੂਨਾਇਟਿਡ ਫਰੰਟ ਪਾਰਟੀ ਵਿਚ ਹਾਂ ਅਤੇ ਉਨ੍ਹਾਂ ਦੇ ਨਾਲ ਬੈਠਾ ਹਾਂ । ਇਹ ਕਹਿੰਦੇ ਹਨ ਕਿ ਮੈਂ ਕਿਸੇ ਪਾਰਟੀ ਵਿਚ ਨਹੀਂ । (ਵਿਘਨ)

ਮੁੱਖ ਮੰਤਰੀ : ਕੀ ਇਹ ਪਰਸਨਲ ਐਕਸਪਲੇਨੇਸ਼ਨ ਹੈ ਜਾਂ ਕੀ ਹੈ? (ਵਿਘਨ) (ਸ਼ੋਰ)

ਸਰਦਾਰ ਦਰਬਾਰਾ ਸਿੰਘ (ਨਕੋਦਰ) : ਸਪੀਕਰ ਸਾਹਿਬ, ਮੈਂ ਇਹ ਕਹਾਂਗਾ ਕਿ ਇਹ ਜਿਸ ਆਪਣੀ ਪਾਰਟੀ ਦਾ ਜ਼ਿਕਰ ਕਰਦੇ ਹਨ ਉਹ ਤਾਂ ਕਾਬਲੇ ਲਾਅਨਤ ਪਾਰਟੀ ਹੈ ਜਿਸ ਨੂੰ ਇਹ ਜਨਤਾ ਪਾਰਟੀ ਕਹਿੰਦੇ ਹਨ । ਇਹ ਤਾਂ.... (ਵਿਘਨ) (ਸ਼ੋਰ)

ਮੁੱਖ ਮੰਤਰੀ : ਚੰਗਾ, ਫਿਰ ਤੁਹਾਨੂੰ ਫ਼ਰੰਟ ਪਾਰਟੀ ਮੁਬਾਰਕ ਹੋਵੇ, ਅਜ ਸਾਨੂੰ ਪਤਾ ਤਾਂ ਲਗ ਗਿਆ ਹੈ ਕਿ ਤੁਹਾਡੀ ਪਾਰਟੀ ਕਿਹੜੀ ਹੈ । ਸਪੀਕਰ ਸਾਹਿਬ, ਇਹ ਤਾਂ ਜੋ ਕੁਝ ਇਨ੍ਹਾਂ ਨੇ ਕੀਤਾ ਹੈ ਇਕ ਕੜੀ ਹੈ ਉਸ ਦਾ ਜੋ ਕੁਝ ਸਾਡੇ ਸੂਬੇ ਵਿਚ ਚਲ ਰਿਹਾ ਹੈ । ਤਾਕਤ ਚਲੀ ਗਈ ਹੈ ਇਨ੍ਹਾਂ ਦੇ ਹਥੋਂ ਅਤੇ ਇਨ੍ਹਾਂ ਨੂੰ ਹੁਣ ਡੈਮੋਕਰੇਸੀ ਦਾ ਕੋਈ ਲਿਹਾਜ਼ ਹੀ ਨਹੀਂ ਰਿਹਾ । ਇਹ ਆਪ ਡੈਮੋਕਰੇਸੀ ਦਾ ਇਕ ਅੰਗ ਹਨ । ਵੋਟਾਂ ਲੈ ਕੇ ਆਏ ਹਨ । ਵੋਟਾਂ ਇਕ ਪਾਸੇ ਵਧ ਹੋ ਗਈਆਂ, ਹਕੂਮਤ ਬਦਲ ਗਈ । ਪਰ ਇਨ੍ਹਾਂ ਨੇ ਤਹਈਆ ਕਰ ਲਿਆ ਹੈ ਕਿ ਸਾਰੀਆਂ ਵਿਰੋਧੀ ਪਾਰਟੀਆਂ ਇਕੱਠੀਆਂ ਹੋ ਕੇ ਇਸ ਤਰ੍ਹਾਂ ਦੀ ਕਾਰਵਾਈ ਕਰਨ । ਵੋਟਾਂ ਨਾਲ ਤਾਂ ਇਹ ਹੁਣ ਪਾਵਰ ਵਿਚ ਆ ਨਹੀਂ ਸਕਦੇ । ਇਸ ਲਈ ਹੁਣ ਇਹ ਕੋਸ਼ਿਸ਼ ਕਰਦੇ ਹਨ ਕਿ ਸੂਬੇ ਦਾ ਅਮਨ ਕਿਸੇ ਤਰ੍ਹਾਂ ਨਾਲ ਭੰਗ ਕੀਤਾ ਜਾਵੇ । ਇਹ ਸੂਬੇ ਦੇ ਅਮਨ ਨੂੰ ਚੈਲੰਜ ਦਿੰਦੇ ਹਨ ਅਤੇ ਇਸ ਦੀ ਜ਼ਿੰਮੇਦਾਰੀ ਸਰਕਾਰ ਤੇ ਹੈ ਕਿ ਉਹ ਇਸ ਨੂੰ ਭੰਗ ਨਾ ਹੋਣ ਦੇਵੇ । ਮੈਂ ਉਨ੍ਹਾਂ ਦੋਸਤਾਂ ਦਾ ਜ਼ਿਕਰ ਕਰ ਰਿਹਾ ਹਾਂ....(ਵਿਘਨ) ਕਿ 26 ਤਰੀਕ ਦੇ ਵਾਕਿਆਤ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਮੇਰੇ ਕੈਬਨਟ ਦੇ ਇਕ ਸਾਥੀ ਸਰਦਾਰ ਗੁਰਚਰਨ ਸਿੰਘ ਹੋਰਾਂ ਉਥੇ ਉਸ ਦਿਨ ਜਾਣਾ ਸੀ । ਉਹ ਗਏ 150 ਜਾਂ 200 ਆਦਮੀਆਂ ਦਾ ਇਕੱਠ ਸੀ....

ਸਰਦਾਰ ਗੁਰਦੇਵ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ....(ਵਿਘਨ) (ਸ਼ੋਰ) (ਇਸ ਸਮੇਂ ਕੁਝ ਮੈਂਬਰ ਪੁਆਇੰਟ ਆਫ ਆਰਡਰ ਤੇ ਖੜ੍ਹੇ ਹੋ ਗਏ ।)

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਹਾਊਸ ਦੀ ਕਾਰਵਾਈ ਨੂੰ ਚਲਣ ਨਹੀਂ ਦੇਣਾ ਚਾਹੁੰਦੇ ।

ਸ੍ਰੀ ਸਪੀਕਰ : ਮੈਂ ਇਹ ਮੋਸ਼ਨ ਪੁਟ ਕਰ ਦਿੰਦਾ ਹਾਂ (I would like to put this Motion to the House). (ਵਿਘਨ)

ਮੁੱਖ ਮੰਤਰੀ : ਮੇਰੇ ਨਾਲ ਮਜਾਰਟੀ ਹੈ ਅਤੇ ਤੁਸੀਂ ਕੋਈ ਗਲ ਹਾਊਸ ਨੂੰ ਪੁਟ ਕਰੋ ਤਾਂ ਉਸ ਦਾ ਫ਼ੈਸਲਾ ਹਾਊਸ ਕਰ ਸਕਦਾ ਹੈ । ਇਹ ਤਾਂ ਇਸ ਤਰ੍ਹਾਂ ਵਿਘਨ ਪਾ ਰਹੇ ਹਨ । (ਵਿਘਨ) (ਸ਼ੋਰ) ਮੈਨੂੰ ਐਕਸਪਲੇਨੇਸ਼ਨ ਤਾਂ ਦੇ ਲੈਣ ਦਿਉ ।

ਸਰਦਾਰ ਗੁਰਦੇਵ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ ।

ਸ੍ਰੀ ਸਪੀਕਰ : ਇਸ ਤਰ੍ਹਾਂ ਤੁਸੀਂ ਹਰ ਗੱਲ ਤੇ ਪੁਆਇੰਟ ਆਫ ਆਰਡਰ ਰੇਜ਼ ਕਰਦੇ ਹੋ ਜਦ ਤੁਸੀਂ ਬੋਲਦੇ ਹੋ ਤਾਂ ਸਰਕਾਰੀ ਬੈਂਚਾਂ ਵਾਲੇ ਸੁਣਦੇ ਹਨ ਤੇ ਫਿਰ ਜਦ ਉਹ ਕੁਝ ਕਹਿੰਦੇ ਹਨ ਤਾਂ ਤੁਸੀਂ ਬੋਲਣ ਨਹੀਂ ਦਿੰਦੇ । ਇਸ ਤਰ੍ਹਾਂ ਵਿਘਨ ਪਾਂਦੇ ਹੋ ਤਾਂਕਿ ਹਾਊਸ ਦੀ ਕਾਰਵਾਈ ਨਾ ਚਲ ਸਕੇ । ਇਹ ਤਹਾਡੇ ਪੁਆਇੰਟ ਆਫ ਆਰਡਰ ਸਿਰਫ਼ ਇਸ ਕਰਕੇ ਰੇਜ਼ ਕੀਤੇ ਜਾ ਰਹੇ ਹਨ ਕਿ ਕਾਰਵਾਈ ਨੂੰ ਚਲਣ ਨਾ ਦਿਤਾ ਜਾਵੇ । (The hon. Members from the Opposition stand on a point of order on every matter. The Members of the Treasury Benches listen to you patiently and when, in reply they rise to say something then you do not let them have their say and interrupt like this to obstruct the proceedings of the House. You are raising points of order simply to obstruct the proceedings of the House.)

ਮੁੱਖ ਮੰਤਰੀ : ਮੈਂ, ਸਪੀਕਰ ਸਾਹਿਬ, ਇਹ ਬੇਨਤੀ ਕਰ ਰਿਹਾ ਹਾਂ ਕਿ..(ਵਿਘਨ)

ਸਰਦਾਰ ਗੁਰਦੇਵ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ ।

(ਇਸ ਸਮੇਂ ਕੁਝ ਵਿਰੋਧੀ ਦਲ ਦੇ ਮੈਂਬਰ ਪੁਆਇੰਟ ਆਫ ਆਰਡਰ ਤੇ ਖੜ੍ਹੇ ਹੋ ਗਏ ।

NAMING OF A MEMBER

Mr. Speaker : I am not going to allow any Point of Order. It is just to create obstruction.

Shri A. Vishwanathan : It is our right; how can you not allow a Point of Order ?

Mr. Speaker : Mr. Vishwanathan, I name you. I am not going to allow you to proceed like this.

Shri A. Vishwanathan : You have to allow a Point of Order. You are to be guided by the rules.

Mr. **Speaker** : I name you. I order you to please leave the House. I am not going to allow you to speak like this. You are talking too much.

ਸ਼੍ਰੀ ਲਾਲ ਚੰਦ ਸੱਬਰਵਾਲ : ਸਪੀਕਰ ਸਾਹਿਬ, ਸ਼ਾਇਦ ਇਹ ਸਹਿਵਨ ਹੀ ਤੁਹਾਡੇ ਮੂੰਹੋਂ ਨਿਕਲ ਗਿਆ ਹੈ ਕਿ ਕੋਈ ਵੀ ਪੁਆਇੰਟ ਆਫ਼ ਆਰਡਰ ਅਲਾਉ ਨਹੀਂ ਕਰਨਾ......(ਵਿਘਨ) (ਸ਼ੋਰ)

ਇਕ ਮਾਨਯੋਗ ਮੈਂਬਰ : ਇਥੇ ਤੁਸੀਂ ਜੋ ਮਰਜ਼ੀ ਕਰੀ ਜਾਉ, ਹਾਊਸ ਵਿਚ ਇਨ੍ਹਾਂ ਨੇ ਤਾਂ ਮਜ਼ਾਕ ਬਣਾਇਆ ਹੋਇਆ ਹੈ —(ਵਿਘਨ)

ਸ਼੍ਰੀ ਸਪੀਕਰ : ਨੋ ਇੰਟਰਪਸ਼ਨ ਪਲੀਜ਼ । ਤੁਸੀਂ, ਸਬਰਵਾਲ ਸਾਹਿਬ, ਹੁਣ ਪੋਚੇ ਨਾ ਪਾਉ, ਇਸ ਤਰ੍ਹਾਂ ਹਾਊਸ ਦੀਆਂ ਪ੍ਰੋਸੀਡਿੰਗਜ਼ ਨੂੰ ਡਿਸਟਰਬ ਕਰ ਰਹੇ ਹੋ । ਰੂਲਜ਼ ਇਹ ਕਹਿੰਦੇ ਨੇ ਕਿ ਜੇਕਰ ਪੁਆਇੰਟ ਆਫ਼ ਆਰਡਰ ਹਾਊਸ ਦੀਆਂ ਪ੍ਰੋਸੀਡਿੰਗ ਨੂੰ ਡਿਸਟਰਬ ਕਰਨ ਦੀ ਖ਼ਾਤਰ ਕੀਤੇ ਜਾਣ ਤਾਂ ਆਈ ਮੇ ਨਾਟ ਅਲਾਊ ਦੋਜ਼ ਪੁਆਇੰਟਸ ਆਫ਼ ਆਰਡਰਜ਼ । ਇਹ ਸਪੀਕਰ ਨੂੰ ਇਖ਼ਤਿਆਰ ਹੈ । (No Interruptions, please. Mr. Suberwal, do not try to side track the issue. In this way you are obstructing the proceedings of the House. The rules empower me not to allow such points of order which are raised simply to disturb the proceedings. The Speaker has got that power.) (ਵਿਘਨ) (ਸ਼ੋਰ)

ਸ਼੍ਰੀ ਲਾਲ ਚੰਦ ਸੱਬਰਵਾਲ : ਅਰਜ਼ ਇਹ ਹੈ ਕਿ ਰੂਲਜ਼ ਜਨਾਬ ਨੂੰ ਵੀ ਬਾਈਂਡ ਕਰਦੇ ਹਨ ਅਤੇ ਸਾਨੂੰ ਵੀ ਬਾਈਂਡ ਕਰਦੇ ਹਨ । ਅਸੀਂ ਕਹਿੰਦੇ ਹਾਂ ਕਿ ਇਹ ਤੁਹਾਨੂੰ ਕਈ ਰਾਈਟ ਨਹੀਂ ਕਿ ਤੁਸੀਂ ਇਸ ਕਿਸਮ ਦੇ ਆਰਡਰਜ਼ ਕਰ ਦਿਉ ਕਿ ਮੈਂ ਤਾਂ ਕੋਈ ਪੁਆਇੰਟ ਆਫ ਆਰਡਰ ਸੁਣਨਾ ਹੀ ਨਹੀਂ ।

ਸ਼੍ਰੀ ਸਪੀਕਰ : ਮੈਂ ਫੇਰ ਉਹੀ ਗੱਲ ਰੀਪੀਟ ਕਰਦਾ ਹਾਂ ਕਿ ਜੇ ਤੁਸੀਂ ਮਹਿਜ਼ ਇੰਟਰਪਟ ਕਰਨ ਦੇ ਲਈ ਪੁਆਇੰਟ ਆਫ ਆਰਡਰ ਕਹੀ ਜਾਂਦੇ ਹੋ ਤਾਂ ਮੈਂ ਉਹ ਐਲਾਉ ਨਹੀਂ ਕਰਾਂਗਾ । (I repeat that if you rise on points of order merely to interrupt the proceedings then I will not allow.)

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ........

Mr. Speaker : I am not going to allow you to disturb the House.

ਸ੍ਰੀ ਲਾਲ ਚੰਦ ਸਬਰਵਾਲ : ਸਪੀਕਰ ਸਹਿਬ, ਜੇ ਇਸ ਤਰ੍ਹਾਂ ਦੀ ਗੱਲ ਹੈ ਤਾਂ ਫੇਰ ਸਾਡਾ ਏਥੇ ਬੈਠਣ ਦਾ ਕੋਈ ਫ਼ਾਇਦਾ ਨਹੀਂ । ਤੁਹਾਡਾ ਕੀ ਖਿਆਲ ਹੈ ਕਿ ਏਥੇ ਲਾਠੀਆਂ ਲੱਗਣ, ਸਿਰ ਫਟ ਜਾਣ, ਮਰਡਰ ਹੋ ਜਾਵੇ ਤਾਂ ਫੇਰ ਵੀ ਸਾਡਾ ਹਕ ਨਹੀਂ ਕਿ ਚੇਅਰ ਦਾ ਏਧਰ ਧਿਆਨ ਦਿਵਾ ਸਕੀਏ ?

ਸ੍ਰੀ ਸਪੀਕਰ : ਜੇ ਕੋਈ ਐਸੀ ਗੱਲ ਹੋਵੇ ਤਦ ਹੀ ਨਾ, ਤੁਸੀਂ ਤਾਂ ਮਹਿਜ਼ ਹਾਊਸ ਦੀ ਕਾਰਵਾਈ ਨੂੰ ਇੰਟਰਪਟ ਕਰਨ ਲਈ ਪੁਆਇੰਟ ਆਫ ਆਰਡਰ ਰੇਜ਼ ਕਰਦੇ ਹੋ । (This should be done only when there is something of that sort. You raise 'Point of order' just to interrupt the proceedings of the House.)

ਸ੍ਰੀ ਲਾਲ ਚੰਦ ਸੱਬਰਵਾਲ : ਫੇਰ ਇਉਂ ਕਿਉਂ ਕਹਿੰਦੇ ਹੋ ਕਿ ਤੁਹਾਨੂੰ ਕੋਈ ਪਾਵਰ ਨਹੀਂ ਪੁਆਇੰਟ ਆਫ਼ ਆਰਡਰ ਤੇ ਬੋਲਣ ਦੀ । ਮੈਂ ਤੁਹਾਡੀ ਗਾਈਡੈਂਸ ਲਈ ਏਥੇ ਰੂਲ 112 ਪੜ੍ਹ ਦਿੰਦਾ ਹਾਂ ......

ਸ੍ਰੀ ਅ. ਵਿਸ਼ਵਨਾਥਨ : ਆਨ ਏ ਪੁਆਇੰਟ ਆਫ ਆਰਡਰ, ਆਨ ਏ ਪੁਆਇੰਟ ਆਫ ਆਰਡਰ, ਸਰ ।

Mr. Speaker : I have asked you to please leave the House. You are disturbing the House. If you are not going to leave, I am asking my Sergeant-at-Arms to take you out.

Shri. A. Vishwanathan : You allowed the point of order.

Mr. Speaker : I have not allowed.

ਸ੍ਰੀ ਲਾਲ ਚੰਦ ਸੱਬਰਵਾਲ : ਤੁਸੀਂ ਪਹਿਲਾਂ ਰੂਲ 112 ਪੜ੍ਹ ਕੇ ਤਾਂ ਵੇਖੋ ਕਿ ਇਸ ਦੇ ਵਿਚ ਡਿਸਕਰੀਸ਼ਨ ਸਪੀਕਰ ਦੀ ਹੈ ਜਾਂ ਨਹੀਂ । Name me also, name him also. We will not walk out.

Shri A. Vishwanathan : You are strangulating the House and the democracy.

ਰਾਜ ਮੰਤਰੀ ਲੋਕ ਨਿਰਮਾਣ (ਸਰਦਾਰ ਨਰਿੰਦਰ ਸਿੰਘ) **:** ਸਪੀਕਰ ਸਾਹਿਬ, ਏਥੇ ਪਤਾ ਲਗਦਾ ਹੈ ਕਿ ਖਨੇ ਵਾਲੇ ਝਗੜੇ ਲਈ ਕਿਹੜੀ ਪਾਰਟੀ ਜ਼ਿੰਮੇਵਾਰ ਸੀ ।

(ਇਸ ਵੇਲੇ ਮਾਰਸ਼ਲ ਆਪਣੀ ਸੀਟ ਤੋਂ ਮੈਂਬਰ ਵੱਲ ਨੂੰ ਚੱਲਿਆ)

ਸ੍ਰੀ ਲਾਲ ਚੰਦ ਸੱਬਰਵਾਲ : ਇਹ ਕਿਵੇਂ ਹੋ ਸਕਦਾ ਹੈ, ਇਕ ਪਾਸੇ ਡਿਕਟੇਟਰਸ਼ਿਪ ਖੜ੍ਹੀ ਹੋਵੇ ਅਤੇ ਦੂਸਰੇ ਪਾਸੇ ਤੁਸੀਂ ਸਾਡੇ ਨਾਲ ਇਨਜਸਟਿਸ ਕਰਦੇ ਹੋ, ਸਾਨੂੰ ਇਸ ਲਈ ਪ੍ਰੋਟੈਸਟ ਕਰਨਾ ਪਵੇਗਾ ।

ਸ੍ਰੀ ਸਪੀਕਰ : ਮੈਂ ਤੁਹਾਡੇ ਨਾਲ ਹੁਣ ਤਕ ਬੜਾ ਕੋਆਪਰੇਟ ਕੀਤਾ ਹੈ, ਇਤਨਾ ਕਿ ਜਿਸ ਦਾ ਅੰਦਾਜ਼ਾ ਕੋਈ ਲਗਾਇਆ ਹੀ ਨਹੀਂ ਜਾ ਸਕਦਾ । ਇਹ ਇਨਸਲਟ ਆਫ ਦੀ ਹਾਊਸ ਹੈ, ਇਹ ਮੈਂ ਬਰਦਾਸ਼ਤ ਨਹੀਂ ਕਰਾਂਗਾ, I am not going to allow you. (I have given you maximum cooperation—Cooperation beyond imagination. This is an insult to the House which I am not going to tolerate. I am not going to allow you.)

ਸ੍ਰੀ ਅ. ਵਿਸ਼ਵਨਾਥਨ : ਹਾਊਸ ਦੀ ਇਨਸਲਟ ਨਹੀਂ ਇਹ ਰੂਲਜ਼ ਦੀ ਇਨਸਲਟ ਹੈ, ਰੈਗੂਲਸ਼ਨਜ਼ ਦੀ ਇਨਸਲਟ ਹੈ । ਕਾਂਸਟੀਚਿਊਸ਼ਨ ਦੀ ਇਨਸਲਟ ਹੈ ।

(ਇਸ ਸਮੇਂ ਮਾਰਸ਼ਲ ਨੇ ਸ੍ਰੀ ਵਿਸ਼ਵਨਾਥਨ ਨੂੰ ਟਚ ਕੀਤਾ ।)

ਡਾਕਟਰ ਬਲਦੇਵ ਪ੍ਰਕਾਸ਼ : ਲਾਠੀ ਚਾਰਜ ਕਰਵਾ ਦਿਉ ।

ਸਰਦਾਰ ਜੰਗੀਰ ਸਿੰਘ ਫਗੂਵਾਲੀਆ : ਮਾਰਸ਼ਲ ਨਾ ਭੇਜੋ, ਲਾਠੀ ਚਾਰਜ ਕਰਾਉ, ਕਿਵੇਂ ਪੁਲਿਸ ਕਢ ਦੇਵੇਗੀ, ਨਾਸਾਂ ਭੰਨ ਦਿਆਂਗੇ ।

(ਸ਼ੋਰ–ਵਿਘਨ)

ਪੰਡਿਤ ਮੋਹਨ ਲਾਲ ; ਮੈਂ ਅਪੋਜ਼ੀਸ਼ਨ ਵਾਲੇ ਸੱਜਣਾ ਨੂੰ ਪ੍ਰਾਰਥਨਾ ਕਰਾਂਗਾ ਕਿ ਉਹ ਹੋਰ ਐਂਗਲੀ ਸਿਚੂਏਸ਼ਨ ਕ੍ਰੀਏਟ ਨਾ ਕਰਨ । ਮੈਂ ਸਮਝਦਾ ਹਾਂ ਜੋ ਤੁਸੀਂ ਆਰਡਰ ਦਿੱਤਾ ਹੈ, ਸਹੀ ਦਿੱਤਾ ਹੈ । ਇਹ ਦੇਣ ਦੇ ਵਿਚ ਤੁਸੀਂ ਜਸਟੀਫਾਈਡ ਹੋ, ਜੇਕਰ ਜਸਟੀਫਾਈਡ ਆਰਡਰ ਹੋਣ ਦੇ ਬਾਵਜੂਦ ਵੀ ਕੋਈ ਹਲ ਨਹੀਂ, ਤਾਂ ਹੁਣ ਹੋਰ ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਅਗਲੀ ਸਿਚੂਏਸ਼ਨ ਕ੍ਰੀਏਟ ਨਾ ਕਰੋ ।

ਸ੍ਰੀ ਲਾਲ ਚੰਦ ਸੱਬਰਵਾਲ : ਸਪੀਕਰ ਸਾਹਿਬ, ਰੂਲ 112 ਤੁਹਾਨੂੰ ਇਹ ਡਿਸਕਰੀਸ਼ਨ ਨਹੀਂ ਦਿੰਦਾ ਕਿ ਤੁਸੀਂ ਕੋਈ ਪੁਆਇੰਟ ਆਫ ਆਰਡਰ ਸੁਣੋ ਹੀ ਨਾ । ਤਾਂ ਕਿਵੇ ਅਸੀਂ ਤੁਹਾਡੀ ਤਵੱਜੋ ਦਿਲਾਵਾਂਗੇ । ਜੇ ਪੰਡਿਤ ਮੋਹਨ ਲਾਲ ਐਵੇਂ ਹੀ ਕਹੀ ਜਾਣ, ਅਸੀਂ ਨਹੀਂ ਮੰਨਦੇ ਸਾਨੂੰ ਸਮਝਾਉ ਰੂਲ ਪੜ੍ਹਕੇ ਕਿ ਕੀ ਇੰਟਰਪਰੈਟੇਸ਼ਨ ਇਸ ਦੀ ਨਿਕਲਦੀ ਹੈ । ਜੇ ਅਸੀਂ ਗਲਤ ਹਾਂ We will apologise from the Chair and the House. ਜੇ ਤੁਸੀਂ ਕਹੋ ਕਿ ਗੱਲ ਗਲਤ ਹੈ; ਅਸੀਂ ਸੁਣਨੀ ਹੀ ਨਹੀਂ, ਤਾਂ ਫੇਰ ਸਾਡਾ ਇਥੇ ਆਉਣ ਦਾ ਕੀ ਫਾਇਦਾ ਹੈ ?

ਸ੍ਰੀ ਸਪੀਕਰ : ਸੱਬਰਵਾਲ ਸਾਹਿਬ, ਮੈਨੂੰ ਤੁਹਾਡਾ ਰਿਗਾਰਡ ਹੈ । ਮੈਂ ਜਾਣਦਾ ਹਾਂ ਤੁਸੀਂ ਬਹੁਤ ਸੋਚ ਸਮਝ ਕੇ ਗੱਲ ਵੀ ਕਰਦੇ ਹੋ ਪਰ ਪੁਆਇੰਟ ਆਫ ਆਰਡਰ ਕਹਿ ਕਹਿ ਕੇ ਹਾਊਸ ਨੂੰ ਡਿਸਟਰਬ ਕਰਨਾ ਠੀਕ ਨਹੀਂ । ਤੁਸੀਂ ਖੁਦ ਹੀ ਦੱਸੋ ਜੇ ਹਰ ਆਦਮੀ ਉਠ ਕੇ ਪੁਆਇੰਟ ਆਫ ਆਰਡਰ ਕਹੀ ਜਾਵੇ ਤਾਂ ਇਹ ਹਾਊਸ ਕਿਸ ਤਰ੍ਹਾਂ ਚਲੇਗਾ । I have requested them simply not to disturb the House by raising the points of order again and again. It is simply to disturb the House again and again. (Mr. Sabharwal, I have all regards for you. I know that you talk after due consideration but it is not desirable to disturb the House by raising points of order again and again. You may yourself realise as to how can the proceedings be conducted if every hon. Member goes on raising a point of order. I have requested them simply not to disturb the House by raising the points of order again and again. It is simply to disturb the House again and again.)

ਸ੍ਰੀ ਸਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਨੂੰ ਯਾਦ ਕਰਾਉਂਦਾ ਹਾਂ ਕਿ ਜਦੋਂ ਮੈਂ ਆਪਣੀ ਸਪੀਚ ਕਰ ਰਿਹਾ ਸੀ ਤਾਂ ਮੈਨੂੰ ਇਕ ਇਕ ਲਾਈਨ ਤੇ ਪੁਆਇੰਟ ਆਫ ਆਰਡਰ ਕਰ ਕਰ ਕੇ ਡਿਸਟਰਬ ਕੀਤਾ ਗਿਆ ਪਰ ਤੁਸੀਂ ਉਨ੍ਹਾਂ ਸਾਰਿਆਂ ਨੂੰ ਬੋਲਣ ਲਈ ਅਲਾਉ ਕੀਤਾ। ਮੈਂ ਬਾਰ ਬਾਰ ਬੈਠ ਬੈਠ ਆਪਣੀ ਤਕਰੀਰ ਕਰਦਾ ਗਿਆ। ਮੇਰਾ ਕਹਿਣ ਦਾ ਮਤਲਬ ਹੈ ਕਿ ਭਾਵੇਂ ਹੋਣ ਟਰੈਜ਼ਰੀ ਬੈਂਚਿਜ਼ ਤੇ ਭਾਵੇਂ ਅਪੋਜ਼ੀਸ਼ਨ—ਦੋਨਾਂ ਨਾਲ ਇਕੋ ਜਿਹਾ ਸਲੂਕ ਹੋਣਾ ਚਾਹੀਦਾ ਹੈ। ਮੈਂ ਅਰਜ਼ ਕਰਾਂਗਾ ਕਿ ਤੁਸੀਂ ਅਪਣਾ ਪਹਿਲਾ ਆਰਡਰ ਵਾਪਸ ਲੈ ਲਉ, ਹਰ ਇਕ ਦਾ ਪੁਆਇੰਟ ਆਫ ਆਰਡਰ ਸੁਣ ਲਉ, ਜਿਹੜਾ ਗਲਤ ਹੋਵੇ, ਉਸ ਨੂੰ ਬੇਸ਼ਕ ਰੀਜੈਕਟ ਕਰ ਦਿਉ।

ਸ੍ਰੀ ਸਪੀਕਰ : ਡਾਂਗ ਸਾਹਿਬ, ਜਿਹੜੀ ਗੱਲ ਤੁਸੀਂ ਕਹੀ ਹੈ ਕਿ ਮੈਂ ਅਪੋਜ਼ੀਸ਼ਨ ਨਾਲ ਇਸ ਤਰ੍ਹਾਂ ਦਾ ਸਲੂਕ ਕਰਦਾ ਹਾਂ ਮੈਂ ਕਦੇ ਐਸਾ ਨਹੀਂ ਕੀਤਾ। ਮੈਂ ਅਪੋਜ਼ੀਸ਼ਨ ਨਾਲ ਬੜੀ ਚੰਗੀ ਤਰ੍ਹਾਂ ਟਰੀਟ ਕਰਦਾ ਹਾਂ। ਮੈਂ ਤੁਹਾਨੂੰ ਇਤਨਾ ਟਾਈਮ ਦਿੰਦਾ ਹਾਂ ਕਿ ਟਰੈਜ਼ਰੀ ਬੈਂਚਿਜ਼ ਵੀ ਮੈਨੂੰ ਕਹਿੰਦੇ ਹਨ ਕਿ ਤੁਸੀਂ ਅਪੋਜ਼ੀਸ਼ਨ ਵਾਲਿਆਂ ਨੂੰ ਬਹੁਤ ਜ਼ਿਆਦਾ ਟਾਈਮ ਦਿੰਦੇ ਹੋ। (I may tell Shri Satya Pal Dang that the observation made by him that I do not give fair deal to the Opposition party is not correct. I am very considerate towards the Opposition. I give them so much time to speak that even the Treasury Benches grumble that I give more time to the Opposition party.)

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਸਵਾਲ ਏਥੇ ਟਾਈਮ ਦੇਣ ਦਾ ਨਹੀਂ ਹੈ, ਏਥੇ ਪੁਆਇੰਟ ਆਫ ਆਰਡਰ ਦੀ ਇਜਾਜ਼ਤ ਬਾਰੇ ਹੈ।

Minister for Co-operation and Parliamentary Affairs (Chaudhri Kartar Singh) : On a point of order, Sir.

Mr. Speaker : No noise please.

ਸਰਦਾਰ ਬਲਵੰਤ ਸਿੰਘ : On a point of order, Sir. Question ਇਹ ਹੈ ਕਿ point of order ਦੇ ਮੁਤਾਲਿਕ ਤੁਹਾਡੀ ਕੋਈ ਡਿਸਕਰੀਸ਼ਨ ਰੂਲਜ਼ ਮੁਤਾਬਕ ਹੈ ਕਿ ਨਹੀਂ। ਰੂਲਜ਼ ਆਫ ਪਰੋਸੀਜਰ ਦਾ ਤੁਸੀਂ ਰੂਲ 112 ਪੜ੍ਹ ਕੇ ਵੇਖ ਲਉ ਇਸ ਦੀ ਸਬ-ਸੈਕਸ਼ਨ 4 ਵਿਚ ਇਹ ਚੀਜ਼ ਕਲੀਅਰਲੀ ਲਿਖੀ ਗਈ ਹੈ ਕਿ ਪੁਆਇੰਟ ਆਫ ਆਰਡਰ ਰਜ਼ ਕਰਨਾ ਹਰ ਮੈਂਬਰ ਨੂੰ ਐਲਾਊਡ ਹੈ, ਤੁਹਾਡੀ ਕੋਈ ਡਿਸਕਰੀਸ਼ਨ ਨਹੀਂ। ਇਹ ਇਸ ਦੇ ਵਿਚ ਕਲੀਅਰਲੀ ਲਿਖਿਆ ਹੈ ਕਿ :

'No debate shall be allowed on a point of order, but the Speaker may, if he thinks fit, hear members before giving his decision.'

ਪਹਿਲਾਂ ਉਸ ਨੂੰ ਸੁਣ ਲਉ ਫਿਰ ਤੁਸੀਂ ਇਹ ਫੈਸਲਾ ਕਰਨਾ ਹੈ ਕਿ ਉਹ ਇਨ ਆਰਡਰ ਹੈ ਜਾਂ ਨਹੀਂ ਹੈ। ਜੇ ਉਹ ਇਨ ਆਰਡਰ ਨਹੀਂ ਹੈ ਤਾਂ ਉਸ ਨੂੰ ਡਿਸਅਲਾਉ ਕਰ ਦਿਉ। ਪਰ ਪਹਿਲਾਂ ਸੁਣ ਤਾਂ ਜ਼ਰੂਰ ਲਉ।

ਮੁੱਖ ਮੰਤਰੀ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੈਂ ਮੂਵ ਕਰਦਾ ਹਾਂ ਕਿ ਟਾਈਮ ਅਧਾ ਘੰਟਾ ਐਕਸਟੈਂਡ ਕਰ ਦਿਤਾ ਜਾਵੇ। (ਵਿਘਨ) (ਸ਼ੋਰ) ਇਹ ਮੇਰਾ ਰਾਈਟ ਹੈ ਕਿ ਮੈਂ ਮੂਵ ਕਰਾਂ। ਮੈਂ ਮੂਵ ਕਰਦਾ ਹਾਂ ਕਿ ਹਾਊਸ ਅਧਾ ਘੰਟਾ ਐਕਸਟੈਂਡ ਕਰ ਦਿਤਾ ਜਾਵੇ। (ਸ਼ੋਰ)

ਸ੍ਰੀ ਲਾਲ ਚੰਦ ਸੱਬਰਵਾਲ : ਅੱਧਾ ਘੰਟਾ ਕਿਉਂ ਵਧਾਉਂਦੇ ਹੋ, ਇਸ ਨੂੰ ਦੋ ਘੰਟੇ ਵਧਾਉ ਅਸੀਂ ਇਸ ਤੇ ਬੋਲਣਾ ਚਾਹੁੰਦੇ ਹਾਂ । ਟਾਈਮ ਦੋ ਘੰਟੇ ਵਧਾਉ । (ਸ਼ੋਰ)

ਸ੍ਰੀ ਸਤਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਜੋ ਮੋਸ਼ਨ ਮੂਵ ਕੀਤੀ ਹੈ ਅਸੀਂ ਇਸ ਦੀ ਵਿਰੋਧਤਾ ਕਰਦੇ ਹਾਂ । ਅਸੀਂ ਵੀ ਇਸ ਸੈਂਸ਼ਰ ਮੋਸ਼ਨ ਤੇ ਬੋਲਣਾ ਚਾਹੁੰਦੇ ਹਾਂ ਇਸ ਕਰਕੇ ਹਾਊਸ ਅੱਧੇ ਘੰਟੇ ਵਾਸਤੇ ਨਹੀਂ ਸਗੋਂ ਜ਼ਿਆਦਾ ਦੇਰ ਤਕ ਚਲਣਾ ਚਾਹੀਦਾ ਹੈ । ਹਰ ਇਕ ਨੂੰ ਬੋਲਣ ਦਾ ਮੌਕਾ ਮਿਲਣਾ ਚਾਹੀਦਾ ਹੈ । (ਸ਼ੋਰ)

ਸ੍ਰੀ ਸਪੀਕਰ : ਸੱਬਰਵਾਲ ਸਾਹਿਬ, ਜਿਹੜੇ ਰੂਲ ਦਾ ਤੁਸੀਂ ਜ਼ਿਕਰ ਕੀਤਾ ਹੈ ਉਸ ਨੂੰ ਅਗੇ ਵੀ ਪੜ੍ਹੋ, ਉਸ ਵਿਚ ਲਿਖਿਆ ਹੈ ਕਿ (Shri Suberwal, please further read the rule referred to by you earlier. It is written therein:

"No debate shall be allowed on a Point of Order, but the Speaker may, if he thinks fit, hear members before giving his decision."

(*Interruptions*)

Mr. Speaker : I do not consider that the points of order are relevant.

ਸ੍ਰੀ ਲਾਲ ਚੰਦ ਸੱਬਰਵਾਲ : ਸਪੀਕਰ ਸਾਹਿਬ, ਜੋ ਤੁਸੀਂ ਪੜ੍ਹਿਆ ਹੈ ਇਹ ਐਪਲਾਈ ਨਹੀਂ ਕਰਦਾ । (ਵਿਘਨ) ਸੁਣ ਤਾਂ ਲਉ (ਵਿਘਨ) ਮੈਂ ਹੱਥ ਜੋੜਦਾ ਹਾਂ ਪਹਿਲਾਂ ਸੁਣ ਲਉ । ਜਿਹੜਾ ਤੁਸੀਂ ਪੜ੍ਹਿਆ ਹੈ ਇਹ ਅਪਲਾਈ ਨਹੀਂ ਕਰਦਾ । ਪੁਆਇੰਟ ਆਫ ਆਰਡਰ ਬਾਰੇ ਜੋ ਰੂਲ ਇਥੇ ਅਪਲਾਈ ਕਰਦਾ ਹੈ ਉਹ ਹੈ 112(1) । ਉਸ ਵਿਚ ਲਿਖਿਆ ਹੈ :

"112 (1) A point of order shall relate to the interpretation or enforcement of these rules or such articles of the Constitution as regulate the business of the House and shall raise a question which is within the cognizance of the Speaker.

(2) A point of order may be raised in relation to the business before the House at the moment".

ਔਰ ਤੁਸੀਂ ਕਹਿੰਦੇ ਹੋ ਕਿ ਪੁਆਇੰਟ ਆਫ ਆਰਡਰ ਸੁਣਨਾ ਹੀ ਨਹੀਂ ।

ਸ੍ਰੀ ਸਪੀਕਰ : ਸਬਰਵਾਲ ਸਾਹਿਬ, ਤੁਸੀਂ ਕਿਹਾ ਹੈ ਕਿ ਮੈਂ ਇਹ ਕਿਹਾ ਸੀ ਕਿ ਮੈਂ ਸੁਣਨਾ ਹੀ ਨਹੀਂ । ਮੈਂ ਇਹ ਕਦੇ ਵੀ ਨਹੀਂ ਸੀ ਕਿਹਾ ਕਿ ਮੈਂ ਪੁਆਇੰਟ ਆਫ਼ ਆਰਡਰ ਨਹੀਂ ਸੁਣਾਂਗਾ । (Mr. Suberwal, you say that I said, "I refuse to hear the point of order". I never said so.)

ਅਵਾਜ਼ਾਂ : ਤੁਸੀਂ ਕਿਹਾ ਏ ।

ਸ੍ਰੀ ਸਪੀਕਰ: ਨਹੀਂ, ਮੈਂ ਇਹ ਕਦੇ ਵੀ ਨਹੀਂ ਕਿਹਾ । (No, I never said that.)

ਸ੍ਰੀ ਲਾਲ ਚੰਦ ਸੱਬਰਵਾਲ : ਤਾਂ ਫਿਰ, ਸਪੀਕਰ ਸਾਹਿਬ, ਕੋਈ ਝਗੜਾ ਹੀ ਨਹੀਂ ਰਹਿੰਦਾ । (ਸ਼ੋਰ)

EXTENSION OF TIME

ਮੁੱਖ ਮੰਤਰੀ: ਸਪੀਕਰ ਸਾਹਿਬ, ਪਹਿਲਾਂ ਮੇਰੀ ਮੋਸ਼ਨ ਦਾ ਫੈਸਲਾ ਲਉ ।

ਡਾਕਟਰ ਬਲਦੇਵ ਪ੍ਰਕਾਸ਼ ਸਪੀਕਰ ਆਪ ਟਾਈਮ ਐਕਸਟੈਂਡ ਕਰ ਸਕਦਾ ਹੈ। ਇਸ ਵਾਸਤੇ ਮੋਸ਼ਨ ਦੀ ਲੋੜ ਨਹੀਂ ਹੁੰਦੀ । (ਸ਼ੋਰ)

ਮੁੱਖ ਮੰਤਰੀ : ਸਪੀਕਰ ਆਪ ਨਹੀਂ ਕਰ ਸਕਦਾ । (ਸ਼ੋਰ) ਅਸੀਂ ਵੀ ਰੂਲਜ਼ ਦੇਖੇ ਹੋਏ ਹਨ ।

ਡਾਕਟਰ ਬਲਦੇਵ ਪ੍ਰਕਾਸ਼ : ਰੂਲਜ਼ ਦਾ ਤੁਹਾਨੂੰ ਇਤਨਾ ਹੀ ਪਤਾ ਹੈ ? (ਸ਼ੋਰ) ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜੋ ਪੁਆਇੰਟ ਆਫ਼ ਆਰਡਰ ਪ੍ਰੋਸੀਡਿੰਗਜ਼ ਵਿਚ ਔਬਸਟ੍ਰਕਸ਼ਨ ਕ੍ਰੀਏਟ ਕਰੇ ਤਾਂ ਉਸ ਨੂੰ ਡਿਸ ਅਲਾਊ ਕੀਤਾ ਜਾਂਦਾ ਹੈ । (ਸ਼ੋਰ)

ਸਰਦਾਰ ਕਿਰਪਾਲ ਸਿੰਘ ਢਿਲੋਂ : ਸਪੀਕਰ ਸਾਹਿਬ, ਪਹਿਲਾਂ ਟਾਈਮ ਦਾ ਫੈਸਲਾ ਕਰ ਲਉ । (ਸ਼ੋਰ)

ਸ਼੍ਰੀ ਸਪੀਕਰ : ਅੱਧਾ ਘੰਟਾ ਟਾਈਮ ਵਧਾ ਦਿਤਾ ਗਿਆ ਹੈ । (The time of the sitting has been extended by half an hour.)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ ਮੇਰੀ ਗੁਜ਼ਾਰਿਸ਼ ਇਹ ਹੈ ਕਿ ਆਨਰੇਬਲ ਮੈਂਬਰ ਨੇ ਕਿਹਾ ਸੀ ਕਿ ਪੁਆਇੰਟ ਆਫ ਆਰਡਰ ਸੁਣ ਲਉ । ਜੇ ਉਹ ਆਊਟ ਆਫ਼ ਆਰਡਰ ਹੈ ਤਾਂ ਡਿਸ ਅਲਾਉ ਕਰ ਦਿਉ । (ਸ਼ੋਰ)

ਸ਼੍ਰੀ ਸਪੀਕਰ : ਮੈਂ ਕਾਫ਼ੀ ਪੁਆਇੰਟ ਆਫ਼ ਆਰਡਰ ਸੁਣ ਲਏ ਹਨ । (I have already heard enough points of order)

ਡਾਕਟਰ ਬਲਦੇਵ ਪ੍ਰਕਾਸ਼: ਤਾਂ ਫਿਰ ਮੈਂਬਰ ਬਿਨਾਂ ਕੁਝ ਕਿਹਾਂ ਬਾਹਰ ਚਲੇ ਜਾਇਆ ਕਰਨ ?

ਸ਼੍ਰੀ ਸਪੀਕਰ : ਮੈਂ ਕਦੋਂ ਕਹਿੰਦਾ ਹਾਂ ? (I do not say that.)

ਡਾਕਟਰ ਬਲਦੇਵ ਪ੍ਰਕਾਸ਼ : ਇਸੇ ਲਈ ਮੈਂ ਅਰਜ਼ ਕਰਦਾ ਹਾਂ ਕਿ ਆਪਣੇ ਫੈਸਲੇ ਨੂੰ ਰੀਕਨਸਿਡਰ ਕਰ ਲਉ । ਮੈਂਬਰ ਨੇ ਕੋਈ ਪੁਆਇੰਟ ਆਫ਼ ਆਰਡਰ ਪ੍ਰੋਸੀਡਿੰਗਜ਼ ਨੂੰ ਆਬਸਟ੍ਰਕਟ ਕਰਨ ਲਈ ਰੇਜ਼ ਨਹੀਂ ਕੀਤਾ । ਹਾਊਸ ਦੀ ਡਿਗਨਿਟੀ ਨੂੰ ਕਾਇਮ ਰਖਣ ਵਾਸਤੇ ਇਸ ਤਰ੍ਹਾਂ ਨਹੀਂ ਕੀਤਾ ਜਾਣਾ ਚਾਹੀਦਾ ।

Mr. Speaker : And also please request the hon. Member Shri A. Vishwanathan not to rise in his seat and start speaking without my permission. He is very fond of getting up and shouting which is not proper. Will you please give assurance on his behalf for his good behaviour in future ?

Dr. Baldev Parkash : Sir, I give that assurance.

ਹਾਂ ਜੀ, ਮੈਂ ਅਸ਼ੋਅਰ ਕਰਦਾ ਹਾਂ । (ਸ਼ੋਰ)

(ਮਾਰਕਸਿਸਟ ਪਾਰਟੀ ਦੇ ਮੈਂਬਰ ਆਪਣੀਆਂ ਸੀਟਾਂ ਤੇ ਬੈਠ ਗਏ ।)

ਸ੍ਰੀ ਸਪੀਕਰ : ਸਰਦਾਰ ਜੀ, ਤੁਹਾਡਾ ਕੀ ਪੁਆਇੰਟ ਆਫ਼ ਆਰਡਰ ਹੈ ? (What is your point of order, Sardar ji?) (ਹਾਸਾ)

ਆਵਾਜ਼ਾਂ : ਇਹ ਤਾਂ ਮਾਰਸ਼ਲ ਹੈ । (ਹਾਸਾ)

(*At this stage, the Marshal was called back*)

WALK OUT BY GIANI BAKHTAWAR SINGH RAI

(ਇਸ ਵੇਲੇ ਗਿਆਨੀ ਬਖਤਾਵਰ ਸਿੰਘ ਬੋਲਣ ਵਾਸਤੇ ਖੜੇ ਹੋਏ ਪਰ ਉਨ੍ਹਾਂ ਨੂੰ ਬੋਲਣ ਦੀ ਇਜਾਜ਼ਤ ਨਹੀਂ ਮਿਲੀ, ਰੋਸ ਵਜੋਂ ਉਹ ਵਾਕ-ਆਊਟ ਕਰ ਗਏ ।) (ਸ਼ੋਰ)

(ਸੁਣਾਈ ਨਹੀਂ ਸੀ ਦੇ ਰਿਹਾ)

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਸਪੀਕਰ ਸਾਹਿਬ, ਮੈਂ ਨਿਹਾਇਤ ਅਦਬ ਨਾਲ ਇਹ ਦਰਖਾਸਤ ਕਰਾਂਗਾ ਕਿ ਆਪ ਕਿਸੇ ਮੈਂਬਰ ਨੂੰ ਨੇਮ ਨਾ ਕੀਤਾ ਕਰੋ । ਜੇ ਕਿਸੇ ਨੂੰ ਨੇਮ ਕਰ ਦਿਉ ਤਾਂ ਤੁਹਾਡਾ ਆਰਡਰ ਐਨਫੋਰਸ ਹੋਣਾ ਚਾਹੀਦਾ ਹੈ, ਨਹੀਂ ਤਾਂ ਹਾਊਸ ਦੀ ਇੰਨਸਲਟ ਹੁੰਦੀ ਹੈ। (ਸ਼ੋਰ)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਵੀ ਇਸ ਨਾਲ ਐਗਰੀ ਕਰਦਾ ਹਾਂ । ਜਾਂ ਤਾਂ ਮਾਰਸ਼ਲ ਭੇਜਣਾ ਨਹੀਂ ਸੀ, ਜੇ ਭੇਜਿਆ ਸੀ ਤਾਂ ਉਸ ਨੂੰ ਆਪਣਾ ਆਰਡਰ ਪੂਰਾ ਕਰਨ ਦੇਣਾ ਸੀ । ਇਸ ਤਰ੍ਹਾਂ ਹਾਊਸ ਦੀ ਡਿਗਨਿਟੀ ਨਹੀਂ ਰਹਿੰਦੀ । (ਸ਼ੋਰ)

ਸ੍ਰੀ ਸਪੀਕਰ : ਇਹ ਠੀਕ ਹੈ ਕਿ ਮੈਂ ਮਾਰਸ਼ਲ ਭੇਜਿਆ ਪਰ ਜਦ ਉਸ ਮੈਂਬਰ ਵੱਲੋਂ ਡਾਕਟਰ ਸਾਹਿਬ ਨੇ ਅਸ਼ੋਰੈਂਸ ਦਿਵਾ ਦਿਤੀ ਹੈ ਤਾਂ ਇਹ ਮੇਰਾ ਹਕ ਹੈ ਕਿ ਮੈਂ ਮਾਰਸ਼ਲ ਨੂੰ ਵਾਪਸ ਬੁਲਾ ਲਵਾਂ । (ਸ਼ੋਰ) (True, I sent the Marshal. But now that DoctorSahib has given an assurance on behalf of the hon. Member, it is my right to order the Marshal back.) (ਸ਼ੋਰ)

(*Interruptions and Noise in the House.*)

Acharya Prithvi Singh Azad : Sir, if the hon. Member who was obstructing the proceedings of the House and who was named by you should rise and ask for apology, then alone you may withdraw your order, otherwise it is an insult to the House.

(*Interruptions and Noise*)

Mr. Speaker : The hon. Member should please resume his seat.

SHORT ADJOURNMENT OF THE HOUSE

(*Interruptions and Uproar in the House.*)

Mr. Speaker : The House stands adjourned for fiften minutes.

6.05 P. M. | *The Sabha then adjourned for fifteen minutes and re-assembled at 6.20 P. M.*

WALK OUT BY GIANI BAKHTAWAR SINGH RAI.

ਗਿਆਨੀ ਬਖ਼ਤਾਵਰ ਸਿੰਘ : ਮੈਂ ਦੁਬਾਰਾ ਵਾਕ ਆਊਟ ਕਰਦਾ ਹਾਂ ।

Acharya Prithvi Singh Azad : Sir, I rise again.

CENSURE MOTION UNDER RULE 65.

(*Resumption*)

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿਲ) : ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਮੇਰੇ ਸਾਹਮਣੇ ਜਿਹੜੇ ਦੋਸਤ ਬੈਠੇ ਹਨ, ਇਨ੍ਹਾਂ ਦੀ ਪਾਰਟੀ ਦੇ ਮੈਂਬਰਾਂ ਨੇ ਕੀ ਕੀ ਕੰਮ ਕੀਤੇ ਹਨ ਜਦ ਕਿ ਇਨ੍ਹਾਂ ਤੋਂ ਤਾਕਤ ਗਈ ਹੈ । ਇਹ ਹੁਣ ਪਾਵਰ ਵਿਚ ਨਹੀਂ ਆ ਸਕਦੇ । ਇਹ ਤਾਂ ਇਸ ਹਦ ਤਕ ਚਲੇ ਗਏ ਹਨ ਕਿ ਨੈਸ਼ਨਲ ਡੇਜ਼ ਦੀ ਵੀ ਇਨ੍ਹਾਂ ਨੂੰ ਕੋਈ ਇੱਜ਼ਤ ਨਹੀਂ । ਮੈਂ ਜ਼ੋਰਦਾਰ ਲਫਜ਼ਾਂ ਵਿਚ ਕਹਿੰਦਾ ਹਾਂ ਕਿ 26 ਤਾਰੀਖ ਨੂੰ ਕਿਸੇ ਕਿਸਮ ਦਾ ਕੋਈ ਲਾਠੀ ਚਾਰਜ ਨਹੀਂ ਕੀਤਾ ਗਿਆ । 26 ਤਾਰੀਖ ਨੂੰ ਸਰਦਾਰ ਸਰਦਾਰਾ ਸਿੰਘ ਕੋਹਲੀ ਨੇ ਕੋਈ ਐਸਾ ਹੁਕਮ ਨਹੀਂ ਦਿਤਾ ਬਲਕਿ ਮੈਂ ਹਾਊਸ ਵਿਚ ਕਹਿੰਦਾ ਹਾਂ ਕਿ ਉਸ ਦੇ ਜ਼ਬਤ ਵਿਚ ਰਹਿਣ ਕਾਰਨ ਜਿਥੇ ਕਿ ਐਨੀ ਹੁੱਲੜਬਾਜ਼ੀ ਹੋਈ, ਇਨ੍ਹਾਂ ਨੇ ਨਿਹਾਇਤ ਜ਼ਿੰਮੇਵਾਰੀ ਦਾ ਕੰਮ ਕੀਤਾ, ਇਨ੍ਹਾਂ ਨੇ ਆਪਣੇ ਫਰਜ਼ ਦੀ ਅਦਾਇਗੀ ਕੀਤੀ ਅਤੇ ਨਿਹਾਇਤ ਜ਼ਿੰਮੇਵਾਰੀ ਨਾਲ ਇਨ੍ਹਾਂ ਨੇ ਉਥੇ ਮਾਮਲੇ ਨੂੰ ਨਿਪਟਾਇਆ, ਨਹੀਂ ਤਾਂ ਸ਼ਹਿਰ ਦਾ ਵਾਯੂ ਮੰਡਲ ਉਥੇ ਖਰਾਬ ਹੋ ਜਾਂਦਾ ।

चौधरी बलबीर सिंह : मुख्य मन्त्री ने स्पीच करते हुए अभी कहा कि वह मेरा कैबिनिट मनिस्टर है ।

ਮੁੱਖ ਮੰਤਰੀ : ਮੈਂ ਤਾਂ ਨਹੀਂ ਕਿਹਾ ਜੀ । ਮੇਰੀ ਕੈਬਨਿਟ ਵਿਚ ਉਹ ਡਿਪਟੀ ਮਨਿਸਟਰ ਨੇ । 26 ਤਾਰੀਖ ਨੂੰ ਮੇਰੀ ਕੈਬਨਿਟ ਦੇ ਸਟੇਟ ਮਨਿਸਟਰ ਡਾਕਟਰ ਗੁਰਚਰਨ ਸਿੰਘ ਜੀ ਖੰਨਾ ਗਏ ਔਰ ਉਨ੍ਹਾਂ ਨੇ ਉਥੇ ਨੈਸ਼ਨਲ ਡੇ ਤੇ ਜਾਣਾ ਸੀ । ਦਸ ਗਿਆਰਾਂ ਵਜੇ ਸਵੇਰ ਦੇ ਗਏ ਨੇ । ਉਥੇ ਝੰਡੇ ਦੀ ਰਸਮ ਅਦਾ ਕੀਤੀ। ਉਥੇ ਥੋੜ੍ਹਾ ਜਿਹਾ ਇਕੱਠ ਸੀ। ਸ਼ਾਂਤੀ ਨਾਲ ਉਹ ਸਿਲਸਿਲਾ ਖਤਮ ਹੋ ਗਿਆ । ਫੇਰ ਦੂਸਰਾ ਪ੍ਰੋਗਰਾਮ ਉਨ੍ਹਾਂ ਨੇ ਗਿਆਰਾਂ ਵਜੇ ਇਕ ਸਕੂਲ ਵਿਚ ਰੱਖਿਆ ਹੋਇਆ ਸੀ। ਹਾਈ ਸਕੂਲ ਦੇ ਅੰਦਰ ਖੁੱਲ੍ਹੇ ਮੈਦਾਨ ਵਿਚ ਦੋ ਹਜ਼ਾਰ ਦੇ ਕਰੀਬ ਇਕੱਠ ਸੀ । ਜ਼ਿਆਦਾ ਵਿਦਿਆਰਥੀ ਸਨ ਔਰ ਹੋਰ ਵੀ ਬਹੁਤ ਕੁਝ ਪ੍ਰੋਗਰਾਮ ਸੀ । ਪ੍ਰੋਗਰਾਮ ਸ਼ੁਰੂ ਹੁੰਦੇ ਹੀ ਉਥੇ ਮੁਜ਼ਾਹਰਾ ਸ਼ੁਰੂ ਹੋ ਗਿਆ । ਸਟੂਡੈਂਟਸ ਨੇ ਨਾਹਰੇ ਲਾਉਣੇ ਸ਼ੁਰੂ ਕਰ ਦਿਤੇ । ਪੁਲਿਸ ਨੇ ਨਿਹਾਇਤ ਜ਼ਬਤ ਵਿਚ ਰਹਿੰਦਿਆਂ ਹੋਇਆਂ ਨਾਹਰੇ ਬਾਜ਼ੀ ਤੋਂ ਉਨ੍ਹਾਂ ਨੂੰ ਰੋਕਿਆ, ਕੁਝ ਸਟੂਡੈਂਟ ਰੁਕੇ । ਬਾਦ ਵਿਚ ਸਮਝਾ ਬੁਝਾ ਕੇ ਸਟੂਡੈਂਟਸ ਨੂੰ ਘਰਾਂ ਨੂੰ ਭੇਜ ਦਿਤਾ । ਇਹ ਗੱਲ ਮੇਰੇ ਸਾਹਮਣੇ ਪਿੰਡ ਵਾਲਿਆਂ ਦਸੀ । ਮੁਜ਼ਾਹਰੇ ਵਾਲੇ ਸਟੂਡੈਂਟਸ ਨੂੰ ਉਕਸਾਂਦੇ ਰਹੇ। ਕਈ ਗੱਲਾਂ ਉਨ੍ਹਾਂ ਦੀਆਂ ਸਹੀਆਂ ਗਈਆਂ ਜਿਹੜੀਆਂ ਉਨ੍ਹਾਂ ਵਾਸਤੇ ਠੀਕ ਨਹੀਂ ਸਨ । ਸਟੂਡੈਂਟਸ ਨੂੰ ਆਪਣੇ ਬਚੇ ਸਮਝਦੇ ਹੋਏ ਉਨ੍ਹਾਂ ਦੇ ਘਰ ਵਾਲਿਆਂ ਨੂੰ ਕਿਹਾ ਗਿਆ ਅਤੇ ਸਟੂਡੈਂਟਸ ਵਾਪਸ ਕਰ ਦਿਤੇ ਗਏ । ਉਥੇ ਫੰਕਸ਼ਨ ਤੇ ਸਰਦਾਰ ਗੁਰਚਰਨ ਸਿੰਘ ਹੋਰਾਂ ਨੇ ਬੋਲਣਾ ਸੀ । ਦੂਸਰੇ ਕੋਹਲੀ ਸਾਹਿਬ ਵੀ ਉਥੇ ਆ ਗਏ । ਉਸ ਵੇਲੇ ਡਿਪਟੀ ਮਨਿਸਟਰ ਸਾਹਿਬ ਪੁਲਿਸ ਨੂੰ ਇਨਫਾਰਮ ਨਹੀਂ ਕਰ ਸਕੇ । ਉਥੇ ਪੁਲਿਸ ਦੇ ਉਸ ਵੇਲੇ ਸਿਰਫ ਛ ਆਦਮੀ ਸਨ । ਇਹ ਜਿਹੜੇ ਮੇਰੇ ਸਾਹਮਣੇ ਬੈਠੇ ਹੋਏ ਹਨ, ਇਨ੍ਹਾਂ ਵਿਚੋਂ ਕਈ ਪੋਲੀਟੀਕਲ ਪਾਰਟੀਆਂ ਦੇ ਬੰਦੇ ਵੀ ਸਨ । ਉਨ੍ਹਾਂ ਦੇ ਨਾਂ ਲੈਣ ਤੋਂ ਮੈਂ ਗੁਰੇਜ਼ ਕਰਦਾ ਹਾਂ । ਅਸੀਂ ਤੁਹਾਨੂੰ ਅੰਡਰਸਟੈਂਡਿੰਗ ਦਿਤੀ ਹੋਈ ਹੈ, ਸਪੀਕਰ ਸਾਹਿਬ, ਕਿ ਅਸੀਂ ਕੋਈ ਵੀ ਅਜਿਹੀ ਗਲ ਨਹੀਂ ਕਰਨੀ ਜਿਸਦਾ ਮੁਕਦਮੇ ਤੇ ਅਸਰ ਪੈਂਦਾ ਹੋਵੇ । ਉਥੇ ਬਹੁਤ ਭਾਸ਼ਣ ਕਰਨੇ ਸੀ ਮੁਖਤਲਿਫ਼ ਪਾਰਟੀਆਂ ਦੇ ਬੰਦਿਆਂ ਨੇ, ਜਿਵੇਂ ਕਿ

ਕਮਿਊਨਿਸਟ ਪਾਰਟੀ (ਲੈਫਟ), ਕਮਿਊਨਿਸਟ (ਰਾਈਟ), ਜਨ-ਸੰਘ ਦੇ ਬੰਦੇ ਆਦਿ। ਇਸ ਤਰ੍ਹਾਂ ਨਾਲ ਇਨ੍ਹਾਂ ਦੋਸਤਾਂ ਨੇ ਹੁੱਲੜਬਾਜ਼ੀ ਕੀਤੀ ਕਿ ਪੁਰਅਮਨ ਜੋ ਲੋਕ ਉਥੇ ਆਏ ਹੋਏ ਸਨ ਉਹ ਉਥੇ ਅਜ਼ਾਦੀ ਬਾਰੇ ਕੁਝ ਨਾ ਸੁਣ ਸਕੇ। ਇਸ ਹਦ ਤਕ ਹੁੱਲੜਬਾਜ਼ੀ ਵਧ ਗਈ ਕਿ ਜਮਹੂਰੀਅਤ ਦਾ ਜਨਾਜ਼ਾ ਹੀ ਨਿਕਲ ਗਿਆ। ਜਮਹੂਰੀਅਤ ਸਭ ਨੂੰ ਪਿਆਰੀ ਹੋਣੀ ਚਾਹੀਦੀ ਹੈ। ਜਦੋਂ ਜਮਹੂਰੀਅਤ ਨਾ ਰਹੀ ਤਾਂ ਦੇਸ਼ ਦੀ ਅਜ਼ਾਦੀ ਵਿਚ ਵੀ ਫਰਕ ਪੈਣ ਦਾ ਡਰ ਰਹਿੰਦਾ ਹੈ। ਇਨ੍ਹਾਂ ਨੇ ਤਾਂ ਇਸ ਕਿਸਮ ਦੀ ਸਰਕਾਰ ਲਈ ਦੇਸ ਦੇ ਅੰਦਰ ਲਾ ਐਂਡ ਆਰਡਰ ਖਰਾਬ ਕਰਨਾ ਮਿਥਿਆ ਹੋਇਆ ਹੈ। ਇਕ ਡਿਪਟੀ ਮਨਿਸਟਰ ਸਟੇਜ ਤੇ ਹੋਵੇ, ਮਾਬ ਉਹਦੇ ਵਲ ਬੁਰੀ ਨਿਗਾਹ ਨਾਲ ਵਧਦਾ ਆਵੇ ਤੇ ਪਬਲਿਕ ਉਹਨੂੰ ਸਟੇਜ ਤੇ ਲਾਠੀਆਂ ਦਾ ਘੇਰਾ ਪਾਕੇ ਬਚਾਵੇ। ਇਹ ਜਿਹੜੀਆਂ ਜਮਾਲੋ ਸਾਹਮਣੇ ਬੈਠੀਆਂ ਨੇ ਇਨ੍ਹਾਂ ਨੇ ਕਾਨੂੰਨ ਨੂੰ ਬਹੁਤ ਵੇਰ ਰੌਂਦਿਆ। ਜਿਸ ਸਟੇਟ ਦੇ ਅੰਦਰ ਮਨਿਸਟਰ ਨੂੰ ਪਰੋਟੈਕਸ਼ਨ ਨਾ ਹੋ ਸਕੇ, ਲੋਕ ਅਜ਼ਾਦੀ ਦੇ ਖਿਆਲ ਨਾ ਸੁਣ ਸਕਣ ਉਹ ਤਾਂ ਹਿੰਦੁਸਤਾਨ ਦੀ ਅਜ਼ਾਦੀ ਦੇ ਖਿਆਲ ਸੁਣਨਾ ਹੀ ਨਹੀਂ ਚਾਹੁੰਦੇ। ਉਹ ਤਾਂ ਚੀਨ ਤੇ ਰਸ਼ੀਆ ਦੇ ਮੁਲਕਾਂ ਦੀ ਅਜ਼ਾਦੀ ਦੇ ਖਿਆਲ ਸੁਣਨਾ ਚਾਹੁੰਦੇ ਹਨ।

ਸ੍ਰੀ ਸਤਪਾਲ ਡਾਂਗ : (ਸ਼ੋਰ) ਆਨ ਏ ਪੁਆਇੰਟ ਆਫ਼ ਆਰਡਰ, ਸਰ।

ਸ੍ਰੀ ਸਪੀਕਰ : ਤੁਸੀਂ ਜਿਹੜਾ ਜਵਾਬ ਦੇਣਾ ਹੈ ਉਹ ਦੇ ਲਉ। (You may give the reply.)

ਸ੍ਰੀ ਸਤਪਾਲ ਡਾਂਗ : ਜੇ ਮੈਂ ਕੁਝ ਲਫ਼ਜ਼ ਕਹੇ ਸਨ ਤਾਂ ਮੈਨੂੰ ਕਿਹਾ ਗਿਆ ਕਿ ਇਹੋ ਜਿਹੀ ਕੋਈ ਕਾਰਵਾਈ ਨਾ ਹੋਵੇ। ਜੇ ਹੁਣ ਚੀਫ਼ ਮਨਿਸਟਰ ਸਾਹਿਬ ਬੋਲੀ ਜਾਂਦੇ ਨੇ ਇਧਰ ਉਧਰ ਦੀਆਂ ਗਲਾਂ ਤਾਂ ਉਨ੍ਹਾਂ ਨੂੰ ਕੋਈ ਨਹੀਂ ਰੋਕਦਾ।

EXTENSION OF TIME

ਸ੍ਰੀ ਸਪੀਕਰ : 15 ਮਿਨਟਾਂ ਲਈ ਟਾਈਮ ਹੋਰ ਵਧਾ ਦਿਤਾ ਹੈ। (The time of the sitting is extended by another fifteen minutes.)

CENSURE MOTION UNDER RULE 65

(Resumption)

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿਲ) : ਅਜੇ ਤਕ ਤਾਂ ਮੈਂ ਬੋਲਿਆ ਨਹੀਂ। ਮੈਂ ਅਰਜ਼ ਕਰ ਰਿਹਾ ਸੀ ਕਿ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਜਮਹੂਰੀਅਤ ਬਰਕਰਾਰ ਰੱਖੇ। ਡਿਪਟੀ ਮਨਿਸਟਰ ਸਾਹਿਬ ਨੇ ਉਥੇ ਕੋਈ ਲਾਠੀ ਚਾਰਜ ਨਹੀਂ ਕੀਤਾ। ਨਾ ਹੀ ਲਾਠੀ ਚਾਰਜ ਕਰਨ ਵਾਸਤੇ ਪੁਲੀਸ ਨੂੰ ਬੁਲਵਾਇਆ ਸੀ। ਫੇਰ ਉਸ ਤੋਂ ਬਾਦ ਪਬਲਿਕ ਨੇ ਫਿਟਕਾਰਾਂ ਮਾਰੀਆਂ, ਜਮਹੂਰੀਅਤ ਪਸੰਦ ਲੋਕਾਂ ਨੇ ਉਨ੍ਹਾਂ ਮੁਜ਼ਾਹਰਿਆਂ ਉਤੇ। ਕੁਝ ਅਰੈਸਟਸ ਹੋਈਆਂ। ਇਨ੍ਹਾਂ ਅਰੈਸਟਸ ਤੋਂ ਬਾਦ ਵੀ ਮੈਂ ਤੁਹਾਨੂੰ ਦਸਿਆ, ਜਮਹੂਰੀਅਤ ਕਾਇਮ ਰੱਖੀ। ਥਾਣਿਆਂ ਵਿਚ ਮੁਜ਼ਾਹਰੇ ਕੀਤੇ ਗਏ। ਜਮਹੂਰੀਅਤ ਨੂੰ ਖਤਰਾ ਹੋਵੇ, ਮੁਜ਼ਾਹਰਾ ਕਰਨ ਵਾਲੇ ਸਟੇਜਾਂ ਤਕ ਪਹੁੰਚ ਜਾਣ ਫੇਰ ਵੀ ਪੁਲਿਸ ਨੇ ਬੜੇ ਤਹਮਲ ਮਜ਼ਾਜੀ ਤੋਂ ਕੰਮ ਲਿਆ ਪਰ ਦੋ ਪੁਲਿਸ ਦੇ ਸਬ-ਇਨਸਪੈਕਟਰ ਮੁਅੱਤਲ ਕਰਨੇ ਪਏ।

[ਮੁੱਖ ਮੰਤਰੀ]

ਅਗਰ ਕਿਸੇ ਨਸ਼ੇ ਵਿਚ ਕਿਸੇ ਪਰਕਾਰ ਦਾ ਪੰਜਾਬ ਵਿਚ ਕੋਈ ਹੋਰ ਸੁਪਨਾ ਲੈਣ ਤਾਂ ਉਹ ਗਲਤ ਹੈ। ਇਹ ਇਨਸਾਨੀਅਤ ਦੇ ਖਿਲਾਫ ਹੈ। ਇਹ ਦੇਸ਼ ਦੇ ਹਿਤਾਂ ਦੇ ਖ਼ਿਲਾਫ ਹੈ। ਅਗਰ ਇਹ ਬਿਲਕੁਲ ਇਸ ਤੇ ਤੁਲੇ ਹੋਏ ਹਨ ਤਾਂ ਇਨ੍ਹਾਂ ਨੂੰ ਕੋਈ ਰੋਕ ਨਹੀਂ ਸਕਦਾ, ਪਰ ਜੋ ਕਾਨੂੰਨ ਬਣਾਏ ਹਨ ਅਸੀਂ ਉਸ ਦੇ ਤਹਿਤ ਜ਼ਰੂਰ ਇਸ ਦੀ ਰੱਖਿਆ ਕਰਾਂਗੇ। ਇਥੇ ਵੀ, ਸਪੀਕਰ ਸਾਹਿਬ, ਇਨ੍ਹਾਂ ਨੇ ਗੈਰ-ਜ਼ਿੰਮੇਂਵਾਰੀ ਦਾ ਸਬੂਤ ਦਿੱਤਾ। ਉਥੇ ਕੋਈ ਗੱਲ ਪੰਜਾਬ ਦੀ ਪੁਲਿਸ ਨੇ ਨਹੀਂ ਕੀਤੀ। ਉਨ੍ਹਾਂ ਸਾਰੀਆਂ ਗੱਲਾਂ ਬਰਦਾਸ਼ਤ ਕੀਤੀਆਂ ਅਤੇ ਕਿਸੇ ਨੂੰ ਕੁਝ ਨਹੀਂ ਕਿਹਾ।... (ਸ਼ੋਰ)... (ਵਿਘਨ) ਤੁਸੀਂ ਕਹਿੰਦੇ ਹੋ ਕਿ 27 ਤਰੀਕ ਤੇ ਬਹਿਸ ਨਹੀਂ ਕਰਨੀ। ਲੇਕਿਨ 27 ਤਰੀਕ ਦਾ ਵਾਕਿਆ ਜਿਸ ਤਰ੍ਹਾਂ ਨਾਲ ਹੋਇਆ, ਉਹ ਮੈਂ ਦੱਸੇ ਬਿਨਾਂ ਰਹਿ ਨਹੀਂ ਸਕਦਾ। (ਸ਼ੋਰ) ਸਪੀਕਰ ਸਾਹਿਬ, ਇਨ੍ਹਾਂ ਨੇ ਉਹ ਜਲਸੇ ਕੀਤੇ, ਤੇ ਅਮਨ ਅਮਾਨ ਨੂੰ ਇਥੋਂ ਤਕ ਭੰਗ ਕਰਨ ਦੀ ਕੋਸ਼ਿਸ਼ ਕੀਤੀ ਕਿ ਬੰਗਾਲ ਵਾਲਾ ਨਕਸ਼ਾ ਰਪੀਟ ਕਰਨ ਦੀ ਕੋਸ਼ਿਸ਼ ਕੀਤੀ। ਲੇਕਿਨ ਇਨ੍ਹਾਂ ਦੇ ਮਗਰ ਜਨਤਾ ਨਹੀਂ ਹੈ। ਲੋਕ ਤਾਂ ਤੁਹਾਡੇ ਕਾਰਨਾਮਿਆਂ ਤੋਂ ਚੰਗੀ ਤਰ੍ਹਾਂ ਵਾਕਿਫ ਹਨ। (ਸ਼ੋਰ) 27 ਤਰੀਕ ਨੂੰ ਲਾ ਐਂਡ ਆਰਡਰ ਦੀ ਇਨਤਹਾ ਹੋ ਗਈ।

(ਸ਼ੋਰ) (ਵਿਘਨ)

ਸਰਦਾਰ ਦਰਬਾਰਾ ਸਿੰਘ (ਨਕੋਦਰ) : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਬੜੀ ਗੈਰ-ਜ਼ਿੰਮੇਵਾਰੀ ਦੀਆਂ ਗੱਲਾਂ ਕਰ ਰਹੇ ਹਨ ਅਤੇ ਸਾਰਿਆਂ ਤੇ ਇਲਜ਼ਾਮ ਲਗਾ ਰਹੇ ਹਨ। ਇਨ੍ਹਾਂ ਨੂੰ ਰੋਕਿਆ ਜਾਵੇ।

(ਸ਼ੋਰ) (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ 27 ਤਰੀਕ ਦਾ ਵਾਕਿਆ ਤੁਹਾਨੂੰ ਦੱਸ ਰਿਹਾ ਸੀ ਕਿ ਇਨ੍ਹਾਂ ਨੇ ਉਥੇ ਕੀ ਕੁਝ ਕੀਤਾ। ਇਹ ਤਾਂ ਵੇਖਣ ਸੁਣਨ ਵਿਚ ਫਰਕ ਹੈ। ਜੇ ਕਰ ਤੁਸੀਂ ਆਪ ਇਹ ਵਾਕਿਆ ਦੇਖਿਆ ਹੁੰਦਾ ਤਾਂ ਤੁਸੀਂ ਹੈਰਾਨ ਹੋ ਜਾਂਦੇ ਕਿ ਕਿਸ ਤਰ੍ਹਾਂ ਇਨ੍ਹਾਂ ਨੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ। ਸਕੂਲ ਦੇ ਬੱਚੇ ਜੋ ਕਿ ਸਾਫ ਸੁਥਰੇ ਕਪੜਿਆਂ ਵਿਚ ਸਨ, ਉਨ੍ਹਾਂ ਨੂੰ ਉਕਸਾਇਆ। ਇਹ ਉਹ ਬੱਚੇ ਸਨ ਜਿਨ੍ਹਾਂ ਨੇ ਆਉਣ ਵਾਲੇ ਸਮੇਂ ਵਿਚ ਦੇਸ਼ ਦੇ ਨਿਰਮਾਤਾ ਬਣਨਾ ਹੈ। (ਸ਼ੋਰ) (ਵਿਘਨ)

ਫਿਰ ਜਮਾਲੇ ਹੁਰੀਂ ਉਥੇ ਪਹੁੰਚ ਗਏ। ਜਲਸੇ ਵਿਚ ਗੁੰਡਾ-ਗਰਦੀ ਸ਼ੁਰੂ ਕਰਵਾ ਦਿੱਤੀ।

(ਸ਼ੋਰ) (ਵਿਘਨ)

Shri Lal Chand Suberwal : Let him withdraw.

(ਸ਼ੋਰ)

ਮੁੱਖ ਮੰਤਰੀ : ਸਪੀਕਰ ਸਾਹਿਬ, ਉਸ ਜਲਸੇ ਵਿਚ ਇਨ੍ਹਾਂ ਨੇ ਜੋ ਕੁਝ ਕੀਤਾ ਹੈ, ਮੈਨੂੰ ਉਹ ਸੁਣਕੇ ਸ਼ਰਮ ਆਉਂਦੀ ਹੈ। ਕਿਸੇ ਦੀ ਕਾਰ ਨੂੰ ਅੱਗ ਲਾਈ ਗਈ ਔਰ ਕਿਸੇ ਦੀ ਦੁਕਾਨ ਸਾੜੀ ਗਈ। (ਸ਼ੋਰ) ਮੈਂ ਬਿਆਨ ਨਹੀਂ ਕਰ ਸਕਦਾ ਜੋ ਕੁਝ ਇਨ੍ਹਾਂ ਨੇ ਉਥੇ ਕੀਤਾ ਹੈ। ਮੈਂ ਉਸ ਸੂਬੇ ਦਾ ਚੀਫ ਮਨਿਸਟਰ ਹੋਵਾਂ ਔਰ ਉਸ ਦੀ ਇਹ ਹਾਲਤ ਹੋਵੇ ਔਰ ਜਨਤਾ ਅਮਨ ਅਮਾਨ ਚਾਹੇ ਪਰ ਇਹ ਕਾਇਮ ਨਾ ਰਹਿਣ ਦੇਣ। ਅਜਿਹੀਆਂ ਗੱਲਾਂ ਸੁਣਕੇ

[ਮੁੱਖ ਮੰਤਰੀ]

ਮੇਰਾ ਸਿਰ ਸ਼ਰਮ ਨਾਲ ਨੀਵਾਂ ਹੋ ਜਾਂਦਾ ਹੈ । ਖੰਨੇ ਦੀ ਪੁਲਿਸ ਵੇਖੋ । ਉਨ੍ਹਾਂ ਦੇ ਸਾਹਮਣੇ ਦੁਕਾਨਾਂ ਲੁਟੀਆਂ ਗਈਆਂ । ਇਨ੍ਹਾਂ ਦੀ ਸ਼ਹਿ ਤੇ ਸਭ ਕੁਝ ਕੀਤਾ ਗਿਆ । ਮੈਂ ਤਿੰਨ ਬੰਦਿਆਂ ਨੂੰ ਮੁਬਾਰਕਬਾਦ ਦਿੰਦਾ ਹਾਂ । ਇਕ ਆਪਣੇ ਮਨਿਸਟਰ ਨੂੰ, ਇਕ ਸਟੇਟ ਮਨਿਸਟਰ ਨੂੰ ਜਿਨ੍ਹਾਂ ਪੂਰੀ ਜ਼ਿੰਮੇਵਾਰੀ ਨਾਲ ਅਮਨ ਅਮਾਨ ਕਾਇਮ ਰੱਖਿਆ । ਦੂਸਰੇ ਮੈਂ ਖੰਨੇ ਦੀ ਪੁਲਿਸ ਨੂੰ ਮੁਬਾਰਕਬਾਦ ਦਿੰਦਾ ਹਾਂ ਜੋ ਆਪਣੀ ਡਿਊਟੀ ਤੇ ਰਹੀ ਪਰ ਪਰੋਵੋਕ ਨਹੀਂ ਹੋਈ, ਜਿਨ੍ਹਾਂ ਨੇ ਆਪਣੀ ਗੌਰਮਿੰਟ ਲਈ ਗਾਲੀਆਂ ਖਾਧੀਆਂ । (ਸ਼ੋਰ) ਤੀਸਰਾ ਮੈਂ ਖੰਨੇ ਦੀ ਜਨਤਾ ਨੂੰ ਮੁਬਾਰਕਬਾਦ ਦਿੰਦਾ ਹਾਂ ਜਿਨ੍ਹਾਂ ਨੇ ਇਨ੍ਹਾਂ ਦੀ ਆਵਾਜ਼ ਨਹੀਂ ਸੁਣੀ ਤੇ ਦੁਕਾਨਾਂ ਲੁੱਟਣ ਤੇ ਅੱਗਾਂ ਲਾਉਣ ਵਿਚ ਇਨ੍ਹਾਂ ਦਾ ਸਾਥ ਨਹੀਂ ਦਿੱਤਾ । (ਸ਼ੋਰ) (ਵਿਘਨ) ਹੁਣ ਤੱਕ ਤਾਂ ਇਹ ਅਜਿਹੀਆਂ ਗੱਲਾਂ ਕਰਦੇ ਰਹੇ ਹਨ ਪਰ ਮੈਂ ਅੱਗੇ ਤੋਂ ਇਸ ਕਿਸਮ ਦੀਆਂ ਗੱਲਾਂ ਕਰਨ੍ਹ ਦੀ ਇਜਾਜ਼ਤ ਨਹੀਂ ਦਿਆਂਗਾ । ਮਕਾਨਾਂ ਨੂੰ ਅੱਗਾਂ ਲਾਉਣੀਆਂ, ਦੁਕਾਨਾਂ ਸਾੜਨੀਆਂ, ਇਹ ਗੁੰਡਾ ਗਰਦੀ ਹੈ । (ਸ਼ੋਰ) ਅਗੇ ਵਾਸਤੇ ਮੈਂ ਕਹਾਂਗਾ ਕਿ ਪੰਜਾਬ ਵਿਚ ਇਹੋ ਜਿਹੀ ਹਾਲਤ ਪੈਦਾ ਨਾ ਕੀਤੀ ਜਾਵੇ । (ਘੰਟੀ) ਸਪੀਕਰ ਸਾਹਿਬ, ਮੈਂ ਇਕ ਦੋ ਮਿੰਟਾਂ ਵਿਚ ਹੀ ਕਹਿਕੇ ਖ਼ਤਮ ਕਰਦਾ ਹਾਂ । ਡਿਪਟੀ ਮਨਿਸਟਰ ਨੇ ਕੋਈ ਗਲਤੀ ਨਹੀਂ ਕੀਤੀ । ਸਟੇਟ ਮਨਿਸਟਰ ਨੇ ਵੀ ਪੂਰੀ ਜ਼ਿੰਮੇਵਾਰੀ ਦਾ ਸਬੂਤ ਦਿੱਤਾ ਹੈ । (ਸ਼ੋਰ) ਪੁਲਿਸ ਨੇ ਵੀ ਕੋਈ ਲਾਠੀ ਚਾਰਜ ਨਹੀਂ ਕੀਤਾ ਅਤੇ ਨਾ ਹੀ ਕਿਸੇ ਨੂੰ ਮਾਰਿਆ ਕੁੱਟਿਆ ਗਿਆ ਹੈ ਸਗੋਂ ਸਾਰਿਆਂ ਨੂੰ ਬੀਬੇ ਰਾਣੇ ਬਣਾ ਕੇ ਘਰਾਂ ਨੂੰ ਭੇਜਿਆ ਹੈ ।

(ਸ਼ੋਰ) (ਵਿਘਨ)

Shri Prabodh Chandra : On a point of order, Sir.

Mr. Speaker : What is your point of order ?

Shri Prabodh Chandra : According to rule 11, we have given notice of No Confidence Motion against the Speaker and the Rules say as soon as may be after the receipt of notice of a resolution to remove the Speaker or the Deputy Speaker from his office under Article 179 (c) of the Constitution, the Speaker shall read the notice to the Assembly and shall then request members who are in favour of leave being granted to move the resolution to rise in their places......

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਟਾਈਮ ਐਕਸਟੈਂਡ ਕੀਤਾ ਜਾਵੇ । ਸਿਰਫ 5 ਮਿਨਟ ਰਹਿ ਗਏ ਹਨ । ਮੈਂ 15 ਮਿਨਟ ਲਵਾਂਗਾ । (ਸ਼ੋਰ)

ਸ੍ਰੀ ਸਪੀਕਰ : ਟਾਈਮ ਪਹਿਲਾਂ ਹੀ ਐਕਸਟੈਂਡ ਕੀਤਾ ਗਿਆ ਹੈ । (The time has already been extended.)

Shri Parbodh Chandra : What is your ruling Sir ?

Mr. Speaker : I will take it up later on.

ਸ੍ਰੀ ਸਤਪਾਲ ਡਾਂਗ (ਅੰਮ੍ਰਿਤਸਰ, ਪੱਛਮ): ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਖੰਨੇ ਦੇ ਵਾਕਿਆਤ ਤੇ ਬੋਲਦਿਆਂ ਬਹੁਤ ਕੁਝ ਕਿਹਾ ਹੈ । ਮੈਂ ਵੀ ਤੁਹਾਡੇ ਨੋਟਿਸ ਵਿਚ ਕੁਝ ਗੱਲਾਂ ਲਿਆਉਣਾ ਚਾਹੁੰਦਾ ਹਾਂ । ਇਨ੍ਹਾਂ ਦੇ ਇਕ ਕੁਲੀਗ ਕਰਤਾਰ ਸਿੰਘ ਨੇ ਕਿਹਾ ਹੈ ਕਿ ਖੰਨੇ ਵਿਚ

[ਸ੍ਰੀ ਸਤ ਪਾਲ ਡਾਂਗ]

ਉਸ ਵੇਲੇ 4 ਸਿਪਾਹੀ ਸਨ ਔਰ ਇਸ ਨੂੰ ਤਿੰਨ ਦਫਾ ਦੁਹਰਾਇਆ ਹੈ । ਗਿਲ ਸਾਹਿਬ ਨੇ ਕਿਹਾ ਹੈ ਕਿ 6 ਸਿਪਾਹੀ ਸਨ । ਇਸੇ ਤਰ੍ਹਾਂ ਜੇ ਕਿਸੇ ਹੋਰ ਮਨਿਸਟਰ ਨੂੰ ਪੁੱਛ ਕੇ ਵੇਖੋ ਤਾਂ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਉਸ ਵੇਲੇ ਉਥੇ ਕਿੰਨੇ ਸਿਪਾਹੀ ਸਨ । ਇਨ੍ਹਾਂ ਨੇ ਕਿਹਾ ਹੈ ਕਿ ਮਨਿਸਟਰ ਦੀ ਹਿਫਾਜ਼ਤ ਬੜੀ ਜ਼ਰੂਰੀ ਸੀ । ਮੈਂ ਵਾਕਿਆਤ ਤੁਹਾਡੇ ਸਾਹਮਣੇ ਰੱਖਦਾ ਹਾਂ। ਸਪੀਕਰ ਸਾਹਿਬ, ਕੋਹਲੀ ਸਾਹਿਬ ਦਾ ਉਥੋਂ ਦਾ ਕੋਈ ਪ੍ਰੋਗਰਾਮ ਨਹੀਂ ਸੀ । ਇਨ੍ਹਾਂ ਨੇ ਖੁਦ ਉਥੇ ਜਾ ਕੇ ਲਾਠੀ ਚਾਰਜ ਦਾ ਆਰਡਰ ਕੀਤਾ । ਇਹ ਕਹਿੰਦੇ ਹਨ ਕਿ ਪਬਲਿਕ ਨੇ ਧੱਕੇ ਮਾਰੇ ਹਨ, ਇਹ ਗਲਤ ਗੱਲ ਹੈ । ਸਪੀਕਰ ਸਾਹਿਬ, ਮੈਂ ਇਹ ਨਹੀਂ ਸੀ ਚਾਹੁੰਦਾ ਕਿ ਹੋਰ ਵਿਸਥਾਰ ਨਾਲ ਦਸਾਂ । ਪਰ ਹਕੀਕਤ ਇਹ ਹੈ ਕਿ ਉਥੇ ਮਾਸਟਰ ਅਕਾਲੀ ਦਲ ਦੇ ਕੁਝ ਵਰਕਰਾਂ ਨੇ ਸਿੱਖ ਹੋਮ ਲੈਂਡ ਦੇ ਨਾਹਰੇ ਲਾਏ (ਅਪੋਜ਼ੀਸ਼ਨ ਵਲੋਂ ਸ਼ੇਮ ਸ਼ੇਮ) । ਇਨ੍ਹਾਂ ਦੀ ਪਾਰਟੀ ਦੇ ਵਰਕਰਾਂ ਨੇ ਖੰਨੇ ਦੀ ਪੁਲਿਸ ਨਾਲ ਮਿਲਕੇ ਲਾਠੀਚਾਰਜ ਕੀਤਾ । ਚੀਫ਼ ਮਨਿਸਟਰ ਨੇ ਜਮਹੂਰੀਅਤ ਦਾ ਜ਼ਿਕਰ ਕੀਤਾ ਹੈ । ਮੈਂ ਹੋਰ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ ਪਰ ਇਤਨਾ ਕਹਿਣਾ ਚਾਹੁੰਦਾ ਹਾਂ ਕਿ ਇਹ 1968 ਵਿਚ ਜਮਹੂਰੀਅਤ ਦੀ ਗੱਲ ਕਰਦੇ ਹਨ ਜਦ ਕਿ ਇਸ ਤਰ੍ਹਾਂ ਦਾ ਲਾਠੀਚਾਰਜ ਮਨਿਸਟਰ ਆਪ ਹੁਕਮ ਦ ਕੇ ਨਿਹੱਥੇ ਲੋਕਾਂ ਤੇ ਕਰਵਾਉਣ । ਇਹ ਸਿਰਫ਼ ਖੰਨੇ ਦੀ ਗੱਲ ਨਹੀਂ, ਅੰਮ੍ਰਿਤਸਰ, ਜਲੰਧਰ, ਲੁਧਿਆਣੇ ਵਿਚ ਕੀ ਕੁਝ ਨਹੀਂ ਹੋਇਆ ? (ਆਪੋਜ਼ੀਸ਼ਨ ਵਲੋਂ ਸ਼ੇਮ ਸ਼ੇਮ) । ਸਪੀਕਰ ਸਾਹਿਬ, ਇਹ ਜਮਹੂਰੀਅਤ ਦੀਆਂ ਗੱਲਾਂ ਕਰਦੇ ਹਨ...

ਮੁੱਖ ਮੰਤਰੀ : ਨਹੀਂ ਤਾਂ ਹੋਰ ਤੁਸੀਂ ਜਮਹੂਰੀਅਤ ਦੀਆਂ ਗੱਲਾਂ ਕਰਦੇ ਹੋ ?

ਸ੍ਰੀ ਬਲਰਾਮਜੀ ਦਾਸ ਟੰਡਨ : ਇਹ ਇਕ ਅਜਿਹਾ ਚੀਫ ਮਨਿਸਟਰ ਹੈ ਜਿਸਦੀ ਆਵਾਜ਼ ਵਿਚ ਕੋਈ ਹੋਰ ਆਵਾਜ਼ ਵੀ ਨਹੀਂ ਮਿਲਾਂਦਾ ।

ਮੁੱਖ ਮੰਤਰੀ : ਹੁਣੇ ਵੇਖ ਲੈਣਾ ਕਿ ਕੀ ਹੁੰਦਾ ਹੈ । (ਵਿਘਨ)

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਹੋਰ ਕੁਝ ਨਹੀਂ ਕਹਿਣਾ ਚਾਹੁੰਦਾ, ਮੈਂ ਗਿਲ ਸਾਹਿਬ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦਾ । ਖੰਨੇ ਵਿਚ ਜਿਹੜੇ ਵਾਕਿਆਤ ਹੋਏ ਉਨ੍ਹਾਂ ਕਰਕੇ ਖੰਨੇ ਦੀ ਸਾਰੀ ਪਬਲਿਕ ਬੜੀ ਐਜੀਟੇਟਿਡ ਹੈ । ਤੁਸੀਂ ਇਨ੍ਹਾਂ ਦੇ ਬੰਦਿਆਂ, ਇਨ੍ਹਾਂ ਨੂੰ ਸਪੋਰਟ ਕਰਨ ਵਾਲੀ ਕਾਂਗਰਸ ਪਾਰਟੀ ਦੇ ਹੀ ਰੇਜ਼ੋਲਿਊਸ਼ਨ ਪੜ੍ਹੋ ਤਾਂ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਵੀ ਇਨ੍ਹਾਂ ਘਟਨਾਵਾਂ ਬਾਰੇ ਇਨਕੁਆਇਰੀ ਦੀ ਮੰਗ ਕੀਤੀ ਸੀ । ਮੈਂ ਡੀਟੇਲਜ਼ ਵਿਚ ਨਾ ਜਾਂਦਾ ਹੋਇਆ ਇਹੀ ਕਹਾਂਗਾ ਕਿ ਇਹ ਜਿਹੜਾ ਕਹਿੰਦਾ ਹੈ ਕਿ ਅਸੀਂ ਗੁੰਡਾਗਰਦੀ ਕਰਦੇ ਹਾਂ ਇਹ ਚੀਫ ਮਨਿਸਟਰ ਪੰਜਾਬ ਵਿਚ ਜਮਹੂਰੀਅਤ ਦੀ ਰਾਖੀ ਕਰ ਰਿਹਾ ਹੈ ਜਾਂ ਜਮਹੂਰੀਅਤ ਦਾ ਕਤਲ ਕਰ ਰਿਹਾ ਹੈ । (ਆਪੋਜ਼ੀਸ਼ਨ ਵਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਇਤਨਾ ਹੀ ਨਹੀਂ ਇਨ੍ਹਾਂ ਬੰਗਾਲ ਦੀ ਵੀ ਗੱਲ ਕੀਤੀ ਔਰ ਚੈਲੇਂਜ ਵੀ ਕੀਤਾ । ਸਪੀਕਰ ਸਾਹਿਬ, ਮੈਂ ਤੁਹਾਡੇ ਅੱਗੇ ਪ੍ਰਾਰਥਨਾ ਕਰਦਾ ਹਾਂ ਕਿ ਗਿੱਲ ਸਾਹਿਬ ਨੂੰ ਪੁਛਿਆ ਜਾਵੇ ਕਿ ਕੀ ਅਸੈਂਬਲੀ ਦੇ ਵਿਚ ਜਮਹੂਰੀ ਤਰੀਕੇ ਦੇ ਨਾਲ ਇਨ੍ਹਾਂ ਨੇ ਸਰਕਾਰ ਨੂੰ ਬਦਲਿਆ ? ਜਿਸ ਅਸੈਂਬਲੀ ਦੇ ਵਿਚ ਪੈਸੇ ਦੀ ਤਾਕਤ ਦੇ ਨਾਲ ਵੋਟਾਂ ਖਰੀਦ ਕੇ ਸਰਕਾਰ ਬਣਾਈ ਜਾਵੇ ਉਹ ਜਮਹੂਰੀਅਤ ਨਹੀਂ ਹੁੰਦੀ । (ਵਿਰੋਧੀ ਪੱਖ ਵੱਲੋਂ ਸ਼ੇਮ, ਸ਼ੇਮ ਦੀਆਂ ਆਵਾਜ਼ਾਂ)

ਮੁੱਖ ਮੰਤਰੀ : : ਗਲਤ,ਬਿਲਕੁਲ ਗਲਤ ।

ਸ੍ਰੀ ਸਤਪਾਲ ਡਾਂਗ : ਇਹ ਕਹਿੰਦੇ ਹਨ ਕਿ ਬੰਗਾਲ ਦਾ ਨਾਉਂ ਨਾ ਲਉ । ਮੈਂ ਤੁਹਾਡੇ ਜ਼ਰੀਏ ਦਸਣਾ ਚਾਹੁੰਦਾ ਹਾਂ ਕਿ ਆਖਿਰ ਬੰਗਾਲ ਵਿਚ ਕੀ ਹੋਇਆ ? (ਵਿਘਨ)

Mr. Speaker : No reference to Bengal need be made by the Hon. Member.

Dr. Baldev Parkash : Sir, the Chief Minister referred to Bengal and a reply will have to be given. (*Interruptions*)

Sardar Gurnam Singh : The Chief Minister, in his speech, referred to Bengal and he cannot run away from it now.

(*Interruptions*)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਜਿਹੜੀ ਗੱਲ ਰੈਫਰ ਕੀਤੀ ਗਈ ਉਸ ਦਾ ਜਵਾਬ ਤ ਆਵੇਗਾ ਹੀ ।

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਇਨ੍ਹਾਂ ਨੇ ਬੰਗਾਲ ਨੂੰ ਰੈਫਰ ਕੀਤਾ । ਬੰਗਾਲ ਦੇ ਵਾਕਿਆਤ ਬੜੇ ਸਿੰਪਲ ਨੇ । ਉਥੇ ਮੁਤਹਿੱਦਾ ਮਹਾਜ਼ ਦੀ ਇਕ ਐਸੀ ਸਰਕਾਰ ਸੀ ਜਿਸ ਨੂੰ ਜਨਤਾ ਦੀ ਇਕ ਬਹੁਤ ਵਡੀ ਅਕਸਰੀਅਤ ਦੀ ਹਿਮਾਇਤ ਹਾਸਲ ਸੀ । ਉਸ ਸਰਕਾਰ ਨੂੰ ਤੋੜਿਆ ਗਿਆ । ਡੀਫੈਕਸ਼ਨਜ਼ ਕਰਾ ਕੇ, ਪੈਸੇ ਦੇ ਕੇ ਇਨ੍ਹਾਂ ਦੇ ਕੇਂਦਰੀ ਮਾਲਕਾਂ ਨੇ ਉਸ ਨੂੰ ਤੋੜਿਆ । ਉਥੋਂ ਦੇ ਚੀਫ ਡੀਫੈਕਟਰ ਏਜੰਟ ਪਰੋਵੋਕੇਟੀਅਰ ਨੇ ਬੰਗਾਲ ਦੇ ਲੋਕਾਂ ਨੂੰ ਪੂਰੀ ਤਰ੍ਹਾਂ ਉਕਸਾਇਆ, ਬੰਗਾਲ ਦੇ ਲੋਕ ਫਿਰ ਵੀ ਇਕ ਮੁਠ ਰਹੇ, ਪੁਰਅਮਨ ਹੋ ਕੇ ਉਹ ਬੈਠੇ ਰਹੇ । ਉਨ੍ਹਾਂ ਨੇ ਇਕ ਮੁਠ ਹੋ ਕੇ (ਵਿਘਨ)(ਸ਼ੋਰ) ਉਨ੍ਹਾਂ ਨੇ ਇਕ ਮੁਠ ਹੋ ਕੇ ਉਸ ਪੀ. ਸੀ. ਘੋਸ਼ ਦੀ ਸਰਕਾਰ ਨੂੰ ਗੱਦੀ ਤੋਂ ਲਾਹ ਦਿਤਾ ਔਰ ਉਸ ਨੂੰ ਉਥੋਂ ਬਾਹਰ ਕਢ ਦਿੱਤਾ (ਸ਼ੋਰ) । ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਜੋ ਹਾਲਤ ਉਥੇ ਬੰਗਾਲ ਵਿਚ ਪੀ. ਸੀ. ਘੋਸ਼ ਦੇ ਨਾਲ ਹੋਈ, ਪੰਜਾਬ ਦੇ ਲੋਕ ਵੀ ਬੰਗਾਲ ਦੀ ਉਸ ਮਿਸਾਲ ਉਤੇ ਚਲਦੇ ਹੋਏ ਇਥੋਂ ਦੇ ਚੀਫ ਡੀਫੈਕਟਰ ਨੂੰ ਇਥੋਂ ਕਢਣਗੇ (ਸ਼ੋਰ) ਔਰ ਮੈਂ ਆਖਰ ਵਿਚ ਤੁਹਾਨੂੰ ਕਹਾਂਗਾ ਕਿ ਬੜੀ ਦਲੇਰੀ ਦੇ ਨਾਲ ਬੰਗਾਲ ਦੀ ਜਿਹੜੀ ਐਗਜ਼ਾਂਪਲ ਹੈ ਉਸ ਨੂੰ ਤੁਸੀਂ ਵੀ ਫ਼ਾਲੋ ਕਰੋ ਔਰ ਇਥੇ ਆਪਣੇ ਸੂਬੇ ਵਿਚ ਜਮਹੂਰੀਅਤ ਦੀ ਰਾਖੀ ਕਰੋ ।

Mr. Speaker : Question is—

> That this House expresses its want of confidence in the Deputy Minister. Sardar Sardar Singh Kohli for his misconduct towards the public at Khanna on the 26th January, 1968, resulting in brutal lathi charges on the people by the Police.

The motion was lost. (*cheers*)

NO-CONFIDENCE MOTION AGAINST THE SPEAKER

Mr. Speaker : I have received a motion which is as follows:—

> As required by Rule 11 of the Rules of Procedure and Conduct of Business in the Punjab Legislative Assembly, read with Article 179 (c) of the Constitution, we hereby give notice of the following Resolution to express our lack of confidence in the Speaker of the Punjab Vidhan Sabha:
>
> That this House expresses its want of confidence in the Speaker for his failure to maintain the dignity and decorum of the House and for his failure to have his orders duly implemented in the House.

ਇਹ ਸਰਦਾਰ ਕਿਰਪਾਲ ਸਿੰਘ ਢਿਲੋਂ, ਸਰਦਾਰ ਨਰਿੰਦਰ ਸਿੰਘ, ਸਰਦਾਰ ਬਖ਼ਤਾਵਰ ਸਿੰਘ ਤੇ ਇਕ ਹੋਰ ਆਨਰੇਬਲ ਮੈਂਬਰ ਵੱਲੋਂ ਹੈ ਜਿਸ ਦਾ ਨਾਮ ਨਹੀਂ ਪੜ੍ਹਿਆ ਜਾਂਦਾ (ਇਕ ਆਵਾਜ਼ : ਕੈਪਟਨ ਰਤਨ ਸਿੰਘ ਦਾ ਨਾਮ ਹੈ) ਔਰ ਇਕ ਸ਼੍ਰੀ ਪ੍ਰਬੋਧ ਚੰਦਰ ਔਰ ਚੌਧਰੀ ਦਰਸ਼ਨ ਸਿੰਘ ਵੱਲੋਂ ਹੈ। (This is from hon. Members Sardar Kirpal Singh Dhillon, Sardar Narinder Singh, Sardar Bakhtawar Singh and another Member, whose name is not legible (A voice: The name is that of Captain Rattan Singh) and there is another from Shri Prabodh Chandra and Chaudhri Darshan Singh.) (*Interruptions*)

ਸਰਦਾਰ ਗੁਰਨਾਮ ਸਿੰਘ : ਐਲ. ਆਰ. ਨੇ ਵੀ ਦੇ ਦਿੱਤੀ ਹੈ।

ਮੁੱਖ ਮੰਤਰੀ: ਤੁਹਾਡੇ ਕਹਿਣ ਤੇ ਹੀ ਦਿੱਤੀ ਹੈ।

ਸਰਦਾਰ ਦਰਬਾਰਾ ਸਿੰਘ (ਨਕੋਦਰ): ਫੇਰ ਸਾਡੇ ਕਹਿਣ ਤੇ ਹੀ ਵਾਪਸ ਲੈ ਲਓ। (ਵਿਘਨ)

ਸ਼੍ਰੀ ਸਪੀਕਰ : ਇਸ ਮੋਸ਼ਨ ਨੂੰ ਮੈਂ ਹਾਊਸ ਦੇ ਅੱਗੇ ਪੁਟ ਕਰਦਾ ਹਾਂ। ਜਿਹੜੇ ਇਸ ਦੇ ਹੱਕ ਵਿਚ ਹਨ ਉਹ ਮੇਹਰਬਾਨੀ ਕਰਕੇ ਖੜੇ ਹੋ ਜਾਣ। (I put this motion before the House. Those who are in favour may rise in their seats.)

(ਇਸ ਸਮੇਂ ਸਰਕਾਰੀ ਬੈਂਚਾਂ ਤੋਂ ਬਹੁਤ ਸਾਰੇ ਮੈਂਬਰ ਸਾਹਿਬਾਨ ਖੜ੍ਹੇ ਹੋ ਗਏ ਔਰ ਸ਼੍ਰੀ ਡਿਪਟੀ ਸਪੀਕਰ ਵੀ ਖੜੇ ਹੋ ਗਏ)

ਸ਼੍ਰੀ ਬਲਰਾਮਜੀ ਦਾਸ ਟੰਡਨ: ਇਹ ਤਾਂ ਇਕ ਬੜੀ ਘਟੀਆ ਗੱਲ ਕੀਤੀ ਹੈ।

ਸਰਦਾਰ ਗੁਰਨਾਮ ਸਿੰਘ : ਵਾਕਈ ਇਕ ਬੜੀ ਘਟੀਆ ਗੱਲ ਕੀਤੀ ਹੈ।

ਸ਼੍ਰੀ ਅ. ਵਿਸ਼ਵਨਾਥਨ: ਇਹ (ਸ਼੍ਰੀ ਡਿਪਟੀ ਸਪੀਕਰ ਵੱਲ ਇਸ਼ਾਰਾ ਕਰਦੇ ਹੋਏ) ਨਹੀਂ ਖੜੇ ਹੋ ਸਕਦੇ। ਫੇਰ ਪਰੀਜ਼ਾਈਡ ਨਹੀਂ ਕਰ ਸਕਣਗੇ। ਇਹ ਕਨਵੈਨਸ਼ਨ ਦੇ ਖ਼ਿਲਾਫ਼ ਗੱਲ ਹੈ।

ਮੁੱਖ ਮੰਤਰੀ: ਕੋਈ ਕਨਵੈਨਸ਼ਨ ਨਹੀਂ। ਕਨਵੈਨਸ਼ਨਾਂ ਅਸੀਂ ਬੜੀਆਂ ਦੇਖੀਆਂ।

(ਇਸ ਸਮੇਂ ਉਨ੍ਹਾਂ ਮਾਨਯੋਗ ਮੈਂਬਰਾਂ ਦੀ ਗਿਣਤੀ ਕੀਤੀ ਗਈ ਜਿਹੜੇ ਹੱਕ ਵਿਚ ਖੜੇ ਹੋਏ)

ਸ਼੍ਰੀ ਸਪੀਕਰ : 56 ਇਸ ਮੋਸ਼ਨ ਦੀ ਫੇਵਰ ਵਿਚ ਹਨ। ਮੋਸ਼ਨ ਐਡਮਿਟ ਕੀਤੀ ਜਾਂਦੀ ਹੈ। ਔਰ ਇਸ ਦੇ ਮੁਤਅੱਲਕ ਲੀਡਰ ਆਫ਼ ਦੀ ਹਾਊਸ ਨੂੰ ਇਨਫਾਰਮ ਕਰ ਦਿੱਤਾ ਜਾਵੇਗਾ (56 Members support this Motion. The Motion is admitted. The Leader of the House will be informed about it.)

6.48 P.M. | (The House then adjourned till 2.00 P. M. on Thursday, the 7th March, 1968.)

686 PVS—350—3-9-68—Pb. Govt. Press, Patiala.

PUNJAB VIDHAN SABHA

DEBATES

7th March, 1968

Vol. I—No. 9

OFFICIAL REPORT

CONTENTS

Thursday, the 7th March, 1968

		PAGES
Written answers to Starred Questions laid on the Table of the House under Rule 45	...	(9)1
Points of Order regarding the No-Confidence Motions tabled by some Members of the Congress and Janta Parties against Speaker on the 6th March, 1968	...	(9)127
Adjournment of the House for two Months		(9)142
Appendix	...	i—xiii

Punjab Vidhan Sabha Secretariat, Chandigarh

Price Rs : 13-10

ERRATA

to

Punjab Vidhan Sabha Debates

Vol. I, No. 9, dated the 7th March, 1968.

Read	*For*	*Page*	*Line*
[(ੳ)	[(ੲ)	(9)4	3
ਸੌਂਪੇ	ਸੋਧੇ	(9)4	5th from below
ਪਾਰਲੀਮੈਂਟੇਰੀਅਨ	ਪਾਰਲੀਮੈਂਟੇਰੀਅਰਨ	(9)5	6
(ਅ)	(ਸ)	(9)5	15
ਆਸ਼ੇ	ਆਸੇ	(9)5	17
Rehabilitation	Rehablitation	(9)5	4th from below
1962	1945	(9)7	16
House	Houes	(9)7	Last
ਸ਼੍ਰੋਮਣੀ	ਮ੍ਰੋਮਣੀ	(9)8	19
ਇਨਸਪੈਕਸ਼ਨ	ਇੰਨਪਕਸ਼ਨ	(9)9	12
ਯਾਤਰੂਆਂ	ਯਾਤਰੂ	(9)9	18
ਪ੍ਰਿੰਟਿੰਗ ਪ੍ਰੈਸ	ਪ੍ਰਿੰਟ ਪ੍ਰੈਸ	(9)9	24
ਡੁਚੇ	ਡੁਪੇ	(9)9	25
ਹੇਰ ਫੇਰ	ਹੇਰ ਫਰ	(9)9	29
ਵਿਰੁੱਧ	ਵਿਰੁਪ	(9)9	30
(ਪੰਜਾਬੀ)	ਪੰਜਾਬੀ	(9)9	2nd from below
ਲੇਖਾ	ਲਖਾ	(9)10	10
ਥੜ੍ਹੇ ਵਾਲਿਆਂ	ਧੜੀ ਬਲੀਆਂ	(9)11	2
ਚੌਂਕ	ਰੌਂਕ	(9)11	8
ਆਈ	ਹਾਈ	(9)11	2nd from below
ਡਰਾਫ਼ਟ	ਡਰਾਪਰ	(9)12	19
ਸੰਤ ਚੰਨਣ ਸਿੰਘ	ਸੰਤ ਸਿੰਘ	(9)12	20
ਬੈਂਕ ਆਫ਼ ਇੰਡੀਆ	ਆਫ਼ ਇੰਡੀਆ	(9)12	21
Government	Goverument	(9)12	Last
ਗਲ	ਹਾਲ	(9)13	19
ਲਿਆਂਦਾ	ਲਿਆਈ	(9)13	21
ਗਲ	ਹਾਲ	(9)19	10
ਲਿਆਂਦਾ	ਲਿਆਈ	(9)19	12
ਨੇ	ਨੂੰ	(9)19	18
ਕਿ	ਕਿਉਂਕਿ	(9)22	5

P.T.O.

Read	*For*	*Page*	*Line*
Committees	Ommittees	(9)24	Last
ਧੋਖੇ	ਖਖੇ	(9)33	16
Jullundur	Julluudur	(9)37	11
Sangrur	Sangurur	(9)52	1
influential	inecuential	(9)74	7
equipments	equirpments	(9)79	9 (column 4)
Minister of State for Public Works	State Minister for Public Norks	(9)84	1
tehsil	tes l	(9)87	Sr. No. 21 3rd line (column 4)
Excise and Taxation Minister	Exercise and Texation Minister	(9)88	3 (column 2)
Excise and Taxation Minister	Execise and Taxation Minister	(9)89	2 (col. 2)
Kapurthala	Kapurthaia	(9)89	18
conld.	*eoncld.*	(9)94	7
Deputy Minister Excise and Taxation	Deputy Minister, Exeise and Taxation	(9)96	3
alterations	alte atiohs	(9)96	4
construction	eonstruction	(9)99	2
Sarai	Saria	(9)106	25 (col. 4)
Shri Parkash Singh Majitha, T.M.	Shri Parkash Singh Gill, T.M.	(9)106	Last (col. 2)
Concld.	Conbld.	(9)110	6
Nawan Shehar	Nawan Sheha	(9)113	15
Nawan Shehar	Nawansheha	(9)113	29
ਰੂਲ	ਰਲ	(9)127	15th from below
ਸ੍ਰੀ ਪ੍ਰਬੋਧ ਚੰਦਰ	ਸ੍ਰੀ ਪ੍ਰਬਧ ਚੰਦਰ	(9)134	8
ਹਮਾਤੜ	ਮਾਂਧੜ	(9)138	2
ਸ੍ਰੀ	ਸ਼ੀ	(9)138	18
ਜੋ	ਜੁ	(9)138	4th from below

PUNJAB VIDHAN SABHA

Thursday, the 7th March, 1968

The Vidhan Sabha met in the Hall of the Punjab Vidhan Bhavan, Sector 1, Chandigarh, at 2.00 p.m. of the Clock. Mr. Speaker (Lt. Col. Joginder Singh Mann) in the Chair.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 45.

(Starred Questions, dated 1st March, 1968)

CONSTRUCTION OF THE OFFICE BUILDING OF PANCHAYAT SAMITI GHAL KHURD, DISTRICT FEROZEPORE

*920. **Sardar Mohinder Singh Gill** : Will the Minister of State for Public Works be pleased to state—

(a) the reasons for which the construction of the office building of the Panchayat Samiti, Ghal Khurd, district Ferozepore, has not yet been completed;

(b) the time by which the said building is likely to be completed ?

Shri Narinder Singh : (a) & (b) Location of the Headquarters of Ghall Khurd block is under consideration of Government and no time limit can be given at this stage.

MISSING RECORD OF A CASE DECIDED BY ADDITIONAL SETTLEMENT COMMISSIONER, JULLUNDUR

*1026. **Chaudhri Balbir Singh** : Will the Minister of State for Printing and Stationery and Rehabilitation be pleased to state—

(a) whether any complaint regarding the missing of the record of a case decided by the Additional Settlement Commissioner, Jullundur, on 11th January, 1956 and 14th January, 1956 was personally handed over to the Land Claims Officer, Civil Secretariat, Jullundur, on 4th December, 1967 by Shri Sajjan Singh Margindpuri;

(b) if the reply to part (a) above be in the affirmative, whether any enquiry was ordered in the matter; if so, the result thereof;

(c) the circumstances leading to the missing of the record under reference;

[Chaudhri Balbir Singh]

(d) whether the copies of the orders passed in the case under reference were forwarded to Shri Surain Singh, Managing Officer; Tarn Taran, under registered post,—*vide* Despatch Register No. 1892, dated 11th February, 1956, of the Deputy Secretary, Rehabilitation Department, Civil Secretariate, Jullundur; if so, the date when it was received by the addressee;

(e) whether the orders passed in the case were implemented by the authorities concerned before 31st December, 1966; if so, when; if not, the reasons therefor;

(f) whether Section Officer, Land Claims, Civil Secretariat, Jullundur asked the aforesaid complainant to supply full particulars of the case under reference,—*vide* his letter No. 7967/67, dated 27th December, 1967;

(g) whether the information asked for was sent by the complainant to this officer under registered post; if so, whether any efforts were made by the authorities to search the record in the light of the information supplied and the result thereof ?

Copy of D.O. No. 292/C (Reh.) 68, dated 29th February, 1968 from Dr. Gurcharan Singh, Rehabilitation Minister, Punjab, to the Speaker, Punjab Vidhan Sabha, Chandigarh.

The answer to Starred Punjab Vidhan Sabha Question No. 1026 appearing in the list of Questions for 1st March, 1968, is not ready. The requisite information is being collected from the quarters concerned. I am, therefore, to request that time for answering this question may kindly be extended and this question included in the list of questions for any date after 7th March, 1968.

SUBORDINATE SERVICES SELECTION BOARD, PUNJAB

***872. Comrade Bhan Singh Bhaura** : Will the Chief Minister be pleased to state—

(a) the qualifications of the Chairman and the members of Subordinate Services Selection Board, Punjab;

(b) the reasons for reconstituting the said Board when it was abolished on the recommendations of the Administrative Reforms Commission ?

Sardar Lachhman Singh Gill : (a) & (b) The requisite information is laid on the Table of the House.

[(ੳ)
ਅਤੇ ਲੋੜੀਂਦੀ ਸੂਚਨਾ ਸਭਾ ਦੇ ਸਾਹਮਣੇ ਪੇਸ਼ ਹੈ ।]
(ਅ)

STATEMENT

(a)

Sl. No.	Name	Qualifications: Academic	Qualifications: Others
1.	Shri Jamna Dass 'Akhtar' Chairman	Matric	(1) Worked in the Punjab University as part-time Lecturer for about ten years. (2) A prominent Journalist, Trade unionist and Social worker, who was imprisoned in freedom struggle thrice. (3) He is the author and writer of more than 20 novels in Urdu, Hindi, Punjabi and English.
2.	Shri Shamsher Singh Saroj, Member	(1) Graduate (2) Hons. in Punjabi	(1) Studied upto M.A. (Political Science) but could not take the examination as he was selected by the Government of India in the Press Information Bureau. (2) He has vast experience of holding important assignments under the Government and journalistic posts spread over a period of 21 years.
3.	Shri Ajit Singh, Member	(1) F. A. (2) Hons. in Punjabi (Gyani)	(1) Studied upto B. A. but did not qualify. (2) He has 10 years experience as Parliamentarian. (3) He served as a Member of the former Subordinate Services Selection Board, Punjab from April to October, 1966, when the constitution of the Board was rescinded.

(b) The Subordinate Services Selection Board, Punjab was revived as recruitment to the lower posts since its abolition had become difficult. This was necessary to provide equal opportunity of employment to all, including the rural people and members belonging to Scheduled Castes/Tribes and Backward Classes living in remote corners of the State and also to provide for uniformity of standards of selection for various posts carrying an initial salary ranging from Rs. 50.00 to Rs. 159.00 per mensem.

[Chief Minister]

ਸਟੇਟਮੈਂਟ

[(ੲ) ਪਰਧਾਨ ਸਣੇ ਬੋਰਡ ਦੇ ਤਿੰਨ ਮੈਂਬਰ ਹਨ । ਉਨ੍ਹਾਂ ਦੇ ਨਾਂ ਅਤੇ ਉਨ੍ਹਾਂ ਦੀਆਂ ਯੋਗਤਾਵਾਂ ਹੇਠ ਲਿਖੇ ਅਨੁਸਾਰ ਹਨ :

ਲੜੀ ਨੰ: ਨਾਂ	ਯੋਗਤਾਵਾਂ ਵਿਦਿਅਕ	ਯੋਗਤਾਵਾਂ ਹੋਰ
1. ਸ੍ਰੀ ਜਮਨਾ ਦਾਸ 'ਅਖਤਰ', ਪਰਧਾਨ	ਮੈਟ੍ਰਿਕ	(1) ਪੰਜਾਬ ਯੂਨੀਵਰਸਟੀ ਵਿੱਚ ਅੰਸ਼ਕਾਲਿਕ ਲੈਕਚਰਰ ਦੇ ਤੌਰ ਤੇ 10 ਸਾਲ ਕੰਮ ਕੀਤਾ । (2) ਇਕ ਉਘੇ ਪੱਤਰਕਾਰ, ਮਜ਼ਦੂਰ ਸੰਘ ਨੇਤਾ ਅਤੇ ਸਮਾਜੀ ਵਰਕਰ ਹਨ ਅਤੇ ਅਜ਼ਾਦੀ ਦੀ ਜਦੋ ਜਹਿਦ ਵਿਚ ਤਿੰਨ ਵਾਰ ਕੈਦ ਹੋਏ । (3) ਉਰਦੂ, ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਦੇ 20 ਤੋਂ ਵੱਧ ਨਾਵਲਾਂ ਦੇ ਲੇਖਕ ਹਨ ।
2. ਸ੍ਰੀ ਸ਼ਮਸ਼ੇਰ ਸਿੰਘ ਸਰੋਜ, ਮੈਂਬਰ	(1) ਗਰੇਜੂਏਟ (2) ਗਿਆਨੀ	(1) ਐਮ. ਏ. (ਪੋਲੀਟੀਕਲ ਸਾਇੰਸ) ਤਕ ਪੜੇ ਪਰੰਤੂ ਇਮਤਿਹਾਨ ਨਾ ਦੇ ਸਕੇ ਕਿਉਂ ਜੋ ਉਨ੍ਹਾਂ ਨੂੰ ਭਾਰਤ ਸਰਕਾਰ ਨੇ ਪਰੈਸ ਇਨਫਾਰਮੇਸ਼ਨ ਬਿਊਰੋ ਵਿਚ ਚੁਣ ਲਿਆ ਸੀ । (2) ਸਰਕਾਰ ਵਲੋਂ ਸੌਂਪੇ ਗਏ ਮਹੱਤਵ-ਪੂਰਨ ਕੰਮ ਦਾ ਅਤੇ ਪੱਤਰਕਾਰ ਦੇ ਤੌਰ ਤੇ ਕੰਮ ਕਰਨ ਦਾ ਉਨ੍ਹਾਂ ਦਾ 21 ਸਾਲ ਦਾ ਵਿਸ਼ਾਲ ਤਜਰਬਾ ਹੈ ।

ਲੜੀ ਨੰ:	ਨਾਂ	ਯੋਗਤਾਵਾਂ ਵਿਦਿਅਕ	ਯੋਗਤਾਵਾਂ ਹੋਰ
3.	ਸ੍ਰੀ ਅਜੀਤ ਸਿੰਘ, ਮੈਂਬਰ	(1) ਐਫ. ਏ. (2) ਗਿਆਨੀ	(1) ਬੀ. ਏ. ਤਕ ਪੜ੍ਹੇ ਹੋਏ ਹਨ, ਪਰ ਪਾਸ ਨਹੀਂ । (2) ਪਾਰਲੀਮੈਂਟੇਰੀਅਨ ਦੇ ਰੂਪ ਵਿਚ ਉਨ੍ਹਾਂ ਦਾ 10 ਸਾਲਾਂ ਦਾ ਤਜਰਬਾ ਹੈ । (3) ਉਨ੍ਹਾਂ ਨੇ ਪਿਛਲੇ ਅਧੀਨ ਸੇਵਾ ਚੋਣ ਬੋਰਡ ਵਿਚ ਮੈਂਬਰ ਦੇ ਰੂਪ ਵਿਚ ਅਪਰੈਲ ਤੋਂ ਅਕਤੂਬਰ, 1966 ਤਕ ਕੰਮ ਕੀਤਾ ਜਦੋਂ ਕਿ ਬੋਰਡ ਖ਼ਤਮ ਕਰ ਦਿੱਤਾ ਗਿਆ ਸੀ ।

(ਸ) ਅਧੀਨ-ਸੇਵਾ ਚੋਣ ਬੋਰਡ ਨਵੇਂ ਸਿਰਿਉਂ ਇਸ ਲਈ ਬਣਾਇਆ ਗਿਆ ਕਿਉਂ ਜੋ ਇਸ ਦੇ ਖਤਮ ਹੋ ਜਾਣ ਤੇ ਹੇਠਲੀ ਪੱਧਰ ਦੀਆਂ ਨੌਕਰੀਆਂ ਦੀ ਭਰਤੀ ਦਾ ਕੰਮ ਔਖਾ ਹੋ ਗਿਆ ਸੀ । ਇਸ ਦੀ ਲੋੜ ਇਸ ਆਸੇ ਨਾਲ ਵੀ ਜ਼ਰੂਰੀ ਸੀ ਕਿ ਸਭਨਾਂ ਨੂੰ ਨੌਕਰੀ ਦੇ ਬਰਾਬਰ ਵਸੀਲੇ ਮੁਹਈਆ ਕੀਤੇ ਜਾਣ ਜਿਸ ਵਿਚ ਕਿ ਦਿਹਾਤੀ ਤਬਕੇ ਦੇ ਲੋਕ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਜਾਤੀਆਂ ਦੇ ਲੋਕ ਸ਼ਾਮਲ ਹਨ ਜਿਹੜੇ ਕਿ ਪੰਜਾਬ ਦੀਆਂ ਦੂਰ ਦਰਾਜ਼ ਨੁਕਰਾਂ ਵਿਚ ਵਸਦੇ ਹਨ । ਨਾਲ ਹੀ ਇਸ ਦਾ ਮੰਤਵ ਇਹ ਵੀ ਸੀ 50.00 ਰੁਪਏ ਤੋਂ ਲੈ ਕੇ 159.00 ਰੁਪਏ ਦੀ ਮੁਢਲੀ ਤਨਖਾਹ ਵਾਲੀਆਂ ਨੌਕਰੀਆਂ ਦੀ ਚੋਣ ਵਿਚ ਪੱਧਰ ਦੀ ਇਕਸਾਰਤਾ ਕਾਇਮ ਰੱਖੀ ਜਾ ਸਕੇ ।]

TELEPHONE ADVISORY COMMITTEE AMRITSAR

***962. Shri Balramji Dass Tandon :** Will the Chief Minister be pleased to state—

(a) the names of the persons recommended by the Government to represent it on the Telephone Advisory Committee of Amritsar and the names of those actually taken on the said committee ;

(b) if any names recommended by the Government were not accepted, the reasons therefor ?

Shri Gurcharan Singh (Minister of State for Printing & Stationery and Rehablitation) : (a) Name of Shri Karnail Singh Marhari had been recommended and he has since been elected as member of the T. A. C. Amritsar;

(b) Question does not arise.

REHABILITATION OF GOLDSMITHS IN THE STATE

***1010. Shri A. Vishwanathan** : Will the Chief Minister be pleased to State—

(a) the details of the steps so far taken by the Government for the rehabilitation of goldsmiths in the State who were reduced to unemployment as a result of the Gold Control Order;

(b) whether Government has made any representations to the Union Government about the inadvisability of implementing the Gold Control Order in the State?

Sardar Lachhman Singh Gill : (a) The information as contained in Annexure 'A' is laid on the Table of the House.

(b) No.

[(ੳ) ਅਨੁਲਗ 'ੳ' ਦੇ ਰੂਪ ਵਿਚ ਸੂਚਨਾ ਸਭਾ ਦੇ ਸਾਮ੍ਹਣੇ ਪੇਸ਼ ਹੈ ।

(ਅ) ਨਹੀਂ]

ANNEXURE A

The following steps have been taken by the Government for the rehabilitation of the goldsmiths—

(i) The Goldsmiths who want to continue in their own profession, have been granted certificates/licences.

(ii) Those who wanted to start their own business, have been helped financially by granting loans upto Rs. 5,000 in each individual case repayable in yearly instalments within a period of ten years.

(iii) The Employment Exchanges have been directed to accord preference to the candidates from the Displaced Goldsmiths families in the matter of recommending their names to the employers.

(iv) The children/wards of Displaced Goldsmiths were given educational facilities, such as free education, reimbursement of cost of book and stipends in deserving cases. This scheme has, however, been stopped after 31st March, 1966 under the orders of Government of India.

(v) The Goldsmiths were given Depots of controlled commodities on preferential basis etc.

(vi) Government of India have been sanctioning special periodical quotas of metals like copper, zinc and scooters etc for distribution to the affected goldsmiths who have elected not to revert to the goldsmiths' profession.

———

REVISION OF PAY-SCALES OF SUB-INSPECTORS AND ASSISTANT SUB-INSPECTORS OF POLICE IN THE STATE

***921. Sardar Mohinder Singh Gill** : Will the Chief Minister be pleased to State—

(a) the date when the present pay scales of S. Is. and A.S.Is. of Police Department in the State were fixed;

(b) whether the said pay scales are being revised?

Sardar Lachhman Singh Gill:

(a)	Sub-Inspector ..	1st October, 1945	(with ad hoc increase of Rs. 25 P. M. with effect from 1st October, 1962).
	Assistant Sub-Inspector ..	1st October, 1962	

(b) The pay scale of Assistant Sub-Inspectors are not being revised as they have already been revised with effect from 1st October, 1962. The case regarding revision of pay-scale of Sub-Inspectors is under consideration.

[(ੳ)	ਸਬ-ਇੰਸਪੈਕਟਰ ..	1 ਅਕਤੂਬਰ, 1945	(1 ਅਕਤੂਬਰ, 1962 ਤੋਂ 25 ਰੁਪਏ ਮਾਹਵਾਰ ਦੇ ਐਡ ਹਾਕ ਵਾਧੇ ਨਾਲ)
	ਸਹਾਇਕ ਸਬ-ਇੰਸਪੈਕਟਰ ..	1 ਅਕਤੂਬਰ, 1945	

(ਅ) ਸਹਾਇਕ ਸਬ-ਇੰਸਪੈਕਟਰਾਂ ਦੀਆਂ ਤਨਖਾਹਾਂ ਦੇ ਸਕੇਲ ਵਧਾਏ ਨਹੀਂ ਜਾ ਰਹੇ ਕਿਉਂ ਜੋ ਉਹ ਪਹਿਲਾਂ ਹੀ 1 ਅਕਤੂਬਰ, 1962 ਤੋਂ ਵਧਾਏ ਜਾ ਚੁਕੇ ਹਨ । ਸਬ-ਇੰਸਪੈਕਟਰਾਂ ਦੀਆਂ ਤਨਖਾਹਾਂ ਦੇ ਸਕੇਲ ਵਧਾਉਣ ਦਾ ਕੇਸ ਜ਼ੇਰ ਗੌਰ ਹੈ ।]

CASES REGISTERED AGAINST SANT CHANAN SINGH

*963. **Shri Balram Ji Dass Tandon**: Will the Chief Minister be pleased to state the details of the cases registered against Sant Chanan Singh, President S.G.P.C., the date of registration of each case and copy of each F.I.R. in this connection be laid on the Table?

Sardar Lachhman Singh Gill: The details of the four cases registered against Sant Chanan Singh, President, S.G.P.C., Amritsar, on 28th July, 1967, 22nd December, 1967, 28th December 1967, and 24th January, 1968 are given below:—

(i) Case F. I. R. No. 209 dated 28th July, 1967 under section 408/468/471/109 I.P.C., Police Station Kotwali, Amritsar.

(ii) Case F. I. R. No. 337 dated 22nd December, 1967 under section 408/406/420/34. I.P.C., Police Station 'C' Division, Amritsar.

(iii) Case F.I.R. No. 342, dated 28th December, 1967 under section 408 I.P.C., Police Station Kotwali Amritsar.

(iv) Case F.I.R. No. 20 dated 24th January, 1968 under section 408 I. P. C., Police Station Kotwali, Amritsar.

Copies of the F.I.R. (Four) are laid on the Table of the Houes.

[Chief Minister]

[ਸੰਤ ਚਨਨ ਸਿੰਘ, ਪਰਧਾਨ ਸ੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਵਿਰੁਧ 28 ਜੁਲਾਈ, 1967, 22 ਦਸੰਬਰ, 1967, 28 ਦਸੰਬਰ, 1967 ਅਤੇ 24 ਜਨਵਰੀ, 1968 ਨੂੰ ਦਰਜ ਕੀਤੇ ਗਏ ਚਾਰ ਮੁਕਦਮਿਆਂ ਦੇ ਵੇਰਵੇ ਹੇਠ ਦਿੱਤੇ ਜਾਂਦੇ ਹਨ ।

(I) ਮੁਕੱਦਮਾ ਐਫ. ਆਈ. ਆਰ. ਨੰਬਰ 209 ਮਿਤੀ 28 ਜੁਲਾਈ, 1967, ਜੇਰ ਦਫਾ 408/468/471/109, ਆਈ. ਪੀ. ਸੀ., ਥਾਣਾ ਕੋਤਵਾਲੀ ਅੰਮ੍ਰਿਤਸਰ ।

(II) ਮੁਕੱਦਮਾ ਐਫ. ਆਈ. ਆਰ. ਨੰਬਰ 337 ਮਿਤੀ 22 ਦਸੰਬਰ, 1967 ਜ਼ੇਰ ਦਫ਼ਾ 408/406/420/34 ਆਈ. ਪੀ. ਸੀ. ਥਾਣਾ 'ਸੀ' ਡਿਵੀਜਨ ਅੰਮ੍ਰਿਤਸਰ ।

(III) ਮੁਕੱਦਮਾ ਐਫ. ਆਈ. ਆਰ. ਨੰਬਰ 342 ਮਿਤੀ 28 ਦਸੰਬਰ, 1967 ਜ਼ੇਰ ਦਫ਼ਾ 408 ਆਈ. ਪੀ. ਸੀ. ਥਾਣਾ ਕੋਤਵਾਲੀ ਅੰਮ੍ਰਿਤਸਰ ।

(IV) ਮੁਕੱਦਮਾ ਐਫ. ਆਈ. ਆਰ. ਨੰਬਰ 20 ਮਿਤੀ 24 ਜਨਵਰੀ, 1968 ਜ਼ੇਰ ਦਫ਼ਾ 408 ਆਈ. ਪੀ. ਸੀ. ਥਾਣਾ ਕੋਤਵਾਲੀ ਅੰਮ੍ਰਿਤਸਰ ।

ਐਫ. ਆਈ. ਆਰ. (ਚਾਰ) ਦੀਆਂ ਨਕਲਾਂ ਸਭਾ ਦੇ ਸਾਮ੍ਹਣੇ ਪੇਸ਼ ਹਨ ।]

ਨੰਬਰ ਮੁਕਦਮਾ 209 ਥਾਣਾ ਕੋਤਵਾਲੀ ਜ਼ਿਲ੍ਹਾ ਅੰਮ੍ਰਿਤਸਰ ਮਿਤੀ 28 ਜੋਲਾਈ 1967

1. ਰਪਟ ਦੀ ਮਿਤੀ ਤੇ ਸਮਾਂ	ਰਪਟ ਨੰ: 22 ਮਿਤੀ 28 ਜੁਲਾਈ, 1967 ਬਾਦ ਦੁਪਹਿਰ 2.30
2. ਸੂਚਨਾ ਦੇਣ ਵਾਲੇ ਫਰਿਆਦੀ ਦਾ ਨਾਂ ਤੇ ਰਿਹਾਇਸ਼	ਗੁਰਬਖਸ਼ ਸਿੰਘ, ਮੁਖਤਾਰ ਆਮ, ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ
3. ਅਪਰਾਧ (ਸਮੇਤ ਧਾਰਾ) ਤੇ ਮਾਲ ਜੇ ਕੋਈ ਖੋਇਆ ਗਿਆ ਹੋਵੇ ਦਾ ਸੰਖੇਪ ਵੇਰਵਾ	$\frac{408}{471}$, $\frac{408}{I.P.C.}$. 109
4. ਵਾਕੇ ਦੀ ਥਾਂ ਤੇ ਥਾਣੇ ਤੋਂ ਫਾਸਲਾ ਤੇ ਦਿਸ਼ਾ	ਦਰਬਾਰ ਸਾਹਿਬ. 2 ਫਰਲਾਂਗ ਜਾਨਬ ਮਸ਼ਰਕ
5. ਤਫਤੀਸ਼ ਸਬੰਧੀ ਕਾਰਵਾਈ ਜੋ ਸੂਚਨਾ ਦਰਜ ਕਰਾਉਣ ਵਿਚ ਕੁਝ ਦੇਰੀ ਹੋਈ ਹੋਵੇ ਤਾਂ ਉਸ ਦਾ ਕਾਰਨ ਬਿਆਨ ਕੀਤਾ ।	ਤੁਰਤ
6. ਥਾਣੇ ਤੋਂ ਰਵਾਨਗੀ ਦੀ ਮਿਤੀ ਤੇ ਸਮਾਂ	9 ਵਜੇ ਦਿਨ, 29 ਜੁਲਾਈ, 1967

(ਸਹੀ ਉਰਦੂ) ਮੋਹਨ ਸਿੰਘ, ਪੀ. ਐਸ. ਆਈ.

ਅਫਸਰ ਇੰਨਚਾਰਜ ਸਾਹਿਬ ਥਾਣਾ ਕੋਤਵਾਲੀ ਅੰਮ੍ਰਿਤਸਰ

ਬੇਨਤੀ ਹੈ ਕਿ ਜਥੇਦਾਰ ਮੋਹਨ ਸਿੰ , ਮੁਲਾਜ਼ਮ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੋ ਕਿ ਨਿਵਾਸ ਸ੍ਰੀ ਗੁਰੂ ਰਾਮਦਾਸ ਵਿਖੇ ਰਿਹਾਇਸ਼ ਇੰਨਚਾਰਜ ਡਿਊਟੀ ਤੇ ਹੈ ਮਿਤੀ 24 ਜੁਲਾਈ, 1967 ਨੂੰ ਕੜਾਹ ਪ੍ਰਸ਼ਾਦਿ ਦੀਆਂ ਪਰਚੀਆਂ ਦੀ ਰਸੀਦ ਬੁਕ ਨੰਬਰੀ 3536 ਦਾ ਦਫਤਰ ਸ੍ਰੀ ਦਰਬਾਰ ਸਾਹਿਬ ਵਿਖੇ ਲਿਆ ਕੇ ਪੇਸ਼ ਕੀਤਾ। ਜਿਸ ਦੀ ਪੜਤਾਲ ਤੋਂ ਪਤਾ ਲਗਾ ਕਿ ਇਹ ਜਾਅਲੀ ਪਰਚੀਆਂ ਦੀ ਰਸੀਦ ਬੁਕ ਦਾ ਡੁਚ ਹੈ। ਅਤੇ ਇਸ ਨੰਬਰ ਦੀ ਅਸਲ ਰਸੀਦ ਦਾ ਡੁਚ ਦਫਤਰ ਵਿਚ ਮੌਜੂਦ ਹੈ। ਅਸਲ ਰਸੀਦ ਬੁਕ ਦਾ ਡੁਚ ਅਤੇ ਜਾਹਲੀ ਰਸੀਦ ਬੁਕ ਦਾ ਡੁਚ ਨਾਲ ਸ਼ਾਮਲ ਕੀਤੇ ਜਾਂਦੇ ਹਨ। ਸ੍ਰੀ ਦਰਬਾਰ ਸਾਹਿਬ ਦੇ ਰਜਿਸਟਰ ਹਿਸਾਬ, ਕੜਾਹ ਪ੍ਰਸ਼ਾਦ ਦੇਖਣ ਤੇ ਪਤਾ ਲਗਾ ਹੈ ਕਿ ਅਸਲ ਰਸੀਦ ਬੁਕ ਦੀਆਂ ਪਰਚੀਆਂ ਦੀ ਵਿਕਰੀ ਹੋ ਕੇ ਰਕਮ ਦਫਤਰ ਸ੍ਰੀ ਦਰਬਾਰ ਸਾਹਿਬ ਵਿਚ ਜਮ੍ਹਾ ਹੋ ਚੁਕੀ ਹੈ ਪ੍ਰੰਤੂ ਇਨ੍ਹਾਂ ਹੀ ਨੰਬਰਾਂ ਦੀਆਂ ਪਰਚੀਆਂ ਜਾਅਲੀ ਛਪਾ ਕੇ ਰਕਮ ਹਜ਼ਮ ਕੀਤੀ ਗਈ। ਇਸ ਕੇਸ ਦੀ ਵਧੇਰੇ ਪੜਤਾਲ ਲਈ ਮਾਮਲਾ ਸਕੱਤਰ ਸਾਹਿਬ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਪੇਸ਼ ਕੀਤਾ ਗਿਆ, ਜਿਨ੍ਹਾਂ ਦੀ ਸਰਕਰਦਗੀ ਹੇਠ ਗਿਆਨੀ ਭਰਭੂਰ ਸਿੰਘ, ਮੀਤ ਸਕੱਤਰ, ਜਥੇਦਾਰ ਮਿਤ ਸਿੰਘ ਜੀ ਅਸਿਸਟੈਂਟ ਇੰਨਪਕਸ਼ਨ ਬਰਾਂਚ ਅਤੇ ਸ੍ਰ: ਹੀਰਾ ਸਿੰਘ ਅਕਾਉਂਟੈਂਟ ਨੇ ਪੜਤਾਲ ਕੀਤੀ। ਜਿਸ ਵਿਚ ਇਹ ਸਪਸ਼ਟ ਹੁੰਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਕੜਾਹ ਪ੍ਰਸ਼ਾਦਿ ਦੀਆਂ ਪਰਚੀਆਂ ਵੇਚਣ ਦੀ ਡਿਊਟੀ ਤੇ ਪਿਛਲੇ ਸਾਲ ਲਗੇ ਰਹੇ ਕਲਰਕਾਂ ਸ੍ਰ: ਗੁਰਚਰਨ ਸਿੰਘ ਭਲਰ ਅਤੇ ਸ੍ਰ: ਬਲਬੀਰ ਸਿੰਘ ਆਦਿ ਵਲੋਂ ਜਾਹਲੀ ਪਰਚੀਆਂ ਗੁਰਦੁਵਾਰਾ ਪ੍ਰਿਟਿੰਗ ਪ੍ਰੈਸ ਰਾਮਸਰ ਰੋਡ ਅੰਮ੍ਰਿਤਸਰ ਦੇ ਕੁਝ ਮੁਲਾਜ਼ਮਾਂ ਸ੍ਰ: ਗੁਰਦਿਤ ਸਿੰਘ ਮਨੇਜਰ, ਭਾਈ ਜਸਵੰਤ ਸਿੰਘ ਅਤੇ ਸ੍ਰ: ਪੂਰਨ ਸਿੰਘ ਦਫ਼ਤਰੀ ਨਾਲ ਮਿਲ ਕੇ ਜਾਹਲੀ ਰਸੀਦ ਬੁਕਾਂ ਛੁਪਾਉਣ ਅਤੇ ਕੜਾਹ ਪ੍ਰਸ਼ਾਦਿ ਦੀ ਦੁਕਾਨ ਤੇ ਯਾਤਰੂ ਪਾਸ ਵੇਚ ਕੇ ਉਨ੍ਹਾਂ ਪਰਚੀਆਂ ਦੀ ਰਕਮ ਆਪ ਹਜ਼ਮ ਕਰਦੇ ਰਹੇ ਹਨ। ਇਸ ਤਰ੍ਹਾਂ ਇਨ੍ਹਾਂ ਦੇ ਸਾਜਿਸ਼ ਰਾਹੀਂ ਸ੍ਰੀ ਦਰਬਾਰ ਸਾਹਿਬ ਨੂੰ ਧੋਖਾ ਦੇ ਕੇ ਜਾਹਲੀ ਦਸਤਾਵੇਜ਼ ਬਣਾ ਕੇ ਸ੍ਰੀ ਦਰਬਾਰ ਸਾਹਿਬ ਦੀ ਰਕਮ ਹੜਪ ਕੀਤੀ ਹੈ। ਅਤੇ ਆਪਣੀ ਡਿਊਟੀ ਵਿਚ ਅਮਾਨਤ ਵਿਚ ਖਿਆਨਤ ਤੇ ਹੇਰਾ ਫੇਰੀ ਕੀਤੀ ਹੈ। ਗੁ: ਪ੍ਰਿ: ਪ੍ਰੈਸ ਰਾਮਸਰ ਰੋਡ ਅੰਮ੍ਰਿਤਸਰ ਵਿਖੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧ ਕਮੇਟੀ ਦੇ ਉਕਤ ਅਧਿਕਾਰੀਆ ਵਲੋਂ ਮਿਤੀ 24 ਜੁਲਾਈ, 1967 ਦੀ ਸ਼ਾਮ ਨੂੰ ਤਲਾਸ਼ੀ ਕੀਤੀ ਗਈ ਜਿਸ ਵਿਚ ਗੁਰਦਵਾਰਾ ਪ੍ਰਿੰਟ ਪ੍ਰੈਸ ਦੇ ਉਕਤ ਮੁਲਾਜ਼ਮ ਕਬਜ਼ੇ ਵਿਚੋਂ ਨਾਲ ਸ਼ਾਮਲ ਜਾਹਲੀ, ਪਰਚੀਆਂ ਕੜਾਹ ਪ੍ਰਸ਼ਾਦਿ ਦੇ ਛੁਪੇ ਹੋਏ ਨਮੂਨੇ ਕਾਫੀ ਮਾਤਰਾ ਵਿਚ ਮਿਲੇ ਜੋ ਸਬੂਤ ਕਰਦੇ ਹਨ ਕਿ ਉਕਤ ਮੁਲਾਜ਼ਮਾਂ ਅਤੇ ਇਹਨਾਂ ਦੇ ਹੋਰ ਕੁਝ ਸਾਥੀਆਂ ਵਲੋਂ ਜਾਹਲੀ ਪਰਚੀਆਂ ਛਪਾ ਕੇ ਵੱਡੀ ਸਕੇਲ ਤੇ ਗੁਰਦਵਾਰਿਆਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਸ੍ਰੀ ਦਰਬਾਰ ਸਾਹਿਬ ਸ੍ਰੀ ਤਰਨ ਤਾਰਨ, ਗੁਰਦਵਾਰਾ ਦੁਖ ਨਿਵਾਰਨ ਸਾਹਿਬ ਪਟਿਆਲਾ, ਗੁਰਦਵਾਰਾ ਸ੍ਰੀ ਫਤੇਗੜ੍ਹ ਸਾਹਿਬ ਸਰਹੰਦ ਨਾਲ ਹੇਰ ਫਰ ਕੀਤਾ ਜਾਂਦਾ ਰਿਹਾ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਬੰਧ ਵਿਚ ਮੁਕਦਮਾਂ ਦਰਜ ਕਰਕੇ ਤਫਤੀਸ਼ ਕਰਕੇ ਦੋਸ਼ੀਆਂ ਵਿਰੁਧ ਮੁਨਾਸਬ ਕਾਰਵਾਈ ਕੀਤੀ ਜਾਵੇ।

ਸਹੀ :—

ਪੰਜਾਬੀ ਗੁਰਬਖਸ਼ ਸਿੰਘ ਮੁਖਤਾਰੇ ਆਮ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ।

ਮਿਤੀ 28 ਜੁਲਾਈ, 1967

[ਮੁੱਖ ਮੰਤਰੀ]

ਕਾਰਵਾਈ ਪੁਲੀਸ

ਇਸ ਵਕਤ ਇਕ ਲਿਖਤ ਲਿਖੀ ਤੇ ਭੇਜੀ ਸ੍ਰ: ਗੁਰਬਖਸ਼ ਸਿੰਘ ਮੁਖਤਾਰ ਆਮ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਬਦਸਤ ਭਗਵਾਨ ਸਿੰਘ ਸੇਵਾਦਾਰ ਮਸੂਲ ਹੋਈ ਜਿਸ ਦੀ ਰਿਪੋਟ ਇਬਤਦਾਈ ਹਜ਼ਾ ਬਜੁਰਮ ਮਜ਼ਕੂਰ ਮੁਰਤਬ ਕਰਕੇ ਬਗਰਜ਼ ਤਫਤੀਸ਼ ਸ੍ਰ: ਜਗਰਾਜ ਸਿੰਘ ਏ. ਐਸ. ਆਈ. ਜੋ ਉਸੀ ਨਿਵਾਹ ਮੇਂ ਗਏ ਹੋਏ ਹੈਂ । ਬਦਸਤ ਜਗਦੀਸ਼ ਪਾਲ ਕੰ ਨੰ: 1449 ਭੇਜੀ ਜਾਂਦੀ ਹੈ ।

(ਸਹੀ ਉਰਦੂ) ਮੋਹਨ ਸਿੰਘ ਐਸ. ਆਈ.

ਮਿਤੀ 28 ਜੁਲਾਈ, 1967

ਨਕਲ ਮੁਤਾਬਕ ਅਸਲ ਹੈ ।

ਅਜੀਤ ਸਿੰਘ ਲਖਾ ਕਲਰਕ

ਥਾਨਾ ਕੋਤਵਾਲੀ (ਅੰਮ੍ਰਿਤਸਰ)

ਮੁਕਦਮਾ ਨੰ: 337 ਥਾਨਾ ਕੋਤਵਾਲੀ ਜ਼ਿਲ੍ਹਾ ਅੰਮ੍ਰਿਤਸਰ ਪਿਛਲੇ ਸਾਲਗਾ

ਰਪਟ ਨੰ: 50 ਮਿਤੀ 22/12/67 ਵਕਤ 10 ਵਜੇ ਰਾਤ ।

ਹਸਬ ਆਮਦ ਤਰੀਰ ਵਲੋਂ ਕਰਤਾਰ ਸਿੰਘ ਅੰਮ੍ਰਿਤਸਰ

ਮਕਾਨ ਨੰ: 1930/9 ਗਲੀ ਰੌਲਾਂ ਕਟੜਾ ਕਰਮ ਸਿੰਘ ਅੰਮ੍ਰਿਤਸਰ ।

408/34 ਆਈ.ਪੀ.ਸੀ.

ਦਰਬਾਰ ਸਾਹਿਬ ਫ਼ਾਸਲਾ ਢਾਈ ਫਰਲਾਂਗ

ਜਾਨਬ ਜਨੂਬ ।

ਕੋਈ ਨਹੀਂ ।

23/12/67 ਸਵੇਰੇ ਸਾਢੇ ਨੌਂ ਵਜੇ ।

ਮੁਕਦਮਾ ਨੰ: 337 ਥਾਨਾ ਕੋਤਵਾਲੀ ਜ਼ਿਲ੍ਹਾ ਅੰਮ੍ਰਿਤਸਰ ਸਾਲਗਾ

(ਸਹੀ ਅੰਗਰੇਜ਼ੀ) ਹਰਨੇਕ ਸਿੰਘ ਐਸ.ਆਈ.

ੴ ਸਤਿਨਾਮ ਥਾਨੇਦਾਰ ਸਾਹਿਬ ਜੀਓ ਕੋਤਵਾਲੀ ਥਾਨਾ ਅੰਮ੍ਰਿਤਸਰ ਗੁਰੂ ਫਤੇਹ ਬੇਨਤੀ ਹੈ ਕਿ ਮੈਂ ਕਟੜਾ ਕਰਮਸਿੰਘ ਦਾ ਵਸਨੀਕ ਹਾਂ । ਪੰਜਾਬੀ ਰਖਿਆ ਦਲ ਅਤੇ ਸਰਕਲ ਅਕਾਲੀ ਜਥਾ ਕਟੜਾ ਕਰਮ ਸਿੰਘ ਦਾ ਜਥੇਦਾਰ ਹਾਂ । ਪਿਛਲੇ 18—20 ਸਾਲ ਤੋਂ ਸਿਖ ਸਿਆਸਤ ਵਿਚ ਸਰਗਰਮ ਹਿਸਾ ਲੈਂਦਾ ਆ ਰਿਹਾ ਹਾਂ । ਗੁਰਦਵਾਰਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਸਾਰੇ ਕਰਮਚਾਰੀਆਂ ਨੂੰ ਜਾਣਦਾ ਹਾਂ । ਸ੍ਰੀ ਦਰਬਾਰ ਸਾਹਿਬ ਦੀਆਂ ਸ਼ਹਿਰ ਵਿਚ ਬਹੁਤ ਸਾਰੀਆਂ ਦੁਕਾਨਾਂ ਤੇ ਮਕਾਨ ਹਨ, ਜੋ ਕਾਫੀ ਦੇਰ ਤੋਂ ਕਈ ਆਦਮੀਆਂ ਪਾਸ ਥੋੜੇ ਥੋੜੇ ਕਰਾਏ ਤੇ ਹਨ । ਇਨ੍ਹਾਂ ਦੁਕਾਨਾ ਤੇ ਮਕਾਨਾਂ ਦਾ ਕਿਰਾਇਆ ਸ੍ਰੀ ਦਰਬਾਰ ਸਾਹਿਬ ਦੇ

ਮੁਲਾਜਮ ਵਸੂਲ ਕਰਦੇ ਹਨ ਅਤੇ ਸ੍ਰੀ ਦਰਬਾਰ ਸਾਹਿਬ ਵਿਚ ਜਮ੍ਹਾਂ ਕਰਵਾਂਦੇ ਹਨ। ਪਿਛਲੇ ਸਾਲ ਘਟ ਕਰਾਏ ਵਾਲੇ ਦੁਕਾਨਦਾਰ ਤੇ ਬੜੀ ਬਲੀਆਂ ਨੂੰ ਕਢਣ ਵਾਸਤੇ ਸ੍ਰੀ ਅਬਨਾਸ਼ੀ ਸਿੰਘ ਜੋ ਸੰਤ ਚੰਨਨ ਸਿੰਘ ਦੇ ਪੀ ਏ ਹਨ ਅਤੇ ਸ੍ਰੀ ਕਿਕਰ ਸਿੰਘ ਜੋ ਸੰਤ ਫਤਹਿ ਸਿੰਘ ਦੇ ਪੀ ਏ ਸਨ ਤੇ ਸੰਤ ਚਨਣ ਸਿੰਘ ਨਾਲ ਮਿਲ ਕੇ ਸਕੀਮ ਬਨਾਈ ਕਿ ਅਜਿਹਾ ਦੁਕਾਨਦਾਰਾਂ ਨੂੰ ਦੁਕਾਨਾਂ ਖਾਲੀ ਕਰਾਉਣ ਲਈ ਨੋਟਿਸ ਜਾਰੀ ਕਰਕੇ ਕਰਾਏ ਵਧਾਏ ਸਨ। ਜੋ ਅਜੇ ਬਹੁਤ ਸਾਰੇ ਦੁਕਾਨਦਾਰਾਂ ਨੂੰ ਨੋਟਿਸ ਜਾਰੀ ਕਰਕੇ ਕਰਾਏ ਵਧਾਏ ਸਨ। ਜੋ ਅਜੇ ਬਹੁਤ ਸਾਰੇ ਦੁਕਾਨਦਾਰਾਂ ਨੂੰ ਨੋਟਿਸ ਜਾਰੀ ਕੀਤੇ ਗਏ ਜਿਨ੍ਹਾਂ ਵਿਚੋਂ ਮੈਂ ਹਰਦਿਆਲ ਸਿੰਘ ਕਾਠੀਆਂ ਵਾਲਾ, ਸ੍ਰੀ ਆਗਿਆ ਸਿੰਘ ਸੰਤੋਖ ਸਿੰਘ ਦੁਕਾਨਦਾਰਾਨ ਅਤੇ ਰਛਪਾਲ ਸਿੰਘ ਮਲ ਸਿੰਘ, ਬਲਵੰਤ ਸਿੰਘ ਹਰਬੰਸ ਸਿੰਘ ਥੜੀ ਵਾਲੇ ਰੌਕ ਬੜਾਂ ਸਾਹਿਬ ਨੂੰ ਜਾਣਦਾ ਹਾਂ। ਇਹਨਾਂ ਨੂੰ ਵੀ ਨੋਟਿਸ ਦਿਤੇ ਗਏ ਸਨ ਕਿ ਜਾਂ ਤੁਸੀਂ ਪਿਛਲੀ ਤਾਰੀਕ ਤੋਂ ਕਰਾਇਆ ਵਧਾਉ ਜਾਂ ਦੁਕਾਨਾਂ ਖਾਲੀ ਕਰ ਦਿਉ। ਇਸ ਦੇ ਬਜਾਏ ਦੁਕਾਨਦਾਰਾਂ ਨੇ ਅਬਨਾਸ਼ੀ ਸਿੰਘ ਤੇ ਸ੍ਰੀ ਕਿਕਰ ਸਿੰਘ ਦੇ ਰਾਹੀਂ ਸੰਤ ਚੰਨਣ ਸਿੰਘ ਤਕ ਪਹੁੰਚ ਕੀਤੀ ਅਤੇ ਬਗੈਰ ਕਿਸੇ ਨੋਸ ਕਾਰਵਾਈ ਦੇ ਮਾਮੂਲੀ ਕਰਾਇਆ ਵਧਾ ਕੇ ਕੇਸ ਖਤਮ ਕਰਵਾਇਆ। ਸ੍ਰੀ ਅਬਨਾਸ਼ੀ ਸਿੰਘ ਤੇ ਸ੍ਰੀ ਕਿਕਰ ਸਿੰਘ ਉਕਤ ਦੇ ਗਏ ਪਿਛਲੇ ਕਰਾਏ ਦੀ ਸ਼ਕਲ ਵਿਚ ਅਜਿਹਾ ਸ਼ੀਕਨੀ ਕਰਾਏਦਾਰਾਂ ਨੇ ਕਿਸੇ ਨੇ ਚਾਰ ਸੌ ਕਿਸੇ ਨੇ ਪੰਜ ਸੌ ਇਕ ਮੁਸਤ ਸੰਤ ਚੰਨਣ ਸਿੰਘ ਨੂੰ ਦਿਤੇ। ਇਸ ਤਰ੍ਹਾਂ ਦਸ ਪੰਦਰਾਂ ਹਜ਼ਾਰ ਰੁਪਏ ਇਕਠੇ ਹੋਏ ਜੋ ਕਿ ਦਫਤਰ ਸ੍ਰੀ ਦਰਬਾਰ ਸਾਹਿਬ ਵਿਚ ਜਮਾਂ ਨਹੀਂ ਕਰਵਾਏ ਅਤੇ ਨਾ ਹੀ ਕਿਸੇ ਦੁਕਾਨਦਾਰ ਨੂੰ ਰਸੀਦ ਦਿਤੀ ਹੈ। ਰਲ ਕੇ ਇਹ ਤਮਾਮ ਰਕਮ ਖੁਦ ਹੀ ਗਬਨ ਕਰ ਲਈ ਹੈ। ਇਸ ਬਾਰੇ ਸ੍ਰੀ ਬੰਤਾ ਸਿੰਘ ਸਕਨਾ ਕਟੜਾ ਘਨਈਆਂ ਤੇ ਸ੍ਰੀ ਗੁਰਬਚਨ ਸਿੰਘ ਬਜ਼ਾਰ ਹਰਚਰਨ ਦਾਸ ਨੂੰ ਕਾਫੀ ਵਾਕਫੀਅਤ ਹੈ। ਅਤੇ ਉਹ ਵੀ ਗਲ ਬਾਰੇ ਹੋਰ ਰੋਸ਼ਨੀ ਪਾ ਸਕਦੇ ਹਨ। ਇਸ ਉਪਰੋਕਤ ਲਿਖੀ ਗਲ ਦੀ ਪੜਤਾਲ ਕੀਤੀ ਜਾਏ। ਦਾਸ ਧੰਨਵਾਦੀ ਹੋਵਾਂਗਾ। ਸਹੀ ਆਪ ਦਾ ਦਾਸ ਕਰਤਾਰ ਸਿੰਘ ਅੰਮ੍ਰਿਤਸਰ ਮਕਾਨ ਨੰ: 1930/9 ਗਲੀ ਰੋਲਾਂ ਕਟੜਾ ਕਰਮ ਸਿੰਘ ਅੰਮ੍ਰਿਤਸਰ 22-12-67।

ਕਾਰਵਾਈ ਪੁਲੀਸ :—ਇਸ ਵਕਤ ਸ੍ਰੀ ਕਰਤਾਰ ਸਿੰਘ ਅੰਮ੍ਰਿਤਸਰ ਨੇ ਇਕ ਲਿਖਤ ਪੇਸ਼ ਕੀਤੀ ਜੋ ਤਹਿਰੀਰ ਵਿਚ ਲਿਆਂਦੀ ਗਈ ਲਿਖਤ ਉਕਤ ਦੇ ਸੂਰਤ ਜੁਰਮ 408/34 ਆਈ.ਪੀ:ਸੀ ਦੀ ਪਾਈ ਜਾ ਕਰ ਰਪਟ ਇਬਤਦਾਈ ਹਜਾ ਮਰਤਬ ਕੀਤੀ ਗਈ। ਮੈਂ ਮਸਰੂਫ ਤਫਤੀਸ਼ ਹੁੰਦਾ ਹਾਂ।

ਨਕਲ ਰਪਟ ਅਬਤਦਾਈ ਹਵਾਲ ਮਦਈ ਕੀਤੀ ਗਈ ਹੈ।

ਨਕਲ ਮੁਤਾਬਕ ਅਸਲ ਹੈ।

ਸਹੀ/ (ਅੰਗਰੇਜ਼ੀ) ਹਰਨੇਕ ਸਿੰਘ
ਐਸ. ਆਈ.,
ਈ.ਡੀ.ਹਾਈ.ਵੀ. ਅੰਮ੍ਰਿਤਸਰ
22-12-67

ਮੁਕਦਮਾ ਨੰ: 342 ਥਾਨਾ ਕੋਤਵਾਲੀ ਜ਼ਿਲਾ ਅੰਮ੍ਰਿਤਸਰ

1. ਰਪਟ ਨੰ: 39 ਮਿਤੀ 27/12/67 ਸਵੇਰੇ 6-15
2. ਹਸਬ ਲਿਖਤ ਜਥੇਦਾਰ ਸੰਤੋਖ ਸਿੰਘ ਵਾਸੀ ਮਕਾਨ ਨੰ: 1316/ਯੂ ਗਲੀ ਝੰਡਾਂ ਬੁੰਗਾਂ ਥੜਾ ਸਾਹਿਬ, ਅੰਮ੍ਰਿਤਸਰ ।
3. ਯੂ/ਐਸ. 408 ਆਈ.ਪੀ.ਸੀ.
4. ਚੌਕ ਆਫ਼ ਇੰਡੀਆ ਅੰਮ੍ਰਿਤਸਰ ਦੀ ਬਰਾਂਚ ਕਰੀਬ ਡੇਢ ਫਰਲਾਂਗ ਜਾਨਬ ਸ਼ਰਕ
5.
6. 28/12/67 ਸਵੇਰੇ 9 ਵਜੇ ।

ਸਹੀ/ ਹਰਨੇਕ ਸਿੰਘ ਐਸ.ਆਈ.

ਸੇਵਾ ਵਿਖੇ ਸ਼੍ਰੀਮਾਨ ਥਾਨੇਦਾਰ ਕੋਤਵਾਲੀ ਬੇਨਤੀ ਹੈ ਕਿ ਮੈਂ ਹਲਕਾ ਸੈਂਟਰ ਦਾ ਜਥੇਦਾਰ ਹਾਂ ਅਤੇ ਅਕਾਲੀ ਜਥਾ ਅੰਮ੍ਰਿਤਸਰ ਸ਼ਹਿਰ ਦਾ ਮੀਤ ਜਥੇਦਾਰ ਹਾਂ । ਅਰਸਾ ਤਕਰੀਬਨ ਡੇਢ ਸਾਲ ਤੋਂ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੇ ਸ੍ਰੀ ਦਰਬਾਰ ਸਾਹਿਬ ਦੇ ਖਰਾਬ ਪ੍ਰਬੰਧ ਦੇ ਕਾਰਨ ਕਾਫ਼ੀ ਰਿਸ਼ਵਤਖੋਰੀ ਦੇ ਗੋਲ ਮਾਲ ਚਲ ਰਹੇ ਹਨ । ਕਦੇ ਕੜਾਹ ਪ੍ਰਸ਼ਾਦ ਸਕੈਂਡਲ ਤੇ ਕਦੇ ਰਜ਼ਾਈ ਸਕੈਂਡਲ ਤੇ ਕਿਰਾਇਆ ਸਕੈਂਡਲ ਬਾਰੇ ਅਖਬਾਰਾਂ ਵਿਚ ਨਿਕਲਦਾ ਹੈ ਜੋ ਆਮ ਲੋਕੀ ਗੱਲਾਂ ਕਰਦੇ ਹਨ ਕਿ ਅਜੇਹੀ ਧਰਮ ਦੀ ਥਾਂ ਤੇ ਕੀ ਕੁਝ ਹੋਣ ਲਗ ਪਿਆ ਹੈ । ਅਜ ਮੈਨੂੰ ਇਕ ਸੇਵਾਦਾਰ ਨੇ ਗੱਲਾਂ ਗੱਲਾਂ ਵਿਚ ਦਸਿਆ ਕਿ ਪਿਛਲੀਆਂ ਚੋਣਾਂ ਦੇ ਦਿਨਾਂ ਵਿਚ ਹੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਾਲਿਆਂ ਨੇ ਬੜੇ ਚੰਦੇ ਕਠੇ ਕਰ ਲੀਤੇ ਹਨ ਤੇ ਗੋਲ ਮਾਲ ਹੋਏ । 21 ਜਨਵਰੀ, 1967 ਦੇ ਵਿਚ 50,000 ਰੁਪਏ ਦਾ ਡਰਾਫਰ ਵੀ ਸੰਤ ਸ਼ਿੰਘ ਪ੍ਰਧਾਨ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਨਾਂ ਦਿਲੀ ਤੋਂ ਆਇਆ ਸੀ ਜਿਸ ਦੀ ਰਕਮ ਅਜੇ ਆਫ਼ ਇੰਡੀਆ ਦੀ ਬਰਾਂਚ ਅੰਮ੍ਰਿਤਸਰ ਵਿਚੋਂ ਸ੍ਰੀ ਅਬਨਾਸ਼ੀ ਸਿੰਘ ਨੇ ਹਾਸਲ ਕੀਤੀ ਜੋ ਕੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਹੈ ਅਤੇ ਸੰਤ ਚੰਨਣ ਸਿੰਘ ਦਾ ਪੀ.ਏ. ਹੈ । ਇਸ ਰਕਮ ਦਾ ਜੋ ਕੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਹਿਸਾਬ ਵਿਚ ਜਮ੍ਹਾਂ ਹੋਣੀ ਸੀ ਕਿਤੇ ਕੋਈ ਇੰਦਰਾਜ ਨਹੀਂ ਕੀਤਾ ਗਿਆ । ਇਹ ਰਕਮ ਸੰਤ ਚੰਨਣ ਸਿੰਘ ਤੇ ਅਬਨਾਸ਼ੀ ਸਿੰਘ ਨੇ ਅਮਾਨਤ ਵਿਚ ਖਿਆਨਤ ਕਰਕੇ ਖੁਰਦ ਬੁਰਦ ਕਰ ਲਈ ਹੈ । ਅਜ ਕਲ ਇਸ ਦਾ ਦਰਬਾਰ ਸਾਹਿਬ ਵਿਚ ਆਮ ਚਰਚਾ ਹੈ ਜੋ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਇਹ ਇਸ ਤਰ੍ਹਾਂ * * * * * *
ਖਾਂਦੀ ਗਈ ਹੈ । ਇਹ ਰੁਪਿਆ ਗਬਨ ਹੋਇਆ ਹੈ ਬੈਂਕ ਤੇ ਕਮੇਟੀ ਦਾ ਰਿਕਾਡ ਦੇਖਿਆ ਜਾਵੇ ਤੇ ਇਸ ਗਲ ਬਾਰੇ ਕਾਰਵਾਈ ਕੀਤੀ ਜਾਵੇ । ਹੋ ਸਕਦਾ ਹੈ ਕਿ ਹੋਰ ਵੀ ਬੜਾ ਕੁਝ ਮਿਲੇ ਜਥੇਦਾਰ ਸੰਤੋਖ ਸਿੰਘ ਗਲੀ ਝੰਡਾਂ ਬੁੰਗਾਂ ਮਕਾਨ ਨੰ: 1316/ਯੂ ਬਜ਼ਾਰ ਥੜਾ ਸਾਹਿਬ ਅੰਮ੍ਰਿਤਸਰ 27/12/67 ।

ਕਾਰਵਾਈ ਪੁਲੀਸ:—ਇਸ ਵੇਲੇ ਜਥੇਦਾਰ ਸੰਤੋਖ ਸਿੰਘ ਥੜਾ ਸਾਹਿਬ ਨੇ ਇਕ ਲਿਖਤ ਬਾਬਤ ਗਬਨ ਰਕਮ ਸ਼ਰੋਮਣੀ ਪ੍ਰਬੰਧਕ ਕਮੇਟੀ ਪੇਸ਼ ਕੀਤੀ ਜੋ ਜ਼ਬਤ ਤਹਿਰੀਰ ਵਿਚ ਲਿਆਈ ਗਈ ਜਿਸ ਤੋਂ ਸੂਰਤ ਜੁਰਮ 408/ਆਈ.ਪੀ.ਸੀ. ਪਾਈ ਜਾ ਕਰ ਇਹ ਰਿਪੋਟ ਇਬਤਦਾਈ ਮੁਰੱਤਬ ਹੋਈ ਤੇ ਐਸ.ਆਈ. ਮਸਰੂਫ਼ ਤਪਤੀਸ਼ ਹੋਇਆ ਸੀ ਸਹੀ ਅੰਗਰੇਜ਼ੀ ਹਰਨੇਕ ਸਿੰਘ ਐਸ.ਆਈ.ਐਸ.ਐਚ.ਓ ਤੇ ਥਾਣਾ ਕੋਤਵਾਲੀ ਅੰਮ੍ਰਿਤਸਰ 27/12/67 ।

*Not clear in the MSS supplied by the Government.

28/68 ਕੋਤਵਾਲੀ, ਅੰਮ੍ਰਿਤਸਰ

1. ਰਪਟ 63 ਮਿਤੀ 24/1/68 ਸਵੇਰੇ 8 ਵਜੇ
2. ਹਸਬ ਲਿਖਤ ਹਰਬੰਸ ਸਿੰਘ, ਜਥੇਦਾਰ ਸਰਕਲ ਅਕਾਲੀ ਸ਼ਰੀਫ਼ ਪੁਰਾ ਅੰਮ੍ਰਿਤਸਰ ।
3. 408/ਆਈ.ਪੀ.ਸੀ 25/54/59
4. ਅੰਮ੍ਰਿਤਸਰ ।
5.
6. 24/1/68 ਸਵੇਰੇ 9 ਵਜੇ

ਸਹੀ/- ਹਰਨੇਕ ਸਿੰਘ

ਸ੍ਰੀ ਮਾਨ ਥਾਨੇਦਾਰ ਸਾਹਿਬ ਕੋਤਵਾਲੀ, ਅੰਮ੍ਰਿਤਸਰ । ਗੁਰਫ਼ਤਹਿ, ਮੈਂ ਸ਼ਰੀਫ਼ ਪੁਰਾ ਵਿਚ ਰਹਿੰਦਾ ਹਾਂ, ਸਰਕਲ ਅਕਾਲੀ ਜਥਾ ਸ਼ਰੀਫ਼ਪਰਾ ਦਾ ਜਥੇਦਾਰ ਹਾਂ, ਅਤੇ ਅਕਾਲੀ ਜਥਾ ਸ਼ਹਿਰ ਦਾ ਜਨਰਲ ਸਕੱਤਰ ਹਾਂ । ਅਰਸਾ ਤਕਰੀਬਨ ਡੇਢ ਸਾਲ ਦਾ ਹੋਇਆ ਕਿ ਮਲਾਇਆ ਵਿਚ ਰਹਿਣ ਵਾਲੇ ਸਿਖਾਂ ਨੇ ਸਵਾ ਲਖ ਦੀ ਰਕਮ ਇਕ ਡਰਾਫਟ ਦੇ ਰਾਹੀਂ ਮਾਰਫਤ ਓਵਰਸੀਜ਼ ਬੈਂਕ ਅੰਮ੍ਰਿਤਸਰ ਸੰਤ ਚੰਨਣ ਸਿੰਘ ਨੇ ਐਸ.ਜੀ.ਪੀ.ਸੀ. ਅੰਮ੍ਰਿਤਸਰ ਦੇ ਨਾਮ ਭਜਵਾਈ । ਇਹ ਰਕਮ ਸੰਤ ਚੰਨਣ ਸਿੰਘ ਨੇ ਐਸ.ਜੀ.ਪੀ.ਸੀ. ਦੇ ਫੰਡ ਵਿਚ ਜਮ੍ਹਾਂ ਨਾ ਕਰਵਾਈ ਬਲਕਿ ਆਪਣੇ ਜਾਤੀ ਨਾਂ ਉਤੇ ਗੰਗਾ ਨਗਰ ਦਾ ਸਿਰਨਾਵਾਂ ਲਿਖ ਕੇ ਜਮ੍ਹਾਂ ਕਰਵਾ ਦਿਤੀ । ਥੋੜੇ ਹੀ ਦਿਨਾਂ ਦੇ ਬਾਦ ਇਹ ਹਾਲ ਏਥੇ ਜੀ. ਪੀ. ਸੀ. ਵਿਚ ਆਮ ਹੋ ਗਈ ਤੇ ਚਰਚਾ ਹੋਈ ਕਿ ਰਕਮ ਜੋ ਐਸ.ਜੀ.ਪੀ.ਸੀ. ਲਈ ਮਲਾਇਆ ਤੋਂ ਆਈ ਹੋਈ ਸੀ, ਉਸ ਨੂੰ ਬਕਾਇਦਾ ਤੌਰ ਤੇ ਇਸ ਦੇ ਹਿਸਾਬ ਕਿਤਾਬ ਵਿਚ ਲਿਆਈ ਗਿਆ ਤਾਂ ਸੰਤ ਚੰਨਣ ਸਿੰਘ ਨੇ ਇਹ ਰਕਮ ਦਿਤੀ ਹੋਈ ਮਿਆਦ ਤੋਂ ਅੰਦਰ ਹੀ ਕਢਵਾ ਕੇ ਆਪਣੇ ਕਬਜ਼ੇ ਵਿਚ ਕਰ ਲਈ ਤੇ ਅਜ ਤਕ ਇਸ ਦਾ ਹਿਸਾਬ ਐਸ. ਜੀ. ਪੀ. ਸੀ. ਨੂੰ ਨਹੀਂ ਦਿਤਾ ਬਲਕਿ ਇਹਨਾਂ ਪੈਸਿਆਂ ਵਿਚੋਂ ਸੰਤ ਚੰਨਣ ਸਿੰਘ ਦੀ ਮਰਜ਼ੀ ਦੇ ਮੁਤਾਬਕ ਅਬਨਾਸ਼ੀ ਸਿੰਘ, ਗਿਆਨੀ ਮਹਿੰਦਰ ਸਿੰਘ, ਮੇਜਰ ਸਿੰਘ ਮੁਲਾਜ਼ਮਾਨ, ਐਸ.ਜੀ.ਪੀ.ਸੀ. ਨੇ ਗੰਗਾ ਨਗਰ ਤੋਂ ਬਾਰਡਰ ਦੇ ਰਾਹੀਂ ਨਜਾਇਜ਼ ਪਿਸਤੌਲ ਦੇ ਖਰੀਦ ਕਰ ਲਏ ਤੇ ਉਹਨਾਂ ਨੂੰ ਇਥੇ ਅੰਮ੍ਰਿਤਸਰ ਲੈ ਆਂਦਾ, ਇਹ ਹਥਿਆਰ ਇਹਨਾਂ ਨੇ ਕਿਸੇ ਵਕਤ ਲੋੜ ਪੈਣ ਤੇ ਵਰਤਨ ਦੀ ਗਰਜ ਨਾਲ ਕੋਲ ਰਖੇ, ਕੁਝ ਰਫਲਾਂ ਤੇ ਪਸਤੌਲ ਇਹਨਾਂ ਨੂੰ ਵੇਚ ਕੇ ਪੈਸੇ ਵਟ ਲਏ ਤੇ ਰਲ ਮਿਲ ਕੇ ਖਾ ਗਏ ਅਜੇ ਤਕ ਕਾਫੀ ਰਫਲਾਂ ਤੇ ਪਸਤੌਲ ਇਹਨਾਂ ਪਾਸ ਹਨ । ਜੋ ਕੇ ਤਫਤੀਸ਼ ਤੋਂ ਬਰਾਮਦ ਹੋ ਸਕਦੇ ਹਨ ਨਾਲੇ ਰੁਪਿਆ ਜੋ ਸੰਤ ਚੰਨਣ ਸਿੰਘ ਨੇ ਐਸ.ਜੀ.ਪੀ.ਸੀ. ਦਾ ਨਾਜਾਇਜ਼ ਖਾਦਾ ਹੈ ਦਾ ਪੂਰਾ ਪਤਾ ਕਰ ਸਕਦਾ ਹੈ । ਮਨਾਸਬ ਕਾਰਵਾਈ ਕੀਤੀ ਜਾਵੇ । ਆਪ ਜੀ ਦਾ ਦਾਸ ਸਹੀ ਹਰਬੰਸ ਸਿੰਘ ਜਥੇਦਾਰ ਸਕੱਤਰ ਅਕਾਲੀ ਜਥਾ ਸ਼ਰੀਫ਼ ਪੁਰਾ ਅੰਮ੍ਰਿਤਸਰ 24/1/68

[ਮੁੱਖ ਮੰਤਰੀ]

ਅਜ ਥਾਨਾ :—ਹਰਬੰਸ ਸਿੰਘ ਜਥੇਦਾਰ ਨੇ ਉਕਤ ਲਿਖੀ ਲਿਖਤ ਪੇਸ਼ ਕੀਤੀ ਜਿਸ ਤੋਂ ਸੂਰਤ ਜੁਰਮ 408/ਆਈ.ਪੀ.ਸੀ. 25/54/59 ਐਕਟ ਪਾਈ ਜਾਂਦੀ ਹੈ ਜੋ ਐਫ.ਆਈ.ਆਰ ਹਜ਼ਾ ਬਜੁਰਮ ਮਜਕੂਰ ਮਰਤਬ ਹੋਈ ਸਹੀ ਮਸਰੂਫ ਤਪਤੀਸ਼ ਹੁੰਦਾ ਹੈ। ਅਜ ਲਿਖਤ ਰਖੀ ਗਈ ਜੋ ਨਥੀ ਕਾਰਵਾਈ ਅਖੀਰ ਹੋਵੇਗੀ। ਸਹੀ ਅੰਗਰੇਜ਼ੀ ਹਰਨੇਕ ਸਿੰ . ਐਸ.ਆਈ.ਈ.ਡੀ. ਆਈ.ਵੀ. ਅੰਮ੍ਰਿਤਸਰ ਮਿਤੀ 24/1/68

———

CASE REGISTERED AGAINST S. ABNASHI SINGH

***964. Shri Balramji Dass Tandon** : Will the Chief Minister be pleased to state—

(a) the details of the cases registered against S. Abnashi Singh P.A. to Sant Chanan Singh, President S.G.P.C. and a copy of each F.I.R. be laid on the Table.

(b) the date when he was arrested in the said cases ?

Sardar Lachhman Singh Gill : (a) The details of the cases registered against Shri Abnashi Singh, P.A. to President, S.G.P.C. are given below :—

(i) F. I. R. No. 209 dated 28th July, 1967 under Section 408/468/471/109 I. P. C., Police Station 'E' Division, Amritsar.

(ii) F.I.R. No. 337, dated 22nd December, 1967 under Section 408/406/420/34 I. P. C., Police Station 'C' Division, Amritsar.

(iii) F.I.R. No. 20, dated 24th January, 1968 under Section 408 I.P.C., Police Station Kotwali, Amritsar.

Copies of F.I.Rs (three) are laid on the Table of the House,

(b) Shri Abnashi Singh was arrested on 8th December, 1967 in case F.I.R. No. 209, dated 28th July, 1967 and on 10th January, 1968 in case F.I.R. No. 337, dated 22nd December 1967.

[(ੳ) ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪਰਧਾਨ ਦੇ ਪ੍ਰਾਈਵੇਟ ਅਸਿਸਟੈਂਟ ਸ੍ਰੀ ਅਬਨਾਸ਼ੀ ਸਿੰਘ ਦੇ ਵਿਰੁਧ ਦਰਜ ਕੀਤੇ ਗਏ ਕੇਸਾਂ ਦੇ ਵੇਰਵੇ ਹੇਠ ਦਿੱਤੇ ਜਾਂਦੇ ਹਨ।

(i) ਐਫ.ਆਈ.ਆਰ. ਨੰਬਰ 209 ਮਿਤੀ 28 ਜੁਲਾਈ, 1967 ਜ਼ੇਰ ਦਫਾ 408/468/471/109 ਆਈ.ਪੀ.ਸੀ. ਥਾਣਾ 'ਸੀ' ਡਿਵੀਜ਼ਨ ਅੰਮ੍ਰਿਤਸਰ।

(ii) ਐਫ.ਆਈ.ਆਰ. ਨੰਬਰ 337 ਮਿਤੀ 22 ਦਸੰਬਰ, 1967 ਜ਼ੇਰ ਦਫਾ 408/406/420/34 ਆਈ.ਪੀ.ਸੀ. ਥਾਣਾ 'ਸੀ' ਡਿਵੀਜ਼ਨ, ਅੰਮ੍ਰਿਤਸਰ।

(iii) ਐਫ.ਆਈ.ਆਰ. ਨੰ. 20, ਮਿਤੀ 24 ਜਨਵਰੀ, 1968 ਜ਼ੇਰ ਦਫਾ 408 ਆਈ.ਪੀ.ਸੀ. ਥਾਣਾ ਕੋਤਵਾਲੀ ਅੰਮ੍ਰਿਤਸਰ । ਐਫ.ਆਈ.ਆਰ. (ਤਿੰਨਾਂ) ਦੀਆਂ ਨਕਲਾਂ ਸਭਾ ਦੇ ਸਾਮ੍ਹਣੇ ਪੇਸ਼ ਹਨ ।

(ਅ) ਸ੍ਰੀ ਅਬਨਾਸ਼ੀ ਸਿੰਘ ਨੂੰ 8 ਦਸੰਬਰ, 1967 ਨੂੰ ਐਫ.ਆਈ.ਆਰ. 209 ਮਿਤੀ 28 ਜੁਲਾਈ, 1967 ਅਤੇ 10 ਜਨਵਰੀ, 1968 ਨੂੰ ਐਫ.ਆਈ.ਆਰ. ਨੰਬਰ 337 ਮਿਤੀ 22 ਦਸੰਬਰ, 1967 ਵਿਚ ਫੜਿਆ ਗਿਆ ਸੀ ।

ਨੰਬਰ ਮੁਕਦਮਾ 209, ਥਾਣਾ ਕੋਤਵਾਲੀ, ਜ਼ਿਲਾ ਅੰਮ੍ਰਿਤਸਰ, ਮਿਤੀ 20 ਜੁਲਾਈ, 1967

1.	ਰ੍ਰਿਪੋਟ ਦੀ ਮਿਤੀ ਤੇ ਸਮਾਂ	ਰਪਟ ਨੰ. 22 ਮਿਤੀ 20 ਜੁਲਾਈ, 1967, ਬਾਅਦ ਦੁਪਹਿਰ,
2.	ਸੂਚਨਾ ਦੇਣ ਵਾਲੇ ਫਰਿਆਦੀ ਦਾ ਨਾਂ ਤੇ ਰਿਹਾਇਸ਼	ਗੁਰਬਖਸ਼ ਸਿੰਘ ਮੁਖਤਾਰੇਆਮ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ
3.	ਅਪਰਾਧ (ਸਮੇਤ ਧਾਰਾ) ਤੇ ਮਾਲ ਜੋ ਕੋਈ ਖੋਇਆ ਗਿਆ ਹੋਵੇ ਦਾ ਸੰਖੇਪ ਵੇਰਵਾ	408/471, 408/18, 109
4.	ਵਾਕੇ ਦੀ ਥਾਂ ਤੇ ਥਾਣੇ ਤੋਂ ਫਾਸਲਾ ਤੇ ਦਿਸ਼ਾ	ਦਰਬਾਰ ਸਾਹਿਬ, 2 ਫਰਲਾਂਗ, ਜਾਨਬ ਮਸ਼ਰਕ
